# ਪੰਥਕ ਮੁਕੱਦਮਾ

ਸਚਿਆਰ ਪਾਠਕਾਂ ਦੀ ਕਚੈਹਰੀ ਵਿਚ

ਬਨਾਮ–ਨਾਮਧਾਰੀ ਦਰਬਾਰ ਭੈਣੀ ਸਾਹਿਬ

ਵਿਸ਼ਾ–ਪੁਰਖ ਗੁਰੂ-ਕਿ-ਸ਼ਬਦ ਗੁਰੂ

੧੯੮੩-੮੪

ਲੇਖਕ ਤੇ ਪ੍ਰਕਾਸ਼ਕ

ਗਿਆਨੀ ਈਸ਼ਰ ਸਿੰਘ ਨਾਰਾ

ਸਾਰੇ ਹੱਕ ਲੇਖਕ ਤੇ ਪ੍ਰਕਾਸ਼ਕ ਦੇ ਰਾਖਵੇਂ ਹਨ ।

# ਪੰਥਕ ਮੁਕੱਦਮਾ

## ਸਚਿਆਰ ਪਾਠਕਾਂ ਦੀ ਕਚੈਹਰੀ ਵਿਚ

## ਬਨਾਮ–ਨਾਮਧਾਰੀ ਦਰਬਾਰ ਭੈਣੀ ਸਾਹਿਬ

## ਵਿਸ਼ਾ–ਪੁਰਖ ਗੁਰੂ-ਕਿ-ਸ਼ਬਦ ਗੁਰੂ

/ਪ

੧੯੯੩–੯੪

ਲੇਖਕ ਤੇ ਪ੍ਰਕਾਸ਼ਕ

ਗਿਆਨੀ ਈਸ਼ਰ ਸਿੰਘ ਨਾਰਾ

ਪਹਿਲੀ ਵੇਰ 1000

ਜਿਲਦ ਬੰਦੀ ਭੇਟਾ 30-00

# ਸ਼ੁੱਧੀ-ਪਤਰ

| ਅਸ਼ੁੱਧ | ਸ਼ੁਧ | ਸਫਾ | ਪੰਗਤੀ |
|---|---|---|---|
| ਰਫਿ | ਫਿਰ | ੨੨ | ੧੪ |
| ਭਾਈ ਰਾਮ ਸਿੰਘ | ਭਾਈ ਰਾਮ ਕੌਰ | ੭੫ | ੩੦ |
| ਸਫਰ ਪਰਚੇ | ਸਫਰ ਖ਼ਰਚੇ | ੭੯ | ੯ |
| ਦੋਹਾਂ ਕੁਜਿਆਂ ਉਥੇ | ਦੋਹਾਂ ਕੁਜਿਆਂ ਉਤੇ | ੭੯ | ੨੭ |
| ਅਭਾਵੀ | ਆੜ੍ਹਾ ਵੀ | ੮੩ | ੧੫ |
| ਕੁਦਾਨਮ ਮਜੀਰ | ਕੁਰਾਨ ਮਜੀਦ | ੧੦੯ | ੧ |
| ਸਤਿਗੁਬੁ | ਸਤਿਗੁਰੁ | ੧੦੯ | ੯ |
| ਝੁਟਲਾਇਆ ਹਾਏ | ਝੁਟਲਾਇਆ ਜਾਏ | ੧੫੨ | ੭ |
| ਬੀਰ ਮਿਤਨੇਨ | ਬੀਰ ਮ੍ਰਿਗੇਸ਼ | ੧੫੬ | ੨੩ |
| ਬਿਰਾਮਮਾਨ | ਬਿਰਾਜਮਾਨ | ੧੫੮ | ੮ |
| ਨਾਜ਼ਕ ਅਨੰਦ | ਨਾਜ਼ਕ ਅਨੰਗ | ੧੭੦ | ੨੩ |
| ਚਦਵੇ ਪਦ | ਚਕ੍ਰਵੇ ਪਦ | ੧੭੨ | ੨੬ |
| ਪਧਿਆਨੇ | ਪਖਿਆਨੇ | ੧੮੧ | ੨੨ |
| ਦਿਆਦਨਦਾਰੀ | ਦਿਆਨਤਦਾਰੀ | ੨੪੨ | ੬ |
| ਣੇਣ | ਦੇਣ | ੨੪੬ | ੬ |
| ਮੁਦ | ਖੁਦ | ੨੬੩ | ੧੨ |
| ਪ੍ਰਗਾਇਆ | ਪ੍ਰਗਟਾਇਆ | ੨੭੮ | ੨੬ |
| ਬੰਧਨ ਹੀਹ | ਬੰਧਨ ਹੀਨ | ੨੯੦ | ਅਖੀਰ ਵਿਚ |
| ਨੀ ਜਾ ਹ | ਨਹੀ ਜਾ | ੨੯੬ | [illegible] |

**ਨੋਟ** :—ਪਾਠਕਾਂ ਸਾਹਮਣੇ ਕੋਈ ਹੋਰ ਅਸ਼ੁੱਧੀ ਆਵੇ ਤਾਂ ਸਮਝ ਮੁਤਾਬਿਕ ਠੀਕ ਕਰ ਲੈਣੀ ।

# ਗੁਰਸਿੱਖੀ ਦੇ ਬੁਨਿਆਦੀ ਸਿਧਾਂਤ

## ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਗੁਰੂ ਪੰਥ ਦੀ ਅਗਵਾਈ

ਇਹੋ ਉਦੇਸ਼ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਦਾ ਸੀ, ਸਖਸ਼ੀ ਗੁਰੂ ਦੀ ਸਿਖੀ ਮਾਹੌਲ ਵਿਚ ਕੋਈ ਥਾਂ ਨਹੀਂ । ਹਾਂ ਗੁਰਮੁਖ ਕਮਾਈ ਵਾਲੀਆਂ ਸਖਸ਼ੀਅਤਾਂ ਦਾ ਸਤਿਕਾਰ ਹੈ । ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ, ਸਿਖ ਰਾਜ ਪਿਛੋਂ ਜੋ ਕੁਰੀਤੀਆਂ, ਕਮਜ਼ੋਰੀਆਂ ਸਮਾਜ ਵਿਚ ਆ ਗਈਆਂ ਸਨ, ਉਹਨਾਂ ਨੂੰ ਦੂਰ ਕਰਨ ਲਈ ਇਹਨਾਂ ਦੇ ਬਜ਼ੁਰਗਾਂ ਨੇ ਚਾਲੂ ਕੀਤਾ । ਉਹਨਾਂ ਦਾ ਮਨਸ਼ਾ ਕੋਈ ਦਸਾਂ ਗੁਰੂਆਂ ਦੇ ਮੁਕਾਬਲੇ ਵਿਚ ਕੋਈ ਨਵਾਂ ਧਰਮ-ਫਿਰਕਾ ਖੜਾ ਕਰਨਾ ਨਹੀਂ ਸੀ । ਜੜ੍ਹ ਸਭ ਦੀ ਇਕੋ ਸੀ । ਸ਼ਾਖਾਂ ਪੇੜ ਦੀਆਂ ਸਮੇਂ ਸਮੇਂ ਨਾਲ ਵਖ ਹੋ ਗਈਆਂ ।

ਸ਼ਾਖਾਂ ਦੀ ਭਿੰਨਤਾ, ਵਿਲਖਣਤਾ ਹੋ ਸਕਦੀ ਹੈ, ਬਰਦਾਸ਼ਤ ਕੀਤਾ ਜਾ ਸਕਦਾ ਹੈ ਲੇਕਿਨ ਝੂਠ ਨੂੰ ਸੱਚ ਸਾਬਤ ਕਰਨ ਲਈ, ਬਨਾਵਟ ਨੂੰ ਅਸਲ ਦਰਸਾਵਨ ਲਈ, ਝੂਠਾ ਗਿਆਨ ਤੇ ਝੂਠੀ ਵਿਦਵਤਾ ਦਾ ਪ੍ਰਸਤਾਵ ਕਰਨਾ ਨਾ ਹੀ ਸਿਰਫ ਮਨਾਂ ਨੂੰ ਮਲੀਨ ਕਰਦਾ ਹੈ ਬਲਕਿ ਸੁਰਤਿ ਨੂੰ ਡੋਗਦਾ ਹੈ, ਆਤਮਾ ਨੂੰ ਨਪੀੜਦਾ ਹੈ ।

ਪਿਛਲੇ ਕੁਝ ਸਾਲਾਂ ਤੋਂ ਨਕਲੀ ਨਿਰੰਕਾਰੀਆਂ (ਬਾਬਾ ਅਵਤਾਰ ਸਿੰਘ ਗਰੁਪ) ਤੇ ਅਖੌਤੀ ਨਾਮਧਾਰੀ ਦਰਬਾਰ ਵਲੋਂ ਸਿੱਖ ਇਤਿਹਾਸ ਅਤੇ ਗੁਰਬਾਣੀ ਦੇ ਆਸ਼ੇ ਤੋਂ ਸਿੱਖ ਆਦਰਸ਼ਾਂ ਨੂੰ ਮਿਟਾਵਨ ਲਈ ਉਪਰਾਲੇ ਕੀਤੇ ਜਾ ਰਹੇ ਹਨ ।

ਪੁਸਤਕ "ਪੁਰਖ ਗੁਰੂ ਜਿਹੜੀ ਨਾਮਧਾਰੀ ਦਰਬਾਰ ਨੇ ਛਪਵਾਈ ਤੇ ਪ੍ਰਚਾਰ ਕੀਤਾ ਹੈ ਸਾਡੀ ਮੁਢਲੀ ਬੁਨਿਆਦ ਤੇ ਸੱਟਾਂ ਮਾਰ ਕੇ ਢਾਹੁਣ ਦੀ ਕੋਸ਼ਿਸ਼ ਤੇ ਸੰਗਤਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ :

ਗੁਰਦੁਆਰਾ ਕਮੇਟੀਆਂ ਤੇ ਹੋਰ ਜਥੇਬੰਦੀਆਂ ਇਸ ਪਾਸੇ ਆਪਣੇ ਨਿਜੀ ਪਾਲਿਟਿਕਸ, ਸੀਮਤ ਰੁਝੇਵਿਆਂ ਤੇ ਪ੍ਰੋਗਰਾਮਾਂ ਕਾਰਨ ਇਧਰੋਂ ਬਿਲਕੁਲ ਅਵੇਸਲੇ ਹਨ ਗਿਆਨੀ ਈਸ਼ਰ ਸਿੰਘ ਜੀ (ਨਾਰਾ ਨਿਵਾਸੀ) ਦਾ ਇਹ ਉਦਮ ਖੜਾ ਸ਼ਲਾਘਾਯੋਗ ਹੈ । ਗਿਆਨੀ ਜੀ ਕਲੇ ਨੰਗੇ-ਧੜ ਹੀ ਇਕ ਪੂਰੀ ਸੰਸਥਾ ਜਿੰਨਾ ਕੰਮ ਕਰ ਰਹੇ ।

ਇਸ ਪੁਸਤਕ ਦੇ ਲੇਖਕ ਗਿਆਨੀ ਈਸ਼ਰ ਸਿੰਘ ਨਾਰਾ ਮੇਰੇ ਨੇੜੇ ਹੀ ਦਰਿਆ ਗੰਜ ਵਿਚ ਵਸਦੇ ੩੦ ਸਾਲਾਂ ਤੋਂ ਜਾਣੂ ਪਛਾਣੂ ਹਨ । ਇਸ ਵੇਲੇ ੮੫ ਸਾਲਾਂ ਦੇ ਬ੍ਰਿਧ ਉਮਰ ਹਨ, ਪਰ ਦਿਲ ਦਿਮਾਗ ਤੇ ਸੋਚ ਸਮਝ ਸ਼ਕਤੀ ਜਵਾਨੀ ਜਿਤਨੀ ਹੈ । ਅਤੇ ਨਿਡਰਤਾ ਨਾਲ ਲਿਖਣ ਦੀ ਦਲੇਰੀ, ਇਹਨਾਂ ਉਤੇ ਗੁਰੂ ਦੀ ਬਖਸ਼ਸ਼ ਦਿਸਦੀ ਹੈ ।

ਗਿਆਨੀ ਜੀ ਬਹੁਤ ਪੁਰਾਣੇ ਪ੍ਰਚਾਰਕ ਹਨ । ਦੇਸ਼ ਵੰਡ ਤੋਂ ਪਹਿਲੇ ਗੁਜਰਖਾਨ (ਹੁਣ ਦੇ ਪਾਕਿਸਤਾਨ) ਵਿਚ ਸੋਪ ਫੈਕਟਰੀ ਚਲਾਂਦੇ ਤੇ ਚੰਗੇ ਕਾਰੋਬਾਰੀ ਸਨ । ੧੯੨੧

ਤੋਂ ਸੰਨ ੧੯੨੫ ਤੀਕ ਅਕਾਲੀ ਤਹਿਰੀਕ ਵੇਲੇ ਕੌਮੀ ਸੇਵਾ ਵਿਚ ਪ੍ਰਚਾਰ ਦਾ ਭਰਵਾਂ ਕੰਮ ਕੀਤਾ, ਨੇੜੇ ਤੇੜੇ ਆਪ ਦੇ ਗਰਾਵਾਂ ਵਿਚ ਪ੍ਰਚਾਰ ਕਰਦੇ ਜਥਿਆਂ ਵਿਚ ਭਰਤੀ ਹੋਣ ਨੂੰ ਪ੍ਰੇਰਦੇ ਅਤੇ ਗ੍ਰਿਫਤਾਰ ਹੋ ਜਾਣ ਵਾਸਤੇ ਸਿੱਖ ਯੁਵਕਾਂ ਨੂੰ ਅੰਮ੍ਰਿਤਸਰ ਭੇਜਦੇ ਰਹੇ ਤੇ ਨਾਲ ਦੇ ਨਾਲ ਅਖਬਾਰੀ ਲੇਖ ਅਤੇ ਕਵਿਤਾ ਲਿਖ ਕੇ ਛਪਵਾਂਦੇ ਰਹੇ ਸੀ। ਇਸੇ ਕਾਰਨ ਗਿਆਨੀ ਗੁਰਮੁਖ ਸਿੰਘ ਮੁਸਾਫਰ, ਭਗਤ ਜਸ਼ਵੰਤ ਸਿੰਘ ਜੀ ਸ: ਗੋਪਾਲ ਸਿੰਘ ਸਾਗਰੀ ਅਤੇ ਗਿਆਨੀ ਜਵੰਦ ਸਿੰਘ ਜੋ ਪਿਛੋਂ ਪੰਜਾ ਸਾਹਿਬ ਦੇ ਮੈਨੇਜਰ ਰਹੇ ਪੋਠੋਹਾਰੀ ਪੰਥਕ ਮੁਖੀਏ ਇਹਨਾਂ ਦੇ ਹਿਤੈਸ਼ੀ ਸਨ।

ਗੁਰੂ ਕੇ ਬਾਗ ਦੇ ਮੋਰਚੇ ਬਾਅਦ ਜੈਤੋ, ਗੰਗਸਰ ਦਾ ਮੋਰਚਾ ਇਹਨਾਂ ਦਿਨਾਂ ਵਿਚ ਬਹੁਤ ਗਰਮ ਸੀ। ਸ਼ਰੋਮਣੀ ਕਮੇਟੀ ਅਤੇ ਅਕਾਲੀ ਦਲ ਦੇ ਬਹੁਤੇ ਮੈਂਬਰ ਕੈਦ ਸਨ, ਤੇ ਬਾਕੀ ਦਿਆਂ ਵਿਚੋਂ ਪੰਜ ਮੈਂਬਰੀ ਕਮੇਟੀ (ਅੰਡਰ ਗਰਾਊਂਡ) ਕੰਮ ਚਲਾਂਦੇ ਸਨ। ਜਿਹਨਾਂ ਮੈਂਬਰਾਂ ਦੇ ਨਾਮ ਇਹ ਸਨ—(ਗਿਆਨੀ ਨਾਰਾ ਜੀ ਦਸਦੇ) ਸਰਦਾਰ ਨਰਿੰਜਨ ਸਿੰਘ ਤਾਂਦਲਿਆਂ ਵਾਲਾ, ਮਾਸਟਰ ਦੌਲਤ ਸਿੰਘ, ਸ: ਗੋਪਾਲ ਸਿੰਘ, (ਸ੍ਰਦਾਰ ਬਹਾਦਰ ਮਹਿਤਾਬ ਸਿੰਘ ਦਾ ਮੁਨਸ਼ੀ ਸੀ), ਸਰਦਾਰ ਮੂਲ ਸਿੰਘ ਡੁਮੇਲੀ ਦੇ ਤੇ ਇਕ ਹੋਰ ਸਜਣ ਸਨ, ਨਾਮ ਯਾਦ ਨਹੀਂ।

ਗਿਆਨੀ ਜੀ ਨੂੰ ਜ਼ਿਲਾ ਅੰਬਾਲਾ ਤੋਂ ਪਿਸ਼ਾਵਰ ਤੀਕ ਦੇ ਇਤਿਹਾਸਕ ਗੁਰਦੁਆਰਿਆਂ ਦੀ ਪੜਤਾਲ ਮਗਰੋਂ ਰਿਪੋਰਟ ਲਿਖਣ ਨੂੰ ਤੇ ਨਾਲ ਦੇ ਨਾਲ ਅਕਾਲੀ ਦਲ ਦੇ ਪੱਖ ਵਿਚ ਪ੍ਰਚਾਰ ਕਰਨ ਨੂੰ ਭੇਜਿਆ ਗਿਆ ਤਾਕਿ ਵਧ ਤੋਂ ਵਧ ਗ੍ਰਿਫਤਾਰੀਆਂ ਦੇਣ ਨੂੰ ਲੋਕੀ ਸ੍ਰੀ ਅੰਮ੍ਰਿਤਸਰ ਪੁਜਦੇ ਰਹਿਣ।

ਗਿਆਨੀ ਨਾਰਾ ਜੀ ਦੇ ਨਾਲ ਇਕ ਸਹਾਇਕ ਸਾਥੀ ਸ: ਸੁੰਦਰ ਸਿੰਘ ਦੁਬੇਰਨ ਵਾਲਾ ਦਿਤਾ ਗਿਆ ਤੇ ਕਈ ਮਹੀਨਿਆਂ ਦੀ ਇਹ ਯਾਤਰਾ ਗਿਆਨੀ ਜੀ ਵਾਸਤੇ ਬਹੁਤ ਲਾਭਕਾਰੀ ਰਹੀ। ਕਿਉਂਕਿ ਮੁਕਾਮੀ ਬਜ਼ੁਰਗ ਲੋਕਾਂ ਪਾਸੋਂ ਉਥੋਂ ਦੇ ਇਤਿਹਾਸਕ ਸਿੱਖ ਗੁਰਦੁਆਰਿਆਂ ਬਾਬਤ ਸੀਨੇ ਬਸੀਨੇ ਚਲਦੇ ਸਮਾਚਾਰ ਸੁਣਦੇ ਰਹੇ ਸੀ ਤੇ ੧੯੪੭ ਵਿਚ ਦਿਲੀ ਆਏ ਵਸੇ, ਹੁਣ ਤੀਕ ਜਿਤਨੀਆਂ ਇਤਿਹਾਸਕ ਪੁਸਤਕਾਂ ਲਿਖੀਆਂ ਨੇ, ਉਹਨਾਂ ਵਿਚ ਸਥਾਨਕ ਸਰੋਤਾਂ ਮੁਤਾਬਕ ਹੀ ਸੁਧਾਈ ਕਰਕੇ ਲਿਖੀਆਂ ਜੋ ਪ੍ਰਵਾਨੀਕ ਮੰਨੀਆਂ ਗਈਆਂ ਹਨ।

ਗਿਆਨੀ ਜੀ ਦੀਆਂ (੩੦ ਸਾਲਾਂ ਦੀ ਅਣਥਕ ਮਿਹਨਤ ਨਾਲ) ਲਿਖੀਆਂ ਪੁਸਤਕਾਂ ਇਕ ਦਰਜਨ ਦੇ ਕਰੀਬ ਮੈਨੇ ਖੁਦ ਪੜੀਆਂ ਹਨ। ਜੋ ਪੰਥਕ ਸੰਸਥਾਵਾਂ ਤੇ ਮਸ਼ਹੂਰ ਸਿਖ ਵਿਦਵਾਨਾਂ ਵਲੋਂ ਵੀ ਸ਼ਲਾਘਾ ਪਤਰ ਪਾ ਚੁਕੀਆਂ ਹਨ। ਪਰ ਗਿਆਨੀ ਨਾਰਾ ਜੀ ਦੀ ਇਸ ਹਥ ਪੁਸਤਕ (ਪੰਥਕ ਮੁਕਦਮਾਂ) ਨੇ ਇਤਿਹਾਸਕ ਖੋਜ ਤੇ ਜਾਣਕਾਰੀ ਦੇਣ ਵਿਚ ਸਿਖਰਾਂ ਨੂੰ ਛੋਹਿਆ ਤੇ ਰੀਕਾਰਡ ਕਾਇਮ ਕੀਤਾ।

ਇਹ ਅਤਿ ਕਥਨੀ ਨਹੀਂ ਬਲਕਿ ਪੁਸਤਕ ਨੂੰ ਸ਼ੁਰੂ ਤੋਂ ਅਖੀਰ ਤੀਕ ਪੜੇ ਨਾਲ ਪਾਠਕਾਂ ਨੇ ਮੇਰੇ ਨਾਲ ਸਹਿਮਤ ਹੋਣਾ ਹੈ। ਕਿਉਂਕਿ ਨਾਮਧਾਰੀ ਦਰਬਾਰ ਵਲੋਂ ਇਕ ੩੦੦ ਸਫੇ ਤੋਂ ਵਧ ਲਿਖੀ ਪੁਸਤਕ ਦੇ ਜਵਾਬ ਵਿਚ ਇਤਨੀ ਵਡੀ ਪੁਸਤਕ ਦਾ ਲਿਖਣਾ ਤੇ ਛਾਪਣਾ ਆਸਾਨ ਕੰਮ ਨਹੀਂ ਸੀ। ਨਾਮਧਾਰੀ ਲੇਖਕ ਨੇ ਵਿੰਗੇ ਟੇਢੇ ਕਈ

ਪ੍ਰਸ਼ਨਾਂ ਦੇ ਉਤਰ (ਸ਼ਰੋਮਣੀ ਕਮੇਟੀ, ਅਤੇ ਹੋਰ ਸਿਖ ਸੰਸਥਾਵਾਂ ਸਿਖ ਵਿਦਵਾਨਾਂ ਪਾਸੋਂ) ਚਿਠੀਆਂ ਲਿਖ ਮੰਗਵਾਏ, ਪਰ ਉਸ ਦੀ ਤਸੱਲੀ ਨਹੀਂ ਕਰਾ ਸਕੇ ਸੀ। ਉਹਦੇ ਸਾਰੇ ਪ੍ਰਸ਼ਨਾਂ ਤੇ ਉਦਾਹਰਣਾਂ ਦਾ ਢੁਕਵਾਂ ਤੇ ਅਕੱਟ ਉਤਰ ਦੇ ਕੇ ਜਿਥੇ ਪੁਰਖ ਗੁਰੂ ਦੇ ਲੇਖਕ ਨੂੰ ਨਿਰੁਤਰ ਕੀਤਾ ਹੈ ਉਥੇ ਨਾਮਧਾਰੀ ਦਰਬਾਰ ਨੂੰ ਆਪਣਾ ਭਵਿਖਤ ਵਿਚਾਰਨ ਵਾਸਤੇ ਗਿਆਨੀ ਨਾਰਾ ਜੀ ਨੇ ਮਜਬੂਰ ਕਰ ਦਿਤਾ ਹੈ।

ਇਸ ਨਿਰਾਲੀ ਪੁਸਤਕ ਦੇ ਲਿਖਣ ਕਾਲ ਤੋਂ ਹੁਣ ਛਪਣ ਵੇਲੇ ਤੀਕ (ਮੈਨੂੰ ਪਤਾ ਹੈ) ਗਿਆਨੀ ਜੀ ਦਾ ਤਿੰਨ ਸਾਲ ਤੋਂ ਵਧੀਕ ਸਮਾਂ ਖਰਚ ਹੋਇਆ ਹੈ। ਐਸੇ ਗੁੜ੍ਹੇ ਵਿਦਵਾਨ ਲੇਖਕ ਦਾ ਸਮਾਂ ਅਤੇ ਸਿਹਤ ਦੀ ਕੀਮਤ ਨਾ ਗਿਣੀ ਜਾਏ ਜਿਸ ਦਾ ਅੰਦਾਜ਼ਾ ਹੀ ਮੁਸ਼ਕਿਲ ਹੈ ਤਦ ਵੀ ਛਪ ਕੇ ਜਿਲਦ ਬੰਦੀ ਤੀਕ ਇਸ ਪੁਸਤਕ ਤੇ ਹਜ਼ਾਰਾਂ ਰੁਪਏ ਖਰਚ ਹੋਏ ਹਨ। ਇਹ ਕੰਮ ਸਿਖ ਸੰਸਥਾਵਾਂ ਦਾ ਸੀ ਜੋ ਵਧ ਤੋਂ ਵਧ ਛਾਪ ਕੇ ਪ੍ਰਚਾਰਦੇ, ਪਰ ਸੰਸਥਾਵਾਂ ਨਾਲ ਜ਼ਿਕਰ ਕੀਤੇ ਨਾਲ ਵੀ ਕੋਈ ਤਸੱਲੀ-ਬਖਸ਼ ਉਤਰ ਨਹੀਂ ਮਿਲੇ ਕਾਰਨ, ਜਿਹਨਾਂ ਹਾਲਤਾਂ ਵਿਚ ਇਹਨਾਂ ਨੇ ਪੁਸਤਕ ਛਾਪੀ ਹੈ ਮੈਨੂੰ ਹੀ ਪਤਾ ਹੈ।

ਉਮੀਦ ਹੈ ਕਿ ਪੰਥਕ ਵਿਦਵਾਨ ਸਿਖ ਸੰਸਥਾਵਾਂ ਤੇ ਸਭਾ ਸੁਸਾਇਟੀਆਂ ਹੁਣ ਬਹੁ-ਗਿਣਤੀ ਵਿਚ ਪੁਸਤਕ ਖਰੀਦ ਕੇ ਵਧ ਤੋਂ ਵਧ ਪ੍ਰਚਾਰ ਕਰਾਉਣਗੀਆਂ। ਜਿਸ ਤੇ ਨਵੀਆਂ ਸਿਖ ਸੰਤਾਨਾਂ ਨੂੰ ਕੋਈ ਗੁਰੂ-ਡੰਮੀਆ ਪ੍ਰਚਾਰਕ ਭਰਮਾ ਨਾ ਸਕੇਗਾ, ਸਗੋਂ ਇਸ ਦੇ ਪੜ੍ਹਨ ਸੁਣਨ ਵਾਲਾ ਕੋਈ ਵੀ ਸਿਖ ਬੱਚਾ ਪ੍ਰਚਾਰਕ ਬਣ ਜਾਏਗਾ।

ਨੋਟ—ਗਿਆਨੀ ਨਾਰਾ ਜੀ ਨੇ ਆਪਣੀ ਪੁਸਤਕ (ਪੰਥਕ ਮੁਕੱਦਮਾ) ਦਾ ਪਾਠਕਾਂ ਤੋਂ ਫ਼ੈਸਲਾ ਲੈਣਾ ਚਾਹਿਆ ਹੈ, ਪਰ ਮੈਂ ਨੇ ਆਪਣੀ ਖਾਹਸ਼ ਪੂਰੀ ਕਰਨ ਨੂੰ ਉਕਤ ਗਿਆਨੀ ਨਾਰਾ ਜੀ ਦੀ ਪਾਠਕਾਂ ਨਾਲ ਜਾਣ ਪਛਾਣ ਕਰਾਉਣ ਨੂੰ ਥੋਹੜਾ ਲਿਖਿਆ ਹੈ ਕਿ ਮੇਰੇ ਦੋਸਤ ਮਿਤਰ ਜੋ ਮੈਨੂੰ ਜਾਣਦੇ ਹਨ ਇਸ ਪੁਸਤਕ ਨੂੰ ਖਰੀਦ ਕੇ ਜ਼ਰੂਰੀ ਪੜ੍ਹਨਗੇ ਤੇ ਲਾਭ ਉਠਾਉਣਗੇ।

ਸਾਧ ਸੰਗਤ ਦਾ ਦਾਸ
ਮਹਿਤਾਬ ਸਿੰਘ
ਹਿੰਦੁਸਤਾਨ ਰੇਫਰੀਜਰੇਟਰਜ਼ ਸਟੋਰ
ਦਰਿਆ ਗੰਜ, ਨਵੀਂ ਦਿੱਲੀ

# ਮੂਲ ਪ੍ਰਸ਼ਨ ਤੇ ਉਤਰ ਭਰਪੂਰ ਪੁਸਤਕ

ਗਿਆਨੀ ਈਸ਼ਰ ਸਿੰਘ ਨਾਰਾ, ਪ੍ਰਸਿੱਧ ਇਤਿਹਾਸ-ਖੋਜਕਾਰ, ਨੇ ਜਦੋਂ ਮੈਨੂੰ ਹੁਕਮ ਕੀਤਾ ਕਿ ਉਨ੍ਹਾਂ ਦੀ ਨਵੀਂ ਪੁਸਤਕ **"ਪੰਥਕ ਮੁਕੱਦਮਾ"** ਲਈ ਕੁਝ ਸ਼ਬਦ ਲਿਖਾਂ ਤਾਂ ਮੈਨੂੰ ਇਉਂ ਜਾਪਿਆ ਜਿਵੇਂ ਸੂਰਜ ਕਿਸੇ ਜੁਗਨੂੰ ਨੂੰ ਕਹੇ ਕਿ ਜ਼ਰਾ ਮੇਰੇ ਪ੍ਰਕਾਸ਼ ਦੀ ਵਿਸ਼ਾਲਤਾ, ਗਹਿਨਤਾ ਅਤੇ ਸ਼ਕਤੀ-ਸ਼ਾਲੀਨਤਾ ਦੀ ਗੱਲ ਕਰਨ, ਤਾਂ ਜ਼ਾਹਰ ਹੈ ਕਿ ਜੁਗਨੂੰ ਆਪਣੇ ਧੰਨ ਭਾਗ ਸਮਝਦਿਆਂ ਹੋਇਆਂ ਵੀ, ਸਰਬ ਸ਼ਕਤੀਮਾਨ ਪਰਮਾਤਮਾ ਤੋਂ ਹੀ ਸ਼ਕਤੀ ਦੀ ਦਾਤ ਮੰਗੇਗਾ, ਇਸ ਤੋਂ ਬਿਨਾਂ ਉਸ ਵਾਂਗ, ਮੇਰਾ ਵੀ, ਹੋਰ ਕੋਈ ਚਾਰਾ ਨਹੀਂ ਹੋਵੇਗਾ।

ਗਿਆਨੀ ਈਸ਼ਰ ਸਿੰਘ ਨਾਰਾ ਜੀ ਨੇ ਪਿਛਲੇ ਤੀਹਾਂ ਸਾਲਾਂ ਵਿੱਚ, ੧੪ ਅਜੇਹੀਆਂ ਖੋਜ ਆਧਾਰਤ ਪੁਸਤਕਾਂ ਲਿਖੀਆਂ ਹਨ, ਜਿਨ੍ਹਾਂ ਨੇ ਸਿੱਖ ਧਰਮ, ਗੁਰੂ-ਪੁੱਤਰਾਂ ਅਤੇ ਸਿੱਖ ਇਤਿਹਾਸ ਸੰਬੰਧੀ ਪਾਏ ਭੁਲੇਖਿਆਂ ਨੂੰ ਸ-ਪ੍ਰਮਾਣ ਦੂਰ ਕੀਤਾ ਹੈ ਅਤੇ ਗੁਰੂ-ਦੋਖੀਆਂ, ਸਿੱਖ ਧਰਮ ਤੇ ਇਤਿਹਾਸ ਦੇ ਵਿਰੋਧੀਆਂ ਨੂੰ ਮੂੰਹ ਛੁਪਾਉਣ ਤੇ ਮਜਬੂਰ ਕਰ ਦਿਤਾ ਹੈ।

ਹਥਲੀ ਪੁਸਤਕ ਪੰਥਕ ਮੁਕੱਦਮਾ, ਨਾਮਧਾਰੀ ਸਮਾਜ ਵਲੋਂ ਪਾਏ ਤੇ ਪ੍ਰਚਾਰੇ ਭਰਮਾਂ ਅਤੇ ਭਰਾਂਤੀਆਂ ਨੂੰ, ਇਤਿਹਾਸ ਦੇ ਪੰਨਿਆਂ ਨੂੰ ਫਰੋਲਣ, ਰਿੜਕਣ ਅਤੇ ਪੁਣ-ਛਾਣ ਤੋਂ ਬਾਅਦ ਸਚਾਈ ਨੂੰ "ਸੱਚ ਦੇ ਸੂਰਜ" ਨੂੰ ਬਹੁਤ ਵੱਡੀ ਹੱਦ ਤਕ ਉਜਾਗਰ ਕੀਤਾ ਹੈ ਅਤੇ "ਪੁਰਖ ਗੁਰੂ" ਦੇ ਲੇਖਕ ਮਿਹਰ ਸਿੰਘ ਚਾਵਲਾ ਕਾਨਪੁਰੀ ਦੇ ਤਾਣੇ-ਬਾਣੇ ਦੀਆਂ ਤੰਦਾਂ ਨੂੰ ਅਕੱਟ ਦਲੀਲਾਂ, ਇਤਿਹਾਸਕ ਪ੍ਰਮਾਣਾ ਅਤੇ ਇਤਿਹਾਸ-ਕਾਰਾਂ ਦੀਆਂ ਰਾਵਾਂ ਨੂੰ ਪੇਸ਼ ਕਰ ਕੇ ਖੇਰੂੰ-ਖੇਰੂੰ ਕਰ ਦਿਤਾ ਹੈ।

ਨਾਮਧਾਰੀ ਸਮਾਜ ਵਲੋਂ ਸਾਰਿਆਂ ਤੋਂ ਵੱਡਾ ਭੁਲੇਖਾ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰ-ਗੱਦੀ ਦੀ ਪ੍ਰਾਪਤੀ ਤੋਂ ਇਨਕਾਰ ਕਰ ਕੇ, ਪਾਇਆ ਜਾਂਦਾ ਹੈ ਅਤੇ ਫੇਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਅਜਾਪਾਲ ਸਿੰਘ ਡੇਰੇਦਾਰ ਦਾ ਨਾਂ ਦੇ ਕੇ, ਅਗ੍ਹਾਂ ਦਿਹਧਾਰੀ ਗੁਰੂ ਜਾਂ ਪੁਰਖ-ਗੁਰੂ ਦੀ ਪਰੰਪਰਾ ਨੂੰ ਟੋਰਿਆ ਤੇ ਉਚਿਤ ਠਹਿਰਾਇਆ ਜਾਂਦਾ ਹੈ।

ਗਿਆਨੀ ਈਸ਼ਰ ਸਿੰਘ ਨਾਰਾ ਨੇ ਇਨ੍ਹਾਂ ਦੋਹਾਂ ਗੱਲਾਂ ਨੂੰ, ਇਤਿਹਾਸਕ ਤੱਥਾਂ, ਪ੍ਰਮਾਣਾਂ ਅਤੇ ਹਵਾਲਿਆਂ ਨਾਲ ਗ਼ਲਤ ਸਿੱਧ ਕੀਤਾ ਹੈ ਅਤੇ ਇਸ ਗੱਲ ਦੇ ਸਬੂਤ ਦਿਤੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਉਣ ਤੋਂ ਤਿੰਨ ਦਿਨ ਪਹਿਲਾਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰ-ਗੱਦੀ ਸੌਂਪੀ ਅਤੇ ਦਿਹ-ਧਾਰੀ ਗੁਰੂ ਦੀ ਪ੍ਰਥਾ ਦਾ ਅੰਤ ਕਰ ਦਿਤਾ ਸੀ। ਗੁਰ-ਗੱਦੀ ਸੌਂਪਣ ਵੇਲੇ ਜਿਹੜਾ ਮੁਖ ਵਾਕ ਉਸ

ਵੇਲੇ ਪ੍ਰਾਪਤ ਹੋਇਆ ਉਸੇ ਦੇ ਆਧਾਰ ਤੇ ਨਾਂਦੇੜ ਸ਼ਹਿਰ ਦਾ ਨਾਂ—ਅਬਚਲ ਨਗਰ ਐਲਾਨਿਆ ਗਿਆ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਘਟਨਾ-ਚਕਰ ਤੋਂ ਜਾਣੂੰ ਕੋਈ ਵੀ ਵਿਚਾਰਵਾਨ, ਇਹ ਮੰਨਣ ਤੋਂ ਇਨਕਾਰ ਕਰ ਦੇਵੇਗਾ ਕਿ ਆਪ ਛੁੱਪ ਕੇ, ਨਾਭੇ ਵਿੱਚ ਅਜਾਪਾਲ ਸਿੰਘ ਦੇ ਨਾਂ ਹੇਠ ਜਾ ਬੈਠੇ ਅਤੇ ਉਦੋਂ ਵੀ ਪ੍ਰਗਟ ਨਾ ਹੋਵੇ ਜਦੋਂ ਆਪ ਜੀ ਦੇ ਭੇਜੇ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗਲ ਸਾਮਰਾਜ ਦੀਆਂ ਜੜ੍ਹਾਂ ਪੰਜਾਬ ਦੀ ਧਰਤੀ ਤੋਂ ਪੁੱਟ ਦਿਤੀਆਂ। ਮਿਸਲਾਂ ਦਾ ਨਿਰਮਾਣ ਹੋਇਆ ਅਤੇ ਫੇਰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ੪੦ ਵਰ੍ਹੇ ਰਿਹਾ।

ਗਿਆਨੀ ਈਸ਼ਰ ਸਿੰਘ ਨਾਰਾ, ਜਿਹੜੇ ਕਿ ਆਪਣੇ ਆਪ ਵਿੱਚ ਇਕ ਸੰਸਥਾ ਹਨ ਅਤੇ ਜਿਹੜੇ ੧੯੨੦ ਤੋਂ ਲੈ ਕੇ ਅੱਜ ਤਕ ਸਿੱਖ-ਇਤਿਹਾਸ ਦੀ ਖੋਜ ਵਿੱਚ ਜੁਟੇ ਹੋਏ ਹਨ ਅਤੇ ਪੰਥ ਦੀ ਸੇਵਾ ਅਣਥਕ ਮਿਹਨਤ ਅਤੇ ਪੂਰੀ ਲਗਣ ਨਾਲ ਕਰ ਰਹੇ ਹਨ ; ਨੇ ਜਿਹੜਾ ਕੰਮ ਸਿੱਖ ਪੰਥ ਦੀਆਂ ਵੱਡੀਆਂ ਜੱਥੇਬੰਦੀਆਂ ਦਾ ਸੀ, ਉਸ ਨੂੰ ਨਿਰਮਾਣਤਾ ਨਾਲ ਸਿਰੇ ਚੜ੍ਹਾਇਆ ਹੈ।

ਜਦੋਂ ਵੀ ਮੈਂ ਉਨ੍ਹਾਂ ਨਾਲ ਉਨ੍ਹਾਂ ਦੀਆਂ ਰਚਨਾਵਾਂ ਸੰਬੰਧੀ ਗੱਲ ਕਰਨ ਦਾ ਯਤਨ ਕੀਤਾ ਤਾਂ ਉਨ੍ਹਾਂ ਨੇ ਮੁਸਕੁਰਾ ਕੇ ਕਿਹਾ, "ਗੁਰੂ ਆਪ ਹੀ ਮੇਰੇ ਤੋਂ ਸੇਵਾ ਲੈ ਰਹੇ ਹਨ, ਮੈਂ ਇਤਨੀ ਵੱਡੀ ਉਮਰ ਵਿੱਚ ਕੀ ਕਰਨ ਜੋਗਾ ਹਾਂ।"

ਮੈਂ ਉਨ੍ਹਾਂ ਦੀ ਸ਼ਖ਼ਸੀਅਤੇ ਅਤੇ ਇਤਿਹਾਸਕ ਖੋਜ ਦੇ ਕਾਰਜ ਅਗੇ ਸਿਰ ਝੁਕਾਉਂਦਾ ਹਾਂ ਅਤੇ ਵਾਹਿਗੁਰੂ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਮੇਰੇ ਪਾਸੋਂ ਇਹ ਸ਼ਬਦ ਲਿਖਵਾਏ ਹਨ।

ਰਾਜਵੰਤ ਸਿੰਘ ਰਾਣਾ
ਐਮ. ਏ. (ਪੰਜਾਬੀ-ਹਿੰਦੀ)
੪੦੬/੨, ਜਨਕ ਪਾਰਕ,
ਨਵੀਂ ਦਿੱਲੀ-੧੧੦੦੬੪

# ਤਤਕਰਾ


| ਸਿਰਲੇਖਾਂ ਦਾ ਤਤਕਰਾ | ਸਫ਼ਾ |
|---|---|
| ਮੁਖਬੰਦ—ਭੂਮਿਕਾ ਦੀ ਛਾਣਬੀਣ | ੬-੧੮ |
| ਲੇਖਕ ਦੀ ਸ਼ਿਕਾਇਤ | |
| ਭੁਲੇਖਾ ਤੇ ਹੁਜਤਾਂ | ੨੫-੨੬ |
| ਪਾਰਲੀਮੈਂਟ ਪ੍ਰਧਾਨ | |
| ਗਿਆਨੀ ਲਾਲ ਸਿੰਘ | ੩੪ |
| ਹੋਰ ਪ੍ਰਸ਼ਨ ਤੇ ਉਨ੍ਹਾਂ ਦੇ ਉਤਰ | ੩੬ |
| ਕੀ ਗੁਰੂ ਜੀ ਨੰਦੇੜ ਨਹੀਂ ਸਮਾਏ | ੪੦ |
| ਪੁਰਖ ਗੁਰੂ ਕਿ ਸ਼ਬਦ ਗੁਰੂ | ੪੪ |
| ਸ਼ਬਦ ਗੁਰੂ ਦੀ ਸਚਾਈ | ੪੯ |
| ਬਾਣੀ ਗੁਰੂ, ਗੁਰੂ ਹੈ ਬਾਣੀ | ੫੫ |
| ਸ਼ਬਦ ਗੁਰੂ ਸੁਰਤਿ ਧੁਨ ਚੇਲਾ | ੬੨ |
| ਸ੍ਰੀ ਗ੍ਰੰਥ ਸਾਹਿਬ | ੭੧ |
| ਇਤਿਹਾਸਕ ਪੜਚੋਲ | ੯੧ |
| ਪ੍ਰਸ਼ਨ, ਗੁਰਿਆਈ ਦੇਣ ਦਾ ਢੰਗ | ੯੭ |
| ਸਿਖ ਇਤਿਹਾਸ ਦੀ ਵਡਪਣਾਂ | ੧੧੪ |
| ਪ੍ਰਸ਼ਨ ੬-ਗੁਰੂ ਮਾਨਿਉ ਗ੍ਰੰਥ | ੧੨੯ |
| ਹੁਣ ਜੀਤ ਸਿੰਘ ਬਾਬਤ | ੧੩੭ |
| ਆਗਿਆ ਭਈ ਅਕਾਲ ਕੀ | ੧੪੨ |
| ਪ੍ਰਸ਼ਨ ੮ਵਾਂ ਆਗਿਆ ਭਈ | ੧੪੯ |
| ਸ੍ਰੀ ਗ੍ਰੰਥ ਸਾਹਿਬ ਨੂੰ ਗੁਰਗ਼ਦੀ | ੧੫੫ |
| ਪ੍ਰਾਚੀਨ ਪੁਸਤਕਾਂ ਉਤੇ ਨਜ਼ਰ | ੧੬੫ |
| ਸ੍ਰੀ ਸਰਬ-ਲੋਹ ਗ੍ਰੰਥ | ੧੬੯ |
| ਸ੍ਰੀ ਸਰਬ-ਲੋਹ ਤੇ ਉਦਾਸੀ ਸੰਤ | |
| ਸਵਾਮੀ ਹਰਨਾਮ ਦਾਸ ਦੇ ਵਿਚਾਰ | ੧੭੦ |
| ਡਾ: ਗੰਡਾ ਸਿੰਘ ਤੇ ਗੁਸਾ | ੧੭੫ |
| ਰਹਿਤਨਾਮਾਂ ਧਾਈ ਨੰਦ ਲਾਲ ਜੀ | ੧੭੯ |
| ਅਖਬਾਰਾਤ ਦਰਬਾਰੇ ਮੁਅਲਾ | ੧੮੨ |
| ਆਪਣੀ ਕੁਝ ਹੋਰ ਵਿਚਾਰ | ੧੮੮ |
| ਇਕੋ ਭਾਵ ਹੇਠ ਲਿਖੀਆਂ ਲਿਖਤਾਂ | ੧੯੦ |

| ਸਿਰਲਖਾਂ ਦਾ ਤਤਕਰਾ | ਸਫ਼ਾ |
|---|---|
| ਭਾਈ ਮਨੀ ਸਿੰਘ ਜੀ | ੧੯੨ |
| ਕੁਝ ਫੁਟਕਲ ਚਰਚਾ | ੧੯੯ |
| ਗੁਰੂ ਸਿਖ ਦੀ ਪ੍ਰੰਪਰਾ | ੨੦੩ |
| ਸਿੰਘ ਸਭਾ ਲਹਿਰ ਉਤੇ ਕ੍ਰੋਧ | ੨੧੧ |
| ਸੌ ਸਾਖੀਆਂ ਦੇ ਹਵਾਲੇ | ੨੧੨ |
| ਬਾਬਾ ਬਾਲਕ ਸਿੰਘ ਦਾ ਜਨਮ | ੨੨੨ |
| ਅਜਾਪਾਲ ਸਿੰਘ ਬਾਬਤ | ੨੨੮ |
| ਕੁਝ ਫੁਟਕਲ ਵਿਚਾਰਾਂ | ੨ ੪ |
| ਬਾਬਾ ਰਾਮ ਸਿੰਘ ਜੀ ਦਾ ਜਨਮ | ੨੩੯ |
| ਹੋਰ ਖੁਲ੍ਹੀ ਵਿਚਾਰ | ੨੪੦ |
| ਸਿਖ ਫੌਜ ਦੀ ਨੌਕਰੀ | ੨੪੪ |
| ਨਾਮਧਾਰੀ ਅੰਮ੍ਰਿਤ ਪ੍ਰਚਾਰ | ੨੫੧ |
| ਦੂਜਾ ਕਾਰਨਾਮਾ ਰਾਏਕੋਟ | ੨੫੪ |
| ਮਲੇਰਕੋਟਲੇ ਉਤੇ ਚੜ੍ਹਾਈ | ੨੬੨ |
| ਸਿਹਾੜ ਤੋਂ ਬਾਬਾ ਜੀ ਭੈਣੀ ਆਏ | ੨੬੫ |
| ਗਿਆਨੀ ਗਿਆਨ ਸਿੰਘ ਦਾ ਮੇਲ | ੨੬੯ |
| ਬਾਬਾ ਰਾਮਸਿੰਘ ਜੀ ਦੇ ਹੁਕਮਨਾਮੇ | ੨੭੦ |
| ਹੋਰ ਫੁਟਕਲ ਪ੍ਰਸ਼ਨ ਉਤਰ | ੨੭੧ |
| ਗੁਰੂ ਗ੍ਰੰਥ ਸਾਹਿਬ ਦੀ ਗੁਰਤਾ | |
| ਬਾਬਤ ਹੋਰ ਵਿਚਾਰ | ੨੭੬ |
| ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ | |
| ਮੰਨਣ ਵਾਲਿਆਂ ਦੇ ਵਿਚਾਰ | ੨੭੯ |
| ਕੁਝ ਆਪਣੇ ਹੋਰ ਵਿਚਾਰ | ੨੮੧ |
| ਸ਼ਬਦ ਗੁਰੂ ਸੰਗ੍ਰਹਿ (ਗੁਰੂ ਗ੍ਰੰਥ ਜੀ) | |
| ਜੀ ਬਾਬਤ ਹੋਰ ਵਿਚਾਰ | ੨੮੩ |
| ਲਾਲਾ ਦੌਲਤ ਰਾਮ ਦੇ ਵਿਚਾਰ | ੨੮੯ |
| ਮੁਕਦੀ ਗਲ | ੨੯੧ |
| ਥੋਹੜੀ ਇਤਿਹਾਸਕ ਜਾਣਕਾਰੀ | ੩੦੦ |
| ਸਨਿਮਰ ਬੇਨਤੀ | ੩੦੧ |

# ਸਮਰਪਣ

ਕਿਸੇ ਇਕ ਸਤਿਕਾਰਤ ਵਿਅਕਤੀ ਪ੍ਰਥਾਏ ਨਹੀਂ

ਸਗੋਂ

ਗੁਰੂ ਨਾਨਕ ਨਾਮ ਲੇਵਾ ਸਮੂਹ ਸੰਤ ਮਹੰਤ ਸੰਪ੍ਰਦਾਵਾਂ
ਬੇਦੀ, ਤ੍ਰੇਹਣ-ਭਲੇ, ਸੋਢੀ ਖਾਨਦਾਨਾਂ, ਗੁਰੂ ਅੰਸ਼ਾਂ,
ਸਿੱਖ ਵਕੀਲਾਂ ਮੈਜਿਸਟ੍ਰੇਟਾਂ ਤੇ ਜਸਟਿਸ ਸਾਹਿਬਾਨਾਂ
ਅਤੇ ਯੂਨੀਵਰਸਿਟੀਆਂ, ਕਾਲਜਾਂ ਤੇ ਸਕੂਲਾਂ ਦੇ ਪ੍ਰੋਫੈਸਰਾਂ,
ਦੇਸ ਵਿਦੇਸੀ ਵਸਦੇ ਗੁਰਮਤਿ ਦੇ ਖੋਜੀ ਵਿਦਵਾਨਾਂ, ਅਤੇ
ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਤਿਗੁਰੂ ਮੰਨਣ ਵਾਲੇ
ਸਚਾਈ ਪਸੰਦ ਬੁੱਧੀਜੀਵੀਆਂ ਪ੍ਰਤੀ ਲੇਖਕ ਵਲੋਂ

"ਪੰਥਕ ਮੁਕੱਦਮਾ"

ਪੁਸਤਕ ਸਮਰਪਤ ਹੈ !



ਲੇਖਕ : ਗਿਆਨੀ ਈਸ਼ਰ ਸਿੰਘ ਨਾਰਾ

ੴ ਸਤਿਗੁਰ ਪ੍ਰਸਾਦਿ ॥

# ਪੰਥਕ ਮੁਕੱਦਮਾ

## ਸਚਿਆਰ ਪਾਠਕਾਂ ਦੀ ਕਚੈਹਰੀ ਵਿਚ

"ਪੁਰਖ ਗੁਰੂ" ਨਾਮ ਦੀ ਪੁਸਤਕ ਜੋ ਮੇਹਰ ਸਿੰਘ ਨਾਮੀ ਇਕ ਨਾਮਧਾਰੀ ਸਿੱਖ ਨੇ ਲਿਖੀ ਤੇ "ਸਰਬ ਹਿੰਦ ਨਾਮਧਾਰੀ ਦਰਬਾਰ ਭੈਣੀ ਸਾਹਿਬ" ਨੇ ਛਾਪੀ ਹੈ, ਉਸ ਵਿਚ ਉਸ ਨੇ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਗੁਰੂ ਮੰਨਣ ਤੋਂ ਸਿਰਫ ਇਨਕਾਰ ਹੀ ਨਹੀਂ ਕੀਤਾ ਬਲਕਿ ਜਿਥੇ ਕਿੱਤੇ ਵੀ ਆਪਣੇ ਮਜਮੂਨ ਵਿਚ ਗ੍ਰੰਥ ਸਾਹਿਬ ਜਾਂ ਸ੍ਰੀ ਗ੍ਰੰਥ ਸਾਹਿਬ ਹੀ ਲਿਖਿਆ, ਫਿਰ ਬੜੀ ਚਤਰਾਈ ਭਰੀ ਹੁਜੱਤ ਬਾਜੀ ਨਾਲ ਉਸ ਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਹੀ ਗੁਰਬਾਣੀ ਪ੍ਰਵਾਣਾਂ ਤੇ ਉਦਾਹਰਣਾਂ ਨਾਲ ਦੇਹਧਾਰੀ ਗੁਰੂ ਦਾ ਮੰਡਨ, ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਦਾ ਖੰਡਨ ਅਤੇ ਅੰਮ੍ਰਿਤਧਾਰੀ ਸਿੱਖਾਂ ਵਾਸਤੇ ਵੀ ਦੇਹਧਾਰੀ ਗੁਰੂ ਦੀ ਲੋੜ ਨੂੰ ਜ਼ਰੂਰੀ ਦਸਿਆ ਹੈ।

ਫਿਰ ਲਿਖਿਆ ਕਿ ਨੰਦੇੜ (ਦਖਣ) ਵਿਚ ਸੰਮਤ ੧੭੬੫ ਵਿਚ ਗੁਰੂ ਗੋਬਿੰਦ ਸਿੰਘ ਉਥੇ ਜੋਤੀ ਜੋਤ ਨਹੀਂ ਸਮਾਏ, ਬਲਕਿ ਉਥੋਂ ਜੀਉਂਦੇ ਜੀ ਨਿਕਲੇ ਤੇ ਪੂਰੇ ੯੦ ਸਾਲ ਬਾਦ ਤੀਕ ਗੁਪਤ (ਲੋਪ) ਰਹਿ ਕੇ ਮਗਰੋਂ, ਪ੍ਰਗਟ ਹੋ ਕੇ ਦਰਸ਼ਨ ਦਿਤੇ ਤੇ ਆਪਣੀ ਥਾਂ ਦੀ ਗੁਰਗੱਦੀ ਇਕ ਬਾਲਕ ਸਿੰਘ ਨਾਮੀ ਗੁਰਸਿਖ ਨੂੰ ਦੇ ਕੇ ਦਸਿਆ ਕਿ ਅਸੀਂ ਹੁਣ ਬਾਬਾ ਰਾਮ ਸਿੰਘ ਰੂਪ ਵਿਚ (੧੨ਵੀਂ ਥਾਂ ਗੁਰੂ ਰੂਪ ਵਿਚ) ਪ੍ਰਗਟ ਹੋਵਾਂਗੇ, ਹੁਣ ਤੋਂ ਤੁਸੀਂ ਗਿਆਰਵਾਂ ਸਤਿਗੁਰੂ ਥੀਓ।

"ਪੁਰਖ ਗੁਰੂ" ਨਾਮ ਦੀ ਪੁਸਤਕ (ਮੁਖਬੰਦ ਤੇ ਭੂਮਿਕਾ ਸਮੇਤ) ੩੩੬ ਸਫੇ ਦੀ ਲਿਖਣ ਦਾ ਜੋਰ ਲਾ ਕੇ ਉਸ ਨੇ ਇਹੋ ਸਿੱਟਾ ਕਢਿਆ ਕਿ "ਗੁਰੂ ਗ੍ਰੰਥ ਸਾਹਿਬ" ਗੁਰੂ ਨਹੀਂ, ਤੇ ਗੁਰੂ ਗੋਬਿੰਦ ਸਿੰਘ ਦੇ ਜਾਨਸ਼ੀਨ ੧੧ਵੇਂ ਗੁਰੂ ਬਾਲਕ ਸਿੰਘ ਅਤੇ ੧੨ਵਾਂ ਗੁਰੂ ਬਾਬਾ ਰਾਮ ਸਿੰਘ ਹੋਇਆ ਤੇ ਇਹ ਉਹੀ ਗੁਰੂ ਨਾਨਕ ਦੀ ਚਾਲੂ ਕੀਤੀ ਗੁਰਗੱਦੀ ਹੈ ਜਿਸ ਪਰ ਇਸ ਵੇਲੇ ਨਾਮਧਾਰੀ ਗੁਰੂ ਬਾਬਾ ਜਗਜੀਤ ਸਿੰਘ ਜੀ ਬਿਰਾਜਮਾਨ ਹਨ ਅਤੇ ਜੋ ਵੀ ਸਿਖ ਅਖਵਾਂਦਾ ਹੋਇਆ 'ਪ੍ਰਤੱਖ ਦੇਹ ਧਾਰੀ' (ਸਤਿਗੁਰੂ ਨਾਮਧਾਰੀ ਬਾਬਾ) ਨੂੰ ਗੁਰੂ ਨਹੀਂ ਧਾਰਨ ਕਰਦੇ ਉਹ ਮਨਮੁਖ ਹਨ ਤੇ ਨਿਗੁਰੇ ਹਨ ਤੇ ਸਿਰਫ ਨਾਮਧਾਰੀ ਦਰਬਾਰ ਨਾਲ ਸਬੰਧਤ (ਦੇਹ ਧਾਰੀ ਗੁਰੂ ਮੰਨਦੇ) ਹੀ ਗੁਰਮੁਖ ਜਾਂ ਸਨਮੁੱਖ ਹਨ। 'ਪੁਰਖ ਗੁਰੂ" ਪੁਸਤਕ ਲਿਖਣ ਦਾ ਉਹਦਾ ਇਹੋ ਤਾਤਪਰਜ (ਸਿੱਟਾ ਜਾਂ ਨਿਸ਼ਾਨਾ) ਹੈ।

ਇਸ ਉਕਤ (ਪੁਰਖ ਗੁਰੂ) ਪੁਸਤਕ ਵਿਚ ਹੋਰ ਬਹੁਤ ਕੁਝ ਗੁਰਬਾਣੀ ਦੇ ਅਰਥ ਮਨਮਰਜ਼ੀ ਅਨੁਸਾਰ ਕਰਕੇ (ਲੇਖਕ ਮੇਹਰ ਸਿੰਘ ਨੇ) ਆਪਣੇ ਪੱਖ ਨੂੰ ਸਿੱਧ ਕਰਨ ਦੀ ਬਹੁਤ ਕੋਸ਼ਿਸ਼ ਕੀਤੀ ਹੈ, ਜਿਸ ਕਰਕੇ ਦਾਸ ਨੂੰ ਉਸਦੀ ਲਿਖਤ ਅਯੋਗ ਜਾਪੀ ਤੇ ਉਸ ਦੇ ਜਵਾਬ ਵਿਚ ਹੀ (ਗੁਰੂ ਵਲੋਂ ਬਖਸ਼ੇ) ਬੁੱਧੀ ਬਲ ਰਾਹੀਂ ਢੁਕਵੇਂ ਉਤਰ ਦੇਣ ਦਾ ਜਤਨ ਕੀਤਾ ਹੈ। ਇਸ ਵਾਸਤੇ ਵੀ ਕਿ ਉਕਤ ਪੁਸਤਕ (ਪੁਰਖ ਗੁਰੂ) 'ਗੁਰੂ ਗ੍ਰੰਥ ਸਾਹਿਬ' ਨੂੰ ਸਤਿਗੁਰੂ ਮੰਨਣ ਵਾਲੇ ਗੁਰਸਿਖਾਂ ਵਾਸਤੇ ਬਹੁਤ ਦਿਲ ਦੁਖਾਊ ਤੇ ਭਰਮ ਭੁਲੇਖੇ ਵਧਾਉਣ ਵਾਲੀ ਜਾਪੀ ਹੈ। ਜਿਸ ਤੇ ਇਸ ਦੇ ਜਵਾਬ ਵਿਚ ਲਿਖੀ ਇਸ ਆਪਣੀ ਪੁਸਤਕ ਦਾ ਨਾਮ "ਪੰਥਕ ਮੁਕਦਮਾ") ਰਖ ਕੇ ਸਮੂਹ ਸਿੱਖ ਵਿਦਵਾਨਾਂ, ਬੁੱਧੀਜੀਵੀਆਂ ਦੀ ਕਚੈਹਰੀ ਵਿਚ ਪੇਸ਼ ਕੀਤੀ ਹੈ— ਫੈਸਲਾ ਸਚਾਈ ਪਸੰਦ ਪਾਠਕਾਂ ਨੇ ਦੇਣਾ ਹੈ।

ਮੈਂ ਕਿਸੇ ਕਰਣੀ-ਕਮਾਈ ਵਾਲੇ ਦੇਹਧਾਰੀ ਗੁਰੂ ਦੇ ਵਿਰੁਧ ਨਹੀਂ। ਜਿਸ ਨੂੰ ਉਸ ਦੇ ਪ੍ਰੇਮੀ ਸੇਵਕ "ਗੁਰੂ ਦੇਵ" ਹੀ ਮੰਨਦੇ ਹੋਣ। ਕਿਉਂਕਿ ਭਾਰਤ ਵਿਚ ਕਈ ਸੰਪਰਦਾਵਾਂ ਹਨ। ਉਹਨਾਂ ਦੇ ਆਪਣੇ ਆਪਣੇ ਵਿਸ਼ਵਾਸਾਂ ਤੇ ਭਰੋਸੇ ਮੁਤਾਬਕ ਆਪਣੇ ਆਪਣੇ ਗੁਰੂ ਪੀਰ ਤੇ ਮੁਰਸ਼ਿਦ ਹਨ। ਐਸੇ ਹੀ ਸਿੱਖ ਸੰਪਰਦਾਵਾਂ ਵਿਚ ਨਿਰਮਲੇ ਮਹਾਤਮਾਂ, ਉਦਾਸੀਨ ਤੇ ਸੇਵਾ ਪੰਥੀ, ਸੰਤ ਆਪਣੀ ਆਪਣੀ ਥਾਂਏ ਆਪਣੇ ਸ਼ਬਦ ਦਾਤੇ ਕਿਸੇ ਮਹਾਂਪੁਰਖ ਨੂੰ ਦੇਹ ਧਾਰੀ ਗੁਰੂ ਵੀ ਮੰਨਦੇ, ਸਤਿਕਾਰਦੇ ਹਨ। ਮੁਬਾਰਕ ਹੈ — ਪਰ ਉਹ ਸਾਰੇ ਹੀ ਆਪਣਾ ਆਪਣਾ ਦੇਹ ਧਾਰੀ ਗੁਰੂ ਮੰਨਦੇ ਹੋਇਆਂ ਵੀ "ਗੁਰੂ ਨਾਨਕ ਗੋਬਿੰਦ ਰੂਪ" ਦੀ ਗੁਰਗੱਦੀ ਉਤੇ ਪ੍ਰਕਾਸ਼ਮਾਨ ਗੁਰਾਂ ਸਿਰ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਇਸ਼ਟ ਦੇਵ ਮੰਨਦੇ ਹਨ।

ਐਸਾ ਅਜ ਤੋਂ ਨਹੀਂ, ਜਾਂ ਸਿੰਘ ਸਭਾ ਲਹਿਰ ਚਾਲੇ ਤੋਂ ਨਹੀਂ (ਜੈਸਾ ਕਿ ਮੇਹਰ ਸਿੰਘ ਦਾ ਵਿਚਾਰ ਹੈ) ਬਲਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਹਿਲੇ — ਉਨ੍ਹਾਂ ਵਲੋਂ "ਗੁਰੂ ਗ੍ਰੰਥ ਸਾਹਿਬ" ਨੂੰ ਗੁਰਗੱਦੀ ਸਥਾਪਤ ਕੀਤਾ ਗਿਆ, ਸਤਿਗੁਰੂ ਮੰਨਦੇ, ਧੂਪ ਦੀਪ ਪੁਸ਼ਪ ਵਰਖਾ ਤੇ ਆਰਤੀ ਉਚਾਰਨ ਨਾਲ ਉਹ ਪੂਜਨ ਕਰਦੇ ਆਏ ਹਨ। ਪਰ ਦੂਜੇ ਪਾਸੇ ਦੇ ਨਾਮਧਾਰੀ ਪ੍ਰਚਾਰਕਾਂ ਤੇ ਲੇਖਕਾਂ ਨੇ ਇਕ ਮਨਘੜਤ ਜੇਹੀ (ਕਲਪਤ) ਸਾਖੀ ਰਾਹੀਂ ਆਪਣੇ ਨਾਲ ਸੰਬੰਧਤ ਸਿਖਾਂ (ਨਾਮਧਾਰੀਆਂ) ਨੂੰ ਯਕੀਨ ਕਰਾ ਦਿੱਤਾ ਹੈ ਕਿ ਗੁਰਗੱਦੀ "ਗੁਰੂ ਗ੍ਰੰਥ ਸਾਹਿਬ" ਨੂੰ ਨਹੀਂ ਬਲਕਿ ਨੰਦੇੜ ਤੋਂ ਗੁਪਤ ਨਿਕਲੇ ਗੁਰੂ ਗੋਬਿੰਦ ਸਿੰਘ ਜੀ ਨੇ ੯੦ ਸਾਲ ਬਾਅਦ ਸੰਮਤ ੧੮੫੫ ਵਿਚ ੧੪੬ ਸਾਲ ਦੀ ਬਿਰਧ ਉਮਰ ਵੇਲੇ ਇਕ ਬਾਲਕ ਸਿੰਘ ਨਾਮੀ ਗੁਰਸਿਖ ਨੂੰ ਦਰਸ਼ਨ ਦੇ ਕੇ ੧੧ਵਾਂ ਸਤਿਗੁਰੂ ਬਣਾਇਆ ਤੇ ਇਨ੍ਹਾਂ ਤੋਂ ਬਾਹਦ ੧੨ਵਾਂ ਸਤਿਗੁਰੂ ਬਾਬਾ ਰਾਮ ਸਿੰਘ ਫਿਰ ੧੩ਵੀਂ ਤੇ ੧੪ਵੀਂ ਥਾਂ ਤੀਕ ਚਲਦੀ ਆਈ—ਇਹ ਉਹਾ ਗੁਰਗੱਦੀ ਹੈ, ਜੋ ਹੁਣ "ਨਾਮਧਾਰੀ ਦਰਬਾਰ ਭੈਣੀ ਸਾਹਿਬ" ਨਾਮ ਨਾਲ ਪ੍ਰਸਿਧ ਹੈ ਅਤੇ ਗੁਰੂ ਨਾਨਕ ਦੇਵ ਤੋਂ ਚਲੀ ਹੈ।

ਇਸ ਬਾਰੀ ਭੁਲੇਖੇ ਨੂੰ ਲੇਖਕ ਮੇਹਰ ਸਿੰਘ ਨੇ ਪੁਸਤਕ ਪੁਰਖ ਗੁਰੂ ਰਾਹੀਂ ਬਹੁਤ ਖੜਾਵਾ ਦੇਣ ਦੀ ਕੋਸ਼ਿਸ਼ ਕੀਤੀ ਹੈ ਫਿਰ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਤੋਂ

ਅਸ਼ਰਧਕ ਬਣਾ ਕੇ ਦੇਹਧਾਰੀ ਸਤਿਗੁਰੂ ! ਸਿਰਫ ਇਕੋ ਹੀ 'ਨਾਮਧਾਰੀ' ਬਾਬੇ ਨੂੰ ਦਸਾਂ ਪਾਤਸ਼ਾਹੀਆਂ ਦੀ ਗੁਰਗੱਦੀ ਦਾ ਵਾਰਸ ਸਾਬਤ ਕਰਨ ਦੀ ਅਤੇ ਪ੍ਰਚਾਰਨ ਦੀ ਬਹੁਤ ਦਲੇਰੀ ਕੀਤੀ ਹੈ। ਇਸੇ ਵਾਸਤੇ 'ਪੁਰਖ ਗੁਰੂ' ਪੁਸਤਕ ਦੇ ਜਵਾਬ ਵਿਚ ਆਪਣੀ "ਪੰਥਕ ਮੁਕੱਦਮਾ" ਨਾਮ ਦੀ ਲਿਖੀ ਇਸ ਪੁਸਤਕ ਰਾਹੀਂ ਅਸਲੀਅਤ ਨੂੰ ਵਿਦਵਾਨ ਪਾਠਕਾਂ ਦੀ ਕਚਹਿਰੀ ਵਿਚ ਪੇਸ਼ ਕੀਤਾ ਹੈ। ਉਮੀਦ ਹੈ ਸਚਾਈ ਪਸੰਦ ਲੋਕਾਂ ਤੇ ਵਿਦਵਾਨਾਂ ਤੋਂ ਵਧੇਰੇ ਨਾਮਧਾਰੀ ਦਰਬਾਰ ਨਾਲ ਸੰਬੰਧ ਰਖਦੇ ਸਿਆਣੇ ਸਮਰਥਕ ਵੀ ਨਿਕੰਮਾ ਹੱਠ ਤਿਆਗ ਕੇ ਸਚਾਈ ਨੂੰ ਮੰਨਣਗੇ, ਅਤੇ (ਆਪਣੇ ਪੂਜਯ) ਨਾਮਧਾਰੀ ਬਾਬਾ ਜੀ ਨੂੰ ਬੇਸ਼ਕ ਸੰਤ ਸੰਪਰਦਾਵਾਂ ਵਾਂਗੂੰ ਦੇਹਧਾਰੀ ਗੁਰੂ ਮੰਨਦੇ ਹੋਣ। ਪਰ ਉਨ੍ਹਾਂ ਨੂੰ ਇਹ ਹੱਕ ਹਾਸਲ ਨਹੀਂ ਕਿ ਉਹ 'ਗੁਰੂ ਨਾਨਕ ਗੋਬਿੰਦ ਰੂਪ' ਦੀ ਗੁਰਗੱਦੀ ਦੇ ਜਾਨਸ਼ੀਨ, ਗੁਰੂ ਹੋਣ ਦੀ ਬਰਾਬਰੀ ਕਰਨ। ਵਰਨਾ ਗੁਰਬਾਣੀ ਅਨੁਸਾਰ ਇਹ ਦੋਸ਼ ਦੇ ਭਾਗੀ ਹੋਣਗੇ :—

ਖਸਮੈ ਕਰੇ ਬਰਾਬਰੀ ਫਿਰ ਗੈਰਤ ਅੰਦਰ ਪਾਇ ॥
ਵਜਹੁ ਗਵਾਏ ਅਗਲਾ ਮਹੁਹੇਂ ਮੂੰਹ ਪਾਣਾ ਖਾਇ ॥

ਇਸ ਦੋਸ਼ ਤੋਂ ਨਾਮਧਾਰੀ ਦਰਬਾਰ ਨੂੰ ਬਚਾਣ ਵਾਸਤੇ ਅਤੇ ਪੁਸਤਕ 'ਪੁਰਖ ਗੁਰੂ' ਰਾਹੀਂ ਪ੍ਰਗਟਾਏ ਸਾਰੇ ਭੁਲੇਖੇ ਉਪਜਾਉ ਪ੍ਰਸ਼ਨਾਂ ਦਾ ਉਤਰ ਦੇ ਕੇ ਸਮੂਹ ਸਿਖ ਵਿਦਵਾਨਾਂ ਤੇ ਹੋਰ ਸੰਤ ਸੰਪ੍ਰਦਾਵਾਂ ਵਲੋਂ ਫੈਸਲਾ ਲੈਣ ਦੀ ਇਹ ਖਾਹਸ਼ ਹੈ ਕਿ ਗੁਰੂ ਨਾਨਕ ਦੇਵ ਤੋਂ ਚਾਲੂ ਕੀਤੀ ਗੁਰਗੱਦੀ ਦਾ ਵਾਰਸ ਵਕਤ ਵਕਤ ਦਾ (ਨਾਮਧਾਰੀ) ਕੋਈ ਪੁਰਖ ਗੁਰੂ ਹੁੰਦਾ ਰਹੇਗਾ ਜਾਂ ਸਦਾ ਵਾਸਤੇ ਅਟੱਲ ਸਤਿਗੁਰੂ (ਗੁਰਬਾਣੀ ਸੰਗ੍ਰਹਿ) ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ? ਕਿ ਜਿਸ ਵਿਚੋਂ ਅੰਕਿਤ ਸ਼ਬਦ ਗਿਆਨ ਅਤੇ ਸਤਿ ਸੰਤੋਖ ਦਾ ਵੀਚਾਰ ਤੇ ਨਾਮ ਅੰਮ੍ਰਿਤ ਦਾ ਪ੍ਰਚਾਰ ਕਰਦਾ ਕੋਈ ਵੀ ਸਿੱਖ ਗੁਰੂ ਰੂਪਤਾ ਨੂੰ ਪਾਂਦਾ ਤੇ ਗੁਰੂ ਨਾਲ ਇਕਮਿਕ ਹੋ ਸਕਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ :—

"ਗੁਰੂ ਸਿਖੁ ਸਿੱਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥
ਰਾਮ ਨਾਮ ਮੰਤ੍ਰ ਹਿਰਦੈ ਦੇਵੈ ਨਾਨਕ ਮਿਲਣ ਸੁਭਾਏ ॥ (ਪੰਨਾ ੪੪੪)

ਪੁਸਤਕ ਪੁਰਖ ਗੁਰੂ ਦੇ ਲੇਖਕ ਮੋਹਰ ਸਿੰਘ ਨੇ ਇਸ ਪੁਸਤਕ ਵਿਚ ਕਈ ਥਾਂਏ ਅਸਲ ਮਜ਼ਮੂਨ ਤੋਂ ਲਾਂਭੇ ਹੋ ਕੇ ਸਿਖ ਸੰਸਥਾਵਾਂ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਤੇ ਹੋਰ ਵੀ ਸਿੰਘ ਸਭਾ ਤੇ ਪਹਿਲੇ ਪ੍ਰਮੁੱਖ ਲੀਡਰਾਂ ਪ੍ਰਤੀ ਭਠਿਆਰਨਾਂ ਵਾਂਗੂ ਕੋੜੇ ਮੇਹਣੇ ਤਾਣੇ ਦਿਤੇ ਤੇ ਉਨ੍ਹਾਂ ਨੂੰ ਅੰਗਰੇਜ਼ ਦੇ ਪਿੱਠੂ ਤੇ ਦੇਸ਼ ਧ੍ਰੋਹੀ ਸਾਬਤ ਕਰਨ ਵਿਚ ਪੂਰਾ ਤਾਣ ਲਾਇਆ ਤੇ ਫਬਤੀ ਉਡਾਈ, ਜਿਸ ਦਾ ਇਥੇ ਕੋਈ ਸੰਬੰਧ ਨਹੀਂ ਸੀ।

ਇਸ ਤੋਂ ਵਖਰੇ ਕਈ ਸਿੱਖ ਵਿਦਵਾਨਾਂ ਨੂੰ ਆਪਣੀਆਂ ਲਿਖੀਆਂ ਚਿੱਠੀਆਂ ਤੇ ਉਨ੍ਹਾਂ ਵਲੋਂ ਮਿਲੇ ਗੋਲਮੋਲ ਉਤਰਾਂ ਦੇ ਬਲਾਕ ਛਾਪ ਕੇ ਇਹ ਦਸਣ ਦੀ ਕੋਸ਼ਿਸ਼ ਕੀਤੀ ਹੈ ਕਿ ਉਹ ਮੇਰੇ ਪ੍ਰਸ਼ਨਾਂ ਦਾ ਠੀਕ ਠੀਕ ਉਤਰ ਨਹੀਂ ਦੇ ਸਕੇ ਤੇ ਇਸ ਦਾ ਸਭ ਕੁਝ ਲਿਖਿਆ ਹੋਇਆ ਕੁਰਾਣ ਦੀ ਆਇਤ ਵਾਂਗੂ ਸੱਚ ਮੰਨਿਆ ਜਾਏਗਾ। ਪਰ

ਇਸ ਚਾਤਰ ਮੇਹਰ ਸਿੰਘ ਨੇ ਇਹ ਨਹੀਂ ਸੋਚਿਆ ਕਿ ਡਾਕਟਰ ਗੰਡਾ ਸਿੰਘ ਜੈਸੇ ਮਹਾਨ ਪ੍ਰਮੁੱਖ ਵਿਦਵਾਨਾਂ ਨੇ ਮੁਗਲ ਰਾਜ ਵੇਲੇ ਦੀ ਸਿਖ ਵਿਰੋਧੀ ਲਿਖਤਾਂ ਦੀ ਚੀਰ ਫਾੜ ਕਰਕੇ ਸਹੀ ਰੂਪ ਵਿਚ ਸਿੱਖ ਇਤਿਹਾਸ ਨੂੰ ਲਿਖ ਦਸਣ ਵਿਚ ਉਮਰ ਬਿਤਾਈ ਹੈ ਤੇ ਜਿਨਾਂ ਤੇਹੀਆਂ ਪੁੱਛਾਂ ਦੇ ਉਤਰ ਉਹ ਤਸੱਲੀਬਖਸ਼ ਨਹੀਂ ਦੇ ਸਕੇ ਤਾਂ ਇਸ ਦਾ ਇਹ ਮਤਲਬ ਨਾ ਸਮਝਿਆ ਜਾਏ ਕਿ ਉਤਰ ਕੋਈ ਹੈ ਹੀ ਨਹੀਂ। ਨਾਮਧਾਰੀ ਲੇਖਕ ਦੀ ਤਸੱਲੀ ਕਰਾਣ ਵਾਲੇ ਉਤਰ ਜਿਨ੍ਹਾਂ ਗ੍ਰੰਥਾਂ ਵਿਚੋਂ ਲਿਖੇ ਹੁਣ ਦਿਤੇ ਜਾਣਗੇ ਉਹ ਸ਼ਾਇਦ ਕਈ ਰੁਝੇਵਿਆਂ ਕਾਰਨ ਉਨ੍ਹਾਂ ਦੇ ਸਾਹਮਣੇ ਨਹੀਂ ਆਏ ਹੋਣੇ ਤੇ ਜੋ ਕੁਝ ਸਿਮ੍ਰਤੀ ਵਿਚ ਆਇਆ ਨੇ ਲਿਖ ਭੇਜਿਆ ਹੋਣਾ ਨੇ। ਬਾਕੀ ਦੀ ਕਸਰ ਅਸੀਂ ਪੂਰੀ ਕਰਾਂਗੇ।

ਬੱਸ ! ਇਥੋਂ ਤੀਕ ਅਸੀਂ ਪੁਸਤਕ ਪੁਰਖ ਗੁਰੂ ਦੇ ਜਵਾਬ ਵਿਚ "ਪੰਥਕ ਮੁਕੱਦਮਾ" ਨਾਮ ਦੀ ਪੁਸਤਕ ਲਿਖਣ ਦੀ ਲੋੜ ਕਿਉਂ ਜਾਪੀ ਹੈ — ਦਸੀ ਹੈ। ਅਗੋ ਹੁਣ ਉਹਦੀ ਲਿਖੀ ਪੁਸਤਕ ਦੇ ਮੁਖਬੰਦ ਅਤੇ ਭੂਮਿਕਾ ਦੀ ਚੀਰ ਫਾੜ ਕਰਨੀ ਹੈ ਜੋ ਚਾਤਰ ਲੇਖਕ (ਮੇਹਰ ਸਿੰਘ) ਨੇ ਕਈ ਸਿਰਲੇਖ ਹੇਠਾਂ ਜੋ ਮਜ਼ਮੂਨ ਲਿਖੇ ਤੇ ਕਈ ਪਹਿਲੀ ਲਿਖਤ ਨੂੰ ਬਾਰ ਬਾਰ ਹੀ ਦੁਹਰਾਇਆ, ਅਤੇ ਸਾਧਾਰਨ ਗੁਰਸਿਖ ਪਾਠਕਾਂ ਨੂੰ ਕਈ ਬੇਢੱਬੀਆਂ ਦਲੀਲਾਂ ਤੇ ਪੁਛਾਂ ਨਾਲ ਭਰਮਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦਲੀਲਾਂ ਤੇ ਪ੍ਰਸ਼ਨਾਂ-ਪੁੱਛਾਂ ਦਾ ਆਪਣੀ ਆਪਣੀ ਥਾਵੇਂ ਯੋਗ ਉਤਰ ਦਿਤਾ ਜਾਏਗਾ।

ਹੁਣ ਅਸੀਂ ਅਸਲ ਮਜ਼ਮੂਨ (ਪੁਸਤਕ ਪੁਰਖ ਗੁਰੂ) ਦੇ ਮੁਖ ਬੰਦ ਅਤੇ ਭੂਮਿਕਾ ਉਤੇ ਵਿਚਾਰ ਪੇਸ਼ ਕਰਨੀ ਹੈ। ਫਿਰ ਇਕ ਪਿਛੋਂ ਦੂਜੇ (ਕੁਲ ੧੨ ਸਿਰਲੇਖਾਂ ਹੇਠ) ਲਿਖੇ ਮਜਮੂਨ ਤੇ ਉਹਦੇ ਪ੍ਰਸ਼ਨਾਂ ਦੇ ਉਤਰ (ਗੁਰੂ ਕਿਰਪਾ ਨਾਲ) ਦੇ ਕੇ ਪਾਠਕਾਂ ਦੀ ਪ੍ਰਸੰਨਤਾ ਦਾ ਪਾਤਰ ਬਣਨਾ ਅਤੇ ਉਡੀਕ ਰਖਣੀ ਹੈ ਕਿ ਸੁਹਿਰਦ ਪਾਠਕਾਂ ਨੇ ਜੱਜ ਦੀ ਹੈਸੀਅਤ ਵਿਚ ਇਸ (ਪੰਥਕ ਮੁਕਦਮਾ) ਸਾਰੀ ਪੁਸਤਕ ਨੂੰ ਪੜਨਾ, ਵਿਚਾਰਨਾ ਤੇ ਸਚਿਆਰ ਬਣ ਕੇ ਫੈਸਲਾ ਦੇਣ ਦੀ ਕਿਰਪਾਲਤਾ ਕਰਨੀ ਹੈ।

ਲੇਖਕ—ਗਿਆਨੀ ਈਸ਼ਰ ਸਿੰਘ ਨਾਰਾ,
ਦਿੱਲੀ ਗੇਟ, ਦਿੱਲੀ।

# ਪੁਸਤਕ ਪੁਰਖ ਗੁਰੂ ਵਿਚੋਂ ਵੇਰਵਾ

ਉਕਤ ਪੁਸਤਕ ਦੇ ਸ਼ੁਰੂ ਵਿਚ ਤਤਕਰੇ ਹੇਠ ੧੬ ਸਿਰਲੇਖ (ਹੈਡਿੰਗ) ਅਤੇ ਹਰ ਇਕ ਸਿਰਲੇਖ ਦੇ ਸ਼ੁਰੂ ਦਾ ਸਫਾ ਦਸਿਆ — ਤੇ ਉਸ ਸਫੇ ਦੇ ਸਿਰਲੇਖ ਦੀ ਵਿਚਾਰ ਸ਼ੁਰੂ ਕਰਦਾ ਹੈ । ਉਹ ਸਿਰਲੇਖ ਨਿਰਣਾ ਇਹ ਹੈ :—


| | | | |
|---|---|---|---|
| ੧, | ਸ਼ੁਰੂ ਪੁਰਖ ਗੁਰੂ | ਸਫਾ | ੧ |
| ੨. | ਬਾਣੀ ਗੁਰੂ ਗੁਰੂ ਹੈ ਬਾਣੀ | ਸਫਾ | ੧੩ |
| ੩. | ਸ੍ਰੀ ਗ੍ਰੰਥ ਸਾਹਿਬ | ,, | ੪੮ |
| ੪. | ਗੁਰੂ ਗ੍ਰੰਥ ਜੀ ਮਾਨੀਉ ਪ੍ਰਗਟ ਗੁਰਾਂ ਕੀ ਦੇਹ | ,, | ੮੪ |
| ੫. | ਆਗਿਆ ਭਈ ਅਕਾਲ ਕੀ | ,, | ੯੨ |
| ੬. | ਸ੍ਰੀ ਗ੍ਰੰਥ ਸਾਹਿਬ ਨੂੰ ਗਦੀ ਕਿਹੜੀ ਤਾਰੀਖ਼ ਨੂੰ ਮਿਲੀ | ,, | ੯੪ |
| ੭. | ਪ੍ਰਾਚੀਨ ਇਤਿਹਾਸਕਾਂ ਪੁਰ ਉਡਦੀ ਨਜ਼ਰ | ,, | ੧੧੬ |
| ੮. | ਕੁਲ ਫੁਟਕਲ ਚਰਚਾ | ,, | ੨੧੩ |
| ੯. | ਗੁਰੂ ਅਤੇ ਸਿਖੀ ਦੀ ਪਰੰਪਰਾ | ,, | ੨੧੫ |
| ੧੦. | ਨਰ ਨਾਟਕ | ੨ | ੨੨੯ |
| ੧੧. | ਸ੍ਰੀ ਸਤਿਗੁਰੂ ਬਾਲਕ ਸਿੰਘ ਜੀ | ,, | ੨੫੭ |
| ੧੨. | ਬਾਰਵੀਂ ਪਾਤਸ਼ਾਹੀ ਸਤਿਗੁਰੂ ਰਾਮ ਸਿੰਘ ਜੀ | ,, | ੨੬੦ |
| ੧੩. | ਸ੍ਰੀ ਸਤਿਗੁਰੂ ਹਰੀ ਸਿੰਘ ਜੀ | ,, | ੨੭੧ |
| ੧੪. | ਸ੍ਰੀ ਮਾਤਾ ਜੀਵਨ ਕੌਰ ਜੀ | ,, | ੨੭੫ |
| ੧੫. | ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ | ,, | ੨੭੬ |
| ੧੬. | ਸਤਿਗੁਰੂ ਜਗਜੀਤ ਸਿੰਘ ਜੀ | ,, | ੨੭੮ |


ਲੇਖਕ ਮਿਹਰ ਸਿੰਘ ਉਕਤ ਤੱਤਕਰੇ ਦਾ ਵੇਰਵਾ ਦਸ ਕੇ ਫੇਰ—ਸ੍ਰੀ ਅਕਾਲ ਪੁਰਖ ਦਾ ਫਿਰ ਮਹਾਰਾਜ ਬੀਰ ਸਿੰਘ ਦਾ ਫੇਰ ਆਪਣੇ ਸਪੁਤਰ ਬਖਸ਼ੀਸ਼ ਸਿੰਘ ਦਾ ਅਤੇ ਸੁਪਤਨੀ ਪ੍ਰਕਾਸ਼ ਕੌਰ ਦਾ ਵੀ ਧੰਨਵਾਦ ਕਰਦਾ ਹੈ ਜਿਨ੍ਹਾਂ ਨੇ ਇਸ ਪੁਸਤਕ ਦੇ ਲਿਖਣ ਵਿਚ ਉਸ ਦੀ ਮੁਨਾਸਬ ਸਹਾਇਤਾ ਕੀਤੀ । ਅਖੀਰ ਨੂੰ ਪਿਆਰੇ ਪ੍ਰੀਤਮ ਸਿੰਘ ਕਵੀ ਦਾ ਵੀ ਉਸ ਨੇ ਰਸਮੀ ਰਵਾਜ ਮੁਤਾਬਕ ਧੰਨਵਾਦ ਕੀਤਾ ਕਿ ਪਰੂਫ ਰੀਡਿੰਗ ਵਿਚ ਉਸ ਨੇ ਸਹਾਇਤਾ ਕੀਤੀ ਹੈ ।

ਅਗੇ ਹੁਣ ਮੁਖਬੰਦ ਤੋਂ ਆਰੰਭ ਕੀਤਾ ਤੇ ਜਿਸ ਦਾ ਉਪਰੇਸ਼ਨ ਅਸੀਂ ਕਰਨਾ ਹੈ ।

# ਸਿਰਲੇਖ ਸਫਾ ੧ ਉਤੇ ਦਾ ਮੁਖ ਬੰਦ

ਇਹ ਮੁਖਬੰਦ ਵੀ ੭ ਸਫ਼ਿਆਂ ਵਿਚ ਬਹੁਤ ਲੰਬਾ ਚੌੜਾ ਵਿਸਥਾਰ ਨਾਲ ਤੇ ਪੁਸਤਕ 'ਪੁਰਖ ਗੁਰੂ' ਦੀ ਭਰਪੂਰ ਸ਼ਲਾਘਾ ਵਿਚ ਹੀ ਲਿਖਿਆ ਹੈ, ਤੇ ਲਿਖਣ ਵਾਲਾ ਮਾਸਟਰ ਨਿਹਾਲ ਸਿੰਘ ਨਾਮ ਦਾ ਹੈ, ਜੋ ਸਰਬ ਹਿੰਦ ਨਾਮਧਾਰੀ ਦਰਬਾਰ ਦਾ ਪ੍ਰਧਾਨ ਹੈ। ਇਹ ਭਲਾ ਕਿਉਂ ਨਾ ਐਸੀ ਪੁਸਤਕ ਦੀ ਤਾਰੀਫ ਵਿਚ ਇਤਨਾ ਕੁਝ ਲਿਖੇ ਜਦੋਂ ਕਿ ਛਾਪਣੀ ਹੀ ਨਾਮਧਾਰੀ ਦਰਬਾਰ ਨੇ ਸੀ ਅਤੇ ਵਾਹ-ਵਾਹ ਵੀ ਨਾਮਧਾਰੀ ਦਰਬਾਰ ਵਾਲਿਆਂ ਪਾਸੋਂ ਹੀ ਕਰਵਾਣੀ ਸੀ ?

ਭਾਈ ਗੁਰਦਾਸ ਜੀ ਦੇ ਇਕ ਕਬਿਤ ਦੀਆਂ ਇਹ ਦੋ ਪੰਗਤੀਆਂ ਇਥੇ ਢੁਕਦੀਆਂ ਹਨ :—

ਅਪਨੋ ਸੁਅੰਨ ਸਭ ਕਾਹੂ ਸੁੰਦਰ ਲਾਗੈ ਸੁਫਲ ਸੁੰਦਰਤਾ ਸੰਸਾਰ ਕੈ ਸਰਾਹੀਐ ॥
ਅਪਨੋ ਬਨਜ ਕਾਹੂ ਲਾਗਤ ਨ ਬੁਰੋਰਿਦੈ ਜਾਹਿ ਜਗ ਭਲੋ ਕਹੈ ਸੋਈ ਤੌ ਬਿਸਾਹੀਐ ॥

ਭਾਵ—ਅਪਨਾ ਪੁਤਰ ਭਾਵੇਂ ਕਿਹੋ ਜਿਹਾ ਹੋਵੇ ਸਾਰਿਆਂ ਨੂੰ ਚੰਗਾ ਲਗਦਾ ਹੈ ਪਰ ਚੰਗਾ ਉਹੀ ਹੁੰਦਾ ਕਿ ਜਿਸ ਨੂੰ ਸੰਸਾਰ ਦੇ ਦੂਜੇ ਲੋਕੀਂ ਵੀ ਸਲਾਹੁੰਦੇ ਹੋਣ।

ਫੇਰ ਆਪਣਾ ਵਣਜ ਬਿਉਪਾਰ ਸਭ ਨੂੰ ਚੰਗਾ ਲਗਦਾ, ਕੋਈ ਅਪਨੇ ਵਪਾਰ ਨੂੰ ਕਲਾਹੁੰਦਾ ਵੀ ਨਹੀਂ ਹੈ, ਪਰ ਵਪਾਰ ਉਸੇ ਦਾ ਸਲਾਹੁਣ ਯੋਗ, ਜਿਸ ਨੂੰ ਜਗਤ ਦੇ ਦੂਜੇ ਲੋਕੀਂ ਸਲਾਹੁਣ।

ਠੀਕ ! ਇਸੇ ਹੀ ਨਾਮਧਾਰੀ ਦਰਬਾਰ ਦੇ ਪ੍ਰਧਾਨ ਸਾਹਿਬ ਨੂੰ ਆਪਣੇ ਦਰਬਾਰ ਨਾਲ ਸੰਬੰਧਤ ਇਕ ਮੈਂਬਰ (ਮੇਹਰ ਸਿੰਘ) ਦੀ ਲਿਖਤ ਬਹੁਤ ਚੰਗੀ ਜਾਪੀ ਤੇ ਪ੍ਰੋੜਤਾ ਵਿਚ ਬਹੁਤ ਕੁਝ ਲਿਖਿਆ ਹੈ। ਜਿਸ ਦਾ ਉਤਰ ਦਿਆਂਗੇ ਤੇ ਫੈਸਲਾ ਪਾਠਕਾਂ ਨੇ ਦੇਣਾ ਹੈ ਕਿ "ਪੁਰਖ ਗੁਰੂ" ਪੁਸਤਕ ਕਿਤਨੀ ਕੁ ਸਲਾਹੁਣਯੋਗ ਹੈ।

ਸਫਾ ੬ ਪਰ ਉਹ ਲਿਖਦਾ ਹੈ :—

ਇਸ ਪੁਸਤਕ ਦੇ ਲੇਖਕ ਸੰਤ ਮਿਹਰ ਸਿੰਘ ਜੀ ਨੇ......ਆਪਣੇ ਲੇਖਾਂ ਵਿਚ ਸ਼ਬਦਾਵਲੀ ਵਿਚ ਅਸੁਖਾਵਾਂਪਣ ਨਹੀਂ ਆਉਣ ਦਿਤਾ। ਪਰਤੱਖ ਐਸੇ ਸਾਹਮਣੇ ਲਿਆਂਦੇ ਹਨ ਜਿਨ੍ਹਾਂ ਦਾ ਉਤਰ ਵਿਰੋਧੀ ਪੱਖ ਕੋਲ ਹੈ ਨਹੀਂ।"

ਮਾਸਟਰ ਜੀ ਨੇ ਇਹ ਫੈਸਲਾ ਆਪੇ ਹੀ ਕਰ ਲਿਆ ਹੈ— ਜਿਵੇਂ ਆਪੇ ਹੀ ਮੈਂ ਬੁੱਢ ਸੁਹਾਗਨ ਆਪੇ ਹੀ ਮੇਰੇ ਬਚੇ ਜੀਣ :—ਪਰ ਵਿਰੋਧੀ ਪੱਖ ਵਲੋਂ ਡਾਕਟਰ ਗੰਡਾ ਸਿੰਘ, ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਦਵਾਨ ਅਤੇ ਗੁਰੂ ਗ੍ਰੰਥ ਸਾਹਿਬ ਮਿਸ਼ਨ ਟਰਸਟ ਵਾਲੇ (ਜਿਨ੍ਹਾਂ ਵਲ ਇਸ਼ਾਰਾ ਹੈ) ਅਗਰ ਮੇਹਰ ਸਿੰਘ ਦੀਆਂ ਪੁੱਛਾਂ ਦਾ ਦਿਤਾ ਉਤਰ ਉਹਦੀ ਪੂਰੀ ਤਸੱਲੀ ਨਹੀਂ ਕਰਾ ਸਕੇ ਤਾਂ ਇਸਦਾ ਮਤਲਬ

ਇਹ ਨਹੀਂ ਹੈ ਕਿ ਕੋਈ ਉਤਰ ਹੈ ਹੀ ਨਹੀਂ ਤੇ ਲੇਖਕ ਮੋਹਰ ਸਿੰਘ ਨੇ ਬਾਜ਼ੀ ਜਿੱਤ ਲਈ ਹੈ।

ਉਕਤ ਵਿਦਵਾਨਾਂ ਨੇ ਤਾਂ ਹੋਰ ਕੋਈ ਸਿੱਖ ਵਿਰੋਧੀ ਇਤਿਹਾਸਕਾਰਾਂ ਦੀਆਂ ਅਯੋਗ ਲਿਖਤਾਂ ਦਾ ਢੁਕਵਾਂ ਉਤਰ ਦੇਣ ਵਿਚ ਹੀ ਉਮਰ ਦਾ ਬਹੁਤ ਹਿੱਸਾ ਖਰਚ ਕੀਤਾ ਹੈ। ਜਿਸਦੀ ਜਿਤਨੀ ਸ਼ਲਾਘਾ ਕਰੀਏ ਥੋੜੀ ਦਿਸਦੀ, ਪਰ ਜਿਨ੍ਹਾਂ ਗ੍ਰੰਥਾਂ ਤੇ ਪੁਸਤਕਾਂ ਦੇ ਹਵਾਲੇ ਨਾ ਲ ਸੰਤ ਮੋਹਰ ਸਿੰਘ ਦੀਆਂ ਪੁਛਾਂ ਦੇ ਉਤਰ ਦੇਣੇ ਸਨ ਉਹ ਤਾਂ ਸਿਖਾਂ ਦਾ ਘਰੋਗੀ ਸਵਾਲ ਸੀ। ਇਸ ਪਾਸੇ ਉਹਨਾਂ ਬਹੁਤਾ ਧਿਆਨ ਨਹੀਂ ਦਿੱਤਾ ਜਾਂ ਉਨ੍ਹਾਂ ਸਾਹਮਣੇ ਨਹੀਂ ਆਏ। ਜੇ ਆਏ ਤਾਂ ਉਹ ਗ੍ਰੰਥ ਪੜੇ ਦੀ ਵਿਹਲ ਨਹੀਂ ਮਿਲੀ ਹੋਣੀ। ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉੱਤਰ ਕੋਈ ਹੈ ਹੀ ਨਹੀਂ ਤੇ ਮੋਹਰ ਸਿੰਘ ਦਾ ਲਿਖਿਆ ਸਭ ਸੱਚ ਹੈ।

ਐਸਾ ਨਾ ਸਮਝਿਆ ਜਾਏ ਕਿਉਂਕਿ ਉਸਦੀਆਂ ਹੁਜੱਤਾਂ ਭਰੀਆਂ ਦਲੀਲਾਂ ਤੇ ਪੁੱਛਾਂ ਦੇ ਉਤਰ ਵੀ ਹੁਣ ਪੂਰੇ ਪੂਰੇ ਦਿਤੇ ਜਾਣਗੇ। ਪਰ ਮਾਸਟਰ ਨਿਹਾਲ ਸਿੰਘ ਲਿਖਦੇ ਹਨ ਕਿ ਇਸ ਨੇ ਆਪਣੀ ਸ਼ਬਦਾਵਲੀ ਵਿਚ ਅਸੁਖਾਵਾਂ ਪਣ ਨਹੀਂ ਆਉਣ ਦਿਤਾ। ਅਸੀਂ ਉਹ ਨਮੂਨਾ ਵੀ ਦਸਦੇ ਹਾਂ ਕਿ ਗੁਰਸਿਖ ਕਹਾਉਣ ਵਾਲੇ ਕਿਸੇ ਲਿਖਾਰੀ ਪਾਸੋਂ ਐਸੀ ਉਮੀਦ ਨਹੀਂ ਕੀਤੀ ਜਾ ਸਕਦੀ ਜੋ ਕੋਝੇ ਅਤੇ ਦਿਲ ਦੁਖਾਂਵੇ ਸ਼ਬਦ ਮੋਹਰ ਸਿੰਘ ਨੇ (ਗੁਰੂ ਅੰਗਦ ਦੇਵ ਜੀ ਵਲ ਇਸ਼ਾਰਾ ਹੈ) ਵਰਤੇ ਹਨ। ਜ਼ਿਕਰ ਇਸ ਤਰ੍ਹਾਂ ਦਾ ਹੈ ਜੋ ਸਫਾ ੯੬ ਪਰ ਲਿਖਿਆ ਹੈ।

"ਜਦ ਗੁਰੂ ਨਾਨਕ ਸਾਹਿਬ ਨੇ ਕਿਹਾ — ਮੁਰਦਾ ਖਾਉ ਤਾਂ ਅਕਲ ਵਾਲੇ ਪਿਛਾਂ ਹਟ ਗਏ, ਪਰ ਸ਼ਰਧਾ ਵਾਲਾ ਅਗੇ ਆਕੇ ਤਿਆਰ ਹੋ ਗਿਆ। ਜਦ ਉਨ੍ਹਾਂ ਕਿਹਾ ਕਿੱਕਰ ਤੇ ਚੜ ਕੇ ਮਠਿਆਈ ਉਤਾਰੋ, ਤਦ ਅਕਲ ਵਾਲਿਆਂ ਨੂੰ ਇਹ ਗੱਲ ਗਲਤ ਜਾਪੀ, ਪਰ ਸ਼ਰਧਾਲੂ ਲਹਿਣੇ ਨੇ ਉਪਰ ਚੜਕੇ ਝੂਟਾ ਮਾਰਿਆ ਤਾਂ ਮਠਿਆਈ ਡਿਗਣ ਲਗੀ।"

ਦੇਖੋ ! ਇਸ ਲੇਖਕ ਦੀ ਆਪਣੀ ਅਕਲ ! ਕਿ ਉਸ ਵੇਲੇ ਜਦੋਂ ਗੁਰੂ ਨਾਨਕ ਜੀ ਨੇ ਸਿਖੀ ਪਰਖੀ ਤਾਂ ਬਹੁਤੇ ਰਾਹ ਵਿਚ ਰੁਪੈ ਪੈਸੇ ਮੋਹਰਾਂ ਬਿਖਰੀਆਂ ਚੁਣ ਕੇ ਘਰਾਂ ਨੂੰ ਵਾਪਸ ਹੋਏ ਤੇ ਇਕ ਭਾਈ ਭਗੀਰਥ ਦੂਜੇ ਭਾਈ ਸਾਧਾਰਨ ਨਾਮ ਦਾ ਸੇਵਕ — ਤੀਜੇ ਭਾਈ ਬੁੱਢਾ ਸਾਹਿਤ ਤੇ ਚੌਥੇ ਲਹਿਣਾ ਜੀ ਨਾਲ ਸਨ। ਇਹ ਚਾਰੋਂ ਨਾ ਮੁੜੇ ਤਾਂ ਗੁਰੂ ਨਾਨਕ ਜੀ ਨੇ ਇਨ੍ਹਾਂ ਨੂੰ ਡੰਡੇ ਕੁੱਤਕੇ ਮਾਰੇ ਸਨ ਫਿਰ ਵੀ ਨਹੀਂ ਮੁੜੇ ਸਨ। ਇਕ ਮੁਰਦਾ ਢਕਿਆ ਪਿਆ ਦੇਖ ਕੇ ਖਾਣ ਨੂੰ ਆਖਿਆ। ਇਸ ਵੇਲੇ ਭਾਈ ਬੁਢਾ ਜੀ ਸਮੇਤ ਤਿੰਨਾਂ ਸਿਖਾਂ ਨੇ ਹੁਕਮ ਨਹੀਂ ਮੰਨਿਆ, ਵਾਪਸ ਹੋਏ ਤੇ ਇਕ ਬ੍ਰਿਛ ਦੀ ਓਟ ਵਿਚ ਉਹਲੇ ਖਲੋ ਕੇ ਦੇਖਦੇ ਰਹੇ ਸੀ। ਤਦ ਲਹਿਣਾ ਜੀ ਨੇ ਹੁਕਮ ਮੰਨ ਲਿਆ ਸੀ। ਚਾਦਰ ਚੁਕ ਕੇ ਖਾਣ ਨੂੰ ਤਿਆਰ ਹੋਏ, ਡਿੱਠਾ ਤਾਂ ਉਹ ਕੜਾਹ ਪ੍ਰਸ਼ਾਦ ਸੀ। ਜੋ ਗਰਮ ਸੀ ਤੇ ਇਨ੍ਹਾਂ ਨੇ ਲੋੜ ਮੁਤਾਬਕ ਛੱਕ ਲਿਆ ਸੀ। ਗੁਰੂ ਨਾਨਕ ਦੇਵ ਬਹੁਤ ਪ੍ਰਸੰਨ ਹੋਏ ਕਿ ਸੁਫਲ ਹੋਏ ਸੀ। ਲਹਿਣਾ ਜੀ ਨੂੰ ਆਪਣੀ ਪ੍ਰੀਖਿਆ ਵਿਚੋਂ ਪਾਸ ਹੋਇਆ ਤੇ ਸਭ ਤੋਂ ਸਿਆਣਾ (ਹੁਕਮੀ ਬੰਦਾ) ਅਕਲ ਵਾਲਾ

ਜਾਣਿਆ। ਗੱਲਵਕੜੀ ਪਾ ਘੁੱਟ ਕੇ ਛਾਤੀ ਨਾਲ ਲਾਇਆ ਤੇ ਫੁਰਮਾਇਆ ਸੀ — "ਅੱਜ ਤੋਂ ਤੂੰ ਮੇਰੇ ਅੰਗ ਨਾਲ ਲਗ ਕੇ ਅੰਗਦ ਹੋਇਆ ਹੈ।

ਇਹ ਸਮਰਥ ਗੁਰੂ ਦਾ ਅਸਚਰ ਕੌਤਕ ਸੀ। ਪਰ ਜਿਸ ਗੁਰੂ ਨਾਨਕ, ਅਤੇ ਗੁਰੂ ਅੰਗਦ ਸਾਹਿਬ ਦੀ ਗੁਰਗੱਦੀ ਦੇ ਵਾਰਸ ਨਾਮਧਾਰੀਆਂ ਬਾਬਿਆਂ ਨੂੰ ਸਾਬਤ ਕਰਨ ਦੀ ਕੋਸ਼ਸ਼ ਕਰਦੇ ਉਨ੍ਹਾਂ ਤਾਈਂ ਹੀ ਇਕ ਗੁਰੂ ਨਾਨਕ ਨੂੰ ਗਲਤ ਗਲਾਂ ਕਹਿਣ ਵਾਲਾ ਅਤੇ ਗੁਰੂ ਅੰਗਦ ਸਾਹਿਬ ਨੂੰ ਸਧਾਰਨ ਸਿਦਕੀ ਦਸਦੇ।

ਸ੍ਰੀ ਲਹਿਣਾ ਜੀ ਉਸ ਦਿਨ ਤੋਂ ਹੀ ਸ੍ਰੀ ਅੰਗਦ ਨਾਮ ਨਾਲ ਪ੍ਰਸਿੱਧ ਹੋਏ ਸੀ। ਜਿਨ੍ਹਾਂ ਵਲ ਇਸ਼ਾਰਾ ਕਰਦਾ ਮੇਹਰ ਸਿੰਘ ਲਿਖਦਾ ਕਿ ਅਕਲ ਵਾਲੇ ਕਿਨਾਰੇ ਹੋ ਗਏ ਤੇ ਸਾਧਾਰਨ ਲੋਕਾਂ (ਥੋੜੀ ਅਕਲ ਵਾਲੇ) ਐਸਾ ਹੁਕਮ ਮੰਨ ਲਿਆ ਸੀ। ਭਾਵ ਕਿ ਇਸ ਚਾਤਰ ਮੇਹਰ ਸਿੰਘ ਦੇ ਖਿਆਲ ਵਿਚ ਗੁਰੂ ਅੰਗਦ ਦੇਵ ਜੀ ਤੋਂ ਬਗੈਰ ਦੂਜੇ ਸਾਰੇ ਸਿਖ ਬਹੁਤ ਅਕਲ ਵਾਲੇ ਸਨ ਤੇ ਇਕੋ ਗੁਰੂ ਅੰਗਦ ਹੀ......ਸਨ ਜਿਨ੍ਹਾਂ ਨੇ ਗੁਰੂ ਜੀ ਦਾ ਐਸਾ ਕਿਹਾ ਮੰਨਿਆ।

ਲੇਖਕ ਮਿਹਰ ਸਿੰਘ ਵਲੋਂ ਇਹ ਬਹੁਤ ਸੁਖਾਵਾਂ ਸ਼ਬਦ ਸੀ ਜਿਸਦੀ ਮਾਸਟਰ ਨਿਹਾਲ ਸਿੰਘ ਸ਼ਲਾਘਾ ਕਰਦਾ ਹੈ। ਫੇਰ ਅਗੇ ਇਕ ਹੋਰ ਥਾਂਏ ਮੇਹਰ ਸਿੰਘ ਨੇ ਲਿਖਿਆ ਕਿ ਪੰਥ ਪ੍ਰਕਾਸ਼ ਵਿਚ "ਗ੍ਰੰਥ ਸਾਹਿਬ" ਦੀ ਥਾਂਇ ਜਿਨਾਂ ਨੇ "ਗੁਰੂ ਗ੍ਰੰਥ ਸਾਹਿਬ" ਐਸਾ ਲਿਖਿਆ ਜਾਂ ਲਿਖਾਇਆ ਹੈ ਕੁਕਰਮ ਕੀਤਾ ਹੈ। ਇਹੋ ਜਿਹੇ ਸੁਖਾਵੇਂ ਸ਼ਬਦ ਸਿਰਫ ਨਾਮਧਾਰੀ ਦਰਬਾਰੀਆਂ ਵਾਸਤੇ ਹਨ ਜਿਹੜੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਨਹੀਂ ਮੰਨਦੇ।

ਇਥੇ ਹੁਣ ਨਾਮਧਾਰੀ ਪਾਠਕ ਵੀ ਵਿਚਾਰ ਕਰਨ ਕਿ ਨਾਮਧਾਰੀ ਵੀ ਅਰਦਾਸਾ ਕਰਦੇ ਅਤੇ ਸ੍ਰੀ ਗੁਰੂ ਨਾਨਕ ਜੀ ਤੋਂ ਮਗਰੋਂ ਜਿਸ ਗੁਰੂ ਅੰਗਦ ਦੇਵ ਨੂੰ ਉਨ੍ਹਾਂ ਦਾ ਦੂਸਰਾ ਜੋਤਿ ਸਰੂਪ ਮੰਨਦੇ ਹਨ, ਉਨ੍ਹਾਂ ਬਾਬਤ ਅਤੇ ਗੁਰੂ ਗ੍ਰੰਥ ਜੀ ਬਾਬਤ ਮੇਹਰ ਸਿੰਘ ਵਲੋਂ ਵਰਤੇ ਸ਼ਬਦ ਕਿਤਨੇ ਸੁਖਾਂਵੇ ਹਨ ਤਾਂਤੇ ਉਕਤ ਮਾਸਟਰ ਨਿਹਾਲ ਸਿੰਘ (ਪ੍ਰਧਾਨ ਨਾਮਧਾਰੀ ਦਰਬਾਰ) ਵਲੋਂ ਮੁਖਬੰਦ ਵਿਚ ਸੰਤ ਮਿਹਰ ਸਿੰਘ ਬਾਬਤ ਕੀਤੀ ਅਪਾਰ ਸ਼ਲਾਘਾ ਨੂੰ ਇਵੇਂ ਹੀ ਸਮਝਣਾ ਚਾਹੀਏ ਕਿ ਇਕ ਨਾਮਧਾਰੀ ਸੰਤ ਨੇ ਪੁਸਤਕ ਲਿਖੀ ਤੇ ਦੂਜੇ ਨਾਮਧਾਰੀ ਪ੍ਰਧਾਨ ਨੇ ਮੁਖਬੰਦ ਵਿਚ ਉਸਦੀ ਸ਼ਲਾਘਾ ਵਿਚ ਕਲਾਵੇ ਹੀ ਮੇਲੇ ਤੇ ਪੁਸਤਕ ਨੂੰ ਛਾਪਿਆ ਹੈ। ਸਵਾਦ ਤਦ ਸੀ ਕਿ ਕਿਸੇ ਨਿਰਪੱਖ ਨੇ ਮੁੱਖਬੰਦ ਲਿਖਿਆ ਹੁੰਦਾ।

ਮੁਖਬੰਦ ਦਾ ਲੇਖਕ (ਮਾਸਟਰ ਨਿਹਾਲ ਸਿੰਘ) ਵੀ ਗੁਰੂ ਗੋਬਿੰਦ ਸਿੰਘ ਜੀ ਦਾ ਨਾਂਦੇੜ ਵਿਚ ਜੋਤੀ ਜੋਤ ਸਮਾਣਾ ਨਹੀਂ ਮੰਨਦਾ ਤੇ ਉਥੋਂ ਲੋਪ ਹੋ ਕੇ ੯੦ ਸਾਲ ਮਗਰੋਂ ਇਕ ਜੰਗ ਵਿਚ ਸਿੰਘਾਂ ਨੂੰ ਦਰਸ਼ਨ ਦਿਤੇ ਸਨ — ਲਿਖਦਾ ਹੈ। ਇਸ ਜ਼ਿਕਰ ਨੂੰ ਉਹ ਕਿਸੇ ਇਤਿਹਾਸ ਦੀ ਲਿਖਤ ਦਾ ਉਦਾਹਰਣ ਦਿੰਦਾ ਹੈ, ਪਰ ਨਾ ਹੀ ਉਸ ਇਤਿਹਾਸ ਦਾ ਨਾਮ ਤੇ ਸਫਾ ਦਸਦਾ ਹੈ ਨਾ ਉਸ ਦੇ ਲਿਖਾਰੀ ਦਾ ਨਾਮ ਦਸਦਾ ਹੈ ਕਿ ਪੁਛਿਆ ਜਾਏ ਜੋ ਕਿਹੜੇ ਜੰਗ ਵਿਚ ਕਿਸ ਵੇਲੇ ਤੇ ਕਿਥੇ ਗੁਰੂ ਜੀ ਨੇ ਦਰਸ਼ਨ ਦਿਤੇ ਅਤੇ ਸਹਾਇਤਾ ਕੀਤੀ ਸੀ ? ਇਸ ਮਨਘੜਤ ਉਦਾਹਰਣ ਨਾਲ ਉਹ ਪਾਠਕਾਂ

ਨੂੰ ਨਿਸਚਾ ਕਰਾਉਣਾ ਚਾਹੁੰਦਾ ਹੈ ਕਿ ਠੀਕ ਹੀ ਸੰਮਤ ੧੭੬੫ ਵਿਚ ਗੁਰ ਗੋਬਿੰਦ ਸਿੰਘ ਸਾਹਿਬ ਨਾਂਦੇੜ ਤੋਂ ਰਾਤ ਨੂੰ ਉਹਲੇ ਨਿਕਲੇ ਫਿਰ ੯੦ ਸਾਲ ਬਾਅਦ ਸੰਮਤ ੧੮੫੫ ਤੀਕ—(ਜਦੋਂ ਕਿ ਉਹ ਇਸ ਵੇਲੇ ਪੂਰੇ ੧੩੨ ਸਾਲਾਂ ਦੇ ਹੋਣੇ ਚਾਹੀਏ) ਸੰਸਾਰ ਵਿਚ ਦੇਹ ਕਰਕੇ (ਸ੍ਰੀਰਧਾਰੀ) ਮੌਜੂਦ ਸਨ। ਲੇਖਕ ਮਾਸਟਰ ਨਿਹਾਲ ਸਿੰਘ ਨੇ ਕਿਤਨੀ ਅਨਹੋਣੀ ਨੂੰ ਹੋਣੀ ਕਰਕੇ ਦਸਣ ਦੀ ਦਲੇਰੀ ਕੀਤੀ ਹੈ। ਤੇ ਇਸ ਕਹਾਵਤ ਅਨੁਸਾਰ ਮਿਹਰ ਸਿੰਘ ਦੀ ਤਾਰੀਫ ਵਿਚ ਲਿਖਿਆ ਕਿ **ਤੂੰ ਮਰਾ ਹਾਜ਼ੀ ਬਗੋ! ਮਨਤੁਰਾ ਹਾਜ਼ੀ ਬਗੋਇਮ!**

ਅਸੀਂ ਇਹ ਤਾਂ ਮੰਨ ਸਕਦੇ ਹਾਂ ਕਿ ਗੁਰੂ ਗੋਬਿੰਦ ਸਿੰਘ, ਜੋ ਆਪ ਸ੍ਰੀ ਅਨੰਦਪੁਰ ਬਿਰਾਜਮਾਨ ਸਨ—ਪਰ ੪੦ ਕੋਹਾਂ (੬੦ ਮੀਲਾਂ) ਦੀ ਵਿੱਥ ਉਤੇ ਆਪਣੀ ਅੰਤਰ ਆਤਮਾ ਨਾਲ ਭਾਈ ਜੋਗਾ ਸਿੰਘ ਨੂੰ ਵੇਸਵਾ ਦਵਾਰੇ ਜਾਂਦਾ ਵੇਖਦੇ ਅਤੇ ਪਤਾ ਨਹੀਂ ਕਿਵੇਂ ਉਹ ਉਡਕੇ ਹੁਸ਼ਿਆਰਪੁਰ ਅਪੜੇ ਤੇ ਉਸ ਪਿਆਰੇ ਸਿਖ ਨੂੰ ਨਰਕ ਕੁੰਡ ਤੋਂ ਬਚਾ ਸਕਦੇ ਸਨ। ਉਨ੍ਹਾਂ ਨੇ "ਸਭ ਥਾਇ ਹੋਇ ਸਹਾਇ" ਹੋਣ ਦਾ ਸਿਖਾਂ ਨੂੰ ਭਰੋਸਾ ਦਿਤਾ ਸੀ, ਕਿਸੇ ਜੰਗ ਵਿਚ ਸਿਖਾਂ ਦੀ ਬਾਹੁੜੀ ਨੂੰ ਦਰਸ਼ਨ ਦਿਤੇ ਹੋਣਗੇ।

ਉਹ ਹੁਣ ਵੀ ੬੦ ਸਾਲ ਪਹਿਲੇ ਸਮੇਂ ਅਕਾਲੀ ਤਹਿਰੀਕ ਵੇਲੇ ਜਦੋਂ ਸਿੱਖਾਂ ਨੂੰ ਕੁਟਦੇ ਸੀ—ਗੁਰੂ ਕੇ ਬਾਗ ਦੇ ਮੋਰਚੇ ਵਿਚ ਆਪਣੇ ਚਿਟੇ ਬਾਜ ਨੂੰ ਭੇਜ ਕੇ ਭਰੋਸਾ ਬੰਧਾਦੇ ਰਹੇ ਸੀ। ਉਹ ਸਰਬਵਿਆਪੀ ਹਨ ਤੇ ਕਈ ਮਿਸਾਲਾਂ ਮੇਰੇ ਪਾਸ ਹਨ ਕਿ ਉਹ ਭਾਗਾਂ ਵਾਲਿਆਂ ਨੂੰ ਦਰਸ਼ਨ ਦਿੰਦੇ ਰਹਿੰਦੇ ਹਨ. ਪਰ ਇਹ ਨਹੀਂ ਮੰਨਿਆ ਜਾ ਸਕਦਾ ਕਿ ਉਹ ਬਹਾਦਰ ਸ਼ਾਹੀ (ਮੁਗਲ ਰਾਜ਼) ਵੇਲੇ ਨਾਂਦੇੜ ਤੋਂ ਛੁਪ ਕੇ ਨਿਕਲੇ ਅਤੇ ੯੦ ਸਾਲ ਜਾਨ ਬਚਾਕੇ ਉਹਲੇ ਫਿਰਦੇ ਰਹੇ ਸਨ ਜਾਂ ਹੋਰ ਕਿਹੜੇ ਕਾਰਨ ਗੁਪਤ ਵਰਤਦੇ ਰਹੇ ?

ਗੁਰੂ ਜੀ ਤਾਂ ਉਸ ਵੇਲੇ ਸਖਤ ਜ਼ਖਮੀ ਸਨ ਜਦੋਂ ਸਖਤ ਕਮਾਨ ਦਾ ਚਿੱਲ੍ਹਾ ਚੜਾਕੇ ਤੀਰ ਛਡਿਆ ਸੀ ਪਹਿਲੇ ਨਾਲੋਂ ਵੀ (ਅੱਲ੍ਹਾ ਜਖਮ ਸੀ) ਵਧੇਰੇ ਫੱਟ ਗਿਆ ਸੀ। ਤਵਾਰੀਖੀ ਜ਼ਿਕਰ ਹੈ ਜੇ ਉਹ ਸਣਦੇਹੀ ਨਿਕਲ ਗਏ ਤਾਂ ਇਲਾਜ ਕਿਥੋਂ ਕਰਾਇਆ ਨੇ। ਉਹ ਰਾਜੀ ਖੁਸ਼ੀ ਅਰੋਗ ਹੋਕੇ ੯੦ ਸਾਲ ਤੀਕ ਕਿਉਂ ਉਹਲੇ ਫਿਰਦੇ ਰਹੇ ? ਗੁਰੂ ਜੀ ਦੇ ਨਾਂਦੇੜ ਵਿਚ ਭਾਣਾ ਵਰਤਾਏ ਵੇਲੇ ੪੨ ਸਾਲ ਦੀ ਉਮਰ ਸੀ। ਕੀ ਉਹ ਆਂਧਰਾ ਪ੍ਰਦੇਸ਼ (ਹੈਦਰਾਬਾਦ ਦੇ ਪਹਾੜਾਂ ਵਿਚ) ਫਿਰਦੇ ਰਹੇ ਕਿ ਵਿਹਾਰ ਵਿਚ ਰਹੇ ਸੀ, ਪੰਜਾਬ ਵਿਚ ਹੀ ਸਿੱਖਾਂ ਨਾਲ ਜਦੋਂ ਮੁਗਲ ਫੌਜਾਂ ਦੇ ਜੰਗ ਹੋਏ ਸੀ ਕੀ ਉਹ ਪੰਜਾਬ ਵਿਚ ਨਾਲੋਂ ਨਾਲ ਹੀ ਸ਼ਾਮਲ ਰਹੇ, ਤਾਂ ਕਿਸੇ ਵੀ ਸਿਖ ਨੇ ਉਹਨਾਂ ਨੂੰ ਪਹਿਚਾਨਿਆ ਨਹੀਂ ?

ਕੀ ਉਹਨਾ (ਦਰਦ ਦਿਲ ਰਖਣ ਵਾਲਿਆਂ) ਨੂੰ ਇਹ ਪਤਾ ਨਹੀਂ ਸੀ ਕਿ ਉਹਨਾਂ ਦੀਆਂ ਦੋ ਧਰਮ ਪਤਨੀਆਂ (ਮਾਤਾ ਸੁੰਦਰੀ ਤੇ ਸਾਹਿਬ ਕੌਰ ਜੀ) ਇਨ੍ਹਾਂ ਦਾ ਜੋਤੀ ਜੋਤ ਸਮਾਣਾ ਸੁਣ ਕੇ ਵਿਲਕਦੀਆਂ ਹੋਣਗੀਆਂ, ਆਕੇ ਇਨ੍ਹਾਂ ਪਾਸ ਰਹਿਣਾ ਜ਼ਰੂਰੀ ਸੀ ਕਿ ਉਹਲੇ ਉਹਲੇ ਡਰਦੇ ਹੋਏ ਫਿਰਦੇ ਰਹੇ ਸੀ ? ਮੇਹਰ ਸਿੰਘ ਤੇ ਮਾਸਟਰ ਪਾਸ ਜਵਾਬ ਨਹੀਂ ਹੈ। ਫੇਰ ਸੰਮਤ ੧੮੫੩ ਵਿਚ ਕਾਬਲ ਤੋਂ ਸ਼ਾਹ ਜ਼ਮਾਨ ਭਾਰੀ

ਫੌਜ ਲੈ ਕੇ ਪੰਜਾਬ ਵਿਚ ਮਿਸਲਾਂ ਦੇ ਰੂਪ ਵਿਚ ਸਿੰਘਾਂ ਦੀ ਵਧਦੀ ਤਾਕਤ ਨੂੰ ਖਤਮ ਕਰਨ ਵਾਸਤੇ ਆਇਆ ਸੀ। ਸਿੰਘਾਂ ਦੀਆਂ ਛਾਪੇਮਾਰ ਤਬਾਹੀਆਂ ਤੋਂ ਤੰਗ ਆ ਕੇ ਉਹ ਆਪ ਤਾਂ ਵਾਪਸ ਚਲਾ ਗਿਆ ਸੀ ਪਰ ਆਪਣੀ ਥਾਂ ਉਹ ਆਪਣੇ ਜਰਨੈਲ ਸ਼ਹਾਂਨਚੀ ਖਾਨ ਨੂੰ ਛੱਡ ਗਿਆ ਸੀ। ਜਿਸ ਨੂੰ ਕਈ ਵੇਰ ਸਿੰਘਾਂ ਨਾਲ ਲੜਨਾ ਪਿਆ ਸੀ ਪਰ ਅਖੀਰ ਨੂੰ ਉਹ ਸੰਮਤ ੧੮੫੫ ਵਿਚ ਗੁਜਰਾਤ ਨੇੜੇ ਸਿੰਘਾਂ ਹਥੋਂ ਮਾਰਿਆ ਗਿਆ ਸੀ ਜਿਥੇ ਕਿ ਹੁਣ ਤੀਕ ਗੁਜਰਾਤ ਨੇੜੇ ਹੀ ਉਸ ਦੀ ਕਬਰ ਵੀ ਮੌਜੂਦ ਹੈ। ਤਵਾਰੀਖੀ ਜ਼ਿਕਰ ਹੈ ਤੇ ਲਹੌਰ ਉਤੇ ਭੰਗੀ ਮਿਸਲ ਦੇ ਸਰਦਾਰ ਸਾਹਿਬ ਸਿੰਘ ਕਾਬਜ ਹੋ ਚੁਕੇ ਸਨ। ਪਰ ਲਾਹੌਰ ਦੇ ਕੁਝ ਮੁਖੀਆਂ ਪੈਂਚਾਂ ਨੇ ਗੁਜਰਾਂਵਾਲੇ ਜਾ ਕੇ ਸਰਦਾਰ ਰਣਜੀਤ ਸਿੰਘ ਨਾਲ ਗੰਢ ਤੁਪ ਕੀਤੀ ਤੇ ਨਾਲ ਲਿਆ ਕੇ ਲਾਹੌਰ ਉਤੇ ੧੫ ਹਾੜ ਸੰਮਤ ੧੮੫੬ ਵਿਚ ਉਸਦਾ ਮੁਕੰਮਲ ਕਬਜ਼ਾ ਕਰਾ ਦਿਤਾ ਸੀ।

ਇਸ ਵੇਲੇ ਅਗਰ (ਮਾਸਟਰ ਨਿਹਾਲ ਸਿੰਘ ਤੇ ਮੋਹਰ ਦੀ ਲਿਖਤ ਮੁਤਾਬਕ) ਗੁਰੂ ਗੋਬਿੰਦ ਸਿੰਘ ਸਰੀਰਧਾਰੀ ਨਾਂਦੇੜ ਤੋਂ ਗੁਪਤ ਨਿਕਲੇ ਹੁੰਦੇ ਤਾਂ ੧੩੩ ਸਾਲਾਂ ਦੇ ਬਹੁਤ ਬਿਰਧ ਹੋਦਿਆਂ ਵੀ ਪ੍ਰਗਟ ਹੁੰਦੇ ਅਤੇ ਨਵੀਆਂ ਸਿੱਖ ਸੰਤਾਨਾਂ ਨੂੰ ਆਪਣੀਆਂ ਕੁਝ ਨਿਸ਼ਾਨੀਆਂ ਦਸ ਕੇ ਜਿਵੇਂ ਨਾਂਦੇੜ ਦਸੀਆਂ ਸੀ, ਉਸ ਸਮੇਂ ਦੇ ਖਾਲਸਾ ਪੰਥ ਨੂੰ ਯਕੀਨ ਕਰਾਂਦੇ ਕਿ ਅਸੀਂ ਗੁਰੂ ਗੋਬਿੰਦ ਸਿੰਘ ਹਾਂ ਤੇ ਇਨ੍ਹਾਂ ਕਾਰਨਾਂ ਕਰਕੇ ਸਾਨੂੰ ਉਹਲੇ ਰਹਿਣਾ ਜ਼ਰੂਰੀ ਸੀ ਤਦ ਖਾਲਸਾ ਪੰਥ ਅਤੇ ਰਾਜ ਦਰਬਾਰ ਨੂੰ ਕਿਤਨੀ ਖੁਸ਼ੀ ਹੁੰਦੀ ਕਿ ਆਪਣੇ ਹਥੀਂ ਉਹ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਸ਼ਾਹੀ ਤਖਤ ਤੇ ਬਿਠਾਂਦੇ ਤੇ ਹਥੀਂ ਕੇਸਰ ਦਾ ਤਿਲਕ ਲਗਾਂਦੇ ਕਿਉਂਕਿ ਉਨ੍ਹਾਂ ਦੇ ਆਪਣੇ ਹੀ ਵਰਦਾਨ ਸੁਫਲ ਹੋਏ ਸਨ। ਰੰਕਨ ਸਿਉ ਮੈਂ ਰਾਜ ਕਰਾਉਂ। ਤਬੈ ਗੋਬਿੰਦ ਸਿੰਘ ਨਾਮ ਕਹਾਉਂ।

ਹੁਣ ਪਾਠਕ ਹੀ ਵਿਚਾਰ ਕਰਨ ਕਿ ਗੁਰੂ ਗੋਬਿੰਦ ਸਿੰਘ ਅਗਰ ਨੰਦੇੜ ਵਿਚ ਜੋਤੀ ਜੋਤ ਨਾ ਸਮਾਏ ਹੁੰਦੇ ਤਾਂ ਉਥੋਂ ਨਿਕਲ ਕੇ ੯੦ ਸਾਲ ਤੀਕ ਫਿਰ ਕਿੱਥੇ ਰਹੇ? ਅਗਰ ੯੦ ਸਾਲ ਬਾਹਦ ਸਿਰਫ ਬਾਲਕ ਸਿੰਘ ਜੀ ਨੂੰਗੁਰਗੱਦੀ ਦੇਣ ਨੂੰ ਹੀ ਪ੍ਰਗਟ ਹੋਣਾ ਸੀ ਤਾਂ ਸਿਖ ਰਾਜ ਵਿਚ ਪ੍ਰਗਟ ਹੋ ਕੇ ਲੋਕਾਂ ਨੂੰ ਇਹ ਵੀ ਹੁਕਮ ਸੁਨਾਣਾ ਜ਼ਰੂਰੀ ਸੀ ਕਿ ਸਾਡੇ ਪਿਛੋਂ ੧੧ ਵੀਂ ਪਾਤਸ਼ਾਹੀ ਇਹੋ ਬਾਬਾ ਬਾਲਕ ਸਿੰਘ ਅਤੇ ਫੇਰ ਅਸੀਂ (ਅਜੇ ਹੋਰ ਜਨਮ ਧਾਣਾ ਹੈ) ਬਾਹਰਵੀਂ ਥਾਂ ਬਾਬਾ ਰਾਮ ਸਿੰਘ ਰੂਪ ਵਿਚ ਪ੍ਰਗਟ ਹੋਵਾਂਗੇ। ਤਦ ਇਹ ਸਾਰੇ ਲੰਬੇਲੇ ਹੀ ਨਾ ਪੈਂਦੇ।

ਕੀ ਇਸ ਵੇਲੇ ੯੦ ਸਾਲਾਂ ਤੀਕ ਸਾਰੇ ਸਿਖ ਫਿਰ ਨਿਗੁਰੇ ਰਹੇ? ਜੇਕਰ ਗੁਰੂ ਜੀ ਦੇ ਹੁਕਮ ਅਨੁਸਾਰ ਉਹ ਸਿਖ; ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਛਕਦੇ ਅਤੇ ਨਾਮ ਮੰਤਰ ਉਪਦੇਸ਼ ਸੁਣਦੇ, ਤੇ ਗੁਰੂ ਗ੍ਰੰਥ ਜੀ ਨੂੰ ਗੁਰੂ ਮੰਨਦੇ ਰਹੇ ਸੀ ਤਾਂ ਕੀ ਅਜੇ ਤਕ ਇਹ ਨਿਗੁਰੇ ਦਿਸੇ ਸੀ? ਕੀ ਫਿਰ ਇਨ੍ਹਾਂ ਉਤੇ ਤਰਸ ਕੀਤਾ ਤੇ ਸ੍ਰੀ ਬਾਲਕ ਸਿੰਘ ਜੀ ਨੂੰ ਇਨ੍ਹਾਂ ਦੀ ਮੁਕਤੀ ਕਰਨ ਵਾਸਤੇ ਦਰਸ਼ਨ ਦੇ ਕੇ ੧੧ ਵਾਂ ਗੁਰੂ ਬਣਾਇਆ ਸੀ? ਇਹ ਗੱਲ ਵੀ ਸ੍ਰੀ ਬਾਲਕ ਸਿੰਘ ਜੀ ਖੁਦ ਦਸੀ ਹੋਣੀ ਹੈ ਹੋਰ ਤਾਂ ਕਿਸੇ ਸਮਕਾਲੀ ਦੀ ਜ਼ਬਾਨੀ ਜਾਂ ਲਿਖਤੀ ਕੋਈ ਗਵਾਹੀ ਨਹੀਂ ਹੈ। ਜੋ ਸਿਰਫ ਨਾਮਧਾਰੀ ਸਿੰਘਾਂ ਦੇ ਹੀ

ਮੰਨਣਜੋਗ ਹੈ। (ਜੋ ਸਫ਼ਾ ੯ ਪਰ ਲਿਖਦੇ ਕਿ—ਪੁਰੱਖ ਗੁਰੂ ਦੇਹਧਾਰੀ ਨੂੰ ਜਿਹੜੇ ਨਹੀਂ ਮੰਨਦੇ ਉਹ ਮਨਮੁਖ ਤੇ ਗਧੇ ਤੋਂ ਵਧ ਮੂਰਖ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਥ ਦਾ ਜਥੇਦਾਰ ਬਣਾ ਕੇ ਪੰਜਾਬ ਵਿਚ ਭੇਜਿਆ, ਤਦ ਬਾਬਾ ਬਿਨੋਦ ਸਿੰਘ ਭੱਲਾ ਜੈਸੇ ਪ੍ਰਮੁਖ ਸਿਖਾਂ ਦਾ ਜਥਾ ਨਾਲ ਇਸ ਵਾਸਤੇ ਤੋਰਿਆ ਸੀ ਕਿ ਇਹਨਾਂ ਜਾਣ ਪਛਾਣ ਵਾਲਿਆਂ ਨੇ ਪੰਜਾਬ ਦੇ ਸਿਖਾਂ ਨੂੰ ਯਕੀਨ ਕਰਾਣਾ ਸੀ ਕਿ ਇਸ ਨੂੰ ਗੁਰੂ ਜੀ ਨੇ ਪੰਥ ਦਾ ਜਥੇਦਾਰ ਬਣਾ ਕੇ ਤੋਰਿਆ ਹੈ ਤੇ ਅਸੀਂ ਤੁਸੀਂ ਸਾਰਿਆਂ ਨੇ ਇਸ ਦੀ ਤਾਬਿਆਦਾਰੀ ਵਿਚ ਰਹਿਣਾ ਹੈ। ਤਦੇ ਪੰਜਾਬਵਾਸੀ ਖਾਲਸਾ ਪੰਥ ਨੇ ਬਾਬਾ ਬਿਨੋਦ ਸਿੰਘ ਆਦਿਕ ਪ੍ਰਮੁਖਾਂ ਦੀ ਜ਼ਬਾਨੀ ਗੁਰੂ ਹੁਕਮ ਨੂੰ ਸੁਣਿਆ, ਮੰਨਿਆ ਤੇ ਬੰਦਾ ਬਹਾਦਰ ਜੀ ਦੀ ਤਾਬਿਆਦਾਰੀ ਵਿਚ ਲੜਾਈਆਂ ਲੜੀਆਂ ਸਨ। ਤਾਂ ਇਸ ਵੇਲੇ ਵੀ ਗੁਰੂ ਜੀ ਅਗਰ ਮੌਜੂਦ ਹੁੰਦੇ ਅਤੇ ਬਾਲਕ ਸਿੰਘ ਨੂੰ ਖਾਲਸਾ ਪੰਥ ਦਾ ਗਿਆਰਵਾਂ ਗੁਰੂ ਬਣਾਂਦੇ ਤਾਂ ਹੋਰ ਕਿਸੇ ਮੁਹਤਬਰ ਪ੍ਰਮੁਖ ਸਿੱਖ ਸਰਦਾਰ ਰਾਹੀਂ ਪੰਥ ਨੂੰ ਯਕੀਨ ਕਰਾਂਦੇ ਕਿ ਅਗੇ ਵਾਸਤੇ ਸਿਖ ਪੰਥ ਦੇ ਦੇ ੧੧ ਵੇਂ ਸਤਿਗੁਰੂ ਬਾਬਾ ਬਾਲਕ ਸਿੰਘ ਹੋਣਗੇ ਇਨ੍ਹਾਂ ਨੂੰ ਹੀ ਗੁਰੂ ਮੰਨਿਆ ਜਾਏ।

ਪਰ ਨਾਂ ਐਸਾ ਹੋਇਆ ਸੀ ਨਾ ਹੋਣਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੇ ਹੁਕਮ ਨਾਲ ਸਾਜੇ ਖਾਲਸਾ ਪੰਥ ਨੂੰ ਅਕਾਲ ਪੁਰਖ ਤੇ ਭਰੋਸਾ ਰਖਣਾ ਅਤੇ ਗੁਰੂ ਗਰੰਥ ਜੀ ਗੁਰੂ ਮੰਨਣਾ ਤੇ ਗੁਰਬਾਣੀ ਅਨੁਸਾਰ ਜੀਵਨ ਬਿਤਾਣਾ ਸਿਖਾਇਆ ਸੀ। ਇਹ ਤਾਂ ਉਕਤ ਸਾਖੀ (ਬਾਬਾ ਬਾਲਕ ਸਿੰਘ ਨੂੰ ਦਰਸ਼ਨ ਦੇਣ ਦੀ) ਨਿਰਮੂਲ ਹੈ ਤੇ ਅਗਲੇ ਪੰਨਿਆਂ ਪਰ ਇਸ ਤੇ ਹੋਰ ਵਧੇਰੇ ਵਿਚਾਰ ਪੇਸ਼ ਕਰਾਂਗੇ। ਜਿਥੇ ਕਿ ਮੇਹਰ ਸਿੰਘ ਨੇ ਇਸ ਸਾਖੀ ਨੂੰ ਆਪਣੀ ਲਿਖਤ ਦੀ ਪ੍ਰੋੜਤਾ ਦਾ ਆਧਾਰ ਬਣਾਇਆ ਅਤੇ ਦੇਹਧਾਰੀ ਗੁਰੂ ਦੀ ਲੋੜ ਤੇ ਜ਼ੋਰ ਲਾਇਆ ਹੈ।

ਦੋਹਾਂ ਲੇਖਕਾਂ ਨੇ ਉਕਤ ਨਿਰਮੂਲ ਸਾਖੀ ਦਾ ਕੋਲੋਂ ਹੀ ਇਤਿਹਾਸਕ ਉਦਾਹਰਣ ਦਸ ਕੇ ਬਾਬਾ ਬਾਲਕ ਸਿੰਘ ਨੂੰ ਗੁਰੂ ਜੀ ਦਾ ਮੇਲ ਕਰਾ ਕੇ ਗੁਰਗੱਦੀ ਦਿਲਾਣਾ ਤੇ ਭੋਲੀ ਭਾਲੀ ਰਾਮਗੜ੍ਹੀਆ ਬਰਾਦਰੀ ਵਿਚ ਇਨ੍ਹਾਂ ਪਿਛੋਂ ਉਨ੍ਹਾਂ ਬਾਬਾ ਰਾਮ ਸਿੰਘ ਨੂੰ ੧੨ ਵਾਂ ਸਤਿਗੁਰੂ ਤੇ ਉਹ ਵੀ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਪ੍ਰਗਟਾਉਣਾ ਸੀ, ਬੱਸ! ਇਹੋ ਮਨੋਰਥ ਸੀ ਕਿ ਇਸ ਢੰਗ ਨਾਲ ਬਾਬਾ ਰਾਮ ਸਿੰਘ ਨੂੰ ਗੁਰੂ ਘਰ ਦੀ ਇਸ ਗੱਦੀ ਦਾ ਸਹੀ ਵਾਰਸ ਤੇ ਮਾਲਕ ਸਾਬਤ ਕੀਤਾ ਜਾਏ। ਪਰ ਐਸਾ ਤਦੇ ਹੋ ਸਕਦਾ ਸੀ ਜੇ ਗੁਰੂ ਗਰੰਥ ਜੀ ਦੀ ਗੁਰਆਈ ਨੂੰ ਸ਼ਕੀ ਬਣਾਇਆ ਜਾਏ।

ਮਾਸਟਰ ਨਿਹਾਲ ਸਿੰਘ ਨੇ ਆਪਣੇ ਮੁਖਬੰਦ ਵਿਚ ਗਿਆਨੀ ਗਿਆਨ ਸਿੰਘ ਦੇ ਲਿਖੇ ਪਹਿਲੇ ਪੰਥ ਪ੍ਰਕਾਸ਼ ਦੇ ਹਵਾਲੇ ਨਾਲ ਇਹ ਵੀ ਦਸਿਆ ਕਿ ਨਾਮਧਾਰੀ ਸਿੰਘਾਂ ਸਤਿਗੁਰੂ ਰਾਮ ਸਿੰਘ ਨੂੰ ਪੂਰਨ ਗੁਰ ਅਵਤਾਰ ਬਾਹਰਵਾਂ ਸਰੂਪ ਮੰਨਿਆ ਸੀ ਤੇ ਜੋ ਕੁਝ ਉਹ ਕਹਿੰਦੇ ਸਨ ਉਹ ਕੁਝ ਸਾਰੇ ਮੰਨਦੇ ਸੀ। ਇਹਦਾ ਉਤਰ ਇਹ ਹੈ ਕਿ ਗਿਆਨੀ ਗਿਆਨ ਸਿੰਘ ਉਸ ਸਮੇਂ ਦਾ ਲਿਖਾਰੀ ਸੀ ਜਿਸ ਵੇਲੇ ਸਿਖ ਪੰਥ ਵਿਚ ਸ਼ਾਇਦ ਕਵੀ ਸੰਤੋਖ ਸਿੰਘ ਤੋਂ ਬਾਹਦ ਉਹ ਪਹਿਲਾ ਨਿਰਮਲਾ ਸੰਤ ਲਿਖਾਰੀ ਸੀ ਜੋ ਮਿਹਰ ਸਿੰਘ ਵਲੋਂ "ਪੁਰਖ ਗੁਰੂ" ਵਿਚ ਲਿਖੇ ਅਨੁਸਾਰ ਉਨ੍ਹਾਂ ਪਾਸ ਕਥਾ ਕਰਦਾ ਤੇ ਆਦਰ ਪਾਂਦਾ

ਰਿਹਾ ਸੀ—ਜੋ ਦੇਖਿਆ ਜਾਂ ਸੁਣਿਆ ਸੀ ਲਿਖ ਦਿਤਾ ਸੀ। ਪਰ ਨਾਮਧਾਰੀਆਂ ਦੇ ਨਿਸਚੇ ਨਾਲ ਕੋਈ ਸਾਰੀ ਸਿਖ ਕੌਮ ਸਹਿਮਤ ਨਹੀਂ ਸੀ ਦੇਖੀ, ਤੇ ਸਿਰਫ ਨਾਮਧਾਰੀਆਂ ਬਾਬਤ ਲਿਖਿਆ ਕਿ ਉਹ ਉਨ੍ਹਾਂ ਨੂੰ ਪੂਰਨ ਗੁਰ ਅਵਤਾਰ ਮੰਨਦੇ ਸਨ। ਉਸ ਦੀ ਲਿਖਤ ਤੋਂ ਇਹ ਵੀ ਸਾਬਤ ਨਹੀਂ ਕਿ ਉਹ ਖੁਦ ਵੀ ਉਨ੍ਹਾਂ ਨੂੰ ਗੁਰੂ ਅਵਤਾਰ ਮੰਨਦਾ ਸੀ।

ਇਸ ਵੇਲੇ ਜਦੋਂ ਕਈ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਚੀਫ ਖਾਲਸਾ ਦੀਵਾਨ ਤੇ ਬੇਸ਼ੁਮਾਰ ਸ਼ਹਿਰਾਂ ਦੀਆਂ ਸਿੰਘ ਸਭਾਵਾਂ ਹਨ। ਅਖਬਾਰਾਂ ਤੇ ਅਗਿਣਤ ਸਿਖ ਰਸਾਲੇ ਅਤੇ ਟ੍ਰੈਕਟਾਂ ਰਾਹੀਂ ਵੀ ਸਿੱਖ ਧਰਮ ਦੀ ਫਿਲਾਸਫੀ ਨੂੰ ਪ੍ਰਚਾਰਦੇ ਪਏ ਹਨ, ਤਦ ਵੀ ਬੇਸ਼ੁਮਾਰ ਸਿਖੀ ਸ਼ਕਲ ਦੇ ਕੇਸਾਂ ਧਾਰੀ ਕਈਆਂ ਅਖੌਤੀ ਗੁਰੂਆਂ ਦੇ ਚੇਲੇ ਬਣੇ ਫਿਰਦੇ ਹਨ। ਜੋ ਕੋਈ ਰਾਧਾ ਸਵਾਮੀ ਸਿਖ; ਕੋਈ ਨਕਲੀ ਨਿਰੰਕਾਰੀਆਂ ਨੂੰ ਗੁਰੂ ਮੰਨਦੇ ਫਿਰਦੇ ਹਨ, ਤਾਂ ਉਸ ਵੇਲੇ ਦੇ ਸਾਧਾਰਨ (ਕਿਰਤੀ ਤੇ ਅਨਪੜ੍ਹ) ਲੋਕਾਂ ਵਿਚ ਜੈਸਾ ਪ੍ਰਚਾਰ ਕਰਕੇ ਸਮਝਾਇਆ ਗਿਆ ਸੀ ਉਸ ਮੁਤਾਬਕ ਹੀ ਕਰਨੀ ਕਮਾਈ ਵਾਲੇ ਤੇ ਨਾਮਰਸੀਏ ਬਾਬਾ ਰਾਮ ਸਿੰਘ ਜੀ ਨੂੰ ਉਨ੍ਹਾਂ ਦੇ ਸੇਵਕਾਂ ਨੇ ਬਾਰਵਾਂ ਗੁਰੂ ਅਵਤਾਰ ਮੰਨਿਆ ਤੇ ਗਿਆਨੀ ਗਿਆਨ ਸਿੰਘ ਨੇ ਲਿਖ ਦਿਤਾ ਹੋਣਾ ਹੈ।

ਮੁਖਬੰਦ ਦੇ ਲੇਖਕ ਨੇ ਗਿਆਨੀ ਗਿਆਨ ਸਿੰਘ ਵਲੋਂ ਲਿਖਿਆ ਇਹ ਵੀ ਕਿ ਉਨ੍ਹਾਂ ਦਾ ਕਿਹਾ ਸਾਰੇ ਮੰਨਦੇ ਸਨ, ਉਹ ਵੀ ਅਗੇ ਦਸਿਆ ਜਾਏਗਾ ਕਿ ਕਿਥੋਂ ਤੀਕ ਨਾਮਧਾਰੀ ਸਿਖਾਂ ਨੇ ਉਨ੍ਹਾਂ ਦਾ ਕਿਹਾ ਵੀ ਮੰਨਿਆ ਸੀ? ਉਸ ਵੇਲੇ ਦੇ ਕੁਝ ਮਨਮਤੀਏ ਨਾਮਧਾਰੀ ਸਿਖਾਂ ਨੇ ਜੇ ਉਨ੍ਹਾਂ ਦਾ ਕਿਹਾ ਮੰਨ ਲਿਆ ਹੁੰਦਾ ਤਾਂ ਇਤਨਾ ਕਤਲੇਆਮ ਨਾ ਹੁੰਦਾ। ਨਾ ਉਹ ਖੁਦ ਤੋਪਾਂ ਅਗੇ ਉਡਾਏ ਜਾਂਦੇ ਅਤੇ ਬਾਬਾ ਰਾਮ ਸਿੰਘ ਜੈਸੇ ਨਾਮਰਸੀਏ ਮਹਾਂਪੁਰਖ ਨੂੰ ਦੇਸ਼ਬਦਰ ਕਰਕੇ ਰੰਗੂਨ ਵਿਚ ਨਜ਼ਰ ਬੰਦ ਨਾ ਕੀਤਾ ਜਾਂਦਾ। ਇਹ ਉਨ੍ਹਾਂ ਨੂੰ ਗੁਰੂ ਮੰਨਣ ਵਾਲੇ ਉਨ੍ਹਾਂ ਤੋਂ ਬੇਮੁਖ ਹੋਏ ਇਕ ਨਾਮ-ਧਾਰੀ ਟੋਲੇ ਦੀਆਂ ਆਪਹੁਦਰੀਆਂ ਕਰਨ ਕਰਕੇ ਹੀ ਬਾਬਾ ਜੀ ਮੁਸੀਬਤਾਂ ਵਿਚ ਅੰਤ ਤੀਕ ਫਸੇ ਰਹੇ ਸੀ, ਜਿਨ੍ਹਾਂ ਬਾਬਤ ਗਿਆਨੀ ਗਿਆਨ ਸਿੰਘ ਲਿਖਦੇ ਕਿ ਸਾਰੇ ਉਨ੍ਹਾਂ ਦਾ ਕਿਹਾ ਮੰਨਦੇ ਸਨ। ਠੀਕ ਇਹ ਵੀ ਤਵਾਰੀਖੀ ਜ਼ਿਕਰ ਹੈ ਤੇ ਅਗੇ ਕਿਤੇ ਖੋਹਲ ਕੇ ਦਸਿਆ ਜਾਏਗਾ।

ਮੁਖਬੰਦ ਦਾ ਲੇਖਕ (ਮਾਸਟਰ ਨਿਹਾਲ ਸਿੰਘ) ਗੁਰੂ ਗੋਬਿੰਦ ਸਿੰਘ ਜੀ ਦਾ ਨਾਂਦੇੜ ਵਿਚ ਜੋਤੀ ਜੋਤ ਨਾ ਸਮਾਏ ਜਾਣ ਨੂੰ ਤੇ ਉਥੋਂ ਗੁਪਤ ਰੂਪ ਨਿਕਲੇ ਨੂੰ ਸਿੱਧ ਕਰਨ ਵਾਸਤੇ ਇਹ ਦਲੀਲ ਵੀ ਦਿੰਦਾ ਕਿ ਅਗਰ ਗੁਰੂ ਜੀ ਉਥੇ ਸਮਾਏ ਹੁੰਦੇ ਤਾਂ ਉਸ ਵੇਲੇ ਜ਼ਰੂਰੀ ਉਥੇ ਕੋਈ ਯਾਦਗਾਰੀ ਇਮਾਰਤ ਬਣਦੀ ਤੇ ਐਸੀ ਕੋਈ ਇਮਾਰਤ ਨਾ ਬਨਾਣ ਦਾ ਕਾਰਨ ਇਹੋ ਹੈ ਕਿ ਉਥੇ ਸਮਾਏ ਨਹੀਂ, ਅਤੇ ਨਾ ਹੀ ਉਥੇ ਗੁਰੂ ਗਰੰਥ ਸਾਹਿਬ ਨੂੰ ਗੁਰਗੱਦੀ ਦਿਤੀ ਗਈ ਹੈ। ਐਸਾ ਹੁੰਦਾ ਤਦ ਵੀ ਕੋਈ ਪੱਕੀ ਯਾਦਗਾਰੀ ਇਮਾਰਤ ਜ਼ਰੂਰ ਬਣਦੀ।

ਗੁਰੂ ਗੋਬਿੰਦ ਸਿੰਘ ਜੀ ਜਦੋਂ ਬਾਦਸ਼ਾਹ ਬਹਾਦਰ ਸ਼ਾਹ ਦੇ ਨਾਲੋਂ ਨਾਲ ਨਾਂਦੇੜ ਪਧਾਰੇ ਸਨ ਤਾਂ ਥੋੜ੍ਹੇ ਗਿਣਤੀ ਦੇ (ਦੋ ਢਾਈ ਸੌ) ਸਿੰਘ ਨਾਲ ਸਨ। ਜਦੋਂ

ਡਿਠਾ ਕਿ ਬਹਾਦਰ ਸ਼ਾਹ ਇਹਨਾਂ ਨਾਲ ਕੀਤੇ ਇਕਰਾਰ ਪੂਰੇ ਕਰਨ ਤੋਂ ਟਾਲ-ਮਟੋਲ ਕਰ ਰਿਹਾ ਹੈ ਤਾਂ ਬੰਦਾ ਸਿੰਘ ਬਹਾਦਰ ਨੂੰ ਜਥੇਦਾਰ ਬਣਾ ਕੇ ਇਕ ਪੂਰੇ (ਗਿਣੇ-ਮਿਥੇ) ਪ੍ਰੋਗਰਾਮ ਅਨੁਸਾਰ ਜੰਗੀ ਸਕੀਮ ਦੀ ਸੋਝੀ ਤੇ (ਜਾਣਕਾਰੀ) ਕਰਾ ਕੇ ਕੁਝ ਸਿੱਖਾਂ ਸਮੇਤ ਪੰਜਾਬ ਭੇਜਾ ਦਿਤਾ ਸੀ। ਉਹ ਸਕੀਮ ਕੀ ਸੀ ? ਪੁਸਤਕ ਆਪਣੀ ਸਫਰਨਾਮਾ ਅਤੇ ਜਫਰਨਾਮਾ ਵਿਚ ਵਿਸਥਾਰ ਨਾਲ ਅਤੇ ਪੂਰੇ ਸਬੂਤਾਂ ਅਤੇ ਦਲੀਲਾਂ ਨਾਲ ਦਸੀ ਹੈ।

ਬੰਦਾ ਬਹਾਦਰ ਨੂੰ ਭੇਜੇ ਪਿਛੋਂ ਭਾਈ ਰਾਮ ਕੌਰ ਜੀ ਦੇ ਨਾਲ ਆਪਣੀ ਸੁਪਤਨੀ (ਮਾਤਾ ਸਾਹਿਬ ਦੇਵਾਂ) ਨੂੰ ਦਿੱਲੀ ਭੇਜਿਆ ਸੀ। ਥੋਹੜੇ ਹੋਰ ਦਿਨ ਬੀਤੇ ਮਗਰੋਂ ਗੁਰੂ ਜੀ ਦਾ ਇਥੇ ਟਿਕਾਓ ਕਰ ਲਿਆ ਦੇਖ ਕੇ ਬਹੁਤੇ ਰਹਿੰਦੇ ਸਿਖ ਵੀ ਛੁਟੀ ਲੈ ਕੇ ਅਤੇ ਤਨਖਾਹਾਂ ਲੈ ਕੇ ਚਲੇ ਗਏ ਸਨ। ਫਿਰ ਜਦ ਸ਼ਾਹੀ ਸਾਜ਼ਸ਼ ਨਾਲ ਗੁਰੂ ਜੀ ਉਤੇ ਕਟਾਰ ਦਾ ਵਾਰ ਹੋਇਆ ਸੀ ਉਹ ਜ਼ਖਮੀ ਹੋਏ ਸੀ। ੧੬ ਦਿਨਾਂ ਬਾਅਦ ਦੀਵਾਨ ਸਜਾ ਕੇ ਬੈਠੇ, ਤੇ ਦੁਬਾਰਾ ਇਕ ਸਖਤ ਕਮਾਨ ਦਾ ਚਿੱਲਾ ਚੜਾਂਦੇ ਹੋਇਆਂ ਵਧੇਰੇ ਖਿਚ ਲਗੇ ਕਾਰਨ (ਜਖਮ ਕੱਚਾ ਸੀ) ਦੁਬਾਰਾ ਫਟ ਗਿਆ ਸੀ। ਗੁਰੂ ਜੀ ਨੂੰ ਐਸੀ ਹਾਲਤ ਵਿਚ ਦੇਖ ਕੇ ਭਾਈ ਦਇਆ ਸਿੰਘ ਸਹਿ ਨਾ ਸਕੇ, ਉਥੇ ਪਹਿਲੇ ਹੀ ਚਲਾਣਾ ਕਰ ਚੁਕੇ ਸਨ। ਫਿਰ ਗੁਰੂ ਜੀ ਦੇ ਜੋਤੀ ਜੋਤ ਸਮਾਏ ਮਗਰੋਂ ਹੋਰ ਰਹਿੰਦੇ ਸਿਖ ਵੀ ਬਹੁਤੇ ਪੰਜਾਬ ਨੂੰ ਪਰਤ ਆਏ ਸਨ। ਉਥੇ ਗੁਰੂ ਜੀ ਦੇ ਹੁਕਮਾਂ ਮੁਤਾਬਕ ਸਿਰਫ ਭਾਈ ਧਰਮ ਸਿੰਘ ਤੇ ਭਾਈ ਸੰਤੋਖ ਸਿੰਘ ਹੀ ਰਹੇ ਸਨ ਕਿ ਪਿਛੇ ਲੰਗਰ ਚਲਾਉਣ ਦਾ ਹੁਕਮ ਸੀ। ਉਹਨਾਂ ਮੰਨ ਲਿਆ ਸੀ। ਇਹੋ ਹੁਕਮ ਸੀ ਕਿ ਪਿਛੇ ਦੇਗ ਚਲਾਉਣੀ ਹੈ। ਗੁਰੂ ਗ੍ਰੰਥ ਸਾਹਿਬ ਗੁਰਗੱਦੀ ਸਥਾਪਤ ਤਾਂ ਕੱਤਕ-ਸੁਦੀ ਦੂਜ ਨੂੰ ਕੀਤੇ ਸਨ।

ਉਕਤ ਭਾਈ ਧਰਮ ਸਿੰਘ ਤੇ ਸੰਤੋਖ ਸਿੰਘ ਗੁਰੂ ਜੀ ਤੋਂ ਬਾਅਦ ਉਥੇ ਰਹੇ ਸਨ ਤੇ ਲੰਗਰ ਜਾਰੀ ਕੀਤਾ ਗਿਆ। ਅਗਰ ਗੁਰੂ ਜੀ ਨੇ ਉਥੇ ਚਲਾਣਾ ਨਾਂ ਕਰਨਾ ਹੁੰਦਾ ਤਾਂ ਪਿਛੇ ਦੇਗ ਚਲਾਉਣ ਦੀ ਹਦਾਇਤ ਨਾ ਸਕਦੇ। ਸਿਰਫ ਢਾਈ ਮਹੀਨੇ ਉਥੇ ਰਹਿਣ ਨਾਲ ਉਸ ਥਾਂ ਦੀ ਸੰਭਾਲ ਤੇ ਲੰਗਰ ਚਲਾਏ ਦਾ ਹੁਕਮ ਦੇਣ ਦੀ ਲੋੜ ਨਹੀਂ ਸੀ। ਕਿਉਂਕਿ ਆਗਰੇ ਤੋਂ ਚਲੇ ਮਧ ਪ੍ਰਦੇਸ਼ ਵਿਚ ਬੁਰਹਾਨਪੁਰ ੨੧ ਦਿਨ ਰਹੇ। ਫਿਰ ਹੋਰ ਕਈ ਮੁਕਾਮ ਕਰਦੇ ਹੋਏ ਨਾਂਦੇੜ ਪੁਜੇ ਸਨ।

ਉਹ ਆਗਰੇ ਕਰੀਬਨ ਸਾਢੇ ਤਿੰਨ ਮਹੀਨੇ ਰਹੇ ਸਨ। ਕਿਸੇ ਥਾਂ ਉਹਨਾਂ ਨੇ ਸਿਖਾਂ ਨੂੰ ਟਿਕਾ ਕੇ ਲੰਗਰ ਜਾਰੀ ਕਰਨ ਦਾ ਹੁਕਮ ਨਹੀਂ ਦਿਤਾਂ ਸੀ। ਤਾਂ ਇਹ ਸਾਫ ਸਿੱਧ ਹੈ ਕਿ ਗੁਰੂ ਜੀ ਉਥੇ ਹੀ ਜੋਤੀ ਜੋਤ ਸਮਾਏ ਸਨ ਤੇ ਆਪਣੇ ਅੰਤਿਮ ਚਲਾਣੇ ਦੀ ਥਾਂ ਦੀ ਸੰਭਾਲ ਵਾਸਤੇ ਹੀ ਦੋ ਪ੍ਰੇਮੀਆਂ ਗੁਰਸਿਖਾਂ ਨੂੰ ਇਥੇ ਰਹਿ ਕੇ ਲੰਗਰ ਚਲਾਉਣ ਦਾ ਹੁਕਮ ਕੀਤਾ ਸੀ ਤੇ ਐਸਾ ਲੰਗਰ ਚਲਾਉਣ ਦਾ ਹੁਕਮ ਹੀ ਅੰਤਮ ਯਾਦਗਾਰ ਦੀ ਕਾਇਮੀ ਹੈ।

ਫਿਰ ਜਿਵੇਂ ਕਿ ਗੁਰੂ ਜੀ ਨੇ ਖੁਦ ਜਦੋਂ ਦਿੱਲੀ ਆਏ ਸਨ, ਮੋਤੀ ਬਾਗ ਬਾਹਿ ਨਿਵਾਸ ਰਖਿਆ ਸੀ ਤੇ ਗੁਰਦੁਆਰਾ ਸੀਸਗੰਜ ਚਾਂਦਨੀ ਚੌਂਕ ਅਤੇ ਸ੍ਰੀ ਰਕਾਬ ਗੰਜ

ਦੀਆਂ ਯਾਦਗਾਰੀ ਬੁਨਿਆਦਾਂ ਰਖੀਆਂ ਰਖੀਆਂ ਸਨ, ਜੋ ਦਿੱਲੀ ਨਿਵਾਸੀ ਸੰਗਤਾਂ ਨੇ ਉਸ ਸਮੇਂ ਦੇ ਮੁਤਾਬਿਕ ਗੁਰਦੁਆਰੇ ਬਨਵਾਏ ਸਨ, ਤਿਵੇਂ ਹੀ ਨਾਂਦੇੜ ਵਿਚ ਆਪਣੇ ਅੰਤਮ ਚਲਾਣੇ ਦੀ ਯਾਦਗਾਰੀ ਥਾਂ ਨੂੰ ਸੰਭਾਲ ਦੀ ਦੋਹਾਂ ਨੂੰ ਤਾਕੀਦ ਕੀਤੀ, ਤੇ ਲੰਗਰ ਚਲਾਣਾ ਜ਼ਰੂਰੀ ਦਸਿਆ ਸੀ ਕਿ ਇਥੇ ਸਿਖਾਂ ਨੇ ਯਾਤਰਾ ਵਾਸਤੇ ਆਉਣਾ ਜਾਣਾ ਹੋਇਗਾ।

ਬਾਕੀ ਰਹੀ ਗੱਲ ਕਿ ਗੁਰੂ ਜੀ ਦੇ ਪਿਛੋਂ ਜਦੋਂ ਤਕ ਦੋਵੇਂ ਸਿਖ ਜ਼ਿੰਦਾ ਰਹੇ ਸਨ, ਹੁਕਮ ਦੀ ਪਾਲਣਾ ਕਰਦੇ ਰਹੇ ਸੀ ਤੇ ਇਹਨਾਂ ਦੇ ਚਲਾਣਾ ਕੀਤੇ ਮਗਰੋਂ ਉਥੇ ਹੋਰ ਕੋਈ ਸਿਖ ਤਾਂ ਹੈਗਾ ਨਹੀਂ ਸੀ। ਇਸ ਪਵਿਤਰ ਅਸਥਾਨ ਦੀ ਸੇਵਾ ਉਦਾਸੀ ਸੰਤਾਂ ਨੇ ਸੰਭਾਲੀ ਰਖੀ। ਜੋ ਕਿ ਬਾਲੂ ਹਸਨਾ ਸਾਹਿਬ ਦੀ ਮੰਡਲੀ ਦੇ ਸਨ ਅਤੇ ਹੈਦਰਾਬਾਦ ਤੋਂ (ਗੁਰੂ ਜੀ ਦਾ ਇਥੇ ਪਧਾਰਨਾ ਸੁਣ ਕੇ) ਦਰਸ਼ਨ ਨੂੰ ਆਏ ਤੇ ਗੁਰੂ ਜੀ ਦੇ ਅੰਤਮ ਚਲਾਣੇ ਤੋਂ ਬਾਅਦ ਕੁਝ ਸਾਧੂ ਵੀ ਰਹੇ, ਤੇ ਭਾਈ ਧਰਮ ਸਿੰਘ ਸੰਤੋਖ ਸਿੰਘ ਨਾਲ ਮਿਲ ਕੇ ਸਚਖੰਡ ਦੀ ਸੇਵਾ ਸੰਭਾਲ ਕੀਤੀ।

ਫਿਰ ਉਕਤ ਦੋਹਾਂ ਦੇ ਚਲਾਣੇ ਮਗਰੋਂ ਇਹਨਾਂ ਉਦਾਸੀ ਸੰਤਾਂ ਤੇ ਇਹਨਾਂ ਪਿਛੋਂ ਇਹਨਾਂ ਦੇ ਚੇਲਿਆਂ ੯੦ ਸਾਲਾਂ ਤੀਕ ਸਚਖੰਡ ਸ੍ਰੀ ਹਜ਼ੂਰ ਸਾਹਿਬ ਦੀ ਸੇਵਾ ਕੀਤੀ ਤੇ ਪਹਿਲੀ ਵਾਰ ਛੋਟੀ ਇਮਾਰਤ ਵੀ ਬਣਵਾਈ ਸੀ। ਉਥੋਂ ਦੇ ਤੁਰਕਾਂ ਨੇ ਇਹਨਾਂ ਨੂੰ ਕਈ ਵੇਰ ਮਾਰ-ਕੁਟਾਈ ਕੀਤੀ ਕਿ ਨੱਸ ਭੱਜ ਜਾਣ ! ਪਰ ਇਨ੍ਹਾਂ ਸਿਦਕ-ਵਾਨਾਂ ਨੇ ਗੁਰੂ ਜੀ ਦੀ ਇਸ ਅੰਗੀਠੇ ਵਾਲੀ ਥਾਂ ਦੀ ਪੂਰੀ ਸੰਭਾਲ ਰਖੀ ਤੇ ਲੰਗਰ ਵੀ ਜਾਰੀ ਕੀਤੀ ਰਖਿਆ। ਇਹ ਜ਼ਿਕਰ ਵੀ ਇਤਿਹਾਸਕ ਹੈ ਅਤੇ ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ ਦੇ ਹਵਾਲੇ ਨਾਲ ਹੀ ਲਿਖਿਆ ਹੈ —

ਮੁਖਬੰਦ ਦੇ ਲੇਖਕ ਮਾਸਟਰ ਨਿਹਾਲ ਸਿੰਘ ਨੇ ਮਨਪਸੰਦ ਦੀ ਗੱਲ ਤਾਂ ਲਿਖੀ ਪਰ ਜੋ ਗੱਲ ਇਨ੍ਹਾਂ ਦੇ ਖਿਆਲਾਂ ਦੇ ਉਲਟ ਸੀ ਅਤੇ ਗਿਆਨੀ ਗਿਆਨ ਸਿੰਘ ਨੇ ਉਸੇ ਪੰਥ ਪ੍ਰਕਾਸ਼ ਵਿਚ ਲਿਖੀ ਉਹ ਛਡ ਦਿਤੀ ਨੇ। ਤਾਂ ਤੇ ਮਾਸਟਰ ਨਿਹਾਲ ਸਿੰਘ ਦੀ ਇਹ ਲਿਖਤ ਹੀ ਨਿਰਮੂਲ ਹੈ ਕਿ ਅਗਰ ਗੁਰੂ ਜੀ ਨਾਂਦੇੜ ਵਿਚ ਸਮਾਏ ਹੁੰਦੇ ਤਾਂ ਉਥੇ ਕੋਈ ਯਾਦਗਾਰ ਜ਼ਰੂਰ ਬਣਦੀ। ਉਹ ਕਦੋਂ ਤੋਂ ਕਿਵੇਂ ਬਣੀ ਸੀ ਅਸੀਂ ਦਸਿਆ ਹੈ ਤੇ ਗੁਰੂ ਗ੍ਰੰਥ ਸਾਹਿਬ ਦੀ ਉਹ ਬੀੜ ਜਿਸ ਨੂੰ ਪ੍ਰਕਾਸ਼ ਕਰਾਕੇ ਗੁਰੂ ਜੀ ਨੇ ਪ੍ਰਦਖਣਾਂ ਕੀਤੀਆ ਤੇ ਕੇਸਰ ਤਿਲਕ ਕਰਕੇ ਚੌਰ ਤਖਤ ਦਾ ਮਾਲਕ ਦਸਿਆ ਸੀ, ਉਦਾਸੀ ਸੰਤ ਬਹੁਤ ਅਰਸਾ ਉਸ ਬੀੜ ਦਾਂ ਪ੍ਰਕਾਸ਼ ਕਰਕੇ ਪੂਜਾ ਪਾਠ ਅਤੇ ਸਤਿਕਾਰ ਸੰਭਾਲ ਕਰਦੇ ਰਹੇ ਸੀ, ਪਰ ਦੁਖ ਦੀ ਗੱਲ ਹੈ ਕਿ ਉਹ ਬੀੜ ਉਥੋਂ ਚੁਰਾਈ ਗਈ ਸੀ।

ਮਹਾਰਾਜਾ ਰਣਜੀਤ ਸਿੰਘ ਵਲੋਂ ਜਦੋਂ ਨਜ਼ਾਮ ਹੈਦਰਾਬਾਦ ਦੀ ਮੰਗ ਉਤੇ ੧੪ ਹਜ਼ਾਰ ਸਿਖ ਫੌਜ ਭੇਜੀ ਉਸ ਪਾਸੇ ਤਿੰਨ ਸਾਲ ਤੀਕ ਰਹੀ, ਫਿਰ ਨਜ਼ਾਮ ਹੈਦਰਾ-ਬਾਦ ਨੇ ੨੦ ਹਜ਼ਾਰ ਦੀ ਜਾਗੀਰ ਦੇ ਕੇ ਸੰਤ ਗੁਰਸ਼ਰਣ ਦਾਸ ਨੂੰ ਹਿੰਗੋਲੀ ਡੇਰੇ ਵਿਚ ਭੇਜ ਦਿਤੀ ਸੀ। ਤਦ ਤਖਤ ਸ੍ਰੀ ਸਚਖੰਡ ਦਾ ਇੰਤਜ਼ਾਮ ਸਿਖਾਂ ਹੱਥ ਆਇਆ ਸੀ। ਨਾ-ਮਲੂਮ ਉਹ ਬੀੜ ਕਿਵੇਂ ਉਥੋਂ ਚੋਰੀ ਹੋ ਗਈ ਸੀ ਜੋ ਅਜ ਤੀਕ ਕੋਈ ਪਤਾ ਨਹੀਂ ਚਲਿਆ ਕਿ ਉਹ ਕਿਥੇ ਹੈ ? ਸ੍ਰੀ ਤਖਤ ਸਚਖੰਡ ਦੀ ਇਹੋ ਅਸਲੀਅਤ ਹੈ ਕਿ ਗੁਰੂ

ਜੀ ਉਥੇ ਹੀ ਜੋਤੀ ਜੋਤ ਸਮਾਏ ਸਨ ਤੇ ਲੰਗਰ ਚਾਲੂ ਹੋਏ ਨਾਲ ਅਸਥਾਨ (ਯਾਦਗਾਰੀ ਮੰਦਰ ਵੀ ਬਣ ਗਿਆ ਸੀ।

ਜਦੋਂ ਗੁਰਗੱਦੀ ਅਸਥਾਪਤ ਬੀੜ ਦੀ ਮਾਨਤਾ ਬਹੁਤ ਵੱਧ ਗਈ ਤੇ ਦਰਸ਼ਨ ਅਭਿਲਾਖੀਆਂ ਦੀ ਭੀੜ ਬਣੀ ਦੇਖੀ ਤਦ ਇਸ ਨੂੰ ਅਮੁੱਲ ਵਸਤੂ ਜਾਣ ਕੇ ਜਾਂ ਸਿਖਾਂ ਵਿਚੋਂ ਕਿਸੇ ਨੇ ਜਾਂ ਉਦਾਸੀਆਂ ਹਥੋਂ ਪ੍ਰਬੰਧ ਨਿਕਲ ਗਿਆ ਸੀ, ਤਦੋ ਉਹਨਾਂ ਵਿਚੋਂ ਕਿਸੇ ਨੇ ਉਹ ਬੀੜ ਚੁਰਾਂ ਲਈ ਸੀ, ਜਾਂ ਮੁਸਲਮਾਨਾਂ ਵਲੋਂ ਜੋ ਨਹੀਂ ਚਾਹੁੰਦੇ ਸਨ ਕਿ ਇਥੇ ਵੀ ਪੰਜਾਬੀ ਸਿਖ ਆ ਕੇ ਵਸਦੇ ਜਾਣ, ਜਾਂ ਹਮੇਸ਼ਾ ਆਉਂਦੇ ਜਾਣ, ਇਸ ਵਾਸਤੇ ਚੁਰਾਈ ਹੋਵੇ, ਪਰ ਕੋਈ ਪਤਾ ਨਹੀਂ ਚਲਿਆ ਸੀ। ਇਸ ਵਾਸਤੇ ਕਿ ਉਸ ਵੇਲੇ ਇਸ ਪਾਸੇ ਸਿਖਾਂ ਦੀ ਵਸੋਂ ਹੁਣ ਵਾਂਗੂ ਇਤਨੀ ਨਹੀਂ ਸੀ ਜੋ ਸਿਰ ਤੋੜ ਕੋਸ਼ਿਸ਼ ਹੁੰਦੀ।

ਪਰ ਗੁਰੂ ਤਾਂ ਗੁਰਬਾਣੀ ਸ਼ੰਗ੍ਰਹਿ (ਗੁਰੂ ਗ੍ਰੰਥ ਸਾਹਿਬ) ਜੁਗੋ ਜੁਗ ਅਟੱਲ ਹੈ ਤੇ ਹਰ ਥਾਂ ਡੇਰਿਆਂ ਅਤੇ ਗੁਰਦੁਵਾਰਿਆਂ ਵਿਚ ਤਖਤਾਂ ਪਰ ਬਿਰਾਜਮਾਨ ਹੈ।

ਅਗਰ ਇਹ ਪਵਿਤ੍ਰ ਅਤੇ ਇਤਿਹਾਸਕ ਬੀੜ (ਸ੍ਰੀ ਗੁਰੂ ਗ੍ਰੰਥ ਸਾਹਿਬ ਦੀ) ਕਿਸੇ ਪਾਸੋਂ ਵੀ ਕਿਸੇ ਕੀਮਤ ਤੇ ਮਿਲ ਜਾਂਦੀ ਤਾਂ ਉਹ ਵੀ ਕਿਸੇ ਇਕ ਥਾਂਏ ਸੰਭਾਲੀ ਜਾਣੀ ਸੀ। ਦਰਸ਼ਨ ਤਾਂ ਕਦੀ ਕਦੀ ਕਿਸੇ ਨੂੰ ਉਚੇਚਾ ਆਏ ਹੋਇਆਂ ਹੋਣੇ ਸਨ। ਇਸ ਵਾਸਤੇ ਵੀ ਮਾਸਟਰ ਨਿਹਾਲ ਸਿੰਘ ਦੀ ਉਹ ਲਿਖਤ ਜੋ ਉਸ ਨੇ ਪੁਰਖ ਗੁਰੂ ਪੁਸਤਕ ਦੀ ਤਾਰੀਫ ਵਿਚ ਲਿਖੀ ਹੈ ਨਿਰਮੂਲ ਹੈ। ਕਿ ਗੁਰੂ ਜੀ ਨਾਂਦੇੜ ਨਹੀਂ ਸਮਾਏ ਤੇ ਫਰਜ਼ੀ ਯਾਦਗਾਰ ੧੨੪ ਸਾਲ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਈ ਸੀ।

"ਅਜਾਣਾ ਗਲ ਕਰੇ ਤੇ ਸਿਆਣਾ ਕਿਆਸ ਕਰੇ" ਮਸ਼ਹੂਰ ਕਹਾਵਤ ਹੈ—

ਗੁਰੂ ਸਾਹਿਬ ਸੰਮਤ ੧੭੬੫ ਵਿਚ ਜੋਤੀ ਜੋਤ ਸਮਾਏ ਸੀ (ਜੇਕਰ ਨਾਮਧਾਰੀ ਨਹੀਂ ਮੰਨਦੇ, ਨਾ ਸਹੀ) ਪਰ ਚੰਦਨ ਦੀ ਚਿਖਾ ਦਾ ਅੰਗੀਠਾ ਜਲੇ ਤੋਂ ਇਨਕਾਰ ਨਹੀਂ ਕਰ ਸਕਦੇ। ਕੀ ਫਿਰ ਉਹ ਪਵਿਤਰ ਯਾਦਗਾਰੀ ਅਸਥਾਨ—ਵੈਰਾਨ ਹੀ ਰਿਹਾ ਸੀ ਹਾਲਾਂਕਿ ਇਹ ਥਾਂ ਗੁਰੂ ਜੀ ਨੇ ਪੁਰਾਤਨ ਨਿਸ਼ਾਨੀਆਂ ਦਸ ਕੇ ਮੁੱਲ ਵੀ ਤਾਰਿਆ ਤੇ ਖਰੀਦ ਲਈ ਹੋਈ ਸੀ ਕਿਉਂ ਵੈਰਾਨ ਰਹੀ ? ਪਰ ਐਸਾ ਨਹੀਂ ਹੈ ਉਥੇ ਸ਼ੁਰੂ ਤੋਂ ਹੀ ਯਾਦਗਾਰ ਕਾਇਮ ਹੋ ਗਈ ਸੀ ਜਿਸ ਦਾ ਨਿਰਣਾ ਇਉਂ ਹੈ—

ਗੁਰੂ ਸਾਹਿਬ ਨੇ ਜਦੋਂ ਆਪਣਾ ਅੰਤ ਸਮਾਂ ਅਨੁਭਵ ਕੀਤਾ ਕਿ ਜ਼ਖਮ ਦਾ ਖੁਲ੍ਹ ਜਾਣਾ ਵੀ ਨਿਰੰਕਾਰੀ ਸੁਨੇਹਾ ਹੀ ਜਾਪਦਾ ਹੈ ਤਦ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕਤਕ-ਸੁਦੀ ਦੂਜ ਨੂੰ ਪ੍ਰਕਾਸ਼ ਕਰਾਕੇ ਚਾਰ ਪ੍ਰਦਖਣਾ ਕੀਤੀਆਂ, ਫਿਰ ਕੇਸਰ ਦਾ ਤਿਲਕ ਤੇ ਪੰਜ ਪੈਸੇ ਨਾਰੀਅਲ ਦੀ ਭੇਟਾ ਨਾਲ ਪੂਜਨ ਕੀਤਾ ਤੇ ਫੁਰਮਾਇਆ ਸੀ ਕਿ ਅਜ ਤੋਂ ਖਾਲਸਾ ਪੰਥ ਅਤੇ ਗੁਰੂ ਨਾਨਕ ਨਾਮ ਲੇਵਾ ਸਿਖਾਂ ਵਾਸਤੇ ਹੁਕਮ ਹੈ ਕਿ ਸਾਡੀ ਥਾਂਇ ਸਬਦ ਸਰੂਪ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜਾਨਣਾ ਤੇ ਮੰਨਣਾ ਕਰਨ। ਐਸਾ ਫੁਰਮਾਨ ਕੀਤੇ ਪਿਛੋਂ ਤਿੰਨ ਦਿਨ ਹੋਰ ਸਾਵਧਾਨ ਰਹਿ ਕੇ ਕਤਕ-ਸੁਦੀ ਪੰਚਮੀ ਨੂੰ ਜੋਤੀ ਜੋਤ ਸਮਾਏ ਸਨ ਤੇ ਅੰਗੀਠੇ ਨੂੰ ਚੌਥੇ ਦਿਨ ਦੁਧ ਦੀ ਲੱਸੀ ਨਾਲ ਠੰਡਾ ਕਰਕੇ ਸਭ ਕੁਝ ਰਾਖ ਸਮੇਟ ਕੇ ਗੁਦਾਵਰੀ ਜੋ ਉਥੋਂ ਨੇੜੇ ਪ੍ਰਵਾਹ ਸੀ—ਜਲ ਪ੍ਰਵਾਹ

ਕਰਕੇ ਇਕ ਕਿਰਪਾਨ ਛੋਟੀ ਮਿਲੀ ਸੀ ਖਲਾਰ ਕੇ ਚਬੂਤਰਾ ਬਣਾਇਆ ਗਿਆ ਤੇ ਛੱਤਦਾਰ ਚਾਰ ਦੀਵਾਰੀ ਨਾਲ ਸੁਰਖਿਅਤ ਕਰ ਦਿਤਾ ਸੀ। ਫਿਰ ਛੋਟਾ ਪ੍ਰਕਾਸ਼ ਅਸਥਾਨ ਤੇ ਰਿਹਾਇਸ਼ੀ ਕਮਰੇ ਬਣੇ।

ਫਿਰ ਜਦੋਂ ਭਾਈ ਧਰਮ ਸਿੰਘ ਤੇ ਸੰਤੋਖ ਸਿੰਘ ਦੇ ਚਲਾਣੇ ਮਗਰੋਂ ਇਸ ਅਸਥਾਨ ਦੀ ਸੇਵਾ ਸੰਭਾਲ ਉਦਾਸੀ ਸੰਤ ਈਸ਼ਰ ਦਾਸ ਨੇ ਕੀਤੀ। ਇਹਨਾਂ ਮਗਰੋਂ ਇਹਨਾਂ ਦੇ ਚੇਲੇ ਗੁਪਾਲ ਦਾਸ ਤੇ ਫੇਰ ਇਹਨਾਂ ਦੇ ਚੇਲੇ ਸ੍ਰੀਮਾਨ ਮਹੰਤ ਉਦਾਸੀ ਗੁਰਸਰਣ ਦਾਸ ਜੀ ਨੇ ਬਹੁਤ ਕੀਤੀ। ਗਿਆਨੀ ਗਿਆਨ ਸਿੰਘ ਜੀ ਨੇ ਆਪਣੇ ਗੁਰ ਪੰਥ ਪ੍ਰਕਾਸ਼ ਸਫਾ ੨੨੮ ਉਤੇ ਐਸ਼ਾ ਲਿਖਿਆ ਹੈ—

"ਜਬ ਸਿੰਘ ਅਬਚਲ ਨਗਰ ਵਾਰੇਂ ਗੁਜ਼ਰ ਗਏ ਕੁਛ ਛੋਰ ਹੈਂ<br>
ਫਿਰ ਤਹਿ ਉਦਾਸੀ ਸਾਧ ਦਾਸ ਗੋਪਾਲ ਰਹਿ ਗਏ ਹੋਰ ਹੈਂ<br>
ਬਹੁ ਬਰਸ ਕੀਨੀ ਤਾਹਿ ਸੇਵਾ ਪੁਨ ਚੇਲੇ ਤਾਂਹਿ ਕੇ<br>
ਗੁਰਸਰਣ ਸੇਵਾ ਬਹੁ ਕਮਾਈ ਬਰਸ ਤੀਸ ਕੁ ਚਾਹਿਕੇ ॥

ਇਥੇ ਹੀ ਹੁਣ ਪਾਠਕਾਂ ਨੇ ਸੋਚਣਾ ਹੈ ਕਿ ਇਕ ਪਿਛੋਂ ਦੂਜੇ ਤੇ ਤੀਜੇ ਮਹੰਤ ਗੁਰਸਰਣ ਦਾਸ ਤੀਕ ਤਿੰਨ ਗੱਦੀਆਂ ਸੰਤਾਂ ਉਦਾਸੀਆਂ ਦੀਆਂ ਜਿਥੇ ਬਦਲੀਆਂ ਹੋਣ ਤਾਂ ਕੀ ਫਿਰ ਇਥੇ ੧੩੧ ਸਾਲ ਤੀਕ ਕੋਈ ਯਾਦਗਾਰ ਨਹੀਂ ਬਣੀ ਸੀ?

ਜੇਕਰ ਨਹੀਂ ਬਣੀ ਸੀ ਤਾਂ ਇਹ ਉਦਾਸੀ ਸੰਤ ਕਿਥੇ ਰਹਿੰਦੇ ਰਹੇ ਤੇ ਕਿਸ ਆਮਦਨ ਆਸਰੇ ਰਹਿ ਕੇ ਲੰਗਰ ਚਲਾਂਦੇ ਤੇ ਉਪਜੀਵਕਾ ਨਿਭਾਉਂਦੇ ਰਹੇ ਸੀ? ਉਹ ਸਾਧੂ ਇਸੇ ਵਾਸਤੇ ਰਹੇ ਕਿ ਇਥੇ ਯਾਦਗਾਰੀ ਅਸਥਾਨ (ਸਚਖੰਡੀ ਦਰਬਾਰ) ਦੀ ਯਾਤਰਾ ਨੂੰ ਬੇਅੰਤ ਸਿਖ ਸੰਗਤਾਂ ਦੀ ਆਵਾਈ ਸ਼ੁਰੂ ਹੋ ਚੁਕੀ ਸੀ ਤੇ ਭੇਟਾ ਚੜ੍ਹਾਵੇ ਚੜ੍ਹਾਂਦੇ ਸਨ ਜਿਸ ਕਰਕੇ ਲੋੜ ਮੁਤਾਬਿਕ ਇਮਾਰਤਾਂ ਵੀ ਤਿਆਗ ਹੁੰਦੀਆਂ ਰਹੀਆਂ ਸਨ। ਜਿਵੇਂ ਕਿ ਭਾਈ ਧਰਮ ਸਿੰਘ ਤੇ ਸੰਤੋਖ ਸਿੰਘ ਜੀ ਦੇ ਚਲਾਣੇ ਮਗਰੋ ਸੰਤ ਈਸ਼ਰ ਦਾਸ ਪਹਿਲੇ ਮਹੰਤ ਨੇ ਭਾਈ ਮੇਲਾ ਸਿੰਘ ਜੀ (ਰਾਮਗੜ੍ਹੀਆ) ਨੂੰ ਪ੍ਰੇਰਨਾ ਕਰਕੇ ਥੋੜਾ ਵਡਾ ਅਸਥਾਨ ਬਣਾਇਆ। ਫਿਰ ਭਾਈ ਚੜ੍ਹਤ ਸਿੰਘ ਕਰਤਾਰਪੁਰੀਏ ਤੋਂ ੧੦੦੦ ਰੁਪਏ ਦੇ ਖਰਚੇ ਨਾਲ ਸਚਖੰਡੀ ਸਮਾਧ (ਚਬੂਤਰੇ) ਨੂੰ ਬਹੁਤ ਵਡਾ ਕਰਾਇਆ ਸੀ।

ਉਕਤ ਸੇਵਾ ਹੋਏ ਨਾਲ ਵੀ ਯਾਤਰੂਆਂ ਦੀ ਭੀੜ ਬਹੁਤੀ ਅਤੇ ਥਾਂ ਦੀ ਥੁੜ ਕਾਰਨ ਉਦਾਸੀ ਸੰਤਾਂ ਦੀ ਪ੍ਰੇਰਨਾ ਅਤੇ ਗੁਰੂ ਸਾਹਿਬ ਦੇ ਪ੍ਰੇਮ ਵਿਚ ਭਿੱਜੇ ਹੋਇਆਂ ਭਾਈ ਗਾਹੂ ਸਿੰਘ ਜੀ ਨੇ ੫੦੦੦੦ ਦੇ ਖਰਚੇ ਨਾਲ ਬਾਵਲੀ ਬਣਵਾਈ ਅਤੇ ਮੰਦਰ ਅਸਥਾਨ ਨੂੰ ਵਡਾ ਕਰਾਇਆ ਸੀ। ਜੋ ਅਜ ਦੇ ਹਿਸਾਬ ਨਾਲ ਪੰਜਾਹ ਲੱਖ ਤੋਂ ਵਧ ਸੀ, ਤਾਂ ਸਾਬਤ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਜੋ (ਮਾਸਟਰ ਨਿਹਾਲ ਸਿੰਘ ਦੀ ਲਿਖਤ ਮੁਤਾਬਕ) ਗੁਰੂ ਜੀ ਤੋਂ ੧੨੪ ਸਾਲ ਬਾਅਦ ਸੇਵਾ ਕਰਾਈ ਦਰਸਾਈ ਹੈ, ਪਰ ਇਹ ਵੀ ਅੰਦਾਜ਼ਾ ਗਲਤ ਦਸਿਆ ਹੈ, ਮਹਾਰਾਜਾ ਸਾਹਿਬ ਨੇ ਪੂਰੇ ੧੪੧ ਸਾਲ ਬਾਅਦ ਸੇਵਾ ਦਾ ਅਰੰਭ ਕਰਵਾਇਆ ਤੇ ੪ ਸਾਲ ਵਿਚ ਸਮਾਪਤ ਹੋਈ ਸੀ, ਪਰ ਪਹਿਲੀ ਸੇਵਾ ਤਾਂ ਉਸ ਤੋਂ ੯੦ ਸਾਲ ਪਹਿਲੇ ਤੋਂ ਹੁੰਦੀ ਆਈ ਹੈ ਤੇ ਹੋ ਚੁਕੀ ਸੀ ਸਾਬਤ ਕੀਤੀ ਹੈ।

ਉਕਤ ਪਹਿਲੀ ਹੋ ਚੁਕੀ ਸੇਵਾ ਦਾ ਰਿਕਾਰਡ ਸ੍ਰੀ ਹਜ਼ੂਰ ਸਾਹਿਬ ਆਫਿਸ ਵਿਚ ਮੌਜੂਦ ਹੈ, ਤਾਂ ਤੇ ਕੈਸੇ ਮੰਨਿਆ ਜਾਏ ਕਿ ਮਾਸਟਰ ਨਿਹਾਲ ਸਿੰਘ ਦਾ ਲਿਖਿਆ ਮੁਖਬੰਦ ਸਚਾ ਹੈ। ਜਿਸ ਦਾ ਕਿ ਅਸੀਂ ਪੂਰੀਆਂ ਦਲੀਲਾਂ ਨਾਲ ਉਤਰ ਦਿਤਾ ਹੈ।

ਆਪਣੇ ਲਿਖੇ ਮੁਖ ਬੰਦ ਦੇ ਅਖੀਰ ਵਿਚ ਮਾਸਟਰ ਨਿਹਾਲ ਸਿੰਘ ਸਤਿਗੁਰਾਂ ਪਾਸ ਪ੍ਰਾਰਥਨਾ ਕਰਦਾ ਹੈ ਕਿ ਉਹ ਸਿਖਾਂ ਨੂੰ ਸੁਮੱਤ ਬਖਸੇ ਜੋ ਮਨ ਮਤ ਝੂਠ ਤੋਂ ਬਚਾ ਕੇ ਗੁਰਮਤ ਪ੍ਰਦਾਨ ਕਰਨ। ਪਰ ਇਹ ਨਹੀਂ ਦਸਿਆ ਕਿ ਕਿਹੜੇ ਗੁਰੂ ਪਾਸੋਂ ਪ੍ਰਾਰਥਨਾ ਵਿਚ ਮੰਗ ਕਰਦੇ ? ਉਹ ਗੁਰੂ ਗ੍ਰੰਥ ਜੀ ਨੂੰ ਗੁਰੂ ਤਾਂ ਮੰਨਦੇ ਨਹੀਂ। ਕੀ ਉਹ ਆਪਣੇ ਨਾਮਧਾਰੀ ਗੁਰੂ ਪਾਸੋਂ ਇਹ ਉਮੀਦ ਰਖਦੇ ਕਿ ਉਹ ਪੂਰੇ ਸਮਰਥ ਹਨ ਤੇ ਹਰ ਇਕ ਸਿਖ ਦੇ ਮਨਾਂ ਨੂੰ (ਗੁਰੂ ਗ੍ਰੰਥ ਜੀ ਨੂੰ ਗੁਰੂ ਮੰਨਣ ਦੀ ਭਾਵਨਾ ਤੋਂ) ਹਟਾ ਸਕਣਗੇ ? ਜੇਕਰ ਐਸਾ ਨਹੀਂ ਤਾਂ ਸਿਖ ਆਪਣੇ ਗੁਰੂ ਨਾਨਕ ਗੋਬਿੰਦ ਰੂਪ ਜੀ ਦੀ ਸਦੀਵ ਅਮਰ ਆਤਮਾ ਪਾਸੋਂ (ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਖਲੋ ਕੇ) ਨਿਤ ਅਰਦਾਸਾਂ ਕਰਦੇ ਹਨ ਕਿ ਵਾਹਿਗੁਰੂ ਗੁਰਸਿਖਾਂ ਨੂੰ ਮਨ ਨੀਵਾਂ ਤੇ ਮਤ ਉਚੀ ਪ੍ਰਦਾਨ ਕਰਨ।

ਇਥੋਂ ਤੀਕ ਮੁਖਬੰਦ ਦੀ ਲਿਖਤ ਦਾ ਮੁਨਾਸਬ ਉਤਰ ਦੇਣ ਮਗਰੋਂ ਹੁਣ ਮੇਰੀ ਵੀ ਇਹੋ ਅਰਦਾਸ ਹੈ ਕਿ ਵਾਹਿਗੁਰੂ ਨਾਮਧਾਰੀ ਵੀਰਾਂ ਨੂੰ ਸੁਮੱਤ ਬਖਸ਼ੇ ਕਿ ਉਹ ਜਿਸ ਗੁਰੂ ਦਾ (ਬਾਬਾ ਰਾਮ ਸਿੰਘ ਨੂੰ) ਅਵਤਾਰ ਮੰਨਦੇ ਹਨ ਉਸ ਗੁਰੂ ਦੀ ਗੁਰਗਦੀ ਦਾ ਵਾਰਸ ਗੁਰੂ ਗ੍ਰੰਥ ਸਾਹਿਬ ਨੂੰ ਸਮਝਣ ਅਤੇ ਬਾਬਾ ਰਾਮ ਸਿੰਘ ਜੀ ਨੂੰ ਉਹਨਾਂ ਦੇ ਨਾਮ ਅੰਮ੍ਰਿਤ ਦਾ ਪ੍ਰਚਾਰਕ ਸੰਤ ਸਿਪਾਹੀ ਤੇ ਆਤਮ ਰਸੀਆ ਖਾਲਸਾ ਜਾਣਨਾ ਕਰਨ। ਫਿਰ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਫੁਰਮਾਨ ਸਹਿਜੇ ਉਹਨਾਂ ਪ੍ਰਥਾਏ ਵੀ ਢੁਕੇਗਾ—

> ਆਤਮ ਰਸ ਜੋ ਜਾਨਹੀ ਸੋ ਹੈ ਖਾਲਸਾ ਦੇਵ।
> ਪ੍ਰਭ ਮੈਂ, ਮੋ ਮੈਂ ਤਾਸ ਮੈਂ ਰੰਚਕ ਨਾਹੀ ਭੇਵ।
>
> (ਸ੍ਰੀ ਸਰਬ ਲੋਹ)

ਹੁਣ ਅਗੇ ਅਸੀਂ ਮੇਹਰ ਸਿੰਘ ਅਸਲ ਲਿਖਾਰੀ ਦੀ ਭੂਮਿਕਾ ਦੀ ਛਾਣ-ਬੀਣ ਕਰਦੇ ਹੋਏ ਯੋਗ ਉਤਰ ਦਿਆਂਗੇ; (ਲੇਖਕ ਗਿਆਨੀ ਈਸ਼ਰ ਸਿੰਘ ਨਾਰਾ)

# ਮੋਹਰ ਸਿੰਘ ਵਲੋਂ ਪੁਸਤਕ 'ਪੁਰਖ ਗੁਰੂ' ਵਾਸਤੇ ਉਸ ਦੀ ਲਿਖੀ ਭੂਮਿਕਾ ਦੀ ਛਾਣ-ਬੀਣ

ਭੂਮਿਕਾ ਹਰ ਇਕ ਪੁਸਤਕ ਦਾ ਮੇਨ ਗੇਟ (ਦਰਵਾਜ਼ਾ) ਹੁੰਦਾ ਹੈ, ਜਿਸ ਨੂੰ ਪੜ੍ਹਨ ਨਾਲ ਪੁਸਤਕ ਵਿਚ ਲਿਖੀ ਗਈ ਪੁਸਤਕ ਦਾ ਤਤਸਾਰ ਬਹੁਤ ਕੁਝ ਸਾਹਮਣੇ ਆ ਜਾਂਦਾ ਹੈ। ਇਸ 'ਪੁਰਖ ਗੁਰੂ' ਨਾਮ ਦੀ ਪੁਸਤਕ ਦੀ ਭੂਮਿਕਾ ੩੦ ਸਫੇ ਲੇਖਕ ਮੋਹਰ ਸਿੰਘ ਨੇ ਖੁਦ ਲਿਖੀ ਹੈ, ਜਿਸ ਵਿਚ ਪਹਿਲੇ ਉਸ ਨੇ 'ਗੁਰਮੁਖ ਤੇ ਮਨਮੁਖ' ਦੀ ਨੁਹਾਰ ਦਰਸਾਈ ਹੈ। ਉਸ ਦਾ ਮਤਲਬ ਇਹ ਹੈ ਕਿ ਗੁਰਮੁਖ ਉਹ ਹੁੰਦਾ ਹੈ ਜਿਸ ਦਾ ਮੂੰਹ ਦੇਹਧਾਰੀ ਗੁਰੂ ਵਲ ਹੋਵੇ। ਭਾਵ ਕਿ ਦੇਹਧਾਰੀ ਗੁਰੂ ਦਾ ਸਾਦਕ ਹੋਵੇ ਤੇ ਮਨਮੁਖ ਉਹ ਹੁੰਦਾ ਹੈ ਜਿਸ ਨੇ ਦੇਹਧਾਰੀ ਗੁਰੂ ਨਹੀਂ ਧਾਰਨ ਕੀਤਾ।

ਫਿਰ ਗੁਰਬਾਣੀ ਦੀ ਪ੍ਰੋੜਤਾ ਨਾਲ ਸਫਾ ੧੧ ਉਤੇ ਇਹ ਵੀ ਲਿਖਦਾ ਹੈ ਕਿ "ਗੁਰੂ ਦਾ ਸਿੰਘ ਹੀ ਇਸ ਅੰਧਕਾਰ (ਅਗਿਆਨ) ਦਾ ਵਿਨਾਸ਼ ਕਰ ਸਕਦਾ ਹੈ। ਲੇਖਕ ਨੇ ਜੋ ਗੁਰਮੁਖ ਤੇ ਮਨਮੁਖ ਦੀ ਪਹਿਚਾਨ ਦਸੀ ਹੈ ਇਹ ਦਸ ਪਾਤਸ਼ਾਹੀਆਂ ਦੀ ਮੌਜੂਦਗੀ ਵੇਲੇ ਦੀ ਵੀਚਾਰ ਸੀ। ਜਦੋਂ ਕਿ ਆਪਣੀ ਰਸਨਾ ਤੋਂ ਚਰਨ ਪਾਹੁਲ ਦਿਤੇ ਮਗਰੋਂ ਦੀਖਤ ਕਰਦੇ ਸਨ ਤੇ ਅੰਮ੍ਰਿਤ ਰੂਪੀ ਗੁਰ ਸ਼ਬਦ ਗਿਆਨ ਦੀ ਵਿਆਖਿਆ ਨਾਲ ਸਿਖਾਂ ਦਾ ਅਗਿਆਨ (ਅੰਧਕਾਰ) ਮਿਟਾ ਕੇ ਗਿਆਨੀ ਬਨਾਂਦੇ ਸਨ। ਜਿਵੇਂ ਖੁਦ ਵੀ ਲੇਖਕ ਨੇ ਲਿਖਿਆ ਹੈ ਕਿ "ਗੁਰੂ ਗਿਆਨ" ਹੀ ਅੰਧਕਾਰ ਦਾ ਵਿਨਾਸ਼ ਕਰ ਸਕਦਾ ਹੈ।

ਤਾਂਤੇ ਅਸਲ ਵਸਤੂ 'ਗੁਰੂ ਗਿਆਨ' ਸ਼ਬਦ ਗਿਆਨ ਹੀ ਹੈ ਤੇ ਜਿਵੇਂ ਚਰਨ ਪਾਹੁਲ ਦੀ ਰੀਤ ਨੂੰ ਬਦਲ ਕੇ (ਖਾਲਸਾ ਪੰਥ ਸਾਜੇ ਵੇਲੇ) ਗੁਰੂ ਗੋਬਿੰਦ ਜੀ ਨੇ ਖੰਡੇ ਦਾ ਅੰਮ੍ਰਿਤ ਛਕਾਇਆ ਤੇ ਨਾਮ ਮੰਤਰ (ਗੁਰ ਉਪਦੇਸ਼) ਦੀਖਿਆ ਸੁਣਾ ਕੇ ਸਿਖਾਂ ਨੂੰ ਗੁਰੂ ਵਾਲਾ ਬਣਾਇਆ ਸੀ ਤਿਵੇਂ ਹੀ ਉਹਨਾਂ ਨੇ ਅੰਮ੍ਰਿਤ ਛਕਾਉਣਾ ਤੇ ਨਾਮ ਮੰਤਰ ਸੁਣਾਉਣ ਦੇ ਅਧਿਕਾਰ ਪੰਜ ਪਿਆਰਿਆਂ ਨੂੰ ਦਿਤੇ ਅਤੇ ਇਸੇ ਮਰਯਾਦਾ ਨੂੰ ਉਹਨਾਂ ਨੇ ਪਹਿਲੇ ਆਪਣੇ ਪਰ ਧਾਰਨ ਕੀਤਾ। ਪੰਜ ਪਿਆਰੇ "ਗੁਰੂ ਖਾਲਸਾ" ਪਾਸੋਂ ਖੁਦ ਅੰਮ੍ਰਿਤਪਾਨ ਕੀਤਾ ਸੀ ਤਾਂ ਕਿ ਬਾਅਦ ਵਿਚ ਇਸ ਗਲ ਦਾ ਕਿਸੇ ਨੂੰ ਸੰਸਾ ਨਾ ਹੋਵੇ ਕਿ "ਪੰਜ ਪਿਆਰੇ (ਮੈਂ ਸਰੀਰਧਾਰੀ ਗੁਰੂ ਗੁਰੂ ਗੋਬਿੰਦ ਸਿੰਘ ਤੋਂ) ਕਿਸੇ ਤਰ੍ਹਾਂ ਘਟ ਨਹੀਂ ਹਨ। ਬਲਕਿ ਇਹ ਗੁਰੂ ਤੁੱਲ ਗੁਰੂ ਖਾਲਸਾ ਹਨ।

ਉਸ ਵਕਤ ਦੇ ਸਮਕਾਲੀ ਕਵੀ ਗੁਰਦਾਸ ਜੀ ਨੇ—ਗੁਰੂ ਜੀ ਦਾ ਐਸਾ ਕਰਤਵ (ਚੇਲੇ ਵਾਂਗੂ ਅੰਮ੍ਰਿਤ ਛਕਿਆ) ਵੇਖ ਕੇ ਹੀ ਫੁਰਮਾਇਆ ਸੀ—

"ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।"

ਤਾਂ ਜੇਕਰ ਗੁਰੂ ਜੀ ਨੇ ਪੰਜਾਂ ਪਿਆਰਿਆਂ ਨੂੰ 'ਗੁਰੂ ਖਾਲਸਾ' ਦੀ ਪਦਵੀ ਬਖਸ਼ ਕੇ ਉਹਨਾਂ ਪਾਸੋਂ ਅੰਮ੍ਰਿਤ ਨਾ ਛਕਿਆ ਹੁੰਦਾ ਤਾਂ ਗੁਰੂ ਜੀ ਦੇ ਦਰਬਾਰੀ ਕਵੀ 'ਗੁਰਦਾਸ' ਜੀ ਨੇ ਐਸਾ ਨਾ ਲਿਖਿਆ ਹੁੰਦਾ। ਅਤੇ ਉਸ ਵੇਲੇ ਦੇ ਸਿਖਾਂ ਨੇ ਇਸ ਨੂੰ ਬਹੁਤ ਤਾੜਨਾ ਕਰਨੀ ਸੀ। ਪਰ ਇਸ ਨੇ ਦੇਖਿਆ ਸੀ ਸਚ ਹੀ ਲਿਖਿਆ ਕਿ ਗੁਰੂ ਹੁੰਦਿਆਂ ਚੇਲਾ ਬਣ ਵਿਖਾਇਆ ਸੀ।

ਫੇਰ ਨਾਂਦੇੜ ਵਿਚ ਉਦਾਸ ਚਿਤ ਬੈਠੇ ਸਿਖਾਂ ਨੇ ਪੁਛਿਆ ਸੀ—ਸਾਹਿਬ ਜੀਉ ਸਾਨੂੰ ਕਿਸ ਦੇ ਲੜ ਲਾਏ ਚਲੇ ਹੋ, ਖਾਲਸਾ ਪੰਥ ਕਿਸ ਹਵਾਲੇ, ਸਾਡੀ ਰਾਹਬਰੀ ਕੌਣ ਕਰੇਗਾ ? ਤਦ ਗੁਰੂ ਸਾਹਿਬ ਨੇ ਇਥੇ ਵੀ ਅਮਲੀ ਸਬੂਤ ਦੇਣ ਨੂੰ—"ਕਤਕ ਸੁਦੀ ਦੂਜ" ਨੂੰ ਗੁਰੂ ਗ੍ਰੰਥ ਜੀ ਦਾ ਪ੍ਰਕਾਸ਼ ਕਰ ਕੇ ਨਾਰੀਅਲ ਦੀ ਭੇਟ ਅਤੇ ਕੇਸਰ ਦਾ ਤਿਲਕ ਕੀਤੇ ਮਗਰੋਂ ਪ੍ਰਤਖਣਾ ਕਰਕੇ ਸੀਸ ਨਿਵਾਇਆ ਤੇ ਫੁਰਮਾਇਆ ਸੀ ਖਾਲਸਾ ਅਕਾਲ ਪੁਰਖ ਦੇ ਹਵਾਲੇ ਆਖੋ ਜੀ ਵਾਹਿਗੁਰੂ। *ਅਜ ਤੋਂ ਖਾਲਸਾ ਪੰਥ ਦਾ ਸਤਿਗੁਰੂ (ਗੁਰਗਦੀ ਸਥਾਪਤ) ਗੁਰੂ ਗ੍ਰੰਥ ਜੀ ਜਾਣੀਏ। ਜੋ ਦਸੋਂ ਪਾਤਸ਼ਾਹੀਆਂ ਦਾ ਸ਼ਬਦ ਸਰੂਪ-ਪ੍ਰਤਖ ਗੁਰਾਂ ਦੀ ਦਿਹ ਮੰਨਿਆ ਜਾਇ। ਉਸ ਦਿਨ ਤੋਂ ਹੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਗਟ ਗੁਰਾਂ ਕੀ ਦਿਹ ਮੰਨਿਆ ਤੇ ਸਤਿਕਾਰਿਆ ਜਾ ਰਿਹਾ ਹੈ ਅਤੇ ਸਦਾ ਹੀ ਸਤਿਕਾਰਿਆ ਜਾਏਗਾ।

ਬਾਕੀ ਰਿਹਾ "ਗੁਰੂ ਦਾ ਗਿਆਨ" ਜੋ ਮੋਹਰ ਸਿੰਘ ਦੇ ਲਿਖੇ ਅਨੁਸਾਰ ਠੀਕ ਹੀ ਸਿੱਖ ਦਾ ਅੰਧਕਾਰ (ਅਗਿਆਨ) ਮਿਟਾਂਦਾ ਹੈ। ਪਰ ਜਿਸ ਕਿਸੇ ਦੇਹਧਾਰੀ ਗੁਰੂ ਕੋਲੋਂ ਐਸਾ ਗੁਰੂ ਗਿਆਨ (ਜੋ ਗੁਰਬਾਣੀ ਵਿਚੋਂ ਹੋਵੇ) ਕਿਸੇ ਸਿਖ ਨੂੰ ਪ੍ਰਾਪਤ ਹੁੰਦਾ ਤਾਂ ਉਹ ਗੁਰੂ ਗਿਆਨ ਉਸ ਦੇਹਧਾਰੀ ਗੁਰੂ ਦਾ ਆਪਣਾ ਕਿਵੇਂ ਹੋਇਆ ? ਉਸ (ਗੁਰਬਾਣੀ ਗਿਆਨ) ਦਾ ਕੋਈ ਦੇਹਧਾਰੀ ਆਥਰ ਨਹੀਂ ਹੋ ਸਕਦਾ। ਉਸ ਨੂੰ ਗੁਰਾਂ ਦਾ ਕਾਰਿੰਦਾ, ਸ਼ਬਦ ਗਿਆਨ ਦਾ ਪ੍ਰਚਾਰਕ, ਜਾਂ ਕਾਰ-ਮੁਖਤਾਰ, ਸੰਤ ਖਾਲਸਾ ਤਾਂ ਮੰਨਿਆ ਜਾ ਸਕਦਾ ਹੈ, ਪਰ ਉਸ ਗਿਆਨ ਦਾ ਉਹ ਖੁਦ ਮਾਲਕ ਨਹੀਂ ਕਿ ਆਥਰ ਨਹੀਂ ਹੈ, ਉਹ ਤਾਂ ਸ੍ਰੀ ਗੁਰੂ ਨਾਨਕ ਅਤੇ ਸ਼ਬਦ ਭੰਡਾਰ ਗੁਰੂ ਗ੍ਰੰਥ ਸਾਹਿਬ ਹੀ ਗੁਰੂ ਸਰੂਪ ਮੰਨਿਆ ਜਾ ਸਕਦਾ ਹੈ ਜਿਸ ਵਿਚ ਸਾਰੇ ਸਤਿਗੁਰਾਂ ਅਤੇ ਸੰਤ ਭਗਤ ਆਥਰਾਂ ਦੀ ਬਾਣੀ ਹੈ।

ਜਿਵੇਂ ਰੀਜ਼ਰਵ ਬੈਂਕ ਵਿਚ ਰੁਪੈ ਪੈਸੇ ਅਤੇ ਸੋਨੇ ਚਾਂਦੀ ਦੇ ਭਰੇ ਭੰਡਾਰ ਦੀ ਮਾਲਕ ਸਰਕਾਰ ਹੈ। ਗਿਣ ਗਿਣਾ ਕੇ ਦੇਂਦਾ ਹੋਇਆ ਖਜ਼ਾਨਚੀ ਮਾਲਕ ਨਹੀ ਹੁੰਦਾ ਤਿਵੇਂ ਗੁਰੂ ਸ਼ਬਦ ਭੰਡਾਰ ਵਿਚੋਂ ਸ਼ਬਦ ਵਿਚਾਰ ਦੀ ਘਾਲ ਕਮਾਈ ਤੇ ਗੁਰ ਉਪਦੇਸ਼ ਨੂੰ ਪ੍ਰਚਾਰਨ ਵਾਲਾ (ਚਲਾਉਣ ਵਾਲਾ) ਗੁਰਮੁਖ ! ਕੋਈ ਸੰਤ ਪ੍ਰਚਾਰਕ ਤਾਂ ਸਾਡੇ ਪਿਆਰ ਸਤਿਕਾਰ ਦਾ ਉਹ ਪੂਰਾ ਹਕਦਾਰ ਹੈ। ਪਰ ਦਸਾਂ ਪਾਤਸ਼ਾਹੀਆਂ ਦੀ ਗੁਰਗੱਦੀ ਦਾ ਵਾਰਸ (ਜਾਨਸ਼ੀਨ) ਹੋਣ ਦਾ ਕੋਈ ਦਾਹਵੇਦਾਰ ਜਾਂ ਹੱਕਦਾਰ ਨਹੀਂ ਹੋ ਸਕਦਾ। ਸਿਵਾਏ ਗੁਰੂ ਗ੍ਰੰਥ ਸਾਹਿਬ ਦੇ।

* ਡਾਕਟਰ ਗੰਡਾ ਸਿੰਘ ਨੇ ਕਾਬਲ ਦੀ ਫੇਰੀ ਮਗਰੋਂ ਪੁਸਤਕ (ਅਫਗਾਨਿਸਤਾਨ ਵਿਚ) ਉਥੇ ਦੀ ਇਕ ਬੀੜ ਉਤੇ ਲਿਖੇ ਨੂੰ ਦੇਖ ਕੇ ਸਫਾ ੨੧ ਪਰ ਲਿਖਿਆ ਜਿਸ ਨੂੰ ਸ਼ਰੋਮਣੀ ਕਮੇਟੀ ਨੇ ਛਾਪਿਆ ਹੈ।

ਤਾਂ ਜੇਕਰ ਗੁਰੂ ਜੀ ਨੇ ਪੰਜਾਂ ਪਿਆਰਿਆਂ ਨੂੰ 'ਗੁਰੂ ਖਾਲਸਾ' ਦੀ ਪਦਵੀ ਬਖਸ਼ ਕੇ ਉਹਨਾਂ ਪਾਸੋਂ ਅੰਮ੍ਰਿਤ ਨਾ ਛਕਿਆ ਹੁੰਦਾ ਤਾਂ ਗੁਰੂ ਜੀ ਦੇ ਦਰਬਾਰੀ ਕਵੀ 'ਗੁਰਦਾਸ' ਜੀ ਨੇ ਐਸਾ ਨਾ ਲਿਖਿਆ ਹੁੰਦਾ। ਅਤੇ ਉਸ ਵੇਲੇ ਦੇ ਸਿਖਾਂ ਨੇ ਇਸ ਨੂੰ ਬਹੁਤ ਤਾੜਨਾ ਕਰਨੀ ਸੀ। ਪਰ ਇਸ ਨੇ ਵੇਖਿਆ ਸੀ ਸਚ ਹੀ ਲਿਖਿਆ ਕਿ ਗੁਰੂ ਹੁੰਦਿਆਂ ਚੇਲਾ ਬਣ ਵਿਖਾਇਆ ਸੀ।

ਫੇਰ ਨਾਂਦੇੜ ਵਿਚ ਉਦਾਸ ਚਿਤ ਬੈਠੇ ਸਿਖਾਂ ਨੇ ਪੁਛਿਆ ਸੀ—ਸਾਹਿਬ ਜੀਉ ਸਾਨੂੰ ਕਿਸ ਦੇ ਲੜ ਲਾਏ ਚਲੇ ਹੋ, ਖਾਲਸਾ ਪੰਥ ਕਿਸ ਹਵਾਲੇ, ਸਾਡੀ ਰਾਹਬਰੀ ਕੌਣ ਕਰੇਗਾ ? ਤਦ ਗੁਰੂ ਸਾਹਿਬ ਨੇ ਇਥੇ ਵੀ ਅਮਲੀ ਸਬੂਤ ਦੇਣ ਨੂੰ—"ਕਤਕ ਸੁਦੀ ਦੂਜ" ਨੂੰ ਗੁਰੂ ਗ੍ਰੰਥ ਜੀ ਦਾ ਪ੍ਰਕਾਸ਼ ਕਰ ਕੇ ਨਾਰੀਅਲ ਦੀ ਭੇਟ ਅਤੇ ਕੇਸਰ ਦਾ ਤਿਲਕ ਕੀਤੇ ਮਗਰੋਂ ਪ੍ਰਕਰਮਾ ਕਰਕੇ ਸੀਸ ਨਿਵਾਇਆ ਤੇ ਫੁਰਮਾਇਆ ਸੀ ਖਾਲਸਾ ਅਕਾਲ ਪੁਰਖ ਦੇ ਹਵਾਲੇ ਆਖੋ ਜੀ ਵਾਹਿਗੁਰੂ। *ਅਜ ਤੋਂ ਖਾਲਸਾ ਪੰਥ ਦਾ ਸਤਿਗੁਰੂ (ਗੁਰਗਦੀ ਸਥਾਪਤ) ਗੁਰੂ ਗ੍ਰੰਥ ਜੀ ਜਾਣੀਏ। ਜੋ ਦਸੋਂ ਪਾਤਸ਼ਾਹੀਆਂ ਦਾ ਸ਼ਬਦ ਸਰੂਪ-ਪ੍ਰਤਖ ਗੁਰਾਂ ਦੀ ਦਿਹ ਮੰਨਿਆ ਜਾਇ। ਉਸ ਦਿਨ ਤੋਂ ਹੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਗਟ ਗੁਰਾਂ ਕੀ ਦਿਹ ਮੰਨਿਆ ਤੇ ਸਤਿਕਾਰਿਆ ਜਾ ਰਿਹਾ ਹੈ ਅਤੇ ਸਦਾ ਹੀ ਸਤਿਕਾਰਿਆ ਜਾਏਗਾ।

ਬਾਕੀ ਰਿਹਾ "ਗੁਰੂ ਦਾ ਗਿਆਨ" ਜੋ ਮੋਹਰ ਸਿੰਘ ਦੇ ਲਿਖੇ ਅਨੁਸਾਰ ਠੀਕ ਹੀ ਸਿੱਖ ਦਾ ਅੰਧਕਾਰ (ਅਗਿਆਨ) ਮਿਟਾਂਦਾ ਹੈ। ਪਰ ਜਿਸ ਕਿਸੇ ਦੇਹਧਾਰੀ ਗੁਰੂ ਕੋਲੋਂ ਐਸਾ ਗੁਰੂ ਗਿਆਨ (ਜੋ ਗੁਰਬਾਣੀ ਵਿਚੋਂ ਹੋਵੇ) ਕਿਸੇ ਸਿਖ ਨੂੰ ਪ੍ਰਾਪਤ ਹੁੰਦਾ ਤਾਂ ਉਹ ਗੁਰੂ ਗਿਆਨ ਉਸ ਦੇਹਧਾਰੀ ਗੁਰੂ ਦਾ ਆਪਣਾ ਕਿਵੇਂ ਹੋਇਆ ? ਉਸ (ਗੁਰਬਾਣੀ ਗਿਆਨ) ਦਾ ਕੋਈ ਦੇਹਧਾਰੀ ਆਥਰ ਨਹੀਂ ਹੋ ਸਕਦਾ। ਉਸ ਨੂੰ ਗੁਰਾਂ ਦਾ ਕਾਰਿੰਦਾ, ਸ਼ਬਦ ਗਿਆਨ ਦਾ ਪ੍ਰਚਾਰਕ, ਜਾਂ ਕਾਰ-ਮੁਖਤਾਰ, ਸੰਤ ਖਾਲਸਾ ਤਾਂ ਮੰਨਿਆ ਜਾ ਸਕਦਾ ਹੈ, ਪਰ ਉਸ ਗਿਆਨ ਦਾ ਉਹ ਖੁਦ ਮਾਲਕ ਨਹੀਂ ਕਿ ਆਥਰ ਨਹੀਂ ਹੈ, ਉਹ ਤਾਂ ਸ੍ਰੀ ਗੁਰੂ ਨਾਨਕ ਅਤੇ ਸ਼ਬਦ ਭੰਡਾਰ ਗੁਰੂ ਗ੍ਰੰਥ ਸਾਹਿਬ ਹੀ ਗੁਰੂ ਸਰੂਪ ਮੰਨਿਆ ਜਾ ਸਕਦਾ ਹੈ ਜਿਸ ਵਿਚ ਸਾਰੇ ਸਤਿਗੁਰਾਂ ਅਤੇ ਸੰਤ ਭਗਤ ਆਥਰਾਂ ਦੀ ਬਾਣੀ ਹੈ।

ਜਿਵੇਂ ਰੀਜ਼ਰਵ ਬੈਂਕ ਵਿਚ ਰੁਪੈ ਪੈਸੇ ਅਤੇ ਸੋਨੇ ਚਾਂਦੀ ਦੇ ਭਰੇ ਭੰਡਾਰ ਦੀ ਮਾਲਕ ਸਰਕਾਰ ਹੈ। ਗਿਣ ਗਿਣਾ ਕੇ ਦੇਂਦਾ ਹੋਇਆ ਖਜ਼ਾਨਚੀ ਮਾਲਕ ਨਹੀ ਹੁੰਦਾ ਤਿਵੇਂ ਗੁਰੂ ਸ਼ਬਦ ਭੰਡਾਰ ਵਿਚੋਂ ਸ਼ਬਦ ਵਿਚਾਰ ਦੀ ਘਾਲ ਕਮਾਈ ਤੇ ਗੁਰ ਉਪਦੇਸ਼ ਨੂੰ ਪ੍ਰਚਾਰਨ ਵਾਲਾ (ਚਲਾਉਣ ਵਾਲਾ) ਗੁਰਮੁਖ ! ਕੋਈ ਸੰਤ ਪ੍ਰਚਾਰਕ ਤਾਂ ਸਾਡੇ ਪਿਆਰ ਸਤਿਕਾਰ ਦਾ ਉਹ ਪੂਰਾ ਹਕਦਾਰ ਹੈ। ਪਰ ਦਸਾਂ ਪਾਤਸ਼ਾਹੀਆਂ ਦੀ ਗੁਰਗੱਦੀ ਦਾ ਵਾਰਸ (ਜਾਨਸ਼ੀਨ) ਹੋਣ ਦਾ ਕੋਈ ਦਾਹਵੇਦਾਰ ਜਾਂ ਹੱਕਦਾਰ ਨਹੀਂ ਹੋ ਸਕਦਾ। ਸਿਵਾਏ ਗੁਰੂ ਗ੍ਰੰਥ ਸਾਹਿਬ ਦੇ।

* ਡਾਕਟਰ ਗੰਡਾ ਸਿੰਘ ਨੇ ਕਾਬਲ ਦੀ ਫੇਰੀ ਮਗਰੋਂ ਪੁਸਤਕ (ਅਫਗਾਨਿਸਤਾਨ ਵਿਚ) ਉਥੇ ਦੀ ਇਕ ਬੀੜ ਉਤੇ ਲਿਖੇ ਨੂੰ ਵੇਖ ਕੇ ਸਫਾ ੨੧ ਪਰ ਲਿਖਿਆ ਜਿਸ ਨੂੰ ਸ਼੍ਰੋਮਣੀ ਕਮੇਟੀ ਨੇ ਛਾਪਿਆ ਹੈ।

ਬਿਸਨਪਦ ਪੁਨਿਆਕੀ—

ਆਪਨ ਪੈਂ ਸ੍ਰੀ ਖਾਲਸੇ ਦੀਨਾ ਦ੍ਰਿਤਿਯਰੂਪ ਸਤਿਗੁਰੂ ਗ੍ਰੰਥਾ ॥
ਬੋਲਨ ਸਤਿਗੁਰ ਸਬਦ ਸੰਭਾਖਨ ਨਾਮ ਗੋਬਿੰਦ ਕੀਰਤਨ ਸੰਥਾ ॥
ਗੁਨਨਵਾਦ ਪੁਨਿ ਸਿਫਤ ਸਲਾਹਿਨ ਊਠਤ ਬੈਠਤ ਸੈਨ ਕਰੰਥਾ ॥
ਪਾਵਨ ਪੰਥ ਖਾਲਸਹਿ ਪ੍ਰਗਟਿਯੋ ਚਾਰ ਬਰਨ ਆਸ਼ਰਮ ਸ਼ੁਭ ਪੰਥਾ ॥
ਇਨ ਕੋ ਦਰਸ ਸਤਿਗੁਰ ਕੋ ਦਰਸਨ ਬੋਲਨ ਗੁਰੂ-ਸ਼ਬਦ ਗੁਰੂ ਗ੍ਰੰਥਾ ॥
ਦਵਾਦਸ ਰੂਪ ਸਤਿਗੁਰ ਕੋ ਕਹੀਅਤ ਦਵਾਦਸ ਭਾਨ ਪ੍ਰਗਟ ਹਰ ਸੰਤਾ ॥
ਪ੍ਰਤੱਖ ਕਲਾ ਪਾਰਬ੍ਰਹਮ ਧਣੀਕੈ ਗ੍ਰੰਥ ਪੰਥ ਖਾਲਸ ਵਰਤੰਤਾ ॥
ਦਾਸ ਗੋਬਿੰਦ ਫਤਹਿ ਸਤਿਗੁਰ ਕੀ ਖਾਸ ਗ੍ਰੰਥ ਗੁਰੂ ਰੂਪ ਬਦੰਤਾ ॥੨॥
॥ਦੁਪਦਾ॥੧॥

(ਸ੍ਰੀ ਸਰਬਲੋਹ ਸਾਹਿਬ--ਪੰਜਵਾਂ ਧਿਆਏ ਪੰਨਾ ੪੯੬)

ਨੋਟ—ਸ੍ਰੀ ਸਰਬ-ਲੋਹ ਗ੍ਰੰਥ ਵਿਚੋਂ ਸਿਰਫ ਨਮੂਨੇ ਮਾਤਰ ਦਸਿਆ ਹੈ। ਇਸ ਪ੍ਰਸੰਗ ਨੂੰ ਸ੍ਰੀ ਗੁਰੂ ਨਾਨਕ ਤੋਂ ਅਰੰਭ ਨੌਵੇਂ ਗੁਰੂ ਜੀ ਤੀਕ ਫਿਰ ਆਪਣੇ ਸੰਬੰਧ ਵਿਚ ਤੇ ਖਾਲਸਾ ਪੰਥ ਅਤੇ ਗੁਰੂ ਗ੍ਰੰਥ ਸਾਹਿਬ (ਸਥਾਪਤ ਅਤੇ ਮਹਾਤਮ) ਸਿਰਲੇਖ ਹੇਠਾਂ ਉਕਤ (ਬਿਸਨਪਦ ਪੁਨਿਆਕੀ) ਛੰਦ ਤੀਕ ਮੁਕਾਇਆ ਹੈ--ਚਾਹੇ ਅਗੇ ਹੋਰ ਪ੍ਰਕਰਣ ਵੀ ਮਿਲਦਾ ਜੁਲਦਾ ਬਹੁਤ ਹੈ। ਜੋ ਅਗਲੇ ਪੰਨਿਆਂ ਪਰ ਜਿਥੇ ਹੋਰ ਵਧੇਰੇ ਲੋੜ ਸਮਝਾਂਗੇ ਲਿਖਾਂਗੇ।

ਪਰ ਉਕਤ ਲਿਖਤ ਦੀ ਗਵਾਹੀ ਤੋਂ ਵਧ ਕੇ ਹੋਰ ਕੀ ਸਬੂਤ ਚਾਹੀਏ ? ਪਿਛੇ ਦੇ ਤਰਕਵਾਦੀ ਲੋਕਾਂ ਦੀ ਤਸੱਲੀ ਵਾਸਤੇ ਉਹਨਾਂ ਨੇ ਰਜਿਸਟਰੀ ਤਾਂ ਨਹੀਂ ਕਰਾਣੀ ਸੀ। ਜਿਵੇਂ ਗੁਰੂ ਹਰਿਕ੍ਰਿਸ਼ਨ ਜੀ ਨੇ ਦਿੱਲੀ ਵਿਚ ਵਾਕ ਕੀਤਾ ਸੀ "ਬਾਬਾ ਬਕਾਲੇ" ਲੋਕਾਂ ਨੇ ਸੁਣਿਆ ਤੇ ਪਿਛੋਂ ਦੇ ਕਵੀਆਂ ਨੇ ਕਵਿਤਾ ਵਿਚ ਲਿਖਿਆ ਸੀ। ਤਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਫੈਸਲਾ ਪਹਿਲੇ ਹੀ ਨਿਸਚਿਤ ਕੀਤਾ ਤੇ ਸ੍ਰੀ ਸਰਬਲੋਹ ਗ੍ਰੰਥ ਵਿਚ ਲਿਖ ਰਖਿਆ ਸੀ, ਪਰ ਪ੍ਰਗਟ ਕਰਨ ਦਾ ਸਮਾਂ ਹੁਣ ਆਇਆ ਸੀ (ਉਹ ਗੁਰੂ ਗ੍ਰੰਥ ਸਾਹਿਬ ਨੂੰ ਪਹਿਲੇ ਹੀ ਗੁਰੂ ਮੰਨਦੇ ਸਨ) ਤਦੋ ਪ੍ਰਕਾਸ਼ ਕਰਾਕੇ "ਗੁਰਗਦੀ ਸਥਾਪਤ" ਦਸਿਆ। ਫਿਰ ਚਾਰ ਪ੍ਰਦਖਣਾ ਨਾਰੀਅਲ ਭੇਟ ਤੇ ਕੇਸਰ ਤਿਲਕ ਨਾਲ ਪੂਜਨ ਕਰਕੇ ਫੁਰਮਾਇਆ ਸੀ ਕਿ ਗੁਰੂ ਨਾਨਕ ਦੇਵ ਤੋਂ ਚਲੀ ਗੁਰਤਾ ਦਸਵੀਂ ਥਾਂ ਸਾਡੇ ਤੀਕ ਤੇ ਗਿਆਰਵੀਂ ਥਾਇੰ "ਗੁਰੂ ਖਾਲਸਾ" (ਪੰਜ ਪਿਆਰੇ) ਨਾਮ ਅੰਮ੍ਰਿਤ ਸੰਚਾਲਕ ਅਤੇ ੧੨ਵੀਂ ਥਾਇੰ (ਗੁਰਗਦੀ ਸਥਾਪਤ) ਗੁਰੂ ਗ੍ਰੰਥ ਸਾਹਿਬ ਨੂੰ ਜਾਣਿਆ ਤੇ ਸਤਿਕਾਰਿਆ ਜਾਏ।

ਫਿਰ ਪਾਠ ਮਹਾਤਮ, ਬਾਬਤ ਖੋਹਲਕੇ ਦਸਿਆ ਅਤੇ ਉਕਤ ਸਾਰੇ ੧੨ ਸਰੂਪਾਂ ਨੂੰ ਇਕੋ ਜੋਤ ਰੂਪ ਸਮਝੀਏ ਕਿ ਇਹ ਉਸੇ ਹਰੀ ਵਾਹਿਗੁਰੂ ਦਾਤੇ (ਧਣੀ) ਦੀ ਪ੍ਰਤੱਖ ਕਲਾ ਹੈ ਕਿ ੧੨ ਸੰਤ ਸਰੂਪਾਂ ਵਿਚ ਸੰਤ ਗੁਰੂ (ਗਿਆਨ ਪ੍ਰਕਾਸ਼ ਕਰਨ ਵਾਲੇ) ਮਾਨੋ ੧੨ ਸੂਰਜ ਪ੍ਰਗਟਾਏ ਹਨ, ਤੇ ਇਹੋ ਪ੍ਰਤੱਖ ਕਲਾ ਹੈ—ਕਿ 'ਗੁਰੂ ਗ੍ਰੰਥ' 'ਗੁਰੂ ਖਾਲਸਾ' ਪੰਥ ਵਿਚ ਵਰਤੰਤ ਹੋਇਗਾ। ਭਾਵ ਗੁਰੂ ਰੂਪ ਹੋਇ ਕਰ ਵਰਤੇਗਾ।

ਉਕਤ ਸ੍ਰੀ ਸਰਬ-ਲੋਹ ਗ੍ਰੰਥ ਸਾਹਿਬ ਲਗਪਗ ੨੭੦ ਸਾਲਾਂ ਤੀਕ ਬਿਨਾਂ ਛਾਪੇ ਦੇ ਖਾਲਸਾ ਪੰਥ ਤੋਂ ਉਹਲੇ ਪਿਆ ਰਿਹਾ ਸੀ। ਸਵਾਮੀ ਹਰਨਾਮ ਦਾਸ (ਮਹਾਂ ਵਿਦਵਾਨ) ਉਦਾਸੀ ਸੰਤ ਨੇ ਇਸ ਨੂੰ ਕਿਤੇ ਪਹਿਲੇ ਪੜ੍ਹਿਆ, ਫਿਰ ਦੇਸ਼ ਭਰ ਵਿਚ ਫਿਰ ਕੇ ਜਿਥੇ ਕਿਥੇ ਇਹ ਥੋੜਾਂ ਕਿਤੇ ਚਾਰ ਧਿਆਏ ਕਿਤੇ ਮੁਕੰਮਲ ਪੰਜ ਧਿਆਏ ਵਿਚ ਵੇਖਿਆ ਤੇ ਡੂੰਘੀ ਸੋਚ ਵਿਚਾਰ ਮਗਰੋਂ ਇਸ ਦਾ ਲਿਖਣ ਸਮਾਂ ਸੰਮਤ ੧੭੫੫ ਤੋਂ ੧੭੬੧ ਤੀਕ ਜਾਣਿਆ।

ਇਸ ਕਦਰਦਾਨ ਵਿਦਵਾਨ ਨੇ ਆਪਣੀ ਸੂਝ-ਬੂਝ ਮੁਤਾਬਕ ਗੁਰੂ ਗੋਬਿੰਦਸਿੰਘ ਜੀ ਦੀ ਮਹਾਨ ਅਵਤਾਰੀ ਵਿਅਕਤੀ ਨੂੰ ਸ੍ਰੀ ਸਰਬ-ਲੋਹ ਦੀ ਰਚਨਾ ਤੋਂ ਜੋ ਅਨੁਭਵ ਕੀਤਾ ਤੇ ਭੂਮਿਕਾ ਵਿਚ ਜਿਹਨਾਂ ਸ਼ਬਦਾਂ ਨਾਲ ਸਲਾਹਿਆ ਅਤੇ ਵਡਿਆਇਆ ਹੈ— ਮੈਂ (ਨਾਚੀਜ਼ ਲੇਖਕ) ਨੇ ਅਜ ਤੀਕ ਕਿਸੇ ਸਿਖ ਵਿਦਵਾਨ ਦੀ ਕਲਮ ਤੋਂ ਲਿਖਿਆ ਨਹੀਂ ਵੇਖਿਆ ਅਤੇ ਸਵਾਮੀ ਹਰਨਾਮ ਦਾਸ ਨੇ ਆਪਣਾ ਪੱਕਾ ਇਰਾਦਾ ਕਰਕੇ ਇਸ ਦਾ ਟੀਕਾ ਕਰਨਾ ਸ਼ੁਰੂ ਕਰ ਦਿਤਾ ਜੋ ੩੬ ਸਾਲਾਂ ਦੀ ਸਖਤ ਮਿਹਨਤ ਨਾਲ ਸੰਪੂਰਨ ਕੀਤਾ। ਪਰ ਛਾਪਣਾ ਮੁਸ਼ਕਲ ਸੀ।

ਸਵਾਮੀ ਜੀ ਨੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, ਫਿਰ ਦਿੱਲੀ ਆਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵਿਖਾਇਆ ਕਿ ਉਹਨਾਂ ਵਲੋਂ ਇਸ ਨੂੰ ਛਪਵਾਇਆ ਜਾਏ। ਪਰ ਇਸ ਲੇਖਕ ਨੂੰ ਕਿਤੋਂ ਵੀ ਇਸ ਦੀ ਘਾਲ ਦਾ ਮੁੱਲ ਨਾ ਮਿਲਿਆ। ਅਖੀਰ ਨੂੰ ਇਸ ਦੀ ਇਤਨੀ ਮਿਹਨਤ ਅਤੇ ਲਗਨ ਦੀ ਕਦਰ ਗੁਰੂ ਗੋਬਿੰਦ ਸਿੰਘ ਜੀ ਦੇ ਸੱਚੇ ਸਪੂਤ ਸਿੰਘ ਸਾਹਿਬ ਸੁਲਤਾਨ ੯੬ਵੇਂ ਕਰੋੜੀ ਬੁੱਢਾ ਦਲ (ਬਾਬਾ ਸੰਤਾ ਸਿੰਘ ਜੀ ਪਰਉਪਕਾਰੀ ਸ੍ਰੀ ਅਨੰਦਪੁਰ) ਵਾਲਿਆਂ ਨੇ ੩੬੦੦੦ ਰੁਪਏ ਵਿਚ ਖਰੀਦ ਲਿਆ ਤੇ ਦੋ ਜਿਲਦਾਂ ਵਿਚ ਛਪਵਾ ਕੇ ਖਾਲਸਾ ਪੰਥ ਵਾਸਤੇ ਪਰਉਪਕਾਰ ਦਾ ਕੰਮ ਕੀਤਾ। ਇਹ ਦੋਵੇਂ ਜਿਲਦਾਂ ਮੇਰੇ ਪਾਸ ਵੀ ਹਨ ਅਤੇ ਇਹ ਸਾਰਾ ਜ਼ਿਕਰ ਸਵਾਮੀ ਹਰਨਾਮ ਦਾਸ ਨੇ ਮੈਨੂੰ ਖੁਦ ਸੁਣਾਇਆ ਸੀ ਜਦੋਂ ਦਿੱਲੀ ਆਏ ਸਨ।

ਇਸ ਤੋਂ ਵਖਰੇ ਖੋਜੀ ਵਿਦਵਾਨ ਨੇ ਇਹ ਵੀ ਦਸਿਆ ਕਿ ਕਿੰਨਾਂ ਕਾਰਨਾਂ ਕਰਕੇ ਇਹ ਮਹਾਨ ਰਚਨਾ (ਦਸਮੇਸ਼ ਜੀ ਦੀ) ਸਿੱਖ ਪੰਥ ਤੋਂ ਜਾਂ ਫਿਰ ਵਿਦਵਾਨਾਂ ਤੋਂ ਉਹਲੇ ਰਹੀ ਤੇ ਗੁਰੂ ਆਸ਼ੇ ਨੂੰ ਸਮਝੇ ਨਹੀਂ। ਸਵਾਮੀ ਜੀ ਨੇ ਇਸ ਦਾ ਰਚਨ ਕਾਲ ਸੰਮਤ ੧੭੫੫ ਤੋਂ ਸੰਮਤ ੧੭ ੧ ਤੀਕ ਦਸਿਆ ਜੋ ਇਹ ਵੀ ਠੀਕ ਨਹੀਂ ਜੱਚਦਾ ਹੈ ਕਿਉਂਕਿ "ਗੁਰੂ ਸਾਹਿਬ" ਸੰਮਤ ੧੭੬੧ ਮਹੀਨਾ ਪੋਹ ੬ ਤਾਰੀਖ (੨੦ ਦਸੰਬਰ) ਤੀਕ ਸ੍ਰੀ ਅਨੰਦਪੁਰ ਰਹੇ, ਤੇ ਇਸ ਤੋਂ ਪਹਿਲੇ ਸਾਲਾਂ ਵਿਚ ੧੭੫੬ ਬਿਕ੍ਰਮੀ ਦੀ ਵੈਸਾਖੀ ਤੋਂ ਪਿਛੋਂ ਹੀ ਉਹਨਾਂ ਨੇ ਪੰਜਵਾਂ ਧਿਆਇ ਲਿਖਿਆ ਤੇ ਸਰਬ-ਲੋਹ ਸੰਪੂਰਣ ਕੀਤਾ ਜਾਪਦਾ ਹੈ।

ਇਸ ਤੋਂ ਸਾਬਤ ਹੈ ਕਿ ਗੁਰੂ ਜੀ ਨੇ ਪੰਜ ਪਿਆਰਿਆਂ ਪਾਸੋਂ ਜਦੋਂ ਅੰਮ੍ਰਿਤ-ਪਾਨ ਕੀਤਾ ਸੀ ਉਸ ਵੇਲੇ ਤੋਂ ਹੀ ਆਪਣੇ ਪੰਜ ਪਿਆਰਿਆਂ ਨੂੰ ਗੁਰੂ ਖਾਲਸਾ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗਦੀ ਸਥਾਪਤ ਕਰਨਾ ਨਿਸਚਿਤ ਕੀਤਾ ਤੇ ਲਿਖ ਰਖਿਆ ਸੀ, ਪਰ ਅਮਲੀ ਤੌਰ ਜੋ ਪ੍ਰਤੱਖ ਕਰ ਵਖਾਣਾ ਸੀ, ਉਹ ਸਮਾਂ ਆਏ ਤੋਂ ਪਹਿਲੇ

ਕਿਸੇ ਨੂੰ ਨਹੀਂ ਦਸਿਆ ਕਿ ਸਰੀਰ ਕਰਕੇ ਖੁਦ ਮੌਜੂਦ ਸਨ। ਉਹ ਨੰਦੇੜ ਵਿਚ "ਕਤਕ ਸੁਦੀ ਦੂਜ ਨੂੰ ਗੁਰੂ ਗ੍ਰੰਥ ਸਾਹਿਬ ਦਾ ਪੂਜਨ ਕਰਕੇ ਦਰਸਾਇਆ ਸੀ ਤੇ ਉਸ ਦਿਨ ਤੋਂ ਹੀ ਪ੍ਰਚਲਤ ਹੋਇਆ ਹੈ।

ਨੋਟ—ਸਵਾਮੀ ਹਰਨਾਮ ਦਾਸ ਖੁਦ ਵੀ ਦੇਹਧਾਰੀ ਗੁਰੂ ਦਾ ਸਮਰਥਕ ਤੇ ਵਿਸ਼ਵਾਸੀ ਹੈ ਪਰ ਉਸ ਨੇ ਇਕ ਸਚੇ ਲੇਖਕ ਵਾਂਗੂ ਇਤਿਹਾਸਕ ਸਚਾਈ ਨੂੰ ਲਿਖ ਕੇ ਆਪਣੀ ਦਿਆਨਤਦਾਰੀ ਦਾ ਸਬੂਤ ਦਿਤਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ੧੨ਵਾਂ ਸਤਿਗੁਰੂ ਸਥਾਪਤ ਅਤੇ ਖਾਲਸਾ ਪੰਥ ਵਿਚ ਵਰਤੰਤ ਹੋਇਗਾ ਲਿਖਿਆ ਹੈ ਉਕਤ ਸਵਾਮੀ ਹਰਨਾਮ ਦਾਸ ਜੀ ਨੂੰ ਮੇਰੇ ਨਾਲੋਂ ਵਧੇਰੇ ਨਾਮਧਾਰੀ ਦਰਬਾਰ ਜਾਣਦਾ ਹੈ। ਹੁਣ ਉਹ ਚਲਾਣਾ ਕਰ ਚੁਕੇ ਹਨ।

ਉਕਤ ਸ੍ਰੀ ਸਰਬ-ਲੋਹ ਗ੍ਰੰਥ ਦੇ ਹਵਾਲੇ ਨਾਲ ਨਾਮਧਾਰੀ ਲੇਖਕਾਂ ਦੀ ਤਸੱਲੀ ਹੋਣੀ ਹੈ ਕਿ ਨਹੀਂ ? ਪਰ ਪਾਠਕਾਂ ਸਾਹਮਣੇ ਇਹ ਸਬੂਤ ਪੇਸ਼ ਕਰਨਾ ਜ਼ਰੂਰੀ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਤੀਕ ਦਸਾਂ ਪਾਤਸ਼ਾਹੀਆਂ ਨੂੰ ਇਕੋ ਜੋਤ ਰੂਪ ਵਰਤੇ ਦਸਿਆ। ਫਿਰ ਗਿਆਰਵੀਂ ਥਾਇਂ ਗੁਰੂ ਖਾਲਸਾ ਅਤੇ ੧੨ਵੀਂ ਥਾਇਂ ਖਾਸ ਗ੍ਰੰਥ ਗੁਰੂ ਰੂਪ ਬਰੰਤਾ ਕਿਹਾ—ਖਾਸ ਸ਼ਬਦ ਤੋਂ ਮਤਲਬ ਇਹ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਜੀ ਨੂੰ ਬੜੀ ਤਾਕੀਦ ਨਾਲ ਗੁਰੂ ਰੂਪ (ਬਰੰਤਾ) ਪ੍ਰਗਟ ਕਰਦੇ ਹਨ, ਕਿ ਕਿਸੇ ਨੂੰ ਸੰਸਾ ਨਾ ਰਹੇ।

ਹੁਣ ਗੁਰੂ ਖਾਲਸਾ ਦਾ ਸਰੂਪ ਨਿਰਣਾ ਵੀ ਦਸਣਾ ਹੈ ਕਿ ਪੰਜ ਪਿਆਰੇ ਗੁਰੂ ਖਾਲਸਾ ਰੂਪ ਕਿਹੜੇ ਵੇਲੇ ਤੇ ਕਦੋਂ ਤੀਕ ਇਸ ਰੂਪ ਵਿਚ ਮੰਨੇ ਜਾਂਦੇ ਹਨ ? ਗੁਰੂ ਬਖਸ਼ਿਸ਼ ਬੁਧੀ ਬਲ ਨਾਲ ਇਹ ਨਿਰਨਾ ਲਿਖਿਆ ਵੀ ਪੜ੍ਹੀਏ।

ਪਹਿਲੇ ਪੰਜ ਪਿਆਰੇ ਉਹੋ ਸਨ ਜਿਹਨਾਂ ਨੇ ਸੀਸ ਗੁਰੂ ਕੀ ਭੇਟ ਕੀਤਾ, ਅਪਣਤ ਮਿਟਾ ਦਿਤੀ ਤੇ ਗੁਰੂ ਜੀ ਤੋਂ ਜੀਵਨ ਪਦਵੀ ਦੁਬਾਰਾ ਪ੍ਰਾਪਤ ਕੀਤੀ ਸੀ। ਇਹਨਾਂ ਤਾਈਂ ਹੀ ਪੰਜ ਪਿਆਰੇ ਗੁਰੂ ਖਾਲਸਾ ਮੰਨਿਆ ਤੇ ਇਹਨਾਂ ਤੋਂ ਹੀ ਖਾਲਸਾ ਪੰਥ ਪ੍ਰਗਟ ਕਰਨ ਦੀ ਮਹੂਰਤ ਸਮਝੀ ਜਣੀ ਹੈ। ਇਹ ਪੰਜ ਪਿਆਰੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ ਜੀ ਸਨ ਜੋ ਗੁਰੂ ਜੀ ਨੂੰ ਆਪਣੇ ਪੁੱਤ ਪ੍ਰਵਾਰ ਤੋਂ ਵਧ ਕੇ ਹੁਕਮੀ ਬੰਦੇ ਜਾਪੇ ਤੇ ਪੰਜ ਪਿਆਰੇ ਗੁਰੂ ਖਾਲਸਾ ਇਹਨਾਂ ਨੂੰ ਮੰਨਿਆ ਸੀ।

ਇਹ ਗੁਰ ਕੇ ਅੰਗ ਸੰਗ ਰਹੇ। ਫਿਰ ਵੱਡੀ ਚਮਕੌਰ ਦੀ ਜੰਗ ਵੇਲੇ ਭਾਈ ਹਿੰਮਤ ਸਿੰਘ, ਮੋਹਕਮ ਸਿੰਘ ਅਤੇ ਸਾਹਿਬ ਸਿੰਘ ਸ਼ਹੀਦ ਹੋਏ ਮਗਰੋਂ ਭਾਈ ਦਇਆ ਸਿੰਘ ਤੇ ਧਰਮ ਸਿੰਘ ਜੀ ਨਾਂਦੇੜ ਤੀਕ ਨਾਲ ਰਹੇ ਸੀ। ਪਰ ਉਥੇ ਵੀ ਤਿੰਨ ਹੋਰ ਮੁਖੀ ਸਿੰਘਾਂ ਸਮੇਤ ਗੁਰੂ ਜੀ ਦੇ ਨਾਲ ਪੰਜ ਸਿੰਘ (ਪੰਜ ਪਿਆਰੇ ਰੂਪ) ਇਕੱਠੇ ਰਹੇ ਸੀ ਤੇ ਜਿਸ ਤੰਬੂ ਵਿਚ ਗੁਰੂ ਜੀ ਦਾ ਪਲੰਘ ਸੀ ਪ੍ਰਸ਼ਾਦਾ ਛਕਣ ਵੇਲੇ ਪੰਜ ਥਾਲ ਇਕੱਠੇ ਆਉਂਦੇ ਤੇ ਪੰਜਾਂ ਸਹਿਤ ਗੁਰੂ ਜੀ ਪ੍ਰਸ਼ਾਦ ਛਕਦੇ ਰਹੇ ਸੀ। ਇਹ ਮਰਿਆਦਾ ਗੁਰੂ ਜੀ ਤੋਂ ਬਾਅਦ ਵੀ ਭਾਈ ਧਰਮ ਸਿੰਘ ਸੰਤੋਖ ਸਿੰਘ ਨੇ (ਗੁਰੂ ਜੋਤ ਹਾਜ਼ਰ ਨਾਜ਼ਰ ਸਮਝ ਕੇ) ਜਾਰੀ ਰਖੀ। ਫਿਰ ਉਦਾਸੀ ਸੰਤਾਂ ਵੀ ਪੰਜ ਥਾਲ ਪ੍ਰਸ਼ਾਦਾ ਢੱਕ ਕੇ ਅਰਦਾਸੇ

ਮਗਰੋਂ ਵਰਤਾਂਦੇ ਰਹੇ ਤੇ ਹੁਣ ਤੀਕ ਇਹ ਮਰਯਾਦਾ ਉਥੇ ਜਾਰੀ ਹੈ, ਹੋਰ ਥਾਈਂ ਪੰਜਾਂ ਦਾ ਕੜਾਹ ਪ੍ਰਸ਼ਾਦਿ ਹੀ ਵੰਡਦੇ ਹਨ।

ਪਰ ਹੁਣ ਅਸੀਂ ਪੰਜ ਪਿਆਰੇ ਕਿਸ ਤਰ੍ਹਾਂ ਦੇ ਪੰਜਾਂ ਸਿੰਘਾਂ ਨੂੰ ਮੰਨਣਾ ਹੈ ਤੇ ਕਿਹੜੇ ਵੇਲੇ ਤੀਕ ਉਹ ਪੰਜੇ "ਗੁਰੂ ਖਾਲਸਾ ਰੂਪ" ਵਿਚ ਮੰਨੇ ਜਾਂਦੇ ਹਨ ਇਹੋ ਸਮਝਣਾ ਹੈ ਕਿ ਬੜਾ ਜ਼ਰੂਰੀ ਸਵਾਲ ਹੈ—ਤੇ ਉਤਰ ਇਹ ਹੈ—

ਗੁਰੂ ਜੀ ਦੇ ਹਰ ਕੇਸਾਧਾਰੀ ਸਿੱਖ ਵਾਸਤੇ ਅੰਮ੍ਰਿਤਪਾਨ ਕਰਨਾ ਜ਼ਰੂਰੀ ਹੈ ਤੇ ਰਹਿਤ ਰਖਣੀ ਹੋਰ ਵੀ ਜ਼ਰੂਰੀ ਹੈ ਨਹੀਂ ਤਾਂ ਹਰ ਕੋਈ ਕੇਸਾਧਾਰੀ ਜੋ ਬੇ-ਅੰਮ੍ਰਿਤੀਆ ਹੈ ਉਹ ਭੇਖੀ ਹੈ—ਪਾਖੰਡੀ ਹੈ। ਕਿਉਂਕਿ ਗੁਰੂ ਜੀ ਨੂੰ ਰਹਿਤ ਪਿਆਰੀ ਹੈ। ਫਿਰ ਸਿਖ ਸੰਗਤਾਂ ਜਾਂ ਸੰਸਥਾਵਾਂ ਵਲੋਂ ਪ੍ਰਸਿਧ ਗੁਰਦੁਆਰਿਆਂ, ਤਖਤ ਸਾਹਿਬਾਨਾਂ ਉਤੇ ਜੋ ਗ੍ਰੰਥੀ ਸਿੰਘ ਜਾਂ ਜਥੇਦਾਰ "ਸਿੰਘ ਸਾਹਿਬ" ਮੁਕਰਰ ਹੁੰਦੇ ਹਨ ਉਹ ਅੰਮ੍ਰਿਤਧਾਰੀ ਰਹਿਤਵਾਨ ਸਿੰਘ ਹੀ ਹੁੰਦੇ ਹਨ, ਪਰ ਦੂਜੀਆਂ ਹੋਰ ਥਾਵਾਂ ਵਿਚੋਂ ਵੀ ਰਹਿਤਵਾਨ ਚੋਣਵੇਂ ਸਿੰਘ ਕਿਤੇ ਅੰਮ੍ਰਿਤ ਛਕਾਉਣਾ ਚਾਹੁਣ ਤਾਂ ਪਹਿਲੇ ਗੁਰੂ ਗ੍ਰੰਥ ਜੀ ਦੀ ਹਜ਼ੂਰੀ 'ਚ ਅਰਦਾਸਾ ਸੋਧਦੇ ਕਿ ਅਸੀਂ ਪੰਜ ਸਿੰਘ—"ਗੁਰੂ ਖਾਲਸਾ" ਰੂਪ ਵਿਚ (ਇਸ ਇਕ ਸਿੰਘ ਜਾਂ ਸਿੰਘਣੀਆਂ ਵਾਸਤੇ) ਅੰਮ੍ਰਿਤ ਤਿਆਰ ਕਰਨ ਲਗੇ ਹਾਂ।

ਗੁਰੂ ਜੀ ਦਾ ਫੁਰਮਾਣ ਹੈ—

"ਪੰਚਾ ਮਹਿ ਵਰਤਤ ਸਦ ਮੈਂ ਹੂੰ ਪੰਚ ਮਿਲਹਿ ਸੋ ਪੀਰਨ ਪੀਰ।"

ਇਸ ਵਾਕ ਨਾਲ ਗੁਰੂ ਸਾਹਿਬ ਤੋਂ ਮੰਗ ਕੀਤੀ ਜਾਂਦੀ ਕਿ ਹੇ ਗੁਰੂ ਸਾਹਿਬ ਜੀਉ! ਤੁਸੀਂ ਆਪਣੀ ਜੋਤ ਕਲਾ ਪ੍ਰਦਾਨ ਕਰੀਏ ਕਿ ਆਪ ਵਲੋਂ ਬਖਸ਼ਿਸ਼ ਅੰਮ੍ਰਿਤ ਛਕਾਕੇ ਨਾਮ ਮੰਤਰ ਉਪਦੇਸ਼ ਸੁਣਾਕੇ ਅਭਿਲਾਖੀਆਂ ਨੂੰ ਆਪ ਦੀ ਖਾਲਸਾ ਸੰਗਤ ਨਾਲ ਰਲਾਣਾ ਤੇ ਗੁਰੂ ਵਾਲੇ ਬਨਾਣਾ ਹੈ। ਫਿਰ ਅੰਮ੍ਰਿਤ ਛਕਾਏ ਦੀ, ਨਾਮ ਮੰਤਰ ਸੁਣਾਏ ਦੀ, ਸਾਰੀ ਕਾਰਵਾਈ ਸਮਾਪਤ ਹੋਏ ਪਿਛੋਂ ਜਦੋਂ ਅਰਦਾਸਾ ਹੁੰਦਾ, ਤਦ ਗੁਰੂ ਵਾਕ ਸੁਣੇ ਮਗਰੋਂ ਉਹ ਪੰਜ ਪਿਆਰੇ—"ਗੁਰੂ ਖਾਲਸਾ" ਰੂਪ ਨਹੀਂ ਬਲਕਿ ਵਖੋ ਵਖਰੇ ਨਾਮਾਂ ਵਾਲੇ ਗੁਰੂ ਕੇ ਸਿੰਘ ਮੰਨੇ ਜਾਣਗੇ। ਪਰ ਗੁਰੂ ਗ੍ਰੰਥ ਸਾਹਿਬ—ਸਦਾ ਸਤਿਗੁਰੂ ਹੀ ਮੰਨੇ ਜਾਣਗੇ। ਇਹ ਨਿਆਰੀ ਰੀਤ ਇਸ ਨਿਆਰੇ ਖਾਲਸਾ ਪੰਥ ਪ੍ਰਗਟਾਇ ਵਾਸਤੇ--ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਦੇਣ ਹੈ ਕਿ ਇਸ ਦਾ ਸਤਿਗੁਰੂ ਵੀ ਗੁਰੂ ਸ਼ਬਦ ਗਿਆਨ ਰੂਪੀ ਸਦਾ ਅਟੱਲ ਅਤੇ ਪੰਜ ਪਿਆਰੇ ਗੁਰੂ ਖ਼ਾਲਸਾ ਵੀ ਹਰ ਥਾਂ ਦੀ ਸਿੱਖ ਸੰਗਤ ਵਿਚੋਂ (ਰਹਿਤਵਾਨ ਸਿੰਘ) ਪ੍ਰਗਟ ਹੁੰਦੇ ਤੇ ਗੁਰੂ ਦੀ ਦਾਤ ਨਾਮ ਅੰਮ੍ਰਿਤ ਪ੍ਰਚਾਰਦੇ ਰਹਿਣਗੇ। ਜਿਸ ਤੇ ਖਾਲਸਾ ਪੰਥ ਕਿਤਨਾ ਖੁਸ਼-ਕਿਸਮਤ ਹੈ।

ਹੁਣ ਨਾਮਧਾਰੀ ਵੀਰਾਂ ਨੂੰ ਸੋਚਣਾ ਚਾਹੀਦੇ ਕਿ ਅਜ ਕਲ ਦੇ ਪੰਚਾਇਤੀ ਰਾਜ ਵੇਲੇ ਜਦੋਂ ਕਿ ਕਲਜੁਗ ਪ੍ਰਧਾਨ ਹੈ, ਤੇ ਇਕ ਦੂਜੇ ਦੀ ਖੁਸ਼ਾਮਦ ਨਾਲ ਵੋਟਾਂ ਦੀ ਗਿਣਤੀ ਵਧਾ ਕੇ ਹੀ ਮਨਿਸਟਰੀ ਮਿਲਦੀ, ਅਤੇ ਸਮੇਂ ਦੇ ਸਤਿਗੁਰੂ ਕਹਾਉਣ ਵਾਲੇ ਵੀ ਉਹਨਾਂ 'ਥੋਂ' ਇਮਦਾਦ ਚਾਹੁੰਦੇ ਪਿਛੇ ਭਟਕਦੇ ਫਿਰਦੇ ਦਿਸਦੇ ਹਨ, ਤਦ ਐਸਾ ਕੋਈ ਦੇਹਧਾਰੀ ਗੁਰੂ ਆਪਣੀ ਸਿਫਾਰਸ਼ ਨਾਲ ਕਿਸੇ ਚੇਲੇ ਨੂੰ ਜਾਂ ਉਸ ਦੇ ਪੁਤਰ ਨੂੰ ਕੋਈ ਚੰਗੀ ਸਰਕਾਰੀ ਪੋਸਟ ਦਿਲਾਣ ਵਾਸਤੇ ਇਸ ਲੋਕ ਰਾਜ ਵਿਚ ਤਾਂ ਸਹਾਇਕ ਹੋ

ਸਕਦਾ ਹੈ ਪਰ ਅਗੇ ਪਰਲੋਕ ਵਿਚ ਸਹਾਇਤਾ ਦਾ ਉਸ ਪਾਸੋਂ ਭਰੋਸਾ ਰਖਣਾ ਸਰਾਸਰ ਧੋਖਾ ਖਾਣਾ ਹੈ, ਕਿਉਂਕ ਉਹ ਪੂਰਾ ਸਮਰੱਥ ਗੁਰੂ ਨਹੀਂ । ਬਲਕਿ ਉਸ ਪਿਛੋਂ ਤਾਂ ਲੋਕਾਂ ਨੇ ਖੁਦ ਅਰਦਾਸਾ ਕਰਨਾ ਹੈ, ਵਾਹਿਗੁਰੂ ਇਹਨਾਂ ਦੀ (ਦੇਹਧਾਰੀ ਗੁਰੂ ਦੀ) ਆਤਮਾ ਨੂੰ ਸ਼ਾਂਤੀ ਅਤੇ ਸਚਖੰਡ ਵਿਚ ਵਾਸਾ ਬਖਸ਼ਣਾ ।

ਫਿਰ ਕਿਉਂ ਨਾ ਪੰਚ ਪ੍ਰਵਾਨਾ (ਗੁਰੂ ਖਾਲਸਾ) ਪਾਸੋਂ ਨਾਮ ਅੰਮ੍ਰਿਤ ਉਪਦੇਸ਼ ਪਾ ਕੇ ਉਹਨਾਂ ਦੇ ਦਸੇ ਮੁਤਾਬਕ ਗੁਰੂ ਭਾਵਨਾਂ (ਗੁਰੂ ਸ਼ਬਦ ਸੰਗ੍ਰਹਿ) ਗੁਰੂ ਗ੍ਰੰਥ ਜੀ ਪਰ ਰਖੀ ਜਾਏ, ਅਤੇ ਲੋਕ ਪ੍ਰਲੋਕ ਵਿਚ ਸਹਾਇਤਾ ਦੀ ਸਾਰੀ ਜਿੰਮੇਵਾਰੀ (ਅਮਰ ਗੁਰੂ ਆਤਮਾ), 'ਗੁਰੂ ਨਾਨਕ ਗੋਬਿੰਦ ਰੂਪ' ਨੂੰ ਸੌਂਪੀਏ ? ਕਿ ਉਹ ਸਰਬ ਕਲਾ ਸਮਰਥ ਅਤੇ ਸੇਵਕਾਂ ਸਿਖਾਂ ਨੂੰ ਤੱਤ ਕੜਾਹਾਂ ਵਿਚੋਂ ਬਚਾਂਦੇ ਅਤੇ ਡੁਬਦੇ ਬੇੜੇ ਕੰਢੇ ਲਾਉਣ ਦੀ ਸਦਾ ਸਮਰਥਾ ਰਖਦੇ ਹਨ । ਵਾਹਿਗੁਰੂ ਸੁਮਤ ਬਖਸ਼ੇ ਤੇ ਹੁਣ ਫੇਰ ਅਸੀਂ ਪਹਿਲੀ ਥਾਂ ਆ ਕੇ ਜਦੋਂ ਤੀਕ ਮੋਹਰ ਸਿੰਘ ਦੀਆਂ ਸਾਰੀਆਂ ਦਲੀਲਾਂ ਦਾ ਜਵਾਬ ਨਹੀਂ ਦਿੰਦੇ ਤਦੋਂ ਤੀਕ ਉਸ ਦੀ ਇਤਨੇ ਨਾਲ ਤਸੱਲੀ ਨਹੀਂ ਹੁੰਦੀ ਜਿਤਨਾ ਕੁ ਉਤੇ ਲਿਖਿਆ ਹੈ ਅਗੇ ਹੋਰ ਪੜ੍ਹੀਏ ।

## ਨਾਮਧਾਰੀ ਮੋਹਰ ਸਿੰਘ ਦੀ ਵੱਡੀ ਸ਼ਿਕਾਇਤ

ਨਾਮਧਾਰੀ ਮੋਹਰ ਸਿੰਘ ਨੂੰ ਵਡੀ ਇਹ ਵੀ ਸ਼ਿਕਾਇਤ ਹੈ ਕਿ ਗਿਆਨੀ ਗਿਆਨ ਸਿੰਘ ਨੇ ਆਪਣੇ ਪਹਿਲੀ ਵੇਰ ਛਾਪੇ ਗੁਰੂ ਪੰਥ ਪ੍ਰਕਾਸ਼ ਵਿਚ ਬਾਬਾ ਬਾਲਕ ਸਿੰਘ ਨੂੰ ਗਿਆਰਵਾਂ ਗੁਰੂ ਸਮਝਿਆ ਤੇ ਲਿਖਿਆ, ਪਰ ਦੂਜੀ ਵੇਰ ਸੰਮਤ ੧੯੪੬ ਵਿਚ ਛਾਪੇ ਪੰਥ ਪ੍ਰਕਾਸ਼ ਵਿਚੋਂ ਬਾਬਾ ਬਾਲਕ ਸਿੰਘ ਦਾ ਨਾਮ ਕਟ ਕੇ ਕੋਲੋਂ ਇਹ ਦੋਹਰਾ ਲਿਖਿਆ ਹੈ—

ਆਗਿਆ ਭਈ ਅਕਾਲ ਕੀ ਤਬੀ ਚਲਾਇਉ ਪੰਥ ॥<br>
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਉ ਗ੍ਰੰਥ ॥

ਇਸ ਦੋਹਿਰੇ ਨੂੰ ਖੇਪਕ ਅਤੇ ਕਿਸੇ ਹੋਰ ਵਲੋਂ ਗੁਰੂ ਜੀ ਤੋਂ ਪਿਛੋਂ ਦਾ ਉਚਾਰਨ ਸਾਬਤ ਕਰਨ ਵਿਚ ਉਸ ਨੇ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਹੈਡ ਗਰੰਥੀ ਸ੍ਰੀ ਦਰਬਾਰ ਸਾਹਿਬ ਦੀ ਲਿਖਤ ਦਾ ਹਵਾਲਾ ਵੀ ਆਪਣੀ ਪ੍ਰੋੜ੍ਹਤਾ ਵਾਸਤੇ ਦਿਤਾ ਹੈ ਜੁ ਲਿਖਿਆ ਹੈ ਕਿ—"ਪੰਥ ਪ੍ਰਕਾਸ਼ ਵਿਚ ਤੋੜ-ਫੋੜ ਕੀਤੀ ਗਈ ਹੈ । ਇਹ ਨਵਾਜਬ ਗੱਲ ਹੈ ਤੇ ਨਹੀਂ ਚਾਹੀਦੀ ਸੀ ।" ਇਸ ਦਾ ਉਤਰ ਇਹ ਹੈ ਕਿ ਸੁਚੱਜੇ ਲਿਖਾਰੀ ਨੂੰ ਇਹ ਹੱਕ ਹੈ, ਕਿ ਕਿਸੇ ਵੇਲੇ ਕਿਸੇ ਪਾਸੋਂ ਸੁਣੀ ਹੋਈ ਕੋਈ ਗਲ ਲਿਖ ਦਿਤੀ ਹੋਵੇ, ਤੇ ਬਾਅਦ ਵਿਚ ਉਸ ਨੂੰ ਕੋਈ ਹੋਰ ਪੱਕਾ ਸਬੂਤ ਮਿਲ ਜਾਏ ਜੋ ਇਤਿਹਾਸਕ ਹੋਵੇ ਤਾਂ ਬਦਲ ਕੇ ਦਰੁਸਤ ਕਰਨ ਦਾ ਉਸ ਨੂੰ ਹੱਕ ਹੈ । ਗਿਆਨੀ ਗਿਆਨ ਸਿੰਘ ਖੁਦ ਲਿਖਦਾ ਕਿ ਪਹਿਲੇ ਮੈਨੇ ਮੱਖੀ ਪਰ ਮੱਖੀ ਮਾਰੇ ਵਾਲੀ ਗੱਲ ਕੀਤੀ ਹੈ (ਭਾਵ ਜੈਸਾ ਸੁਣਿਆ ਸੀ ਲਿਖਿਆ ਕਿ ਦਸਮੇਸ਼ ਜੀ ਨੇ ਬਾਲਕ ਸਿੰਘ ਨੂੰ ਦਰਸ਼ਨ ਦੇ ਕੇ ਗਿਆਰਵਾਂ ਗੁਰੂ ਬਨਾਇਆ ਸੀ) ਫਿਰ ਜਦੋਂ ਸ੍ਰੀ ਸਰਬ-ਲੋਹ ਗ੍ਰੰਥ ਵਿਚੋਂ ਸ੍ਰੀ ਮੁਖਵਾਕ ਪਾਠ ਨੂੰ ਪੜ੍ਹਿਆ ਹੋਣਾ—ਅਸਲੀਅਤ ਸਾਹਮਣੇ ਆਈ ਤਾਂ ਬਦਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਥਾਪਤ ਸਤਿਗੁਰੂ ਲਿਖ ਦਿਤਾ, ਤਾਂ ਇਹ ਕੋਈ ਗੁਨਾਹ ਨਹੀਂ

ਕੀਤਾ। ਬਲਕਿ ਇਹ ਸਹੀ ਇਤਿਹਾਸਕ ਜ਼ਿਕਰ ਨੂੰ ਲਿਖਿਆ ਉਪਕਾਰ ਕੀਤਾ ਹੈ।

ਫਿਰ ਗੁਰੂ ਸਾਹਿਬ ਨੇ ਸਰਬ-ਲੋਹ ਵਿਚ (ਕਾਵਿ ਰਚਨਾ ਪ੍ਰੰਨਿਆਕੀ ਛੰਦ ਵਿਚ ਲਿਖਿਆ ਪਰ ਉਥੇ ਨਾਂਦੇੜ ਵਿਚ ਤਾਂ ਸਨਮੁਖ ਬੈਠੇ ਖਾਲਸਾ ਜੀ ਨੂੰ ਵਾਰਤਕ ਰੂਪ ਦੀ (ਗਲਬਾਤ ਕਰਦਿਆਂ) ਹੁਕਮ ਸੁਣਾਇਆ ਸੀ—ਜੋ ਦਸਿਆ ਕਿ ਅਕਾਲ ਪੁਰਖ ਦੇ ਹੁਕਮ ਨਾਲ ਪੰਥ ਸਾਜਿਆ ਹੈ ਸਾਰੇ ਸਿਖਾਂ ਨੂੰ ਹੁਕਮ ਹੈ ਕਿ ਅਗੇ ਵਾਸਤੇ ਸਾਡੀ ਥਾਇਂ (ਗੁਰਗਦੀ ਸਥਾਪਤ) 'ਗੁਰੂ ਗ੍ਰੰਥ ਸਾਹਿਬ' ਨੂੰ ਸਤਿਗੁਰੂ ਮੰਨਿਆ ਜਾਏ। ਤਾਂ ਇਸ ਹੁਕਮ ਨੂੰ ਜੇਕਰ ਆਪਣੀ ਕਵਿਤਾ ਵਿਚ ਦੋਹਿਰੇ ਦੀ ਸ਼ਕਲ ਵਿਚ ਗਿਆਨੀ ਨੇ ਲਿਖਿਆ ਹੈ ਤਾਂ ਇਹ ਵੀ ਕਵੀ ਨੂੰ ਹੱਕ ਹੈ ਕਿ ਵਰਤੇ। ਫਿਰ ਜਿਵੇਂ ਜਨਮ ਸਾਖੀ ਵਿਚ ਲਿਖੇ ਹਰ ਇਕ (ਗੁਰੂ ਨਾਨਕ ਦੇਵ ਦੇ) ਉਪਦੇਸ਼ ਤੇ ਜ਼ਿਕਰ ਨੂੰ ਕਵਿਤਾ ਵਿਚ ਉਨ੍ਹਾਂ ਲਿਖਿਆ ਹੈ, ਜਿਵੇਂ ਗੁਰੂ ਜੀ ਦੇ ਨਾਂਦੇੜ ਵਿਚੋਂ ਪੰਥ ਖਾਲਸਾ ਪ੍ਰਤੀ ਕੀਤੇ ਹੁਕਮ ਨੂੰ ਆਪਣੀ ਕਾਵਿ ਰਚਨਾ ਵਿਚ ਬੜੀ ਸੋਹਣੀ ਤਰ੍ਹਾਂ ਦਾ ਉਨ੍ਹਾਂ ਦਰਸਾਇਆ ਹੈ:—

ਆਗਿਆ ਭਈ ਅਕਾਲ ਕੀ ਤਬੀ ਚਲਾਇਉ ਪੰਥ।<br>
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਉ ਗ੍ਰੰਥ।<br>
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।<br>
ਜਾ ਕਾ ਹਿਰਦਾ ਸੁਧ ਹੈ ਖੋਜ ਸਬਦ ਮਹਿ ਲੇਹ।

ਇਹ ਕਿਤਨਾ ਸਪਸ਼ਟ ਹੁਕਮ ਹੈ ਕਿ (ਦੇਹਧਾਰੀ ਪਿਛੇ) ਹੁਣ ਪੰਥ ਖਾਲਸਾ ਨੂੰ ਭਟਕਣ ਦੀ ਲੋੜ ਨਹੀਂ ਹੈ। ਬਲਕਿ ਸੁਧ ਹਿਰਦੇ ਨਾਲ ਜੋ ਵਾਹਿਗੁਰੂ ਨੂੰ ਮਿਲਣਾ ਚਾਹੇ ਉਹ ਗੁਰੂ ਸ਼ਬਦ ਗਿਆਨ ਦੀ ਖੋਜ ਵਿਚਾਰ ਤੇ ਕਮਾਈ ਕਰਕੇ ਮਿਲ ਸਕਦਾ ਹੈ। ਇਸ ਗੁਰੂ ਹੁਕਮ ਦੀ ਪ੍ਰੋੜਤਾ ਵਿਚ ਇਹ ਵੀ ਮੁਖਵਾਕ ਢੁਕਦਾ ਹੈ—

ਸਤਿਗੁਰ ਨੋ ਸਭ ਕੋ ਵੇਖਦਾ ਜੇਤਾ ਜਗਤੁ ਸੰਸਾਰੁ।<br>
ਡਿਠੈ ਮੁਕਤਿ ਨ ਹੋਵਈ ਜਿਚਰ ਸਬਦਿ ਨ ਕਰੇ ਵੀਚਾਰੁ॥ (੫੯੪)

ਤਾਂਤੇ ਆਗਿਆ ਭਈ ਅਕਾਲ ਕੀ ਤਬੈ ਚਲਾਇਉ ਪੰਥ। ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ। ਇਹ ਦੋਹਰਾ ਲਿਖ ਕੇ ਗਿਆਨੀ ਗਿਆਨ ਸਿੰਘ ਨੇ ਬਹੁਤ ਚੰਗਾ ਕੀਤਾ ਕਿ ਪਹਿਲੇ ਲਿਖੀ ਗਈ ਗਲਤ ਲਿਖਤ ਨੂੰ ਆਪੇ ਠੀਕ ਕੀਤਾ ਹੈ। ਐਸਾ ਗਿਆਨੀ ਕਿਰਪਾਲ ਸਿੰਘ ਵੀ ਸਮਝਦੇ ਹਨ ਕਿ ਲੇਖਕ ਹਨ। ਪਰ ਨਾਮ-ਧਾਰੀ ਦਰਬਾਰ ਨੂੰ ਇਹ ਚਾਹੀਦਾ ਨਹੀਂ, ਕਿ ਕਿਸੇ ਲੇਖਕ ਦੀ ਗਲਤ ਲਿਖੀ ਗਈ ਗਲ ਦੀ ਪ੍ਰੋੜਤਾ ਨਾਲ ਆਪਣਾ ਪੱਖ ਸਿੱਧ ਕਰਨ ਦੀ ਕੋਸ਼ਿਸ਼ ਕਰੇ।

## ਇਕ ਹੋਰ ਭੁਲੇਖਾ ਵਧਾਊ ਹੁਜੱਤ

ਆਪਣੀ ਭੂਮਿਕਾ ਵਿਚ ਮੋਹਰ ਸਿੰਘ ਲਿਖਦਾ ਕਿ ਹੁਣ ਤੋਂ ਬਹੁਤ ਸਾਲ ਪਹਿਲੇ—"ਆਦਿ ਗ੍ਰੰਥ ਸਾਹਿਬ" ਤੇ ਦਸਮ ਗ੍ਰੰਥ ਸਾਹਿਬ ਦੋਵੇਂ ਬਰਾਬਰੀ ਦੇ ਮੰਨੇ ਜਾਂਦੇ ਤੇ ਬਰਾਬਰ ਪਲੰਘਾਂ ਉਤੇ ਨਾਲੋਂ ਨਾਲ ਪ੍ਰਕਾਸ਼ ਹੁੰਦੇ ਸਨ ਤੇ ਇਕੋ ਜਿਹਾ ਸਤਿਕਾਰ ਹੁੰਦਾ ਸੀ (ਇਹ ਸਫਾ ੨੨ ਉਤੇ ਲਿਖਿਆ) ਤਾਂ ਕਿਹੜਾ ਗ੍ਰੰਥ ਗੁਰੂ ਹੈ?

ਆਦਿ ਗ੍ਰੰਥ ਸਾਹਿਬ ਜਾਂ ਦਸਮ ਗ੍ਰੰਥ ਸਾਹਿਬ ?-ਇਹ ਪ੍ਰਸ਼ਨ ਜਾਣ ਬੁਝ ਕੇ ਭੁਲੇਖਾ ਵਧਾਉਣ ਨੂੰ ਪੁਛਦਾ ਹੈ—ਉਤਰ ਇਹ ਹੈ :—

ਸਿਆਣੇ ਮੇਹਰ ਸਿੰਘ ਜੀ ਨੂੰ ਪਤਾ ਨਹੀਂ ਤਾਂ ਪਤਾ ਹੋਣਾ ਚਾਹੀਏ ਕਿ ਆਪਣੀ ਅਤੇ ਆਪਣੇ ਤੋਂ ਪਹਿਲੇ ਸਤਿਗੁਰਾਂ ਦੀ ਬਾਣੀ ਨੂੰ ਸੁਰੱਖਿਅਤ ਰਖਣ ਵਾਸਤੇ ਗੁਰੂ ਅਰਜਨ ਦੇਵ ਨੇ ਆਦਿ ਗ੍ਰੰਥ ਸਾਹਿਬ ਨੂੰ ਤਿਆਰ ਕੀਤਾ ਤੇ ਨਾਮ ਪੋਥੀ ਸਾਹਿਬ ਰਖਿਆ ਸੀ। ਉਸ ਸਮੇਂ ਵਿਚ ਉਸੇ ਪੁਸਤਕ ਨੂੰ ਸਤਿਕਾਰ ਵਜੋਂ ਪੋਥੀ ਨਾਮ ਦਿਤਾ ਜਾਂਦਾ ਸੀ। ਜਿਸ ਵਿਚ ਅਕਾਲ ਪੁਰਖ ਪਰਮਾਤਮਾਂ ਦਾ ਨਾਮ ਮਹਾਂਤਮ ਤੇ ਜੱਸ ਭਰਪੂਰ ਹੋਵੇ। ਗੁਰੂ ਸਾਹਿਬ ਨੇ ਅਗੇ ਦੀ ਉਦਾਹਰਣ ਬਾਣੀ ਵਿਚ "ਪੋਥੀ" ਸ਼ਬਦ ਦੀ ਆਪੇ ਵਿਆਖਿਆ ਕੀਤੀ ਹੈ : "**ਪੋਥੀ ਪਰਮੇਸ਼ਰ ਕਾ ਥਾਨ**"—ਹੈ। ਭਾਵ ਇਸ ਗ੍ਰੰਥ ਸਾਹਿਬ ਵਿਚ ਪ੍ਰਭੂ ਪ੍ਰਾਪਤੀ ਦਾ ਗਿਆਨ ਹੈ, ਮਾਨੋ ਸਿਫਤ ਸਲਾਹ ਦਾ ਭਰਿਆ ਥਾਲ ਹੈ ਜਿਸ ਵਿਚ ਸਤਿ ਸੰਤੋਖ ਦਾ ਵਿਚਾਰ ਅਤੇ ਪ੍ਰਮੇਸ਼ਰ ਦਾ ਅੰਮ੍ਰਿਤ ਨਾਮ ਪ੍ਰੋਇਆ ਹੈ। ਗੁਰੂ ਜੀ ਦੇ ਵਿਚਾਰ ਵਿਚ ਇਸ ਆਦਿ ਗ੍ਰੰਥ ਸਾਹਿਬ ਵਿਚ ਪ੍ਰਮੇਸਰ ਦਾ ਨਿਵਾਸ ਹੈ—ਅਸਥਾਨ ਹੈ। ਜਿਵੇਂ ਰਮਾਇਣ—ਰਾਮ ਦੇ ਨਿਵਾਸ ਦਾ ਆਇਣ (ਘਰ) ਹੈ, ਤਿਵੇਂ ਹੀ ਇਸ ਪੋਥੀ ਨਾਮ ਦਾ ਆਦਿ ਗ੍ਰੰਥ ਸਾਹਿਬ—ਪਰਮੇਸਰ ਦਾ ਨਿਵਾਸ ਅਸਥਾਨ ਹੈ ਤੇ ਪੋਥੀ ਪ੍ਰਮੇਸਰ ਕਾ ਥਾਨ ਕਿਹਾ।

ਫਿਰ ਸਮਾਂ ਪਾ ਕੇ ਅਨੰਦ ਪੁਰ ਦੇ ਉਜਾੜੇ ਮਗਰੋਂ ਗੁਰੂ ਦਸ਼ਮੇਸ਼-ਤਲਵੰਡੀ ਸਾਬੋ ਕੀ ਟਿਕੇ ਜੋ ਹੁਣ ਦਮਦਮਾ ਸਾਹਿਬ ਹੈ। ਇਥੇ ਹੀ ਸੁਪਤਨੀਆਂ (ਸ੍ਰੀ ਸੁੰਦਰੀ ਜੀ ਤੇ ਸਾਹਿਬ ਦੇਵਾ) ਮਿਲੀਆਂ, ਹੋਰ ਵੀ ਹਜ਼ਾਰਾਂ ਸਿਖ ਸਿਖਣੀਆਂ ਚਿਰਾਂ ਤੋਂ ਵਿਛੜੇ ਸੀ—ਸਤਿਗੁਰੂ ਦੇ ਦਰਸ਼ਨ ਵਾਸਤੇ ਵਹੀਰਾਂ ਪਾ ਕੇ ਆਏ ਸੀ ਤਦ ਇਨ੍ਹਾਂ ਦਾ ਬ੍ਰਿਹੋਂ ਦੁਖ ਦੂਰ ਕਰਨ ਨੂੰ ਤੇ ਸਾਰਿਆਂ ਨੂੰ ਗੁਰੂ ਸ਼ਬਦ ਗਿਆਨ ਨਾਲ ਧੀਰਜ ਧਰਾਣ ਵਾਸਤੇ ਆਖਿਆ—ਸਾਧ ਸੰਗਤ ਜੀਉ, "**ਗੁਰੂ ਨਾਨਕ ਦੇ ਦਰਸ਼ਨ ਕਰਨ ਦੀ ਖਾਹਿਸ਼ ਹੈ, ਕੋਈ ਕਰਾਏ?** ਤਦ ਸਿਖਾਂ ਬੇਨਤੀ ਕੀਤੀ, ਸਾਹਿਬ ਜੀਉ; ਆਪ ਹੀ ਤਾਂ ਦਸਵੇਂ ਰੂਪ ਗੁਰੂ ਨਾਨਕ ਹੋ; ਉਸੇ ਵੇਲੇ—ਇਸ ਦੇ ਉਤਰ ਵਿਚ ਗੁਰੂ ਦੇਵ ਨੇ ਫੁਰਮਾਇਆ ਕਿ ਤੁਸੀਂ ਠੀਕ ਕਹਿੰਦੇ ਹੋ ਪਰ—"ਗੁਰਬਾਣੀ ਸੰਗ੍ਰਹਿ" ਰੂਪ ਵਿਚ ਉਸ ਗੁਰੂ ਗ੍ਰੰਥ ਜੀ ਦੇ ਪਾਠ ਦੀਦਾਰ ਦੀ ਤਾਂਘ ਹੈ—ਜੋ ਗੁਰੂ ਅਰਜਨ ਦੇਵ ਨੇ ਸੰਕਲਤ ਕੀਤਾ ਤੇ ਹੁਣ ਉਹ ਸ੍ਰੀ ਕਰਤਾਰਪੁਰ ਦੇ ਸੋਢੀਆਂ (ਧੀਰ ਮਲ ਜੀ) ਦੀ ਸੰਤਾਨ ਪਾਸ ਹੈ। ਕੁਝ ਸਿਖ ਜਾਈਏ ਤੇ ਸਤਿਕਾਰ ਨਾਲ ਥੋੜੇ ਦਿਨਾਂ ਵਾਸਤੇ ਮੰਗ ਲਿਆਈਏ। ਤਦ ਸਿਖ ਗਏ ਸੀ ਤੇ ਉਨ੍ਹਾਂ ਅਗੋਂ ਮਿਹਣੇ ਤਾਹਣੇ ਮਾਰੇ ਕਿ "**ਗੁਰੂ ਕਾਹਦਾ ਹੈ ? ਆਪੇ ਹੀ ਲਿਖ ਲਵੇ**" ! ਅਸੀਂ ਨਹੀਂ ਦਿੰਦੇ। ਤਦ ਸਿੰਘਾਂ ਨੇ ਵਾਪਸ ਆ ਕੇ ਉਹਨਾਂ ਦੇ ਕਹੇ ਨੂੰ ਦਸ ਦਿਤਾ ਤੇ ਗੁਰੂ ਜੀ ਸੋਚੀਂ ਪੈ ਗਏ ਸੀ।

ਇਸ ਨਿਰਾਦਰੀ ਭਰੇ ਉਤਰ ਨੂੰ ਸੁਣ ਕੇ ਅਗਰ ਗੁਰੂ ਜੀ ਚੁਪ ਹੋ ਜਾਂਦੇ ਤਾਂ ਗੁਰ ਗੱਦੀ ਉਤੇ ਉਲਾਹਮਾਂ ਸੀ ਕਿ ਗੁਰੂ ਹਰਿਕ੍ਰਿਸ਼ਨ ਜੀ ਨੇ ਇਕ ਗੂੰਗੇ ਝੀਵਰ ਪਾਸੋਂ ਗੀਤਾ ਜੀ ਦਾ ਪਾਠ ਅਰਥ ਕਰਵਾ ਕੇ ਗੁਰਗੱਦੀ ਦੀ ਸ਼ਕਤ ਕਲਾ ਉਤੇ ਉਲਾਹਮਾ ਨਹੀਂ ਆਉਣ ਦਿਤਾ ਤਾਂ ਸਾਡੇ ਵਾਸਤੇ (ਸ਼ਕਤੀਹੀਨ ਹੋਣ ਦਾ) ਉਲਾਹਮਾਂ ਬਣਿਆ

ਰਹੇਗਾ ਤੇ ਗੁਰਗੱਦੀ ਤੋਂ ਸਿੱਖਾਂ ਦਾ ਭਰੋਸਾ ਉਠ ਜਾਏਗਾ।

ਇਸ ਵਿਚਾਰ ਵਿਚ ਗੁਰੂ ਜੀ ਨੇ ਕਈ ਮਹੀਨੇ ਅੰਤਰ ਧਿਆਨ ਬੈਠ ਕੇ ਨਵੇਂ ਸਿਰੋਂ ਸ੍ਰੀ ਗ੍ਰੰਥ ਸਾਹਿਬ ਦੀ ਲਿਖਾਈ ਤੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਨੂੰ ਥਾਂਈ ਚੜਾ ਕੇ ਬੀੜ ਮੁਕੰਮਲ ਕਰਾਕੇ ਨਵਾਂ ਨਾਮ (ਸ੍ਰੀ ਗੁਰੂ ਗ੍ਰੰਥ ਸਾਹਿਬ) ਲਿਖਾਇਆ ਤੇ ਸੰਗਤ ਨੂੰ ਸੁਣਾਇਆ ਸੀ। ਉਸ ਦਿਨ ਤੋਂ ਹੀ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਨਾਮ ਨਾਲ ਲਿਖਿਆ ਤੇ ਪ੍ਰਚਾਰਿਆ ਗਿਆ ਹੈ।

ਹੁਣ ਦੋਹਾਂ ਗ੍ਰੰਥ ਸਾਹਿਬਾਂ ਦੀ ਬਰਾਬਰੀ ਦੇ ਸਵਾਲ ਦਾ ਜਵਾਬ ਇਹ ਹੈ ਕਿ ਆਦਿ ਗ੍ਰੰਥ ਸਾਹਿਬ ਨੂੰ ਤਾਂ ਪੂਰਨ ਰੂਪਤਾ ਵਿਚ "ਗੁਰੂ ਗ੍ਰੰਥ ਸਾਹਿਬ" ਨਾਮ ਨਾਲ "ਗੁਰੂ ਕਲਗੀਧਰ ਜੀ' ਖੁਦ ਪ੍ਰਗਟਾਇਆ ਹੈ ਪਰ ਦਸਮ ਗ੍ਰੰਥ ਵਿਚ "ਜਾਪੁ ਸਾਹਿਬ, ਅਕਾਲ ਉਸਤਤਾ" ਆਦਿਕ ਥੋੜ੍ਹੀ ਬਾਣੀ ਤੋਂ ਇਲਾਵਾ ਬਾਕੀ ਦੀ ਸਾਰੀ ਆਪਣੀ ਉਚਾਰਤ ਕ੍ਰਿਤ ਨੂੰ ਗੁਰਬਾਣੀ ਨਹੀਂ, ਉਹ ਖੁਦ ਵੀ ਕਵਿਤਾ ਦਸਦੇ ਤੇ ਕਵੀ ਜਨਾਂ (ਪਾਠਕਾਂ) ਨੂੰ ਆਖਦੇ ਭੁਲ ਚੁਕ ਸੁਧਾਰ ਲੈਣੀ।

ਗੁਰੂ ਸਾਹਿਬ ਤਾਂ ਅਭੁੱਲ ਹਨ। ਜ਼ਿੰਦਗੀ ਭਰ ਵਿਚ ਉਨ੍ਹਾਂ ਵਲੋਂ ਕਦੀ ਕੋਈ ਤਦਬੀਰ ਸੋਚੀ ਗਲਤ ਸਾਬਤ ਨਹੀਂ ਹੋਈ ਦਿੱਸਦੀ, ਪਰ ਉਹ ਕਵੀ ਹੋਣ ਦੀ ਹੈਸੀਅਤ ਵਿਚ ਨਿਰਮਾਨਤਾ ਨਾਲ ਐਸਾ ਖੁਦ ਲਿਖਦੇ ਰਹੇ ਹਨ, ਜੋ ਸ੍ਰੀ ਕ੍ਰਿਸ਼ਨਾਂ ਅਵਤਾਰ ਦੀ ਜੀਵਨੀ ਨੂੰ ਆਪਣੀ ਕਾਵਿ ਕਲਾ (ਕਵਿਤਾ) ਵਿਚ ਐਸਾ ਲਿਖ ਦਰਸਾਇਆ ਹੈ।

ਪ੍ਰਿਥਮ ਧਰੂੰ ਭਗਵਤ ਕੋ ਧਿਆਨਾ। ਬਹੁਰ ਕਰੂੰ ਕਵਿਤਾ ਬਿਧ ਨਾਨਾ॥
ਕ੍ਰਿਸ਼ਨ ਕਥਾ ਮਤਿ ਚਰਿਤ੍ਰ ਉਚਾਰੋਂ॥ ਚੂਕ ਹੋਇ ਕਵੀ ਲਿਹੁ ਸੁਧਾਰੋ॥

ਉਨ੍ਹਾਂ ਹੋਰ ਵੀ ਕਈ ਥਾਂ ਆਪਣੀ ਰਚਨਾ ਨੂੰ ਕਵਿਤਾ ਲਿਖਿਆ। ਐਸੀ ਹਾਲਤ ਵਿਚ ਗੁਰੂ ਗ੍ਰੰਥ ਸਾਹਿਬ ਦਾ ਦਰਜਾ ਦਸਮ ਗ੍ਰੰਥ ਸਾਹਿਬ ਨੂੰ ਨਹੀਂ ਦਿਤਾ ਜਾ ਸਕਦਾ। ਪਰ ਆਦਿ ਗੁਰੂ ਗ੍ਰੰਥ ਸਾਹਿਬ ਦੇ ਨਾਲ ਬਰਾਬਰੀ ਦੇ ਪਲੰਘ ਤੇ ਪ੍ਰਕਾਸ਼ ਅਤੇ ਪਾਠ ਦੀਦਾਰ ਨੂੰ ਇਵੇਂ ਜਾਣਿਆ ਜਾਇ ਕਿ ਜਿਵੇਂ ਕੋਈ ਸੁਪਾਤਰ ਪੁਤਰ, ਆਪਣੇ ਚਾਚਾ ਜੀ ਤਾਂਈ ਵੀ ਪਿਤਾ ਦੀ ਬਰਾਬਰੀ ਬੈਠਾ ਦੇਖ ਕੇ ਆਦਰ ਨਾਲ ਦੋਹਾਂ ਨੂੰ ਪੈਰੀ ਪੈਣਾ ਕਰਦਾ ਤੇ ਉਨ੍ਹਾਂ ਦੇ ਵਾਰਤਾਲਾਪ ਨੂੰ ਧਿਆਨ ਨਾਲ ਸੁਣ ਕੇ ਵਿਚਾਰਦਾ ਹੈ।

ਫਿਰ ਇਸ ਦਸਮ ਗ੍ਰੰਥ ਵਿਚ ਲਿਖਿਆ ਵੀ ਸਭ ਕੁਝ ਗੁਰਸਿਖਾਂ ਦੀ ਪੁਰਾਤਨ ਇਤਿਹਾਸਕ ਤੇ ਮਿਥਿਹਾਸਕ ਜਾਣਕਾਰੀ ਵਧਾਕੇ ਵਿਦਵਾਨ ਬਣਾਨ ਵਾਸਤੇ ਹੀ ਲਿਖਿਆ ਤੇ ਪਰ ਕਵੀ ਲਿਖਾਰੀਆਂ ਤੋਂ ਨਾਲੋਂ ਨਾਲ ਲਿਖਾਇਆ ਸੀ।

ਅਗਰ ਗੁਰੂ ਗੋਬਿੰਦ ਸਿੰਘ—(ਪਰਤੱਖ ਦੇਹਧਾਰੀ ਸਰੂਪ ਵਿਚ ਹੁੰਦਿਆਂ) ਉਕਤ ਅਵਤਾਰਾਂ ਦੀਆਂ ਕਥਾਵਾਂ ਨੂੰ ਆਪਣੇ ਹਿਰਦੇ ਰੂਪੀ ਭੰਡਾਰ ਵਿਚੋਂ ਕੱਢ ਕੱਢ ਕੇ ਲੋਕ ਭਾਸ਼ਾ ਹਿੰਦੀ ਵਿਚ ਸਾਡੇ ਪੜਨ ਵਾਸਤੇ ਲਿਖਾਂਦੇ ਰਹੇ ਸਨ ਤਾਂ ਫਿਰ ਉਸ ਲਿਖਤ ਨੂੰ ਗ੍ਰੰਥ ਸਾਹਿਬ ਦੇ ਰੂਪ ਵਿਚ ਆਦਿ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਪਲੰਘ ਤੇ ਪ੍ਰਕਾਸ਼ ਕਰਕੇ (ਜੈਸਾ ਸ੍ਰੀ ਪਟਨਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਹੁੰਦਾ ਹੈ) ਪਾਠ ਤੇ ਕਥਾ ਵਖਿਆਨ ਕੀਤਾ ਜਾਏ ਤਾਂ ਇਹ ਕੋਈ ਗੁਰੂ ਗ੍ਰੰਥ ਸਾਹਿਬ ਦੀ ਬਰਾਬਰੀ ਦੇ ਦੋਸ਼ ਦੀ ਗੱਲ ਨਹੀਂ ਹੈ ਸਗੋਂ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ੇ ਅਨੁਕੂਲ ਪੁਰਾਤਨ ਅਵਤਾਰਾਂ

ਸੂਰਬੀਰ ਬਹਾਦਰਾਂ ਦੀਆਂ ਕਥਾਵਾਂ ਤੇ ਕਹਾਣੀਆਂ ਨੂੰ ਸਮਝਨਾ ਤੇ ਗੁਣ ਗ੍ਰਹਿਨ ਕਰਨਾ ਹੈ ।

ਉਹਨਾਂ ਨੇ ਸਿੱਖਾਂ ਨੂੰ ਸੰਸਕ੍ਰਿਤ ਦੀ ਜਾਣਕਾਰੀ ਵਾਸਤੇ ਕਾਸ਼ੀ ਵੀ ਭੇਜਿਆ ਸੀ ਅਤੇ ਆਪ ਖ਼ੁੱਦ ਵੀ ਇਥੇ ਸ੍ਰੀ ਅਨੰਦਪੁਰ ਹੁੰਦਿਆਂ ਫਾਰਸੀ ਦੇ ਉਸਤਾਦਾਂ ਤੋਂ ਅਰਬੀ ਫਾਰਸੀ ਅਤੇ ਸੰਸਕ੍ਰਿਤ ਤੇ ਹਿੰਦੀ ਵਿਦਵਾਨਾਂ ਤੋਂ ਹਿੰਦੀ ਸੰਸਕ੍ਰਿਤ ਅਧਿਐਨ ਕੀਤਾ ਸੀ । ਉਨ੍ਹਾਂ ਦੀ (ਸਾਰੀਆਂ ਪੜ ਲਈਆਂ ਭਾਸ਼ਾਵਾਂ ਦੀ) ਸ਼ਬਦ ਕਲਾ ਹੀ ਉਨ੍ਹਾਂਦੇ ਦਸਮ ਗ੍ਰੰਥ ਅਤੇ ਬੇਸ਼ੁਮਾਰ ਅਚੰਭਾ ਕਰ ਦੇਣ ਵਾਲੀ ਸ੍ਰੀ ਸਰਬ ਲੋਹ ਰਚਤਿ ਵਿਚ ਵਿਦਮਾਨ ਹੈ । ਤੇ ਉਕਤ ਦੋਹਾਂ ਗ੍ਰੰਥਾਂ (ਦਸਮ ਗ੍ਰੰਥ ਤੇ ਸਰਬਲੋਹ) ਦਾ ਬਰਾਬਰੀ ਵਿਚ ਪ੍ਰਕਾਸ਼ ਤੇ ਪਾਠ ਵਿਚਾਰ ਨੂੰ ਬਰਾਬਰੀ ਦਾ ਦੋਸ਼ ਨਾ ਮੰਨਿਆ ਜਾਵੇ ਕਿ ਇਹ ਵੀ ਗੁਰੂ ਕੇ ਹਿਰਦੇ ਵਿਚੋਂ ਅਮੋਲਕ ਰਤਨਾਂ ਦਾ ਹੀ ਪ੍ਰਗਟਾਉ ਹੋਇਆ ਸੀ ।

ਪਰ ਮੇਹਰ ਸਿੰਘ ਲੇਖਕ ਨੇ ਪੁਛ ਕੀਤੀ ਸੀ ਕਿ ਦੋਹਾਂ ਦਾ ਪ੍ਰਕਾਸ਼ ਹੁੰਦਾ ਤੇ ਬਰਾਬਰ ਦਾ ਸਤਿਕਾਰ ਹੁੰਦਾ ਸੀ ਤਾਂ ਕਿਹੜੇ ਗ੍ਰੰਥ ਸਾਹਿਬ ਨੂੰ ਗੁਰੂ ਗ੍ਰੰਥ ਸਾਹਿਬ ਮੰਨਿਆ ਜਾਏ । ਜਿਸ ਦਾ ਉਤਰ ਮਾਕੂਲ ਦਿਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦਰਜਾ ਸ੍ਰੀ ਆਦਿ ਗ੍ਰੰਥ ਸਾਹਿਬ ਨੂੰ ਮਿਲਿਆ ਹੈ । ਜੋ ਗੁਰੂ ਤੇਗ ਬਹਾਦਰ ਦੀ ਬਾਣੀ ਮੁਕੰਮਲ ਕਰਾਕੇ "ਗੁਰੂ ਗ੍ਰੰਥ ਸਾਹਿਬ" ਨਾਮ ਰਖਿਆ ਸੀ । ਪਰ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਬੀੜ ਰੂਪ ਵਿਚ ਖੁਦ ਨਹੀਂ ਤਿਆਰ ਕੀਤਾ । ਬਲਕਿ ਗੁਰੂ ਜੀ ਦੇ ਜੋਤੀ ਜੋਤ ਸਮਾਏ ਦੀ ਖਬਰ ਸੁਣ ਦਿਲੀ ਵਿਚ ਭਾਈ ਮਨੀ ਸਿੰਘ ਜੀ ਨੇ ਗੁਰੂ ਕੀਆਂ ਰਚਨਾਵਾਂ ਨੂੰ ਸੁਰਖਿਅਤ ਰਖਣ ਵਾਸਤੇ ਲੱਭ ਲੱਭ ਕੇ ਸੰਚਿਤ ਕੀਤੀਆਂ ਤੇ ਕਈ ਸਾਲਾਂ ਦੀ ਅਣਥੱਕ ਮਿਹਨਤ ਨਾਲ ਤਰਤੀਬ ਵਾਰ ਲਿਖ ਕੇ ਸੰਮਤ ੧੭੭੦ ਵਿਚ ਸ੍ਰੀ ਦਸਮ ਗ੍ਰੰਥ ਰੂਪ ਦੀ ਬੀੜ ਮੁਕੰਮਲ ਕੀਤੀ ਅਤੇ ਨਾਮ ਇਨ੍ਹਾਂ ਵੀ ਇਸ ਬੀੜ ਦਾ ਪੋਥੀ ਹੀ ਰਖਿਆ ਸੀ—ਅਖੀਰ ਵਿਚ ਐਸਾ ਲਿਖਿਆ ਹੈ—

ਦੋਹਿਰਾ—**ਖੜਗਪਾਨ ਕੀ ਕਿਰਪਾ ਤੇ ਪੋਥੀ ਰਚੀ ਸੁਧਾਰ ॥**
**ਭੂਲ ਹੋਇ ਜਹ ਤਹ ਸੁ ਕਬਿ ਪੜੀਓ ਸਭ ਸੁਧਾਰ ॥**

**"ਪੋਥੀਆਂ ਕੀ ਉਤਾਰਾ ਕੀਏ ਜ਼ੁਮਲਾ ਸੰਚੀਆਂ ਕੇ ਜਮਾਂ ਕੀਏ ਬੜੀ ਮਿਹਨਤ ਸੇ ਲਿਖੇ ਸੰਮਤ ੧੭੭੦ ਮੇਂ ਤਿਆਰ ਹੁਏ ।**

ਨੋਟ—ਇਹ ਬੀੜ ਦਿੱਲੀ ਵਿਚ ਸਵਰਗਵਾਸੀ ਰਾਜਾ ਗੁਲਾਬ ਸਿੰਘ ਦੀ ਕੋਠੀ ਹਨੂੰਮਾਨ ਰੋਡ ਪਰ ਉਨ੍ਹਾਂ ਦੀ ਧਰਮ ਪਤਨੀ (ਸੁਪਤਨੀ) ਜੀ ਪਾਸ ਸੰਭਾਲੀ ਪਈ ਇਤਿਹਾਸਕ ਤੌਰ ਤੇ ਵੱਡਮੁੱਲੀ ਚੀਜ਼ ਹੈ ।

ਐਸੀ ਹਾਲਤ ਵਿਚ ਮੇਹਰ ਸਿੰਘ ਜੀ ਨੂੰ ਯਕੀਨ ਕਰਨਾ ਚਾਹੀਦੇ ਕਿ ਗੁਰਗੱਦੀ ਸਥਾਪਤ ਸਿਰਫ ਇਕੋ ਆਦਿ ਸ੍ਰੀ ਗੁਰੂ ਗ੍ਰੰਥ ਜੀ ਬੀੜ ਹੈ । ਸ੍ਰੀ ਦਸਮ ਗੁਰੂ ਗ੍ਰੰਥ ਨਾਮ ਛਾਪੇ ਵੇਲੇ ਇਸ ਦਾ ਵਿਦਵਾਨਾਂ ਨੇ ਨਿਸਚਤ ਕੀਤਾ ਤਾਂ ਤੇ ਗੁਰੂ ਕੇ ਹਿਰਦੇ ਵਿਚੋਂ ਉਪਜੇ ਕਾਵਿ ਤਰੰਗ ਸੰਗ੍ਰਹਿ ਨੂੰ ਬਰਾਬਰ ਪ੍ਰਕਾਸ਼ ਕਰਕੇ ਜਾਂ ਵਖਰੇ ਤੌਰ ਤੇ ਪੜ੍ਹਨਾ ਵੀ ਗੁਰੂ ਜੀ ਦੇ ਆਸ਼ੇ ਦੀ ਪੂਰਤੀ ਕਰਨੀ ਹੈ, ਦੋਸ਼ ਨਹੀਂ ਹੈ । ਅਗਰ ਗੁਰੂ ਆਸ਼ਾ ਨਾ ਸਮਝਣ ਵਾਲਿਆਂ ਨੇ ਪੜ੍ਹਨਾ ਛਡਿਆ ਹੈ ਤਦ ਵੀ ਮੇਹਰ ਸਿੰਘ ਨੂੰ ਸਿਖਾਂ ਦੀ ਇਸ ਅਣਗਹਿਲੀ

ਦੀ ਦਲੀਲ ਨਾਲ ਆਪਣੇ ਪੱਖ ਦੀ ਪ੍ਰੋੜਤਾ ਨਹੀਂ ਕਰਨੀ ਚਾਹੀਏ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਮੌਜੂਦਗੀ ਵਿਚ ਬੀੜ ਰੂਪ ਦਾ ਇਹ ਗ੍ਰੰਥ ਅਜੇ ਤਿਆਰ ਨਹੀਂ ਹੋਇਆ ਸੀ। ਜਿਸ ਨੂੰ ਪੰਜ ਸਾਲਾਂ ਬਾਹਦ ਵਿਚ ਤਿਆਰ ਕਰਨ ਵਾਲੇ ਭਾਈ ਮਨੀ ਸਿੰਘ ਜੀ ਇਸ ਗ੍ਰੰਥ ਨੂੰ ਖੁਦ "ਪੋਥੀ" ਲਿਖ ਰਹੇ ਹਨ—ਤਾਂ ਆਦਿ "ਸ੍ਰੀ ਗੁਰੂ ਗ੍ਰੰਥ ਸਾਹਿਬ" ਤੁਲ ਇਸ (ਗੁਰੂ ਦਸਮ ਗ੍ਰੰਥ) ਬੀੜ ਨੂੰ ਗੁਰੂ ਕਿਵੇਂ ਮੰਨੀਏ ?

ਇਸ ਬੀੜ ਦਾ ਸ੍ਰੀ ਗੁਰੂ ਦਸਮ ਗ੍ਰੰਥ ਨਾਮ ਤੋਂ ਇਹੋ ਭਾਵ ਲੈਣਾ ਹੈ ਕਿ ਗੁਰੂ ਦਸਮੇਸ਼ ਜੀ ਦੀ ਕਾਵਿ ਰਚਨਾ ਦਾ ਗ੍ਰੰਥ ਹੈ। ਹਾਂ ਇਸ ਵਿਚ ਨਿਤਨੇਮ ਰੂਪ ਦੀ ਬਾਣੀ ਸ਼ੁਰੂ ਵਿਚ ਅੰਕਿਤ ਹੈ ਉਤਨੀ ਤਾਂ ਗੁਰਬਾਣੀ ਹੀ ਸਮਝੀ ਜਾਂਦੀ ਹੈ ਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੁੱਲ ਹੀ ਪ੍ਰਵਾਨ ਹੈ ਪਰ ਜੋ ਪਰਾਣਿਕ ਸਾਖੀਆਂ (ਚੰਡੀ ਕੀ ਵਾਰ, ਚੌਬੀਸ ਅਵਤਾਰ ਤੇ ਤ੍ਰਿਯਾ ਚਰਿਤ੍ਰ ਆਦਿਕ) ਸੰਗ੍ਰਿਹ ਹੈ—ਉਹ ਧੁਰਕੀ ਆਈ ਬਾਣੀ ਤੁੱਲ ਬਰਾਬਰੀ ਦੀ ਨਹੀਂ ਮੰਨੀ ਜਾ ਸਕਦੀ। ਉਸ ਬਾਬਤ ਗੁਰੂ ਗੋਬਿੰਦ ਸਿੰਘ ਜੀ ਖੁਦ ਲਿਖਦੇ ਹਨ—

ਦੋਹਿਰਾ ਦਸਮ ਕਥਾ ਭਾਗਵਤ ਕੀ ਭਾਖਾ ਕਰੀ ਬਨਾਇ ॥
ਅਵਰ ਵਾਸਨਾਂ ਨਾਹਿ ਕੁਛ ਧਰਮ ਬੁੱਧ ਕੀ ਚਾਹੇ ॥

ਤਾਂਤੇ ਪੂਰੇ ਨਿਸਚੇ ਨਾਲ ਮੰਨਿਆ ਜਾਇ ਕਿ ਗੁਰਗੱਦੀ ਨਸ਼ੀਨ ਇਕੋ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ, ਜੋ ਪ੍ਰਤੱਖ ਗੁਰਾਂ ਕੀ ਦੇਹ ਰੂਪ ਗੁਰੂ ਸ਼ਬਦ ਗਿਆਨ ਦਾ ਭੰਡਾਰ ਸੰਗ੍ਰਹਿ ਹਨ।

## ਡਾਕਟਰ ਮਿਹਰ ਸਿੰਘ ਦੀ ਇਕ ਹੋਰ ਹੁੱਜਤ

ਉਕਤ ਲੇਖਕ ਨੇ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਨੂੰ ਖੰਡਨ ਅਤੇ ਦੇਹਧਾਰੀ ਦੇ ਮੰਡਨ ਵਿਚ ਹੋਰ ਕਈ ਤਰ੍ਹਾਂ ਦੀਆਂ (ਜੋ ਹੁਜੱਤਾਂ ਭਰੀਆਂ) ਦਲੀਲਾਂ ਦਿੱਤੀਆਂ ਹਨ। ਇਕ ਇਹ ਲਿਖਦਾ ਕਿ—ਤੀਸਰੀ ਪਾਤਸ਼ਾਹੀ ਗੁਰੂ ਅਮਰਦਾਸ ਦਾ ਫੁਰਮਾਨ ਹੈ—

"ਸਤਿਗੁਰੂ ਬਿਨਾਂ ਹੋਰ ਕਚੀ ਹੈ ਬਾਣੀ ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥
ਕਹਿੰਦੇ ਕਚੇ ਸੁਣਕੇ ਕਚੇ ਕਚੀ ਆਖਿ ਵਖਾਣੀ ॥ (ਇਤਆਦਿਕ)

ਇਸ ਗੁਰਬਾਣੀ ਦੇ ਪ੍ਰਵਾਣ ਨਾਲ ਉਹ ਸਾਬਤ ਕਰਨਾ ਚਾਹੁੰਦਾ ਹੈ ਕਿ ਜਿਸ ਗੁਰੂ ਗ੍ਰੰਥ ਜੀ ਨੂੰ ਸਤਿਗੁਰੂ ਮੰਨਿਆ ਜਾਂਦਾ ਹੈ ਉਸ ਵਿਚ ਦੋ ਤਰ੍ਹਾਂ ਦੀ ਬਾਣੀ ਹੈ। ਇਕ ਤਾਂ ਸਤਿਗੁਰਾਂ ਦੀ ਸੱਚੀ, ਅਤੇ ਭਗਤਾਂ ਤੇ ਭਟਾਂ ਦੀ ਕਚੀ ਹੈ। ਕੀ ਫਿਰ ਇਨ੍ਹਾਂ (੩੧) ਕਵੀਆਂ ਭਟਾਂ ਦੇ ਭਗਤਾਂ ਦੀ ਬਾਣੀ ਵੀ ਗੁਰੂ ਬਾਣੀ ਹੈ ਜਾਂ ਸਤਿਗੁਰਾਂ ਬਾਝੋਂ ਕੁਝ ਹੋਰ (ਸਭਨਾਂ ਦੀ ਕੱਚੀ) ਬਾਣੀ ਹੈ ?

ਇਸ ਹੁਜ਼ਤ ਭਰੀ ਦਲੀਲ ਦਾ ਉਤਰ ਇਹ ਹੈ ਕਿ ਉਨ੍ਹਾਂ ਭੱਟਾਂ ਕਵੀਆਂ ਤੇ ਸਾਰੇ ਭਗਤਾਂ ਦੀ ਬਾਣੀ ਨੂੰ ਸਚੇ ਸਤਿਗੁਰੂ ਨੇ ਪਰਖਿਆ ਸਚਾ ਜਾਣਿਆ ਤੇ ਪ੍ਰਵਾਨ ਕਰਕੇ ਬਰਾਬਰੀ ਦਾ ਦਰਜਾ ਦਿਤਾ ਹੈ। ਇਸ ਵਾਸਤੇ ਕਿ ਇਹ ਸਾਰੇ ਭਗਤ ਸਚਿਆਰ ਸਾਬਤ ਹੋਏ ਸੀ। ਸਮੇਂ ਸਮੇਂ ਦੀਆਂ ਸਰਕਾਰਾਂ (ਬਾਦਸ਼ਾਹ) ਨੇ ਕਬੀਰ ਨੂੰ ਬੰਨ੍ਹ ਕੇ

ਦਰਿਆ ਵਿਚ ਸੁਟਿਆ' ਤੇ ਮਸਤ ਹਾਥੀ ਨੂੰ ਸ਼ਰਾਬ ਪਿਲਾਕੇ ਨਾਮ ਦੇਵ ਨੂੰ ਇਸ ਅਗੇ ਧਰ ਕੇ ਮਾਰਨਾ ਚਾਹਿਆ—ਪਰ ਅਡੋਲ ਰਹੇ ਧਰਮ ਨਹੀਂ ਹਾਰਿਆ ਸੀ। ਇਹਨਾਂ ਨੂੰ ਗੁਰੂ ਜੀ ਨੇ ਬ੍ਰਹਮ ਗਿਆਨੀ ਜਾਣਿਆ ਤੇ ਬਾਣੀ ਪ੍ਰਵਾਨ ਕੀਤੀ ਨੇ। ਉਹਨਾਂ ਬ੍ਰਹਮ ਗਿਆਨੀ ਦੇ ਲੱਛਣ ਦਸੇ।

**"ਬ੍ਰਹਮ ਗਿਆਨੀ ਕੈ ਧੀਰਜ ਏਕ ॥**
**ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥"** (            )

ਫੇਰ—**ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥ ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥** ਵੀ ਕਿਹਾ। ਐਸਾ ਇਸ ਵਾਸਤੇ ਕਿ ਉਹ ਪ੍ਰਮੇਸਰ ਨਾਲ ਇਕਮਿਕ ਹੋ ਜਾਂਦੇ ਹਨ। "ਤੂੰ ਤੂੰ ਕਰਤਾ ਤੂੰ ਭਇਆ" ਹੋ ਜਾਂਦੇ ਹਨ। ਤਦ ਐਸੇ ਭਗਤਾਂ ਦੀ ਬਾਣੀ ਨੂੰ ਗੁਰੂ ਜੀ ਕਿਉਂ ਨ ਸੱਚੀ ਸਮਝਦੇ ? **"ਜੋ ਸ਼ੇਹਰੀ ਸੋ ਮੀਤ ਹਮਾਰਾ"** ਸਮਝ ਕੇ ਹੀ ਗੁਰੂ ਸਾਹਿਬ ਨੇ ਉਹਨਾਂ ਦੀ ਬਾਣੀ ਨੂੰ ਬਰਾਬਰੀ ਦਾ ਦਰਜਾ ਦਿਤਾ ਹੈ। ਫਿਰ ਜਿਥੇ ਕਿਧਰੇ ਉਨ੍ਹਾਂ ਦੀ ਬਾਣੀ ਨਾਲ ਸਹਿਮਤ ਨਹੀਂ ਸਨ—ਉਹ ਛਡੀ ਨਹੀਂ, ਪਰ ਨਾਲ ਦੇ ਨਾਲ ਆਪਣੇ ਵਿਚਾਰ ਪ੍ਰਗਟਾਂਦੇ ਰਹੇ। ਨਮੂਨਾ ਇਹ ਹੈ :—

"ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥
ਕਰ ਸਾਈ ਸਿਉ ਪਿਰਹੜੀ ਰੰਗੁ ਨ ਵੇਲਾ ਹੋਇ ॥

ਉਤਰ ਮ:੩ "ਫਰੀਦਾ ਕਾਲੀ ਧਉਲੀ ਸਾਹਿਬ ਸਦਾ ਹੈ ਜੇ ਕੋ ਚਿਤਿ ਕਰੇ ॥
ਇਹ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥ (੧੩੭੮)

ਫੇਰ ਹੋਰ : "ਫਰੀਦਾ ਪਾੜ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥
ਜਿਨੀ ਵੇਸੀ ਸਹੁ ਮਿਲੈ ਸਾਈ ਵੇਸ ਕਰੇਇਉ ॥

ਉਤਰ ਮ:੩ "ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤ ਰਾਸ ਕਰੇਇ ॥ (੧੩੮੩)

ਨੋਟ—ਇਥੇ ਪਾਠਕਾਂ ਨੂੰ ਪਤਾ ਹੋਣਾ ਚਾਹੀਦੇ ? ਕਿ ਸੱਚੀ ਬਾਣੀ ਤੇ ਕੱਚੀ ਬਾਣੀ ਦਾ ਜ਼ਿਕਰ ਜਿਸ ਗੁਰ ਅਮਰ ਦਾਸ ਜੀ ਨੇ ਕੀਤਾ ਹੈ, ਉਹਨਾਂ ਪਾਸ ਫਰੀਦ ਸਾਹਿਬ ਦੀ ਬਾਣੀ ਵੀ ਗੁਰਬਾਣੀ ਤੁਲ ਪ੍ਰਮਾਣੀਕ ਸਮਝ ਕੇ ਹੀ ਸੰਭਾਲੀ ਪਈ ਸੀ। ਤਦੇ ਕੁਝ ਢੁਕਵੇ ਸ਼ਬਦਾਂ ਵਿਚ ਉਹ ਨਾਲ ਦੇ ਨਾਲ ਲਿਖਦੇ ਰਹੇ ਸੀ।

ਇਸ ਤਰ੍ਹਾਂ ਦੇ ਹੋਰ ਬਹੁਤ ਪ੍ਰਵਾਨ ਦਿੱਤੇ ਜਾ ਸਕਦੇ ਹਨ। ਪਰ ਪਾਠਕਾਂ ਨੂੰ ਸੰਸਾ ਨਾ ਹੋਵੇ ਕਿ ਫਰੀਦ ਜੀ ਬਹੁਤ ਪਹਿਲੇ ਹੋਇ ਤੇ ਗੁਰੂ ਅਮਰ ਦਾਸ ਜੀ ਕਿਵੇਂ ਬਰਾਬਰੀ ਦਾ ਉਤਰ ਦਿਤਾ ਸੀ ? ਜਵਾਬ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਦੇਸ਼ ਯਾਤਰਾ ਸਮੇਂ ਫਰੀਦ ਸਾਹਿਬ ਦੇ ਜਾਨਸ਼ੀਨਾਂ ਨੇ ਉਨ੍ਹਾਂ ਦੀ ਬਾਣੀ ਪੇਸ਼ ਕੀਤੀ, ਜੋ ਗੁਰੂ ਸਾਹਿਬ ਨੇ ਜਿਵੇਂ ਨਾਮ ਦੇਵ ਜੀ ਆਦਿਕ ਪਹਿਲੇ ਭਗਤਾਂ ਦੀ ਬਾਣੀ ਨੂੰ ਅਪਨਾਇਆ ਸੀ ਫਰੀਦ ਜੀ ਦੀ ਬਾਣੀ ਵੀ ਸੰਭਾਲ ਲਈ ਤੇ ਇਹ ਸਾਰੀ ਬਾਣੀ ਆਪਣੀ ਬਾਣੀ ਦੇ ਨਾਲ ਹੀ ਸ੍ਰੀ ਕਰਤਾਰਪੁਰ ਨਿਵਾਸ ਵੇਲੇ ਬਾਬਾ ਸ੍ਰੀ ਚੰਦ ਜੀ ਦੇ ਹਵਾਲੇ ਕਰ ਦਿੱਤੀ ਸੀ।

ਸਮਾਂ ਪਾ ਕੇ ਆਪਣੇ ਵੇਲੇ ਜਦੋਂ ਗੁਰੂ ਅਮਰ ਦਾਸ, ਸ੍ਰੀ ਬਾਬਾ ਜੀ ਦੇ ਦਰਸ਼ਨ ਨੂੰ ਆਏ ਸਨ ਤਾਂ ਸਾਹਿਬਜ਼ਾਦਾ ਮੋਹਣ ਜੀ ਆਪ ਦੇ ਨਾਲ ਸਨ। ਗੁਰੂ ਜੀ ਨੇ ਮੋਹਣ ਜੀ ਨੂੰ ਬਾਬਾ ਸ੍ਰੀ ਚੰਦ ਜੀ ਤੋਂ ਗੁਰ ਮੰਤ੍ਰ ਦਿਲਾਇਆ ਤੇ ਉਨ੍ਹਾਂ ਨੇ ਚੇਲਾ ਬਣਾ ਕੇ ਇਨ੍ਹਾਂ ਨੂੰ ਸਿਮਰਨ ਵਿਧੀ ਤੇ ਯੋਗਾ ਅਭਿਆਸ ਕਰਨਾ ਵੀ ਸਿਖਾਇਆ ਸੀ, ਫਿਰ ਆਪਣੇ ਪਾਸ ਦੀ ਸਾਰੀ ਗੁਰਬਾਣੀ ਇਨ੍ਹਾਂ ਦੀ ਸੰਭਾਲ ਵਿਚ ਦਿਤੀ ਤੇ ਆਪ ਜੀ ਸਿੰਧ ਠੱਟੇ ਵਲੋਂ ਨੂੰ ਪਧਾਰੇ ਸਨ। ਉਥੇ ਆਪ ਦਾ ਭਾਰੀ ਯਾਦਗਾਰੀ ਅਸਥਾਨ ਹੈ।

ਉਕਤ ਬਾਣੀ ਚੂੰਕਿ ਆਪ ਦੇ ਪਾਸ ਆ ਚੁਕੀ ਸੀ—ਆਪਨੇ ਪੜੀ ਤੇ ਫਰੀਦ ਜੀ ਦੇ ਸ਼ਲੋਕਾਂ ਨਾਲ ਜਿਥੇ ਮੁਨਾਸਬ ਜਾਣਿਆ ਸੀ ਆਪਣੇ ਵਿਚਾਰ ਪ੍ਰਗਟਾਏ ਤੇ ਲਿਖਾਂਦੇ ਰਹੇ ਸੀ। ਉਹੀ ਸੰਚੀਆਂ ਫਿਰ ਗੁਰੂ ਅਰਜਨ ਦੇਵ ਨੇ ਮੋਹਣ ਜੀ ਪਾਸੋਂ ਲਿਆਂਦੀਆਂ ਸਨ ਤਾਂ ਗੁਰੂ ਗ੍ਰੰਥ ਜੀ ਦੀ ਤਿਆਰੀ ਵੇਲੇ ਫਰੀਦ ਜੀ ਦੀ ਬਾਣੀ ਦੇ ਨਾਲ ਨਾਲ ਹੀ ਗੁਰੂ ਅਮਰ ਦੇਵ ਜੀ ਦੇ ਢੁਕਦੇ ਵਿਚਾਰ ਉਤਰ ਵੀ ਨਾਲ ਦੇ ਨਾਲ ਲਿਖਾਏ ਸਨ।

ਐਸੇ ਪ੍ਰਮਾਣ ਹੋਰ ਬਹੁਤ ਹਨ ਕਿ ਭਗਤਾਂ ਦੇ ਵਿਚਾਰਾਂ ਨੂੰ ਦਸ ਕੇ ਨਾਲ ਹੀ ਆਪਣੇ ਵਿਚਾਰ ਵੀ ਪ੍ਰਗਟ ਕਰ ਦਿਤੇ ਨੇ। ਤਾਂਤੇ ਜਿਨ੍ਹਾਂ ਕਵੀਆਂ, ਭੱਟਾਂ ਭਗਤਾਂ ਦੀ ਬਾਣੀ ਨੂੰ ਗੁਰੂ ਅਰਜਨ ਦੇਵ ਨੇ ਪ੍ਰਵਾਨ ਕੀਤਾ ਹੈ ਉਹ ਸਾਡੇ ਵਾਸਤੇ ਸਭੋ ਸਚੀ ਬਾਣੀ ਹੈ ਹੋਰ ਕਈ ਭਗਤਾਂ ਨੇ (ਭਗਤ ਕਾਨਾ, ਪੀਲੂ ਆਦਿਕਾਂ) ਬਾਣੀ ਲਿਆਂਦੀ ਜੋ ਸੁਣੀ, ਪਰ ਉਹ ਅਪ੍ਰਵਾਨ ਕੀਤੀ ਤੇ ਮੋੜ ਦਿੱਤੀ ਸੀ। ਫਿਰ ਉਹ ਵੀ ਕੱਚ ਸੀ ਜੋ ਜਹਾਂਗੀਰ ਨੇ ਚੜ੍ਹਾਉਣ ਨੂੰ ਆਖਿਆ ਸੀ ਤੇ ਗੁਰੂ ਜੀ ਦੇ ਇਨਕਾਰੀ ਹੋ ਜਾਣ ਕਾਰਨ ਹੀ ਉਸ ਨੇ ਗੁਰੂ ਜੀ ਨੂੰ ਸ਼ਹੀਦ ਕਰਾ ਦਿੱਤਾ ਸੀ।

ਮੇਹਰ ਸਿੰਘ ਨੂੰ ਇਸ ਤਰ੍ਹਾਂ ਦੀਆਂ ਹੁਜਤਾਂ ਭਰੀਆਂ ਦਲੀਲਾਂ ਨਾਲ ਗੁਰੂ ਗ੍ਰੰਥ ਸਾਹਿਬ ਦੀ ਪ੍ਰਭੁੱਤਾ ਨੂੰ ਸ਼ਕੀ ਕਰਨ ਦਾ ਕੋਈ ਹੱਕ ਨਹੀਂ। ਐਸਾ ਉਸ ਪਾਸੋਂ ਵੀ ਪੁੱਛ ਕੀਤੀ ਜਾ ਸਕਦੀ ਹੈ ਕਿ ਜਿਸ ਦੇਹਧਾਰੀ ਗੁਰੂ ਨੂੰ ਉਹ ਦਸਵੇਂ ਸਤਿਗੁਰੂ ਦੀ ਗੁਰਗੱਦੀ ਦਾ ਵਾਰਸ (ਜਾਨਸ਼ੀਨ) ਮੰਨਦੇ ਉਨ੍ਹਾਂ ਦੇ ਸਰੀਰ ਦੀ ਕਿਹੜੀ ਵਸਤੂ ਕਿਹੜੇ ਕਿਹੜੇ ਅੰਗ ਨੂੰ ਉਹ ਗੁਰੂ ਮੰਨਦਾ ਹੈ।

ਕੀ ਉਹ ਉਹਨਾਂ ਦੀ ਜੀਵ ਆਤਮਾ ਨੂੰ ਗੁਰੂ ਮੰਨਦਾ? ਸਰੀਰ ਨੂੰ ਗੁਰੂ ਮੰਨਦਾ ਹੈ? ਸਰੀਰ ਦੇ ਅੰਗ ਬਹੁਤ ਹਨ ਕੀ ਉਹ ਹੱਥਾਂ ਨੂੰ ਜਾਂ ਪੈਰਾ ਨੂੰ ਦਸੋ ਇੰਦਰੀਆਂ ਵਿਚੋਂ...ਹੋਰ ਕਿਸੇ ਅੰਗ ਨੂੰ ਗੁਰੂ ਮੰਨਦਾ ਹੈ? ਕਿ ਕਰਤਾਰ ਸਿਰਜਨਹਾਰ ਨੇ (ਜੀਵ ਆਤਮਾਂ ਦੀ ਸੰਭਾਲ ਨੂੰ) ਜੋ ਸਰੀਰਕ ਢਾਂਚਾ ਸਿਰਜਿਆ ਹੈ ਸਾਰੇ ਅੰਗ ਸੰਬੰਧਤ ਮੰਨਦਾ ਹੈ? ਤਾਂ ਫਿਰ ਉਸ ਨੂੰ (ਮੇਹਰ ਸਿੰਘ ਨੂੰ) ਇਵੇਂ ਹੀ ਸਮਝਣਾਂ ਚਾਹੀਦੇ ਕਿ—"ਗੁਰੂ ਗ੍ਰੰਥ ਸਾਹਿਬ ਦੇ ਸਿਰਜਨਹਾਰ ਗੁਰੂ ਅਰਜਨ ਦੇਵ ਨੇ (ਗੁਰੂ ਆਤਮਾਂ) ਗੁਰੂ ਬਾਣੀ ਦੀ ਸੰਭਾਲ ਵਾਸਤੇ ਜੋ ਆਦਿ ਬੀੜ ਦੀ ਸਿਰਜਨਾ ਕੀਤੀ ਹੈ ਇਸ ਵਿਚ ਲਿਖੀ ਜਿਸ ਜਿਸ ਸੰਤ ਭਗਤ ਦੀ ਬਾਣੀ ਨੂੰ ਮੁਨਾਸਬ ਜਾਣਿਆ ਤੇ ਜਿਸ ਜਿਸ ਥਾਇਂ ਲਿਖਾਇਆ ਹੈ ਉਹ ਸਭ ਕੁਝ ਹੀ ਗੁਰੂ ਗ੍ਰੰਥ ਸਾਹਿਬ (ਪ੍ਰਗਟ ਗੁਰਾਂ ਕੀ ਦੇਹ) ਦਾ ਪਵਿਤਰ ਅੰਗ ਹੀ ਮੰਨਿਆ ਜਾਣਾ ਚਾਹੀਦੇ। ਸੰਸਾ ਤੇ ਹੁੱਜਤ ਕਰਨ ਵਾਲਾ ਗੁਰੂ ਦਾ ਸਿਖ ਨਹੀਂ ਹੋ ਸਕਦਾ।

ਇਸ ਤੋਂ ਅਗੇ ਚਲ ਕੇ ਮੋਹਰ ਸਿੰਘ ਇਕ ਹੋਰ ਗਿਆਨੀ ਲਾਲ ਸਿੰਘ ਜਥੇਦਾਰ ਖਾਲਸਾ ਪਾਰਲੀਮੈਂਟ ਦੀ ਪੁਸਤਕ ਦੇ ਸਫਾ ੧੯ ਦੀ ਲਿਖਤ ਦਾ ਹਵਾਲਾ ਦਿੰਦਾ ਹੈ, ਕਿ ਉਹ ਵੀ ਹੈਰਾਨੀ ਪ੍ਰਗਟ ਕਰਦਾ ਹੈ—ਇਸ ਤਰ੍ਹਾਂ ਕਿ ਇਸ ਪਵਿਤਰ ਬੀੜ ਵਿਚ ਮੁਸਲਮਾਨਾਂ ਭਗਤਾਂ, ਭੱਟਾਂ ਡੂੰਮਾਂ ਆਦਿਕਾਂ ਦੇ ੯੩੦ ਸ਼ਬਦਾਂ ਨੂੰ ਥਾਂ ਅਤੇ ਮਾਨਤਾ ਦਿਤੀ ਗਈ, ਪਰ ਗੁਰੂ ਗੋਬਿੰਦ ਜੀ ਦੀ ਬਾਣੀ ਨੂੰ ਥਾਂ ਤੇ ਮਾਨਤਾ ਦੇਣੀ ਗੁਨਾਹ ਸਮਝਿਆ ਹੈ—ਉਤਰ ਇਹ ਹੈ।

ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਵੇਰ ਗੁਰੂ ਅਰਜਨ ਦੇਵ ਜੀ ਨੇ ਰਚਨਾ ਕੀਤੀ ਤੇ ਉਹਨਾਂ ਨੇ ਭੱਟਾਂ ਡੂੰਮਾਂ ਭਗਤਾਂ ਦੀ ਬਾਣੀ ਨੂੰ ਜਿਸ ਖਿਆਲ ਨਾਲ ਚੜ੍ਹਾਇਆ ਸੀ ਉਹਨੂੰ ਪੂਰੀ ਤਰ੍ਹਾਂ ਉਹੀ ਜਾਣਦੇ ਸਨ, ਅਸੀਂ ਤਾਂ ਤੁੱਛ ਬੁਧੀ ਨਾਲ ਥੋਹੜਾ ਪਿਛੇ ਦਸਿਆ ਤੇ ਦੂਜੀ ਵੇਰ ਬੀੜ ਗੁਰੂ ਦਸਮੇਸ਼ ਜੀ ਨੇ ਖੁਦ ਲਿਖਾਈ ਸੀ। ਅਗਰ ਮੋਹਰ ਸਿੰਘ ਤੇ ਦੂਜੇ ਗਿਆਨੀ ਲਾਲ ਸਿੰਘ ਜੀ ਉਸ ਵੇਲੇ ਹੁੰਦੇ ਤਾਂ ਗੁਰੂ ਜੀ ਤੋਂ ਪਿਆਰ ਨਾਲ ਇਹ ਪੁਛਣਾ ਸੀ ਕਿ ਤੁਸੀਂ ਆਪਣੀ ਬਾਣੀ ਨੂੰ ਇਸ ਬੀੜ ਵਿਚ ਕਿਉਂ ਥਾਂ ਨਹੀਂ ਦੇ ਰਹੇ ? ਤਾਂ ਉਹਨਾਂ ਵੀ ਇਹੋ ਉਤਰ ਦੇਣਾ ਸੀ ਜੋ ਉਹਨਾ ਵਲੋਂ ਬਖਸ਼ੀ ਸੂਝ ਬੂਝ ਨਾਲ ਅਸੀਂ ਪਿਛੇ ਲਿਖਿਆ ਹੈ। ਕਿ ਉਹ ਆਪਣੀਆਂ ਰਚਨਾਵਾਂ ਨੂੰ ਪੁਰਾਣਕ ਕਥਾਵਾਂ ਤੇ ਕਾਵਿ ਨਿਯਮਬਧ ਕਵਿਤਾ ਮੰਨਦੇ ਸਨ, ਤੇ ਗੁਰਬਾਣੀ ਨੂੰ ਧੁਰ ਕੀ ਆਈ ਬਾਣੀ। (ਅਨੁਭਵੀ ਗਿਆਨ) ਕਾਵਿ ਨਿਯਮਾਂ ਤੋਂ ਮੁਕਤ ਸਮਝਦੇ ਸਨ, ਇਸ ਵਾਸਤੇ ਗੁਰਬਾਣੀ ਨਾਲ ਬਰਾਬਰੀ ਦੀ ਥਾਂ ਨਹੀਂ ਦਿਤੀ।

ਲਿਖਾਰੀ ਮੋਹਰ ਸਿੰਘ, ਆਪਣੀ ਭੂਮਿਕਾ ਵਿਚ (ਇਕ ਹੋਰ ਕੋਲੋਂ ਘੜੀ ਘਾੜਤ ਨੂੰ) ਇਤਿਹਾਸਕ ਗੱਲ ਬਣਾ ਕੇ ਲਿਖਦਾ ਕਿ ਜਦੋਂ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫਤਾਰ ਕਰ ਲਿਆ ਤੇ ਸ਼ਹੀਦ ਕੀਤਾ ਗਿਆ ਸੀ ਤਾਂ ਜਹਾਂਗੀਰ ਨੇ (ਤੋਜ਼ਕੇ ਜਹਾਂਗੀਰ ਵਿਚ ਲਿਖੇ ਮੁਤਾਬਕ) ਗੁਰੂ ਜੀ ਦੇ ਘਰ ਦਾ ਸਭ ਕੁਝ ਸਮਾਨ ਤੇ (ਗ੍ਰੰਥ ਸਾਹਿਬ) ਬੀੜ ਨੂੰ ਵੀ ਕਬਜ਼ੇ ਵਿਚ ਕਰ ਲਿਆ ਸੀ ਤੇ ਬਾਅਦ ਵਿਚ ਪ੍ਰਿਥੀ ਚੰਦ ਦੀ ਪਾਰਟੀ ਨੇ (ਜਿਸ ਵਿਚ ਇਸ ਦਾ ਪੁਤਰ ਮਿਹਰਬਾਨ ਵੀ ਹੋਣਾ ਹੈ) ਇਕ ਪੈਕਟ (ਇਕਰਾਰਨਾਮਾ) ਨਾਲ ਇਸ ਬੀੜ ਨੂੰ ਵਾਪਸ ਲਿਆ ਤੇ ਮੁਸਲਮਾਨਾਂ, ਹੋਰ ਭਗਤਾਂ ਤੇ ਭੱਟਾਂ ਕਵੀਆਂ ਦੀ ਬਾਣੀ ਨੂੰ ਸੱਚੀ ਬਾਣੀ ਨਾਲ ਰਲਾ ਮਿਲਾ ਕੇ ਮਿਲਗੋਭਾ ਕਰ ਦਿਤਾ ਸੀ। ਇਸ ਆਪਣੀ ਮਨੋ-ਕਲਪਿਤ ਲਿਖਤ ਦੀ ਪ੍ਰੋੜ੍ਹਤਾ ਵਿਚ ਹੀ ਉਸ ਨੇ ਗਿਆਨੀ ਲਾਲ ਸਿੰਘ ਦੀ ਲਿਖਤ ਦਾ ਹਵਾਲਾ ਵੀ ਦਿਤਾ ਕਿ ਉਹ ਵੀ ਇਸ ਗੱਲ ਤੋਂ ਹੈਰਾਨ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਨੂੰ ਉਹਨਾਂ ਤੁਲ ਕਿਉਂ ਥਾਂ ਨਹੀਂ ਦਿਤੀ।

ਜਿਥੋਂ ਤੀਕ ਥਾਂ ਦੇਣ ਦਾ ਜਵਾਬ ਹੈ ਉਤੇ ਦਸਿਆ ਹੈ, ਪਰ ਉਹ ਜਹਾਂਗੀਰ ਨਾਲ ਪ੍ਰਿਥੀ ਚੰਦ ਜੀ ਦੀ ਪਾਰਟੀ ਨਾਲ ਜਿਸ ਪੈਕਟ ਅਧੀਨ ਉਹ ਬੀੜ ਵਾਪਸ ਕਰਦਾ ਤੇ ਬੀੜ ਨੂੰ ਮਿਲਗੋਭਾ ਬਣਾਣ ਦਾ ਇਕਰਾਰ ਲੈਂਦਾ ਹੈ, ਲਿਖਾਰੀ ਮੋਹਰ ਸਿੰਘ ਦਾ ਇਖਲਾਕੀ ਫਰਜ਼ ਬਣਦਾ ਸੀ ਕਿ ਉਹ ਲਿਖਤ ਵੀ ਸਾਹਮਣੇ ਕਰਦਾ। ਪਰ ਸਾਧਾਰਨ ਅਤੇ ਕਿਰਤੀ (ਰਾਮਗੜ੍ਹੀਆ) ਬਰਾਦਰੀ ਨੂੰ ਭਰਮਾਣਾ ਤੇ ਗੁਰੂ ਗ੍ਰੰਥ ਜੀ ਦੀ ਪਵਿੱਤ੍ਰਤਾ ਨੂੰ ਖੰਡਤ ਕਰਨਾ ਹੀ ਉਸ ਦਾ ਮੁਖ ਮੰਤਵ ਹੈ ਇਸ ਵਾਸਤੇ ਉਹ ਇਤਨਾ ਵੱਡਾ ਝੂਠ

ਲਿਖਣ ਤੋਂ ਡਰਿਆ ਨਹੀਂ ਹੈ ? ਅਸੀਂ ਪੁਛਦੇ ਹਾਂ—

ਉਹ ਜ਼ਾਲਮ ਅਤੇ ਮੁਤਅਸਬੀ ਜਹਾਂਗੀਰ, ਜੋ ਗੁਰੂ ਅਰਜਨ ਦੇਵ ਦੀ ਇਸ ਸੱਚੀ ਧਰਮ ਦੀ ਚਲਾਈ "ਗੁਰ ਸ਼ਬਦ ਗਿਆਨ" ਦੀ ਟਕਸਾਲ ਨੂੰ ਕੁਫਰ ਦੀ ਦੁਕਾਨ ਸਮਝਦਾ ਤੇ ਬੰਦ ਕਰਾਣ ਨੂੰ ਗੁਰੂ ਜੀ ਨੂੰ ਸ਼ਹੀਦ ਕਰਾ ਸਕਦਾ ਹੈ ਤਾਂ ਉਸ ਦੇ ਹੱਥ ਅਗਰ ਉਸ ਦੁਕਾਨ ਦੀ ਸਾਰੀ ਰਾਸ ਮੂੜ੍ਹੀ ਹੀ ਆ ਜਾਏ ਤਾਂ ਉਸ ਦੇ ਤਲੱਫ ਕਰਨ ਵਿਚ ਫਾੜਨ ਵਿਚ ਗੰਗਾ, ਜਮਨਾ ਜਾਂ ਲਾਹੌਰ ਨੇੜੇ ਰਾਵੀ ਦਰਿਆ ਵਿਚ ਉਸ ਨੂੰ ਡੋਬ ਦੇਣ ਦਾ ਕਿਸ ਦਾ ਡਰ, ਕੀ ਡਰ ਸੀ ? ਫਿਰ ਨ ਬਾਂਸ ਰਹਿੰਦਾ, ਨਾ ਬਾਂਸਰੀ ਬਣਨੀ ਸੀ। ਗੁਰੂ ਨਾਨਕ ਦੇਵ ਤੋਂ ਗੁਰੂ ਅਰਜਨ ਤੀਕ ਦੀ ਅਗਰ ਸਾਰੀ ਮਿਹਨਤ ਕੀਤੀ, ਉਚਾਰਤ ਬਾਣੀ ਦੇ ਤਲਫ ਹੋ ਜਾਣ ਨਾਲ, ਗੁਰੂ ਅਰਜਨ ਦੇਵ ਦੀ ਸ਼ਹੀਦੀ ਮਗਰੋਂ ਪ੍ਰਿਥੀਆ ਪਾਰਟੀ ਜਾਂ ਸਿਖਾਂ ਪਾਸ ਕੀ ਰਹਿਣਾ ਸੀ ? ਜਹਾਂਗੀਰ ਤਾਂ ਸੁਫਲ ਹੋ ਜਾਂਦਾ ਅਗਰ ਇਸ ਬੀੜ ਨੂੰ ਕਬਜ਼ੇ ਕਰ ਲੈਂਦਾ? ਪਰ ਐਸਾ ਹੋਇਆ ਨਹੀਂ ਸੀ ਤੇ ਮੋਹਰ ਸਿੰਘ ਨੇ ਪਹਾੜ ਜਿਤਨਾ ਝੂਠ ਖੁਦ ਹੀ ਬੋਲ ਕੇ ਆਪਣੀ ਸਭਿਅਤਾ ਦਾ ਸਬੂਤ ਦਿਤਾ ਹੈ।

ਹੁਣ ਮੋਹਰ ਸਿੰਘ ਤੇ ਉਸ ਦੇ ਨਾਲ ਸਹਿਮਤ ਸਾਥੀਆਂ ਪਾਸੋਂ ਇਹ ਵੀ ਅਸੀਂ ਪੁਛਣਾ ਹੈ ਮੈਨੂੰ ਉਹ ਜਵਾਬ ਦੇਣ ! ਕਿ ਕਿਸੇ ਇਕਰਾਰਨਾਮੇ ਅਨੁਸਾਰ ਬੀੜ ਜੇਕਰ ਉਹਨਾਂ ਹੱਥ ਆਈ ਹੈ—ਸਹੀ ਮੰਨਿਆ ਜਾਏ ਤਾਂ ਫਿਰ ਮਿਲਗੋਭਾ ਕਰਨ ਵਾਸਤੇ ਉਸ ਪ੍ਰਿਥੀਆ ਪਾਰਟੀ ਨੇ ਜੋ ਭਗਤ ਬਾਣੀ ਤੇ ਭੱਟ ਕਵੀਆਂ ਦੀ ਬਾਣੀ ਹੈ ਉਹਨਾਂ ਪਾਸ ਆਈ ਕਿਥੋਂ ? ਅਗਰ ਗੁਰੂ ਅਰਜਨ ਦੇਵ ਨੇ ਸਿਰਫ ਆਪਣੇ ਤੀਕ (ਪੰਜ ਸਤਿਗੁਰਾਂ ਦੀ ਬਾਣੀ ਲਿਖਾ ਕੇ ਗ੍ਰੰਥ (ਪੋਥੀ) ਨੂੰ ਤਿਆਰ ਕਰਾਇਆ ਸੀ ਤਾਂ ਦੇਸ ਪ੍ਰਦੇਸ ਦੇ ਭਗਤਾਂ, ਭੱਟਾਂ ਅਤੇ ਮੁਸਲਮਾਨ ਫਕੀਰਾਂ ਪਾਸ ਉਕਤ ਪਾਰਟੀ ਦਾ ਕੌਣ ਕੋਈ ਸਿਰਕੱਢ ਬੰਦਾ ਕਦੋਂ ਗਿਆ ਸੀ ਜਿਸ ਨੇ ਉਹਨਾਂ ਪਾਸੋਂ ਇਹ ਬਾਣੀ ਲਿਆਂਦੀ ਤੇ ਜਹਾਂਗੀਰ ਦੀ ਖੁਸ਼ਨੂਦੀ ਵਾਸਤੇ (ਪਹਿਲੀ) ਬੀੜ ਨੂੰ ਭੰਨ ਤੋੜ ਕੇ ਹੁਣ ਤਰ੍ਹਾਂ ਦੀ ਬੀੜ ਲਿਖਾਈ ਹੈ ? ਕੀ ਜਵਾਬ ਹੈ ਮੋਹਰ ਸਿੰਘ ਤੇ ਨਾਮਧਾਰੀ ਦਰਬਾਰ ਪਾਸ ?

ਫਿਰ ਪ੍ਰਿਥੀ ਚੰਦ (ਗੁਰੂ ਅਰਜਨ ਦੇਵ ਦੇ ਵਡੇ ਭਰਾਤਾ) ਅਤੇ ਇਹਨਾਂ ਦੇ ਇਕਲੌਤੇ ਸਾਹਿਬਜ਼ਾਦੇ( ਮਿਹਰਬਾਨ ਜੀ) ਨੇ ਅਗਰ ਪਹਿਲੀ ਬੀੜ ਵਿਚ ਲਿਖੀ (ਸੱਚੀ ਗੁਰਬਾਣੀ ਨੂੰ) ਕੱਚੀ ਨਾਲ ਰਲਾ ਕੇ ਮਿਲਗੋਭਾ ਹੀ ਕਰਨਾ ਸੀ ਤਾਂ ਕਰ ਲੈਂਦੇ। ਪਰ ਜਿਸ ਗੁਰੂ ਅਰਜਨ ਦੇਵ ਨੂੰ ਉਹ ਸਭ ਤੋਂ ਵੱਡਾ ਆਪਣਾ ਦੁਸ਼ਮਣ ਸਮਝਦੇ. ਅਤੇ ਸੁਲਹੀ ਖਾਨ ਤੇ ਸੁਲਬੀ ਖਾਨ ਨੂੰ ਚੜ੍ਹਾ ਲਿਆ ਕੇ ਉਹਨਾਂ ਨੂੰ ਫੜ੍ਹਾਉਣ ਦਾ ਜਤਨ ਕਰਦੇ ਰਹੇ ਸੀ, ਫਿਰ ਦਿਲੀ ਤੀਕ ਜਹਾਂਗੀਰ ਪਾਸ ਪੁਜ ਕੇ ਸ਼ਿਕਾਇਤਾਂ ਕਰਦੇ ਰਹੇ ਸੀ। ਉਸੇ ਗੁਰੂ ਅਰਜਨ ਦੇਵ ਦੀ ਤਾਰੀਫ਼ ਵਿਚ ਮਥਰਾ ਭਟ ਦੇ ਉਚਾਰਨ ਕੀਤੇ (ਸਵਈਏ ਮਹਲਾ ੫ ਦੇ) ਆਪਣੇ ਕੋਲ ਦੀ ਬੀੜ ਵਿਚ ਕਿਉਂ ਲਿਖਵਾਏ ਸੀ ? ਇਸ ਗੱਲ ਦਾ ਵੀ ਉਹ ਕੋਈ ਜਵਾਬ ਨਹੀਂ ਦੇਣਗੇ।

ਹੁਣ ਨਾਮਧਾਰੀ ਦਰਬਾਰ ਦੇ ਅਗਰ ਸਚਿਆਰ ਮੈਂਬਰ ਕੋਈ ਹੋਵਣ, ਤਾਂ ਉਹ ਵੀ ਨਿਰਪਖ ਹੋ ਕੇ ਸੋਚਣ ਕਿ ਵੈਰੀ ਦੀ ਸਿਫਤ ਵਿਚ (ਜਿਸ ਨੂੰ ਕਿ ਉਹ ਜਿੰਦਾ ਵੇਖਣਾ ਨਾ ਚਾਹੁੰਦੇ ਹੋਣ) ਇਤਨਾ ਵਡਿਆ ਕੇ ਕੋਈ ਨਹੀਂ ਲਿਖਾ ਸਕਦਾ। ਨਮੂਨਾ

ਵੇਖੋ :—

ਗੁਰੂ ਨਾਨਕ ਅੰਗਦੁ ਵਰਉ ਗੁਰਿ ਅੰਗਦ ਅਮਰ ਨਿਧਾਨ ॥
ਗੁਰਿ ਰਾਮਦਾਸ ਅਰਜਨ ਵਰਉ ਪਾਰਸ ਪਰਸ ਪ੍ਰਮਾਣ ॥

—o—

ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲ ਹੈ ਸੰਗਤਿ ਸ੍ਰਿਸਟਿ ਨਿਹਾਲੁ ਕਰੀ ॥
ਰਾਮਦਾਸ ਗੁਰੂ ਜਗ ਤਾਰਨ ਕਉ ਗੁਰ ਜੋਤਿ ਸੁ ਅਰਜਨ ਮਾਹਿ ਧਰੀ ॥
(੧੪੦੮)

—o—

ਧਰਨਿ ਗਗਨ ਨਵਖੰਡ ਮਹਿ ਜੋਤਿ ਸਰੂਪੀ ਰਹਿਉ ਭਰ ॥
ਭਨਿ ਮਥਰਾ ਕਛੁ ਭੇਦ ਨਹੀ ਗੁਰ ਅਰਜਨ ਪਰਤੱਖ ਹਰਿ ॥

ਸਵੱਯਾ ਦੇ ਅਖੀਰ ਵਿਚ :—

ਕਾਟੇ ਸੁ ਪਾਪ ਤਿਨ ਨਰਹੁ ਕੇ ਗੁਰ ਰਾਮਦਾਸ ਜਿਨੁ ਪਾਇਯਉ ॥
ਛੱਤਰ ਸਿੰਘਾਸਨੁ ਪਿਰਥਮੀ ਗੁਰ ਅਰਜਨ ਕਉ ਦੇ ਆਇਉ ॥

ਅਸੀਂ ਤਾਂ ਇਥੇ ਬਹੁਤ ਥੋੜਾ ਲਿਖ ਵਖਾਇਆ ਹੈ ਪਰ ਮਥਰਾ ਭੱਟ ਨੇ ਬਹੁਤ ਕੁਝ—ਜੈਸਾ ਗੁਰੂ ਅਰਜਨ ਦੇਵ ਜੀ ਨੂੰ ਆਤਮਕ ਅਖਾਂ ਨਾਲ ਦੇਖਿਆ ਤੇ ਅਨੁਭਵ ਕੀਤਾ ਸੀ, ਉਚਾਰ ਕੇ ਸੁਣਾਇਆ ਸੀ। ਉਹ ਭਾਈ ਗੁਰਦਾਸ ਜੀ, ਅਤੇ ਇਹਨਾਂ (ਭੱਟ ਕਵੀਸ਼ਰਾਂ) ਦੀ ਬਾਰ ਬਾਰ ਬੇਨਤੀਆਂ ਮੰਨ ਕੇ ਆਪਣੀ ਬਾਬਤ ਲਿਖਾਇਆ ਸੀ। ਵਰਨਾ ਲੇਖਕ ਮੇਹਰ ਸਿੰਘ ਅਤੇ ਪ੍ਰਧਾਨ ਗਿਆਨੀ ਲਾਲ ਸਿੰਘ ਦੇ ਖਿਆਲਾਂ ਅਨੁਸਾਰ (ਭਗਤ ਬਾਣੀ ਤੇ ਭੱਟ ਕਵੀਸ਼ਰਾਂ ਦੀ ਬਾਣੀ) ਨੂੰ ਕਿਸੇ ਵੇਲੇ ਦੇ ਜਹਾਂਗੀਰ ਨਾਲ ਕੀਤੇ ਪੈਕਟ ਮੁਤਾਬਕ ਜਬਤ ਕੀਤੀ ਬੀੜ ਵਿਚ ਮਿਲਗੋਭਾ ਕਰਨ ਵਾਸਤੇ ਅਗਰ ਪਿਛੋਂ ਲਿਖਾਇਆ ਹੁੰਦਾ ਤਦ ਗੁਰੂ ਅਰਜਨ ਦੇਵ ਦੀ ਬਡਾਈ ਦਾ ਇਕ ਅਖਰ ਵੀ ਉਹਨਾ ਨਹੀਂ ਲਿਖਾਣਾ ਸੀ। ਤਾਂਤੇ ਸਹੀ ਮੰਨਣਾ ਚਾਹੀਏ ਕਿ ਗੁਰੂ ਗ੍ਰੰਥ ਜੀ ਵਿਚ ਅੰਕਿਤ ਕੀਤੀ ਗਈ ਬਾਣੀ ਸਾਰੀ ਹੀ ਸਤਿਗੁਰਾਂ ਵਲੋਂ ਪ੍ਰਵਾਣਤ ਸਚਿਆਰਾਂ ਦੀ ਸੱਚੀ ਬਾਣੀ ਹੈ। ਕੱਚੀ ਬਾਣੀ ਕਿਹੜੀ ਹੈ, ਜਿਸ ਨੂੰ ਉਹ ਸੁਣਨਾ ਵੀ ਪਸੰਦ ਨਹੀਂ ਕਰਦੇ ਤੇ ਲਿਖਾਂਦੇ ਰਹੇ—

"ਮੇਰੇ ਪ੍ਰਭੂ ਜੀ ਸਰਵਣੀ ਇਹ ਨਾ ਸੁਣਾਇ ॥
ਸਾਕਤ ਗੀਤ ਰਾਗ ਧੁਨ ਬੋਲਤ ਬੋਲ ਅਲਾਇ ॥ (        )

## ਖਾਲਸਾ ਪਾਰਲੀਮੈਂਟ ਦਾ ਪ੍ਰਧਾਨ ਗਿਆਨੀ ਲਾਲ ਸਿੰਘ *

ਹੁਣ ਪਾਠਕਾਂ ਨਾਲ ਇਥੇ ਹੀ ਪ੍ਰੀਚੈ ਕਰਾ ਦਿੰਦੇ ਹਾਂ ਕਿ ਇਹ ਖਾਲਸਾ ਪਾਰਲੀਮੈਂਟ ਕਦੋਂ ਤੇ ਕਿਥੇ ਬਣੀ ਸੀ ? ਜਿਸ ਦੇ ਗਿਆਨੀ ਲਾਲ ਸਿੰਘ ਪ੍ਰਧਾਨ ਰਹੇ

---

* ਇਹ ਗਿਆਨੀ ਲਾਲ ਸਿੰਘ ਹੁਣ ਤੋਂ ੬੦-੬੫ ਸਾਲ ਪਹਿਲੇ ਹੋ ਬੀਤੇ, ਉਹ ਲਿਖਾਰੀ ਵੀ ਸਨ ਤੇ ਮਨ ਮਰਜ਼ੀ ਦਾ ਲਿਖਿਆ ਸੀ। ਦੂਜੇ ਹੁਣ ਦੇ ਗਿਆਨੀ ਲਾਲ ਸਿੰਘ ਵੀ ਮਾਲਵੇ ਦੇ ਹਨ। ਇਹ ਭਾਸ਼ਾ ਵਿਭਾਗ ਪਟਿਆਲਾ ਦੇ ਰੀਟਾਇਰ ਡਾਇਰੈਕਟਰ ਹਨ ਪਰ ਬਹੁਤ ਸੁਲਝੇ ਵਿਦਵਾਨ ਹਨ। ਉਸ ਪਹਿਲੇ ਉਕਤ ਪ੍ਰਧਾਨ ਗਿਆਨੀ ਲਾਲ ਸਿੰਘ ਦੀ ਥਾਂ ਇਹਨਾਂ ਨੂੰ ਨਾ ਸਮਝਿਆ ਜਾਏ। ਤਦ ਨਿਰਣਾ ਲਿਖ ਦਸਿਆ ਹੈ।

ਹੋਣਗੇ ? ਸੰਨ ੧੯੨੦-੨੧ ਦੇ ਦਿਨਾਂ ਵਿਚ ਜਾਂ ਹੋਰ ਕੁਝ ਸਾਲਾਂ ਅਗੇ ਪਿਛੇ (ਭਸੌੜ ਵਿਚ) **ਬਾਬੂ ਤੇਜਾ ਸਿੰਘ ਨੇ ਚੀਫ ਖਾਲਸਾ ਦੀਵਾਨ ਦੇ ਮੁਕਾਬਲੇ ਦਾ ਮਾਲਵੇ ਵਿਚ ਪੰਚ ਖਾਲਸਾ ਦੀਵਾਨ ਕਾਇਮ ਕੀਤਾ,** ਤੇ ਉਹਨਾਂ ਹੀ ਸ਼ਾਇਦ ਆਪਣੀ ਖਾਲਸਾ ਪਾਰਲੀਮੈਂਟ ਕਾਇਮ ਕੀਤੀ। ਫਿਰ ਉਹਨਾਂ ਵੀ ਆਪਣੇ ਵਿਚਾਰਾਂ ਵਿਚ ਭਗਤ ਬਾਣੀ ਤੇ ਭੱਟ ਕਵੀਸ਼ਰਾਂ ਦੀ ਬਾਣੀ ਨੂੰ ਵਾਧੂ ਤੇ ਸਤਿਗੁਰ ਤੋਂ ਬਿਨਾਂ ਹੋਰ ਸਾਰਿਆਂ ਦੀ। ਕੱਚੀ ਬਾਣੀ ਸਮਝ ਕੇ ਗੁਰੂ ਗ੍ਰੰਥ ਜੀ ਵਿਚੋਂ ਕਢਣ ਦਾ ਪਹਿਲਾ ਯਤਨ ਇਹੋ ਕੀਤਾ ਕਿ ਸਾਰੀ ਨਰੋਲ ਸਤਿਗੁਰਾਂ ਦੀ ਬਾਣੀ ਨੂੰ ਛਾਂਟ ਕੇ ਵਖੋ ਵਖ ਕੀਤਾ ਤੇ (ਸ਼ਾਇਦ) ਚਾਰ ਜਿਲਦਾਂ ਵਿਚ ਛਪਵਾਇਆ ਸੀ।

ਇਸ ਪਾਰਲੀਮੈਂਟ ਦੇ ਇਸ ਮਨਸੂਬੇ ਦਾ ਪੰਥਕ ਸੰਪਰਦਾਵਾਂ, ਸਿੰਘ ਸਭਾਵਾਂ ਤੇ ਕਮੇਟੀਆਂ ਨੂੰ ਜਦੋਂ ਪਤਾ ਚਲਿਆ ਤਾਂ ਬਹੁਤ ਸ਼ੋਰ-ਸ਼ਰਾਬਾ ਮਚਿਆ ਸੀ। ਬਾਬੂ ਤੇਜਾ ਸਿੰਘ ਨੂੰ ਸਿਰਫ ਤਨਖਾਹੀਆ ਨਹੀਂ ਬਲਕਿ ਗੁਰੂ ਉਤੇ ਵਾਰ ਕਰਨ ਵਾਲਾ (ਗੁਰਧ੍ਰੋਹੀ) ਸਮਝਕੇ ਸ੍ਰੀ ਅਕਾਲ ਤਖਤ ਜੀ ਦੇ ਹੁਕਮਨਾਮੇ ਨਾਲ ਪੰਥ ਤੋਂ ਛੇਕਿਆ ਗਿਆ ਤੇ ਅੰਤ ਨੂੰ ਇਸ ਪਾਪ ਬਦਲੇ ਬਹੁਤ ਔਖਾ ਹੋ ਕੇ ਮੋਇਆ ਸੀ। ਬਾਅਦ ਵਿਚ ਉਹ ਸਾਰੀਆਂ ਸੈਂਚੀਆਂ ਸ੍ਰੀ ਅਕਾਲ ਤਖਤ ਦੇ ਹੁਕਮ ਨਾਲ ਸਭਨਾਂ ਪਾਸੋਂ ਮੰਗਵਾਈਆਂ ਗਈਆਂ ਤੇ ਦਰਿਆ ਡੋਬੀਆਂ ਜਾਂ ਕਿਤੇ ਉਹਲੇ ਕਰ ਦਿਤੀਆਂ ਗਈਆਂ ਸਨ ਅਤੇ ਐਸਾ ਪਰਚਾਰ (ਭਗਤ ਬਾਣੀ ਵਿਰੁਧ) ਪ੍ਰਧਾਨ ਗਿਆਨੀ ਲਾਲ ਸਿੰਘ ਵਲੋਂ ਪਹਿਲੇ ਬਹੁਤ ਕੀਤਾ ਗਿਆ ਸੀ ਜਿਸ ਨੂੰ ਚਾਤਰ ਮੋਹਰ ਸਿੰਘ ਨੇ ਆਪਣੇ ਪੱਖ ਦੀ ਪ੍ਰੋੜ੍ਹਤਾ ਵਿਚ, ਆਪਣੀ ਭੂਮਿਕਾ ਵਿਚ ਲਿਖਿਆ ਹੈ। ਅਸੀਂ ਇਸ ਪਰ ਇਕ ਕਹਾਵਤ ਲਿਖਦੇ ਹਾਂ—

ਕਹਾਵਤ ਇਹ ਹੈ ਕਿ ਕਿਸੇ ਮਾਤਾ ਨੇ ਪੁਤਰ ਨੂੰ ਪਾਲ ਪੋਸ ਕੇ ਪੜ੍ਹਾਇਆ ਤੇ ਆਖਿਆ ਬੇਟਾ ਮੈਂ ਚਾਹੁੰਦੀ ਹਾਂ ਤੂੰ ਥਾਣੇਦਾਰ ਬਣ ਜਾਏ ਤੇ ਮੈਂ ਵਰਦੀ ਵਿਚ ਤੈਨੂੰ ਵੇਖ ਕੇ ਖੁਸ਼ ਹੋਵਾਂ।

ਅਗੋਂ ਹੋਣਹਾਰ ਪੁਤਰ ਨੇ ਜਵਾਬ ਦਿਤਾ ਮਾਂ ਜੀਓ—ਅਗਰ ਐਸਾ ਹੋਇਆ ਤਾਂ ਤਜਰਬੇ ਵਜੋਂ ਮੈਂ ਘਰ ਵਿਚੋਂ ਪਹਿਲੇ ਤੈਨੂੰ ਹੀ ਥੰਨਣਾ ਹੈ।

ਅਸਚਰਜ ਹੈ ਕਿ ਗੁਰੂ ਜੀ ਦੇ ਉਕਤ ਇਹਨਾਂ "ਗੁਰ ਸਿਖ ਪੁਤ ਭਾਈਆਂ" ਨੇ ਗੁਰੂ ਜੀ ਦੇ ਗੂਹੜ ਆਸ਼ੇ ਨੂੰ ਸਮਝਿਆ ਨਹੀਂ ਤੇ ਆਪਣੇ ਹੀ ਸਤਿਗੁਰੂ ਗ੍ਰੰਥ ਸਾਹਿਬ ਵਿਚ ਸੰਚਿਤ ਗਿਆਨ ਭੰਡਾਰ ਦੀ ਅਖੰਡਤਾ ਤੇ ਵਾਰ ਕੀਤਾ। ਪਰ ਸ਼ੁਕਰ ਹੈ ਕਿ ਛੇਤੀ ਹੀ ਪੰਥ ਖਾਲਸਾ ਸੁਚੇਤ ਹੋਇਆ ਤੇ ਪੰਚ ਖਾਲਸਾ ਦੀਵਾਨ ਦੀ ਇਸ ਕੋਝੀ ਚਾਲ ਨੂੰ ਭਾਂਪ ਕੇ ਠੱਲ੍ਹ ਪਾ ਦਿਤਾ ਸੀ ਪਰ ਉਸ ਰਾਹੇ ਹੁਣ ਨਾਮਧਾਰੀ ਦਰਬਾਰ ਚਲ ਪਿਆ ਹੈ ਕਿ ਕਦੀ "ਪਤਰਾ ਪਾਠ" ਦਾ ਪ੍ਰਚਾਰ ਤੇ ਹੁਣ 'ਪੁਰਖ ਗੁਰੂ' ਪੁਸਤਕ ਰਾਹੀਂ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਉਤੇ ਵਾਰ ਕਰ ਦਿਤਾ ਹੈ ਜਿਸ ਦਾ ਜਵਾਬ ਅਸੀਂ ਦੇ ਰਹੇ ਹਾਂ।

## ਕੁਝ ਹੋਰ ਪ੍ਰਸ਼ਨ ਤੇ ਉਨ੍ਹਾਂ ਦੇ ਉਤਰ

ਉਕਤ ਪੁਸਤਕ ! ਪੁਰਖ ਗੁਰੂ ਦੀ ਭੂਮਿਕਾ ਦੇ ਸਫਾ ੩੪ ਉਤੇ ਮੋਹਰ ਸਿੰਘ ਫੇਰ ਪੁਛਦਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ—"ਪੰਥ ਨੂੰ ਗੁਰੂ ਵਾਲੇ ਅਧਿਕਾਰ

ਦਿਤੇ ਸਨ"—ਜਾਂ ਪੰਥ ਨੂੰ ਸਦਾ ਗੁਰੂ ਗ੍ਰੰਥ ਦੇ ਅਧੀਨ ਰਹਿ ਕੇ ਜੀਵਨ ਬਤੀਤ ਕਰਨ ਦੀ ਆਗਿਆ ਦਿਤੀ ਸੀ। ਇਸ ਸਬੰਧ ਵਿਚ ਉਹ ਹੋਰ ਖੋਜ ਦੀ ਲੋੜ ਤੇ ਪ੍ਰੇਰਨਾ ਕਰਦਾ। ਦੂਜਾ ਉਹ ਗੁਰੂ ਸਾਹਿਬ ਦਾ ਜੋਤੀ ਜੋਤ ਸਮਾਣਾ ਨਾਦੇੜ ਵਿਚ ਨਹੀਂ ਮੰਨਦਾ। ਤੀਜਾ ਨਾਟਕੀ ਤਰੀਕੇ ਨਾਲ ਸਿਖਾਂ ਦੇ ਸੀਸ ਮੰਗਣੇ, ਫਿਰ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਛਕਣਾ ਤੇ ਗੁਰੂ ਖਾਲਸੇ ਦਾ ਚੇਲਾ ਬਣਨਾ। ਫਿਰ ਗੁਰੂ ਗ੍ਰੰਥ ਸਾਹਿਬ ਨੂੰ ਗੁਰਗਦੀ ਦੇਣੀ ਜਾਂ ਖਾਲਸਾ ਪੰਥ ਨੂੰ ਗੁਰੂ ਥਾਪਣਾ। ਇਹਨਾਂ ਅਤਿ ਮਹਤਵਪੂਰਨ ਅਤੇ ਸਬੰਧਤ ਵਿਸ਼ਿਆਂ ਉਤੇ ਅਜੇ ਤੀਕ ਕੋਈ ਸਮਕਾਲੀ ਗਵਾਹੀ ਨਹੀਂ ਮਿਲ ਸਕੀ ਐਸਾ ਉਹ ਲਿਖਦਾ ਹੈ।

ਫੇਰ ਆਪਣੇ ਉਕਤ ਪ੍ਰਸ਼ਨਾਂ ਦੇ ਖ਼ਿਆਲਾਂ ਦੀ ਪ੍ਰੋੜ੍ਹਤਾ ਵਾਸਤੇ ਉਹ ਜੀ. ਐਸ. ਗਰੇਵਾਲ ਅਤੇ ਐਸ. ਐਸ. ਬਲ ਦੇ ਵਿਚਾਰ ਪੇਸ਼ ਕਰਦਾ, ਕਿ ਉਹ ਵੀ ਉਕਤ ਗਲਾਂ ਦੀ ਸਚਾਈ ਵਾਸਤੇ ਕੋਈ ਸਮਕਾਲੀ ਗਵਾਹੀ ਚਾਹੁੰਦੇ।

ਇਹਨਾਂ ਉਤੇ ਲਿਖੇ ਪ੍ਰਸ਼ਨਾਂ ਨੂੰ ਉਹ ਪਿਛੇ ਦੇ ਲਿਖੇ ਸ਼ਬਦਾਂ ਦੀ ਥੋਹੜੀ ਬਹੁਤ ਅਦਲਾ-ਬਦਲੀ ਨਾਲ ਪੇਸ਼ ਕਰਦਾ ਰਿਹਾ ਤੇ ਅਗੇ ਵੀ ਕਈ ਥਾਈਂ ਉਹ ਐਸੀਆਂ ਪੜਾਂ ਕਰਦਾ ਜਾਇਗਾ। ਜਿਸ ਦਾ ਢੁਕਵਾਂ ਉਤਰ ਪਿਛੇ ਦਿਤਾ ਹੈ, ਪਾਠਕਾਂ ਨੇ ਪੜ੍ਹਿਆ ਹੈ। ਹੁਣ ਹੋਰ ਦੇਣਾ ਹੈ ਜੋ ਇਸ ਤਰ੍ਹਾਂ ਦਾ ਹੈ :—

ਉਤਰ ੧—ਗੁਰੂ ਸਾਹਿਬ ਨੇ ਖਾਲਸਾ ਪੰਥ ਵਿਚੋਂ ਚੁਣੇ ਪੰਜ ਪਿਆਰਿਆਂ ਨੂੰ ਗੁਰਤਾ ਦੇ ੧੧ਵੀਂ ਥਾਂ ਇਹ ਅਧਿਕਾਰ ਦਿਤੇ ਕਿ ਉਹ ਗੁਰੂ ਵਾਲੀ ਸਰੀਰਕ ਕਿਰਿਆ ਨੂੰ ਨਿਭਾਉਣਗੇ। ਅੰਮ੍ਰਿਤ ਤਿਆਰ ਕਰ ਛਕਾਉਣਗੇ। ਫਿਰ (ਮੂਲ ਮੰਤ੍ਰ ਗੁਰੂ ਮੰਤ੍ਰ) ਗੁਰੂ ਨਾਨਕ ਬਖਸ਼ਿਸ਼ ਸਮਝਾਏ ਕਿ ਗੁਰੂ ਗ੍ਰੰਥ ਜੀ ਸ਼ਬਦ ਸਰੂਪ ਗੁਰਗਦੀ ਉਤੇ ਭਰੋਸਾ ਦ੍ਰਿੜ੍ਹ ਕਰਾਉਣਗੇ। ਅਤੇ ਅੰਮ੍ਰਿਤ ਛਕ ਚੁਕੇ (ਅੰਮ੍ਰਿਤਧਾਰੀਆਂ) ਨੂੰ ਗੁਰੂ ਗ੍ਰੰਥ ਜੀ ਵਿਚ ਦੀ ਅੰਕਿਤ ਗੁਰਬਾਣੀ (ਗੁਰਮਤ) ਅਨੁਸਾਰ ਸਦੀਵੀ ਜੀਵਨ ਬਤੀਤ ਕਰਨਾ ਸਮਝਾਉਣਗੇ, ਬੱਸ! ਇਤਨਾ ਅਧਿਕਾਰ ਦਿਤਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਠੀਕ ਨਾਟਕੀ ਤਰੀਕੇ ਨਾਲ ਪੰਜ ਸਿਖਾਂ ਦੇ ਸੀਸ ਦੀ ਮੰਗ ਕੀਤੀ ਉਹ ਨਿਤਰੇ ਤੇ ਇਹਨਾਂ ਨੂੰ ਅੰਮ੍ਰਿਤ ਛਕਾਇ ਨਾਲ ਖਾਲਸਾ ਪੰਥ ਸਾਜਨਾ ਦੀ ਅਰੰਭਕ ਮਹੂਰਤ ਕੀਤੀ। ਫਿਰ ਉਸੇ ਤਿਆਰ ਕੀਤੇ ਅੰਮ੍ਰਿਤ ਦੇ ਬਾਟੇ ਵਿਚੋਂ ਉਹਨਾਂ ਹਥੀਂ ਖੁਦ ਛਕਿਆ ਤੇ ਜਿਵੇਂ ਉਹਨਾਂ ਦੇ ਨਾਮ ਦਯਾ ਰਾਮ ਤੋਂ ਭਾਈ ਦਯਾ ਸਿੰਘ ਤੇ ਧਰਮ ਚੰਦ ਤੋਂ ਧਰਮ ਸਿੰਘ ਸੁਣਾਇਆ ਸੀ ਆਪਣਾ ਨਾਮ ਵੀ ਗੋਬਿੰਦ ਦਾਸ ਤੋਂ ਉਹਨਾਂ ਦੀ ਰਸਨਾ ਤੋਂ ਗੋਬਿੰਦ ਸਿੰਘ ਪ੍ਰਗਟਾਇਆ ਸੀ* ਇਸ ਰੀਤ ਨਾਲ ਗੁਰੂ ਜੀ ਨੇ ਗੁਰ ਚੇਲੇ ਦੀ ਵਿਥ ਮਿਟਾ ਕੇ ਸਰਬ-ਲੋਹ ਗ੍ਰੰਥ ਵਿਚ ਲਿਖਿਆ ਅਤੇ ਅਗੇ ਵਾਸਤੇ ਦਾ ਭਰਮ ਭੇਦ ਮਿਟਾਇਆ ਕਿ ਕੌਣ ਗੁਰੂ ਤੇ ਕੌਣ ਚੇਲਾ? ਉਨ੍ਹਾਂ ਦਸਿਆ :—

"ਖਾਲਸਾ ਮੇਰੋ ਸਜਨ ਸੂਰਾ ॥ ਖਾਲਸਾ ਮੇਰੋ ਸਤਿਗੁਰ ਪੂਰਾ ॥" (ਸਰਬਲੋਹ)

---

* ਗੁਰੂ ਤੇਗ਼ ਬਹਾਦਰ ਜੀ ਨੇ ਆਸਾਮ ਤੋਂ ਗੋਬਿੰਦ ਦਾਸ ਨਾਮ ਲਿਖ ਭੇਜਿਆ ਸੀ—ਹੁਕਮਨਾਮਾ ਪਟਨੇ ਸਾਹਿਬ ਵਿਚ ਹੈ।

ਇਸ ਰੀਤ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸ੍ਰੀ ਮੁਖਵਾਕ ਉਚਾਰਨ ਕੀਤੇ ਨੂੰ ਮੂਰਤੀਮਾਨ ਕਰ ਵਿਖਾਇਆ ਕਿ "ਪੰਚ ਪ੍ਰਵਾਨ-ਪੰਚ ਪ੍ਰਧਾਨ ॥ ਪੰਚੇ ਪਾਵਹਿ ਦਰਗਹਿ ਮਾਨ ॥"

ਗੁਰੂ ਸਾਹਿਬ ਦੀ ਇਸ ਅਦੁਤੀਕਾਰ ਨੂੰ ਇਕ ਦੋ ਨਹੀਂ ਹਜ਼ਾਰਾਂ ਸਿਖਾਂ ਤੇ ਗੈਰਸਿੱਖਾਂ ਅਤੇ ਉਸ ਵੇਲੇ ਦੇ ਸ਼ਾਹੀ ਖੁਫੀਆ ਰਪੋਟਰਾਂ ਨੇ ਲਿਖਿਆ ਕਿ ਕਰੀਬਨ ੮੦ ਹਜ਼ਾਰ ਦੇ ਇਸ ਇਕੱਠ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਨਵੀਂ ਕੌਮ ਨੂੰ ਜਨਮ ਦਿੱਤਾ ਸੀ। ਇਸ ਅਖੀਂ ਦੇਖੀ, ਸੀਨੇ ਬਸੀਨੇ ਸੁਣੀ ਹੋਈ ਤੇ ਚਲੀ ਆਈ ਤਵਾਰੀਖੀ ਲਿਖਤ ਤੋਂ ਵੱਧ ਕੇ ਹੋਰ ਕੀ ਸਮਕਾਲੀ ਗਵਾਹੀ ਚਾਹੀਏ ? ਕਿ ਸਿੱਖ ਪੰਥ ਦੇ ਇਕੱਠ ਵਿਚੋਂ ਚੁਣੇ ਉਕਤ ਪੰਜਾਂ ਨੂੰ ਗੁਰੂ ਜੀ ਨੇ ਗੁਰੂ ਖਾਲਸਾ ਪਦਵੀ ਦਾ ਅਧਿਕਾਰ ਦਿਤਾ ਸੀ।

ਫਿਰ ਇਹ ਵੀ ਚੇਤੇ ਰਹੇ ਕਿ ਇਹ ਅਧਿਕਾਰ ਨਾਮ ਮੰਤ੍ਰ ਪ੍ਰਚਾਰਨ ਅਤੇ ਸਰਬ ਸੰਮਤੀ ਜਾਂ ਬਹੁ ਸੰਮਤੀ ਨਾਲ ਗੁਰੂ ਗ੍ਰੰਥ ਜੀ ਦੀ ਹਜ਼ੂਰੀ ਵਿਚ ਪਾਸ ਕੀਤੇ ਗੁਰਮਤੇ ਪਰਸਾਰਨ ਤੀਕ ਹੈ। ਗੁਰੂ ਗ੍ਰੰਥ ਸਾਹਿਬ ਜਾਂ ਗੁਰਸਿਖ ਰਹਿਤ ਮਰਯਾਦਾ ਵਿਚ ਅਦਲਾ ਬਦਲੀ ਦਾ ਅਧਿਕਾਰ ਨਹੀਂ ਦਿੱਤਾ ਸੀ ਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਚੜਾਏ ਤੋਂ ਬਿਨਾਂ ਅਤੇ "ਕਹੁ ਕਬੀਰ ਜਨ ਭਏ ਖਲਾਸੇ" ਦੀ ਥਾਂ "ਖਾਲਸੇ ਸ਼ਬਦ ਤੋਂ ਬਗੈਰ ਹੋਰ ਕੋਈ ਆਪਣੀ ਵਲੋਂ ਆਪਣੀ ਉਚਾਰਤ ਬਾਣੀ ਨਹੀਂ ਚੜਾਈ-ਨਾ ਅਦਲਾ ਬਦਲੀ ਕੀਤੀ ਹੈ। ਹਾਲਾਂ ਕਿ ਸ੍ਰੀ ਜਪਜੀ ਦੇ ਨਾਲ ਹੀ ਜਾਪ ਸਾਹਿਬ ਰੋਜ਼ਾਨਾ ਨਿਤਨੇਮ ਨਾਲ ਪੜਨ ਦੀ ਤਾਕੀਦ ਹੈ। ਨਾ ਪੜ੍ਹਨ ਵਾਲਿਆਂ ਪ੍ਰਤੀ ਐਸਾ ਫੁਰਮਾਇਆ ਹੈ-ਜਪੁ ਜਾਪ ਪੜੇ ਬਿਨਾ ਜੇਵੇ ਪ੍ਰਸਾਦ "ਜਨਮ ਗਵਾਵੈ ਅਪਨਾ ਬਾਦ ॥ (ਰਹਿਤਨਾਮਾ)

ਤਾਂ ਤੇ ਸਾਬਤ ਹੈ (ਗੁਰਗੱਦੀ ਸਥਾਪਤ) ਗੁਰਤਾ ਅਧਿਕਾਰ ਸਿਰਫ ਗੁਰੂ ਗ੍ਰੰਥ ਜੀ ਨੂੰ ਹੈ, ਤੇ 'ਪੰਜ ਪ੍ਰਵਾਨ ਗੁਰੂ ਖਾਲਸਾ ਨੂੰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਨਾਮ ਮੰਤ੍ਰ ਪ੍ਰਚਾਰਨ ਅਤੇ ਗੁਰਮਤੇ ਪ੍ਰਸਾਰਨ ਦਾ ਹੱਕ ਹੈ। ਜਿਵੇਂ ਗੁਰੂ ਜੀ ਚਮਕੌਰ ਦੀ ਜੰਗ ਵਿਚ ਸਵੇਰੇ ਖੁਦ ਜੂਝਨ ਨੂੰ ਤਿਆਰ ਹੋਏ ਬੈਠੇ ਸਨ, ਪਰ ਪੰਜ ਸਿੰਘਾਂ ਨੇ ਗੁਰੂ ਖਾਲਸੇ ਦੇ ਰੂਪ ਵਿਚ ਗੁਰਮਤਾ ਕਰਕੇ ਗੁਰੂ ਜੀ ਨੂੰ ਗੜ੍ਹੀ ਤੋਂ ਨਿਕਲ ਜਾਣ ਵਾਸਤੇ ਮਨਾਇਆ ਸੀ, ਉਹ ਨਿਕਲ ਗਏ ਸਨ।

ਫਿਰ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਸਥਾਪਤ ਹੋਇ ਦੇ ਸੰਬੰਧ ਵਿਚ ਅਸੀਂ ਗੁਰੂ ਜੀ ਦੇ ਆਪਣੇ ਸ੍ਰੀ ਮੁਖਵਾਕ (ਸ੍ਰੀ ਸਰਬ ਲੋਹ ਗ੍ਰੰਥ ਵਿਚੋਂ) ਪਿਛੇ ਸਬੂਤ ਵਜੋਂ ਪੇਸ਼ ਕਰ ਆਏ ਹਾਂ ਤੇ ਹੋਰ ਅਖੀਂ ਵੇਖੀ ਸਮਕਾਲੀ ਗਵਾਹੀ; ਜੋ ਸਿੱਖ ਇਤਿਹਾਸ ਦੀ ਥੋੜੇ ਲੋਕਾਂ ਨੂੰ ਪਤਾ ਹੈ-ਇਹ ਹੈ :

ਸ੍ਰੀ ਗੁਰੂ ਗੋਬਿੰਦ ਸਿੰਘ ਨਾਂਦੇੜ ਵਿਚ ਜਦੋਂ ਮੁਕੀਮ ਸਨ; ਬਹਾਦਰ ਸ਼ਾਹ ਦਾ ਡੇਰਾ ਵੀ ਨੇੜੇ ਸੀ। ਇਧਰੋਂ ਡੇਰਾਦੂਨ ਤੋਂ ਉਦਾਸੀ ਬਾਲੂ ਹਸਨਾ ਜੀ ਦੀ ਸੰਤ ਮੰਡਲੀ ਉਧਰ ਮਹੰਤ ਸ੍ਰੀ ਗੋਵਿੰਦ ਸਾਹਿਬ ਉਦਾਸੀ ਦੇ ਮਸ਼ਹੂਰ ਡੇਰੇ (ਹੈਦਰਾਬਾਦ) ਜਾ ਕੇ ਟਿਕੇ ਹੋਏ ਸਨ। ਉਕਤ ਦੋਵੇਂ ਪ੍ਰਸਿਧ ਮਹਾਤਮਾ ਸ੍ਰੀ ਬਾਬਾ ਗੁਰਦਿਤਾ ਜੀ ਦੇ ਚਾਰ ਮੁਖੀ ਚੇਲਿਆਂ ਵਿਚੋਂ ਸਨ ਤੇ ਬਾਬਾ ਜੀ ਨੇ ਜਿਥੇ ਬਾਲੂ ਹਸਨਾਂ ਜੀ ਨੂੰ ਡੇਰਾਦੂਨ

(ਪਹਾੜ ਵਿਚ) ਧਰਮ ਪ੍ਰਚਾਰ ਵਾਸਤੇ ਭੇਜਿਆ ਸੀ ਗੋਵਿੰਦ ਸਾਹਿਬ ਨੂੰ ਹੈਦਰਾਬਾਦ ਵਿਚ (ਦਖਣ ਵਿਚ) ਗੁਰਬਾਣੀ ਰਾਹੀਂ, ਗੁਰਸਿਖੀ ਪ੍ਰਚਾਰ ਵਾਸਤੇ ਭੇਜਿਆ ਸੀ।

ਇਸ ਨਾਤੇ ਤੀਰਥ ਯਾਤਰਾ ਕਰਦੇਂ ਹੋਏ (ਬਾਲੂ ਹਸਨਾ ਦੀ ਸੰਤ ਮੰਡਲੀ ਹੈਦਰਾਬਾਦ ਪੁਜੇ ਹੋਏ ਸਨ। ਇਨਾਂ ਨੇ ਦਖਣ ਵਿਚ (ਨਾਂਦੇੜ ਸ਼ਹਿਰ ਅੰਦਰ) ਗੁਰੂ ਗੋਬਿੰਦ ਸਿੰਘ ਜੀ ਦਾ ਟਿਕਾਉ ਹੋਇਆ, ਜਦੋਂ ਸੁਣਿਆ ਸੀ, ਦਰਸ਼ਨ ਕਰਨ ਨੂੰ ਨਾਂਦੇੜ ਆਏ ਅਤੇ ਵਾਜੇ ਗਾਜੇ ਨਰਸਿੰਘੇ, ਘੜਿਆਲ ਵਜਾਂਦੇ ਹੋਇਆਂ ਜਾ ਕੇ ਦਰਸ਼ਨ ਕੀਤੇ। ਪੁਸ਼ਪਵਰਖਾ, ਅਲਾਚੀ ਬਦਾਮ ਸਉਗੀ, ਆਦਿਕ ਪ੍ਰਸ਼ਾਦ ਭੇਟ ਕਰਕੇ ਮਥੇ ਟੇਕੇ।

ਇਸ ਵੇਲੇ ਦੀ ਗੁਰੂ ਡੇਰੇ ਵਿਚ ਦੀ ਚਹਿਲ ਪਹਿਲ ਤੇ ਘੜਿਆਲ ਨਰ ਸਿੰਘੇ ਤੇ ਟੱਲ ਵਜਦੇ ਦੀ ਆਵਾਜ਼ ਸੁਣਕੇ ਬਾਦਸ਼ਾਹ (ਬਹਾਦਰ ਸ਼ਾਹ) ਨੇ ਪੁਛਿਆ–ਕਿਆ ਹੈ ? ਤਾਂ ਗੁਰੂ ਡੇਰੇ ਵਿਚ ਇਤਨੀ ਭੀੜ ਜਮ੍ਹਾਂ ਹੋਈ ਬਾਬਤ ਸੁਣ ਕੇ ਉਸ ਨੇ ਗੁਰੂ ਡੇਰੇ ਦੀ ਰਸਦ ਦੂਣੀ ਸ਼ੁਰੂ ਕਰਾ ਦਿੱਤੀ ਸੀ। ਇਹੀ ਤਵਾਰੀਖੀ ਜ਼ਿਕਰ ਹੈ, ਤੇ ਇਹੋ ਸੰਤ ਮੰਡਲੀ ਗੁਰੂ ਜੀ ਦੇ ਅੰਤ ਸਮੇਂ ਤੀਕ ਉਥੇ ਰਹੇ। ਹਾਲਾਂ ਕਿ ਇਨ੍ਹਾਂ ਨੂੰ ਪਤਾ ਨਹੀਂ ਸੀ ਕਿ ਕਟਾਰ ਦੇ ਵਾਰ ਨਾਲ ਗੁਰੂ ਜੀ ਉਤੇ ਇਹ ਭਾਣਾ ਵਰਤਣਾ ਹੈ। ਪਰ ਦਰਦੀ ਸੰਤ ਸਨ-ਇਥੇ ਨਾਲ ਦੇ ਨਾਲ ਰਹੇ।

ਪਿਛੇ ਦਸਿਆ ਹੈ ਕਿ ਗੁਰੂ ਜੀ ਨੇ ਆਪਣਾ ਅੰਤ ਸਮਾਂ ਆਇਆ ਅਨੁਭਵ ਕੀਤਾ ਤਾਂ ਕਤਕ ਸੁਦੀ ਦੂਜ ਨੂੰ ਗੁਰੂ ਗ੍ਰੰਥ ਸਾਹਿਬ ਦੀ ਗੁਰਗੱਦੀ ਸਥਾਪਨਾ ਦੀ ਕਾਰਵਾਈ ਨੂੰ ਇਨ੍ਹਾਂ ਸੰਤਾਂ ਨੇ ਵੀ ਅਖੀਂ ਦੇਖਿਆ ਸੀ। ਫਿਰ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ ਬਹੁਤੇ ਸਿਖਾਂ ਦੇ ਪੰਜਾਬ ਨੂੰ ਵਾਪਸ ਹੋਇ ਮਗਰੋਂ ਉਹੋ ਸੰਤ ਈਸ਼ਰ ਦਾਸ ਤੇ ਕੁਝ ਹੋਰ ਸਾਧੂ–ਭਾਈ ਧਰਮ ਸਿੰਘ ਤੇ ਸੰਤੋਖ ਸਿੰਘ ਜੀ ਨਾਲ ਨਾਂਦੇੜ ਰਹੇ ਤੇ ਅੰਗੀਠੇ ਵਾਲੀ ਸਚਖੰਡੀ ਅਸਥਾਨ ਦੀ ਸੰਭਾਲ ਸੇਵਾ ਤੇ ਲੰਗਰ ਵੀ ਚਾਲੂ ਕੀਤੀ ਰਖਿਆ ਸੀ।

ਇਧਰ ਜਿਹੜੇ ਸਿੰਘ ਪੰਜਾਬ ਨੂੰ ਵਾਪਸ ਹੋਏ ਸਨ ਉਨ੍ਹਾਂ ਨੇ ਘਰੀਂ ਘਰੀ ਜਾ ਕੇ ਸਿਰਫ ਆਪਣੇ ਪਰਵਾਰ ਤੇ ਪਿੰਡ ਵਾਲਿਆਂ ਤਾਈ ਉਥੋਂ ਦੇ ਅਖੀਂ ਡਿਠੇ ਹਾਲ ਸੁਣਾਏ ਹੋਣੇ ਜੋ ਪਤਾ ਨਹੀਂ ਕਿਸੇ ਲਿਖੇ ਸਨ ਕਿ ਨਹੀਂ ਲਿਖੇ। ਪਰ ਇਹ ਸਾਰੇ ਦੁਖ ਦਾਈ ਹਾਲ "ਬਾਲੂ ਹਸਨਾ ਦੀ ਮੰਡਲੀ ਨੇ ਦਿੱਲੀ ਆ ਕੇ ਮਾਤਾ ਸਾਹਿਬ ਦੇਵਾਂ ਤੇ ਸ੍ਰੀ ਮਾਤਾ ਸੁੰਦਰੀ ਜੀ ਨੂੰ ਸੁਣਾਏ ਸੀ, ਧੀਰਜ ਧਰਾਇਆ ਤੇ ਰੱਬ ਦੀ ਰਜਾ ਵਿਚ ਰਹਿ ਕੇ ਸਮਾਂ ਬਿਤਾਣਾ ਸਮਝਾਇਆ ਸੀ। ਫਿਰ ਇਹੋ ਸੰਤ ਮੰਡਲੀ ਭਾਈ ਰਾਮ ਕੌਰ ਨੂੰ ਮਿਲੀ ਤੇ ਸਾਰੇ ਹਾਲ ਸੁਣਾਏ ਸਨ। ਜੋ ਭਾਈ ਰਾਮ ਕੌਰ (ਭਾਈ ਬੁਢਾ ਸਾਹਿਬ ਦੀ ਸੰਤਾਨ ਦਿਆਂ) ਨੇ ਲਿਖ ਰਖੇ ਸਨ। ਉਹ ਦਸਦੇ ਕਿ ਜਦੋਂ ਵੀ ਉਦਾਸੀ ਸੰਤ,–– ਸਾਨੂੰ ਮਿਲਦੇ ਰਹੇ ਸੀ, ਪੰਜ ਵੇਰ ਗੁਰੂ ਜੀ ਦੇ ਅੰਤਮ ਸਮਾਚਾਰ ਉਨ੍ਹਾਂ ਤੋਂ ਅਖੀ ਡਿਠੇ ਸੁਣੇ ਤੇ ਲਿਖੇ ਸੀ।

ਥੋੜੇ ਸਮੇਂ ਬਾਅਦ ਇਕ ਸਾਹਿਬ ਸਿੰਘ ਜੀ ਲਿਖਾਰੀ ਨੇ ਭਾਈ ਰਾਮ ਕੌਰ ਜੀ

ਤੋਂ ਉਹ ਸਾਰਾ ਹਾਲ ਸੁਣਿਆ ਜੋ ਨਾਂਦੇੜ ਤੀਕ ਗੁਰੂ ਜੀ ਦੇ ਨਾਲ ਜਾਂਦੇ ਦੇਖਿਆ ਸੀ। ਫਿਰ ਗੁਰੂ ਜੀ ਦੇ ਹੁਕਮ ਅਨੁਸਾਰ ਮਾਤਾ ਸਾਹਿਬ ਦੇਵਾਂ ਜੀ ਨੂੰ ਦਿੱਲੀ ਲਿਆ ਕੇ ਮਾਤਾ ਸੁੰਦਰੀ ਜੀ ਪਾਸ ਇਕਠੇ ਰਹਿਣ ਨੂੰ ਛਡਿਆ। ਅਤੇ ਪਿਛੇ ਦਾ ਅਖੀਂ ਡਿੱਠਾ ਹਾਲ (ਜੋ ਭਾਈ ਰਾਮ ਕੌਰ ਜੀ ਨੇ ਸੰਤ ਮੰਡਲੀ ਤੋਂ ਸੁਣਿਆ ਸੀ) ਉਹ ਵੀ ਸਾਹਿਬ ਸਿੰਘ ਲਿਖਾਰੀ ਨੂੰ ਲਿਖਾਇਆ ਸੀ ਤੇ ਭਾਈ ਸਾਹਿਬ ਸਿੰਘ ਲਿਖਾਰੀ ਪਾਸੋਂ ਦੀ ਲਿਖਤ ਮੁਤਾਬਕ ਭਾਈ ਸੰਤੋਖ ਸਿੰਘ ਜੀ ਨੇ ਗੁਰਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ ਵਿਚ ਐਸਾ ਸਾਫ ਸਾਫ ਲਿਖਿਆ--

ਬਾਲੂ ਹਸਨਾ ਕੇਰ ਉਦਾਸੀ ॥ ਰਹੀ ਜਮਾਤ ਗੁਰੂ ਕੇ ਪਾਸੀ ॥<br>
ਸਭਿ ਪ੍ਰਸੰਗ ਕੋ ਤਿਨਹੁ ਨਿਹਾਰਾ ॥ ਪੰਚ ਬਾਰ ਮੁਝ ਸੰਗ ਉਚਾਰਾ ॥<br>
ਜਬਿ ਸੁ ਮਿਲਤ ਆਨ ਕਰ ਪਾਸੀ ॥ ਮੈਂ ਬੂਝਤ ਸੋ ਕਰਤ ਪ੍ਰਕਾਸੀ ॥<br>
ਅਬਚਲ ਨਗਰ ਗੁਰੂ ਕੇ ਪਾਛੇ ॥ ਦਿਨ ਕੇਤਿਕ ਰਹਿ ਚਲਬੋ ਬਾਛੇ ॥<br>
ਸੋ ਆਇ ਇਸ ਦੇਸ ਮਝਾਰੀ ॥ ਮਾਤਨ ਕੀ ਭੀ ਬਾਤ ਉਚਾਰੀ ॥<br>
(ਐਨ ੨ ਅੰਸੂ ੨੬)

ਹੁਣ ਪਾਠਕ ਵਿਚਾਰ ਕਰਨ ਕਿ ਇਸ ਤੋਂ ਵਧ ਕੇ ਹੋਰ ਸਮਕਾਲੀ ਗਵਾਹੀ ਕੀ ਹੋ ਸਕਦੀ ਹੈ ਜੋ ਮਿਹਰ ਸਿੰਘ ਅਤੇ ਨਾਮਧਾਰੀ ਦਰਬਾਰ ਦੀ ਤਸੱਲੀ ਕਰਾਈ ਜਾਏ? ਪਰ ਜਿਥੋਂ ਤੀਕ ਹੋ ਸਕਿਆ ਹੈ--ਗੁਰੂ ਜੀ ਦੀ ਆਪਣੀ ਲਿਖਤ (ਸਰਬ ਲੋਹ ਗ੍ਰੰਥ ਸਾਹਿਬ) ਵਿਚੋਂ ਤੇ ਬਾਲੂ ਹਸਨਾਂ ਜੀ ਸੰਤ ਮੰਡਲੀ ਦੇ ਅਖੀਂ ਡਿਠੇ, ਸੁਣਾਏ ਤੇ ਲਿਖਾਏ ਹਾਲ (ਸਮਕਾਲੀ ਸਨ) ਪੇਸ਼ ਕਰ ਦਿੱਤੇ ਹਨ। ਵਿਚਾਰਨਾ ਪਾਠਕਾਂ ਨੇ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਨੂੰ ਕਿਸੇ ਇਕ ਦੇਹਧਾਰੀ ਗੁਰੂ ਦੇ ਅਧੀਨ ਕੀਤਾ ਹੈ ਜਾਂ ਫਿਰ "ਗੁਰੂ ਗ੍ਰੰਥ ਸਾਹਿਬ" ਦੀ ਗੁਰਤਾ ਪਰ ਭਰੋਸਾ ਕਰਨਾ ਤੇ ਇਸ ਦੇ ਸ਼ਬਦ ਗਿਆਨ ਅਨੁਸਾਰ ਜੀਵਨ ਬਿਤਾਣਾ ਸਿਖਾਇਆ ਹੈ? ਇਹੋ ਪਾਠਕਾਂ ਨੇ ਸੋਚਣਾ ਹੈ।

## ਕੀ ਗੁਰੂ ਜੀ ਨਾਂਦੇੜ ਵਿਚ ਜੋਤੀ ਜੋਤ ਨਹੀਂ ਸਮਾਏ?

ਲੇਖਕ ਮੇਹਰ ਸਿੰਘ ਤੇ ਉਸ ਦੇ ਸਾਥੀ ਮਾਸਟਰ ਨਿਹਾਲ ਸਿੰਘ ਤੇ ਨਾਮ ਧਾਰੀ ਦਰਬਾਰ ਦੀ ਮਨੌਤਾਂ ਦਾ ਸਾਰਾ ਤਤਸਾਰ ਆਧਾਰ ਆਸਰਾ ਇਹੋ ਸਾਖੀ ਹੈ--ਜੋ ਸਾਡੇ ਇਤਿਹਾਸਾਂ ਵਿਚ ਦਸਿਆ ਹੈ ਕਿ ਗੁਰੂ ਜੀ ਰਾਤ ਸਮੇਂ ਉਥੇ ਜੀਉਂਦੇ ਜੀ ਕਨਾਤ ਵਿਚ ਦਾਖਲ ਹੋਏ ਸੀ ਹੋਰ ਕਿਸੇ ਨੂੰ ਕਨਾਤ ਅੰਦਰ ਜਾਣ ਦਾ ਹੁਕਮ ਨਹੀਂ ਸੀ। ਚੰਦਨ ਚਿਤਾ ਜਲੀ, ਪਰ ਦੂਜੇ ਦਿਨ ਸਵੇਰੇ ਦੇਖਿਆ ਗਿਆ, ਤਬੇਲੇ ਵਿਚ ਗੁਰੂ ਜੀ ਦਾ ਉਹ ਕਮੈਤ ਘੋੜਾ ਵੀ ਨਹੀਂ ਸੀ ਜੋ ਤਿਆਰ ਕਰਾਕੇ (ਜੀਨ ਕਸਾਕੇ) ਰਖਾਇਆ ਹੋਇਆ ਸੀ। ਫਿਰ ਇਥੇ ਚਿਖਾ ਠੰਡੀ ਹੋਏ ਵੇਲੇ ਡਿਠਾ ਤਾਂ ਇਕ ਛੋਟੀ ½ ਇੰਚ ਦੀ ਕਿਰਪਾਨ ਤੋਂ ਬਿਨਾਂ ਹੋਰ (ਫੁਲ ਅਸਤੀਆਂ) ਕੁਝ ਨਹੀਂ ਸੀ ਤੇ ਉਧਰ ਦੂਜੇ ਪਾਸੇ ਕਿਸੇ 'ਸਾਧੂ' ਨੂੰ ਘੋੜੇ ਦੀ ਸਵਾਰੀ ਕੀਤੇ ਦਰਸ਼ਨ ਹੋਏ ਤੇ ਉਸ ਰਾਹੀਂ ਸਿਖ ਸੰਗਤ ਪ੍ਰਤੀ ਸਨੇਹਾ ਦੇ ਕੇ ਭੇਜਿਆ ਸੀ--ਜੋ ਚਿੰਤਾ ਨਾ ਕਰਨਾ ਚੜ੍ਹਦੀ ਕਲਾ ਵਿਚ ਰਹਿਣ।

ਅਸੀਂ ਸਦਾ ਹੀ ਖਾਲਸੇ ਦੇ ਅੰਗ ਸੰਗ ਹਾਂ। ਫਿਰ ਦੋ ਮਰਹਟੇ ਸਰਦਾਰਾਂ ਨੂੰ ਕੈਦ ਵਿਚੋਂ ਛਡਾਇਆ ਤੇ ਕਿਲੇ ਤੋਂ ਦੂਰ ਪਰਬਤ ਉਤੇ ਜਾ ਕੇ ਛਡਿਆ ਸੀ। ਉਨ੍ਹਾਂ ਵੀ ਨਾਂਦੇੜ ਜਾ ਕੇ ਦਸਿਆ ਕਿ ਸਾਨੂੰ ਗੁਰੂ ਜੀ ਨੇ ਘੋੜੇ ਦੀਆਂ ਦੋਵੇਂ ਰਕਾਬਾ ਫੜਾ ਕੇ ਉਡਾਇਆ ਤੇ ੧੨ ਕੋਹਾਂ ਵਿੱਥ ਤੇ ਬਿੰਧਿਆਚਲ, ਪਰਬਤ ਪਰ ਟਿਕਾਇਆ ਸੀ।

ਬਸ; ਸਿਖ ਇਤਿਹਾਸ (ਸੂਰਜ ਪ੍ਰਕਾਸ਼ ਆਦਿਕ) ਵਿਚ ਲਿਖੀਆਂ ਇਨ੍ਹਾਂ ਸਾਖੀਆਂ ਨੇ ਨਾਮਧਾਰੀਆਂ ਦਾ ਹੌਸਲਾ ਵਧਾਇਆ ਤੇ (ਨਾਂਦੇੜ ਤੋਂ ਚਲਾਣਾ ਕੀਤੇ ਨੂੰ) ਨਾਟਕੀ ਤਰੀਕੇ ਨਾਲ ਜੀਉਂਦੇ ਨਿਕਲ ਜਾਣਾ ਸਹੀ ਮੰਨ ਕੇ ੯੦ ਸਾਲ ਬਾਅਦ ਬਾਬਾ ਬਾਲਕ ਸਿੰਘ ਨੂੰ ਦਰਸ਼ਨ ਦਿਖਾਣਾ, ਫਿਰ ੧੧ਵੀਂ ਥਾਂ ਇਨ੍ਹਾਂ ਨੂੰ ਗੁਰਤਾ ਦਿੱਤੀ ਤੇ ੧੨ਵੀਂ ਥਾਂ ਬਾਬਾ ਰਾਮ ਸਿੰਘ ਹੋਇਕੇ ਪ੍ਰਗਟਾਣਾ, ਗੁਰੂ ਜੀ ਦੀ ਜ਼ਬਾਨੀ ਦਸ ਕੇ ਇਨ੍ਹਾਂ ਨੂੰ ਗੁਰੂ ਨਾਨਕ ਦੀ ਚਾਲੂ ਕੀਤੀ ਗੁਰਗੱਦੀ ਦਾ ਵਾਰਸ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੀ ਨਹੀਂ, ਬਲਕਿ ਕਿਰਤੀ ਤੇ ਪੇਂਡੂ ਸਾਧਾਰਨ (ਰਾਮਗੜ੍ਹੀਆ) ਸਿੱਖ ਬਰਾਦਰੀ ਨੂੰ ਆਪਣੀ ਉਕਤ ਤਰ੍ਹਾਂ ਦੀ ਗੁਰਗੱਦੀ ਦਾ ਪੂਰਾ ਵਿਸ਼ਵਾਸੀ ਬਣਾ ਲਿਆ ਹੈ। ਹੁਣ ਇਸ ਵਿਸ਼ੇ ਪਰ ਜ਼ਰਾ ਵਧੇਰੇ ਵਿਸਥਾਰ ਨਾਲ ਵਿਚਾਰ ਪੇਸ਼ ਕਰਨੇ ਹਨ— ਪੜ੍ਹੀਏ।

ਪਹਿਲੀ ਤਾਂ ਇਹ ਗੱਲ ਕਿ ਪੁਰਾਤਨ ਜ਼ਮਾਨੇ ਦੇ ਸਿੱਖ ਸੇਵਕ ਜਾਂ ਚੇਲੇ ਮੁਰੀਦ; ਆਪਣੇ ਗੁਰੂ ਪੀਰਾਂ ਬਾਬਤ ਵੱਧ ਤੋਂ ਵੱਧ ਕਰਾਮਾਤੀ ਤੇ ਅਚੰਭਾ ਕਰਨ ਵਾਲੀਆਂ ਸਾਖੀਆਂ ਬਣਾਂਦੇ ਸੁਣਾਂਦੇ ਰਹੇ ਸਨ ਕਿ ਜਿਨ੍ਹਾਂ ਰਾਹੀਂ ਉਹ ਗੁਰਾਂ ਪੀਰਾਂ ਦੀ ਵਧ ਤੋਂ ਵਧ ਵਡਿਆਈ ਨੂੰ ਪ੍ਰਗਟਾਇਕੇ ਉਨ੍ਹਾਂ ਦੇ ਵਿਸ਼ਵਾਸੀ ਬਣਾਂਦੇ ਹੁੰਦੇ ਸਨ। ਮੈਂ ਇਸ ਗੱਲ ਤੇ ਯਕੀਨ ਨਹੀਂ ਕਰਦਾ ਕਿ ਗੁਰੂ ਸਾਹਿਬ ਬਾਬਤ ਵੀ ਉਕਤ ਸਾਖੀਆਂ ਰਾਹੀਂ ਪਿਛੇ ਰਹੇ ਸਿਖਾਂ ਨੇ ਐਸਾ ਪ੍ਰਚਾਰ ਕੀਤਾ ਹੋਵੇ। ਪਰ ਉਕਤ ਸਾਖੀਆਂ ਦੀ ਅਸਲੀਅਤ ਨੂੰ ਵਿਚਾਰਨਾ ਤੇ ਪ੍ਰਗਟਾਣਾ ਵੀ ਜ਼ਰੂਰੀ ਹੈ ਕਿ ਜਿਨ੍ਹਾਂ ਤੋਂ ਗਲਤ ਅੰਦਾਜ਼ੇ ਲਾ ਕੇ ਨਾਮਧਾਰੀ ਦਰਬਾਰ ਨੇ ਆਪਣੇ ਪੱਖ ਨੂੰ ਸਹੀ ਮੰਨ ਕੇ ਪ੍ਰਚਾਰਿਆ ਹੈ।

ਨਾਮਧਾਰੀ ਦਰਬਾਰ ਨੂੰ ਚਾਹੀਦਾ ਸੀ ਕਿ ਜੇਕਰ ਉਹ "ਸੂਰਜ ਪ੍ਰਕਾਸ਼" ਦੀ ਉਕਤ ਲਿਖਤ ਨੂੰ ਸਚਾ ਮੰਨਦੇ ਕਿ ਗੁਰ ਜੀ ਜੀਂਦੇ (ਘੋੜੇ ਪਰ ਸਵਾਰ) ਨਾਂਦੇੜ ਤੋਂ ਕੁਝ ਕੋਹਾਂ ਉਤੇ ਸਾਧੂ ਨੂੰ ਮਿਲੇ ਸਨ ਤਾਂ ਉਸ ਨੂੰ ਅਤੇ ਨਾਮਧਾਰੀ ਦਰਬਾਰ ਨੂੰ ਮੰਨਣਾ ਚਾਹੀਏ ਕਿ ਗੁਰੂ ਜੀ ਨੇ ਪਿਆਰੇ ਖਾਲਸਾ ਪੰਥ ਦੀ ਸਾਜਨਾ ਵੇਲੇ ਨਿਆਰੀ ਰੀਤ ਨਾਲ ਸਿਖਾਂ ਨੂੰ ਪਰਖਿਆ ਸੀ। ਫਿਰ ਅੰਮ੍ਰਿਤ ਛਕਾਇਆ ਤੇ ਗੁਰੂ ਖਾਲਸਾ ਦੀ ਪਦਵੀ ਦੇ ਕੇ ਉਨ੍ਹਾਂ ਪਾਸੋਂ ਆਪ ਵੀ ਅੰਮ੍ਰਿਤ ਛਕਿਆ ਤੇ ਚੇਲਾ ਬਣ ਵਿਖਾਇਆ ਸੀ, ਜਿਸ ਦੀ ਗਵਾਹੀ ਵਿਚ ਸਮਕਾਲੀ ਤੇ ਗੁਰੂ ਜੀ ਦੇ ਦਰਬਾਰੀ ਕਵੀ (ਗੁਰਦਾਸ) ਜੀ ਨੇ ਜੋ ਖੁਦ ਅਖੀਂ ਦੇਖਿਆ ਸੀ--ਵਾਰ ਵਿਚ ਲਿਖਾ ਸੁਣਾਇਆ ਸੀ--**"ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ"** ਪਰ ਮੋਹਰ ਸਿੰਘ ਨੇ ਆਪਣੇ ਪੱਖ ਦੀ ਗਲ ਲਿਖੀ ਹੈ, ਤੇ ਇਸ ਦੇ ਵਿਰੋਧ ਦੀ ਛੱਡ ਦਿੱਤੀ ਹੈ, ਜੋ ਗੁਰੂ ਜੀ ਨੇ ਅਗੇ ਵਾਸਤੇ ਕਿਸੇ ਇਕ ਦੀ ਬਜਾਏ ਪੰਜ ਪਿਆਰੇ (ਗੁਰੂ ਖਾਲਸਾ ਜੀ) ਨੂੰ ਆਪਣੇ ਸਰੀਰਕ ਵਰਤੋਂ ਦੇ ਅਧਿਕਾਰ ਦਿਤੇ ਸਨ।

ਫਿਰ ਇਹ ਵੀ ਕਿ ਗੁਰੂ ਜੀ ਦੇ ਦੁਬਾਰਾ ਜ਼ਖਮ ਖੁਲ੍ਹ ਜਾਣ ਦੀ ਅਤੇ ਖੂਨ ਬਹੁਤਾ ਵੱਗ ਜਾਣ ਨਾਲ ਜ਼ਿਆਦਾ ਕਮਜ਼ੋਰ ਹੋਏ ਦੀ ਖਬਰ ਸਾਰੇ ਸ਼ਹਿਰ ਵਿਚ ਫੈਲ ਚੁਕੀ ਹੋਈ ਸੀ। ਉਨ੍ਹਾਂ ਦੇ ਚਲਾਣੇ ਦੀ ਅਤੇ ਅੰਗੀਠਾ ਪ੍ਰਜਵਤ ਹੋਏ ਵੇਲੇ ਸਿਰਫ ਸਿਖ ਨਹੀਂ, ਆਸ ਪਾਸ ਦੇ ਮੁਸਲਮਾਨਾਂ ਵੀ ਵੇਖਿਆ ਤੇ ਸੁਣਿਆ ਹੋਇਆ ਸੀ ਜਿਸ ਤੇ ਗੁਰੂ ਜੀ ਦੇ ਜੋਤੀ ਜੋਤ ਸਮਾਣੇ ਦੀ ਖਬਰ ਸੁਣੇ ਦੇ ਇਕ ਮਹੀਨਾ ਬਾਹਦ, ਬਾਦਸ਼ਾਹ ਪਾਸ ੫ ਰਮਜ਼ਾਨ ੧੧੨੦ ਹਿਜਰੀ ਮੁਤਾਬਕ ੭ ਨਵੰਬਰ ਸੰਨ ੧੭੦੮ ਵਿਚ ਇਕ ਰਪੋਟ ਪੇਸ਼ ਹੋਈ ਕਿ ਗੁਰੂ ਗੋਬਿੰਦ ਸਿੰਘ ਦੀ (ਮਨਕੂਲਾ) ਜ਼ਾਇਦਾਦ (ਜੋ ਬਹੁਤ ਵੱਡਮੁਲੀ ਸੀ) ਬਾਬਤ ਕੀ ਕੀਤਾ ਜਾਏ? ਤਦ ਬਾਦਸ਼ਾਹ ਦਾ ਹੁਕਮ ਹੋਇਆ ਸੀ, ਮੈਨੂੰ ਦਰਵੇਸ਼ ਦੀ ਜਾਇਦਾਦ ਦੀ ਲੋੜ ਨਹੀਂ। ਉਸਦੇ ਵਾਰਸਾਂ ਨੂੰ ਦਿੱਤੀ ਜਾਏ। ਇਹ ਤਵਾਰੀਖੀ ਜ਼ਿਕਰ ਡਾਕਟਰ ਗੰਡਾ ਸਿੰਘ ਜੀ ਦੀ ਲਿਖਤ ਦੇ ਹਵਾਲੇ ਨੂੰ ਇਥੇ ਲਿਖਿਆ ਹੈ—

ਐਸੀ ਹਾਲਤ ਵਿਚ ਵੀ ਯਕੀਨ ਕਰਨਾ ਚਹੀਏ ਕਿ ਗੁਰੂ ਜੀ ਦੀ ਪੂਰੀ ਪੂਰੀ ਮੌਤ ਦੀ ਤਸਦੀਕ ਕੀਤੇ ਮਗਰੋਂ ਹੀ ਨਾਂਦੇੜ ਮਾਲ ਦੇ ਹਾਕਮਾਂ ਨੇ ਇਹ ਰਪੋਟ ਪੇਸ਼ ਕੀਤੀ ਹੋਣੀ ਹੈ। ਜੇਕਰ ਉਨ੍ਹਾਂ ਨੂੰ ਕਿਤੇ ਇਹ ਪਤਾ ਲਗਿਆ ਹੁੰਦਾ ਕਿ ਗੁਰੂ ਜੀ ਘੋੜੇ ਸਮੇਤ ਨਿਕਲ ਗਏ ਤਾਂ ਐਸਾ ਨਾ ਕਰਦੇ, ਸਗੋਂ ਇੰਤਜ਼ਾਰ ਕਰਨਾ ਸੀ, ਕਿ ਕਿਤੇ ਇਲਾਜ ਵਾਸਤੇ ਨਿਕਲ ਤੁਰੇ ਹੋਣਗੇ, ਛੇਤੀ ਆ ਜਾਣਗੇ। ਪਰ ਠੀਕ ਜੋਤੀ ਜੋਤ ਸਮਾਏ ਸਨ ਮੁੜ ਨਹੀਂ ਆਏ, ਤੇ ਨਾਮਧਾਰੀ ਲੇਖਕਾਂ ਨੇ ੯੦ ਸਾਲ ਬਾਦ ਬਾਬਾ ਬਾਲਕ ਸਿੰਘ ਨਾਲ ਮੇਲ ਕਰਾ ਕੇ ੧੧ਵਾਂ ਗੁਰੂ ਪ੍ਰਗਟਾਣਾ, ਗਲਤ ਲਿਖਿਆ ਹੈ, ਜਿਸ ਦੀ ਨਾ ਇਤਿਹਾਸਕ ਪੁਸ਼ਟੀ ਤੇ ਨਾ ਹੀ ਦਲੀਲ ਦੀ ਕਸੌਟੀ ਪਰ ਪੂਰਾ ਉਤਰੇ ਜੋ ਉਨ੍ਹਾਂ ਲਿਖਿਆ ਹੈ।

## ਗੁਰੂ ਅੰਮ੍ਰਿਤ ਭਿੰਨੀ ਦੇਹੁਰੀ

ਆਪਣੀ ਭੂਮਿਕਾ ਦੇ ਅਖੀਰ ਵਿਚ ਦੇਹਧਾਰੀ ਗੁਰੂ ਦੀ ਪ੍ਰੋੜਤਾ ਵਾਸਤੇ ਲੇਖਕ ਇਹ ਲਿਖਦਾ ਕਿ ਸਿੱਖ ਰੋਜ਼ ਪੜਦੇ ਹਨ—"ਗੁਰੂ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤ ਬੁਰਕੇ ਰਾਮ ਰਾਜੇ" ਪਰ ਵਿਸ਼ਵਾਸ ਨਹੀਂ ਕਰਦੇ ਕਿ ਇਹ ਅੰਮ੍ਰਿਤ ਬੁਰਕੇ; ਦਿਹਧਾਰੀ ਗੁਰੂ ਦੀ ਰਸਨਾ ਤੋਂ ਰਿਸਦੇ ਤੇ ਜਿਸ ਦੇ ਛਿਟੇ ਸਿਖਾਂ ਸੇਵਕਾਂ ਤੇ ਪੈਂਦੇ ਹਨ। ਪਰ ਅਗਲੀ ਤੁੱਕ (ਪੰਗਤੀ) ਨੂੰ ਨਹੀਂ ਲਿਖਦਾ—"ਜਿਨਾਂ ਗੁਰਬਾਣੀ ਮਨ ਭਾਇਆ ਅੰਮ੍ਰਿਤ ਛਕ ਛਕੇ" ਜਿਸ ਦਾ ਸਪਸ਼ਟ ਭਾਵ ਤਾਂ ਇਹ ਹੈ—ਕਿ ਉਹ ਸਿਖ ਸੇਵਕ; "ਜਿਨ੍ਹਾਂ ਗੁਰਬਾਣੀ ਨੂੰ ਮਨ ਕਰਕੇ ਮੰਨਿਆ ਹੈ, ਉਹਨਾਂ ਹੀ ਇਸ ਦੇ ਭਾਵ ਰੂਪੀ ਅੰਮ੍ਰਿਤ ਨੂੰ ਛਕਿਆ ਹੈ ਤਾਂ ਪਾਠਕਾਂ ਨੂੰ ਸੋਚਣਾਂ ਚਾਹੀਏ ਕਿ ਅੰਮ੍ਰਿਤ ਸਿਰਫ ਗੁਰੂ ਕੀ ਦੇਹ ਵਿਚੋਂ ਹੀ ਚੋਂਦਾ ਹੈ, ਜੋ ਫਰੂਟ ਜੂਸ ਵਾਂਗੂ ਜਾਂ ਕਿ ਉਹ "ਗੁਰਬਾਣੀ ਦਾ ਗਿਆਨ ਅੰਮ੍ਰਿਤ ਹੈ" ਜੋ ਗੁਰੂ ਨਾਨਕ ਦੇਵ ਦੇ ਹਿਰਦੇ ਰੂਪੀ ਸੋਮੇ ਤੋਂ ਉਪਜਿਆ ਤੇ ਲਿਖਤ ਵਿਚ ਆਇਆ ਹੈ। ਇਹਦਾ ਮਾਲਕ ਗੁਰੂ ਨਿਰੰਕਾਰ ਹੈ, ਨਾਂ ਕੇ (ਪਰਾਈ ਕਉ ਅਪਨੀ ਕਰ ਜਾਨੈ) ਅਜ ਕਲ ਦਾ ਕੋਈ ਗੁਰੂ ਹੈ?

ਫੇਰ ਇਹ ਵੀ ਹੈ ਕਿ ਦੇਹੀ (ਸਰੀਰ) ਗੁਰੂ ਵਿਚੋਂ ਪ੍ਰਾਨ ਨਿਕਲੇ ਤਾਂ ਦੇਹ ਗੁਰੂ ਮੁਰਦਾ ਹੋ ਜਾਂਦੀ ਹੈ। ਉਹ ਸਸਕਾਰੀ ਜਾਂਦੀ ਹੈ। ਉਸ ਨੂੰ ਗੁਰੂ ਜਾਣ ਕੇ (ਉਹਦੇ

ਨਾਲ ਸੰਬੰਧਤ ਸਿਖ) ਮਸਾਲਿਆਂ ਨਾਲ ਲੇਪਨ ਕਰਕੇ ਵੀ ਬਹੁਤਾ ਨਹੀਂ ਰੱਖ ਸਕਦੇ। ਤਾਂਤੇ ਅਸਲ ਗੁਰੂ (ਗੁਰੂ ਬਾਣੀ) ਗਿਆਨ ਹੈ, ਜੋ ਕਿਸੇ ਦੇਹੀ ਵਿਚੋਂ ਪ੍ਰਗਟ ਹੋ ਕੇ ਲਿਖਤ ਵਿਚ ਆਉਂਦਾ ਅਤੇ ਸਦਾ ਵਾਸਤੇ ਅਮਰ ਹੋ ਜਾਂਦਾ ਹੈ। ਉਸੇ ਦੇ ਸਰਵਣ ਮੰਨਣ, ਨਿਧਹਾਸਣ ਨਾਲ ਹੀ ਮਾਨਸਿਕ ਇਸ਼ਨਾਨ ਤੇ ਸੰਸਾਰੀ ਜੀਵ ਆਤਮਾ ਦੀ ਕਲਿਆਨ ਹੁੰਦੀ ਹੈ। ਜਿਸ ਤੋਂ ਸਮਝਣਾ ਚਾਹੀਏ ਕਿ ਕਿਸੇ ਸਰੀਰ ਧਾਰੀ ਦਾ ਸਰੀਰ ਹੀ "ਅੰਮ੍ਰਿਤ ਭਿੰਨੀ ਦੇਹੁਰੀ ਨਹੀਂ"--ਬਲਿਕੇ ਗੁਰਬਾਣੀ ਦਾ ਅੰਮ੍ਰਿਤ ਰੂਪ ਗਿਆਨ ਹੀ ਜਿਸ ਕਿਸੇ ਸਰੀਰ ਵਿਚ ਭਰਪੂਰ ਹੋ ਜਾਏ, ਉਹ ਦੇਹੀ (ਸਰੀਰ) ਨੂੰ ਵੀ ਪਵਿੱਤ੍ਰ ਤੇ ਪੂਜਨਯੋਗ ਬਣਾ ਦਿੰਦਾ ਹੈ। ਤਾਂਤੇ ਅਸਲ ਗੁਰੂ ਗੁਰਸ਼ਬਦ ਹੈ, ਤੇ ਪ੍ਰਚਾਰਨ ਵਾਲਾ ਪੂਜਨ ਜੋਗ ਪ੍ਰਚਾਰਕ ਹੈ।

ਤਾਂਤੇ ਦਿਹਧਾਰੀ ਗੁਰੂ ਦੇ ਉਪਾਸ਼ਕ ਜਾਂ ਸਮਰਥਕਾਂ (ਦੂਜੇ ਮਤਾਂ ਵਾਲਿਆਂ) ਨੂੰ ਆਪਣੇ ਆਪਣੇ ਦੇਹਧਾਰੀ ਗੁਰੂ ਮੁਬਾਰਕ ਹੋਣ; ਪਰ ਸਿਖ ਧਰਮ ਦੇ ਅਨੁਸਾਰੀਆਂ ਵਾਸਤੇ ਗੁਰਬਾਣੀ ਦੇ ਗਿਆਨ ਉਪਦੇਸ਼ ਉਚਾਰਨ ਤੇ ਅਮਲੀ ਜੀਵਨ ਬਿਤਾਉਣ ਤੇ ਸਿਖਾਉਣ ਦੀ ਜਦੋਂ ਤੀਕ ਲੋੜ ਸਮਝੀ ਗਈ, "ਦਸ ਰੂਪ" ਸਰੀਰਾਂ ਵਿਚ ਵਰਤ ਕੇ ਸਖਾਂਦੇ ਸਮਝਾਂਦੇ ਰਹੇ ਸੀ। ਪਰ ਦਸਮੇਂ ਜਾਮੇ ਵਿਚ ਗੁਰੂ ਜੋਤ ਗੁਰੂ ਗੋਬਿੰਦ ਸਿੰਘ ਰੂਪ ਹੋਇ ਪ੍ਰਗਟਾਏ--ਸਨ, ਉਹ ਪੰਥ ਪ੍ਰਗਟਾਉਣ ਦੇ ਕੰਮ ਵਿਚ ਸੁਫਲ ਹੋਏ ਸਨ।

ਗੁਰੂ ਗੋਬਿੰਦ ਸਿੰਘ ਜੀ ਦਾ ਇਹ ਮਹਾਨ ਕਾਰਨਾਮਾ ਸੀ ਕਿ ਸ਼ਬਦ ਗੁਰੂ ਸੰਗ੍ਰਹਿ (ਗੁਰੂ—ਗੁਰੂ ਗ੍ਰੰਥ ਜੀ) ਨੂੰ ਆਪਣੀ ਥਾਂ ਸਥਾਪਤ ਕਰਕੇ ਇਨ੍ਹਾਂ ਵਲੋਂ ਨਾਮ ਮੰਤ੍ਰ ਤੇ ਅੰਮ੍ਰਿਤ ਪ੍ਰਚਾਰਨ ਦੇ ਅਧਿਕਾਰ ਕਿਸੇ ਇਕ ਦੀ ਬਜਾਇ (ਪੰਜ ਪ੍ਰਵਾਨ) ਗੁਰੂ ਖਾਲਸਾ ਨੂੰ ਬਖਸ਼ੇ ਸੀ ਕਿ "**ਨਾ ਇਹ ਮਰੈ ਨ ਹੋਵੈ ਸੋਗ।** ਇਸ ਵਾਸਤੇ ਕਿ ਗੁਰੂ ਖਾਲਸਾ ਸੰਗਤ ਵਿਚੋਂ ਹਰ ਥਾਂ ਤੋਂ ਪੰਜ ਪਿਆਰੇ (ਰਹਿਤਵਾਨ ਨਿਤਨੇਮੀ ਸਿਖ) ਨਿਤਰਦੇ ਰਹਿਣਗੇ, ਅਤੇ 'ਏਕੋ ਬਾਣੀ ਇਕ ਗੁਰ ਇਕੋ ਸ਼ਬਦ ਵਿਚਾਰ" ਦਾ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਹਰ ਥਾਂ--ਪਿੰਡਾਂ ਸ਼ਹਿਰਾਂ ਵਿਚ ਸਦਾ ਪ੍ਰਕਾਸ਼ਦੇ ਰਹਿਣਗੇ।

ਇਕ ਹੋਰ ਗਲ ਕਿ ਪਹਿਲੇ ਸਤਿਗੁਰਾਂ ਪਾਸੋਂ ਪ੍ਰਿਥੀ ਚੰਦ ਆਦਿਕ ਜਿਵੇਂ ਗੁਰਤਾ ਨਹੀਂ ਖੋਹ ਸਕੇ ਸਨ, ਜਤਨ ਕੀਤੇ ਸਨ, ਤਿਵੇਂ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਨੂੰ ਮੇਹਰ ਸਿੰਘ ਤੇ ਨਾਮਧਾਰੀ ਦਰਬਾਰ ਝੁਟਲਾ ਨਹੀਂ ਸਕਣਗੇ। ਇਹ ਪੂਰੀ ਸਚਾਈ ਹੈ—ਜੋ ਉਨ੍ਹਾਂ ਦੇ ਮੁਖ ਬੰਦ ਅਤੇ ਭੂਮਿਕਾ ਦੇ ਜਵਾਬ ਵਿਚ ਲਿਖ ਦਰਸਾਈ ਹੈ। ਅਗੋਂ ਉਨ੍ਹਾਂ ਦੀ ਅਸਲ ਪੁਸਤਕ "ਪੁਰਖ ਗੁਰੂ" ਵਿਚ ਲਿਖੀ ਲਿਖਤ ਦੇ ਜਵਾਬ ਨੂੰ ਪੜੀਏ।

(ਲੇਖਕ)

੧ ੴ ਸਤਿਗੁਰ ਪ੍ਰਸਾਦਿ ॥

# ਪੁਰਖ ਗੁਰੂ ਕਿ ਸ਼ਬਦ ਗੁਰੂ

"ਪੁਰਖ ਗੁਰੂ" ਪੁਸਤਕ ਦੇ ਲੇਖਕ ਨੇ—ਮੁਖਬੰਦ ਅਤੇ ਭੂਮਿਕਾ ਵਿਚ ਬਹੁਤਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਪਦਵੀ ਖੰਡਨ ਦਾ ਤੇ ਪੁਰਖ ਗੁਰੂ (ਦੇਹਧਾਰੀ) ਦੇ ਮੰਡਨ ਵਿਚ ਪੂਰਾ ਜ਼ੋਰ ਲਾਇਆ ਤੇ ਉਸ ਦੇ ਪ੍ਰਸ਼ਨਾਂ ਦਾ ਮੁਨਾਸਬ ਉੱਤਰ ਦੇਣ ਦੀ ਅਸੀਂ ਪੂਰੀ ਕੋਸ਼ਿਸ਼ ਕੀਤੀ ਹੈ ਹੁਣ ਉਹ ਆਪਣੀ ਪੁਸਤਕ (ਪੁਰਖ ਗੁਰੂ) ਦੇ ਸਿਰਲੇਖ ਹੇਠਾਂ ਅਸਲ ਮਜ਼ਮੂਨ ਨੂੰ ਸ਼ੁਰੂ ਕਰ ਰਿਹਾ ਹੈ।

ਉਹ ਆਪਣੇ ਇਸ ਮਜ਼ਮੂਨ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸ੍ਰੀ ਅਕਾਲ ਪੁਰਖ ਦਾ ਗੁਰ ਅਵਤਾਰ ਅਤੇ ਦਸਾਂ ਸਤਿਗੁਰੂ ਰੂਪਾਂ ਵਿਚ ਭਿੰਨਤਾ ਵੀ ਨਹੀਂ ਦਸਦਾ। ਇਕੋ ਜੋਤ ਰੂਪ ਮੰਨਦਾ ਹੈ। ਉਸ ਦੇ ਇਸ ਨਿਸ਼ਚੇ ਨਾਲ ਅਸੀਂ ਪੂਰੇ ਸਹਿਮਤ ਹਾਂ, ਅਤੇ ਗੁਰੂ ਸਾਹਿਬਾਨਾਂ ਦੀ ਉਚਾਰਤ ਬਾਣੀ ਦੇ ਹਵਾਲੇ ਦੇ ਕੇ ਉਹ ਦੇਹਧਾਰੀ ਗੁਰੂ ਦੀ ਲੋੜ ਨੂੰ ਜ਼ਰੂਰੀ ਦਸਦਾ ਹੈ—ਉਸ ਨਾਲ ਵੀ ਕੋਈ ਮਤਭੇਦ ਨਹੀਂ। ਕਿਉਂਕਿ ਜਿਸ ਵੇਲੇ ਸਰੀਰਾਂ ਵਿਚ ਵਰਤ ਰਹੇ ਸਨ ਉਸ ਵੇਲੇ ਸ੍ਰੀ ਗੁਰੂ ਨਾਨਕ ਜੀ ਤੋਂ ਗੁਰੂ ਅੰਗਦ ਜੀ ਨੂੰ ਅਤੇ ਗੁਰੂ ਅੰਗਦ ਜੀ ਤੋਂ ਗੁਰੂ ਅਮਰ ਦਾਸ ਨੂੰ "ਸ਼ਬਦ ਗੁਰੂ" ਗਿਆਨ ਦੀ ਪ੍ਰਾਪਤੀ ਹੋਈ ਤੇ ਉਹ ਅੰਤਰ ਆਤਮਿਕ ਤੌਰ ਤੇ ਗੁਰੂ ਨਾਨਕ ਜੋਤ ਆਤਮਾਂ ਨਾਲ ਇਕ ਮਿਕ ਹੋਇ ਸਨ। ਇਸੇ ਤਰ੍ਹਾਂ ਹੋਰ ਵੀ ਜਿਹਨਾਂ ਜਿਹਨਾ ਨੇ ਸੁਰਤ ਨੂੰ ਚੇਲਾ ਕਰਕੇ "ਸ਼ਬਦ ਗੁਰੂ" ਨਾਲ ਜਿਤਨੀ ਕੁ ਨੇੜਤਾ ਪ੍ਰਾਪਤ ਕੀਤੀ ਉਤਨਾ ਉਤਨਾ ਹੀ ਉਹ ਸਿਖ ਸੇਵਕ ਵੀ ਪ੍ਰਵਾਨ ਹੁੰਦੇ ਰਹੇ। ਇਸ ਵਾਸਤੇ ਕਿ ਉਸ ਵੇਲੇ ਅਜੇ ਕੋਈ "ਗੁਰੂ ਸ਼ਬਦ ਗਿਆਨ" ਸੰਗ੍ਰਹਿ ਕੀਤੀ ਪੁਸਤਕ ਜਾਂ ਗ੍ਰੰਥ ਨਹੀਂ ਸੀ ਤੇ ਦੇਹਧਾਰੀ ਗੁਰੂ ਦੀ ਪ੍ਰੋੜ੍ਹਤਾ ਵਾਲੇ ਸ਼ਬਦ ਪ੍ਰਵਾਨ, ਜੋ ਗੁਰਬਾਣੀ ਵਿਚ ਮਿਲਦੇ ਹਨ ਉਹ ਸਹੀ ਹਨ। ਕਿਸੇ ਨੂੰ ਇਨਕਾਰ ਨਹੀਂ ਹੈ।

ਹੁਣ ਹੈਰਾਨੀ ਇਹ ਹੈ ਕਿ ਉਸ ਵੇਲੇ ਦੀ ਵਰਤੋਂ ਵਿਚ ਆਏ ਸ਼ਬਦਾਂ ਨੂੰ ਉਹ ਬਾਰ ਬਾਰ ਦੁਹਰਾਂਦਾ ਹੈ, ਪਰ ਖ਼ੁਦ ਉਹਨਾਂ ਸਤਿਗੁਰਾਂ ਦੀ ਵਰਤੋਂ ਮਰਿਆਦਾ ਤੋਂ ਉਲਟ ਚਲ ਰਿਹਾ ਹੈ—ਮਿਸਾਲ ਇਹ ਹੈ—ਮੋਹਰ ਸਿੰਘ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਗੁਰੂ ਨਾਨਕ ਦੇਵ ਅਤੇ ਬਾਕੀ ਦੇ ਸਾਰੇ ਸਤਿਗੁਰਾਂ ਨੇ ਕਿਸੇ ਨਵੀਨ ਬਾਣੀ ਦੇ ਅਰੰਭ ਵਿਚ ਮੰਗਲ ਰੂਪ (ਮੂਲ ਮੰਤ੍ਰ) ੧ ੴ ਤੋਂ ਗੁਰਪ੍ਰਸਾਦਿ ਤੀਕ ਪੂਰਾ, ਜਾਂ ਫਿਰ ਸੰਖੇਪ ਰੂਪ ੧ ੴ ਸਤਿਗੁਰ ਪ੍ਰਸਾਦਿ ਲਿਖਿਆ ਹੈ। ਕਿਸੇ ਸਤਿਗੁਰੂ ਨੇ (ਗੁਰੂ ਗੋਬਿੰਦ

ਸਿੰਘ ਤੀਕ) ਕਿਸੇ ਬਾਣੀ ਜਾਂ ਕਵਿਤਾ ਦੇ ਆਰੰਭ ਵਿਚ ੧ ੴ ਦੇ ਨਾਲ ਆਪਣੇ 'ਸ਼ਬਦ ਗੁਰੂ' ਦਾਤੇ ਸਤਿਗੁਰੂ ਜੀ ਦਾ ਨਾਮ ਨਹੀਂ ਲਿਖਿਆ—ਪਰ ਮੇਹਰ ਸਿੰਘ ਆਪਣੀ ਇਸ ਪੁਸਤਕ (ਪੁਰਖ ਗੁਰੂ) ਦੇ ਅਰੰਭ ਵਿਚ ਮੰਗਲ ਰੂਪ ਆਪਣਾ ਵਖਰਾ ਮੰਤਰ ਇਸ ਤਰ੍ਹਾਂ ਦਾ ਲਿਖਦਾ ਹੈ—"੧ ੴ ਸਤਿਗੁਰੂ ਰਾਮ ਸਿੰਘ ਜੀ ਸਹਾਇ।"

ਇਹ ਤਾਂ ਨਾਮਧਾਰੀ ਸਿਖ ਹੀ ਜਾਣਦੇ ਹੋਣਗੇ ਕਿ ਬਾਬਾ ਰਾਮ ਸਿੰਘ ਜੀ ਨੇ ਕਿਤੇ ਉਹਨਾਂ ਦੀ ਬਾਹੁੜੀ ਕੀਤੀ ਕਿ ਨਹੀਂ ? ਪਰ ਦਸਾਂ ਸਤਿਗੁਰੂ ਬਾਬਤ ਤਾਂ ਹਜ਼ਾਰਾਂ ਮਿਸਾਲਾਂ ਹਨ ਕਿ ਸ਼ੁਧ ਮਨ ਸਿਖਾਂ ਦੀ ਅਰਦਾਸ ਸੁਣ ਕੇ ਉਹ ਸਹਾਇਕ ਹੁੰਦੇ ਰਹੇ ਹਨ ਅਤੇ ਹੁੰਦੇ ਰਹਿਣਗੇ। ਕੌਡੇ ਰਾਖਸ਼ ਪਾਸੋਂ ਮਰਦਾਨੇ ਨੂੰ ਜਿਵੇਂ ਬਚਾਇਆ ਸੀ।

ਮੇਹਰ ਸਿੰਘ ਨੂੰ ਇਹ ਤਾਂ ਯਕੀਨ ਹੈ ਕਿ ਹੁਣ ਦੇ ਦੇਹਧਾਰੀ (ਨਾਮਧਾਰੀ) ਗੁਰੂ ਦੇ ਹੁੰਦਿਆਂ ਵੀ ਜੋ ਸਰੀਰ ਛਡ ਗਏ (ਬਾਬਾ ਰਾਮ ਸਿੰਘ) ਦੀ ਆਤਮਾ ਸਤਿ ਹੈ ਤੇ ਉਹੀ ਇਸ ਕੰਮ ਵਿਚ ਇਸ ਦੀ ਮੰਨ ਕੇ ਸਹਾਇਤਾ ਕਰਨਗੇ, ਪਰ ਇਸ ਨੂੰ ਇਹ ਯਕੀਨ ਨਹੀਂ ਕਿ ਦਸਾਂ ਸਤਿਗੁਰਾਂ ਦੀ ਆਤਮਾਂ ਵੀ ਸਤਿ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜਾਂ ਜਿਥੇ ਕਿਥੇ ਵੀ ਜਿਸ ਵੇਲੇ ਕੋਈ ਗੁਰਸਿਖ ਸ਼ੁਧ-ਮਨ ਇਕਾਗਰਤਾ ਵਿਚ ਅਰਦਾਸ ਕਰੇ ਤਾਂ ਸਤਿਗੁਰੂ ਸਹਾਇਕ ਹੁੰਦੇ ਹਨ, ਪਰ ਉਸ ਨੂੰ ਤਾਂ ਆਪਣੇ ਜੀਉਂਦੇ ਦੇਹਧਾਰੀ ਹੁਣ ਦੇ ਸਤਿਗੁਰੂ ਉਤੇ ਵੀ ਵਿਸ਼ਵਾਸ ਨਹੀਂ ਤੇ ਉਹ ਦੋ ਪੁਸ਼ਤਾਂ ਪਹਿਲੇ ਹੋ ਬੀਤੇ ਬਾਬਾ ਰਾਮ ਸਿੰਘ ਜੀ ਪਾਸੋਂ ਸਹਾਇਤਾ ਚਾਹੁੰਦਾ ਹੈ। ਫਿਰ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਚਾਲੂ ਰੀਤ ਵੀ ਪਸੰਦ ਨਹੀਂ ਕਿ ਬਾਬਾ ਰਾਮ ਸਿੰਘ ਨੂੰ ਜਿਹਨਾਂ ਦਾ ਅਵਤਾਰ ਮੰਨਦਾ ਹੈ। ਉਹ ਤਾਂ ਆਪਣੀ ਹਰ ਤਰ੍ਹਾਂ ਦੀ ਕਾਵਿ ਦੇ ਅਰੰਭ ਵਿਚ ੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ਲਿਖਦੇ ਰਹੇ।

ਹੁਣ ਪਾਠਕ ਵਿਚਾਰ ਕਰਨ ! ਕਿ ਸਤਿਗੁਰਾਂ ਦੀ ਬਾਣੀ ਉਤੇ ਜਾਂ ਗੁਰਬਾਣੀ ਅਨੁਸਾਰ (ਗੁਰਸਿਖ ਮੀਤ ਚਲੋ ਗੁਰ ਚਾਲੀ) ਗੁਰ-ਮਰਯਾਦਾ ਦਾਂ ਮੇਹਰ ਸਿੰਘ ਨੇ ਕਿਤਨਾ ਪਾਲਣ ਕੀਤਾ ਹੈ ? ਉਸ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅਨੇਕਾਂ ਪ੍ਰਮਾਣ ਦੇ ਦੇ ਕੇ ਜਿਥੇ ਦੇਹਧਾਰੀ ਗੁਰੂ ਦੀ ਲੋੜ ਨੂੰ ਬਾਰ ਬਾਰ ਦੁਹਰਾਇਆ ਹੈ ਉਥੇ ਉਹਨੂੰ ਗੁਰੂ ਗ੍ਰੰਥ ਸਾਹਿਬ ਦੇ ਨਾਮ ਨਾਲ "ਗੁਰੂ ਸ਼ਬਦ" ਵਰਤਣ ਤੋਂ ਇਤਨੀ ਚਿੜ ਹੈ ਕਿ ਮਿਸਾਲ ਦਿੰਦਿਆਂ ਸਿਖਾਂ ਵਲੋਂ ਦੋ ਤਿੰਨ ਥਾਈਂ "ਗੁਰੂ ਗ੍ਰੰਥ ਸਾਹਿਬ" ਨਾਮ ਲਿਖ ਦਿਤੇ ਬਿਨਾਂ (ਮੁਖਬੰਦ ਤੇ ਭੂਮਿਕਾ ਸਮੇਤ) ੩੩੬ ਸਫੇ ਦੀ ਆਪਣੀ ਪੁਸਤਕ ਵਿਚ ਕਿਤੇ ਇਕ ਵੇਰ ਵੀ (ਸ੍ਰੀ ਗੁਰੂ ਗ੍ਰੰਥ ਸਾਹਿਬ) ਨਾਮ ਸਤਿਕਾਰ ਨਾਲ ਨਹੀਂ ਲਿਖਿਆ ਤੇ ਸੈਂਕੜੇ ਥਾਈਂ "ਗ੍ਰੰਥ ਸਾਹਿਬ ਜਾਂ ਸ੍ਰੀ ਗ੍ਰੰਥ ਸਾਹਿਬ—ਅਧੂਰਾ ਨਾਮ ਹੀ ਲਿਖਿਆ ਹੈ। ਪਰ ਦੂਜੇ ਪਾਸੇ ਗੈਰ-ਸਿਖਾਂ ਦੇ ਦਿਲ ਵਿਚ ਗੁਰੂ ਗ੍ਰੰਥ ਸਾਹਿਬ ਦਾ ਕਿਤਨਾ ਸਤਿਕਾਰ ਹੈ, ਇਹ ਵੀ ਨਮੂਨਾ ਪੇਸ਼ ਹੈ—

ਡਾਕਟਰ ਜ਼ਾਕਰ ਹੁਸੈਨ ਜੀ ਨੇ ਇਕ ਵੇਰ ਚੰਡੀਗੜ੍ਹ ਵਿਚ 'ਗੁਰੂ ਗ੍ਰੰਥ ਸਾਹਿਬ' ਦੇ ਸਮਾਰੋਹ ਮਨਾਉਂਦਿਆਂ ਕਿਹਾ ਸੀ ਕਿ ਸਿਖਾਂ ਨਾਲੋਂ ਉਹਨੂੰ 'ਗੁਰੂ ਗ੍ਰੰਥ ਸਾਹਿਬ' ਬਹੁਤ ਪਿਆਰਾ ਲਗਦਾ ਹੈ ਜਦੋਂ ਕਿ ਉਸ ਨੂੰ ਆਪਣੀ ਸ਼ਰ੍ਹਾ ਅਨੁਸਾਰ ਜੀਉਣ ਦੀ ਪ੍ਰੇਰਣਾ ਦੇਂਦਾ ਹੈ :

ਫਰੀਦਾ ਬੇਨਿਵਾਜਾ ਕੁਤਿਆ ਇਹ ਨ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤ ॥ (੧੩੮੧)

ਐਸੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਧਰਮ ਨਿਰਪਖਤਾ ਉਤੇ ਅਤੇ ਸਾਂਝੀਵਾਲਤਾ ਭਰੇ ਗੁਣਾਂ ਦੀ ਸੁਗੰਧੀ ਤੋਂ ਪ੍ਰਭਾਵਿਤ ਹੋ ਕੇ ੨੦ਵੀ ਸਦੀ ਦੇ ਇਕ ਮਹਾਨ ਇਤਿਹਾਸਕਾਰ (ਅਰਨੋਲਟੋਂਬੀ) ਨੇ ਸ਼ਰਧਾ ਨਾਲ ਸੀਸ ਝੁਕਾਉਂਦੇ ਹੋਇਆਂ ਸੰਸਾਰ ਨੂੰ ਵੰਗਾਰਿਆਂ ਸੀ—ਕਿ "ਗੁਰੂ ਗ੍ਰੰਥ ਸਾਹਿਬ" ਸੰਸਾਰ ਦਿਆ ਜਾਣਿਆਂ ਹੋਇਆਂ ਧਾਰਮਕ ਗ੍ਰੰਥਾਂ ਵਿਚੋਂ ਸਭ ਤੋਂ ਮਹਾਨ ਸਤਿਕਾਰ ਪ੍ਰਾਪਤ ਕਰਨ ਵਾਲਾ ਗ੍ਰੰਥ ਹੈ।

ਤਿਵੇਂ ਹੀ ਫੇਰ ਜਗਤ ਪ੍ਰਸਿਧ ਨਾਵਲਿਸਟ ਲੇਡੀ (ਮਿਸ ਪਰਲ ਬਕਸ) ਨੇ ਕਿਹਾ ਸੀ ਕਿ ਗੁਰੂ ਗ੍ਰੰਥ ਸਾਹਿਬ ਇਕ ਆਦਿ ਸੋਮਾਂ ਹੈ ਜਿਸ ਦੀ ਰੂਹਾਨੀ ਨਿਰਮਲ ਜਲਧਾਰਾ ਦੇ ਅਕਸ ਵਿਚੋਂ ਮਨੁੱਖਤਾ ਦੀ ਬਰਾਬਰੀ ਦੀ ਤਸਵੀਰ ਦਿਸਦੀ ਹੈ। ਫੇਰ ਉਹ ਆਪਣੀ ਬਾਬਤ ਕਹਿੰਦੀ ਕਿ ਜਿਤਨੀ ਦਿਲ ਦਿਮਾਗ ਨੂੰ ਉਤਸ਼ਾਹ ਦੇਣ ਵਾਲੀ ਤਾਕਤ ਉਹਨੂੰ ਗੁਰੂ ਗ੍ਰੰਥ ਸਾਹਿਬ 'ਚੋਂ ਮਿਲਦੀ ਹੈ ਉਹ ਹੋਰ ਉਸ ਨੂੰ ਕਿਤੋਂ ਨਹੀਂ ਮਿਲਦੀ। ਫੇਰ ਮਿਸ ਪਰਲ ਬਕਸ! ਤੂੰ ਇਸ ਵੇਲੇ ਕੀ ਹੈ? ਅਤੇ ਮਰਨ ਪਿਛੋਂ ਕੀ ਹੋਵੇਂਗੀ? ਇਹ ਜਾਣਕਾਰੀ ਵੀ ਉਸ ਨੂੰ "ਗੁਰੂ ਗ੍ਰੰਥ ਸਾਹਿਬ" ਹੀ ਦਿੰਦੇ ਹਨ ਜਿਹੜੀ ਕਿ ਉਸ ਨੂੰ ਸੰਸਾਰ ਦੇ ਕਿਸੇ ਹੋਰ ਗ੍ਰੰਥ ਵਿਚੋਂ ਨਹੀਂ ਮਿਲ ਸਕਦੀ।

ਹੁਣ ਪਾਠਕਾਂ ਨੇ ਸੋਚਣਾ ਹੈ ਕਿ ਜਿਸ "ਗੁਰੂ ਗ੍ਰੰਥ ਸਾਹਿਬ" ਵਿਚੋਂ ਹੀ ਸ਼ਬਦ ਉਦਾਹਰਣ ਦਿੰਦਾ ਹੋਇਆਂ ਦੇਹਧਾਰੀ ਗੁਰੂ ਦਾ ਮੰਡਨ ਅਤੇ ਸ਼ਬਦ (ਗੁਰੂ ਗ੍ਰੰਥ ਜੀ) ਦੀ ਗੁਰਤਾ ਖੰਡਨ ਕਰਦਾ, ਉਹ ਐਸੇ ਦੋਸ਼ ਦਾ ਭਾਗੀ ਤਾਂ ਨਹੀਂ ਬਣ ਰਿਹਾ ਕਿ ਜਿਵੇਂ ਕੋਈ ਆਪਣੇ ਪਿਤਾ ਦੀ ਗੋਦੀ ਵਿਚ ਬੈਠਾ ਉਸੇ ਦੀ ਹੀ ਦਾਹੜੀ ਪੁਟ ਰਿਹਾ ਹੋਵੇ?

ਪਾਠਕਾਂ ਨੇ ਗੈਰ ਸਿਖਾਂ ਦੇ ਬਿਆਨ ਵੀ ਪੜ੍ਹੇ ਹਨ ਕਿ ਕਿਤਨੇ ਸਤਿਕਾਰ ਨਾਲ "ਗੁਰੂ ਗ੍ਰੰਥ ਸਾਹਿਬ" ਦਾ ਪੂਰਾ ਨਾਮ ਬੋਲਦੇ ਹਨ, ਚਾਹੇ ਉਹ ਵੀ ਆਂਪਣਾ ਆਪਣਾ ਇਸ਼ਟ ਦੇਵ ਗੁਰੂ ਪੀਰ ਕਿਸੇ ਹੋਰ ਨੂੰ ਮੰਨਦੇ ਹੋਣਗੇ, ਪਰ ਇਹ ਮੋਹਰ ਸਿੰਘ ਨਾਮੀ ਸਿਖ! ਹੀ ਇਕ ਐਸਾ (ਸਿਖੀ ਸੂਰਤ ਦਾ) ਸਿਖ ਹੈ ਕਿ ਜਿਹੜਾ "ਗੁਰੂ ਗ੍ਰੰਥ ਸਾਹਿਬ" ਨਾਲ (ਸ੍ਰੀ ਗੁਰੂ) ਨਾਮ ਮਾਤ੍ਰ ਵਿਸ਼ੇਸ਼ਣ ਸਹਿਤ ਪੂਰਾ ਨਾਮ (ਸ੍ਰੀ ਗੁਰੂ ਗ੍ਰੰਥ ਸਾਹਿਬ) ਲਿਖਣ ਨੂੰ ਤਿਆਰ ਨਹੀਂ। ਉਸ ਨੇ ਗ੍ਰੰਥ ਸਾਕਿਬ ਜਾਂ ਸ੍ਰੀ ਗ੍ਰੰਥ ਸਾਹਿਬ ਅਧੂਰਾ ਨਾਮ ਹੀ ਲਿਖਿਆ ਹੈ।

ਵਿਚਾਰ ਦੀ ਗੱਲ ਹੈ ਕਿ ਨਾਮਧਾਰੀ ਦਰਬਾਰ ਨਾਲ ਸਬੰਧਤ ਕਈ ਸਿਖਾਂ ਦੇ ਨਾਮ ਗੁਰਦੇਵ ਸਿੰਘ, ਗੁਰਨਾਮ ਸਿੰਘ, ਗੁਰਦਿਆਲ ਸਿੰਘ, ਗੁਰਮੀਤ ਸਿੰਘ ਆਦਿਕ

ਹੋਣਗੇ । ਇਸ ਤੋਂ ਵਖਰੇ ਕਈ ਗ੍ਰੰਥਾਂ ਦੇ ਨਾਮ (ਸ੍ਰੀ ਗੁਰੂ ਪੰਥ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ ਪ੍ਰਕਾਸ਼) ਆਪਣੀ ਪੁਸਤਕ "ਪ੍ਰਰਖ ਗੁਰੂ" ਵਿਚ ਲਿਖੇ ਹਨ, ਉਹਨਾਂ ਦੇ ਹਵਾਲੇ (ਉਦਾਹਰਣ) ਵੀ ਇਸ ਨੇ ਦਿਤੇ : ਪਰ ਉਹ 'ਸ੍ਰੀ ਗੁਰੂ ਗ੍ਰੰਥ' ਜੀ ਦਾ ਸ਼ੁਭ ਨਾਮ (ਨਾਮ ਮਾਤਰ ਵੀ) ਲਿਖਣ ਨੂੰ ਤਿਆਰ ਨਹੀਂ । ਹਾਲਾਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਬੋ ਕੀ ਤਲਵੰਡੀ ਅਸਥਾਨ ਪਰ, ਗੁਰੂ ਗ੍ਰੰਥ ਜੀ ਦੀ ਦੁਬਾਰਾ ਲਿਖਾਈ ਕਰਾਉਣ ਮਗਰੋਂ (ਪੋਥੀ ਸਾਹਿਬ) ਪਹਿਲਾ ਨਾਮ ਬਦਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਮ ਰਖਿਆ ਸੀ । ਤਦ ਵੀ ਇਸ ਨੇ ਗੁਰੂ ਵਿਸ਼ੇਸ਼ਣ ਸਹਿਤ ਇਕ ਵੇਰ ਵੀ ਪੂਰਾ ਨਾਮ ਆਪਣੀ ਵਲੋਂ ਸ੍ਰੀ ਗੁਰੂ ਗ੍ਰੰਥ ਨਹੀਂ ਲਿਖਿਆ ।

ਹੋ ਸਕਦਾ ਹੈ ਕਿ ਇਸ ਵਾਸਤੇ ਉਹ ਪ੍ਰਹੇਜ਼ ਕਰਦਾ ਰਿਹਾ ਹੋਵੇ ਕਿ ਆਪਣੇ ਦੇਹਧਾਰੀ ਸਤਿਗੁਰੂ ਪ੍ਰਥਾਏ ਉਸ ਦੀ ਅਨਿੰਨ ਭਗਤੀ ਨਾ ਟੁਟ ਜਾਏ । ਭਾਵ ਉਹ ਬਾਬਾ ਰਾਮ ਸਿੰਘ ਜੀ ਨੂੰ ਤਾਂ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪੁਨਰ ਜਨਮ ਹੋਇਆ ਦਸਦਾ ਹੈ ਅਤੇ ਉਹਨਾਂ ਵੀ ਗੁਰਗਦੀ ਦਾ ਵਾਰਸ਼ ਤੇ ੧੨ਵਾਂ ਸਤਿਗੁਰੂ ਮੰਨ ਰਿਹਾ ਹੈ ਪਰ ਪੋਥੀ ਸਾਹਿਬ ਦਾ ਬਦਲ ਕੇ "ਸ੍ਰੀ ਗੁਰੂ ਗ੍ਰੰਥ ਸਾਹਿਬ" ਪੂਰਾ ਨਾਮ (ਗੁਰੂ ਗੋਬਿੰਦ ਸਿੰਘ ਜੀ ਵਲੋਂ) ਰਖਿਆ, ਲਿਖਣ ਨੂੰ ਕਿਸੇ ਹਾਲਤ ਵਿਚ ਤਿਆਰ ਨਹੀਂ ।

ਫਿਰ ਮੇਹਰ ਸਿੰਘ ਨੂੰ ਇਹ ਵੀ ਚੇਤੇ ਹੋਣਾ ਚਾਹੀਦੇ ਸੀ ਕਿ ਭਵਿਖਤ ਨੂੰ ਵਿਚਾਰਦੇ ਹੋਇਆਂ, ਗੁਰੂ ਜੀ ਨੇ ਜਿਵੇਂ ਚਰਨਾਂਮ੍ਰਿਤ ਪਿਲਾ ਕੇ ਗੁਰ ਮੰਤ੍ਰ ਸੁਨਾਣ ਦੀ ਰੀਤੀ ਨੂੰ ਬਦਲ ਕੇ ਖੰਡੇ ਦਾ ਅੰਮ੍ਰਿਤ ਛਕਾਏ ਕਿ ਨਾਮ ਮੰਤ੍ਰ ਸੁਨਾਣਾ ਪ੍ਰਚਲਤ ਕੀਤਾ ਹੈ, ਤਿਵੇਂ ਕਿਸੇ ਇਕ ਦੇਹਧਾਰੀ ਗੁਰੂ ਦੀ ਬਜਾਏ, ਗੁਰੂ ਮੰਤ੍ਰ ਉਪਦੇਸ਼ ਸੁਨਾਣ ਦੇ ਇਸ ਅਧਿਕਾਰ ਨੂੰ "ਗੁਰੂ ਖਾਲਸਾ" ਰੂਪ ਵਿਚ ਪੰਜ ਪਿਆਰਿਆਂ ਪ੍ਰਤੀ ਦਿਤਾ ਹੈ— ਉਹ ਵੀ ਗੁਰਗਦੀ ਸਥਾਪਤ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ, ਅਭਿਲਾਖੀਆਂ ਨੂੰ ਅੰਮ੍ਰਿਤ ਛਕਾਉਣ ਵੇਲੇ ਐਸਾ ਕਰਨਾ ਦਸਿਆ ਹੈ ।

ਫਿਰ ਇਸ ਨਿਆਰੀ ਰੀਤ ਦੇ ਚਲਾਏ ਹੋਏ ਖਾਲਸਾ ਪੰਥ ਵਾਸਤੇ (ਨਾਮ ਮੰਤ੍ਰ ਸ਼ਬਦ ਗੁਰੂ ਪ੍ਰਾਪਤੀ) ਦਾ ਢੰਗ ਵੀ ਨਿਆਰਾ ਚਲਾਇਆ ਹੈ । ਜਿਸ ਤੇ ਸਾਡਾ ਫਰਜ਼ ਹੋ ਜਾਂਦਾ ਹੈ ਕਿ ਇਸ ਰੀਤ ਨੂੰ ਅਪਨਾਈਏ ਤੇ ਗੁਰੂ ਭਾਵਨਾ (ਗੁਰਗਦੀ ਸਥਾਪਤ) ਗੁਰੂ ਗ੍ਰੰਥ ਜੀ ਪਰ ਰਖਾਈਏ । ਕਿਉਂਕਿ ਆਉਂਦੇ ਸਮੇਂ ਵਿਚ ਇਸ ਗੁਰਗਦੀ ਪਰ ਕਿਸ ਦਾ ਹੱਕ ਹੋਵੇ ? ਕਿਸ ਦਾ ਨਾ ਹੋਵੇ ? ਦੀਰਘ ਦਰਸ਼ੀ ਸਤਿਗੁਰੂ ਜੀ ਨੇ ਇਸ ਝਗੜੇ ਨੂੰ ਸਦਾ ਵਾਸਤੇ ਹੀ ਮੁਕਾ ਦਿਤਾ ਹੈ ਅਤੇ ਸਮੂਹ ਗੁਰੂ ਨਾਨਕ ਲੇਵਾ ਫਿਰ ਖਾਸ ਕਰਕੇ ਅੰਮ੍ਰਿਤਧਾਰੀ ਗੁਰੂ ਸਿਖਾਂ ਦੀ ਇਸ਼ਟ ਟੇਕ (ਗੁਰੂ ਭਾਵਨਾ) ਗੁਰੂ ਗ੍ਰੰਥ ਜੀ ਪ੍ਰਤੀ ਸਦਾ ਰਹੇ ਸ੍ਰੀ ਮੁਖ ਤੋਂ ਹੁਕਮ ਸੁਣਾ ਦਿਤਾ ਸੀ ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸ ਵਾਸਤੇ ਵੀ ਐਸਾ ਕੀਤਾ ਕਿ ਭਵਿਖਤ ਪੁਰਾਣ ਅਤੇ ਵੇਦ-ਵਾਕ ਤੋਂ ਵੀ ਜਾਣੂ ਸਨ । ਜੋ ਇਸ ਤਰ੍ਹਾਂ ਦੇ ਲਿਖੇ ਮਿਲਦੇ ਹਨ ਤੇ ਭਵਿਖਤ ਪੁਰਾਣ, ਸਕੰਧ ਪੁਰਾਣ ਵਿਚ ਭਵਿਖਤ ਬਾਣੀ ਅਤੇ ਰਿਗ ਵੇਦ ਵਿਚ ਅਧਿਆਇ ੬ ਮੰਤਰ ੪ ਸੰਸਥਾ ਅਸ਼ਟਕਾ ੫—ਮੰਡਲ ੭ ਸੂਕਤ ਸਾਉਕਾ ਵਿਚ ਐਸਾ

ਵਾਕ ਹੈ—

ਵੀ ਦਕ੍ਰਮੇ ਪ੍ਰਿਥਵੀ ਮੇਸ ਏਤਾ ਖਸਤ੍ਰਾਯ
ਵਿਸ਼ਨੂੰ ਮਨੁਸੇ ਦਸਸਯਨ ਧ੍ਰੁਵਾ ਸ ਅਸਯ
ਕੀਰਯੋ ਜਨਾਸ ਉਰੂ ਖਸ਼ੂਤਿ ਸੁ ਜਨਿਮਾ ਚਕਾਰ ੪—ਆ=

ਨੋਟ : ਪੰਡਤ ਰਾਮ ਗੋਬਿੰਦ ਤ੍ਰਵੇਦੀ ਵੇਦਾਂਤ ਸ਼ਾਸਤ੍ਰੀ ਜੀ (ਬਰੇਲੀ ਨਿਵਾਸੀ) ਨੇ (ਗੁਰੂ ਕੌਮ ਕਤਾਬ) ਲਿਖੀ ਜੋ ਨਵਲ ਕਿਸ਼ੋਰ ਪ੍ਰੈਸ ਲਖਨਊ ਵਿਚ ਛਪੀ ਹੈ। ਉਸ ਵਿਚ ਉਕਤ ਲਿਖਤ ਦਾ ਐਸਾ ਅਰਥ ਕੀਤਾ ਹੈ—

ਜਿਸ ਵੇਲੇ ਦੁਨੀਆਂ ਵਿਚ ਪਾਪ ਵਧ ਜਾਣਗੇ। ਧਰਮ ਇਸ ਤਰ੍ਹਾਂ ਲੋਪ ਹੋ ਜਾਏਗਾ ਜਿਸ ਤਰ੍ਹਾਂ ਮਸਿਆ ਦੀ ਰਾਤ ਨੂੰ ਚੰਦ ਅਲੋਪ ਹੋ ਜਾਂਦਾ ਹੈ। ਉਸ ਵੇਲੇ ਜੋ ਧਰਤੀ ਦਾ ਰਚਨਹਾਰ ਹੈ—"ਮਹਾ ਵਿਸ਼ਨੋ ਜੀ" ਉਹ ਛਤਰੀਆਂ ਦੀ ਕੁਲ ਵਿਚ ਅਵਤਾਰ ਲਵੇਗਾ, ਅਤੇ ਇਸ ਤੋਂ ਪਿਛੋਂ ਨੌਂ ਗੁਰੂ ਹੋਰ ਹੋਣਗੇ। (ਉਸ ਨੇ ਗਿਆਰ੍ਹਵਾਂ ਨਹੀਂ ਕਿਹਾ)

ਭਾਵ—ਕਲਜੁਗ ਵਿਚ ਵਿਸ਼ਨੂੰ ਭਗਵਾਨ ੧੦ ਜਾਮੇ ਮਨੁੱਖ ਦੇਹ ਧਾਰਨ ਕਰੇਗਾ।

ਇਹ ਵਾਕ ਗੁਰੂ ਨਾਨਕ ਅਤੇ ਸਮੁਚੇ ੧੦ ਗੁਰੂ ਸਾਹਿਬਾਨ ਪ੍ਰਥਾਏ ਉਚਾਰਿਆ ਹੀ ਠੀਕ ਸਿੱਧ ਹੁੰਦਾ ਹੈ। ਕਿਉਂਕਿ ਦਸੇ ਜਾਮੇ ਮਨੁਖ ਦੇਹੀ ਦੇ ਇਹਨਾਂ ਹੀ ਧਾਰਨ ਕੀਤੇ ਸਨ। ਜੇ ਪਹਿਲੇ ਅਵਤਾਰ ਮੰਨੇ ਜਾਣ ਤਾਂ ਉਹ ਮਨੁਖ ਜਾਮੇ ਤੋਂ ਵਖਰੇ ਮਛ ਕਛ ਬ੍ਰਾਹ ਅਤੇ ਨਰਸਿੰਘ ਅਵਤਾਰ ਵੀ ਹੋਏ ਹਨ। ਨਰੋਲ ੧੦ ਜਾਮੇਂ ਮਨੁਖੀ ਗੁਰੂ ਜੀ ਹੋਇ ਹਨ ਫੇਰ ਭਵਿਖਤ ਪੁਰਾਣ ਵਿਚੋਂ ਹੋਰ ਬਾਣੀ ਵੀ ਇਹ ਹੈ :—

ਤਤੋ ਅਸ਼ਟੋ ਜਨਮਾਂ ਭ੍ਰਾਵਿਆ ਪੁਸ਼ਕ ਸਚ ਚਤਰ ਦਸਾ
ਭੁਖੋਂ ਦਸ ਗਰੁੰਡ ਅਸਚ ਮੌਨਾਇਕਾਦ ਸਈਵਤ੍ਰ ॥

ਨੋਟ : ਦਿੱਗ ਵਿਜੈ ਗ੍ਰੰਥ ਵਿਚੋਂ ਸਵਾਮੀ ਕਲਿਆਣ ਦਾਸ ਉਦਾਸੀ ਨੇ ਉਤਾਰਾ ਕਰਕੇ ਇਹ ਜ਼ਿਕਰ ਆਪਣੀ ਸਚੀ ਖੋਜ ਪੁਸਤਕ ਵਿਚ ਲਿਖਿਆ ਜਿਸ ਤੋਂ ਹੂ-ਬਹੂ ਕੀਤਾ ਉਤਾਰਾ ਸਫਾ ੪੭ ਅਤੇ ੫੩ ਉਤੋਂ ਧੰਨਵਾਦ ਸਹਿਤ ਅਸੀਂ ਇਥੇ ਲਿਖਿਆ ਹੈ—

ਇਸ ਦਾ ਭਾਵ ਅਰਥ ਇਹ ਹੈ :

ਜਦੋਂ ਅਠ ਰਾਜੇ ਮੁਸਲਮਾਨ ਹੋਣਗੇ, ਅਤੇ ਸਾਰੇ ਭਾਰਤ ਵਿਚ ਉਹਨਾਂ ਦਾ ਰਾਜ ਹੋਵੇਗਾ। ਇਹ ਅਠ ਰਾਜੇ ਇਕੋ ਗੋਤ ਦੇ ਹੋਣਗੇ, ਤੇ ਇਹਨਾਂ ਦੇ ਵੇਲੇ ਮਹਾਂ ਵਿਸ਼ਨੂੰ ਦਸ ਰੂਪ ਗੁਰੂਆਂ ਦੇ ਧਾਰਨ ਕਰੇਗਾ ਅਤੇ ਇਹਨਾਂ ਦਸਾਂ ਤੋਂ ਪਿਛੋਂ—ਮੋਨੀ ਗੁਰੂ ਹੋਵੇਗਾ ਜੋ ਬੁਲਾਉਣ ਤੇ ਬੋਲੇਗਾ। (ਇਹ ਗੁਰੂ ਗ੍ਰੰਥ ਜੀ ਵਲ ਇਸ਼ਾਰਾ ਹੈ)

ਹੁਣ ਨਾਮਧਾਰੀ ਪਾਠਕ ਅਤੇ ਦੂਜਿਆਂ ਸਚਿਆਰ ਪਾਠਕਾਂ ਨੂੰ ਯਕੀਨ ਹੋ ਜਾਏਗਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਠੀਕ ਵੇਦ ਵਾਕ ਅਤੇ ਭਵਿਖਤ ਪੁਰਾਣ ਦੀ ਭਵਿਖਤ ਬਾਣੀ ਅਨੁਸਾਰ ਆਪਣੇ ਤੋਂ ਪਿਛੋਂ ਗੁਰੂ ਗ੍ਰੰਥ ਸਾਹਿਬ (ਸ਼ਬਦ ਗੁਰੂ ਸੰਗ੍ਰਹਿ) ਨੂੰ ਗੁਰਗਦੀ ਸਥਾਪਤ ਕੀਤਾ ਹੈ, ਉਹ ਦਰੁਸਤ ਹੀ ਕੀਤਾ ਹੈ ਅਗਰ ਮੇਹਰ ਸਿੰਘ ਨੇ

ਆਪਣੀ ਮਨਮਤ ਨੂੰ ਗੁਰਮਤਿ ਨਾਲ ਸਿਧ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਉਸ ਦਾ ਤੋੜ ਵੀ ਅਸੀਂ ਪੂਰਾ ਪੂਰਾ ਪੇਸ਼ ਕਰਨਾ ਹੈ।

ਨਾਮਧਾਰੀ ਦਰਬਾਰ ਦੇ ਗੁਰੂ ਜੀ! ਤਾ—'**ਪਰ ਕੀ ਕਉ ਅਪਨੀ ਕਰ ਪਕਰੀ ਐਸੀ ਭੂਲ ਭਲਾਨਥ**' ਵਿਚ ਫਸੇ ਪਏ ਹਨ ਉਹ ਦੇਹਧਾਰੀ ਗੁਰੂ ਸਾਬਤ ਕਰਨ ਵਾਸਤੇ ਉਦਾਹਰਣ ਤਾਂ ਗੁਰੂ ਬਾਣੀ ਵਿਚੋਂ ਸੁਣਾਂਦੇ, ਪਰ ਇਸ ਦੇ ਆਥਰ (ਮਾਲਕ) ਖੁਦ ਬਣਦੇ ਤੇ ਗੁਰਗਦੀ ਦੀ ਮਲਕੀਅਤ ੧੨ਵੀਂ ੧੪ਵੀਂ ਥਾਂ ਦੀ ਆਪਣੀ ਹੀ ਜਤਾਂਦੇ ਹਨ। ਉਹ ਇਸ ਵਾਸਤੇ ਕਿ ਗੁਰੂ ਸਦਾਏ ਨਾਲ ਮਾਨਤਾ ਪੂਜਾ ਵਿਚ ਵਾਧਾ ਹੁੰਦਾ, ਸਮਝਦੇ ਹਨ। ਪਰ ਇਹ ਭਾਰੀ ਭੁਲੇਖਾ ਹੈ। ਪੰਥ ਖਾਲਸਾ ਵਿਚ, ਗੁਰੂ ਕਾ ਕਾਰਿੰਦਾ, ਨਾਮ ਅੰਮ੍ਰਿਤ ਦਾ ਪ੍ਰਚਾਰਕ ਅਤੇ ਸੰਤ ਖਾਲਸਾ ਗੁਰਸਿਖ ਕਹਾ ਕੇ ਜਿਤਨੀ ਮਾਨਤਾ ਵਡਿਆਈ ਸੰਤ ਅਤਰ ਸਿੰਘ ਜੀ ਮਸਤੂਆਣਾ ਬੇਦੀ ਸੰਤ ਬਾਬਾ ਸੁੰਦਰ ਸਿੰਘ ਅਲੀ ਬੇਗ ਅਤੇ ਸੰਤ ਈਸ਼ਰ ਸਿੰਘ ਜੀ ਰਾੜੇ ਸਾਹਿਬ ਵਾਲਿਆਂ ਨੇ ਪਾਈ ਹੈ—ਅਜ ਕਲ ਦੇ ਕਿਸੇ ਦੇਹਧਾਰੀ ਗੁਰੂ ਦੇ ਹਿਸੇ ਨਹੀਂ ਆਈ।

ਨਾਮਧਾਰੀ ਵੀਰਾਂ ਨੂੰ ਇਹੋ ਭਾਰੀ ਭੁਲੇਖਾ ਹੈ ਕਿ ਕਿਸੇ ਇਕ ਸਰੀਰਧਾਰੀ ਗੁਰੂ ਤੋਂ ਜੋ ਨਾਮ ਅੰਮ੍ਰਿਤ ਪ੍ਰਾਪਤ ਕਰਦੇ, ਉਹੀ ਗੁਰੂ ਵਾਲੇ ਤੇ ਗੁਰਮੁਖ ਹਨ ਅਤੇ ਗੁਰੂ ਸ਼ਬਦ ਸੰਗ੍ਰਹਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੰਤ੍ਰ ਉਪਦੇਸ਼ ਪੰਚ ਪ੍ਰਵਾਨ (ਗੁਰੂ ਖਾਲਸਾ) ਜੀ ਤੋਂ ਪ੍ਰਾਪਤੀ ਵਾਲੇ ਸਾਰੇ ਹੀ ਮਨਮੁਖ ਤੇ ਨਿਗੁਰੇ ਹਨ। ਇਹ ਨਾਮਧਾਰੀ ਦਰਬਾਰ ਦੀ ਭੁਲੇਖੇ ਭਰੀ ਇਕ ਮਨੌਤ ਹੈ ਵਰਨਾ ਅੰਮ੍ਰਿਤਧਾਰੀ ਕੋਈ ਵੀ ਹੈ ਉਹ ਵੀ ਨਾਮਧਾਰੀ ਹੈ ਕਿ ਉਸ ਨੇ ਅੰਮ੍ਰਿਤ ਛਕਣ ਵੇਲੇ ਗੁਰ ਸ਼ਬਦ ਉਪਦੇਸ਼ (ਮੂਲ ਮੰਤ੍ਰ—ਗੁਰ ਮੰਤਰ) ਜੋ ਨਾਮ ਸੁਣਿਆ ਸੀ ਧਾਰਨ ਕੀਤਾ ਜਾਣੀਏ। ਅਤੇ ਅਜੇ ਤੀਕ ਜੋ ਵੀ ਬੇ-ਅੰਮ੍ਰਿਤੀਏ ਗੁਰ ਮੰਤ੍ਰ ਹੀਣਸ ਪ੍ਰਾਣੀ ਹਨ ਉਹ ਮਨਮੁਖ ਤੇ ਨਿਗੁਰੇ ਜ਼ਰੂਰ ਹਨ। ਅਗੇ ਹੁਣ "ਸ਼ਬਦ ਗੁਰੂ" ਕਿਵੇਂ ਹੈ ਵਿਚਾਰ ਪੜ੍ਹੀਏ ?

## ਸ਼ਬਦ ਗੁਰੂ ਦੀ ਸਚਾਈ ਉਤੇ ਵਿਚਾਰ

ਗੁਰੂ ਨਾਨਕ ਸਾਹਿਬ—ਸਰਬ ਕਲਾ ਸਮਰਥ ਅਵਤਾਰ ਪ੍ਰਗਟਾਏ ਸਨ। ਅਤੇ ਉਹਨਾਂ ਦੀ ਸ਼ਕਤ ਕਲਾ ਦਾ ਪਹਿਲਾ ਪ੍ਰਗਟਾਉ ਦਾਈ ਦੋਲਤਾਂ ਨੇ ਦੇਖਿਆ ਕਿ ਬਾਲਕ ਹਸਦਾ ਹਸਦਾ ਆਇਆ ਹੈ ਰਾਤ ਵੇਲੇ ਬਾਹਰਵਾਰ ਜਿਵੇਂ ਚੰਦ ਦੀ ਚਾਨਣੀ ਹੈ ਤਿਵੇਂ ਅੰਦਰ ਵੀ ਜਗਮਗਾਇਆ ਹੈ। ਇਸ ਪ੍ਰਕਾਸ਼ ਨੇ ਦਾਈ ਨੂੰ ਹੈਰਾਨ ਕਰ ਦਿਤਾ ਸੀ।

ਦੂਜੀ ਵੇਰ ਪੰਡਤ ਹਰਦਿਆਲ ਨੇ ਆਪਣੀ ਗਣਿਤ ਵਿਦਿਆ ਬਲ ਨਾਲ ਜੋ ਕੁਝ ਸਮਝਿਆ ਸੀ ਉਸ ਨੇ ਵੀ ਕੋਈ ਈਸ਼ਵਰੀ ਅਵਤਾਰ ਹੀ ਆਇਆ ਅਨੁਭਵ ਕੀਤਾ ਸੀ।

ਤੀਜੀ ਵੇਰ ਜੱਟ ਦਾ ਉਜੜਿਆ ਖੇਤ ਹਰਾ ਹੋਇਆ ਸੀ। ਲੋਕਾਂ ਨੇ ਇਹ ਵੇਖਿਆ ਤੇ ਨਵਾਬ ਰਾਏ ਬੁਲਾਰ ਰਈਸ ਨੇ ਸੁਣਿਆ ਸੀ ਅਤੇ ਵੱਲੀ ਅੱਲਾ ਕੋਈ ਆਇਆ ਮੰਨਿਆ ਸੀ।

ਚੌਥੀ ਵੇਰ ਇਸੇ ਨਵਾਬ ਨੇ ਗੁਰੂ ਮੁਖੜੇ ਉਤੇ ਸੱਪ ਨੂੰ ਛਾਇਆ ਕਰਦੇ ਵੇਖਿਆ ਫਿਰ ਦਰਖਤ ਹੇਠ ਸੁਤੇ ਪਿਆਂ ਦੇ ਮੁਖ ਉਤੇ ਸਾਇਆ ਬਣਿਆ ਰਿਹਾ ਹੈ ਤੇ ਹੋਰ ਬ੍ਰਿਛਾਂ ਦੇ ਸਾਏ ਢਲ ਗਏ ਦੇਖੇ ਸਨ, ਤਾਂ ਰਾਇ ਬੁਲਾਰ ਨੂੰ ਖੁਦਾ ਦਾ ਨੂਰ ਹੀ ਇਹਨਾਂ ਵਿਚ ਭਾਸਿਆ ਸੀ।

ਪੰਜਵੀਂ ਛੇਵੀਂ ਵਾਰ—ਪੰਡਤ--ਪਾਂਧੇ ਤੇ ਮੌਲਵੀ ਨਾਲ ਜੋ ਵਿਚਾਰ ਵਟਾਂਦਰਾ ਕੀਤਾ ਸੀ ਉਹਨਾਂ ਵੀ ਸਿਰ ਝੁਕਾਇਆ ਤੇ ਰੱਬ ਦਾ ਪਿਆਰਾ ਮਹਾਂ ਬੁਧੀਵਾਨ ਹੀ ਜਾਣਿਆ ਸੀ, ਪਰ ਅਜੇ ਤੀਕ ਕਿਸੇ ਨੇ ਇਹਨਾਂ ਨੂੰ ਗੁਰੂ ਨਹੀਂ ਮੰਨਿਆ ਸੀ ਤੇ ਨਾ ਹੀ ਆਪ ਨੇ ਗੁਰੂ ਰੂਪ ਵਿਚ ਕਿਸੇ ਨੂੰ ਉਪਦੇਸ਼ ਸੁਣਾਇਆਸੀ ਨਾ ਸਿਖ ਬਣਾਇਆ ਸੀ। ਫਿਰ ਕਰੀਬਨ ੧੪ ਸਾਲ ਦੀ ਉਮਰ ਦੇ ਹੋਏ, ਆਪ ਜੀ ਸੁਲਤਾਨਪੁਰ ਪਧਾਰੇ ਅਤੇ ਮੋਦੀਖਾਨਾ ਵੀ ਚਲਾਇਆ ਸੀ, ਸ਼ਾਦੀ ਵੀ ਹੋਈ ਤੇ ਸੰਮਤ ੧੫੫੧ ਵਿਚ ਆਪ ਦੇ ਗ੍ਰਿਹਿ ਬਾਬਾ ਸ੍ਰੀ ਚੰਦ ਸਾਹਿਬਜ਼ਾਦਾ ਦਾ ਜਨਮ ਹੋਇਆ ਸੀ। ਫਿਰ ਹੋਰ ਤਿੰਨਾਂ ਸਾਲਾਂ ਬਾਅਦ ਦੂਜੇ ਸਾਹਿਬਜ਼ਾਦੇ ਬਾਬਾ ਲਖਮੀ ਚੰਦ ਪ੍ਰਗਟਾਇ ਸਨ।

ਹੋਰ ਸਤ ਸਾਲਾਂ ਬਾਅਦ ਸੰਮਤ ੧੫੫੮ ਵਿਚ ਗੁਰੂ ਨਾਨਕ ਜੀ ਨੇ ਇਸ਼ਨਾਨ ਵਾਸਤੇ ਜਦੋਂ ਨਿਤ ਵਾਂਗ ਵੇਈਂ ਨਦੀ ਵਿਚ ਪ੍ਰਵੇਸ਼ ਕੀਤਾ ਸੀ, ਟੁੱਭੀ ਲਾਈ ਤਾਂ ਵਿਚੇ ਹੀ ਗੁੰਮ ਹੋ ਗਏ ਸੀ ਤਿੰਨ ਦਿਨਾਂ ਤੀਕ ਕੋਈ ਪਤਾ ਨਹੀਂ ਚਲਿਆ ਸੀ। ਪ੍ਰਵਾਰ ਵਿਚ ਹਾਹਾਕਾਰ ਮੱਚ ਗਈ ਸੀ, ਪਰ ਬੇਬੇ ਨਾਨਕੀ ਅਡੋਲ ਰਹੇ, ਸਮਝੇ ਕਿ ਕਿਸੇ ਖਾਸ ਕਾਰਨ ਕਰਕੇ ਵੀਰ ਜੀ ਉਹਲੇ ਹੋਏ ਹਨ, ਉਹ ਜ਼ਰੂਰ ਪ੍ਰਗਟਾਉਣਗੇ। ਤਾਂ ਠੀਕ ਉਹ ਤੀਜੇ ਦਿਨ ਉਸੇ ਥਾਂ ਪ੍ਰਗਟਾਇ ਸਨ। ਸਾਰਾ ਪ੍ਰਵਾਰ ਖੁਸ਼ੀਆਂ ਵਿਚ ਭਰਪੂਰ ਸੀ ਤੇ ਦੋਵੇਂ ਸਾਹਿਬਜ਼ਾਦੇ ਵਡੇ ੭ ਸਾਲ ਤੇ ਛੋਟੇ ੪ ਸਾਲ ਦੇ ਅਗੇ ਪਿਛੇ ਲਿਪਟੇ ਸਨ। ਉਹ ਬਾਰ ਬਾਰ ਪੁਛਦੇ ਪਿਤਾ ਜੀ ਕਿਥੇ ਚਲੇ ਗਏ ਸੀ? ਤਾਂ ਦਸਿਆ ਕਿ ਸਾਨੂੰ ਸੱਚੇ ਰੱਬ ਨਿਰੰਕਾਰ ਨੇ ਆਪਣੇ ਦਰਬਾਰ ਵਿਚ ਬੁਲਾਇਆ ਸੀ, ਉਹਨਾਂ ਸਾਨੂੰ ਮੋੜ ਭੇਜਿਆ ਹੈ ਤੇ ਆਏ ਹਾਂ।

ਕੋਈ ਪਿਤਾ ਬਾਹਰੋਂ ਕਿਸੇ ਦੂਜੇ ਸ਼ਹਿਰ ਤੋਂ ਵਾਪਸ ਘਰ ਆਏ ਤਾਂ ਲਾਡਲੇ ਬਚੇ ਪੁਛਦੇ ਹਨ ਪਿਤਾ ਜੀ ਮੇਰੇ ਲਈ ਕੀ ਲਿਆਏ ਹੋ? ਤਾਂ ਸ੍ਰੀ ਚੰਦ ਦੀ ਪੁਛ ਦੇ ਉਤਰ ਵਿਚ ਕਿਹਾ--ਉਥੇ ਸਾਨੂੰ ਅੰਮ੍ਰਿਤ ਪਿਲਾਇਆ ਗਿਆ ਤੇ ਨਾਮ ਮੰਤ੍ਰ (ਸ਼ਬਦ ਗੁਰੂ) ਦੀ ਬਖਸ਼ਿਸ਼ ਨਾਲ ਗੁਰੂ ਬਣਾ ਕੇ ਮੋੜ ਭੇਜਿਆ ਨੇ ਕਿ ਆਪ ਜਪਾਂ ਅਤੇ ਚੌਹਾਂ ਵਰਨਾਂ ਨੂੰ ਨਾਮ ਮੰਤ੍ਰ ਸੁਣਾ ਕੇ ਜਪਾਂਦਾ ਰਹਾਂ।

ਫਿਰ ਦੂਜੀ ਵੇਰ ਸਾਹਿਬਜ਼ਾਦੇ ਸ੍ਰੀ ਚੰਦ ਜੀ ਦੀ ਮੰਗ ਸੀ ਉਹ ਕੀ ਮੰਤ੍ਰ ਹੈ ਪਿਤਾ ਜੀ—ਮੈਨੂੰ ਵੀ ਸੁਣਾਈਏ। ਤਦ ਗੁਰੂ ਪਿਤਾ ਜੋ "ਗੁਰੂ ਅਕਾਲ ਪੁਰਖ ਤੋਂ ਬਖਸ਼ਿਸ਼ ਪਾ ਕੇ ਆਏ ਸਨ, ਬਹੁਤ ਖੁਸ਼ ਹੋਏ ਤੇ ਸਾਹਿਬਜ਼ਾਦੇ ਬਾਬਾ ਸ੍ਰੀ ਚੰਦ ਪ੍ਰਤੀ

੧ ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰਗ ਗੁਰ ਪ੍ਰਸ਼ਾਦ" ਤੀਕ ਸਾਰਾ ਮੂਲ ਮੰਤ੍ਰ ਸੁਣਾ ਕੇ ਨਿਹਾਲ ਕੀਤਾ, ਅਤੇ ਪਾਸ ਬੈਠੇ ਸਾਰੇ ਸਰੋਤਿਆਂ (ਬੇਬੇ ਨਾਨਕੀ, ਜੀਜਾ ਜੈਰਾਮ, ਸ੍ਰੀਮਤੀ ਸੁਲਖਣੀ ਜੀ) ਸਾਰੇ ਵਡਭਾਗੀ ਪਰਵਾਰ ਨੇ ਸੁਣਿਆ ਸੀ। ਤਵਾਰੀਖੀ ਜ਼ਿਕਰ ਹੈ ਤੇ ਵੇਈਂ ਵਿਚੋਂ ਪਰਤੇ ਦੀ ਮਸ਼ਹੂਰ ਸਾਖੀ ਹੈ।

ਨੋਟ : ਮੇਰੇ ਪਾਸ ਕਰੀਬਨ ੯੦ ਸਾਲ ਪਹਿਲੇ ਦੀ ਇਕ ਹੱਥ ਲਿਖਤ ਪੋਥੀ ਹੈ ਜੋ ਬਾਬਾ ਸੁਮੇਰ ਸਿੰਘ ਕਵੀ ਵਿਦਵਾਨ ਦੀ ਹਥੀਂ ਲਿਖੀ ਹੈ ਜੋ ਪਟਨਾ ਸਾਹਿਬ ਤਖਤ ਦੇ ਹੈਡ ਗ੍ਰੰਥੀ ਜਾਂ ੮੦-੯੦ ਸਾਲ ਪਹਿਲੇ ਜਥੇਦਾਰ ਰਹੇ। ਉਹਨਾਂ ਕਿਤੇ ਦੋ ਢਾਈ ਸੈ ਸਾਲ ਪਹਿਲੇ ਦੀ ਪੁਰਾਤਨ ਇਕ ਪੋਥੀ ਦੀ ਲਿਖਤ ਅਨੁਸਾਰ ਲਿਖਿਆ ਕਿ ਉਕਤ ਮੂਲ ਮੰਤ੍ਰ ਗੁਰੂ ਨਾਨਕ ਦੇਵ ਜੀ ਨੂੰ ਸ੍ਰੀ ਨਿਰੰਕਾਰ (ਅਕਾਲ ਪੁਰਖ) ਵਲੋਂ ਉਸ ਵੇਲੇ ਪ੍ਰਾਪਤ ਹੋਇਆ, (ਜੋ ਉਹਨਾਂ ਗੁਰੂ ਅੰਗਦ ਜੀ ਨੂੰ ਸੁਣਾਇਆ ਸੀ) ਕਿ ਸੁਲਤਾਨਪੁਰ ਹੁੰਦਿਆ ਪ੍ਰਭਾਤ ਵੇਲੇ ਇਸ਼ਨਾਨ ਕਰਨ ਨੂੰ ਵੇਈਂ ਨਦੀ ਵਿਚ ਅਸੀਂ ਪ੍ਰਵੇਸ਼ ਕੀਤਾ ਤਾਂ ਵਰਣ ਦੇਵਤੇ ਨੇ (ਗੁਰੂ ਜੀ ਨੂੰ) ਨਾਲ ਲਿਜਾ ਕੇ ਸ੍ਰੀ ਅਕਾਲ ਪੁਰਖ ਦੇ ਦਰਸਨ ਕਰਾਏ। ਗੁਰੂ ਜੀ ਨੇ ਡੰਡਉਤ ਬੰਦਨਾ ਕੀਤੀ। ਤਦ ਸ੍ਰੀ ਅਕਾਲ ਪੁਰਖ ਨੇ ਪ੍ਰਸੰਨ ਹੋ ਕੇ ਸ੍ਰੀ ਮੂਲ ਮੰਤਰ ਦਾ ਉਪਦੇਸ਼ ਸੁਣਾਇਆ ਅਤੇ ਫੁਰਮਾਇਆ ਸੀ—ਵਾਪਸ ਜਾ ਕੇ ਤੁਸੀਂ—

ਇਹ ਜਪੁ ਆਪ ਜਪਾਵਹੁ ਆਗੇ ॥
ਹਰਿ ਕੀਰਤਨ ਮਹਿ ਜਿਮ ਜੱਗ ਲਾਗੈ ॥
ਅਸ ਕਹਿ ਦੀਨ ਬੰਧ ਭਗਵਾਨਾ ॥
ਦੀਯੋ ਸੀਤ ਅੰਮ੍ਰਿਤ ਕਰਪਾਨਾ ॥੫੦॥
ਬ੍ਰਹਮਦਿਕ ਤ੍ਰੈ ਦੇਵ ਬੁਲਾਏ ॥
ਗੁਰਤਾ ਤਿਲਕ ਦੀਯੋ ਹਰਖਾਏ ॥
ਚਰਨਨ ਮਾਥ ਧਰਯੋ ਸ੍ਰੀ ਸਤਿਗੁਰ ॥
ਲਾਯੋ ਕੰਠ ਅਕਾਲ ਕਿਰਪਾ ਕਰ ॥੫੧॥

ਇਸ ਲਿਖਤ ਤੋਂ ਵੀ ਸਾਬਤ ਹੈ ਕਿ ਅਨੰਤ ਕਲਾ ਸੰਯੁਕਤ ਕਰਕੇ ਅਕਾਲ ਪੁਰਖ ਨੇ ਸ੍ਰੀ ਨਾਨਕ ਰੂਪ ਵਿਚ ਤਾਂ ਪਹਿਲੇ ਭੇਜਿਆ ਸੀ, ਪਰ ਗੁਰੂ ਪਦਵੀ ਦੀ ਬਖਸ਼ਿਸ਼ (ਸ਼ਬਦ ਗੁਰੂ) ਮੂਲ ਮੰਤ੍ਰ ਦੇ ਉਪਦੇਸ਼ ਨਾਲ ਕੀਤੀ ਕਿ ਗੁਰੂ ਹੋ ਕੇ ਸੰਸਾਰੀ ਜੀਵਾਂ ਨੂੰ ਜਾਪ ਜਪਾਈਏ। ਜੋ ਹਰੀ ਕੀਰਤਨ ਹਰੀ ਜੱਸ ਤੇ ਸਿਮਰਨ ਵਿਚ ਲੱਗ ਜਾਣਗੇ।

ਇਸ ਉਕਤ ਪੁਰਾਤਨ ਪੋਥੀ ਦੀ ਲਿਖਤ ਵੀ ਮਨੋ ਕਲਪਤ ਨਹੀਂ ਜਾਪਦੀ, ਬਲਕਿ ਇਸ ਦੇ ਇਕ ਇਕ ਸ਼ਬਦ ਤੇ ਅੱਖਰ ਦੀ ਪ੍ਰੋੜਤਾ ਗੁਰੂ ਨਾਨਕ ਜੀ ਦੀ ਆਪਣੀ ਉਚਾਰਤ ਬਾਣੀ ਵਿਚੋਂ ਹੁੰਦੀ ਹੈ। ਜੋ ਰੱਬੀ ਰੰਗ ਵਿਚ ਰਤੇ ਬੈਠਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਉਹ ਬੀਤੀ ਯਾਦ ਚੇਤੇ ਆਈ, ਤਦ ਮਾਝ ਰਾਗ ਦੀ ਵਾਰ ਦੇ ਅਖੀਰ ਵਿਚ ਖੁਦ ਲਿਖ ਦਰਸਾਇਆ ਹੈ :

ਹਉ ਢਾਢੀ ਵੇਕਾਰੁ ਕਾਰੈ ਲਾਇਆ ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
ਢਾਢੀ ਸਚੈ ਮਹਿਲ ਖਸਮ ਬੁਲਾਇਆ ॥
ਸਚੀ ਸਿਫਤ ਸਲਾਹ ਕਪੜਾ ਪਾਇਆ ॥

ਸਚਾ ਅੰਮ੍ਰਿਤ ਨਾਮੁ ਭੋਜਨ ਆਇਆ ॥
ਗੁਰਮਤੀ ਖਾਧਾ ਰਜਿ ਤਿਨ ਸੁਖ ਪਾਇਆ ॥
ਢਾਢੀ ਕਰੇ ਪਸਾਉ ਸ਼ਬਦ ਵਜਾਇਆ ॥
ਨਾਨਕ ਸਚ ਸਲਾਹ ਪੂਰਾ ਪਾਇਆ ॥ ੧੫੦

ਉਕਤ ਸ੍ਰੀ ਮੁਖ ਵਾਕ ਤੋਂ ਵੀ ਸਾਬਤ ਹੈ ਕਿ ਸਤਿਗੁਰੂ ਜੀ ਦਸਦੇ—ਮੈਂ ਬੇਕਾਰ ਸੀ। ਕਰਤਾਰ ਜੀ ਨੇ ਮੈਨੂੰ ਢਾਢੀ (ਕੀਰਤਨੀਏ) ਨੂੰ ਬੁਲਾ ਕੇ ਕਾਰੇ ਲਾਇਆ ਸਚੇ ਨਿਰੰਕਾਰ ਨੇ ਆਪਣੇ ਸਚੇ ਮਹਿਲ (ਸਚਖੰਡ) ਹਜ਼ੂਰੀ ਵਿਚ ਬੁਲਾਇਆ ਤੇ ਉਸੇ (ਗੁਰੂ ਅਕਾਲ ਪੁਰਖ) ਤੋਂ ਸਚੀ ਸਿਫਤ ਸਲਾਂਹ ਦਾ ਕਪੜਾ (ਸਿਰੋਪਾਓ) ਅਤੇ ਸਚਾ ਅੰਮ੍ਰਿਤ ਰੂਪੀ ਨਾਮ ਭੋਜਨ—(ਅਥਵਾ ਸੀਤ ਪ੍ਰਸਾਦਿ ਅੰਮ੍ਰਿਤ) ਮਿਲਿਆ ਜੋ ਗੁਰੂ ਜੀ ਕੀ ਆਗਿਆ ਪਾ ਕੇ ਰੱਜ ਰੱਜ ਖਾਧਾ (ਨਾਮ ਜਪਿਆ ਤੇ ਲੋਕਾਂ ਨੂੰ ਜਪਾਇਆ, ਤੇ ਜਿਹਨਾਂ ਨੇ ਐਸਾ ਭੋਜਨ ਲੈ ਖਾਧਾ ਹੈ ਤਿਨਾਂ ਵੀ ਸੁਖ ਪਾਇਆ ਹੈ। ਬਾਣੀ ਵਿਚ ਇਕ ਹੋਰ ਥਾਂਇ ਵੀ ਦਸਿਆ :

ਅੰਮ੍ਰਿਤ ਪੀਆ ਸਤਿਗੁਰ ਦੀਆ ॥ ਅਵਰ ਨਾ ਜਾਣਾ ਦੂਆ ਤੀਆ ॥
ਏਕੋ ਏਕ ਸੁ ਅਪਰ ਅਪਰੰਪਰਾ ਪਰਖ ਖਜਾਨੇ ਪਾਈਦਾ।
(ਮਾਰੂ ਮਹਲਾ ੧ ਪੰਨਾ ੧੦੪੩)

ਫੇਰ ਗੁਰੂ ਅਮਰਦਾਸ ਜੀ ਨੇ ਫੁਰਮਾਇਆ—

ਨਾਨਕ ਗੁਰ ਤੇ ਗੁਰ ਹੋਇਆ ਵੇਖਹੁ ਤਿਸ ਕੀ ਰਜਾਇ ॥ ( )

ਭਾਵ—ਸ੍ਰੀ ਨਾਨਕ ਪਰਮੇਸ਼ਰ ਗੁਰੂ ਤੋਂ ਗੁਰੂ ਹੋਇਆ ਇਹ ਉਸ ਦੀ ਆਪਣੀ ਰਜਾਇ ਵਿਚ ਹੋਇਆ ਹੈ।

ਗੁਰੂ ਅਰਜਨ ਦੇਵ ਜੀ ਦਸਦੇ ਹਨ—

ਨਾਨਕ ਗੁਰ ਪਰਮੇਸਰ ਪਾਇਆ ਜਿਸ ਪ੍ਰਸਾਦਿ ਇਛ ਪੁਨੀਐ ॥ (੭੮੩)

ਉਕਤ ਸ੍ਰੀ ਗੁਰੂ ਅਮਰਦਾਸ ਅਤੇ ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਦੇਵ ਦਾ ਗੁਰੂ ਅਕਾਲ ਪੁਰਖ ਜੋ ਦਸਿਆ ਹੈ ਉਹ ਗੁਰੂ ਨਾਨਕ ਤੋਂ ਗੁਰੂ ਅੰਗਦ ਜੀ ਨੇ ਸੁਣਿਆ ਤੇ ਇਹਨਾਂ ਤੋਂ ਅਗੋ ਸੀਨੇ ਬਸੀਨੇ ਸੁਣੇ ਦਾ ਵਰਨਣ ਕੀਤਾ ਹੈ। ਜਿਸ ਤੋਂ ਸਾਬਤ ਹੈ ਕਿ ਸ੍ਰੀ ਅਕਾਲ ਪੁਰਖ ਤੋਂ ਨਾਮ ਅੰਮ੍ਰਿਤ (ਸ਼ਬਦ) ਦਾਤ ਜੋ ਮਿਲੀ ਹੈ ਉਸਦੀ ਅਥਾਰਿਟੀ (ਮਲਕੀਅਤ) ਵੀ ਗੁਰੂ ਨਾਨਕ ਦੇਵ ਦੀ ਮੰਨੀ ਜਾਏਗੀ ਤੇ ਇਸੇ ਰਾਸ ਮੂੜੀ (ਸਤਿ ਸ਼ਬਦ) ਦੀ ਪ੍ਰਾਪਤੀ ਵਿਚੋਂ ਪਹਿਲੀ ਬਖਸ਼ਿਸ਼ ਆਪਣੇ ਵਡੇ ਸਾਹਿਬਜ਼ਾਦੇ ਬਾਬਾ ਸ੍ਰੀ ਚੰਦ ਪਰ ਕੀਤੀ।*

---

* ਸਿਖਾਂ ਨਾਲ ਰੁਸੇ ਹੋਏ ਉਦਾਸੀ ਸੰਤਾਂ ਨੇ ਗਲਤ ਪ੍ਰਚਾਰ ਕੀਤਾ ਰਖਿਆ ਹੈ ਕਿ ਬਾਬਾ ਸ੍ਰੀ ਚੰਦ ਜੀ ਦਾ ਗੁਰੂ ਕੋਈ ਅਬਨਾਸ਼ੀ ਮੁਨੀ ਸੀ। ਇਸ ਦਾ ਮਤਲਬ ਤਾਂ ਇਹੋ ਹੋਇਆ ਕਿ ਜਿਸ ਗੁਰੂ ਨਾਨਕ ਦੇਵ ਨੂੰ ਜਗਤ ਵਿਜੇਈ 'ਜਗਤ ਗੁਰੂ' ਮੰਨਿਆ ਜਾਂਦਾ ਹੈ ਐਸੇ ਸਤਿਗੁਰੂ ਨੂੰ ਉਹਦੇ ਪੁਤਰ ਸਮਝ ਨਹੀਂ ਪਾਏ ਤੇ ਹੋਰ ਕਿਸੇ ਦੇ ਚੇਲੇ ਬਣੇ। ਪਰ ਇਹ ਗਲਤ ਪ੍ਰਚਾਰ ਹੈ। ਅਸੀਂ ਇਤਿਹਾਸ ਬਾਬਾ ਸ੍ਰੀ ਚੰਦ ਵਿਚ ਵਿਸਥਾਰ ਨਾਲ ਨਿਰਨਾ ਕੀਤਾ ਹੈ ਗੁਰੂ ਗੁਰੂ ਨਾਨਕ ਸੀ।

ਇਸ ਤੋਂ ਬਾਅਦ ਸਿਧਾਂ ਨਾਲ ਅੱਚਲ ਵਟਾਲੇ ਤੇ ਹੋਰ ਕਈ ਥਾਂ ਮੇਲ-ਮਿਲਾਪ ਹੋਇਆ ਸੀ ਗਿਆਨ ਚਰਚਾ ਵੇਲੇ ਸਿੱਧਾਂ ਨੇ ਗੁਰੂ ਜੀ ਤੋਂ ਕਈ ਤਰ੍ਹਾਂ ਦੀਆਂ ਪੁਛਾਂ ਕੀਤੀਆਂ ਸਨ, ਜਿਹਨਾਂ ਦਾ ਯੋਗ ਉਤਰ ਦਿਤਾ ਸੀ—

ਕਵਣ ਮੂਲੁ ਕਵਣ ਮਤਿ ਵੇਲਾ ॥ ਤੇਰਾ ਕਵਣ ਗੁਰੂ ਕਿਸ ਕਾ ਤੂੰ ਚੇਲਾ ॥

ਪ੍ਰਸ਼ਨ ਹੋਰ ਕਈ ਸਨ ਪਰ ਉਕਤ ਪੁੱਛਾਂ ਦੇ ਉਤਰ ਵਿਚ ਗੁਰੂ ਜੀ ਦਾ ਇਹ ਫੁਰਮਾਣ ਸੀ—

ਪਵਨ ਅਰੰਭ ਸਤਿਗੁਰ ਮਤਿ ਵੇਲਾ ॥ ਸ਼ਬਦ ਗੁਰੂ ਸੁਰਤਿ ਧੁਨਿ ਚੇਲਾ ॥
(੯੪੨-੯੩)

ਭਾਵ—ਪ੍ਰਾਣ ਹੀ (ਪਵਨ ਰੂਪ ਵਿਚ) ਜ਼ਿੰਦਗੀ ਦਾ ਮੂਲ ਅਰੰਭ ਹੈ ਪ੍ਰਾਣਾਂ ਤੋਂ ਬਿਨਾਂ ਜ਼ਿੰਦਗੀ ਖਤਮ ਹੋ ਜਾਂਦੀ ਤੇ ਸਤਿਗੁਰੂ ਤੋਂ ਮਤ (ਸਿਖਿਆ ਸ਼ਬਦ ਗਿਆਨ) ਪ੍ਰਾਪਤੀ ਦਾ ਇਹੋ ਵੇਲਾ ਹੀ ਜੀਂਦੇ ਜੀਂਦੇ ਹੈ। ਫੇਰ ਦਸਿਆ--ਮੇਰਾ ਸ਼ਬਦ ਗੁਰੂ ਹੈ ਅਤੇ ਸ਼ਬਦ ਧੁਨ ਵਿਚ ਸੁਰਤੀ ਦਾ ਟਿਕਾਉ ਹੀ ਚੇਲਾ ਹੈ।

ਕਿਤਨਾ ਸਾਫ ਦਸਿਆ ਕਿ ਸ਼ਬਦ ਹੀ ਅਸਲ ਗੁਰੂ ਹੈ, ਸਰੀਰ ਤਾਂ ਜੀਵ-ਆਤਮਾ ਦੀ ਅਤੇ ਆਤਮਾਂ ਕਰਕੇ ਸ਼ਬਦ ਗਿਆਨ ਦੀ ਸੰਭਾਲ ਵਾਸਤੇ ਹਨ। ਤਿਵੇਂ ਹੀ ਅੰਤ੍ਰੀਵ ਵਸਦੇ ਸ਼ਬਦ ਗੁਰੂ ਨਾਲ ਇਕ-ਮਿਕ ਹੋਈ ਸੁਰਤਿ ਹੀ ਚੇਲਾ ਹੈ। ਜੇਕਰ ਸ਼ਬਦ ਗੁਰੂ ਵਿਚ ਸੁਰਤ ਨਹੀਂ ਟਿਕੀ ਤਾਂ ਗੁਰੂ ਸਰੀਰ ਦੇ ਕੋਲ ਹੁੰਦਿਆਂ ਵੀ ਚੇਲੇ ਦੀ ਸੁਰਤ ਨੂੰ ਨੇੜਤਾ ਪ੍ਰਾਪਤ ਨਹੀਂ ਹੋ ਸਕਦੀ। ਗੁਰੂ ਜੀ ਨਾਲ ਵਰਤੀ ਮਿਸਾਲ ਹੈ—

ਗੁਰੂ ਨਾਨਕ ਦੇਵ ਜੀ ਨੂੰ ਸੁਲਤਾਨਪੁਰ ਮਸਜਿਦ ਅੰਦਰ ਨਿਮਾਜ ਪੜ੍ਹਾਉਣਾ ਮਨਾ ਕੇ ਨਵਾਬ ਦੌਲਤ ਖਾਨ ਤੇ ਕਾਜ਼ੀ ਆਪਣੇ ਨਾਲ ਲੈ ਗਏ ਸੀ। ਸਾਰੇ ਮੁਸਲਮਾਨਾਂ ਨੇ ਕਾਜੀ ਪਿਛੇ ਖਲੋ ਕੇ ਨਿਮਾਜ ਪੜ੍ਹੀ ਪਰ ਗੁਰੂ ਜੀ ਸ਼ਾਮਲ ਨਾ ਹੋਏ। ਨਵਾਬ ਤੇ ਕਾਜੀ ਨੇ ਪੁਛਿਆ ਤੁਸੀਂ ਨਿਮਾਜ ਪੜ੍ਹਨੀ ਮੰਨ ਕੇ ਆਏ ਸੀ ਕਿਉਂ ਨਹੀਂ ਪੜ੍ਹੀ ? ਤਦ ਗੁਰੂ ਜੀ ਦਾ ਉਤਰ ਸੀ—ਨਵਾਬ ਜੀਉ ! ਤੁਹਾਡੀ ਸੁਰਤ ਨਿਮਾਜ ਵਿਚ ਨਹੀਂ ਸੀ ਉਹ ਕਾਬਲ ਵਿਦੋਂ ਘੋੜੇ ਖਰੀਦਨ ਦੀਆਂ ਸੋਚਾਂ ਸੋਚਦੀ ਰਹੀ ਅਤੇ ਕਾਜੀ ਸਾਹਿਬ ਦੇ ਘਰ ਘੋੜੀ ਨੇ ਬਛੇਰਾ ਜੰਮਿਆ ਸੀ। ਸੁਰਤਿ ਉਸ ਦੇ ਧਿਆਨ ਵਿਚ ਰਹੀ ਕਿ ਘਰ ਦੇ ਖੂਹ ਵਿਚ ਨਾ ਡਿਗ ਪਵੇ। ਅਸੀਂ ਕਿਸ ਦੇ ਨਾਲ ਨਿਮਾਜ ਪੜ੍ਹਦੇ ?

ਤਾਂ ਤੇ ਯਕੀਨ ਕਰਨਾ ਚਾਹੀਏ ਕਿ ਗੁਰੂ ਨਾਨਕ ਦੇਵ ਜੀ ਦੇ ਵਿਚਾਰ ਵਿਚ ਸਰੀਰ ਨਹੀਂ ਬਲਕਿ ਗੁਰੂ ਸਰੀਰ ਵਿਚ ਵਸਦੀ ਆਤਮਾਂ ਅਤੇ ਆਤਮਾਂ ਨਾਲ ਇਕ-ਮਿਕ ਹੋਇਆ ਸ਼ਬਦ ਹੀ ਗੁਰੂ ਹੈ : ਉਵੇਂ ਹੀ ਕਿਸੇ ਚੇਲੇ ਦੇ ਸਰੀਰ ਦੀ ਬਜਾਏ, ਅਗਰ ਉਹਦੀ ਅੰਤ੍ਰੀਵ ਦੀ ਸੁਰਤਿ "ਗੁਰ ਸ਼ਬਦ" ਵਿਚ ਲੀਨ ਹੋਵੇ ਤਾਂ ਫਿਰ ਠੀਕ ਹੀ ਸਹੀ ਚੇਲਾ ਉਹਦੀ ਸੁਰਤ ਨੂੰ ਮੰਨਿਆ ਜਾਏਗਾ ਤੇ ਗੁਰੂ ਚੇਲੇ ਦੀ ਸੰਧੀ ਪ੍ਰਵਾਨ ਹੋਵੇਗੀ। ਵਰਨਾ—

ਸਤਿਗੁਰ ਗੁਰ ਨੋ ਸਭ ਕੋ ਵੇਖਦਾ ਜੇਤਾਂ ਜਗਤਿ ਸੰਸਾਰ ॥
ਡਿਠੈ ਮੁਕਤਿ ਨ ਹੋਵਈ ਜਿਚਰ ਸਬਦਿ ਨ ਕਰੇ ਵੀਚਾਰ ॥ (੫੯੪)

ਐਸੀ ਹਾਲਤ ਵਿਚ ਕਿਸੇ ਇਕ ਦੇਹਧਾਰੀ ਪਾਸੋਂ ਜਾਂ ਪੰਜ ਪ੍ਰਵਾਨ "ਗੁਰੂ ਖਾਲਸਾ" ਰਾਹੀਂ ਨਾਮ ਅੰਮ੍ਰਿਤ ਪ੍ਰਾਪਤ ਕੀਤਾ ਹੋਵੇ—ਤਦ ਵੀ ਜਦੋਂ ਤੀਕ ਰਹਿਤ ਮਰਿਆਂਦਾ ਸਹਿਤ ਸ਼ਬਦ ਗੁਰੂ ਦੇ ਸਿਮਰਨ ਅਭਿਆਸ ਦੀ ਘਾਲ ਕਮਾਈ ਨ ਕੀਤੀ ਹੋਵੇਗੀ, ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ, ਨਾ ਜਨਮ ਮਰਨ ਦਾ ਗੇੜ ਚੁਕਦਾ ਹੈ। ਇਸ ਚੁਰਾਸੀ ਦੇ ਗੇੜ ਵਿਚੋਂ ਕੇਵਲ ਨਾਮ ਸਿਮਰਨ (ਸ਼ਬਦ) ਅਭਿਆਸ ਨਾਲ ਹੀ ਛੁਟਕਾਰਾ ਹੁੰਦਾ ਹੈ। ਗੁਰੂ ਨਾਨਕ ਦੇਵ ਪੂਰੇ ਭਰੋਸੇ ਨਾਲ ਦਸਦੇ ਹਨ—

ਮਨ ਮੰਦਰੁ ਤਨ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥
ਏਕ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥

ਤਾਂਤੇ ਅਸਲ ਵਸਤੂ (ਅਸਲ ਗੁਰੂ) ਗੁਰੂ ਸ਼ਬਦ ਹੈ ਜਿਸ ਨੂੰ ਪ੍ਰਾਣਾਂ ਵਿਚ ਵਸਾਏ ਨਾਲ, ਸੁਰਤ ਨੂੰ ਸ਼ਬਦ ਵਿਚ ਰਸਾਏ ਨਾਲ ਹੀ ਮੁਕਤੀ ਦਾ ਹਕਦਾਰ ਹੋ ਸਕਦਾ ਹੈ। ਵਰਨਾ ਕਿਸੇ ਇਕ ਦਾ ਚੇਲਾ ਹੋਣਾਂ ਜਾਂ ਗੁਰੂ ਖਾਲਸਾ ਪਾਸੋਂ ਨਾਮ ਅੰਮ੍ਰਿਤ ਪਾਣਾ ਅਤੇ ਗੁਰੂ ਗ੍ਰੰਥ ਸਾਹਿਬ ਪਰ ਗੁਰੂ ਭਾਵਨਾ ਰਖਾਣਾ, ਸਿਰਫ ਆਪਣੇ ਆਪਣੇ ਪਾਸੇ ਦੀ ਕਲਾਸ ਵਿਚ (ਜਮਾਤ ਵਿਚ) ਦਾਖਲ ਹੋਣਾ ਹੈ। ਸਿਖੀ ਇਮਤਿਹਾਨ ਵਿਚ ਤਦੇ ਪਾਸ ਹੋ ਸਕਦਾ ਹੈ, ਜੇ ਸ਼ਬਦ ਗੁਰੂ ਦਾ ਸਿਮਰਿਨ ਅਭਿਆਸ ਕਰੇ ਗੁਰਬਾਣੀ ਨੂੰ ਵਿਚਾਰਦਾ ਹੋਇਆ, ਜਾਂ ਵਿਚਾਰਵਾਨ ਵਿਦਵਾਨ ਗੁਰਸਿਖਾਂ ਪਾਸੋਂ ਸਮਝਦਾ ਰਹੇ ਅਤੇ ਗੁਰਮਤਿ ਗਿਆਨ ਅਨੁਸਾਰ ਜੀਵਨ ਸੁਧਾਰੇ।

# ਬਾਣੀ ਗੁਰੂ ਗੁਰੂ ਹੈ ਬਾਣੀ

ਪੁਸਤਕ ਪੁਰਖ ਗੁਰੂ ਦੇ ਸਫ਼ਾ ੧੩ ਉਤੇ ਬਾਣੀ ਗੁਰੂ ਗੁਰੂ ਹੈ ਬਾਣੀ ਦੇ ਸਿਰਲੇਖ ਹੇਠਾਂ ਲੇਖਕ ਮੋਹਰ ਸਿੰਘ ਫੇਰ ਹੁਜਤ ਭਰੀ ਦਲੀਲਾਂ ਨਾਲ ਦਸਦਾ ਕਿ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਵਾਲੇ ਵੀਰਾਂ ਦਾ ਕਹਿਣਾ ਹੈ ਕਿ "ਜੇ ਬਾਣੀ ਗੁਰੂ ਨਹੀਂ ਹੋ ਸਕਦੀ ਤਾਂ ਚੌਥੀ ਪਾਤਸ਼ਾਹੀ ਗੁਰੂ ਰਾਮ ਦਾਸ ਜੀ ਨੇ ਕਿਉਂ ਉਚਾਰਨ ਕੀਤਾ ? ਇਹ ਮਹਾਂਵਾਕ ਉਨ੍ਹਾਂ ਦਾ ਹੀ ਉਚਾਰਨ ਹੈ ।"

"ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ ॥
ਗੁਰਬਾਣੀ ਕਹੈ ਸੇਵਕ ਜਨ ਮਾਨੈ ਪ੍ਰਤੱਖ ਗੁਰੂ ਨਿਸਤਾਰੇ ॥

ਭਾਵ--ਜੋ ਗੁਰਬਾਣੀ ਕਹਿੰਦੀ ਹੈ (ਜੇਕਰ) ਸੇਵਕ ਉਸ ਨੂੰ ਮਨ ਲਵੇ ਤਾਂ ਪ੍ਰਤੱਖ ਹੀ (ਗੁਰੂ ਬਾਣੀ) ਗੁਰੂ ਸਰੀਰ ਵਿਚ ਵਰਤੇ ਵੇਲੇ ਵਾਂਗੂ ਨਿਸਤਾਰਾ ਕਰਦੀ ਹੈ । ਪਰ ਮੋਹਰ ਸਿੰਘ ਇਸ ਦਾ ਕੋਲੋਂ ਹੀ ਅਰਥ ਘੜਦਾ ਅਤੇ ਉਹ ਸਿਖਾਂ ਦੇ ਮੂੰਹੋਂ ਐਸਾ ਕੀਤਾ ਅਰਥ ਦਸਦਾ ਕਿ ਸਿੱਖ ਵੀਰ ਆਖਦੇ ਬਾਣੀ ਗੁਰੂ ਪ੍ਰਤੱਖ ਗੁਰੂ ਬਣਕੇ ਨਿਸਤਾਰਾ ਕਰਦੀ ਹੈ । ਕੀ ਉਹ ਪ੍ਰਤੱਖ ਦੇਹਧਾਰੀ ਹੋ ਕੇ ਨਿਸਤਾਰਾ ਕਰ ਸਕਦੀ ਹੈ ? ਉਹਦਾ ਇਹੋ ਭਾਵ ਹੈ ।

ਪਹਿਲੀ ਗਲ ਤਾਂ ਉਹ ਟਿੱਚਰ ਦੇ ਤੌਰ ਲਿਖਦਾ ਕਿ ਗ੍ਰੰਥ ਸਾਹਿਬ ਨੂੰ ਮੰਨਣ ਵਾਲੇ ਸਿੱਖ ਇਉਂ ਕਹਿੰਦੇ ਹਨ ? ਇਸ ਦਾ ਸਾਫ ਮਤਲਬ ਇਹ ਹੈ ਕਿ ਉਹ ਗ੍ਰੰਥ ਸਾਹਿਬ ਨੂੰ ਕੁਝ ਵੀ ਨਹੀਂ ਮੰਨਦਾ, ਉਹ ਇਕ ਪੁਸਤਕ ਤੁਲ ਹੀ ਮੰਨਦਾ । ਪਰ ਉਸ ਨੂੰ ਇਹ ਹੱਕ ਫਿਰ ਕਿਵੇਂ ਹੈ ਕਿ ਸਿਖਾਂ ਪ੍ਰਤੀ ਉਹ ਗੁਰਬਾਣੀ ਨੂੰ ਗੁਰਾਂ ਦੀ ਸ੍ਰੀ ਮੁਖਵਾਕ ਉਚਾਰਤ ਦਸ ਕੇ ਦੇਹਧਾਰੀ ਗੁਰੂ ਦਾ ਮੰਡਨ ਉਸੇ ਗੁਰਬਾਣੀ ਰਾਹੀਂ ਕਰੇ । ਸਿਖ ਤਾਂ ਪਹਿਲੇ ਹੀ ਬਾਣੀ ਨੂੰ ਗੁਰੂ ਉਕਤ ਉਪਦੇਸ਼ ਜਾਂ ਸਿਖਿਆ ਜਾਂ ਆਪਣੇ ਪ੍ਰਤੀ ਹੁਕਮ ਹੀ ਸਮਝਦੇ ਹਨ ਅਤੇ ਗੁਰੂ ਗ੍ਰੰਥ ਦਾ ਸਿੱਖ ਹੋਣ ਵਿਚ ਫਖਰ ਸਮਝਦੇ ਹਨ । ਇਨ੍ਹਾਂ ਦਾ ਇਹ ਸਤਿਗੁਰੂ "ਨ ਇਹ ਮਰੈ ਨ ਹੋਵੈ ਸੋਗ" ਇਹਦਾ ਉਪਦੇਸ਼ ਇਸਦੀ ਸਿਖਿਆ, ਇਸ ਦਾ ਹੁਕਮ ਸਦਾ ਹੀ ਸਤ ਮੰਨਣਗੇ ।

ਫਿਰ ਮੋਹਰ ਸਿੰਘ ਤੇ ਇਸ ਦੇ ਨਾਲ ਸਹਿਮਤ ਲੋਕਾਂ ਨੂੰ ਪਿਛੇ ਵਿਸਥਾਰ ਨਾਲ ਦਸਿਆ ਹੈ ਕਿ ਦੇਹਧਾਰੀ ਗੁਰੂਆਂ ਦੀ ਹੋਂਦ ਵੇਲੇ ਉਕਤ (ਦੇਹਧਾਰੀ ਮੰਡਨ ਅਤੇ ਸਤਿਕਾਰ ਦੇ) ਸ਼ਬਦ ਜ਼ਰੂਰੀ ਸਨ ਤੇ ਰਾਗੀ ਪ੍ਰਚਾਰਕ ਮੰਜੀਦਾਰ ਸਿਖ ਸੇਵਕ ਜਾਂ ਮਸੰਦਾਂ ਰਾਹੀਂ ਪ੍ਰਚਾਰ ਕਰਕੇ ਲੋਕਾਂ ਨੂੰ ਸੱਚੇ ਸਤਿਗੁਰੂ ਤੀਕ ਲਿਆ ਕੇ ਉਨ੍ਹਾਂ ਪਾਸੋਂ ਨਾਮ ਮੰਤਰ ਅਤੇ ਚਰਨਾਮ੍ਰਿਤ ਦਿਵਾਕੇ ਸਿਖੀ ਧਾਰਨ ਕਰਾਂਦੇ ਹੁੰਦੇ ਸਨ ਪਰ ਇਸ ਰੀਤ ਨੂੰ ਗੁਰੂ ਦਸਮ ਪਾਤਸ਼ਾਹ ਨੇ ਬਦਲ ਦਿਤਾ ਹੈ ਤਾਂ ਉਸ ਸਮਰਥ ਗੁਰੂ ਦੀ ਕੀਤੀ

ਉਤੇ ਜਿਸ ਨੂੰ ਉਹ ਸਥਾਪਤ ਕਰਦੇ--ਖਾਲਸਾ ਪੰਥ ਵਿਚ ਵਰਤੰਤ ਹੋਣਾ ਫੁਰਮਾਂਦੇ, ਉਨ੍ਹਾਂ ਵਲੋਂ ਰਖਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਮ ਨਾਲੋਂ "ਗੁਰੂ" ਸ਼ਬਦ ਹਟਾ ਕੇ ਸਿਰਫ ਗ੍ਰੰਥ ਸਾਹਿਬ ਨਾਮ ਲਿਖਣ ਦੀ ਮਨਮਤ ਕਰਨ ਵਾਲਾ ਹੀ ਮਨ ਮਤੀਆ ਹੈ।

ਮਿਹਰ ਸਿੰਘ ਨੂੰ ਇਹ ਸਮਝ ਨਹੀਂ ਤੇ ਉਹ ਦੂਰ ਅੰਦੇਸ਼ ਵੀ ਨਹੀਂ ਦਿਸਦਾ, ਕਿਉਂਕਿ ਅਗਰ ਉਸ ਦੇ ਪਿਤਾ ਜੀ ਦੇ ਨਾਮ ਨਾਲੋਂ ਸਿੰਘ ਸ਼ਬਦ ਹਟਾ ਕੇ ਕੋਈ ਅਧੂਰਾ ਨਾਮ ਬੁਲਾਵੇ ਅਤੇ ਬਹੁਤ ਵਾਰ ਅਧੂਰਾ ਹੀ ਲਿਖਤ ਵਿਚ ਲਿਆਵੇ ਤੇ ਪਬਲਕ ਦੇ ਪੇਸ਼ ਕਰੇ, ਤਦ ਉਸ ਨੂੰ ਕਿਤਨਾ ਦੁਖ ਹੋਵੇਗਾ। ਐਸਾ ਹੀ ਦੁਖ ਉਕਤ ਲੇਖਕ ਨੇ ਸਮੂਹ ਸਿਖਾਂ ਨੂੰ ਦਿਤਾ ਹੈ, ਕਿ ਜਿਹੜੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹਨ।

ਲੇਖਕ ਨੂੰ ਇਹ ਵੀ ਚੇਤਾ ਨਹੀਂ ਕਿ ਜਿਹੜਾ ਮੂਰਖ ਕਿਸੇ ਦੇ ਪਿਓ ਦੀ ਪਗੜੀ ਜਾਂ ਦਾਹੜੀ ਨੂੰ ਹੱਥ ਪਾਂਦਾ ਹੈ, ਦੂਜਾ ਕੋਈ ਵੀ ਉਸ ਦੇ ਪਿਤਾ ਬਾਬਤ ਐਸੇ ਵਿਚਾਰ ਬਣਾ ਸਕਦਾ ਹੈ। ਜਦੋਂ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪੋਥੀ ਸਾਹਿਬ ਤੋਂ ਬਦਲ ਕੇ ਨਾਮ "ਸ੍ਰੀ ਗੁਰੂ ਗ੍ਰੰਥ ਸਾਹਿਬ" ਰਖਿਆ ਹੈ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਕੋਈ ਆਪਣਾ ਗੁਰੂ ਮੰਨਦਾ ਹੋਵੇ ਜਾਂ ਨਹੀਂ, ਪਰ ਅਧੂਰਾ ਨਾਮ ਲਿਖਣ ਦਾ ਕਿਸੇ ਨੂੰ ਕੋਈ ਹੱਕ ਨਹੀਂ ਹੈ।

ਉਕਤ ਪੰਗਤੀ ਵਿਚ, ਪ੍ਰਤੱਖ ਗੁਰੂ ਨਿਸਤਾਰੇ ਦਾ ਭਾਵ ਇਹ ਹੈ ਕਿ ਗੁਰਬਾਣੀ (ਗੁਰੂ ਕਾ ਸ਼ਬਦ) ਹੁਕਮ ਜਾਂ ਉਪਦੇਸ਼ ਨਾਲ ਭਰਪੂਰ ਹੈ ਕੋਈ ਸੇਵਕ ਜਨ-ਮੰਨ ਕੇ ਜੀਵਨ ਜਾਚ ਸਿਖੇ, ਆਚਰਨ ਸੰਵਾਰੇ ਤਾਂ ਇਹ ਪ੍ਰਤੱਖ ਹੈ। ਪ੍ਰਗਟ ਹੈ, ਅਤੇ ਸੌ ਫੀਸਦੀ ਸਚ ਹੈ ਕਿ ਉਸ ਬਾਣੀ ਦੇ ਵਕਤਾ, ਸਤਿਗੁਰੂ ਦੀ ਅਮਰ ਜੋਤ ਆਤਮਾਂ, ਉਸ ਸੇਵਕ ਦੀ ਹਰ ਥਾਇੰ ਸਹਾਇਤਾ ਕਰੇਗੀ। ਲੋਕ ਪ੍ਰਲੋਕ ਵਿਚ ਸਹਾਇਕ ਹੋਵੇਗੀ। ਇਸ ਦੇ ਸਬੂਤ ਵਿਚ ਸੁਣੀਆਂ ਹੋਈਆਂ ਸੈਂਕੜੇ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ ਪਰ ਸਿਰਫ ਆਪਣੇ ਨਾਲ ਹੋ ਬੀਤੀ ਦੋ ਵੇਰ ਦੀ ਲਿਖ ਦਸਣੀ ਜ਼ਰੂਰੀ ਹੈ।

ਮੈਂ (ਲੇਖਕ) ਆਪਣੇ ਨਾਰਾ ਪਿੰਡ ਤੋਂ ਥਮਾਲੀ ਪਿੰਡ ਗਿਆ, ਫਿਰ ਥਮਾਲੀ ਤੋਂ ਦੁਪਹਿਰ ਵੇਲੇ ਰੋਟੀ ਖਾ ਕੇ 'ਕਲਰ' ਨੂੰ ਜਾਂਦੇ ਹੋਇਆਂ ਇਕ ਨਿਵਾਨ ਜਹੀ ਕੱਸੀ (ਚੋਅ) ਤੋਂ ਉਤੇ ਸੜਕ ਵਿਚ ਪੁਜਾ ਤਾਂ ਸਾਹਮਣੇ ਤੋਂ ਭਾਰੀ ਵਾ-ਵਰੋਲਾ ਆਂਧੀ ਦੀ ਸ਼ਕਲ ਦਾ ੧ ਮੀਲ ਪੈਂਡੇ ਨੂੰ ਘੇਰਦਾ ਹੋਇਆ ਸਿੱਧਾ ਆ ਰਿਹਾ ਸੀ, ਸੜਕ ਦੇ ਦਰਖਤਾਂ ਨੂੰ ਪੁਟਦਾ, ਟਾਹਣੇ ਤੋੜਦਾ ਸੀ ਤੇ ਵਿਚੇ ਉਡਦੇ ਸਨ। ਮੈਨੂੰ ਅਗੇ ਪਿਛੇ ਨੱਸ ਜਾਣ ਵਿਚ ਵੀ ਕੋਈ ਬਚਾਉ ਨਹੀਂ ਸੀ ਦਿਸਦਾ ਕਿ ਉਹ ਕਾਫੀ ਤੇਜ਼ੀ ਨਾਲ ਤੇ ਬਹੁਤ ਵਡੇ ਘੇਰੇ ਵਿਚ ਫੈਲਿਆ ਰਿਹਾ ਸੀ। ਕੋਈ ਬਚਾਉ ਦੀ ਸੂਰਤ ਨਾ ਵੇਖ ਕੇ ਇਕੋ ਇਕ "ਸ੍ਰੀ ਮੂਲ ਮੰਤ੍ਰ" ਦਾ ਪਾਠ ਹੀ ਸਹਾਰਾ ਚੇਤੇ ਆਇਆ। ਘਬਰਾਂਦੇ ਹੋਇਆਂ ਮਸਾਂ ੪-੫ ਵੇਰ ਹੀ ਮੂਲ ਮੰਤ੍ਰ ਦਾ ਪਾਠ ਕੀਤਾ ਹੋਵੇਗਾ ਕਿ ਉਹ ਵਾ-ਵਰੋਲਾ ਜਿਹੜਾ ਸਿੱਧਾ ਆ ਰਿਹਾ ਸੀ ਮੇਰੇ ਤੋਂ ੪੫-੫੦ ਗਜ਼ ਦੀ ਵਿੱਥ ਉਤੇ ਆਕੇ ਉਹਨੇ ਪਾਸਾ ਪਲਟ ਲਿਆ ਤੇ ਪਹਾੜ ਦੀ ਤਰਫ ਚਲਾ ਗਿਆ ਸੀ। ਮੈਨੂੰ ਭਰੋਸਾ ਹੋਇਆ ਕਿ ਰੱਬ ਨੇ ਬਚਾਇਆ ਹੈ।

ਦੂਜੀ ਵੇਰ ਕਿ ਸੰਨ ੧੯੨੮ ਵਿਚ ਨਾਰਾ ਪਿੰਡ ਦੇ ਆਪਣੇ ਇਕ ਗੁਰਦੁਆਰੇ

ਦੀ ਮਲਕੀਤ ਦਾ ਚੋਖਾ ਝਗੜਾ ਸਿਖਾਂ ਤੇ ਬ੍ਰਾਹਮਣ ਬਰਾਦਰੀ ਨਾਲ ਹੋਇਆ ਜਿਸ ਵਿਚ ਪਹਿਲੇ ਫੌਜਦਾਰੀ ਤੇ ਫੇਰ ਦੀਵਾਨੀ ਕੇਸ ਚਲੇ। ਅਖੀਰ ਨੂੰ ੧੨ ਸਾਲ ਬਾਅਦ ਇਹ ਫੈਸਲਾ ਸੰਨ ੧੯੪੦ ਵਿਚ ਲਾਹੌਰ ਹਾਈ ਕੋਰਟ ਵਲੋਂ ਸਿਖਾਂ ਦੇ ਹਕ ਵਿਚ ਹੋਇਆ ਸੀ। ਇਸ ਮੁਕਦਮੇ ਵਿਚ ਲਾਹੌਰ ਹਾਈ ਕੋਰਟ ਵਿਚ ਸਾਡੀ ਵਲੋਂ ਲਾਲਾ ਮੇਹਰ ਚੰਦ ਮਹਾਜਨ ਸਾਹਿਬ ਸੀਨੀਅਰ ਵਕੀਲ ਅਤੇ ਰੀਟਾਇਰਡ ਜਸਟਿਸ ਹੁਣ ਦੇ (ਸਰਦਾਰ ਹਰਬੰਸ ਸਿੰਘ ਚੰਡੀਗੜ੍ਹ) ਇਹ ਸਾਥੀ ਵਕੀਲ ਸਨ।

ਇਸ ਮੁਕਦਮੇ ਵਿਚ ਪਹਿਲਾ ਨਾਮ ਮੇਰਾ ਹੀ ਬੋਲਦਾ ਸੀ ਤੇ ਮੁਦੱਈ ਮੈਂ ਸੀ। ਮੁਕਦਮਾ "ਈਸ਼ਰ ਸਿੰਘ ਬਨਾਮ ਗਵਰਧਨ ਸਿੰਘ" ਨਾਮ ਪਰ ਬੁਲਾਇਆ ਜਾਂਦਾ ਸੀ। ਇਸ ਮੁਕਦਮੇ ਦੀ ਪਹਿਲੀ ਸ਼ੁਰੂਆਤ ਫੌਜਦਾਰੀ ਕੇਸ ਤੋਂ ਸੀ ਤੇ ਜ਼ਿਲਾ ਰਾਵਲਪਿੰਡੀ (ਹੁਣ ਦੇ ਇਸਲਾਮਾਬਾਦ) ਮਲਕ ਅਬਦੁਲ ਕਦੂਸ ਦੀ ਅਦਾਲਤ ਵਿਚ ਪੇਸ਼ ਹੋਣ ਨੂੰ ਜਾਣਾ ਪੈਂਦਾ ਸੀ। ਮੇਰੇ ਬਾਕੀ ਦੇ ਸਾਥੀ ਸਿਖ ਉਡੀਕਦੇ ਨਹੀਂ ਸਨ। ਉਹ ਪਹਿਲੇ ਹੀ ਟੁਰ ਪੈਂਦੇ, ਪਰ ਮੇਰਾ ਸੁਭਾਓ ਗੁਰਦੁਆਰੇ ਵਿਚ ਰੋਜ਼ਾਨਾ ਕੀਰਤਨ ਕਰਨ ਦਾ ਨਿਤਨੇਮ ਸੀ ਕੀਰਤਨ ਕਰਕੇ ਇਕਲਾ ਹੀ ਜਾਂਦਾ ਤੇ ਤਿੰਨ ਮੀਲਾਂ ਤੀਕ ਜੰਗਲੀ ਰਸਤਾ ਸੀ। ਵਿਚੋਂ ਇਕਲਾ ਹੀ ਲੰਘ ਕੇ ਜਾਂਦਾ ਤੇ ਜਰਨਲ ਸ਼ਾਹ ਨਿਵਾਜ਼ ਦੇ ਮਟੋਰ ਪਿੰਡ ਤੋਂ ਲਾਰੀ ਤੇ ਬੈਠ ਕੇ ਰਾਵਲਪਿੰਡੀ ਪੁਜਦਾ ਹੁੰਦਾ ਸੀ।

ਇਹ ਮੁਕਦਮਾ ਫੌਜਦਾਰੀ ਵੀ ਸਾਡੇ ਹੱਕ ਵਿਚ ਰਿਹਾ-ਪਰ ਫੈਸਲੇ ਤੋਂ ਬਾਅਦ ਮੇਰੇ ਇਕ ਮਿਤ੍ਰ ਬ੍ਰਾਹਮਣ ਸਿਖ ਨੇ ਦਸਿਆ ਕਿ ਮੇਰੇ ਪੇਂਡੂ ਬ੍ਰਾਹਮਣ ਤੇਰੇ ਕਤਲ ਕਰਨ ਵਾਸਤੇ ਦੋ ਤਿੰਨ ਵੇਰ ਰਾਹ ਰੋਕ ਕੇ ਉਸ ਵੈਰਾਨੀ ਥਾਂ ਜੰਗਲ ਵਿਚ ਛੁਪ ਕੇ ਬੈਠਦੇ ਰਹੇ। ਪਰ ਜਦੋਂ ਵੀ ਇਕੱਲਾ ਉਥੋਂ ਤੇਰਾ ਗੁਜ਼ਰ ਹੋਇਆ ਸੀ ਤਾਂ ਤੇਰੇ ਆਸੇ ਪਾਸੇ ਕੁਝ ਐਸਾ ਚਕਰ ਦਿਖਾਈ ਦਿੰਦਾ ਰਿਹਾ ਕਿ ਉਹ ਡਰ ਕੇ ਨੇੜੇ ਨਹੀਂ ਜਾਂਦੇ ਰਹੇ। ਇਹ ਗਲ ਉਹਨਾਂ ਦੁਸ਼ਮਣਾਂ ਦੀ ਜ਼ਬਾਨੀ ਉਸ ਨੇ ਕਿਤੇ ਸੁਣੀ ਤੇ ਮੈਨੂੰ ਸੁਣਾਈ ਸੀ। ਤਾਂ ਇਸ ਵੇਲੇ ਜਦੋਂ ਕਿ ਮੈਂ ਕੀਰਤਨ ਕਰਕੇ ਤਾਰੀਖ ਪਰ ਜਾਇਆ ਕਰਦਾ ਸੀ ਇਹਨਾਂ ਦਿਨਾਂ ਵਿਚ ਗਿਣਤੀ ਦੇ ਕੁਝ ਪਾਠ ਸ੍ਰੀ ਜਪੁਜੀ ਸਾਹਿਬ ਦੇ ਕਰਨ ਦਾ ਮੇਰਾ ਅਭਿਆਸ ਸੀ ਤੇ ਪਾਠ ਕਰਦਾ ਹੀ ਤੁਰਿਆ ਜਾਂਦਾ ਹੈ।

ਉਪਰ ਦੀ ਘਟਨਾ ਆਪਣੇ ਨਾਲ ਦੋ ਵੇਰ ਬੀਤੀ ਇਸ ਵਾਸਤੇ ਇਥੇ ਲਿਖਣ ਦੀ ਲੋੜ ਜਾਪੀ ਕਿ ਗੁਰੂ ਸ਼ਬਦ ਦਾ ਮੇਰੇ ਮਨ ਵਿਚ ਨਿਵਾਸ ਹੋਣ ਕਾਰਣ ਹੀ ਮੇਰੀ ਰਖਿਆ ਹੋਈ ਤੇ ਇਹ ਰਖਿਆ ਗੁਰੂ ਆਤਮਾਂ ਨੇ ਹੀ (ਨਾ ਦਿਸਦੇ ਹੋਇਆ ਵੀ) ਪ੍ਰਤੱਖ ਦਿਸਦੇ ਕਿਸੇ ਸਹਾਇਕ ਵਾਂਗੂ ਹੀ ਕੀਤੀ। ਮੇਰਾ ਨਿਸਚਾ ਉਸ ਦਿਨ ਤੋਂ ਵਧੇਰੇ ਪ੍ਰਪੱਕ ਹੋਇਆ ਕਿ ਸੱਚ ਹੈ--

ਗੁਰ ਕਾ ਬਚਨੁ ਬਸੈ ਜੀ ਨਾਲੇ ॥
ਜਲਿ ਨਹੀਂ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥ (੬੭੯)

ਇਸ ਵਾਸਤੇ ਮੇਹਰ ਸਿੰਘ ਦੀ ਲਿਖਤ ਦਾ ਅਸਰ ਮੇਰੇ ਜੈਸਿਆਂ ਪਰ ਕਿਵੇਂ ਹੋ ਸਕੇ ਕਿ ਸਿਰਫ ਪ੍ਰਤੱਖ ਦੇਹਧਾਰੀ ਗੁਰੂ ਹੀ 'ਸਹਾਇਕ ਹੋ ਸਕਦਾ ਹੈ, ਸ਼ਬਦ ਗੁਰੂ ਨਹੀਂ ਹੋ ਸਕਦਾ। ਇਹ ਸਿਰਫ ਨਾਮਧਾਰੀਆਂ ਦੀ ਮਨੌਤ ਹੈ ਤੇ ਗਲਤ ਹੈ।

ਪੁਸਤਕ ਪੁਰਖ ਗੁਰੂ ਦੇ ਲੇਖਕ ਮੋਹਰ ਸਿੰਘ ਨੇ ਸਫ਼ਾ ਇਕ ਪਰ ੧ ਓ ਸਤਿਗੁਰੂ ਰਾਮ ਸਿੰਘ ਸਹਾਇ ਲਿਖਿਆ ਹੈ। ਪਰ ਬਾਬਾ ਰਾਮ ਸਿੰਘ ਤਾਂ ਅਜ ਤੋਂ ਕਰੀਬਨ ੧੦੦ ਸਾਲ ਪਹਿਲੇ ਚਲਾਣਾ ਕਰ ਚੁਕੇ ਹਨ, ਪ੍ਰਤੱਖ ਸਰੀਰ ਕਰਕੇ ਮੌਜੂਦ ਨਹੀਂ ਤਾਂ ਮੋਹਰ ਸਿੰਘ ਵਲੋਂ ਸਹਾਇਤਾ ਦੀ ਮੰਗ ਉਤੇ ਉਹਨਾਂ ਦੀ ਅਮਰ ਆਤਮਾ ਹੀ ਸਹਾਇਕ ਹੋ ਸਕਦੀ ਹੈ। ਤਾਂ ਫਿਰ ਇਹ ਵੀ ਯਕੀਨ ਕਰਨਾ ਚਾਹੀਏ ਕਿ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਥਵਾ ਆਪਣੀ ਥਾਂ ਵਖੋ ਵਖਰੇ—੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹਿ—ਸ੍ਰੀ ਭਗਉਤੀ ਜੀ ਸਹਾਏ, ਤੋਂ ਉਪਰੰਤ ਦਸਾਂ ਸਤਿਗੁਰਾਂ ਦਾ ਨਾਮ ਉਚਾਰੈ ਨਾਲ ਸ਼ੁਧ ਹਿਰਦੇ ਕੀਤੀ ਅਰਦਾਸ ਵੀ ਬਿਰਥਾ ਨਹੀਂ ਜਾਂਦੀ। ਸਦਾ ਅਮਰ ਗੁਰੂ ਆਤਮਾ ਵੀ ਸਹਾਇਕ ਹੁੰਦੀ ਹੈ।

"ਬਾਣੀ ਗੁਰੂ ਗੁਰੂ ਹੈ ਬਾਣੀ" ਬਾਬਤ ਹੋਰ ਵਿਚਾਰ ਇਹ ਵੀ ਹੈ ਕਿ ਬਾਣੀ ਦੇ ਪ੍ਰਗਟਾਉ ਕਰਕੇ ਹੀ ਗੁਰੂ ਨਾਨਕ ਦੇਵ ਗੁਰੂ ਮੰਨੇ ਗਏ ਸੀ। ਅਗਰ ਸਾਰੀ ਜ਼ਿੰਦਗੀ ਚੁਪ ਰਹਿੰਦੇ ਤਾਂ ਕਿਸੇ ਨੇ ਗੁਰੂ ਨਹੀਂ ਮੰਨਣਾ ਸੀ, ਤਾਂ ਸ਼ਬਦ ਰੂਪ ਬਾਣੀ ਹੀ ਗੁਰੂ ਹੈ, ਜੋ ਜਿਸ ਆਤਮਾ ਵਿਚੋਂ ਪ੍ਰਕਾਸ਼ੇ ਉਸ ਆਤਮਾਂ ਦੇ ਸੰਬੰਧਤ ਸਰੀਰ ਨੂੰ ਵੀ ਗੁਰੂ ਸਰੀਰ ਹੀ ਮੰਨਿਆ ਜਾਏਗਾ।

ਸ੍ਰੀ ਅਕਾਲ ਪੁਰਖ ਗੁਰੂ ਵਲੋਂ ਸ੍ਰੀ ਮੂਲ ਮੰਤ੍ਰ ਉਪਦੇਸ਼ ਹੀ (ਸ਼ਬਦ ਗੁਰੂ) ਦਾਤ ਪਾ ਕੇ ਆਏ ਸਨ। ਫਿਰ ਇਸ ਮੂਲ ਮੰਤ੍ਰ ਦੀ ਵਿਆਖਿਆ ਅਤੇ ਕਰਤੇ ਕਾਦਰ ਦੀਆਂ ਕੁਦਰਤਾਂ ਤੋਂ ਪ੍ਰਭਾਵਿਤ ਹੋ ਕੇ ਵਿਸਮਾਦ ਵਿਚ ਜੋ ਜੋ ਪ੍ਰਥਾਇ ਜਾਂ ਸਹਿਜ ਸੁਭਾਏ ਦੀ ਬਾਣੀ ਉਚਾਰੀ ਹੈ ਉਹ ਵੀ ਗੁਰੂ ਰੂਪ ਹੀ ਹੈ ਕਿਸੇ ਵੀ ਮਨੁੱਖ ਦੀ ਆਤਮਕ ਨੁਹਾਰ ਉਸ ਦੀ ਬਾਣੀ ਦੇ (ਬੋਲ ਚਾਲ ਦੇ) ਅੰਦਾਜ਼ੇ ਤੋਂ ਹੁੰਦੀ ਹੈ ਇਸ ਵਾਸਤੇ ਕਿ ਸਤਿਗੁਰਾਂ ਦੀ ਜੋ ਆਤਮਕ ਪਵਿਤਰਤਾ ਸੀ ਉਹ ਉਹਨਾਂ ਦੀ ਬਾਣੀ ਵਿਚੋਂ ਦਿਸਦੀ ਹੈ ਜਿਸ ਤੇ ਬਾਣੀ ਵੀ ਗੁਰੂ ਹੈ।

ਫੇਰ ਜਿਵੇਂ ਰੋਗ ਦਾਰੂ ਦੋਵੇਂ ਬੁਝੇ ਸੋ ਵੈਦ ਸੁਜਾਣ ਮੰਨਿਆਂ ਜਾਂਦਾ ਹੈ ਪਰ ਐਸਾ ਡਾਕਟਰ ਆਪਣੇ ਉਤੇ ਵਰਤੇ ਪਰਤਾਏ ਹੋਏ ਕੁਝ ਨੁਸਖੇ ਕਿਤਾਬਾਂ ਵਿਚ ਲਿਖ ਕੇ ਮਰ ਜਾਂਦਾ ਹੈ ਤਾਂ ਜਿਸ ਬੀਮਾਰੀ ਦਾ ਰੋਗੀ, ਉਸ ਰੋਗ ਦੀ ਡਾਕਟਰ ਵਲੋਂ ਲਿਖੀ ਦਵਾਈ ਨੂੰ ਪਰਹੇਜ਼ ਨਾਲ ਵਰਤੇ ਤਦ ਰੋਗੀ ਨੂੰ ਤਿਵੇਂ ਹੀ ਆਰਾਮ ਆਏਗਾ ਜਿਵੇਂ ਕਿ ਉਸ ਨੂੰ ਪ੍ਰਤੱਖ ਜੀਉਂਦੇ ਡਾਕਟਰ ਪਾਸੋਂ ਦਵਾਈ ਲੈ ਕੇ ਆਰਾਮ ਆਉਣਾ ਸੀ। ਉਵੇਂ ਹੀ ਗੁਰੂ ਕੀ ਬਾਣੀ ਤੋਂ ਨਿਸਤਾਰਾ ਹੋਣਾ ਹੈ।

ਇਸ ਵਾਸਤੇ ਕਿ "ਵਿਚ ਬਾਣੀ ਅੰਮ੍ਰਿਤ ਸਾਰੇ" ਜੋ ਅਗੇ ਲਿਖਿਆ ਉਹ ਸਾਰੇ ਅੰਮ੍ਰਿਤ ਸਿਖਿਆ ਰੂਪ ਹਨ। (ਜੋ ਵਖ ਵਖ ਤਰ੍ਹਾਂ ਦੇ ਉਪਦੇਸ਼ ਮਿਲਦੇ ਹਨ) ਬਾਣੀ ਕਹੈ ਅਤੇ "ਸੇਵਕ ਜਨ" ਮੰਨ ਕੇ ਗੁਰਮਤਿ ਅਨਕੂਲ ਜੀਵਨ ਸੰਵਾਰਨਗੇ ਤਾਂ ਪ੍ਰਤੱਖ ਹੀ ੧੦੦ ਫੀਸਦੀ ਸੱਚ ਜਾਣੀਏ ਕਿ ਗੁਰੂ ਆਤਮਾਂ ਸਿਖਾਂ ਦੀ ਜੀਵ ਆਤਮਾ ਦੀ ਸਹਾਇਕ ਹੋਵੇਗੀ। ਉਸ ਦਾ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ, ਨਿਸਤਾਰਾ ਕਰੇਗੀ। ਕੋਈ ਸੰਸਾ ਨਹੀਂ ਕਿਉਂਕਿ ਜ਼ਿਮੇਦਾਰੀ ਸਾਰੀ ਉਸ ਗੁਰੂ ਆਤਮਾਂ ਦੀ ਹੋ ਜਾਂਦੀ ਹੈ

ਜਿਸ ਦੀ ਲਿਖਾਈ ਬਾਣੀ ਤੇ ਬਾਣੀ ਵਿਚ ਦਿਤੇ ਭਰੋਸੇ ਨੂੰ ਸਿਖਾਂ ਨੇ ਮੰਨਣਾ ਹੈ ਅਤੇ "ਗੁਰਬਾਣੀ ਕਹੈ" ਅਨੁਸਾਰ ਜੀਵਨ ਨੂੰ ਢਾਲਣਾ ਹੈ।

ਫਿਰ ਬਾਣੀ ਗੁਰੂ ਹੈ ਤੇ ਇਹ ਉਪਦੇਸ਼ ਗੁਰੂ ਨਾਨਕ ਦੇਵ ਵਲੋਂ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ :

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥
(ਮਹਲਾ ੧ ਪੰਨਾ ੧੪੧)

ਉਕਤ ਵਾਕ ਤੋਂ ਸਪਸ਼ਟ ਹੈ ਕਿ ਗੁਰੂ ਪੀਰ ਪ੍ਰਤੱਖ ਸਰੀਰ ਵਿਚ ਹੁੰਦਿਆਂ ਵੀ ਉਸੇ ਸਿਖ ਨੂੰ ਪਸੰਦ ਕਰਨਗੇ ਜਿਹੜਾ ਆਪਣੇ ਹਕ ਦੀ ਕਮਾਈ ਖਾਂਦਾ ਹੈ, ਹਰਾਮਖੋਰ ਨੂੰ ਨਾ ਇਥੇ ਚਾਹੁੰਦੇ ਅਤੇ ਨਾ ਦਰਗਾਹ ਵਿਚ ਉਸ ਦੀ ਹਾਮੀ ਭਰਨਗੇ ਕਿ ਇਹ ਸਾਡਾ ਸਿਖ ਹੈ ਬੜੇ ਗੁਨਾਹ ਕੀਤੇ ਹਨ ਮੁਆਫ ਕੀਤਾ ਜਾਏ। ਐਸਾ ਨਹੀਂ ਹੋਵੇਗਾ। ਤਾਂਤੇ ਪ੍ਰਤੱਖ ਹੁੰਦਿਆਂ ਜਾਂ ਉਹਨਾਂ ਤੋਂ ਬਾਅਦ ਉਹਨਾਂ ਦੀ (ਗੁਰਬਾਣੀ) ਸਿਖਿਆ ਨੂੰ ਕਮਾਂਦਾ ਹੋਇਆ ਸਿਖ ਹੀ ਉਹਨਾਂ ਨੂੰ ਪ੍ਰਵਾਨ ਹੈ। ਸਿਰਫ ਕਿਸੇ ਪ੍ਰਤੱਖ ਦਿਸਦੇ ਦੇਹਧਾਰੀ ਉਤੇ ਗੁਰੂ ਭਾਵਨਾਂ ਰਖੇ ਨਾਲ ਹੀ ਛੁਟਕਾਰਾਂ ਤਾਂ ਨਹੀਂ ਹੋਣਾ ਹੈ।

ਫੇਰ ਕੋਈ ਧਨਵਾਨ ਪਿਤਾ ਜੋ ਆਪਣੀ ਮੌਜੂਦਗੀ ਵਿਚ ਮੰਜੇ ਤੇ ਪਿਆ ਹੋਇਆ ਰੋਗੀ ਦੀ ਹਾਲਤ ਵਿਚ ਆਪਣੇ ਪੁਤਰ ਨੂੰ ਚੈਕ ਕਟ ਦਿੰਦਾ ਕਿ ਬੈਂਕ ਤੋਂ ਰੁਪੈ ਕਢਵਾ ਲਿਆਏ ਤੇ ਉਹ ਲਿਆ ਸਕਦਾ ਹੈ ਅਤੇ ਜਿਹੜੀ ਉਸਨੇ ਵਸੀਅਤ ਕਰ ਦਿਤੀ ਹੋਵੇ ਉਸ ਮੁਤਾਬਕ ਉਹ ਪ੍ਰਤੱਖ ਨਾ ਹੋਵੇ (ਮਰ ਚੁਕਾ ਹੋਵੇ) ਤਦ ਵੀ ਉਸ ਵਿੱਲ ਦੇ ਮੁਤਾਬਕ ਉਸੇ ਤਰ੍ਹਾਂ ਸਭ ਕੁਝ ਦਾ ਮਾਲਕ ਹੋ ਸਕਦਾ ਹੈ। ਬੈਂਕ ਵਾਲੇ ਇਹ ਨਹੀਂ ਕਹਿ ਸਕਦੇ ਕਿ ਉਹ ਪ੍ਰਤੱਖ ਨਹੀਂ ਤੇ ਉਸ ਦੀ ਲਿਖਤ ਨੂੰ ਅਸੀਂ ਪ੍ਰਵਾਨ ਨਹੀਂ ਕਰਦੇ। ਬਲਕਿ ਉਹ ਪਹਿਲੇ ਵਾਂਗੂ ਹੀ ਲੈ ਸਕੇਗਾ। ਤਿਵੇਂ ਹੀ ਗੁਰਬਾਣੀ ਉਪਦੇਸ਼ ਗੁਰੂ ਸਰੀਰ ਧਾਰੀਆਂ ਦੇ ਵੇਲੇ ਵੀ ਸਿਖਾਂ ਵਾਸਤੇ ਜਿਤਨਾ ਲਾਭਕਾਰੀ ਸੀ ਉਤਨਾ ਹੀ ਹੁਣ ਗੁਰੂ ਗ੍ਰੰਥ ਰੂਪ ਵਿਚ ਅੰਕਿਤ ਹੋਇਆ ਭਰੋਸੇ ਵਾਲਿਆਂ ਵਾਸਤੇ ਲਾਭਕਾਰੀ ਹੈ, ਫਰਕ ਨਹੀਂ ਹੈ।

ਇਕ ਹੋਰ ਬਹੁਤ ਵੱਡੀ ਪ੍ਰਤੱਖ ਮਿਸਾਲ ਕਿ ਦੇਸ਼ ਉਤੇ ਜਿਸ ਦਿਨ ਤੋਂ ਸਵੈ-ਰਾਜ ਹੈ. ਭਾਰਤ ਉਤੇ ਲਿਖਤੀ "ਭਾਰਤੀ ਆਈਨ" ਦਾ ਰਾਜ ਹੈ। ਆਈਨ ਨੂੰ ਬਨਾਣ ਵਾਲੇ ਬਹੁਤੇ ਵਿਦਵਾਨ ਸਨ। ਉਹਨਾਂ ਨੇ ਬੜੀ ਸੋਚ ਵਿਚਾਰ ਬਾਅਦ ਆਈਨ ਤਿਆਰ ਕੀਤਾ, ਫਿਰ ਖੁਦ ਵੀ ਉਸੀ ਆਪਣੇ ਬਣਾਏ ਆਈਨ ਦੇ ਪਾਬੰਦ ਰਹੇ। ਆਈਨ ਮੁਤਾਬਕ ਬਹੁ-ਗਿਣਤੀ ਦੀ ਸੱਤਾ ਪਾ ਕੇ ਉਹ ਰਾਸ਼ਟਰਪਤੀ ਅਤੇ ਪਰਧਾਨ ਮੰਤਰੀ ਵੀ ਕਈ ਬਣੇ, ਅਤੇ ਕਈ ਮਰੇ ਜਾਂ ਜੀਉਂਦੇ ਜੀਉਂਦੇ ਬਦਲੇ ਗਏ। ਅਥਵਾ ਆਈਨ ਮੁਤਾਬਕ ਦੁਬਾਰਾ ਲੋਕ ਸਤਾ ਨਾ ਮਿਲੀ ਤੇ ਹਟਾਏ ਗਏ ਸੀ।*

* ਮੁਰਾਰਜੀ ਡਿਸਾਈ ਅਤੇ ਚੌਧਰੀ ਚਰਨ ਸਿੰਘ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ। ਪ੍ਰਧਾਨ ਮੰਤਰੀ ਬਣੇ ਫਿਰ ਹਟਾਏ ਗਏ ਸੀ।

ਪਰ ਆਈਨ ਆਪਣੀ ਥਾਂ ਆਪਣੀ ਭਰਪੂਰ ਸੱਤਾ ਰਖਦਾ ਹੋਇਆ ਤਦ ਤੀਕ ਉਸੇ ਤਰ੍ਹਾਂ ਕਾਇਮ ਹੈ ਜਦੋਂ ਤੀਕ ਕਿ ਸਵੈਰਾਜ (ਲੋਕ ਸੱਤਾ ਬਲ) ਕਾਇਮ ਹੈ। ਚਾਹੇ ਲੋੜ ਮੁਤਾਬਕ ਕਿਸੇ ਵੇਲੇ ਇਸ ਵਿਚ ਤਰਮੀਮ ਵੀ ਹੋਈ ਹੈ।

ਐਸੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਤਿਗੁਰਾਂ ਦੀ ਆਪਣੀ ਉਚਾਰਤ ਬਾਣੀ ਅਤੇ ਪਰਤਾਏ ਹੋਏ ਸਚਿਆਰ ਭਗਤਾਂ ਦੀ ਬਾਣੀ ਦਾ ਸੰਗ੍ਰਹਿ (ਧਾਰਮਕ ਆਈਨ) ਹੈ, ਜਿਸ ਤੇ ਸਰੀਰਧਾਰੀ ਸਤਿਗੁਰਾਂ ਵੇਲੇ ਵੀ ਇਸ ਨੂੰ ਅਲਾਹੀ ਹੁਕਮ ਮੰਨਿਆ ਤੇ ਆਪਣੇ ਵੇਲੇ ਵਰਤ ਕਮਾਇਆ ਤੇ ਸਾਨੂੰ ਸੁਣਾਇਆ ਹੈ—

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥ ੭੬੩

ਇਸੇ ਹੁਕਮ ਦਾ ਭਾਵ ਹੈ ਕਿ—"ਬਾਣੀ ਗੁਰੂ—ਗੁਰੂ ਹੈ ਬਾਣੀ" ਜੋ ਗੁਰੂ ਗ੍ਰੰਥ ਸਾਹਿਬ ਵਿਚ ਲਿਖਾਇਆ ਗਿਆ ਸੀ, "ਧਾਰਮਕ ਆਈਨ" ਇਹੋ ਹੈ ਤੇ ਇਸ ਵਿਚ ਵੀ ਸਮਰਥ ਗੁਰੂ ਗੋਬਿੰਦ ਸਿੰਘ ਨੇ 'ਖਲਾਸੇ' ਸ਼ਬਦ ਦੀ ਥਾਂ 'ਕਹਿ ਕਬੀਰ ਜਨ ਭਏ ਖਾਲਸੇ' ਲਿਖ ਕੇ ਇਕ ਤਰਮੀਮ ਕੀਤੀ ਅਤੇ ਮਰਿਯਾਦਾ ਵਿਚ ਚਰਨਾਮ੍ਰਿਤ ਦੀ ਥਾਂ ਖੰਡੇ ਦਾ ਅੰਮ੍ਰਿਤ ਅਤੇ ਇਕੋ ਦੇਹਧਾਰੀ ਦੀ ਥਾਂ ਵੀ ਪੰਜ ਦੇਹਧਾਰੀਆਂ (ਗੁਰੂ ਖਾਲਸਾ) ਪਾਸੋਂ ਗੁਰ ਮੰਤ੍ਰ ਦੀਖਿਆ ਸੁਣ ਕੇ ਖਾਲਸਾ ਸਜ ਜਾਣ ਦਾ ਵੀ ਹੁਕਮ ਕੀਤਾ ਹੈ।

ਇਕ ਫੌਜੀ ਜਰਨੈਲ ! ਆਪਣੇ ਹੈਡ ਕੁਆਰਟਰ ਵਿਚ ਬੈਠਾ ਦੂਰ ਦੀ ਕਿਸੇ ਛਾਉਣੀ ਵਿਚ ਮਾਤਹਿਤ ਕਰਨੈਲ ਨੂੰ ਤਾਰ ਜਾਂ ਡਾਕ ਰਾਹੀਂ ਜਾਂ ਜ਼ਬਾਨੀ (ਟੈਲੀਫੋਨ) ਰਾਹੀਂ ਕੋਈ ਆਰਡਰ ਕਰਦਾ ਕਿ ਛੇਤੀ ਤੋਂ ਛੇਤੀ ਆਪਣੀ ਸਾਰੀ ਰਜਮੈਂਟ ਨੂੰ ਲੈ ਕੇ ਫਲਾਣੇ ਜੰਗੀ ਮੁਹਾਜ ਤੇ ਪੁਜਣ ਦੀ ਕਰੀਏ। ਤਾਂ ਉਹ ਫੌਜੀ ਕਰਨਲ ਇਹ ਆਖ ਕੇ ਪ੍ਰਵਾਹ ਨਾ ਕਰੇ ਕਿ ਕਿਹੜਾ ਪ੍ਰਤੱਖ ਉਸ ਨੇ ਆਕੇ ਮੈਨੂੰ ਆਰਡਰ ਦਿਤਾ, ਤਾਂ ਫਿਰ ਉਸ ਕਰਨਲ ਨਾਲ ਜੋ ਬੀਤੇਗੀ ਉਹ ਫੌਜੀ ਕਾਨੂੰਨ ਦੇ ਸਮਝਣ ਵਾਲੇ ਜਾਣਦੇ ਹਨ। ਪਰ ਜੇ ਅਮਲ ਕਰਨ ਵਿਚ ਪੂਰਾ ਉਤਰੇ, ਉਹ ਮੋਰਚਾ ਫਤਹਿ ਕਰ ਲਵੇ, ਜੀਉਂਦਾ ਮੁੜੇ ਜਾਂ ਬਹਾਦਰੀ ਵਿਚ ਸ਼ਹੀਦ ਹੋ ਜਾਏ ਤਾਂ ਉਸਦੇ ਇਸ ਹੁਕਮ ਮੰਨਣ ਦੇ ਬਦਲੇ ਉਹਨੂੰ ਦੋਹਾਂ ਹਾਲਤਾਂ ਵਿਚ ਇਨਾਮ ਜਾਂ ਵੀਰ ਚੱਕਰ ਸੰਨਦਾਂ ਵੀ ਮਿਲਦੀਆਂ ਹਨ। ਤਿਵੇਂ ਹੀ ਗੁਰਬਾਣੀ ਗੁਰੂ ਹੁਕਮ ਰੂਪ ਜੋ ਲਿਖਤੀ ਹੈ, ਇਸ ਤੇ ਅਮਲ ਕਰਨ ਵਾਲੇ ਸਚਿਆਰਾਂ ਦੀ ਲੋਕ ਪਰਲੋਕ ਵਿਚ ਸ਼ੋਭਾ ਹੁੰਦੀ ਹੈ।

ਨਾਮਧਾਰੀ ਗੁਰੂ ਬਾਬਾ ਅਗਰ ਕਿਸੇ ਦੂਰ ਬੈਠੇ ਆਪਣੇ ਕਿਸੇ ਚੇਲੇ ਨੂੰ ਹੁਕਮ-ਨਾਮਾ (ਚਿਠੀ) ਲਿਖ ਭੇਜੇ ਕਿ ਡੇਰੇ ਵਾਸਤੇ ਇਹ ਚੀਜ਼, ਉਹ ਚੀਜ਼ ਜ਼ਰੂਰਤ ਹੈ, ਉਸ ਇਲਾਕੇ ਵਿਚੋਂ ਸੁਖਾਲੀ ਮਿਲ ਸਕਦੀ ਹੈ, ਭੇਜੋ। ਤਾਂ ਉਨ੍ਹਾਂ ਦਾ ਸੱਚਾ ਚੇਲਾ (ਗੁਰਮੁਖ) ਆਪਣੇ ਵਡੇਭਾਗ ਸਮਝ ਕੇ ਉਸ ਦੀ ਪਾਲਨਾ ਕਰੇਗਾ। ਪਰ ਸੰਤ ਮੋਹਰ ਸਿੰਘ ਤੇ ਸੰਤ ਨਿਹਾਲ ਸਿੰਘ ਪ੍ਰਧਾਨ ਜੈਸਾ ਕੋਈ ਇਹ ਸਮਝ ਕੇ ਟਾਲ ਦੇਵੇ ਕਿ ਕਿਹੜਾ ਇਹ ਪ੍ਰਤੱਖ ਦੇਹਧਾਰੀ ਗੁਰੂ ਨੇ ਕੋਲ ਖਲੋਤੇ ਹੁਕਮ ਕੀਤਾ ਹੈ ਤਾਂ ਉਸ ਦਾ ਸਿਖੀ ਵਿਚ ਕੀ ਦਰਜਾ ਹੈ ਪਾਠਕ ਹੀ ਸਮਝ ਸਕਦੇ ਹਨ।

ਪਰਮਪੂਜਯ ਆਤਮ ਰਸੀਏ ਬਾਬਾ ਰਾਮ ਸਿੰਘ ਤਾਂ ਖੁਦ ਗੁਰੂ ਗ੍ਰੰਥ ਸਾਹਿਬ ਨੂੰ

ਗੁਰੂ ਮੰਨਦੇ ਰਹੇ। ਉਹਨਾਂ ਰੰਗੂਨ ਦੀ ਜੇਹਲ ਵਿਚੋਂ ਆਪਣੇ ਪ੍ਰੇਮੀਆਂ ਵਲ ਇਕ ਹੁਕਮਨਾਮਾ ਨੰਬਰ ੧ ਇਸ ਤਰ੍ਹਾਂ ਦਾ ਪਹਿਲਾ ਲਿਖ ਭੇਜਿਆ ਸੀ :—

"ਗੁਰੂ ਜੀ ਕਾ ਹੁਕਮ—ਰੋਲੀ ਪਵੇ ਦੇਸ ਸਭ ਰੁਝੇ ॥ ਜੇ ਬਣ ਆਵੈ ਤਾਂ ਪੰਜ ਗ੍ਰੰਥ ਕੰਠ ਕਰਨੇ ਜ਼ਰੂਰ[1] ॥ ਨਹੀਂ ਤਾਂ ਜਪੁ ਜਾਪੁ, ਰਹਿਰਾਸ, ਆਰਤੀ ਸੋਹਲਾ, ਹਜ਼ਾਰੇ ਦੇ ਸ਼ਬਦ, ਆਸਾ ਦੀ ਵਾਰ, ਸੁਖਮਨੀ ਸਾਹਿਬ ਇਤਨੀ ਬਾਣੀ ਜ਼ਰੂਰ ਕੰਠਕਰਨੀ ਨਿਤ ਜਾਏਕੇ ਝਲਾਂਗੇ ਪੜਨੀ। "ਗੁਰੂ ਗ੍ਰੰਥ ਸਾਹਿਬ" ਦਾ ਭੋਗ ਪਾਉਣਾ......ਨੇਮ ਨੀਤੀ ਵਿਚ ਜੋ ਚਲੇਗਾ ਭਾਈ ਖਾਲਸਾ ਜੀ ! ਉਸਨੂੰ ਦੁਖ ਨ ਹੋਵੇਗਾ[2]।"

(ਪਤ੍ਰਕਾ ੧ ਬਾਬਾ ਰਾਮ ਸਿੰਘ ਜੀ) 2

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਨਾਮਾ ਜੋ ਕਾਬਲ ਦੀ ਸੰਗਤ ਵਲ ਲਿਖਿਆ ਉਥੇ ਸੰਭਾਲਿਆ ਪਿਆ ਹੈ—ਉਹ ਵੀ ਪੜ੍ਹੀਏ :—

"ਸਰਬਤ ਸੰਗਤ ਕਾਬਲ ਗੁਰੂ ਰਖੇਗਾ ॥ ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ—ਕੇਸ ਰਖਣੇ ! ਇਹ ਅਸਾਡੀ ਮੋਹਰ ਹੈ। ਕੱਛ ਕਿਰਪਾਨ ਦਾ ਵਿਸਾਹ ਕਰਨਾ ਨਾਹੀ। ਸਰਬ ਲੋਹ ਦਾ ਕੜਾ ਹਥ ਰਖਣਾ। ਭਭਾਖਿਆ ਕਾ ਕੁੱਠਾ ਮਾਸ ਖਾਵੈਂ ਨਾਹੀ ॥" (ਅਗੇ ਹੋਰ ਵੀ ਹੈ)

ਹੁਣ ਪਾਠਕਾਂ ਨੇ ਦੇਖ ਲਿਆ ਹੈ ਕਿ ਬਾਬਾ ਰਾਮ ਸਿੰਘ ਜੀ ਤਾਂ ਆਪਣੇ ਹਿਰਦੇ ਵਿਚ ਵਸਾਏ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਨੂੰ ਕਲਮ ਰਾਹੀਂ ਲਿਖ ਦਸਦੇ ਕਿ "ਗੁਰੂ ਗ੍ਰੰਥ ਸਾਹਿਬ ਦਾ ਭੋਗ ਪਾਉਣਾ" ਅਤੇ ਨਿਤਨੇਮ ਕਮਾਉਣਾ ਇਸ ਨੀਤੀ ਵਿਚ ਜੋ ਚਲੇਗਾ ਉਸ ਨੂੰ ਦੁਖ ਨਹੀਂ ਹੋਏਗਾ ਪਰ ਬਾਬਾ ਰਾਮ ਸਿੰਘ ਜੀ ਨੂੰ ਮੰਨਣ ਵਾਲਾ ਤੇ ਉਹਨਾਂ ਤੋਂ ਸਹਾਇਤਾ ਚਾਹੁਣ ਵਾਲਾ ਸੰਤ ਮੋਹਰ ਸਿੰਘ ਅਧੂਰਾ ਨਾਮ ,'ਗ੍ਰੰਥ ਸਾਹਿਬ" ਹੀ ਲਿਖਦਾ ਆਇਆ ਹੈ। ਇਹ ਇਸ ਦੀ ਗੁਰਮੁਖਤਾ ਹੈ ਜਾਂ ਮਨਮੁਖਤਾ ਦਾ ਸਹੀ ਪ੍ਰਗਟਾਉ ਹੈ ? ਕਿ ਜਿਸ ਬਾਬਾ ਰਾਮ ਸਿੰਘ ਜੀ ਨੂੰ ਮੰਨਦਾ ਹੈ ਉਹ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਲਿਖਦੇ ਹਨ, ਪਰ ਇਹ ਚੇਲਾ ਉਹਨਾਂ ਦਾ ਗੁਰੂ ਗ੍ਰੰਥ ਨੂੰ ਗੁਰੂ ਵਿਸ਼ੇਸ਼ਣ ਨਾਲ ਨਾਮ ਲਿਖਣ ਤੋਂ ਵੀ ਇਨਕਾਰੀ ਬਣ ਕੇ ਗੁਰੂ ਗ੍ਰੰਥ ਜੀ ਨੂੰ ਗੁਰੂ ਮੰਨਣ ਵਾਲਿਆਂ ਤਾਈਂ ਟਿਚਰ ਨਾਲ ਸੰਬੋਧਨ ਕਰਦਾ ਇਉਂ ਲਿਖਦਾ ਹੈ :

ਗੁਰੂ ਗ੍ਰੰਥ ਸਾਹਿਬ ਦੇ ਸਿਖਾਂ ਬਾਬਤ ਸਫਾ ੧੫ ਉਤੇ ਕਿ ਸਿੱਖ ਪ੍ਰਤੱਖ ਦੇਹਧਾਰੀ ਤੋਂ ਬੇਮੁਖ ਹੋ ਕੇ ਸ੍ਰੀ ਗ੍ਰੰਥ ਸਾਹਿਬ ਨੂੰ ਗੁਰੂ ਮੰਨ ਕੇ ਇਸ ਦੇ ਪਰਦੇ ਹੇਠਾਂ ਆਪਣੀ ਮਨਮਤ ਨੂੰ ਖੁਲ੍ਹੇ ਦਿਲ ਨਾਲ ਪ੍ਰਚਲਤ ਕਰਨ।

ਫੇਰ ਲਿਖਦਾ ਹੈ ਕਿ ਕਈ ਸਿਖ ਤਾਂ ਪ੍ਰਸ਼ਾਦਿ ਤਿਆਰ ਕਰਕੇ ਬਾਲ ਗ੍ਰੰਥ ਸਾਹਿਬ ਅਗੇ ਰਖ ਕੇ ਭੋਗ ਲਗਾਵਨ ਉਪ੍ਰੰਤ ਛਕਦੇ। (ਸਫਾ ੧੨੭)

---

1. ਪੰਜ ਗ੍ਰੰਥ ਕੰਠ ਕਰੋ—ਭਾਵ ਪੰਜ ਗ੍ਰੰਥੀ ਪੋਥੀ ਕੰਠ ਕਰੋ, ਜਿਤਨੀਆਂ ਉਸ ਵਿਚ ਬਾਣੀਆਂ ਹਨ।
2. ਸਿੰਘ ਸਭਾ ਪਤ੍ਰਕਾ ਨੰਬਰ ਸਫਾ ੮੩ ਤੋਂ ਧੰਨਵਾਦ ਸਹਿਤ ਲਿਖਿਆ।

ਉਹ ਹੋਰ ਕਈ ਥਾਂਈਂ (ਗ੍ਰੰਥ ਸਾਹਿਬ ਦੇ ਸਿਖਾਂ ਨੂੰ) ਐਸਾ ਲਿਖ ਕੇ ਸੰਬੋਧਨ ਕਰਦਾ ਅਤੇ ਵਿਚਲੀ ਲਿਖੀ ਗੁਰਬਾਣੀ ਦੀ ਸਿਖਿਆ ਰਾਹੀਂ ਦੇਹਧਾਰੀ ਗੁਰੂ ਵਲ ਧਿਆ ਪ੍ਰੇਰਦਾ ਹੈ ਪਰ ਖੁਦ ਸਮਝਣ ਦੀ ਕੋਸ਼ਿਸ਼ ਨਹੀਂ ਕਰਦਾ ਕਿ ਸਿੱਖ ਹੋਣ ਦਾ ਅਸਲ ਭਾਵ ਕੀ ਹੈ ?

ਗੁਰਬਾਣੀ ਵਿਚ ਤਾਂ ਇਹ ਫੁਰਮਾਇਆ ਹੈ ਕਿ 'ਸਿਖੀ ਸਿਖਿਆ ਗੁਰ ਵੀਚਾਰ' ਭਾਵ ਸਿਖੀ ਨਾਮ ਹੀ ਗੁਰੂ ਸਿਖਿਆ ਵੀਚਾਰ ਵਿਚ ਹੈ। ਅਥਵਾ ਅਸਲ ਸਿੱਖ ਉਹੀ ਹੈ ਜੋ ਗੁਰੂ ਸਿਖਿਆ ਦਾ ਵੀਚਾਰ ਕਰੇ। ਇਸ ਵਾਸਤੇ ਕਿ ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਜੀ ਵਿਚ ਲਿਖਾਈ ਬਾਣੀ ਨੂੰ ਇਕ ਪ੍ਰੋਸਿਆ ਥਾਲ ਦਸਿਆ ਹੈ, ਜਿਸ ਵਿਚ ਸਤ ਤੇ ਸੰਤੋਖ ਦਾ ਵੀਚਾਰ ਅਤੇ ਤੀਜਾ ਅੰਮ੍ਰਿਤ ਨਾਮ ਭਰਪੂਰ ਹੈ। ਐਸੇ ਸਤਿ ਸੰਤੋਖ ਦੇ ਵਿਚਾਰ ਅਤੇ ਨਾਮ ਅੰਮ੍ਰਿਤ ਭਰਪੂਰ ਬਾਣੀ ਦੇ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੰਨਣ ਵਾਲਿਆਂ ਵਾਸਤੇ ਇਹ ਫਖਰ ਦੀ ਗਲ ਹੈ ਕਿ ਉਹ ਅਟੱਲ ਤੇ ਅਮਰ ਸਤਿਗੁਰੂ ਦੇ ਸਿਖ ਹਨ। ਇਸ ਵਿਚ ਮਿਹਣੇ ਦੀ ਕੋਈ ਗੱਲ ਨਹੀਂ ਹੈ। ਇਸ ਬਾਬਤ ਪੂਰੇ ਨਿਰਣੇ ਨਾਲ ਦਸਿਆ ਹੈ ਕਿ—

ਥਾਲ ਵਿਚ ਤਿਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥...(੧੪੨੯)

ਇਹ ਸਾਫ ਫਰਮਾਇਆ ਹੈ ਕਿ ਜੋ ਕੁਝ ਇਸ ਥਾਲ ਵਿਚ ਅੰਮ੍ਰਿਤ ਨਾਮ ਠਾਕਰ ਸਮੇਤ ਪ੍ਰੋਸ ਦਿਤਾ ਹੈ ਜੋ ਕੋਈ ਖਾਵੇਗਾ, ਭੁੰਚੇਗਾ (ਕਮਾਏਗਾ) ਉਸ ਦਾ ਉਧਾਰ ਹੋਏਗਾ ਫਿਰ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਵਾਲੇ ਗੁਰਸਿੱਖਾਂ ਵਾਸਤੇ ਕਿਹੜੀ ਕਮੀ ਹੈ ਕਿ ਉਹ ਮੋਹਰ ਸਿੰਘ ਦੇ ਆਖੇ ਲਗ ਕੇ ਪੂਰੀ ਕਰਨ। ਜਿਵੇਂ ਬਾਬਾ ਰਾਮ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਿਆ, ਤਦੇ ਲਿਖ ਭੇਜਿਆ ਹੈ ਤਿਵੇਂ ਹੀ ਖਾਲਸਾ ਪੰਥ ਦੇ ਅੰਮ੍ਰਿਤਧਾਰੀ ਗੁਰਸਿਖਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਉਤੇ ਪੂਰਾ ਵਿਸ਼ਵਾਸ ਹੈ ਤੇ ਗੁਰੂ ਕੇ ਸਿਖ ਅਖਵਾਂਦੇ, ਅਤੇ ਬਾਬਾ ਰਾਮ ਸਿੰਘ ਜੀ ਵਾਂਗੂ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਦੀ ਪਾਲਣਾ ਕਰਦੇ, ਕੜਾ, ਕਛਾ, ਕਿਰਪਾਨ ਆਦਿਕ ਪੰਜ ਕਕਾਰਾਂ ਦੀ ਰਹਿਤ ਵੀ ਰਖਦੇ ਅਤੇ ਗੁਰੂ ਸਾਹਿਬ ਦਾ ਇਹ ਹੁਕਮ ਸਿਰ ਮਥੇ ਪ੍ਰਵਾਨ ਕਰਦੇ ਹਨ--

'ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਉ ਗ੍ਰੰਥ।'

## ੨—ਸ਼ਬਦ ਗੁਰੂ ਸੁਰਤ ਧੁਨ ਚੇਲਾ

ਪੁਸਤਕ ਪੁਰਖ ਗੁਰੂ ਦੇ ਲੇਖਕ ਨੇ ਗੁਰੂ ਵਿਚ ਪਹਿਲਾ ਸਿਰਲੇਖ "ਬਾਣੀ ਗੁਰੂ ਗੁਰੂ ਹੈ ਬਾਣੀ" ਦੇ ਸਿਰਲੇਖ ਹੇਠਾਂ ੧੩ ਸਫੇ ਤੋਂ ੩੩ ਸਫੇ ਤੀਕ ਇਕੋ ਵਿਸ਼ਾ-ਦੇਹਧਾਰੀ ਗੁਰੂ ਦੀ ਜਰੂਰੀ ਹੋਂਦ (ਮੰਡਨ) ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਪਦਵੀ ਦੇ ਖੰਡਨ ਤੇ ਜ਼ੋਰ ਲਾਇਆ ਹੈ। ਅਸੀਂ ਯੋਗ ਉਤਰ ਦਿਤਾ ਹੈ ਪਰ ਇਸੇ ਆਪਣੇ ਲਖਸ਼ ਨੂੰ ਸਿੱਧ ਕਰਨ ਵਾਸਤੇ ਉਸ ਨੇ ਅਗੇ ਹੋਰ ਲਗਪਗ ੨੫੦ ਸਫੇ ਤੀਕ ਲਿਖ ਕੇ ਕਈ ਸ਼ਬਦ ਗੁਰਬਾਣੀ ਦੇ ਉਦਾਹਰਣਾਂ ਤੇ ਵਿੰਗੇ ਟੇਢੇ ਗੁੰਝਲਦਾਰ ਪ੍ਰਸ਼ਨਾਂ ਨਾਲ ਪਾਂਡਵਾਂ

ਦਾ ਕਿਲ੍ਹਾ ਚਿਤਰਿਆ ਹੈ ਕਿ ਜਿਸ ਵਿਚੋਂ ਡਾਕਟਰ ਗੰਡਾ ਸਿੰਘ, ਸਰਦਾਰ ਅਮਰ ਸਿੰਘ ਦੁਸਾਂਝ ਜੈਸੇ ਵਿਦਵਾਨਾਂ ਨੇ ਵੀ ਉਸ ਦੇ ਪ੍ਰਸ਼ਨਾਂ ਦੇ ਢੁਕਵੇਂ ਉਤਰ ਨਹੀਂ ਦਿਤੇ ਤੇ ਲੇਖਕ ਮੇਹਰ ਸਿੰਘ ਨੇ ਬਾਜ਼ੀ ਜਿਤ ਲਈ ਜਾਣੀ ਹੈ। ਹੁਣ ਉਹ ਫੇਰ ਅਗੇ ਤੀਜੇ ਸਿਰਲੇਖ--"ਸ਼ਬਦ ਗੁਰੂ ਸੁਰਤ ਧੁਨ ਚੇਲ"। ਹੇਠਾਂ ਉਹੀ ਆਪਣਾ ਮਜ਼ਮੂਨ ਵਖੋ ਵਖਰੇ ਰੂਪਾਂ ਵਿਚ ਲਿਖਦਾ ਹੈ।

੧. ਲੇਖਕ ਮੇਹਰ ਸਿੰਘ ਦਾ ਅਸਲੀ ਲਖਸ਼ ਇਕ ਇਹ ਹੈ ਕਿ ਸ਼ਬਦ ਗੁਰੂ ਨਹੀਂ ਹੋ ਸ਼ਕਦਾ। ਗੁਰੂ ਸਿਰਫ ਦੇਹਧਾਰੀ ਹੀ ਹੋ ਸਕਦਾ ਹੈ, ਜਿਹੜਾ ਸ਼ਬਦ ਦੀ ਦਾਤ ਦੇਕੇ ਸਿਖ ਦੀ ਕਲਿਆਣ ਕਰਨ ਵਾਲਾ ਹੋਵੇ।

੨, ਦੂਜਾ ਲਖਸ਼ ਉਸ ਦਾ ਇਹ ਹੈ ਕਿ ਗੁਰੂ ਪੀੜੀ ਜੁਗੋ ਜੁਗ ਅਟੱਲ ਹੈ ਬਾਣੀ ਵਿਚ ਐਸਾ ਸ੍ਰੀ ਮੁਖ ਵਾਕ ਵੀ ਹੈ--

ਹਰਿ ਰਾਮ ਰਾਮ ਮੇਰੇ ਬਾਬਲਾ ਪਿਰ ਮਿਲ ਧਨ ਵੇਲ ਵਧੰਦੀ॥
ਹਰਿ ਜੁਗਹ ਜੁਗ ਜੁਗ ਜੁਗਹ ਜੁਗੋ ਸਦ ਪੀਹੜੀ ਗੁਰੂ ਚਲੰਦੀ॥
(ਮਹਲਾ ੪--੭੯)

ਇਸ ਗੁਰੂ ਵਾਕ ਦੇ ਆਧਾਰ ਤੇ ਉਹ ਇਹ ਸਾਬਤ ਕਰਨਾ ਚਾਹੁੰਦਾ ਅਤੇ ਸਿੱਖਾਂ ਪ੍ਰਤੀ ਇਹ ਨਿਸਚਾ ਕਰਾਣਾ ਚਾਹੁੰਦਾ ਕਿ ਗੁਰੂ ਨਾਨਕ ਦੇਵ ਦੀ ਗੁਰਗਦੀ ਕਾਇਮ ਹੈ, ਉਹ ਇਸ ਤਰ੍ਹਾਂ ਨਾਲ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਨਾਂਦੇੜ ਤੋਂ ਜੀਉਂਦੇ ਜੀ ਨਿਕਲ ਗਏ ਸਨ। ਉਹ ੯੦ ਸਾਲ ਉਹਲੇ ਰਹੇ ਫਿਰ ਉਹ ਸੰਮਤ ੧੮੫੫ ਵਿਚ ਪ੍ਰਗਟੇ। ਉਹਨਾਂ ਬਾਲਕ ਸਿੰਘ ਨਾਮੀ ਇਕ ਗੁਰਸਿਖ ਨੂੰ ਆਪਣੀ ਥਾਂ ੧੧ਵਾਂ ਗੁਰੂ ਸਥਾਪਤ ਕੀਤਾ ਫਿਰ ੧੨ਵੀਂ ਥਾਂ ਬਾਬਾ ਰਾਮ ਸਿੰਘ ਤੇ ੧੩ਵੀਂ ਚੌਧਵੀਂ ਜਾਂ ੧੫ਵੀਂ ਥਾਏਂ ਹੁਣ ਦੇ ਨਾਮਧਾਰੀ ਬਾਬਾ ਸਾਹਿਬਾਨ ਗੁਰੂ ਨਾਨਕ ਤੋਂ ਚਲੀ ਗੁਰਗਦੀ ਦੇ ਵਾਰਸ ਅਤੇ ਪ੍ਰਤੱਖ ਦੇਹਧਾਰੀ ਗੁਰੂ ਹਨ। ਉਕਤ ਲੇਖਕ ਦਾ ਸਾਰਾ ਜ਼ੋਰ ਇਹਨਾਂ ਦੋਹਾਂ ਨਿਸ਼ਾਨਿਆਂ ਪਰ ਉਸ ਨੇ ਸਿੱਖ ਸੰਗਤਾਂ ਨੂੰ ਲਿਆਉਣਾ ਹੈ। ਪਰ ਉਹ ਸਫਲ ਨਹੀਂ ਹੋਣਗੇ।

ਇਥੇ ਪਾਠਕਾਂ ਪ੍ਰਤੀ ਇਹ ਦਸਣਾ ਹੈ ਕਿ ਉਕਤ ਵਾਕ ਮੁਹਾਵਰੇ ਵਾਂਗੂ ਇਹ ਵੀ ਉਚਾਰਨ ਹੈ, ਜਿਵੇਂ ਗੁਰਬਾਣੀ ਵਿਚ ਅਲੰਕਾਰ ਬਹੁਤ ਵਰਤੇ ਹਨ ਮੁਹਾਵਰੇ ਵੀ ਵਰਤੇ :--

"ਜੈਸੇ ਮਾਹੂ ਮਾਹੂ ਮੁਬਾਰਖੀ ਚੜਿਆ ਸਦਾ ਬਸੰਤ।

ਫਿਰ— ਸਬਦੇ ਸਦਾ ਬਸੰਤ ਹੈ ਜਿਤ ਮਨ ਤਨ ਹਰਿਆ ਹੋਇ।

ਫਿਰ— ਗੁਰ ਗਿਆਨ ਸਾਚਾ ਥਾਨ ਤੀਰਥ ਦਸ ਪੁਰਬ ਸਦਾ ਦਸਾਹਿਰਾ।

ਤਿਵੇਂ ਹੀ—ਜੁਗਹ ਜੁਗੋ ਸਦ ਪੀਹੜੀ ਗੁਰੂ ਚਲੰਦੀ।

ਵਾਕ ਉਚਾਰਨ ਹੈ। ਇਸ ਦਾ ਇਹ ਭਾਵ ਨਹੀਂ ਕਿ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਬਾਬਾ ਬਾਲਕ ਸਿੰਘ ਤੇ ਫੇਰ ਬਾਬਾ ਰਾਮ ਸਿੰਘ ਤੇ ਅਗੇ ਉਹਨਾਂ ਦੀ ਖਾਨਦਾਨੀ ਪੀਹੜੀ ਚਲੇਗੀ।

ਉਤੋ ਜੋ (ਪਿਰ ਮਿਲ ਧਨਵੇਲ ਵਧੰਦੀ) ਦਸਿਆ ਹੈ ਇਹਦਾ ਭਾਵ ਇਹੋ ਹੈ ਕਿ ਜਿਵੇਂ ਇਸਤ੍ਰੀ ਭਰਤੇ ਦੇ ਸੰਜੋਗ ਨਾਲ ਖਾਨਦਾਨੀ ਵੇਲ ਵਧਦੀ ਹੈ, ਗੁਰੂਆਂ ਦੀ ਖਾਨਦਾਨੀ ਵੇਲ ਵੀ ਵਧੇਗੀ : ਉਹ ਬੇਦੀ ਬੰਸ, ਤ੍ਰੇਹਣ, ਭਲੇ ਅਤੇ ਸੋਢੀਆਂ ਦੀਆਂ ਪੀਹੜੀਆਂ ਪਹਿਲੇ ਜੁਗਾਂ ਤੋਂ ਚਾਲੂ ਹਨ ਤੇ ਹੁਣ ਤੀਕ ਸਰਸਬਜ਼ ਹਨ, ਚਾਲੂ ਹਨ ਅਗਰ ਗੁਰਤਾ ਦੀ "ਪੀਹੜੀ ਚਲੰਦੀ" ਮੰਨੀ ਜਾਏ ਤਦ ਵੀ ਗੁਰੂ ਅਮਰ ਦਾਸ ਦੇ ਵਰਦਾਨ ਮੁਤਾਬਕ ਇਹ ਪੀਹੜੀ ਸੋਢੀ ਘਰਾਣੇ ਵਾਸਤੇ ਰੀਜ਼ਰਵ ਸੀ।

ਗੁਰੂ ਦਸਮੇਸ਼ ਜੀ ਦੇ ਚਾਰੋਂ ਸਾਹਿਬਜ਼ਾਦੇ ਸ਼ਹੀਦ ਹੋ ਚੁਕੇ ਸਨ। ਪੰਜਵਾਂ ਕੋਈ ਹੈਗਾ ਨਹੀਂ ਸੀ। ਤਦ ਵੀ ਆਪ ਦੇ ਭਾਇਆ ਜੀ ਸੂਰਜ ਮਲ ਤੇ ਅਣੀ ਰਾਏ ਦੀਆਂ ਸਿੰਘ ਸਜ ਚੁਕੀਆਂ ਸੋਢੀ ਸੰਤਾਨਾਂ ਵਿਚੋਂ ਕਿਸੇ ਵੀ ਇਕ ਨੂੰ ਗੁਰਗਦੀ ਦੇਣ ਦਾ ਵਾਕ ਕਰ ਜਾਂਦੇ, ਜਿਵੇਂ ਗੁਰੂ ਹਰਿਕ੍ਰਿਸ਼ਨ ਜੀ ਨੇ "ਬਾਬਾ ਬਕਾਲੇ" ਕਿਹਾ ਸੀ। ਪਰ ਐਸਾ ਨਹੀਂ ਕੀਤਾ ਤਾਂ ਇਸੇ ਵਾਸਤੇ ਕਿ ਸ੍ਰੀ ਅਕਾਲ ਪੁਰਖ ਦਾ ਹੁਕਮ ਤੇ ਭਵਿਖਤ ਪ੍ਰਾਣ ਵਿਚ ਰਿਸ਼ੀਆਂ ਦੀ ਭਵਿਖਤ ਬਾਣੀ ਅਨੁਸਾਰ ਇਹ ਗੁਰਗਦੀ ੧੦ ਜਾਮਿਆਂ ਤੀਕ ਸਰੀਰਾਂ ਵਾਸਤੇ (ਦੇਹਧਾਰੀ ਗੁਰੂਆਂ ਵਾਸਤੇ) ਬੀਤ ਰਹੇ ਕਲਜੁਗ ਵਿਚ ਚਾਲੂ ਰਖਣੀ ਸੀ। ਕਿਉਂਕਿ ਪਿਛਲੇ ਜੁਗਾਂ ਵਿਚ ਇਸ ਵਾਕ ਅਨੁਸਾਰ ਸਰੀਰਧਾਰੀ ਅਵਤਾਰ ਹੁੰਦੇ ਆਏ ਸੀ। ਤਦੇ ਗੁਰੂ ਅਰਜਨ ਦੇਵ ਦੀ ਹਜ਼ੂਰੀ ਵਿਚ ਭੱਟ ਕਵੀਸ਼ਰ ਨੇ ਇਹਨਾਂ ਨੂੰ ਪੰਜਵੀਂ ਗੁਰੂ ਨਾਨਕ ਜੋਤ ਜਾਣਿਆ ਤੇ ਐਸਾ ਕਿਹਾ ਸੀ :

> ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥
> ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥
> ਦੁਆਪੁਰਿ ਕ੍ਰਿਸ਼ਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥
> ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥
> ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥
> ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥
> (ਪੰਨਾ ੧੩੯੦)

ਤਾਂਤੇ ਪਾਠਕਾਂ ਪ੍ਰਤੀ ਬੇਨਤੀ ਹੈ ਕਿ ਉਹ ਵੀ ਨਾਮਧਾਰੀ ਲੇਖਕਾਂ ਨੂੰ ਦਸ ਦੇਣ ਜੋ ਸਤਿਜੁਗ ਤ੍ਰੇਤਾ ਤੇ ਦਵਾਪਰ ਵਿਚ ਇਕ ਇਕ ਅਵਤਾਰ ਹੋ ਚੁਕਾ ਹੈ। ਚੌਥੇ ਕਲਜੁਗ ਵਿਚ ਗੁਰੂ ਨਾਨਕ ਦਸ ਜਾਮਿਆਂ ਵਿਚ ਵਰਤਿਆ ਹੈ। ਅਜੇ ਕਲਜੁਗ ਚਾਲੂ ਹੈ। ਅਗਰ ਨਾਮਧਾਰੀ ਗੁਰੂ ਦਸ ਸਤਿਗੁਰਾਂ ਜੈਸੀ ਜੋਤ ਸ਼ਕਤੀ ਰਖਦੇ ਹੋਣ ਤਦ ਵੀ ਕਿਸੇ ਅਗਲੇ ਹੋਰ ਆਉਣ ਵਾਲੇ ਜੁਗ ਦੀ ਉਡੀਕ ਰਖਣੀ ਚਾਹੀਏ, ਸ਼ਾਇਦ ਉਸ ਯੁਗ ਵਿਚ ਉਹਨਾਂ ਦੀ ਖਾਨਦਾਨੀ ਪੀਹੜੀ ਵੀ ਚਲ ਜਾਏ ਪਰ ਹਾਲਾਂ ਤਾਂ ਸ੍ਰੀ ਸਰਬ-ਲੋਹ ਦੀ ਸਨਦ ਰੂਪ (ਲਿਖਤ ਮੁਤਾਬਕ) ੧੧ਵੀਂ ਗੁਰੂ ਖਾਲਸਾ (ਪੰਜ ਪਿਆਰੇ) ਅਤੇ ਗੁਰਗਦੀ ਸਥਾਪਤ ੧੨ਵੀਂ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਮਾਨ ਹੈ।

ਨਾਮਧਾਰੀ ਵੀਰਾਂ ਨੇ ਚਾਹੇ ਕਿਤਨਾ ਵੀ ਲਿਖਤੀ ਪ੍ਰਚਾਰ ਕੀਤਾ, ਕਰਨਾ ਵੀ ਹੈ ਪਰ ਉਹਨਾਂ ਨੂੰ ਇਹ ਦਿਨ ਦੇਖਣਾ ਨਸੀਬ ਨਹੀਂ ਹੋਣਾ ਕਿ ਜਿਸ ਦਿਨ ਸਿੱਖ ਸੰਗਤਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਥਾਂ ਚੰਦੋਏ ਹੇਠਾਂ ਇਹਨਾਂ ਨੂੰ ਬਿਠਾ ਕੇ ਚੌਰ ਕਰਨਾ ਤੇ

ਗੁਰਗਦੀ ਦੀ ਪੀਹੜੀ ਨੂੰ ਚਾਲੂ ਸਮਝਣਾ ਹੈ। ਇਹ ਉਹਨਾਂ ਦੇ ਸੁਪਨੇ ਵਿਚ ਵੀ ਨਹੀਂ ਆਉਣਾ ਚਾਹੀਦਾ। ਉਹ ਇਹਨਾਂ ਲਿਖਤਾਂ ਨਾਲ ਆਪਣੇ ਸੰਤ ਸਰੂਪ ਬਾਬਾ ਜੀ ਨੂੰ ਕਿਤਨਾ ਪ੍ਰਸੰਨ ਕਰਦੇ, ਰੀਝਾਂਦੇ ਬਖਸ਼ੀਸ਼ਾਂ ਪਾਂਦੇ ਰਹਿਣਗੇ ਤਾਂ ਉਹਨਾਂ ਨੂੰ "ਖਸਮੈ ਕਰੈ ਬਰਾਬਰੀ" ਦਾ ਦੋਸ਼ੀ ਬਣਾਂਦੇ ਰਹਿਣਗੇ।

ਅਸੀਂ ਪਾਠਕਾਂ ਪ੍ਰਤੀ ਇਹ ਪਹਿਲੇ ਦਸ ਆਏ ਹਾਂ ਕਿ ਸਾਨੂੰ ਕਿਸੇ ਦੇਹਧਾਰੀ ਗੁਰੂ ਦੀ ਹੋਂਦ ਤੋਂ ਇਨਕਾਰ ਨਹੀਂ। ਜਿਤਨੇ ਮਤ ਮਤਾਂਤਰ ਦੇਸ ਪ੍ਰਦੇਸਾਂ ਵਿਚ ਹਨ, ਉਹਨਾਂ ਦੇ ਗੁਰੂ ਪੀਰ ਵੀ ਹਨ। ਉਹਨਾਂ ਨੂੰ ਮੁਬਾਰਕ ਹੋਣ। ਤਿਵੇਂ ਹੀ ਦਸੋਂ ਜਾਮਿਆਂ ਵਿਚ ਗੁਰੂ ਨਾਨਕ ਜੋਤ ਨੇ ਸਰੀਰਧਾਰੀ (ਦੇਹਧਾਰੀ) ਰੂਪ ਵਿਚ ਵਰਤਕੇ ਆਪਣੇ ਸਾਜੇ ਨਿਵਾਜੇ ਪੰਥ ਦੀ ਅਗਵਾਈ ਕੀਤੀ। ਪਰ ਦਸਵੀਂ ਜੋਤ (ਗੁਰੂ ਗੋਬਿੰਦ ਸਿੰਘ ਜੀਓ) ਨੇ ਬੜੀ ਸੋਚ ਵਿਚਾਰ ਮਗਰੋਂ ਸਮੇਂ ਦੇ ਭਵਿਖਤ ਨੂੰ ਵਿਚਾਰਦਿਆਂ ਹੋਇਆਂ--ਆਪਣੀ ਗੁਰਤਾ ਦੀ ਪਦਵੀ ਗੁਰੂ ਗ੍ਰੰਥ ਜੀ ਨੂੰ ਅਤੇ ਦੇਹਧਾਰੀ ਦੇ ਕਰਤਵ (ਅਭਿਲਾਖੀਆਂ ਨੂੰ ਨਾਮ ਅੰਮ੍ਰਿਤ ਦੀ ਬਖਸ਼ਿਸ਼) ਦੇ ਅਧਿਕਾਰ ਗੁਰੂ ਖਾਲਸਾ ਪੰਜ ਪਿਆਰਿਆਂ ਨੂੰ ਸੌਂਪ ਦਿਤੇ ਸਨ।

ਐਸੀ ਹਾਲਤ ਵਿਚ ਅਗਰ ਕੋਈ ਸਿੱਖ ਐਸੇ ਦੇਹਧਾਰੀ ਗੁਰੂ ਖਾਲਸਾ ਦੀ ਹੋਂਦ ਨੂੰ ਸਮਝਣ ਤੋਂ ਕੋਰਾ ਹੈ ਤਾਂ ਉਸ ਦੀ ਸਮਝ ਵਿਚ ਆ ਜਾਇ ਕਿ ਗੁਰੂ ਖਾਲਸਾ (ਪੰਜ ਪਿਆਰਿਆਂ ਦੀ) ਅੰਮ੍ਰਿਤ ਛਕਾਣ ਵੇਲੇ ਅਤੇ 'ਮੂਲ ਮੰਤ੍ਰ ਗੁਰ ਮੰਤ੍ਰ' ਸਮਝਾਉਣ ਵੇਲੇ ਦੀ ਹੈਸੀਅਤ ਦੇਹਧਾਰੀ ਗੁਰੂ ਵਰਗੀ ਹੀ ਹੁੰਦੀ ਹੈ। ਇਸ ਵਾਸਤੇ ਕਿ ਉਹ ਖੁਦ ਅੰਮ੍ਰਿਧਾਰੀ ਪੰਜ ਬਾਣੀਆਂ ਦੇ ਨਿਤਨੇਮੀ, ਜ਼ਬਾਨੀ ਪਾਠ ਕਰਦੇ, ਅਤੇ ਪੰਜਾਂ ਦੇ ਦਸ ਨੇਤਰਾਂ ਦੀ ਜੋਤ ਸ਼ਕਤੀ (ਨਜ਼ਰ) ਖੰਡਾ ਫੇਰਦੇ ਬਾਟੇ ਵਿਚ ਹੁੰਦੀ ਹੈ। ਇਸ ਮਿਕਨਾਤੀਸੀ ਸ਼ਕਤੀ, ਗੁਰਬਾਣੀ ਦੇ ਪਾਠ ਦੇ ਪ੍ਰਵੇਸ਼ ਦੀ ਸੱਤਾ, ਅਤੇ ਸਰਬ ਲੋਹ ਖੰਡੇ ਦੀ ਰਗੜ ਜੋ ਕਰੀਬਨ ਇਕ ਘੰਟਾ ਤੀਕ ਹੁੰਦੀ ਹੈ। ਇਸ ਤਾਸੀਰ ਦਾ ਤਿਆਰ ਹੋਇਆ ਅੰਮ੍ਰਿਤ ਉਹ ਅਭਿਲਾਖੀਆਂ ਨੂੰ ਛਕਾਂਦੇ ਅਤੇ ਮਗਰੋਂ ਜਥੇਦਾਰ ਜੀ ਉਹਨਾਂ ਪ੍ਰਥਾਇ ਮੂਲ ਮੰਤਰ, ਗੁਰ ਮੰਤਰ ਸੁਣਾਦੇ, ਫਿਰ ਰਹਿਤਾਂ ਕੁਰਹਿਤਾਂ ਦਾ ਨਿਰਣਾ ਸਮਝਾਕੇ ਗੁਰੂ ਗ੍ਰੰਥ ਜੀ ਪਰ ਸਦੀਵ ਗੁਰੂ ਭਾਵਨਾ ਰਖਣੀ ਸੁਣਾਇਕੇ ਸਮਾਪਤੀ ਦਾ ਅਰਦਾਸਾ ਵੀ ਕਰਦੇ ਹਨ।

ਐਸ਼ੀ ਨਿਆਰੀ ਰੀਤ ਨਾਲ ਨਵੇਂ ਅੰਮ੍ਰਿਤਧਾਰੀ ਸਿੰਘਾਂ ਦੀ ਗੁਰੂ ਨਾਨਕ ਗੋਬਿੰਦ ਰੂਪ" ਨਾਲ ਸੰਧੀ ਹੋ ਜਾਂਦੀ, ਅਤੇ ਅੰਮ੍ਰਿਤ ਤਿਆਰੀ ਤੋਂ ਸਮਾਪਤੀ ਤੀਕ ਦੀ ਸਾਰੀ ਕਾਰਵਾਈ ਪੰਜ ਪਿਆਰਿਆਂ ਰਾਹੀਂ 'ਗੁਰੂ ਖਾਲਸਾ' ਦੇਹਧਾਰੀ ਵਲੋਂ ਹੀ ਮੰਨੀ ਜਾਂਦੀ ਹੈ। ਫਿਰ ਕੋਈ ਵੀ ਅੰਮ੍ਰਿਤਧਾਰੀ ਸਿਖ ਇਸ ਗਲ ਤੋਂ ਕਿਉਂ ਇਨਕਾਰ ਕਰੇ ਕਿ ਉਹ ਸਰੀਰਧਾਰੀ (ਦੇਹਧਾਰੀ) ਕਿਸੇ ਉਪਦੇਸ਼ ਕਰਤਾ—"ਸ਼ਬਦ ਦਾਤੇ" ਗੁਰੂ ਦਾ ਕਾਇਲ ਨਹੀਂ। ਹਾਂ ਫਰਕ ਸਿਰਫ ਇਤਨਾ ਹੈ ਕਿ ਇਸ ਪਵਿਤਰ ਮਰਿਆਦਾ ਵਿਚ ਉਪਦੇਸ਼ ਕਰਤਾ ਜਥੇਦਾਰ ਨੂੰ ਇਹ ਹਉਮੈਂ ਨਹੀਂ ਹੁੰਦੀ ਕਿ ਉਹ ਇਹਨਾਂ ਸਾਥਿਆਂ ਹੀ ਅੰਮ੍ਰਿਤਪਾਨ ਕਰ ਚੁਕਿਆਂ ਦਾ ਗੁਰੂ ਹੋ ਗਿਆ ਹੈ।

ਫੇਰ ਇਸ ਪਵਿਤਰ ਮਰਿਆਦਾ ਨੂੰ ਨਿਭਾਉਂਦੇ ਹੋਇਆਂ ਜਥੇਦਾਰ ਜੀ ਇਸ ਕਾਰ

ਨੂੰ ਗੁਰੂ ਕੀ ਕਾਰ ਕੀਤੀ ਸਮਝਦਾ ਅਤੇ ਅਮਾਨਤ ਵਿਚ ਖਿਆਨਤ ਦੇ ਦੋਸ਼ ਤੋਂ ਬਰੀ ਰਹਿੰਦਾ ਹੈ। ਪਰ ਗੁਰੂ ਗ੍ਰੰਥ ਜੀ ਵਿਚ ਅੰਕਿਤ ਮੂਲ ਮੰਤ੍ਰ, ਗੁਰਮੰਤ੍ਰ ਅਤੇ ਗੁਰੂ ਬਾਣੀ ਪ੍ਰਚਾਰ ਜੋ ਗੁਰੂ ਨਾਨਕ ਦੀ ਮਲਕੀਅਤ ਹੈ ਤੇ ਪ੍ਰਚਾਰ ਵਾਸਤੇ ਗੁਰੂ ਅਮਾਨਤ ਸੰਭਾਲੀ ਹੈ, ਨਾਮਧਾਰੀ ਨੇਤਾ ਇਸ ਨੂੰ ਗੁਰਗਦੀ ਸਮੇਤ ਆਪਣੀ (ਮਲਕੀਅਤ) ਮੰਨਦੇ, ਅਮਾਨਤ ਵਿਚ ਖਿਆਨਤ ਕਰਦੇ ਤੇ ਆਪੇ 'ਸਤਿਗੁਰੂ' ਬਣੇ ਬੈਠੇ ਹਨ। ਪਰ ਪੰਜ ਪਿਆਰੇ 'ਗੁਰੂ ਖਾਲਸਾ' ਰੂਪ ਵਿਚ ਉਹ ਕਾਰ ਕਰਦੇ ਹੋਏ ਦੋਸ਼ੀ ਨਹੀਂ ਹੁੰਦੇ।

ਅਗਰ ਦੂਜੇ ਮੱਤ ਮਤਾਂਤਰਾਂ ਦੇ ਲੋਕ ਗੁਰੂਆਂ ਵਾਂਗੂ ਆਪਣਾ ਕੋਈ ਮੰਤ੍ਰ ਉਪਦੇਸ਼ ਹੋਰ ਤਰ੍ਹਾਂ ਦਾ ਆਪਣੀ ਵਲੋਂ ਵੀ ਨਾਮਧਾਰੀ ਚਲਾਂਦੇ ਤਾਂ ਕੋਈ ਇਤਰਾਜ ਨਹੀਂ ਸੀ, ਪਰ ਉਹ ਤਾਂ ਜਿਸ ਨਾਮਬਾਣੀ ਦੇ ਭਰਪੂਰ ਭੰਡਾਰੇ ਵਿਚੋਂ ਸਭ ਕੁਝ ਪਾਂਦੇ ਹਨ, ਉਹਨੂੰ "ਗੁਰੂ ਵਿਸ਼ੇਸ਼ਣ" ਨਾਲ "ਗੁਰੂ ਗ੍ਰੰਥ ਸਾਹਿਬ" ਪੂਰਾ ਨਾਮ ਲਿਖਣ ਬੋਲਣ ਤੋਂ ਕੰਨੀ ਕਤਰਾਂਦੇ ਹਨ।

ਇਹਨਾਂ ਲੋਕਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਇਕ ਬਹੁਤ ਵਡੀ ਧਾਰਮਕ ਪੁਸਤਕ ਜਾਂ ਗ੍ਰੰਥ ਹੀ ਸਮਝਿਆ ਹੈ। ਇਸ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਗੁਰ-ਸ਼ਬਦ ਵਡਿਆਈ ਨੂੰ ਉਹੋ ਪੂਰਨ ਪੁਰਖ ਦਸਮੇਸ਼ ਗੁਰੂ ਹੀ ਪੂਰਾ ਪੂਰਾ ਸਮਝ ਪਾਏ ਸਨ ਜਿਹਨਾਂ ਨੇ ਖੁਦ ਵੀ ਹਿੰਦੀ ਅਰਬੀ ਫਾਰਸੀ ਤੇ ਸੰਸਕ੍ਰਿਤ ਦੇ ਕਈ ਧਰਮ ਗ੍ਰੰਥਾਂ ਦਾ ਅਧਿਐਨ ਕੀਤਾ ਵਿਚਾਰਿਆ ਤੇ ਆਪਣੀ ਕਮਾਲ ਦੀ ਕਾਵਿ ਕਲਾ ਵਿਚ ਬਹੁਤ ਅਨੁਵਾਦ ਵੀ ਕੀਤਾ ਸੀ। ਉਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਰਬੋਤਮ ਗਿਆਨ ਭੰਡਾਰ ਨੂੰ ਸਰਬ ਧਰਮ ਗ੍ਰੰਥਾਂ ਦਾ ਸ਼ਰੋਮਣੀ ਗ੍ਰੰਥ ਸਮਝਿਆ ਤੇ ਇਸ ਨੂੰ ਨੌਵੀਂ ਪਾਤਸ਼ਾਹੀ ਦੀ ਬਾਣੀ ਲਿਖਾਏ ਮਗਰੋਂ ਸੰਪੂਰਣ ਹੋਇਆ ਜਾਣਿਆ ਤੇ ਪੋਥੀ ਸਾਹਿਬ ਨਾਮ ਬਦਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਮ ਲਿਖਾਇਆ ਸੀ। ਜਿਸ ਤੇ ਪੂਰੇ ਕਾ ਕੀਆ ਸਭਿ ਕਿਛੁ ਪੂਰਾ ਹੈ। ਪਰ ਨਾਮਧਾਰੀ ਦਰਬਾਰ ਨੇ ਆਪਣੀ ਸੀਮਤ ਬੁਧੀ ਮੁਤਾਬਕ ਅਧੂਰਾ ਨਾਮ ਗ੍ਰੰਥ ਸਾਹਿਬ ਹੀ ਲਿਖਾਇਆ ਹੈ।

ਗੁਰੂ ਨਾਨਕ ਦੇਵ ਸਰਬ ਕਲਾ ਸਮਰਥ ਗੁਰ ਅਵਤਾਰ ਸਨ। ਇਤਨਾ ਉਹ ਵੀ ਮੰਨਦੇ ਤੇ ਉਹਨਾਂ ਦੀ ਗੁਰਗਦੀ ਦੇ ੧੧ਵੀਂ ਥਾਂ ਤੋਂ ਆਪਣੇ ਨੂੰ ਹੱਕਦਾਰ ਸਮਝਦੇ ਹਨ। ਉਹ ਸਰਬ ਕਲਾ ਸਮਰਥ ਸਤਿਗੁਰੂ ਦੀ ਸਾਰੀ ਬਾਣੀ, ਉਪਰੰਤ ੯ਵੇਂ ਪਾਤਸ਼ਾਹ ਤਕ ਸਤਿਗੁਰਾਂ ਦੀ ਬਾਣੀ ਜੋ ਅਨੁਭਵੀ ਆਤਮ ਨਿਚੋੜ ਹੈ ਅਤੇ ਕੁਝ ਉਹ ਬਾਣੀ (ਤਾ ਮੈਂ ਕਹਿਆ ਕਹਿਣ—ਜਾਂ ਤੁਝੈ ਕਹਾਇਆ) ਜੋ ਸਮੇਂ ਸਮੇਂ ਅਨੁਸਾਰ ਧੁਰ ਤੋਂ ਨਾਜ਼ਲ ਹੋਈ ਬਾਣੀ ਸੁਣਾਂਦੇ ਤੇ ਲਿਖਾਂਦੇ ਰਹੇ ਸੀ।

ਇਸ ਤੋਂ ਵਖਰੇ ਗੁਰੂ ਨਾਨਕ ਤੋਂ ਪਹਿਲੋਂ ਕੁਝ ਸੰਤ ਭਗਤਾਂ ਫਿਰ ਸਮਕਾਲੀ ਸੂਫੀਆਂ ਅਤੇ ਭੱਟਾਂ ਕਵੀਸ਼ਰਾਂ ਦੀ ਅਨੁਭਵੀ ਤੇ ਪਰਤਾਈ ਹੋਈ ਬਾਣੀ ਨੂੰ ਗੁਰੂ ਅਰਜਨ ਦੇਵ ਨੇ ਤਰਤੀਬਵਾਰ ਲਿਖਾਇਆ ਤੇ ਇਸ ਨੂੰ ਪਲੰਘ ਸਿੰਘਾਸਨ ਦਿਤੇ ਮਗਰੋਂ ਆਪ ਜੀ ਜ਼ਿਮੀ ਤੇ ਬਿਰਾਜਦੇ ਰਹੇ ਸੀ।

ਫਿਰ ਇਸ ਦੀ ਮਹਾਨਤਾ ਨੂੰ ਹੁਣ ਦੇ ਯੂਰਪੀਨ ਵਿਦਵਾਨਾਂ, ਭਾਰਤੀ ਰਾਸ਼ਟਰ-ਪਤੀਆਂ, ਹਿੰਦੂ ਤੇ ਮੁਸਲਮਾਨਾਂ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਮ ਨਾਲ ਸਲਾਹਿਆ,

ਲਿਖਿਆ ਤੇ ਪ੍ਰਚਾਰਿਆ ਹੈ, ਅਗਰ ਨਾਮਧਾਰੀ ਦਰਬਾਰ ਦੀ ਮੱਤ ਬੁਧੀ ਨੇ ਐਸਾ ਨਹੀਂ ਜਾਣ ਪਾਇਆ ਤਾਂ ਗੁਰੂ ਗ੍ਰੰਥ ਜੀ ਦੀ ਗੁਰਤਾ ਵਡਿਆਈ ਨੂੰ ਉਹਨਾਂ ਦੀਆਂ ਫੋਕੀਆਂ ਦਲੀਲਾਂ ਨਾਲ ਗੁਰਸਿਖਾਂ ਦੇ ਦਿਲਾਂ ਵਿਚੋਂ ਘਟਾਇਆ ਨਹੀਂ ਜਾ ਸਕਦਾ। ਜਿਸ ਵਿਚ ਕਬੀਰ ਪੰਥੀ, ਰਵਦਾਸੀਏ, ਰਾਮਾਨੰਦੀਏ ਤ੍ਰਿਲੋਚਨ, ਧੰਨਾ ਜੱਟ ਬਰਾਦਰੀ ਤੇ ਪੀਪਾ ਰਾਜਾ ਦੀਆਂ ਸੰਤਾਨਾਂ ਵੀ ਆਪਣਾ ਆਪਣਾ ਹੱਕ ਤੇ ਵਡਿਆਂ ਦਾ ਗਿਆਨ ਭਰਿਆ ਰਾਖਵਾਂ ਸਰਮਾਇਆ ਸਮਝਦੇ ਹਨ, ਉਸ ਦੀ ਗੁਰਤਾ ਤੇ ਪ੍ਰਭਤਾ ਨੂੰ ਜੇਕਰ ਸਿੱਖ ਰੂਪ ਦੇ ਪੁਤਰ, ਨਹੀਂ ਸਮਝੇ ਤਾਂ ਪਹਿਲੇ ਸਤਿਗੁਰਾਂ ਦੇ ਕੁਝ ਪੁਤਰਾਂ ਨਾਲੋਂ ਇਹਨਾਂ ਦਾ ਦਰਜਾ ਕਿਵੇਂ ਘਟ ਹੋਇਆ, ਕਿ ਜਿਹੜੇ ਉਸ ਵੇਲੇ ਦੇ ਆਪਣੇ ਸਤਿਗੁਰੂ ਪਿਤਾ ਦੀ ਪ੍ਰਭਤਾ ਨੂੰ ਨਹੀਂ ਸਮਝੇ ਸੀ ਤੇ ਗੁਰਗਦੀ ਤੋਂ ਵਾਂਜੇ ਰਹੇ ਅਤੇ ਸਰਾਪੇ ਗਏ ਸਨ ?

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿਰਫ ਇਕ ਜਿਲਦਵੰਦੀ ਰੂਪ ਦਾ ਬਹੁਤ ਵਡਾ ਗ੍ਰੰਥ ਨਾ ਜਾਣੀਏ, ਇਸ ਵਿਚ ਉਕਤ ਕਰੀਬਨ ੪੦ ਬ੍ਰਹਮ ਗਿਆਨੀਆਂ, ਆਤਮ-ਰਸੀਆਂ ਮਹਾਤਮਾਂ ਦੀ ਤਪਸਿਆ ਮਗਰੋਂ ਅਨੁਭਵ ਪ੍ਰਕਾਸ਼ ਹੋਇਆ ਸ਼ਬਦ ਗਿਆਨ ਭਰਪੂਰ ਹੈ ਕਿ ਜਿਸ ਸ਼ਬਦ ਗਿਆਨ ਕਾਰਨ ਉਹ ਭਗਤ ਗੁਰੂ ਜਾਂ ਸੰਤ ਵਿਸ਼ੇਸ਼ਣਾਂ ਨਾਲ ਸਤਿਕਾਰੇ ਗਏ ਤੇ ਕਬੀਰ ਸਾਹਿਬ ਦਸਦੇ—"ਰਾਮ ਕਬੀਰਾ ਏਕ ਭਏ ਹੈ ਕੋਇ ਨਾ ਸਕੈ ਪਛਾਨੀ। ਐਸਾ ਸ਼ਬਦ ਗਿਆਨ ਭਰਪੂਰ (ਚੌਹਾਂ ਵਰਨਾਂ ਕਉ ਸਾਂਝਾ ਉਪਦੇਸ਼) ਜਿਸ ਸ੍ਰੀ ਗੁਰੂ ਗ੍ਰੰਥ ਜੀ ਵਿਚ ਅੰਕਿਤ ਹੈ—ਉਸ ਨੂੰ ਨਾਮਧਾਰੀ ਲੇਖਕ ਆਪਣੇ ਪੰਜ ਭੂਤਕ ਸਰੀਰ ਰਖਦੇ ਗੁਰੂ ਦੀ ਤੁਲਨਾਂ ਦੇਣ ਨੂੰ ਤਿਆਰ ਨਹੀਂ ਤਾਂ ਉਹਨਾਂ ਦੀ ਅਕਲ ਪਰ ਮਾਤਮ ਹੀ ਕਰਨਾ ਚਾਹੀਏ। ਕਿਉਂਕਿ ਸ਼ਬਦ ਬਾਣੀ ਤਾਂ ਉਹ ਗੁਰੂ ਗ੍ਰੰਥ ਜੀ ਦੀ ਵਰਤ ਕੇ ਸ਼ਬਦ ਪ੍ਰਵਾਣਾ ਨਾਲ ਲੋਕਾਂ ਨੂੰ ਭਰਮਾਂਦੇ ਅਤੇ ਆਪਣੇ ਗੁਰੂ ਦੀ ਸ਼ਰਨ ਪਾਉਣਾ ਚਾਹੁੰਦੇ ਹਨ ਜੋ ਠੀਕ ਨਹੀਂ ਹੈ। ਹੁਣ ਅਸੀਂ ਅਸਲ ਮਜਮੂਨ ਸ਼ਬਦ ਗੁਰੂ ਸੁਰਤ ਧੁਨ ਚੇਲਾ ਦੇ ਸਿਖਲੇਖ ਹੇਠਾਂ ਉਹਨਾਂ ਦੇ ਲਿਖੇ ਪ੍ਰਸ਼ਨਾਂ ਤੇ ਦਲੀਲਾਂ ਦਾ ਉਤਰ ਦੇਣਾ ਹੈ—ਪੜ੍ਹੀਏ :

ਪਿਛਲੇ ਸਫਿਆਂ ਵਿਚ "ਸ਼ਬਦ ਗੁਰੂ ਸੁਰਤ ਧੁਨ ਚੇਲਾ" ਦੇ ਅਰਥ ਅਸੀਂ ਭਲੀ ਪ੍ਰਕਾਰ ਲਿਖ ਦਸੇ ਹਨ। ਡਾਕਟਰ ਗੰਡਾ ਸਿੰਘ ਤੇ ਸ: ਅਮਰ ਸਿੰਘ ਦੁਸਾਂਝ ਦੇ ਮਿਲਦੇ ਜੁਲਦੇ ਇਕੋ ਜਿਹੇ ਉਤਰ ਹਨ, ਪਰ ਉਸ (ਮੇਹਰ ਸਿੰਘ ਲੇਖਕ) ਨੂੰ ਯਕੀਨ ਨਹੀਂ ਕਰਾਂਦੇ ਤੇ ਸਫਾ ੩੩ ਪਰ ਲਿਖਦਾ ਹੈ :

> ਇਸ ਗੁਰੂ ਵਾਕ ਵਿਚ ਸ਼ਬਦ ਦੇ ਨਾਲ ਗੁਰੂ ਲਿਖਿਆ ਵੇਖ ਕੇ ਹੀ ਦੇਹਧਾਰੀ ਗੁਰੂ ਤੋਂ ਥਿੜਕੇ ਹੋਇ ਸਿਖਾਂ ਦੀਆਂ ਅਖਾਂ ਵਿਚ ਚਮਕ ਜੇਹੀ ਆ ਜਾਂਦੀ ਹੈ। ਜਿਸ ਤੋਂ ਸਿਧ ਕਰ ਸਕਾਂਗੇ ਕਿ (ਸਾਡਾ) ਸ੍ਰੀ ਗ੍ਰੰਥ ਸਾਹਿਬ ਗੁਰੂ ਹੈ, ਤੇ ਹੁਣ ਕੋਈ ਦੇਹਧਾਰੀ ਗੁਰੂ ਹੋ ਹੀ ਨਹੀਂ ਸਕਦਾ ।...ਡਾਕਟਰ ਗੰਡਾ ਸਿੰਘ ਵਰਗੇ ਸਿਖ ਵਿਦਵਾਨ ਕੁਝ ਇਸ ਤਰ੍ਹਾਂ ਲਿਖਣ ਲਗ ਪਏ ਹਨ ਕਿ ਗੁਰੂਆਂ ਦੇ ਵੇਲੇ ਵੀ ਗੁਰੂ ਸਾਹਿਬਾਨ ਬਾਣੀ ਦੁਵਾਰਾ ਹੀ ਉਪਦੇਸ਼ ਕਰਦੇ ਸਨ ਇਸ ਵਾਸਤੇ ਅਸਲੀ ਗੁਰੂ ਗੁਰੂ ਬਾਣੀ ਹੈ।

ਪੁਸਤਕ ਦਾ ਲੇਖਕ ਮੇਹਰ ਸਿੰਘ ਦਸਦਾ ਕਿ ਇਸ਼ ਦਾ ਉਤਰ ਇਸੇ ਮਾਸਕ ਪਤਰ (ਜੀਵਨ ਪ੍ਰੀਤੀ) ਦੇ ਮਾਰਚ ਅੰਕ ਵਿਚ ਛਪਵਾ ਦਿਤਾ ਸੀ ਜਿਸ ਤੋ ਪਾਠਕਾਂ ਨੂੰ ਡਾਕਟਰ ਸਾਹਿਬ ਦੀ ਇਤਿਹਾਸ਼ਕ ਈਮਾਨਦਾਰੀ ਬਾਰੇ ਜ਼ਰੂਰ ਕੁਝ ਰੋਸ਼ਨੀ ਮਿਲੀ ਹੋਵੇਗੀ। ਕਿ ਦੇਹਧਾਰੀ ਦਾ ਖੰਡਨ ਕਰਨ ਵਾਲਾ ਕੋਈ ਵੀ ਗੁਰਮਤ ਦਾ ਵਿਰੋਧੀ ਹੈ।

ਉਕਤ ਲਿਖਤ ਤੋਂ ਪਾਠਕਾਂ ਨੇ ਅੰਦਾਜ਼ਾ ਲਾਣਾ ਹੈ ਕਿ ਕਿਤਨੇ ਰੁਖੇਪਨ ਅਤੇ ਫੋਕੀਆਂ ਦਲੀਲਾਂ ਨਾਲ ਇਹ ਦੇਹਧਾਰੀ ਗੁਰੂ ਦਾ ਸਾਦਕ ਤੇ ਦੂਜੇ ਅੰਮ੍ਰਿਤਧਾਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਵਾਲਿਆਂ ਨੂੰ ਗੁਰਮਤ ਦਾ ਵਿਰੋਧੀ ਦਸਦਾ ਹੈ।

ਫਿਰ ਅਗੇ ਦੇ ਸਫਾ ੩੪ ਪਰ ਲਿਖਦਾ ਕਿ ਸ੍ਰੀ ਗ੍ਰੰਥ ਸਾਹਿਬ ਨੂੰ ਗੁਰੂ ਸਿੱਧ ਕਰਨ ਵਾਸਤੇ ਨਾ ਕੋਈ ਗੁਰਬਾਣੀ ਵਿਚ ਹੀ ਅਜਿਹਾ ਹੁਕਮ ਹੈ ਕਿ ਜਿਸ ਤੋਂ ਸਿੱਧ ਹੋ ਸਕੇ ਕਿ ਸ਼੍ਰੀ ਗ੍ਰੰਥ ਸਾਹਿਬ ਗੁਰੂ ਹੈ ਅਤੇ ਇਸ ਲਈ ਕੋਈ ਦੇਹਧਾਰੀ ਗੁਰੂ ਨਹੀਂ ਹੋ ਸਕਦਾ, ਤੇ ਨਾ ਹੀ ਪ੍ਰਾਚੀਨ ਤੇ ਪ੍ਰਮਾਣੀਕ ਇਤਿਹਾਸ ਵਿਚ ਹੀ ਅਜਿਹਾ ਵਰਨਣ ਆਇਆ ਹੈ ਸਗੋਂ ਸ਼ਬਦ ਗੁਰੂ ਸੁਰਤ ਧੁੰਨ ਚੇਲਾ ਅਤੇ ਬਾਣੀ ਗੁਰੂ ਗੁਰੂ ਹੈ ਬਾਣੀ... ਆਦਿਕ ਵਾਕਾਂ ਦੀ ਰਚਨਾਂ ਹੋ ਜਾਣ ਉਪਰੰਤ ਵੀ ਸ੍ਰੀ ਗੁਰੂ ਸਾਹਿਬਾਨ ਦੇ ਅਨੇਕ ਚਰਿਤਰਾਂ ਅਤੇ ਅਸਥਾਨਾਂ ਦੇ ਪ੍ਰਚਾਰ ਦੌਰਿਆਂ ਦਾ ਵਰਨਣ ਆਇਆ ਹੈ, ਪਰ ਕਿਸੇ ਗੁਰੂ ਦਵਾਰਾ ਕਿਸੇ ਅਸਥਾਨ ਤੇ ਵੀ ਇਹ ਪ੍ਰਚਾਰ ਨਹੀਂ ਕੀਤਾ ਗਿਆ ਕਿ ਸ਼ਬਦ ਗੁਰੂ ਹੈ ਜਾਂ ਬਾਣੀ ਗੁਰੂ ਹੈ। ਇਸ ਲਈ ਦੇਹਧਾਰੀ ਦੀ ਲੋੜ ਨਹੀਂ।

ਅਸੀਂ ਇਕ ਤੋਂ ਵਧੇਰੇ ਵਾਰ ਦਸਿਆ ਹੈ ਕਿ ਉਸ ਵੇਲੇ ਗੁਰੂ ਸਰੀਰਾਂ ਵਿਚ ਵਰਤ ਰਹੇ ਸਤਿਗੁਰੂ ਸਾਹਿਬਾਨਾਂ ਨੂੰ ਐਸਾ ਪ੍ਰਚਾਰ ਕਰਨ ਦੀ ਲੋੜ ਨਹੀਂ ਸੀ ਕਿ ਉਹ ਲੋਕਾਂ ਨੂੰ ਆਖਦੇ ਫਿਰਦੇ ਕਿ ਸਾਨੂੰ ਦੇਹਧਾਰੀ ਰੂਪ ਵਿਚ ਗੁਰੂ ਨਾ ਮੰਨੀਏ। ਤੇ ਸਿਰਫ਼ ਸ਼ਬਦ ਨੂੰ ਗੁਰੂ ਮੰਨੀਏ। ਹਾਂ ਸਿੱਧਾਂ ਨੇ ਜਿਸ ਵੇਲੇ ਗੁਰੂ ਸਾਹਿਬ ਨੂੰ ਸਭਾ ਜਿੱਤ ਜਾਣਿਆ ਤਾਂ ਉਹਨਾਂ ਨੇ ਪੁਛਿਆ ਸੀ। 'ਕਉਣ ਗੁਰੂ ਕਿਸ ਕਾ ਤੂੰ ਚੇਲਾ'—ਸਿੱਧਾਂ ਨੇ ਇਸ ਖਿਆਲ ਨਾਲ ਪੁਛਿਆ ਸੀ ਕਿ ਐਸੇ ਸੁਘੜ ਗਿਆਨਵਾਨ ਦਾ ਪਤਾ ਚਲਣਾਂ ਚਾਹੀਏ ਕਿ ਕਿਸ ਗੁਰੂ ਦਾ ਚੇਲਾ ਹੈ? ਤਦ ਗੁਰੂ ਜੀ ਦਾ ਉਤਰ ਸੀ--'ਸ਼ਬਦ ਗੁਰੂ ਸੁਰਤ ਧੁੰਨ ਚੇਲਾ।' ਇਸ ਤੋਂ ਵਧ ਕੇ ਹੋਰ ਕੀ ਪੱਕਾ ਸਬੂਤ ਚਾਹੀਦਾ ਹੈ। ਜਿਸ ਦਾ ਨਿਰਨਾ ਅਰਥ ਅਸੀਂ ਪਿਛਲੇ ਸਫਿਆਂ ਵਿਚ ਦਿਤਾ ਸੀ ਕਿ ਗੁਰੂ ਜੀ ਬਹੁਤ ਉਚੇ ਖਿਆਲਾਂ ਦੇ ਸਨ। ਉਹਨਾਂ ਸੁਲਤਾਨਪੁਰ ਦੀ ਮਸਜਿਦ ਵਿਚ ਨਵਾਬ ਦੌਲਤ ਖਾਨ ਤੇ ਕਾਜ਼ੀ ਨਾਲ ਖਲੋ ਕੇ ਨਿਮਾਜ਼ ਇਸੇ ਕਰਕੇ ਨਹੀਂ ਪੜ੍ਹੀ ਸੀ ਕਿ ਉਹਨਾਂ ਦੀ ਸੁਰਤਿ (ਤਵਜੋ ਧਿਆਨ) ਰੂਪੀ ਨਿਮਾਜ਼ੀ ਚੇਲਾ (ਪੜੇ ਜਾ ਰਹੇ ਕਲਮਾ) ਕਲਾਮ (ਸ਼ਬਦ) ਰੂਪੀ ਮੁਰਸ਼ਿਦ ਨਾਲ ਇਕਾਗਰ ਨਹੀਂ ਸੀ। ਇਸ ਵਾਸਤੇ ਗੁਰੂ ਜੀ ਦਾ ਸਿਧਾਂ ਪ੍ਰਤੀ ਉਤਰ ਠੀਕ ਸੀ ਕਿ "ਸ਼ਬਦ ਗੁਰੂ ਸੁਰਤ ਧੁੰਨ ਚੇਲਾ' ਹੈ।

ਇਸ ਤੋਂ ਵਖਰੇ ਮੇਰੇ ਪਾਸ ੪੪੩ ਸਾਲ ਦੀ ਅਤਿ ਪੁਰਾਣੀ ਹਥ ਲਿਖੀ "ਸ੍ਰੀ ਜਪੁਜੀ ਪਰਮਾਰਥ" ਪੋਥੀ ਹੈ। ਜੋ ਗੁਰੂ ਨਾਨਕ ਦੇਵ ਅਤੇ ਗੁਰੂ ਅੰਗਦ ਜੀ ਵਿਚਾਲੇ ਸ੍ਰੀ ਜਪੁਜੀ ਦੀ ਰਚਨਾਂ ਬਾਬਤ ਵਾਰਤਾਲਾਪ ਹੈ। ਉਹ ਸਾਰੀ ਗਲਬਾਤ ਉਸ ਵਕਤ ਦੇ ਨਿਜੀ ਸੇਵਕ (ਸ਼ਾਇਦ ਸਾਧਾਰਨ ਨਾਮ ਸੀ) ਨੇ ਸੁਣੀ। ਉਹ ਖੁਦ ਉਸ ਨੇ ਲਿਖੀ

ਜਾਂ ਹੋਰ ਕਿਸੇ ਲੇਖਕ ਨੂੰ ਬੋਲ ਕੇ ਲਿਖਾਈ ਤੇ ਅਜੇ ਸ੍ਰੀ ਅੰਗਦ ਜੀ ਨੂੰ ਗੁਰਗਦੀ ਨਹੀਂ ਮਿਲੀ ਸੀ—ਇਉਂ ਜਾਪਦਾ ਹੈ—ਸ਼ੁਰੂ ਐਸਾ ਕੀਤਾ ਹੈ :

"ਸ੍ਰੀ ਬਾਬਾ ਨਾਨਕ ਏਕ ਦਿਨ ਪੰਜਾਬ ਦੀ ਧਰਤੀ ਕਰਤਾਰਪੁਰ ਬੈਠਾ ਥਾ, ਅਰ ਦਰਗਹ ਪਰਮੇਸਰ ਕੀ ਬੁਲਾਇਆ। ਫਿਰ ਹੁਕਮ ਸਾਥ ਇਸ ਜਹਾਨ ਵਿਚ ਆਇਆ ਤਬ ਇਕਸ ਅੰਗਦ ਸਿਖ ਨੂੰ ਬੁਲਾਇਆ। ਬੁਲਾਏਕਰ ਗੁਰੂ ਬਾਬੇ ਨਾਨਕ ਜੀ ਆਖਿਆ, ਜੋ ਪੁਰਖਾ ਅੰਗਦਾ ਪਾਰਬ੍ਰਹਮ ਦੀ ਆਗਿਆ ਹੋਈ ਹੈ। ਜੋ ਮੇਰੀ ਸਿਫਤ ਕਰਣੀ ਅਰ ਲੋਕਾਂ ਤੇ ਕਰਾਉਣੀ।"...

ਫੇਰ ਸਫਾ ੪ ਪਰ ਐਸਾ ਲਿਖਿਆ ਹੈ :

"ਤਬ ਬਾਰਹੁ ਘੜੀਆਂ ਰਾਤ ਆਇ ਰਹੀ ਪਿਛਲੀ। ਤਾਂ ਬਾਬਾ ਨਾਨਕ ਜੀ ਨਾਤਾ। ਤਾ ਛਿਆ ਘੜੀਆਂ ਵਿਚ ਬਾਬਾ ਨਾਨਕ ਜੀ ਨਾਇ ਕਰਿ ਪਹੁਤਾ। ਜਾਂ ਛਿਅ ਘੜੀਆਂ ਅਧਿਅਨ ਦੀਆਂ ਮੁਕੀਆਂ ਤਾਂ ਗੁਰੂ ਬਾਬੇ ਅਧਿਅਨ ਖੋਹਲਿਆ। ਤਬ ਅੰਗਦ ਸਿਖ ਕੁ ਗੁਰ ਬਾਬੇ ਆਗਿਆ ਕਰੀ।"

ਨੋਟ—ਇਸ ਉਕਤ ਪੋਥੀ ਦੀ ਲਿਖਤ ਦਾ ਥੋਹੜਾ ਨਮੂਨਾ ਦਸਿਆ, ਜੋ ਪਾਠਕਾਂ ਨੂੰ ਇਸ ਦੀ ਪੁਰਾਤਸ਼ਤਾ ਦਾ ਪਤਾ ਲਗ ਜਾਇ ਕਿ ਸਿਖ ਇਤਿਹਾਸ ਵਿਚ ਇਹ ਸਭ ਤੋਂ ਪਹਿਲੀ ਅਤੇ ਗੁਰੂ ਨਾਨਕ ਦੇਵ ਦੀ ਵਾਰਤਕ ਉਚਾਰੀ ਲਿਖਤ ਹੈ। ਜਿਸ ਬਾਬਤ ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰੂ ਅੰਗਦ ਜੀ ਵਲੋਂ ਖਡੂਰ ਸਾਹਿਬ ਵਿਚ ਲਿਖਾਈ ਜਨਮ ਸਾਖੀ ਤੋਂ ਹੋਰ ਦੋ ਸਾਲ ਪਹਿਲੇ ਦੀ ਲਿਖਤ ਹੈ। ਜਿਸਨੂੰ ਹੁਣ ਅਸੀਂ ਅਕਤੂਬਰ-ਨਵੰਬਰ ੧੯੮੧ ਵਿਚ ਛਾਪਿਆ ਹੈ।

ਇਸ "ਜਪੁਜੀ ਪਰਮਾਰਥ" ਪੋਥੀ ਵਿਚ ਗੁਰੂ ਨਾਨਕ ਦੇਵ ਜੀ ਵਲੋਂ ਗੁਰੂ ਅੰਗਦ ਜੀ ਪ੍ਰਥਾਇ ਸ੍ਰੀ ਜਪੁ ਬਾਣੀ ਅਰਥ ਬੋਧ ਉਚਾਰਨ ਵੇਲੇ ਇਹ ਵੀ ਦਸਿਆ ਲਿਖਿਆ ਹੈ ਕਿ ਅਚਲ ਵਟਾਲੇ ਮੇਲੇ ਵੇਲੇ ਸਿਧਾਂ ਨੇ ਸਾਡੇ ਗੁਰੂ ਦਾ ਨਾਮ ਵੀ ਪੁਛਿਆ ਸੀ ਅਤੇ ਅਸੀਂ ਕਹਿਆ ਸੀ ਕਿ ਸਾਡਾ ਗੁਰੂ ਸਚ (ਪਰਮੇਸਰ) ਹੈ। ਇਹ ਜ਼ਿਕਰ ਬਹੁਤ ਸੁਆਦਲਾ ਹੈ, ਵਿਸਥਾਰ ਨਾਲ ਪੋਥੀ ਵਿਚ ਦਸਿਆ ਹੈ। ਇਥੇ ਨਮੂਨਾ ਹੀ ਲਿਖਿਆ ਹੈ--

ਸੋਚੀਏ ! ਕੀ ਗੁਰੂ ਨਾਨਕ ਦੇਵ (ਜੋ ਸੱਚ ਦਾ ਪੁਜਾਰੀ ਸੱਚ ਦਾ ਪ੍ਰਚਾਰਕ ਸੀ) ਇਹ ਝੂਠ ਕਿਹਾ ? ਨਹੀਂ, ਉਹਨਾਂ ਨੂੰ ਕਿਸੇ ਦਾ ਡਰ ਨਹੀਂ ਸੀ ਅਤੇ ਸੱਚ ਫੁਰਮਾਇਆ ਕਿ ਮੇਰਾ ਸੱਚ (ਜੋ ਹੈ ਪ੍ਰਮੇਸਰ) ਸ਼ਬਦ ਗੁਰੂ ਹੈ। ਉਹਨਾਂ ਵਲੋਂ ਪਿਛੇ ਵੀ ਹਵਾਲਾ ਦਿਤਾ ਹੈ, ਅਗਰ ਉਹਨਾਂ ਦਾ ਕੋਈ ਦੇਹਧਾਰੀ ਕਿਸੇ ਹੋਰ ਨਾਮ ਦਾ ਗੁਰੂ ਹੁੰਦਾ, ਤਾਂ ਗੁਰੂ ਗੋਬਿੰਦ ਸਿੰਘ ਆਪਣੀ ਇਸ ਗੁਰਗਦੀ ਨੂੰ ਉਸ ਨਾਮ ਤੋਂ ਸ਼ੁਰੂ ਕਰਦੇ ਤੇ ਅਰਦਾਸ ਵਿਚ ਗੁਰੂ ਨਾਨਕ ਤੋਂ ਪਹਿਲੇ ਉਸ ਦਾ ਨਾਮ ਲਿਖਦੇ। ਪਰ ਉਹਨਾਂ ਦਾ ਗੁਰੂ ਅਕਾਲ ਪੁਰਖ ਸੀ—੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹਿ--ਉਪਰੰਤ ਉਹਨਾਂ ਆਦਿ ਸ਼ਕਤੀ--ਸ੍ਰੀ ਭਗਉਤੀ ਨੂੰ ਸਿਮਰਕੇ ਗੁਰੂ ਨਾਨਕ ਨੂੰ ਧਿਆਇਆ ਹੈ ਜਿਸ ਤੇ ਸਾਫ ਸਾਬਤ ਹੈ ਕਿ ਉਹਨਾਂ ਨੇ ਕਈ ਵੇਰ ਆਪਣਾ ੧ ਓ ਅੰਕਾਰ ਹੀ 'ਸ਼ਬਦ ਰੂਪ' ਗੁਰੂ ਦਸਿਆ ਹੈ।

ਲੇਖਕ ਮੋਹਰ ਸਿੰਘ ਨੂੰ ਇਸ ਤੋਂ ਵਧ ਹੋਰ ਕੀ ਸਬੂਤ ਚਾਹੀਏ ? ਤਦ ਵੀ ਉਹ ਆਪਣੀ ਲਿਖਤ (ਸ਼ਬਦ ਗੁਰੂ) ਦੇ ਨਾਲ ਲਿਖਦਾ ਕਿ ਕਿਸੇ ਗੁਰੂ ਸਾਹਿਬ ਨੇ ਪ੍ਰਚਾਰ ਵਿਚ ਇਹ ਨਹੀਂ ਦਸਿਆ ਕਿ ਬਾਣੀ ਗੁਰੂ ਹੈ ਜਾਂ ਸ਼ਬਦ ਗੁਰੂ ਹੈ ।

ਹੁਣ ਪਾਠਕ ਵਿਚਾਰ ਕਰਨ ਕਿ ਉਕਤ ਲੇਖਕ ਦਾ ਭੋਲਾਪਨ ਜਾਣੀਏ ਜਾਂ ਕਪਟ ਭਰਿਆ ਸਮਝੀਏ ! ਇਸ ਗੁਰੂ ਬਾਣੀ ਨੂੰ ਆਪ ਹੀ ਲਿਖਦਾ (ਬਾਣੀ ਗੁਰੂ ਗੁਰੂ ਹੈ ਬਾਣੀ) ਫੇਰ ਆਖਦਾ ਪ੍ਰਚਾਰ ਵਿਚ ਕਿਤੇ ਵੀ ਨਹੀਂ ਕਿਹਾ ਕਿ ਬਾਣੀ ਗੁਰੂ ਹੈ । ਗੁਰੂ ਸਾਹਿਬ ਤਾਂ ਬਾਣੀ ਜੋ ਉਚਾਰਦੇ, ਦੀਵਾਨ ਵੇਲੇ ਅਰਥ ਸੁਣਾਇਆ ਕਰਦੇ ਸਨ । ਇਕ ਹੋਰ ਥਾਏਂ ਵੀ ਫੁਰਮਾਇਆ ਨੇ--"ਇਕੋ ਬਾਣੀ ਇਕ ਗੁਰ ਇਕੋ ਸ਼ਬਦ ਵਿਚਾਰ' ਤਾਂ ਪਾਠਕਾਂ ਨੂੰ ਯਕੀਨ ਕਰਨਾ ਚਾਹੀਏ ਕਿ ਇਤਨੇ ਪੱਕੇ ਪ੍ਰਮਾਣ ਗੁਰਬਾਣੀ ਦੇ ਅਤੇ ਪੁਰਾਤਨ ਪੁਸਤਕਾਂ ਦੇ ਪੜ ਕੇ ਵੀ ਉਸ ਨੇ ਆਪਣਾ ਹੱਠ ਛਡਣਾ ਨਹੀ ਹੈ । ਪਰ ਅਸੀਂ ਉਸ ਨੂੰ "ਸ਼ਬਦ ਗੁਰੂ ਸੁਰਤ ਧੁਨ ਚੇਲਾ" ਦੇ ਸਿਰਲੇਖ ਦਾ ਮੁਨਾਸਬ ਉਤਰ ਦਿਤਾ ਹੈ। ਜਿਸ ਦਾ ਸਾਫ ਨਤੀਜਾ ਇਹੋ ਹੈ ਕਿ ਅਸਲ ਵਿਚ ਸ਼ਬਦ ਹੀ ਗੁਰੂ ਹੈ ਤੇ ਕਿਸੇ ਦੀ ਸੁਰਤ ਹੀ ਚੇਲਾ ਹੈ ।

ਇਸ ਸਿੱਟੇ ਦੀ ਗਲ ਨੂੰ ਇਉਂ ਵੀ ਸਮਝੀਏ ਕਿ ਕੋਈ ਗੁਰੂ ਕਿਸੇ ਸਿੱਖ ਨੂੰ ਗੁਰ ਮੰਤ੍ਰ ਨਾਲ ਦੀਖਤ ਕਰੇ । ਅਤੇ ਥੋੜੇ ਜਾਂ ਬਹੁਤ ਦਿਨਾਂ ਬਾਅਦ ਸਿਖ ਮਰ ਜਾਏ ? ਤਦ ਗੁਰੂ ਤਾਂ ਜੀਉਂਦਾ ਦੁਨੀਆਂ ਵਿਚ ਰਹੇਗਾ । ਉਸ ਦੀ ਅਗਲੇ (ਅਨਦਿਸਦੇ) ਜਹਾਂ ਵਿਚ ਸੇਵਕ ਦੀ ਜੀਵ ਆਤਮਾ ਵਿਚ ਰਮਿਆ ਗੁਰੂ ਸ਼ਬਦ ਹੀ ਸਹਾਇਕ ਹੋਏਗਾ । ਇਸ ਪਰ ਹੋਰ ਪ੍ਰਮਾਣ :

ਤਿਥੈ ਤੂੰ ਸਮਰਥ ਜਿਥੈ ਕੋਇ ਨਾਹਿ
ਓਥੈ ਤੇਰੀ ਰਖ ਅਗਨੀ ਉਦਰ ਮਾਹਿ ॥
ਸੁਣ ਕੈ ਜਮ ਕੇ ਦੂਤ ਨਾਇ ਤੇਰੈ ਛਡ ਜਾਹਿ ॥
ਭਉਜਲ ਬਿਖਮ ਅਸਗਾਹ ਗੁਰਸਬਦੀ ਪਾਰਪਾਹਿ ॥੯੬੧॥

ਭਉਜਲ ਬਿਨ ਸਬਦੈ ਕੈਸੇ ਤਰੀਏ ॥
ਨਾਮ ਬਿਨਾਂ ਜਗੁ ਰੋਗ ਬਿਆਪੇ ॥
ਦੁਬਿਧਾ ਡੁਬਿ ਡੁਬਿ ਮਰੀਐ ॥ (ਸ਼ਬਦ ਅਖੀਰ ਵਿਚ ਫੁਰਮਾਇਆ)
ਗੁਰ ਤੇ ਮਨ ਮਾਰਿਆ ਸਬਦ ਵਿਚਾਰਿਆ ਤੇ ਵਿਰਲੇ ਸੰਸਾਰਾ ॥
ਨਾਨਕ ਸਾਹਿਬ ਭਰਿ ਪੁਰਿ ਲੀਣਾ ਸੱਚ ਸਬਦ ਨਿਸਤਾਰਾ ॥
(ਮ: ੧-੧੧੨੫)

ਹੁਕਮੀ ਹੋਇ ਨਿਬੇੜੁ ਗਇਆ ਜਾਣੀਐ ॥
ਭਵਜਲ ਤਾਰਣਹਾਰ ਸਬਦ ਪਛਾਣੀਐ ॥ (ਮਹਲਾ ੧--੧੨੮੯)

# ਸ੍ਰੀ ਗ੍ਰੰਥ ਸਾਹਿਬ ਗੁਰੂ

ਪੁਰਖ ਗੁਰੂ ਪੁਸਤਕ ਦਾ ਲੇਖਕ ਚੌਥਾ ਮਜ਼ਮੂਨ ਉਹ 'ਸ੍ਰੀ ਗ੍ਰੰਥ ਸਾਹਿਬ ਗੁਰੂ' ਦੇ ਸਿਰਲੇਖ ਹੇਠਾਂ ਸ਼ੁਰੂ ਕਰਦਾ। ਇਸ ਪੁਸਤਕ ਵਿਚ ਆਇ ਸਾਰੇ ਸਿਰਲੇਖਾਂ ਹੇਠ ਲਿਖੇ ਮਜ਼ਮੂਨਾਂ ਵਿਚੋਂ ਅਖੀਰ ਦੇ ਇਕ ਦੋ ਛਡ ਕੇ ਬਾਕੀ ਦੇ ਲੇਖਾਂ ਵਿਚ ਗੁਰੂ ਗ੍ਰੰਥ ਸਾਹਿਬ ਨੂੰ (ਗੁਰਗਦੀ ਨਸ਼ੀਨ) ਮੰਨਣ ਵਾਲੇ ਗੁਰਸਿਖਾਂ ਨੂੰ ਥਿੜਕੇ ਹੋਏ, ਭੁਲੜ ਅਤੇ ਨਿਗੁਰੇ, ਸਮਝ ਰਿਹਾ ਤੇ ਨਾਂਦੇੜ ਵਿਚ 'ਗੁਰਗਦੀ' ਦਿਤੀ ਗਈ ਦੀ ਸਾਖੀ ਨੂੰ ਮਨਘੜਤ ਦਸਦਾ ਹੋਇਆ—ਅੰਗਰੇਜ਼ੀ ਰਾਜ ਵੇਲੇ ਦੇ ਇਸ ਸਾਖੀ ਦੇ ਲੇਖਕਾਂ (ਭਾਈ ਕਾਹਨ ਸਿੰਘ ਜੈਸਿਆਂ) ਨੂੰ ਅੰਗਰੇਜ਼ਾਂ ਦੇ ਪਿੱਠੂ ਦਸਦਾ ਪਿਆ ਹੈ ਕਿ ਨਾਮਧਾਰੀ ਬਾਬਾ ਰਾਮ ਸਿੰਘ ਜੀ ਨੂੰ ਸਤਿਗੁਰੂ ਮੰਨਣ ਲਗ ਪਏ ਸਿਖਾਂ ਨੂੰ "ਗ੍ਰੰਥ ਸਾਹਿਬ" ਦੀ ਗੁਰਤਾ ਦਾ ਵਿਸ਼ਵਾਸ ਤੇ ਗਿਆਨ ਕਰਾ ਕੇ ਇਹਨਾਂ (ਗੁਰੂ ਰਾਮ ਸਿੰਘ) ਨਾਲੋਂ ਤੋੜੀਏ। ਅੰਗਰੇਜ਼ ਦੀ ਇਸ ਖਾਹਸ਼ ਨੂੰ ਭਾਈ ਕਾਹਨ ਸਿੰਘ ਨੇ ਪੂਰਾ ਕੀਤਾ।

ਇਧਰ ਬਾਬਾ ਰਾਮ ਸਿੰਘ ਨੂੰ ੧੨ਵਾਂ ਸਤਿਗੁਰੂ ਸਿੱਧ ਕਰਨ ਵਾਸਤੇ ਇਹਨਾਂ ਨੇ ਕੁਝ ਪ੍ਰਚਲਤ ਸਾਖੀਆਂ ਦੇ ਥੰਮਾਂ ਉਤੇ ਆਪਣੀ ਬੇ-ਸ਼ੁਮਾਰ ਹੁਜਤਾਂ ਭਰੀਆ ਦਲੀਲਾਂ ਦੇ ਸ਼ਤੀਰਾਂ ਦਾ ਛੱਤ ਪਾ ਕੇ ਹੇਠਾਂ ਨਾਮਧਾਰੀ ਗੁਰੂ ਜੀ ਨੂੰ ਬਿਠਾਣਾ ਅਤੇ ਗੁਰੂ ਨਾਨਕ ਦੇਵ ਜੀ ਦੀ ਚਾਲੂ ਗੁਰਗਦੀ ਦਾ ਵਾਰਸ ਬਨਾਣਾ ਚਾਹਿਆ ਹੈ। ਉਹ ਸਾਖੀਆਂ ਇਹ ਹਨ :

੧. ਗੁਰੂ ਗੋਬਿੰਦ ਸਿੰਘ ਨਾਂਦੇੜ ਵਿਚ ਜੋਤੀ ਜੋਤ ਨਹੀਂ ਸਮਾਏ। ਉਹ ਜੀਊਂਦੇ ਜੀ ਘੋੜੇ ਤੇ ਸਵਾਰ ਹੋ ਕੇ ਨਿਕਲ ਗਏ ਸਨ।

੨. ਉਹਨਾਂ ਦਾ ਅੰਗੀਠਾ ਫੋਲਣ ਵੇਲੇ ਸਵੇਰੇ ਸਿਵਾਏ ਛੋਟੀ ਕਿਰਪਾਨ ਦੇ ਕੁਝ ਨਹੀਂ ਮਿਲਿਆ ਸੀ।

੩. ਉਹ ਕੁਝ ਕੋਹਾਂ ਦੀ ਵਿੱਥ ਉਤੇ ਇਕ ਸਾਧੂ ਨੂੰ ਮਿਲੇ ਤੇ ਸੁਨੇਹਾ ਦੇ ਭੇਜਿਆ ਕਿ ਖਾਲਸਾ ਤੰਗੀ ਨਾਂ ਕਰੇ।

੪. ਉਹਨਾਂ ਦੋ ਮਰਹੱਟਾ ਸਰਦਾਰਾਂ ਨੂੰ ਕਿਲੇ ਵਿਚੋਂ ਇਕ ਇਕ ਰਕਾਬ ਫੜਾ ਕੇ ਉਡਾਇਆ ਤੇ ਦੂਰ ਛਡਿਆ ਸੀ।

੫. ਉਹਨਾਂ ਹੁਕਮ ਕੀਤਾ ਸੀ ਸਾਡੀ ਸਮਾਧ ਨਾ ਬਨਾਉਣੀ ਜੋ ਬਣਾਏਗਾ ਉਸ ਦੀ ਕੁਲ ਨਾਸ਼ ਹੋ ਜਾਏਗੀ।

ਇਹਨਾ ਸਾਖੀਆਂ ਉਤੇ ਆਪਣੀ ਸਮਝ ਮੁਤਾਬਕ ਵਿਸ਼ਵਾਸ ਕਰਕੇ ਪੁਸਤਕ "ਪੁਰਖ ਗੁਰੂ ਦੇ ਲੇਖਕ ਨੇ "ਗੁਰੂ ਗੋਬਿੰਦ ਸਿੰਘ" ਜੀ ਨੂੰ ੯੦ ਸਾਲ ਤੀਕ ਉਹਲੇ

ਰਹੇ ਲਿਖਿਆ ਤੇ ੧੯੫੫ ਵਿਚ ਕਿਸੇ ਸਿੱਖ ਨੂੰ ਜੰਗ ਵਿਚ ਦਰਸ਼ਨ ਦਿਤੇ ਮਗਰੋਂ ਬਾਬਾ ਬਾਲਕ ਸਿੰਘ ਨੂੰ ਮਿਲੇ, ਗੁਰਗਦੀ ਬਖਸ਼ੀ ਤੇ ੧੨ਵੀਂ ਥਾਏਂ ਬਾਬਾ ਰਾਮ ਸਿੰਘ ਰੂਪ ਵਿਚ ਪ੍ਰਗਟਾਣਾ ਦਸਿਆ ਹੈ। ਇਹਨਾਂ ਸਾਖੀਆਂ ਬਾਬਤ ਤਾਂ ਆਪਣੀ ਆਪਣੀ ਥਾਏਂ ਉਤਰ ਦੇਣਾ ਹੈ, ਪਰ ਨਹੀਂ ਪਤਾ ਕਿ ਮੇਹਰ ਸਿੰਘ ਲੇਖਕ ਨੇ ਇਸ ਮਨੌਤ ਨੂੰ ਸੱਚਾ ਸਾਬਤ ਕਰਨ ਵਾਸਤੇ ਕਿਤਨੇ ਸਾਲ ਮਿਹਨਤ ਕੀਤੀ ਹੈ ?

ਫਿਰ ਇਹ ਸੋਚੀਏ ਕਿ ਜਿਵੇਂ ਕਿਸੇ ਕੋਠੀ (ਮਕਾਨ) ਦੀ ਤਿਆਰੀ ਵਾਸਤੇ ਕਿਤਨਾ ਸਮਾਂ, ਮਸਾਲਾ; ਲੋਹਾ, ਲਕੜੀ, ਸੀਮਿੰਟ, ਇਟਾਂ ਤੇ ਤਿਆਰੀ ਵਾਸਤੇ ਖਰਚਾ ਤੇ ਸਮਾਂ ਚਾਹੀਏ, ਤਿਵੇਂ ਇਸ ਪੁਰਖ ਗੁਰੂ ਦੀ ਤਿਆਰੀ ਵਾਸਤੇ ਵੀ ਉਸ ਨੇ ਅਗਿਣਤ ਪੁਸਤਕਾਂ, ਰਸਾਲਿਆਂ, ਗੁਰ-ਬਿਲਾਸਾਂ ਤੇ ਸਿੱਖ ਇਤਿਹਾਸਾਂ ਤੋਂ ਵਖਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਆਪਣੇ ਮਤਲਬ ਦੇ ਸ਼ਬਦਾਂ ਦੀ ਚੋਣ ਪੜਤਾਲ ਕਰਨੀ। ਫੁਟ ਨੋਟ ਲੈਣੇ, ਫਿਰ ਕੱਚੀ ਮਗਰੋਂ ਪੱਕੀ ਲਿਖਾਈ ਕਰਕੇ ਛਪਵਾਣ ਤੀਕ ਉਸ ਨੇ ਕਿਤਨਾਂ ਸਮਾਂ ਨਸ਼ਟ ਤੇ ਖਰਚਾ ਕੀਤਾ ਹੋਣਾ ਹੈ ? ਮੈਂ ਨਾਮਧਰੀਕ ਲਿਖਾਰੀ ਤੇ ਦੂਜੇ ਰੀਸਰਚ ਸਕਾਲਰ ਹੀ ਜਾਣ ਸਕਦੇ ਹਨ ਕਿ ਇਹ ਦੋ ਚਾਰ ਸਾਲਾਂ ਦੀ ਪੜਤਾਲ ਤੇ ਲਿਖਾਈ ਦਾ ਕੰਮ ਨਹੀਂ ਸੀ, ਪਰ ਉਸ ਨੇ ਕੀਤਾ, ਤੇ ਨਾਮਧਾਰੀ ਦਰਬਾਰ ਪਾਸੋਂ ਭਾਰੀ ਬਖਸ਼ੀਸ਼ ਪ੍ਰਾਪਤੀ ਦੀ ਖਾਹਸ਼ ਵਿਚ ਹੀ ਕੀਤਾ ਹੋਣਾ ਹੈ। ਤਦ ਵੀ ਉਹ ਦਸਦਾ ਹੈ ਕਿ ਮੈਂ ਸਚ ਨੂੰ ਸਾਹਮਣੇ ਕਰਨ ਨੂੰ ਯਤਨ ਕੀਤਾ ਹੈ ਕਿਉਂਕਿ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਵਾਲੇ ਅਸਲੀਅਤ ਤੋਂ ਥਿੜਕੇ ਹੋਏ, ਕੁਰਾਹੇ ਪਏ ਭਟਕਦੇ ਹਨ। ਹੁਣ ਅਸੀਂ ਸ੍ਰੀ ਗ੍ਰੰਥ ਸਾਹਿਬ ਗੁਰੂ ਦੇ ਸਿਰਲੇਖ ਹੇਠਾਂ ਉਹਦੇ ਵਿਚਾਰ ਤੇ ਪ੍ਰਸ਼ਨਾਂ ਦਾ ਉਤਰ ਦੇਣਾ ਹੈ—ਪੜ੍ਹੀਏ :

"ਸ੍ਰੀ ਗ੍ਰੰਥ ਸਾਹਿਬ" "ਗੁਰੂ" ਦੇ ਸਿਰਲੇਖ ਹੇਠਾਂ ਉਹ ਮੇਹਰ ਸਿੰਘ ਲਿਖਦਾ ਕਿ ਅਜ ਕਲ ਸਿਖਾਂ ਵਿਚ ਇਹ ਪ੍ਰਚਾਰ ਆਮ ਹੋ ਰਿਹਾ ਹੈ ਕਿ ਸਿਖਾਂ ਦਾ ਗ੍ਰੰਥ ਸਾਹਿਬ ਹੀ ਗੁਰੂ ਹੈ। ਹੋਰ ਕੋਈ ਦੇਹਧਾਰੀ ਗੁਰੂ ਹੋ ਹੀ ਨਹੀਂ ਸਕਦਾ ਤੇ ਨਾ ਹੀ ਅਗੋਂ ਵਾਸਤੇ ਹੋਵੇਗਾ। ਕਿਉਂਕਿ ਇਸੇ ਨੂੰ (ਸ੍ਰੀ ਗ੍ਰੰਥ ਸਾਹਿਬ ਨੂੰ) ਨਾਂਦੇੜ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪੈਸੇ ਨਾਲੇਰ ਰਖ ਕੇ ਪ੍ਰਦਖਣਾ ਕੀਤੀਆਂ ਅਤੇ ਫਿਰ ਮੱਥਾ ਟੇਕਿਆ ਸੀ, ਤੇ ਗੁਰਗਦੀ ਦਿਤੀ ਸੀ। ਫਿਰ ਇਹ ਵੀ ਲਿਖਦਾ ਕਿ ਇਹ ਘਟਨਾ ਨਿਰਮੂਲ ਹੈ। ਇਕ ਕਲਪਣਾ ਹੈ। ਨਾ ਦਲੀਲ ਦੀ ਕਸਵਟੀ ਉਤੇ ਪੂਰੀ ਉਤਰਦੀ ਅਤੇ ਨਾ ਕੋਈ ਪ੍ਰਾਚੀਨ—ਇਤਿਹਾਸ ਹੀ ਇਸ ਦੇ ਹੱਕ ਵਿਚ ਗਵਾਹੀ ਦਿੰਦਾ ਹੈ।

ਉਸ ਦੀ ਦਲੀਲ ਇਹ ਹੈ ਕਿ ਪਹਿਲੇ ਸਤਿਗੁਰਾਂ ਨੇ ਵੀ ਇਸ ਵਿਚ ਦੀ ਬਾਣੀ ਨੂੰ ਗੁਰੂ ਬਾਣੀ ਮੰਨਿਆ। ਗੁਰੂ ਅਰਜਨ ਦੇਵ ਨੇ ਇਸ ਦਾ ਸੈਂਚਾ (ਟਿਚਰ ਨਾਲ ਸੈਂਚਾ ਲਿਖਿਆ) ਤਿਆਰ ਕਰਾਕੇ ਆਪਣੇ ਤੋਂ ਉਚਾ ਰਖਿਆ ਤੇ ਨੀਵੇਂ, ਬੈਠ ਕੇ ਉਹ ਵੀ ਨਿਮਸਕਾਰ ਕਰਦੇ ਰਹੇ। ਫਿਰ ਪਿਛੋਂ ਦੇ ਸਾਰੇ ਸਤਿਗੁਰੂ ਵੀ ਮੱਥਾ ਟੇਕਦੇ ਰਹੇ ਹੋਣਗੇ। ਤਾਂ ਕੀ ਫਿਰ ਨਾਂਦੇੜ ਵਿਚ ਮੱਥਾ ਟੇਕਣ ਤੋਂ ਪਹਿਲਾਂ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਕਦੀ ਮੱਥਾ ਟੇਕਿਆ ਹੋਣਾ ਕਿ ਨਹੀਂ ? ਤੇ ਜੇਕਰ ਪਹਿਲੇ ਸਤਿਗੁਰਾਂ ਵਾਂਗੂ ਉਹ ਵੀ ਸਤਿਕਾਰ ਤੇ ਨਿਮਸਕਾਰ ਕਰਦੇ ਰਹੇ ਸੀ ਤਾਂ ਫਿਰ ਇਹ ਗਲ ਕਿਵੇਂ ਮੰਨਣ ਵਿਚ ਆ ਸਕਦੀ ਹੈ ਕਿ ਜਿਸ ਦਾ ਸਿੰਘਾਸਣ ਪਹਿਲੇ ਹੀ ਆਪਣੀ ਗੱਦੀ ਨਾਲੋਂ ਉੱਚਾ

ਹੋਵੇ, ਅਤੇ ਜਿਸ ਨੂੰ ਸਾਰੇ ਆਪਣੇ ਪਿਤਾ ਅਤੇ ਪਿਤਾਮਾਂ ਨਿਮਸਕਾਰਾਂ ਕਰਦੇ ਰਹੇ ਹੋਣ। ਉਸ ਨੂੰ ਉਚੇ ਸਿੰਘਾਸਣ ਤੋਂ ਉਠਾ ਕੇ ਆਪਣੀ ਗਦੀ ਭਾਵ ਗੁਰੂ ਗੱਦੀ ਤੇ ਨੀਵਾਂ ਬਿਠਾ ਦਿਤਾ ਹੋਵੇ। ਇਹ ਮੰਨਣ ਵਿਚ ਨਹੀਂ ਆ ਸਕਦਾ।

ਇਥੇ ਸੁਘੜ ਪਾਠਕਾਂ ਨੇ ਸੰਤ ਮੋਹਰ ਸਿੰਘ ਸਾਹਿਬ ਦੀ ਚਤਰਾਈ ਭਰੀ ਦਲੀਲ ਨੂੰ ਪੂਰਾ ਸਮਝਣਾ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਨਾਮ (ਪੋਥੀ ਪ੍ਰਮੇਸ਼ਰ ਕਾ ਥਾਨ) ਸਮਝ ਕੇ "ਪੋਥੀ ਸਾਹਿਬ" ਰਖਿਆ ਸੀ। ਜਿਸ ਨੂੰ ਭੱਦਾ ਸ਼ਬਦ (ਸੈਂਚਾ) ਇਹ ਲਿਖਦਾ। ਅਤੇ ਸਾਰੇ ਸਤਿਗੁਰਾਂ ਵਲੋਂ ਅਦਬ ਨਾਲ ਨਿਮਸਕਾਰਾਂ ਕਰਦੇ ਵੀ ਦਰਸਾਂਦਾ, ਪਰ ਖੁਦ ਉਹ ਗੁਰੂ ਸ਼ਬਦ ਦੇ ਵਿਸ਼ੇਸ਼ਣ ਸਹਿਤ "ਗੁਰੂ ਗ੍ਰੰਥ ਸਾਹਿਬ" ਨਾਮ ਲਿਖਣ ਨੂੰ ਤਿਆਰ ਨਹੀਂ ਤੇ ਇਹਨਾਂ ਦੀ ਥਾਂ ਆਪਣੇ ਨਾਮਧਾਰੀ ਗੁਰੂ ਜੀ ਨੂੰ ਬਿਠਾਣਾ ਚਾਹੁਦਾ ਹੈ।

ਉਹਦੇ ਪ੍ਰਸ਼ਨਾਂ ਦਾ ਉਤਰ ਇਹ ਹੈ ਕਿ ਜਿਹਨਾਂ ਸਤਿਗੁਰਾਂ ਨੇ ਬਾਣੀ ਉਚਾਰੀ ਹੈ. ਉਹਨਾਂ ਧੁਰ ਤੋਂ (ਗੁਰ ਅਕਾਲ ਪੁਰਖ ਵਲੋਂ) ਆਈ ਸੱਚੀ ਬਾਣੀ ਨਾਜ਼ਲ ਹੋਈ "ਗੁਰੂ ਬਾਣੀ" ਮੰਨੀ ਹੈ ਤੇ ਸਦਾ ਮੰਨਦੇ ਰਹੇ ਸੀ ਫਿਰ ਜਦੋਂ ਤੋਂ ਸਮੁੱਚੀ ਗੁਰਬਾਣੀ ਬੀੜ ਰੂਪ ਵਿਚ (ਪੋਥੀ ਸਾਹਿਬ) ਤਿਆਰ ਹੋਈ ਤਾਂ ਗੁਰੂ ਅਰਜਨ ਦੇਵ ਅਤੇ ਸਾਰੇ ਸਤਿਗੁਰਾਂ ਸਾਹਿਬਾਨ—ਆਪਣੇ ਆਪਣੇ ਵੇਲੇ ਜ਼ਮੀਨ ਪਰ ਹੀ ਗੁਰਗੱਦੀ ਸਿੰਘਾਸਨ ਵਿਛੇ ਉਤੇ ਸੁਸ਼ੋਭਿਤ ਹੁੰਦੇ ਅਤੇ ਸਾਰੀ ਸੰਗਤ ਆਸ ਪਾਸ ਅਗੇ ਪਿਛੇ ਹੀ ਬੈਠਿਆ ਕਰਦੀ ਸੀ।

ਇਸ ਵੇਲੇ ਤੀਕ ਬੀੜ ਇਕੋ ਸੀ, ਜੋ ਹਰੀ ਮੰਦਰ ਸਾਹਿਬ ਵਿਚ ੧ ਫੁਟ ਉਚੇ ਪਾਵਿਆਂ ਵਾਲੇ ਪਲੰਘ ਉਤੇ ਪ੍ਰਕਾਸ਼ੀ ਜਾਂਦੀ ਅਤੇ ਭਾਈ ਬੁਢਾ ਸਾਹਿਬ ਤਾਬਿਆ ਬੈਠਿਆ ਕਰਦੇ ਸਨ। ਉਥੇ ਵੀ (ਹਰੀ ਮੰਦਰ ਜੀ ਅੰਦਰ) ਜਦੋਂ ਗੁਰੂ ਅਰਜਨ ਸਾਹਿਬ ਆਉਂਦੇ ਤਦ ਨਿਮਸਕਾਰ ਕਰਕੇ ਜ਼ਮੀਨ ਉਤੇ ਵਿਛੇ ਸਿੰਘਾਸਨ ਪਰ ਬੈਠਿਆ ਕਰਦੇ ਸਨ। ਫਿਰ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਪਾਸ ਬੀੜ ਰਹੀ। ਉਹ ਵੀ ਸ੍ਰੀ ਹਰਿਮੰਦਰ ਵਿਚ ਪ੍ਰਕਾਸ਼ ਕਰਾ ਕੇ ਪਾਠ ਦੀਦਾਰ ਵੀ ਕਰਦੇ ਰਹੇ ਅਤੇ ਸ੍ਰੀ ਅਕਾਲ ਤਖਤ ਸਾਜਣ ਮਗਰੋਂ ਰਾਗੀਆਂ ਪਾਸੋਂ ਢੱਡ ਸਾਰੰਗੀ ਨਾਲ ਵਾਰਾਂ ਸੁਣਨ ਵਾਸਤੇ ੯ ਧੁਨਾਂ ਚੜ੍ਹਾਈਆਂ ਸਨ—ਜਿਵੇਂ ਕਿ ਆਸਾ ਦੀ ਵਾਰ "ਟੁੰਡੇ ਅਸ ਰਾਜੇ ਕੀ ਧੁਨੀ ਗਾਵਣੀ" ਲਿਖਾਇਆ ਸੀ। ਫਿਰ ਗੁਰੂ ਹਰਿਗੋਬਿੰਦ ਸਾਹਿਬ ਜਦੋਂ ਕੀਰਤਪੁਰ ਗਏ ਸੀ, ਇਹ ਬੀੜ ਗੁਰੂ ਸਾਹਿਬ ਦੇ ਪੋਤਰੇ (ਬਾਬਾ ਗੁਰਦਿਤਾ ਜੀ ਦੇ ਸਾਹਿਬਜ਼ਾਦੇ) ਧੀਰਮਲ ਨੇ ਸੰਭਾਲੀ ਤੇ ਉਹ ਆਪਣੇ ਨਾਲ ਜਲੰਧਰ ਨੇੜੇ ਕਰਤਾਰਪੁਰ ਲੈ ਗਏ, ਜੋ ਹੁਣ ਤੀਕ ਉਥੇ ਹੈ।

ਇਸ ਪਵਿਤਰ ਬੀੜ (ਪੋਥੀ ਸਾਹਿਬ) ਦਾ ਪਹਿਲਾ ਉਤਾਰਾ ਭਾਈ ਬੰਨੋ ਸਾਹਿਬ ਨੇ ਕੀਤਾ ਸੀ ਜੋ ਅੰਮ੍ਰਿਤਸਰ ਤੋਂ ਜਾਂਦੀ ਵੇਰ ਆਪ ਦੇ ਮਾਂਗਟ ਪਿੰਡ (ਜ਼ਿਲਾ ਗੁਜਰਾਤ) ਹੁਣ ਦੇ ਪਾਕਿਸਤਾਨ ਵਿਚ ਲੈ ਕੇ ਚਲਾ ਗਿਆ ਸੀ। ਹੋ ਸਕਦਾ ਹੈ ਕਿ ਜਦੋਂ ਤੀਕ ਇਹ ਬੀੜ (ਗੁਰੂ ਹਰਿਰਾਏ ਜੀ ਪਾਸ) ਕੀਰਤਪੁਰ ਰਹੀ ਹੋਵੇ ਕੋਈ ਦੂਜਾ ਉਤਾਰਾ ਉਹਨਾਂ ਵੀ ਕਰਵਾਇਆ ਹੋਵੇ। ਜਾਂ ਫਿਰ ਕੀਰਤਪੁਰ ਤੋਂ ਸ੍ਰੀ ਕਰਤਾਰਪੁਰ ਚਲੀ ਜਾਣ ਵੇਲੇ ਉਥੇ ਜਾ ਕੇ ਕਿਸੇ ਸਿੱਖ ਸੰਤ ਨੇ ਉਤਾਰਾ ਕੀਤਾ ਹੋਵੇ, ਇਸ ਵਿਚ ਸ਼ੱਕ ਨਹੀਂ।

ਇਥੇ ਵਸਦੇ ਧੀਰਮਲ ਵਲੋਂ ਕੀਰਤਪੁਰ ਵਾਲਿਆਂ ਨਾਲ ਕੋਈ ਝਗੜਾ ਨਹੀਂ ਸੀ। ਇਹ ਝਗੜਾ ਰਾਮ ਰਾਇ ਜੀ ਦਾ ਗੁਰੂ ਹਰਿਕ੍ਰਿਸ਼ਨ (ਛੋਟੇ ਭਰਾਤਾ) ਨਾਲ ਜਾਰੀ ਸੀ ਜਿਸ ਤੇ ਯਕੀਨ ਕੀਤਾ ਜਾ ਸਕਦਾ ਹੈ ਕਿ ਸ੍ਰੀ ਕਰਤਾਰਪੁਰ ਵਾਲੀ ਬੀੜ ਦਾ ਦੂਜਾ ਕੋਈ ਉਤਾਰਾ ਹੋ ਚੁਕਾ ਸੀ ਤੇ ਉਹ ਬੀੜ ਗੁਰੂ ਤੇਗ ਬਹਾਦਰ ਜੀ ਵੇਲੇ ਸ੍ਰੀ ਅਨੰਦਪੁਰ ਸਾਹਿਬ ਮੌਜੂਦ ਸੀ। ਜਿਸ ਵਿਚ ਆਪਣੇ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਜੀ ਦੀ ਬਾਣੀ ਵੀ ਦਰਜ ਕਰਾਈ ਅਤੇ ਦਿੱਲੀ ਤੋਂ ਨੌਵੇਂ ਪਾਤਸ਼ਾਹ ਦੇ ਸਲੋਕ ਉਚਾਰੇ ਆਏ ਵੀ ਚੜ੍ਹਾਏ ਕਿ "ਰਾਗ ਮਾਲਾ" ਉਤੇ ਬੀੜ ਸਮਾਪਤ ਕੀਤੀ ਤੇ ਨਾਮ "ਸ੍ਰੀ ਗੁਰੂ ਗ੍ਰੰਥ ਸਾਹਿਬ" ਰਖਿਆ ਸੀ।

ਇਸ ਤੋਂ ਵਖਰੀ ਇਕ ਹੋਰ ਬੀੜ (ਜੋ ਇਕ ਉਦਾਸੀ ਸਾਧੂ ਨੇ ਸ੍ਰੀ ਅਨੰਦਪੁਰ ਗੁਰੂ ਜੀ ਨੂੰ ਦਿਖਾਣ ਵਾਸਤੇ ਲਿਆਂਦੀ। ਦੀਵਾਨ ਨੰਦ ਚੰਦ ਨੇ ਸੋਹਣੀ ਲਿਖਤ ਦੀ ਦੇਖ ਕੇ ਸਾਧੂ ਨੂੰ ਮੋੜਵੀਂ ਨਾ ਦਿਤੀ ਸਗੋਂ ਚੁਰਾ ਕੇ ਡਰੌਲੀ ਲੈ ਗਿਆ ਸੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਦੇ ਦਰਸ਼ਨ ਤੋਂ ਹੀ ਸਿੱਖਾਂ ਨੂੰ ਵਰਜ ਦਿਤਾ ਸੀ ਸਗੋਂ ਸਰਾਪ ਦੇ ਦਿਤਾ ਸੀ ਤੇ ਉਹ ਬੀੜ ਹੁਣ ਤੀਕ ਡਰੌਲੀ ਵਿਚ ਹੈ।

ਉਪਰੋਕਤ ਬਹੁਤ ਵਿਸਥਾਰ ਨਾਲ ਲਿਖ ਦਸੀ ਵਿਆਖਿਆ ਤੋਂ ਇਹ ਜ਼ਾਹਿਰ ਕਰਨਾ ਸੀ ਕਿ ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਵੇਲੇ ਤੀਕ ਮਸਾਂ ਇਕ ਅੱਧ ਬੀੜ ਹੀ ਸ੍ਰੀ ਕਰਤਾਰਪੁਰ ਵਾਲੀ ਜਾਂ ਭਾਈ ਬੰਨੋ ਜੀ ਵਾਲੀ ਬੀੜ ਦਾ ਉਤਾਰਾ ਸ੍ਰੀ ਅਨੰਦਪੁਰ ਵਿਚ ਸੀ ਤੇ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਾਮ ਤਾਂ ਅਜੇ ਦਿਤਾ ਜਾ ਚੁਕਾ ਸੀ। ਫਿਰ ਇਸ ਵਿਚ ਬਾਣੀ ਗੁਰੂ ਦਾ ਗ੍ਰਿਹਿ ਸਮਝ ਕੇ ਇਥੇ ਵੀ ਗੁਰੂ ਸਾਹਿਬ ਖੁਦ ਜ਼ਮੀਨ ਪਰ ਵਿਛਾਏ ਸਿੰਘਾਸਨ ਉਤੇ ਬੈਠਿਆ ਕਰਦੇ, ਜਦੋਂ ਦੀਵਾਨ ਸਜਾਇਆ ਕਰਦੇ ਸਨ, ਪਰ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਸਿੰਘਾਸਨ ਤੋਂ ੧ ਫੁਟ ਉਚੇ ਪਾਵਿਆਂ ਵਾਲੇ ਪਲੰਘ ਉਤੇ ਹੀ ਪ੍ਰਕਾਸ਼ ਕਰਾ ਕੇ ਪਾਠ ਦੀਦਾਰ ਕਰਦੇ ਹੁੰਦੇ ਸਨ। ਪਰ ਗੁਰਗਦੀ ਸਮਰਪਣ ਦੀ ਭਾਵਨਾ ਹੁਣ ਤੋਂ ਹੀ ਬਣਾ ਚੁਕੇ ਸਨ ਤਦੇ ਉਹਨਾਂ ਸ੍ਰੀ ਸਰਬਲੋਹ ਗ੍ਰੰਥ ਸਾਹਿਬ ਵਿਚ "ਖਾਲਸਾ ਪੰਥ" ਪਗਟਾਇ ਨਾਲ ਹੀ (ਵਸੀਅਤ ਕੀਤੇ ਵਾਂਗੂ) ਲਿਖਿਆ ਸੀ—ਪਾਠਕਾਂ ਪਿਛੇ ਪੜ੍ਹਿਆ ਹੈ :

"ਆਪਨ ਪੈ ਖਾਲਸੇ ਦੀਨਾ ਦੁਤਿਯਰੂਪ ਸਤਿਗੁਰੂ ਗ੍ਰੰਥਾ ॥"

ਸਫਾ ਪਰ ਫੇਰ—

ਬੋਲਨ ਗੁਰੂ ਸ਼ਬਦ ਗੁਰੂ ਗ੍ਰੰਥਾ (ਅਖੀਰ ਨੂੰ) ਖਾਸ ਗ੍ਰੰਥ ਗੁਰੂ ਰੂਪ ਬਦੰਤਾ ॥

ਭਾਵ—ਕਿ ਗ੍ਰੰਥ ਸਾਹਿਬ ਸਤਿਗੁਰੂ ਹਨ ਅਤੇ ਖਾਸ ਗੁਰੂ ਰੂਪ ਕਰ ਕੇ ਹੀ ਕਥਨ ਕੀਤੇ ਹਨ। ਪਰ ਅਜੇ ਪ੍ਰਤੱਖ ਰੂਪ ਵਿਚ ਸੰਗਤ ਸਾਹਮਣੇ ਪ੍ਰਗਟਾਉਣ ਦਾ ਸਮਾਂ ਅਨੰਦਪੁਰ 'ਚ ਨਹੀਂ ਸੀ ਬਣਿਆ, ਉਹ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਵਿਚ ਅੰਤ ਸਮੇਂ ਜਦੋਂ ਸਮਾਂ ਆਇ ਬਣਿਆ ਸੀ, ਉਥੇ ਹੀ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਪਹਿਲੇ ਵਾਂਗੂ ਉਚੇ ਪਲੰਘ ਤੇ ਕਰਾਇਆ ਸੀ ਤੇ ਖੁਦ ਜ਼ਮੀਨ ਪਰ ਸਿੰਘਾਸਨ ਵਿਛੇ ਉਤੇ ਬੈਠੇ ਸਨ। ਸਮੂਹ ਉਦਾਸੀ ਸੰਤ ਮੰਡਲੀ ਅਤੇ ਸਿਖ ਸੰਗਤ ਦੀ ਮੌਜੂਦਗੀ ਵਿਚ ਪੰਜ ਪੈਸੇ ਤੇ ਨਲੇਰ ਧਰ ਕੇ ਪੂਜਨ ਤੇ ਪ੍ਰਦਖਣਾ ਕੀਤੀ। ਫਿਰ ਕੇਸਰ ਦੇ ਤਿਲਕ

ਨਾਲ ਗੁਰਗੱਦੀ ਸੌਂਪਣ ਦੀ ਰਸਮ ਅਦਾਇਗੀ ਵਜੋਂ ਇਸ ਸਮੇਂ ਦੀ ਨਿਮਸ਼ਕਾਰ ਸੀ। ਨਾ ਕਿ ਉਚੇ ਪਲੰਘ ਤੋਂ ਉਠਾ ਕੇ ਜ਼ਮੀਨ ਪਰ ਨੀਵੀਂ ਥਾਂ ਆਪਣੇ ਸਿੰਘਾਸਨ ਪਰ "ਸ੍ਰੀ ਗੁਰੂ ਗ੍ਰੰਥ ਸਾਹਿਬ" ਜੀ ਨੂੰ ਟਿਕਾਇਆ ਸੀ ? ਇਹ ਸੋਚਨਾ ਹੀ ਗਲਤ ਹੈ।

ਇਹ ਰਸਮ ਅਦਾਇਗੀ ਵੀ ਸਿਖ ਸੰਗਤ ਦੀ ਤਸੱਲੀ ਕਰਾਉਣ ਵਾਸਤੇ ਐਸੀ ਕੀਤੀ ਕਿ ਜਿਵੇ ਕਿ ਪੰਜ ਪਿਆਰਿਆ ਨੂੰ "ਗੁਰੂ ਖਾਲਸਾ" ਰੂਪ ਦੇ ਕੇ ਉਹਨਾਂ ਤੋਂ ਅੰਮ੍ਰਿਤਪਾਨ ਕੀਤਾ ਸੀ ਕਿ ਅਗੋ ਵਾਸਤੇ ਇਸ ਰੀਤ ਨਾਲ ਖਾਲਸਾ ਰੂਪ (ਸਿੰਘ ਸਾਜੇ ਵੇਲੇ) ਅੰਮ੍ਰਿਤਪਾਨ ਕਰਦੇ ਹੋਇਆਂ ਪੰਜ ਪਿਆਰਿਆਂ ਉਤੇ ਕਿਸੇ ਨੂੰ ਸੰਸਾ ਹੀ ਪੈਦਾ ਨਾ ਹੋਵੇ।

ਨਾਮਧਾਰੀ ਮੋਹਨ ਸਿੰਘ ਦਾ ਇਹ ਪ੍ਰਸ਼ਨ ਫਜ਼ੂਲ ਹੈ ਕਿ ਜੇਕਰ ਪਹਿਲੇ ਸਤਿਗੁਰਾਂ ਵਾਂਗ ਗੁਰੂ ਗੋਬਿੰਦ ਸਿੰਘ ਵੀ (ਗ੍ਰੰਥ ਸਾਹਿਬ) ਨੂੰ ਆਪਣੇ ਤੋਂ ਉਚੀ ਥਾਂ ਸਮਝਦੇ ਤੇ ਮਥਾ ਟੇਕਦੇ ਰਹੇ ਸੀ ਤਾਂ ਨਾਂਦੇੜ ਵਿਚ ਉਸ ਉਚੀ ਪਦਵੀ ਤੋਂ ਨੀਵੀਂ ਥਾਂ ਦੀ ਆਪਣੀ ਗੁਰਗੱਦੀ ਦੇਣੀ ਕਿਵੇਂ ਪਸੰਦ ਕਰਦੇ।

ਪਾਠਕਾਂ ਨੇ ਪੜ੍ਹਿਆ ਹੈ, ਕਿ ਕਿਤਨੀ ਚਤਰਾਈ ਭਰਿਆ ਉਸ ਦਾ ਪ੍ਰਸ਼ਨ ਸੀ ਤੇ ਗੁਰੂ ਜੀ ਦੀ ਦਿਤੀ ਸੋਝੀ ਮੁਤਾਬਕ ਉਤਰ ਦਿਤਾ ਹੈ ਕਿ ਗੁਰੂ ਗ੍ਰੰਥ ਜੀ ਨੂੰ ਨੀਵੀਂ ਥਾਂ ਵਿਛੇ ਸਿੰਘਾਸਨ ਪਰ ਨਹੀਂ ਬਲਕਿ ਉਚੇ ਪਲੰਘ ਪਰ ਪ੍ਰਕਾਸ਼ ਕਰਾਇ ਮਗਰੋਂ ਪੁਰਾਤਨ ਰਸਮ ਮੁਤਾਬਕ "ਗੁਰਗੱਦੀ ਸੌਂਪਣੀ" ਦਾ ਪੂਜਨ, ਪਰਦਖਣਾ ਅਤੇ ਰਸਮ ਅਦਾਇਗੀ ਦੀ ਨਿਮਸਕਾਰ ਸੀ ਤੇ ਇਸੇ ਵੇਲੇ ਹੀ ਸਮੂਹ ਸਿਖ ਸੰਗਤ ਪ੍ਰਥਾਇ ਜੋ ਬਹੁਤ ਵੈਰਾਗਵਾਨ ਸੀ—ਧੀਰਜ ਦੇਣ ਨੂੰ ਐਸਾ ਫੁਰਮਾਇਆ ਸੀ :

> ਸ੍ਰੀ ਅਕਾਲ ਪੁਰਖ ਨੇ ਪੰਥ ਚਲਾਉਣ ਵਾਸਤੇ ਸਾਨੂੰ ਸੰਸਾਰ ਵਿਚ ਭੇਜਿਆ ਸੀ। ਉਸ ਦੇ ਹੁਕਮ ਦੀ ਪਾਲਣਾ ਕਰਦੇ ਹੋਇਆਂ ਤੀਸਰਾ ਪੰਥ ਖਾਲਸਾ ਚਲਾਇਆ ਹੈ। ਅਜ ਤੋਂ ਸਾਡਾ ਹੁਕਮ ਹੈ ਕਿ ਗੁਰੂ ਨਾਨਕ ਦੇਵ ਤੋਂ ਚਾਲੂ ਇਸ ਗੁਰਗੱਦੀ ਦਾ ਵਾਰਸ (ਮਾਲਕ) ਸਾਡੇ ਮਗਰੋਂ ਗੁਰੂ ਗ੍ਰੰਥ ਸਾਹਿਬ ਨੂੰ ਪੰਥ ਦਾ ਗੁਰੂ ਮੰਨਣਾ ਹੈ। ਇਸ ਨੂੰ ਪ੍ਰਤੱਖ ਗੁਰਾਂ ਕੀ ਦੇਹ ਮੰਨਣਾ ਅਤੇ ਸਤਿਕਾਰਨਾ ਹੈ। ਵਾਹਿਗੁਰੂ ਦੇ ਮਿਲਣ ਦੇ ਅਭਿਲਾਖੀਆਂ ਨੂੰ ਇਸ ਵਿਚੋਂ ਦੀ ਸ਼ਬਦ ਖੋਜ ਵਿਚਾਰ ਅਤੇ ਧਾਰਨਾਂ ਨਾਲ ਪ੍ਰਾਪਤੀ ਅਤੇ ਨਿਸਤਾਰਾ ਹੋਇਆ ਕਰੇਗਾ।

ਗੁਰੂ ਜੀ ਦਾ ਅੰਤਮ ਉਪਦੇਸ਼ ਰੂਪੀ ਇਹੋ ਹੁਕਮ, ਜਿਹਨਾਂ ਜਿਹਨਾਂ ਗੁਰਸਿਖਾ ਨੇ ਸੁਣਿਆ ਸੀ ਨਾਂਦੇੜ ਤੋਂ ਦੇਸ਼ ਵਾਪਸ ਆ ਕੇ ਸਿਖ ਸੰਗਤਾਂ ਨੂੰ ਸੁਣਾਇਆ ਸੀ। ਬਾਲੂ ਹਸਨਾ ਜੀ ਦੀ ਸੰਤ ਮੰਡਲੀ ਨੇ ਵਾਪਸ ਆ ਕੇ ਪਹਿਲੇ ਦੋਹਾਂ ਮਾਤਾਵਾਂ ਨੂੰ ਦਿਲੀ ਵਿਚ ਫਿਰ ਭਾਈ ਰਾਮ ਸਿੰਘ ਜੀ ਨੂੰ ਪੰਜ ਵੇਰ ਸੁਣਾਇਆ ਸੀ। ਜੋ ਪਿਛੇ ਵਿਸਥਾਰ ਨਾਲ ਅਸੀਂ ਦਸਿਆ ਹੈ। ਪਰ ਉਸ ਵੇਲੇ ਦੇ ਭਾਈ ਰਤਨ ਸਿੰਘ ਭੰਗੂ ਜਾਂ ਗਿਆਨੀ ਗਿਆਨ ਸਿੰਘ ਜਿਹਨਾਂ ਨੇ ਜਿਹਨਾਂ ਤੋਂ ਸੁਣਿਆ ਸੀ ਬਾਕੀ ਦੀ ਵਾਰਤਕ ਕਥਾ ਨੂੰ ਵੀ ਉਹਨਾਂ ਨੇ ਛੰਦਾਬੰਦੀ (ਕਵਿਤਾ) ਵਿਚ ਲਿਖਿਆ ਅਤੇ ਐਸੇ ਹੀ ਇਸ ਹੁਕਮ ਨੂੰ ਵੀ ਉਹਨਾਂ ਨੇ ਦੋਹਿਰੇ ਛੰਦ ਵਿਚ ਐਸਾ ਲਿਖਿਆ ਸੀ :

ਦੋਹਿਰਾ :

"ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ॥
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ ॥
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸਬਦ ਮਹਿ ਲੇ ॥

ਇਸ ਉਕਤ ਦੋਹਰੇ ਨੂੰ ਜੋ ਗੁਰੂ ਹੁਕਮ ਨੂੰ ਕਵਿਤਾ ਵਿਚ ਲਿਖਿਆ ਹੈ ਅਗਰ ਮੇਹਰ ਸਿੰਘ ਇਸ ਨੂੰ ਗੁਰੂ ਹੁਕਮ ਨਹੀਂ ਮੰਨਦਾ ਤਾਂ ਫਿਰ ਲੇਖਕ ਦੀ ਸਮਝ ਉਤੇ ਸਿਵਾਏ ਅਫਸੋਸ ਦੇ ਹੋਰ ਕੀ ਕੀਤਾ ਜਾਏ ? ਪਰ ਪੂਰਾ ਪੂਰਾ ਅਫਸੋਸ ਵੀ ਨਹੀਂ ਕੀਤਾ ਜਾ ਸਕਦਾ ਕਿ ਇਕ ਗੱਲ ਤਾਂ ਸੱਚੀ ਲਿਖ ਦਿਤੀ ਹੈ ਕਿ ਸਾਰੇ ਸਤਿਗੁਰੂ ਸਾਹਿਬਾਨ (ਗ੍ਰੰਥ ਸਾਹਿਬ ਨੂੰ) ਉਚੀ ਥਾਏਂ ਮੰਨਦੇ—ਪੂਜਦੇ ਤੇ ਨਿਮਸਕਾਰਾਂ ਕਰਦੇ ਸਨ ਜਿਸ ਦਾ ਮਤਲਬ ਇਹ ਹੈ ਕਿ ਸਾਰੇ ਦੇਹਧਾਰੀ ਸਤਿਗੁਰੂ (ਗੁਰੂ ਅਰਜਨ ਦੇਵ ਤੋਂ ਗੁਰੂ ਗੋਬਿੰਦ ਸਿੰਘ ਤੀਕ) ਪੋਥੀ ਰੂਪ ਵਿਚ ਗੁਰੂ ਸ਼ਬਦ ਸੰਗ੍ਰਹਿ ਨੂੰ ਆਪਣੀ ਗੁਰੂ ਪਦਵੀ ਤੋਂ ਵੀ ਉਚਾ ਸੁਚਾ ਮੰਨਦੇ ਅਤੇ ਨਿਮਸਕਾਰਾਂ ਕਰਦੇ ਰਹੇ ਸਨ ।

ਹੁਣ ਦੇਖੀਏ ! ਲੇਖਕ ਦੀ ਚਲਾਕੀ ਕਿ ਜਿਸ ਪੋਥੀ ਰੂਪ ਨੂੰ ਸਾਰੇ ਸਤਿਗੁਰਾਂ ਤੋਂ ਨਿਮਸਕਾਰ ਕਰਾਂਦਾ ਦਸਦਾ ਪਿਆ ਹੈ, ਉਸ ਨੂੰ ਖ਼ੁਦ ਗੁਰੂ ਗ੍ਰੰਥ ਰੂਪ ਵਿਚ ਗੁਰੂ ਮੰਨਣ ਨੂੰ ਤਿਆਰ ਨਹੀਂ । ਬਲਕਿ ਨਾਮਧਾਰੀਆਂ ਨੇ ਆਪਣੇ ਇਸ ਸਮੇਂ ਦੇ ਗੁਰੂ ਦੀ ਆਗਿਆ ਪਾ ਕੇ ਗੁਰੂ ਗ੍ਰੰਥ ਸਾਹਿਬ ਦਾ ਅੰਗ ਅੰਗ ਵਖ ਵਖ ਕਰਕੇ ਪਤਰਾ ਪਾਠ ਚਾਲੂ ਕਰਾ ਦਿਤਾ ਸੀ, ਜੋ ਪੰਥਕ ਵਿਦਵਾਨਾਂ ਨੇ ਬੰਦ ਕਰਾਇਆ ਸੀ । ਜਦੋਂ ਕਿ ਅਖਬਾਰਾਂ ਵਿਚ ਵੀ ਸ਼ੋਰ-ਸ਼ਰਾਬਾ ਮੱਚ ਗਿਆ ਸੀ । ਹੁਣ ਪਾਠਕਾਂ ਨੇ ਪੜ੍ਹ ਲਿਆ ਹੈ ਕਿ ਅਸੀਂ ਪੂਰੀਆਂ ਦਲੀਲਾਂ ਨਾਲ, ਉਦਾਸੀ ਸੰਤਾਂ ਦੇ ਅਖੀਂ ਡਿਠੇ ਤੇ ਸੁਣਾਏ ਹਾਲ ਅਤੇ ਸ੍ਰੀ ਸਰਬਲੋਹ ਦੇ ਹਵਾਲੇ ਦੇ ਕੇ ਸਾਬਤ ਕੀਤਾ ਹੈ, ਕਿ ਗੁਰੂ ਗ੍ਰੰਥ ਸਾਹਿਬ ਹੀ ਸਥਾਪਤ ਸਤਿਗੁਰੂ ਹਨ । ਪੰਥ ਖਾਲਸਾ ਵਾਸਤੇ ਗੁਰਗੱਦੀ ਨਸ਼ੀਨ ਇਸ਼ਟ ਟੇਕ ਇਕੋ ਹਨ, ਪਰ ਅਜੇ ਉਸ ਦੇ ਹੋਰ ਪ੍ਰਸ਼ਨ ਬਹੁਤ ਹਨ । ਉਤਰ ਦੇਣਾ ਹੈ ਪਾਠਕ ਪੜ੍ਹਨਗੇ ।

(੧) ਪੁਰਖ ਗੁਰੂ ਪੁਸਤਕ ਦੇ ਸਫਾ ੪੯ ਉਤੇ ਸ੍ਰੀ ਗੁਰੂ ਪੰਥ ਪ੍ਰਕਾਸ਼ ਦੇ ਕਰਤਾ ਸ੍ਰੀਮਾਨ ਗਿਆਨੀ ਗਿਆਨ ਸਿੰਘ ਦੀ ਫੋਟੋ ਦਿਤੀ ਹੈ । ਇਸ ਤੋਂ ਇਹ ਦਰਸਾਣਾ ਚਾਹਿਆ ਹੈ ਕਿ ਇਹਨਾਂ ਨੇ ਪਹਿਲੇ ਪੰਥ ਪ੍ਰਕਾਸ਼ ਵਿਚ ਲਿਖਿਆ ਸੀ ਕਿ ਬਾਬਾ ਰਾਮ ਸਿੰਘ ਜੀ ਨੂੰ ਉਸ ਵੇਲੇ ਦੇ ਲੋਕ ੧੨ਵਾਂ ਸਤਿਗੁਰੂ ਮੰਨਦੇ ਸਨ ਤੇ ਇਹਨਾਂ ਦੇ ਹੀ ਪੰਥ ਪ੍ਰਕਾਸ਼ ਵਿਚੋਂ ਖਾਲਸਾ ਟਰੈਕਟ ਸੁਸਾਇਟੀ ਅੰਮ੍ਰਿਤਸਰ ਨੇ ਉਹ ਲਿਖਤ ਬਦਲ ਕੇ "ਆਗਿਆ ਭਈ ਅਕਾਲ ਕੀ—ਅਤੇ ਗੁਰੂ ਮਾਨਿਓ ਗ੍ਰੰਥ" ਦਾ ਦੋਹਿਰਾ ਲਿਖ ਦਿਤਾ ਹੈ ਇਸ ਦਾ ਉਤਰ ਪਿਛੇ ਦਿਤਾ ਹੈ ਕਿ ਕਿਸੇ ਨਹੀਂ ਬਦਲਿਆ—ਬਲਕਿ ਗਿਆਨੀ ਜੀ ਨੂੰ ਵਧੇਰੇ ਖੋਜ ਮਗਰੋਂ ਜਦੋਂ ਅਸਲੀਅਤ ਪਤਾ ਲਗਾ ਤਾਂ ਖ਼ੁਦ ਲਿਖਿਆ ਹੈ ਤੇ ਕਾਰਨ ਦਸਿਆ ਕਿ ਪਹਿਲੇ ਮੈਨੇ ਸਰੋਤ ਸੁਣੀ ਤੇ ਮੱਖੀ ਉਪਰ ਮੱਖੀ ਮਾਰੀ ਵਾਂਗੂ ਲਿਖ ਦਿਤਾ ਸੀ । ਫੇਰ ਆਪਣੀ ਪਹਿਲੀ ਲਿਖਤ ਵਿਚ ਅਗਰ ਕੋਈ ਊਨਤਾਈ ਰਹਿ ਗਈ ਹੋਵੇ ਤਾਂ ਲੇਖਕ ਨੂੰ ਹਕ ਹੈ ਕਿ ਉਹ ਬਦਲ ਕੇ ਠੀਕ ਕਰੇ ।

(੨) ਲੇਖਕ ਮੇਹਰ ਸਿੰਘ ਨੇ ਅਗੇ ਨਾਲ ਹੀ ਦੋ ਫੋਟੋ ਹੋਰ ਦਿਤੀਆਂ ਹਨ ਜੋ ਇਕ ਤਾਂ ਗੁਰਦੁਆਰਾ ਮਨਮਾੜ ਸਾਹਿਬ ਦੀ ਹੈ ਤੇ ਇਕ ਉਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਘੋੜੇ ਉਤੇ ਸਵਾਰ ਕਰਾਕੇ ਮਰਹੱਟੇ ਸਰਦਾਰ "ਬਾਲਾ ਰਾਉ ਅਤੇ ਰੁਸਤਮ ਰਾਉ" ਨੂੰ ਇਕ ਇਕ ਰਕਾਬ ਫੜਾ ਕੇ "ਪੂਨੇ ਸਤਾਰੇ ਦੇ ਕਿਲੇ ਵਿਚੋਂ" ਘੋੜੇ ਨੂੰ ਉਡਾ ਕੇ ਬਾਹਰ ਕਢਿਆ ਤੇ ਮਨਮਾੜ ਥਾਂ ਤੇ ਆ ਕੇ ਛਡਿਆ ਸੀ ਜਿਸ ਥਾਂ ਹੁਣ ਮਨਮਾੜ ਗੁਰਦੁਆਰਾ ਇਸੇ ਯਾਦ ਦਾ ਹੈ।

ਇਹਨਾਂ ਦੋਹਾਂ ਫੋਟੋਆਂ ਨੂੰ ਦਰਸਾ ਕੇ ਲੇਖਕ ਇਹ ਸਿੱਧ ਕਰਨਾ ਚਾਹੁੰਦਾ ਹੈ ਕਿ ਗੁਰੂ ਜੀ ਉਥੋਂ ਜੀਉਂਦੇ ਜੀ ਨਿਕਲੇ ਸਨ ਤਦੋ ਇਹਨਾਂ ਨੂੰ ਕਿਲੇ ਤੋਂ ਬਾਹਰ ਲਿਆ ਕੇ ਇਥੇ ਉਤਾਰਿਆ ਸੀ ਜਿਸ ਤੋਂ ਬਾਅਦ ਫਿਰ ੯੦ ਸਾਲ ਤੀਕ ਉਹਲੇ ਰਹੇ ਤੇ ਬਾਅਦ ਵਿਚ ਸੰਮਤ ੧੯੫੫ ਵਿਚ ਬਾਬਾ ਬਾਲਕ ਸਿੰਘ ਨੂੰ ਗੁਰਗੱਦੀ ਦਿਤੀ ਨੇ। ਜਿਹਨਾਂ ਵਿਚੋਂ ਇਕ ਸਾਖੀ ਉਤੇ, ਕਿ ਅੁਹਨਾਂ ਨੇ ਦੋ ਸਰਦਾਰਾਂ ਨੂੰ ਕਿਲੇ ਤੋਂ ਬਾਹਰ ਕਢਿਆ ਸੀ, ਮੈਨੂੰ ਇਨਕਾਰ ਨਹੀਂ ਹੈ ਕਿ ਉਹ ਸੂਰਜ ਪ੍ਰਕਾਸ਼ ਵਿਚ ਲਿਖੀ ਹੈ। ਇਸ ਉਤੇ ਆਪਣੇ ਵਿਚਾਰ ਪੇਸ਼ ਕਰਨੇ ਹਨ। ਪਰ ਦੂਜੀ ਗਲ ਬਾਬਾ ਬਾਲਕ ਸਿੰਘ ਨੂੰ ਗੱਦੀ ਦੇਣ ਦੀ ਬਿਲਕੁਲ ਨਿਰਮੂਲ ਹੈ ਕਿ ਉਹਨਾਂ ੯੦ ਸਾਲ ਬਾਅਦ ੧੩੨ ਸਾਲ ਦੀ ਉਮਰ ਹੋਇ ਵੇਲੇ ਪ੍ਰਗਟ ਹੋ ਕੇ ਐਸਾ ਕੀਤਾ ਸੀ।

ਪਹਿਲੀ ਗਲ ਤਾਂ ਇਹ ਹੈ ਅਤੇ ਇਤਿਹਾਸਕ ਸਚਾਈ ਹੈ ਕਿ ਗੁਰੂ ਜੀ ਉਤੇ ਇਕ ਸ਼ਾਹੀ ਸਾਜ਼ਸ਼ ਨਾਲ ਕਟਾਰ ਦਾ ਵਾਰ ਹੋਇਆ। ਬਹਾਦਰ ਸ਼ਾਹ ਵਲੋਂ ਭੇਜੇ ਇਕ ਕੋਲ (ਜਾਂ ਕਾਲ ਨਾਮੀ) ਅੰਗਰੇਜ਼ ਡਾਕਟਰ ਨੇ ਜ਼ਖਮ ਸੀਤੇ, ਇਲਾਜ ਕੀਤਾ ਤੇ ੧੬ਵੇਂ ਦਿਨਾਂ ਬਾਅਦ ਗੁਰੂ ਜੀ ਠੀਕ ਹੋ ਗਏ ਸਨ। ੧੭ ਦਿਨਾਂ ਪਿਛੋਂ ਦੋ ਸ਼ਾਹੀ ਉਮਰਾਉ ਆਏ ਸੀ। ਦੀਵਾਲੀ ਦੇ ਦਿਨ ਸਾਰੇ ਸ਼ਸ਼ਤਰਾਂ ਦੀ ਸਫਾਈ ਕਰਾ ਕੇ ਪਲੰਘ ਉਤੇ ਨੁਮਾਇਸ਼ੀ ਰਖਾਇ ਸਨ। ਦੋ ਬਹੁਤ ਵਡੀਆਂ ਕਮਾਨਾਂ ਸਨ ਜਿਹਨਾਂ ਨੂੰ ਦੇਖ ਕੇ ਉਹਨਾਂ ਸਰਦਾਰਾਂ ਨੇ ਆਪੋ ਵਿਚ ਗਲ ਕੀਤੀ ਕਿ ਐਡੀਆਂ ਵਡੀਆਂ ਕਮਾਨਾਂ ਨੁਮਾਇਸ਼ੀ ਹੁੰਦੀਆਂ ਹਨ ਕੋਈ ਚਲਾ ਨਹੀਂ ਸਕਦਾ। ਇਹ ਗਲ ਗੁਰੂ ਜੀ ਤੀਕ ਪਹੁੰਚੀ। ਉਨ੍ਹਾਂ ਨੇ ਸਰਦਾਰਾਂ ਨੂੰ ਅਟਕਾਇਆ ਤੇ ਜੋਸ਼ ਵਿਚ ਭਰੇ ਗਏ ਸੀ। ਆਪਨੇ ਤੀਰ ਮੰਗਵਾਇਆ। ਇਕ ਵੇਰ ਇਕ ਚਿਲਾ ਚੜ੍ਹਾ ਕੇ ਤੀਰ ਛਡਿਆ। ਦੂਜੀ ਵੇਰ ਦੂਜੀ ਦਾ ਚਿਲਾ ਚੜ੍ਹਾ ਕੇ ਤੀਰ ਛਡਿਆ। ਤੇ ਜ਼ੋਰ ਦੀ ਖਿਚ ਨਾਲ ਅਲਾ (ਕਚਾ) ਜ਼ਖਮ ਸੀ ਵਧੇਰੇ ਫਟ ਗਿਆ ਤੇ ਖੂਨ ਵਗਿਆ। ਸਿਖਾਂ ਵਿਚ ਹਾ ਹਾ ਕਾਰ ਮਚ ਗਈ। ਸ਼ਾਹੀ ਉਮਰਾਉ ਤਾਂ ਚਲੇ ਗਏ ਸੀ ਤੇ ਸਿਖਾਂ ਨੇ ਗੁਰੂ ਜੀ ਨੂੰ ਸੰਭਾਲਿਆ।

ਸਿਖਾਂ ਨੇ ਜ਼ਖਮ ਨੂੰ ਬੱਧਾ ਕਿ ਖੂਨ ਬਹੁਤਾ ਨਾ ਵੱਗ ਜਾਇ ਨਾਲ ਹੀ ਪੁਛਿਆ ਕਿ ਇਥੋਂ ਦੇ ਕਿਸੇ ਜਰਾਹ ਨੂੰ ਬੁਲਾਇਆ ਜਾਏ ਜਾਂ ਉਸੇ ਕੌਲ ਸਾਹਿਬ (ਡਾਕਟਰ) ਨੂੰ ਮੰਗਵਾਇਆ ਜਾਏ। ਤਦ ਗੁਰੂ ਜੀ ਨੇ ਫੁਰਮਾਇਆ ਇਹ ਕੋਈ ਅਗੰਮੀ ਭਾਣਾ ਹੀ ਵਰਤਿਆ ਜਾਪਦਾ ਹੈ ਜਿਸ ਨੇ ਸੰਸਾਰ ਵਿਚ ਭੇਜਿਆ ਸੀ ਉਸੇ ਤੋਂ ਪੁਛ ਕੇ ਕੁਝ ਦਸਿਆ ਜਾਏਗਾ।

ਗੁਰੂ ਜੀ ਨੇ (ਨਾਲ ਦੀ ਥਾਂ ਖੁਲ੍ਹੀ ਸੀ) ਲੇਪਾ ਪੋਚਾ ਕਰਵਾਇਆ। ਤੰਬੂ

ਲਗਵਾਕੇ ਖੁਸ਼ਬੋ ਧੂਪ ਦੀਪ ਅੰਦਰ ਧੁਖਵਾਇਆ। ਬਾਹਰ ਸਿਖਾਂ ਨੂੰ ਦੂਰ ਤੀਕ ਪਹਿਰੇ ਤੇ ਖਲੋਂ ਜਾਣਾ ਦਸਿਆ ਤੇ ਆਖਿਆ—ਇਕ ਪਹਿਰ ਪੱਕਾ ਕੋਈ ਅੰਦਰ ਨਾ ਆਏ। ਤਦ ਆਪ ਜੀ ਨੇ ਤੰਬੂ ਅੰਦਰ ਪ੍ਰਵੇਸ਼ ਕੀਤਾ। ਉਸ ਕਰਤਾਰ ਪੁਰਖ ਪਾਸ ਉਸੇ ਤਰ੍ਹਾਂ ਪ੍ਰਾਰਥਣਾ ਕੀਤੀ ਹੋਣੀ ਤੇ ਦਸਿਆ ਹੋਣਾ ਕਿ ਆਪ ਜਾਣੀ ਜਾਣ ਹੋ। ਆਪ ਦੇ ਹੁਕਮ ਅਨੁਸਾਰ ਪੰਥ ਚਲਾਇਆ ਤੇ ਦੁਸ਼ਟ ਦੋਖੀਆਂ ਨੂੰ ਮਾਰਨ ਵਿਚ ਜੋ ਕਸ਼ਟ ਉਠਾਣੇ ਪਏ ਹਨ, ਸਹਾਰੇ ਤੇ ਇਥੋਂ ਤਕ ਅਪੜੇ ਹਾਂ। ਹੁਣ ਇਹ ਨਿਆਰੀ ਤਰ੍ਹਾਂ ਦਾ ਹੀ ਵਾਰ ਹੋਇਆ ਹੈ ਤੇ ਜੋਸ਼ ਵਿਚ ਕਮਾਨ ਦੀ ਖਿੱਚ ਨਾਲ ਜ਼ਖਮ ਦਾ ਦੁਬਾਰਾ ਖੁਲ੍ਹ ਜਾਣਾ ਇਹ ਭਾਣਾ ਵੀ ਆਪ ਜੀ ਕਰਤਾਰ ਦਾ ਹੀ ਦਿਸਦਾ ਹੈ। ਹੁਣ ਕੀ ਹੁਕਮ ਹੈ ਕੀ ਕੀਤਾ ਜਾਏ ?

ਇਸ ਵੇਲੇ ਇਕਾਂਤ ਵਿਚ ਬੈਠੇ ਪ੍ਰਾਰਥਨਾ ਕਰਦੇ ਗੁਰੂ ਜੀ ਦੇ ਇਹੋ ਹੀ ਵਿਚਾਰ ਹੋ ਸਕਦੇ ਸਨ। ਹੋਰ ਕਾਫੀ ਦੇਰ ਪਤਾ ਨਹੀਂ ਕਿ ਕੀ ਕੁਝ ਪਿਤਾ-ਪੁਤਰ ਵਿਚ ਬਚਨ ਬਿਲਾਸ ਹੋਇਆ, ਉਹੀ ਜਾਣਦੇ ਹੋਣਗੇ। ਪਰ ਬਾਲੂ ਹਸਨਾਂ ਦੀ ਉਦਾਸੀਨ ਮੰਡਲੀ ਨੇ ਭਾਈ ਰਾਮ ਕੌਰ ਜੀ ਨੂੰ ਦਸਿਆ, ਕਿ ਗੁਰੂ ਜੀ ਨੇ ਤੰਬੂ ਤੋਂ ਬਾਹਰ ਆ ਕੇ ਉਡੀਕਵਾਨ ਸਿੱਖਾਂ ਨੂੰ ਇਹੀ ਦਸਿਆ ਕਿ ਅਕਾਲ ਪੁਰਖ ਦਾ ਹੁਕਮ ਹੈ, ਹੋਰ ਤਿੰਨ ਦਿਨਾਂ ਮਗਰੋਂ ਕਤਕ ਸੁਦੀ ਪੰਚਮੀ ਨੂੰ ਅਧੀ ਰਾਤ ਬੀਤੇ ਮਗਰੋਂ ਚਲਾਣਾ ਕਰ ਜਾਣਾ ਹੈ। ਇਸ ਫੁਰਮਾਨ ਨੇ ਸਿੱਖਾਂ ਵਿਚ ਨਿਰਾਸਤਾ ਭਰ ਦਿਤੀ ਸੀ।

ਇਹ ਜ਼ਿਕਰ ਕਤਕ ਸੁਦੀ ੧ ਦਾ ਹੈ। ਬਾਕੀ ਦਾ ਦਿਨ ਤੇ ਰਾਤ ਸਿਖਾਂ ਦੀ ਇਸੇ ਚਿੰਤਾ ਵਿਚ ਬੀਤੀ। ਦੂਜੇ ਦਿਨ ਗੁਰੂ ਜੀ ਦੀ ਸਰੀਰਕ ਕਮਜ਼ੋਰੀ ਹੋਰ ਬਹੁਤ ਵਧ ਗਈ ਦੇਖੀ। ਮੁਖੜੇ ਉਤੇ ਪਹਿਲੀ ਖਿੜਾਵਟ ਤੇ ਗੁਲਾਬੀ ਰੰਗਤ ਵਿਚ ਫਰਕ ਪੈ ਚੁਕਾ ਸੀ ਰਾਤ ਭਰ ਖੂਨ ਸਿੰਮਦਾ ਰਿਹਾ। ਸਵੇਰ ਨੂੰ (ਕਤਕ ਸੁਦੀ ਦੂਜ ਦਾ) ਦਿਨ ਚੜ੍ਹਿਆ ਤਾਂ ਸਿੱਖਾਂ ਨੇ ਹਥ ਜੋੜ ਬੇਨਤੀ ਕੀਤੀ ਸ੍ਰੀ ਸਾਹਿਬ ਜੀਉ ! ਖ਼ਾਲਸਾ ਪੰਥ ਕਿਸ ਦੇ ਹਵਾਲੇ, ਕੌਣ ਰਾਹਬਰੀ ਕਰੇਗਾ, ਕਿਸ ਦੇ ਲੜ ਲਾਏ ਚਲੇ ਹੋ ? ਤਦ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਲੰਘ ਪਰ ਪ੍ਰਕਾਸ਼ ਕਰਾਕੇ ਗੁਰਗੱਦੀ ਅਸਥਾਪਨ ਦੀ ਰਸਮ ਅਦਾਇਗੀ ਵਜੋਂ ਭੇਟਾ ਧਰ ਨਿਮਸਕਾਰ ਕੀਤੀ ਵਾਕ ਸੁਣਿਆ ਤੇ ਸਭਨਾਂ ਨੇ ਨਿਮਸਕਾਰਾਂ ਕੀਤੀਆਂ ਸਨ। ਭਾਈ ਦਇਆ ਸਿੰਘ ਸਹਿਣ ਨਾ ਕਰ ਸਕੇ, ਥੋਹੜੀ ਕੰਬਣੀ ਹੋਈ। ਉਹਨਾਂ ਦਾ (ਹਾਰਟ ਫ਼ੇਹਲ ਹੋ ਸਮਝੀਏ) ਚਲਾਣਾ ਕਰ ਦਿਤਾ ਸੀ। ਲਿਖਿਆ ਮਿਲਦਾ ਹੈ ਕਿ ਇਸ ਵੇਲੇ ਗੁਰੂ ਜੀ ਨੇ ਫੇਰ ਉਹੀ ਸੁਨੇਹਾ ਰੂਪ ਇਸ ਸ਼ਬਦ ਦਾ ਉਚਾਰਨ ਕੀਤਾ ਜੋ ਮਾਛੀਵਾੜੇ ਭੁੰਜੇ ਸੁਤਿਆਂ ਗਾਵਿਆ ਸੀ :

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ॥
ਤੁਧ ਬਿਨ ਰੋਗ ਰਜਾਈਆਂ ਦਾ ਓਢਨ.........

ਇਹ ਜ਼ਿਕਰ ਵਿਸਤਾਰ ਨਾਲ ਪਿਛੇ ਇਕ ਦੋ ਵੇਰੀ ਦਸਿਆ ਹੈ ਕਿ ਇਸ ਕਾਰਨ ਕਰਕੇ ਅਕਾਲ ਪੁਰਖ ਦੀ ਆਗਿਆ ਅਨੁਸਾਰ ਹੀ ਗੁਰੂ ਜੀ ਨੇ ਗੁਰੂ ਗ੍ਰੰਥ ਜੀ ਨੂੰ ਗੁਰਤਾ ਦਿਤੀ ਤੇ ਖਾਲਸਾ ਪੰਥ ਦਾ ਸਦੀਵੀ ਗੁਰੂ ਫੁਰਮਾਇਆ ਸੀ। ਫਿਰ ਸੂਰਜ ਪ੍ਰਕਾਸ਼ ਤੇ ਹੋਰ ਲਿਖਤ ਇਸ ਤਰ੍ਹਾਂ ਦੀ ਨੂੰਉਹਮਨ-ਘੜਤ ਅਤੇ ਝੂਠੀ

ਕਲਪਨਾ ਦਸਦਾ ਹੈ। ਪਰ ਇਸ ਦੇ ਨਾਲ ਹੀ ਇਸ ਲਿਖਤ ਨੂੰ ਸੱਚਾ ਮੰਨਦਾ ਅਤੇ ਫੋਟੂਆਂ ਬਣਵਾਕੇ ਪੁਸਤਕ ਵਿਚ ਰਖਦਾ ਦਰਸਾਂਦਾ ਹੈ ਕਿ ਗੁਰੂ ਜੀ ਇਵੇਂ ਨਿਕਲੇ ਸਨ ਪਰ ੯੦ ਸਾਲ ਉਹਲੇ ਰਹਿਣ ਦੀ ਸਾਖੀ ਕੋਲੋਂ ਬਣਾ ਕੇ ਲਿਖਦਾ ਕਿ ਆਪਣੇ ਮਤਲਬ ਨੂੰ ਸਿੱਧ ਕਰ ਸਕੇ ।ਇਸ ਪਰ ਹੁਣ ਸਾਡੇ ਵਿਚਾਰ ਪੜ੍ਹੀਏ ।

ਗੁਰੂ ਘਰ ਵਿਚ "ਨਾਟਕ ਚੇਟਕ" ਰੂਪ ਵਿਚ ਆਪਣੀ ਪ੍ਰਭਤਾ ਵਧਾਣ ਨੂੰ ਕਿਸੇ ਸ਼ਕਤ ਕਲਾ ਦਾ ਪ੍ਰਗਟਾਵਾ ਮਨ੍ਹਾ ਹੈ। ਪਰ ਹਰ ਕਿਸੇ ਵਿਚ ਐਸੀ ਕਰਾਮਾਤ ਸ਼ਕਤੀ ਹੋਣੀ ਹੀ ਅਸੰਭਵ ਹੈ। ਬੜੀ ਘਾਲ ਕਮਾਈ ਤੇ ਜੋਗੀਆਂ ਵਾਂਗੂ ਤਪ ਸਾਧਨਾਂ ਜਾਂ ਮੰਤਰ ਸਾਧਨਾਂ ਨਾਲ ਕਿਸੇ ਨੂੰ ਸਿਧੀ ਪ੍ਰਾਪਤ ਹੋਵੇ ਤਾਂ (ਬਾਬਾ ਸ੍ਰੀ ਚੰਦ ਸਾਹਿਬ ਦੇ ਫਰਮਾਣ ਮੁਤਾਬਕ) ਰੱਬ ਦੇ ਰਾਹ ਟੁਰਿਆਂ ਨੂੰ ਇਹ ਸਫਰ ਪਰਚੇ ਵਜੋਂ ਰਿਧੀ ਸਿਧੀ ਪ੍ਰਾਪਤ ਹੁੰਦੀ ਹੈ। ਕੋਈ ਫਜ਼ੂਲ ਖਰਚੀ ਵਿਚ ਪ੍ਰਭਤਾ ਵਧਾਉਣ ਨੂੰ ਵਰਤੇ ਜਾਂ ਯੋਗ ਤਰੀਕੇ ਨਾਲ ਵਰਤੇ ਪਰ ਕਠਿਨ ਸਾਧਨਾਂ ਸਾਧਨ ਵਾਲਿਆਂ ਨੂੰ ਇਸ ਦੀ ਪਰਾਪਤੀ ਜ਼ਰੂਰ ਹੈ ।

ਗੁਰੂ ਗੋਬਿੰਦ ਸਿੰਘ ਪੂਰਨ ਯੋਗੀਸ਼ੂਰ ਸਨ। "ਹੇਮ ਕੁੰਟ" ਦੇ ਯਾਤਰੂ ਜਾਂਦੇ ਤੇ ਮਸਾਂ ਉਥੇ ਇਕ ਰਾਤ ਰਹਿ ਸਕਦੇ ਹਨ। ਇਤਨੀ ਸਰਦੀ ਜੂਨ ਜੁਲਾਈ ਵਿਚ ਤੇ ਸਤੰਬਰ, ਅਕਤੂਬਰ ਵਿਚ ਵੀ ਹੁੰਦੀ ਹੈ ਜਦੋਂ ਯਾਤਰਾ ਖੁਲ੍ਹਦੀ ਹੈ, ਤਾਂ ਜਿਥੇ ਪਤਾ ਨਹੀਂ ਕਿਤਨੇ ਸਾਲ, ਕਿਸੇ ਬਰਫਾਨੀ ਗੁਫਾ ਵਿਚ ਉਥੇ ਯੋਗ ਅਭਿਆਸੀ ਨੇ ਦਸਮ ਦਵਾਰ ਪ੍ਰਾਨ ਚੜ੍ਹਾ ਕੇ ਹੀ ਸ੍ਰੀ ਅਕਾਲ ਪੁਰਖ ਦੀ ਅਰਾਧਨਾ ਕੀਤੀ ਹੋਣੀ ਹੈ। ਤੇ ਉਸ ਨੂੰ ਖੁਦ ਆਵਣ ਦੀ ਖਾਹਸ਼ ਨਹੀਂ ਸੀ ਸ੍ਰੀ ਅਕਾਲ ਨੇ "ਪੁਤਰ ਬਾਪ" ਕੇ ਅਨੰਤ ਕਲਾ ਦੀ ਸ਼ਕਤੀ ਸਹਿਤ ਸੰਸਾਰ ਵਿਚ ਜਿਸ ਕਾਰਜ ਨੂੰ ਭੇਜਿਆ ਸੀ ਉਹ ਉਹਨਾਂ ਨੇ ਪੂਰਾ ਕਰ ਵਿਖਾਇਆ ਹੈ।

ਉਹਨਾਂ ਨੇ ਆਪਣੇ ਹਿਤ ਵਾਸਤੇ ਪ੍ਰਭਤਾ ਵਾਸਤੇ ਕੋਈ ਸ਼ਕਤ ਵਿਖਾਕੇ **ਅਪਣੇ** ਬਜ਼ਾਓ ਦੀ ਕਦੀ ਨਹੀਂ ਸੋਚੀ ਸੀ। ਮਨੁੱਖ ਜਾਮੇ ਵਿਚ ਹੁੰਦਿਆਂ ਜੋ ਜੋ ਕਰਤਵ ਮਨੁਖ ਨੂੰ ਕਰਨੇ ਯੋਗ ਸਨ ਉਹ ਸਭ ਕਰ ਵਿਖਾਏ, ਪਰ ਉਹਨਾਂ ਨੇ ਅਕਾਲ ਪੁਰਖ ਦੀ ਦਿਤੀ ਉਸ ਅਨੰਤ ਕਲਾ ਸ਼ਕਤ ਦਵਾਰਾ ਕੁਝ ਚਮਤਕਾਰੀ ਕੰਮ ਵੀ ਕੀਤੇ :

੧. ਪਹਿਲਾਂ ਤਾਂ ਪ੍ਰਗਟਾਉ ਵੇਲੇ ਪਟਨੇ ਦੇ ਉਸ ਕਮਰੇ ਵਿਚ ਪ੍ਰਕਾਸ਼ ਦਾ ਹੋਣਾ ।

੨, ਪੰਜਾਬ ਵਸਦੇ ਇਕ ਭੀਖਨ ਸ਼ਾਹ ਫਕੀਰ ਨੂੰ ਪੂਰਬ ਦਾ ਚਮਤਕਾਰ ਦਿਖਾਈ ਦੇਣਾ ਤੇ ਉਸ ਨੇ ਪਟਨੇ ਆ ਕੇ ਪਰਤਾਵਾਂ ਕਰਨਾ ਜੋ ਦੋਹਾਂ ਕੂਜਿਆਂ ਉਤੇ ਦੋਵੇਂ ਹਥ ਧਰ ਕੇ ਮੁਸਕਰਾਣਾ ਤੇ ਤਸੱਲੀ ਕਰਾਣਾ ।

੩. ਪੰਡਤ ਸ਼ਿਵਦੱਤ ਜੀ ਨੂੰ ਸ੍ਰੀ ਰਾਮ ਰੂਪ ਸੀਤਾ ਅਤੇ ਲਕਛਮਣ ਸਮੇਤ ਦਰਸ਼ਨ ਦਿਖਾਣਾ ।

੪, ਉਥੋਂ ਦੇ ਰਾਜੇ ਨੇ ਪਰਤਾਵੇ ਹਿਤ ਘਰ ਬੁਲਾਣਾ, ਰਾਣੀ ਨੂੰ ਸਾਧਾਰਨ ਵੇਸ ਵਿਚ ਹੋਰ ਦੇਵੀਆਂ ਵਿਚ ਬਿਠਾਣਾ ਤੇ ਗੋਬਿੰਦ ਰੂਪ ਬਾਲਕ ਨੇ ਉਸੇ ਅਸਲੀ ਰਾਣੀ ਦੀ ਗੋਦੀ ਵਿਚ ਜਾਇ ਬੈਠਣਾ ਤੇ ਅੰਦਰ ਤਿਆਰ ਰਖੀਆਂ ਪੂੜੀਆਂ ਤੇ ਛੋਲਿਆਂ ਦੀਆਂ ਘੁੰਘਣੀਆਂ ਮੰਗ ਕੇ ਖਾਣੀਆਂ ।

੫. ਪੰਜਵਾਂ ਸ੍ਰੀ ਅਨੰਦਪੁਰ (ਕੇਸਗੜ੍ਹ ਅਸਥਾਨ ਪੁਰ) ਪੰਜ ਸੀਸ ਵਾਰੀ ਵਾਰੀ ਝਟਕਾਣਾ ਫਿਰ ਉਹਨਾਂ ਨੂੰ ਅਨੰਤ ਕਲਾ ਸ਼ਕਤੀ ਦੀ ਵਰਤੋਂ ਨਾਲ ਜਿੰਦੇ ਕਰ ਵਿਖਾਣਾ—ਇਹ ਕਮਾਮਾਤ ਦੀ ਵਰਤੋਂ ਕੀਤੀ ਪ੍ਰਤੱਖ ਹੈ। *

੬. ਭਾਈ ਬਚਿਤਰ ਸਿੰਘ ਨੂੰ ਥਾਪੀ ਦੇ ਕੇ ਮਸਤ ਹਾਥੀ ਨਾਲ ਟਕਰਾਉਣਾ। ਇਤਿਆਦਿਕ ਹੋਰ ਵੀ ਕੌਤਕ ਹਨ—

ਪਰ ਅਖੀਰ ਦਾ ਇਹ ਕੌਤਕ ਵੀ ਇਕ ਮਹਾਨ ਕਰਾਮਾਤੀ ਕੌਤਕ ਸੀ ਜੋ ਅੰਤ ਸਮੇਂ ਕਰ ਵਿਖਾਇਆ ਸੀ। ਗੁਰੂ ਜੀ ਨੂੰ ਠੀਕ ਆਪਣੇ ਅੰਤ ਸਮੇਂ ਦੇ ਘੜੀਆਂ ਪਲਾਂ ਦਾ ਪਤਾ ਹੋ ਚੁਕਾ ਸੀ ਤੇ ਦੋ ਤਿੰਨ ਦਿਨ ਪਹਿਲੇ ਹੀ ਦਸ ਦਿਤਾ ਸੀ। ਦੂਜ ਨੂੰ ਗੁਰ-ਗੱਦੀ ਦੀ ਸਥਾਪਨਾ ਤੀਜ ਨੂੰ ਭਾਰੀ ਜਗ ਭੰਡਾਰਾ ਕੀਤਾ। ਚੌਥ ਦੀ ਤਿੱਥੀ ਪੰਚਮੀ (ਕਤਕ ਸੁਦੀ ਪੰਜ) ਨੂੰ ਸ਼ਾਮਾਂ ਤਕ ਫਿਰ ਅੱਧੀ ਰਾਤ ਬੀਤੇ ਤੀਕ ਖੁਲ੍ਹੇ ਦਰਸ਼ਨ ਉਪਦੇਸ਼ ਸੁਣਾਏ ਸਨ। ਜੋ ਅਸੀਂ ਆਪਣੀ ਪੁਸਤਕ "ਸਫਰ ਨਾਮਾ ਜਫਰ ਨਾਮਾ" (ਗੁਰੂ ਗੋਬਿੰਦ ਸਿੰਘ ਜੀ) ਵਿਚ ਲਿਖੇ ਹਨ। ਇਥੋਂ ਇਤਨਾ ਹੀ ਦਸਣਾ ਹੈ ਕਿ ਗੁਰੂ ਸਾਹਿਬ ਠੀਕ ਕਤਕ ਸੁਦੀ ਪੰਚਮੀ ਨੂੰ ਅਧੀ ਰਾਤ ਬੀਤੇ ਉਪ੍ਰੰਤ ਵਾਹਿਗੁਰੂ ਜੀ ਕੀ ਫਤਹਿ ਬੁਲਾਏ ਕੇ ਕਨਾਤ ਅੰਦਰ ਹੋਏ ਤੇ ਚੰਦਨ ਚਿਤਾ ਪਰ ਬੈਠੇ।

ਨੋਟ :—ਸ੍ਰੀ ਗੁਰੂ ਜੀ ਦਾ ਆਪੇ ਕਨਾਤ ਅੰਦਰ ਜੀਉਂਦੇ ਜੀ ਪੈਦਲ ਜਾਣਾ ਤੇ ਚਿਖਾ ਤੇ ਚੜ ਕੇ ਬੈਠਣਾ—ਇਹ ਐਸੀ ਘਟਨਾ ਹੈ ਜਿਸ ਨੇ ਬਹੁਤ ਲੋਕਾਂ ਨੂੰ ਤੇ ਖਾਸ ਕਰਕੇ ਗੈਰਸਿੱਖਾਂ ਲਿਖਾਰੀਆਂ ਨੂੰ ਸੰਸੇ ਵਿਚ ਪਾਇਆ ਤੇ ਉਹ ਖੁਦਕਸ਼ੀ ਕਰ ਲਈ ਸਮਝੇ ਹਨ। ਕਿ ਗੁਰੂ ਜੀ ਜੀਵਨ ਤੋਂ ਬੇਜਾਰ ਹੋ ਚੁਕੇ ਸਨ। ਪਰ ਐਸਾ ਨਹੀਂ ਹੈ। ਉਹਨਾਂ ਦਾ ਖੁਦ ਚੰਦਨ ਚਿਤਾ ਪਰ ਬੈਠਣ ਵਿਚ ਸੰਸਾ ਨਹੀਂ ਹੋਣਾ ਚਾਹੀਏ। ਦੇਸ਼ ਵਿਚ ਹੋਰ ਵੀ ਕਈ ਮਹਾਂਪੁਰਸ਼ਾਂ ਦੀਆਂ ਐਸੀਆਂ ਮਿਸਾਲਾਂ ਹਨ ਪਰ ਗੁਰੂ ਘਰ ਦੀਆਂ ਇਕ ਦੋ ਇਹ ਹਨ :

੧. ਗੁਰੂ ਅਮਰਦਾਸ ਜੀ ਨੂੰ ਪਹਿਲੇ ਤੋਂ ਆਪਣੇ ਅੰਤ ਸਮੇਂ ਦਾ ਪਤਾ ਸੀ। ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦਿਤੀ। ਫਿਰ ਦਸੇ ਸਮੇਂ ਸਿਰ ਸਾਰੇ ਪ੍ਰਵਾਰ ਨੂੰ ਬੁਲਾ ਕੇ ਸਮਝਾਇਆ ਸੀ।

੨. ਗੁਰੂ ਅਮਰਦਾਸ ਜੀ ਨੂੰ ਗੁਰੂ ਰਾਮਦਾਸ ਦੀ ਥੋਹੜੀ ਉਮਰ ਰਹਿ ਗਈ ਦਾ ਵੀ ਗਿਆਨ ਸੀ। ਦਸਿਆ ਕਿ ਅਸੀਂ ਆਪਣੀ ਉਮਰ ਵਿਚੋਂ ੬ ਸਾਲ ਦੀ ਉਮਰ ਗੁਰਿਆਈ ਦੇ ਨਾਲ ਦਿੰਦੇ ਪਏ ਹਾਂ।

੩. ਠੀਕ ੬ ਸਾਲ ਦੀ ਗੁਰਿਆਈ ਸੰਭਾਲੇ ਮਗਰੋਂ ਗੁਰੂ ਰਾਮਦਾਸ ਜੀ ਨੇ ਇਕ ਦਿਨ ਪਹਿਲਾਂ ਹੀ ਗੁਰੂ ਅਰਜਨ ਦੇਵ ਨੂੰ ਭਾਦਰੋਂ ਸੁਦੀ ਦੂਜ ਨੂੰ ਗੁਰਗੱਦੀ

---

* ਕਈ ਲੋਕੀ ਦਸਦੇ ਬਕਰੇ ਝਟਕਾਏ ਸਨ। ਉਹ ਝਟਕਾਏ ਬਕਰੇ ਕਿਥੇ ਸੁਟੇ ਗਏ, ਜ਼ਮੀਨ ਵਿਚ ਦਬਾਏ ਕਿ ਲੰਗਰ ਵਿਚ ਵਰਤੇ ਗਏ ਕੋਈ ਦਸ ਨਹੀਂ ਸਕਿਆ। ਉਸ ਸੱਚ ਦੇ ਪੁਜਾਰੀ ਨੇ ਮੰਗੇ ਸੀਸ ਤੇ ਝਟਕਾਏ ਬਕਰੇ ਹੋਣ। ਇਹ ਪਖੰਡ ਉਹ ਨਹੀਂ ਕਰਨ ਵਾਲੇ। ਉਹਨਾਂ ਠੀਕ ਸੀਸ ਮੰਗੇ, ਸੀਸ ਪ੍ਰਵਾਨ ਕੀਤੇ ਝਟਕਾਏ ਫਿਰ ਜ਼ਿੰਦਾ ਵੀ ਕੀਤੇ ਸਨ, ਇਹੋ ਸਚਾਈ ਹੈ।

ਬਹਾਇਆ ਤੇ ਉਸੇ ਦਿਨ ਚਾਲੇ ਪਾ ਕੇ ਸ੍ਰੀ ਗੋਇੰਦਵਾਲ ਚਲੇ ਗਏ ਸੀ। ਭਾਦਰੋਂ ਸੁਦੀ ਤੀਜ ਨੂੰ ਉਥੇ ਜੋਤੀ ਜੋਤ ਸਮਾਏ ਸੀ। ਪਤਾ ਸੀ ਕਿ ਸਾਡਾ ਦੇਸ਼, ਕਾਲ, ਵਸਤੂ ਦਾ ਸੰਗਮ ਕੁਸ਼ਾ ਦੇ ਭੂੰਮ ਆਸਨ ਪਰ ਗੋਇੰਦਵਾਲ ਹੋਣਾ ਹੈ, ਤਾਂ ਉਥੇ ਜਾ ਕੇ ਸਮਾਏ ਸਨ—ਹੋਰ ਕਈ ਮਿਸਾਲਾਂ ਹਨ।

ਪਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਚੰਦਨ ਚਿੱਤਾ ਉਤੇ ਬੈਠਨਾ—ਭਾਵ—ਆਪਣਾ ਦੇਸ ਕਾਲ ਵਸਤੂ ਦਾ ਸੰਗਮ ਦੇਸ ਦਖਣ ਨਾਦੇੜ ਦੀ ਧਰਤੀ (ਜਿਥੇ ਪੂਰਬਲੇ ਜੁਗ ਦਾ ਤਪ ਅਸਥਾਨ ਸੀ) ਸਮਾਂ ਅਧੀ ਰਾਤ ਤੋਂ ਉਤੇ ਅਤੇ ਕੁਸ਼ਾ ਆਸਨ ਨਹੀਂ (ਬਲਕਿ) ਚੰਦਨ ਚਿੱਤਾ ਉਤੇ ਬੈਠ ਪ੍ਰਾਨ ਤਿਆਗਨੇ ਸਨ।

ਉਹਨਾਂ ਦੇ ਸਰੀਰ ਵਿਚੋਂ ਪ੍ਰਾਨ ਨਿਕਲੇ ਸੀਸ ਝੁਕਿਆ ਤੇ ਬੁਰਾਇਆ ਸਿਖਾਂ ਨੇ ਦੇਖਿਆ ਤੇ ਫਿਰ ਜੋਤੀ ਜੋਤ ਸਮਾਏ ਗਏ ਸਮਝਿਆ ਤੇ ਅਗਨ ਭੇਟ ਕਰ ਦਿਤੀ ਸੀ। ਪਰ ਕਈਆਂ ਦਾ ਖਿਆਲ ਹੈ ਉਹਨਾਂ ਨੇ ਯੋਗ ਅਗਨੀ ਪ੍ਰਚੰਡ ਕੀਤੀ ਤੇ ਚੰਦਨ ਚਿੱਤਾ ਨੂੰ ਜਲਾ ਕੇ ਸਰੀਰ ਭਸਮ ਕਰ ਲਿਆ ਸੀ ਇਹ ਦੋਵੇਂ ਖਿਆਲ ਉਸੇ ਸਮੇਂ ਬਾਬਤ ਹਨ।

ਇਸ ਯੋਗ ਅਗਨੀ ਪ੍ਰਚੰਡ ਕੀਤੇ ਉਤੇ ਵੀ ਹੁਣ ਸੰਸਾ ਨਹੀਂ ਹੋ ਸਕਦਾ ਤੇ ਅਖਬਾਰਾਂ ਵਿਚ ਛਪੀ ਇਕ ਇਸ ਗਲ ਦੀ ਪੂਰੀ ਤਸਦੀਕ ਹੋ ਚੁਕੀ ਹੈ ਕਿ ਸੰ: ੧੯੭੭ ਦੇ ਕੁਝ ਪਹਿਲੇ ਮਹੀਨਿਆਂ ਵਿਚ "ਹਾਥਰਸ" ਰੇਲਵੇ ਸਟੇਸ਼ਨ ਨੇੜੇ-ਛੋਟੀ ਲਾਈਨ ਉਤੇ (ਗੰਜ ਡਡਵਾੜਾ, ਪਿੰਡ) ਜ਼ਿਲਾ ਏਟਾ ਵਿਚ ਇਕ ਗੁਰੂ ਕੇ ਸਿਖ (ਨਿਹੰਗ ਸਿੰਘ) ਨੇ ਚੰਗੇ ਭਲੇ ਹੁੰਦਿਆਂ ਦਸਿਆ ਕਿ ਮੇਰਾ ਅੰਤ ਸਮਾਂ ਹੋ ਆਇਆ ਹੈ ਤੇ (ਬਿਨਾਂ ਚਿਖਾ ਉਤੇ ਬੈਠਦੇ) ਆਪਣੇ ਸਰੀਰ ਨੂੰ ਯੋਗਾ ਅਗਨੀ ਪ੍ਰਗਟਾ ਕੇ ਆਪਣਾ ਸਰੀਰ ਭਸ਼ਮ ਕਰ ਲਿਆ ਸੀ। ਇਹ ਖੁਦਕਸ਼ੀ ਵੀ ਨਹੀਂ ਸੀ ਅਤੇ ਸਰਕਾਰੀ ਪੜਤਾਲਾਂ ਮਗਰੋਂ ਐਸਾ ਹੀ ਸਾਬਤ ਹੋਇਆ ਸੀ।

ਡਾਕਟਰਾਂ ਨੇ ਦੇਖ ਭਾਲ ਕੀਤੀ ਕਿ ਪਟਰੋਲ ਜਾਂ ਹੋਰ ਕਿਸੇ ਚੀਜ਼ ਨਾਲ ਅਗ ਤਾਂ ਨਹੀਂ ਭੜਕੀ ਪਰ ਐਸਾ ਸਾਬਤ ਨਹੀਂ ਹੋਇਆ ਸੀ। ਇਸ ਵੇਲੇ ਅਗ ਵਿਚ ਜਲਦਾ ਸਰੀਰ ਦੇਖ ਕੇ ਇਕ ਮਾਈ ਨੇ ਪੈਰਾਂ ਨੂੰ ਹੱਥ ਲਾਇਆ ਤਦ ਉਹ ਸੜਨ ਤੋਂ ਰਹਿ ਗਿਆ ਤੇ ਉਸ ਨੂੰ ਦੂਜੀ ਅਗ ਨਾਲ ਜਲਾਇਆ ਗਿਆ ਸੀ। ਉਥੇ ਦਾ ਇਹ ਮਸ਼ਹੂਰ ਜ਼ਿਕਰ ਹੈ। ਅਖਬਾਰਾਂ ਵਿਚ ਵੀ ਛਪਿਆ ਸੀ।

ਐਸੀ ਬਿਰਤੀ ਵਾਲੇ ਅਭਿਆਸੀ ਲੋਕਾਂ ਨੂੰ ਆਪਣੇ ਅੰਤ ਸਮੇਂ ਦਾ ਪਤਾ ਹੋ ਜਾਂਦਾ ਹੈ। ਅਸੀਂ ਆਪਣੀ ਪੁਸਤਕ 'ਸਫਰ ਨਾਮਾ ਜ਼ਫਰਨਾਮਾ' (ਗੁਰੂ ਗੋਬਿੰਦ ਸਿੰਘ ਜੀ) ਵਿਚ ਕਈ ਹਵਾਲੇ ਦਿਤੇ ਹਨ ਕਿ ਅਗਰ ਗੁਰੂ ਜੀ ਦੇ ਸੇਵਕ ਸਿਖਾਂ ਨੇ ਜੋ ਐਸੇ ਹਨ ਕਿ ਯੋਗਾ ਅਗਨੀ ਪ੍ਰਗਟਾ ਕੇ ਸਰੀਰ ਭਸਮ ਕਰ ਸਕਦੇ ਤਦ ਗੁਰੂ ਦਸਮੇਸ਼ ਜੀ ਜੋ ਮਹਾ ਯੋਗੀਸ਼ਵਰ ਸਨ ਉਨ੍ਹਾਂ ਉਤੇ ਸੰਸਾ ਨਹੀਂ ਹੋ ਸਕਦਾ। ਉਹ ਹੇਮਕੁੰਟ ਪਰਬਤ ਉਤੇ ਦਾ ਜ਼ਿਕਰ ਦਸਦੇ—

ਤਹਿ ਹਮ ਅਧਿਕ ਤਪਸਿਆ ਸਾਧੀ ॥ ਮਹਾਂ ਕਾਲ ਕਾਲਕਾ ਅਰਾਧੀ ॥
ਇਹ ਬਿਧਿ ਕਰਤ ਤਪਸਿਆ ਭਯੋ ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥

(ਬਚਿਤ੍ਰ ਨਾਟਕ ਅਧਿਆਇ ੬)

ਸ਼ਾਇਦ ਇਹੋ ਵਜ੍ਹਾ ਸੀ ਕਿ ਪ੍ਰਬੱਲ ਯੋਗ ਅਗਨੀ ਨੇ ਸਭ ਭਸਮ ਕਰ ਦਿਤਾ ਸੀ। ਅਸਤੀਆਂ ਵੀ ਨਹੀਂ ਮਿਲੀਆਂ ਸਨ।

ਇਹ ਹਨ ਉਸ ਸਮੇਂ ਦੀਆਂ ਦੋ ਤਰ੍ਹਾਂ ਦੀਆਂ ਵਿਚਾਰਾਂ—ਪਰ ਨਾਮਧਾਰੀਆਂ ਤੋਂ ਬਿਨਾਂ ਹੋਰ ਸਾਰੇ ਹੀ ਇਸ ਗਲ ਨਾਲ ਤਾਂ ਸਹਿਮਤ ਹਨ ਕਿ ਗੁਰੂ ਜੀ ਨਾਂਦੇੜ ਵਿਚ ਜੋਤੀ ਜੋਤ ਸਮਾਏ ਸਨ। ਉਹਨਾਂ ਦੇ ਬਾਅਦ ਵਿਚ ਇਕ ਦੋ ਥਾਏਂ ਪ੍ਰਤੱਖ ਦਰਸ਼ਨ ਦੇਣੇ ਇਸੇ ਤਰ੍ਹਾਂ ਹੀ ਸਮਝਣਾ ਚਾਹੀਏ ਕਿ ਜਿਵੇਂ ਗੁਰੂ ਨਾਨਕ ਦੇਵ ਜੀ ਆਪਣੀ ਸਣਦੇਹੀ ਲੋਪ ਹੋਏ। ਉਹ ਸਚਖੰਡ ਪਧਾਰੇ ਸਨ, ਪਰ ਹਿੰਦੂਆਂ ਤੇ ਮੁਸਲਮਾਨਾਂ ਦਾ (ਤਵਾਰੀਖੀ ਜ਼ਿਕਰ ਹੈ) ਸਸਕਾਰ ਕਰਨਾ ਜਾਂ ਦਫਨਾਏ ਦੇਣ ਦੇ ਖਿਆਲ ਪਰ ਝਗੜਾ ਚੁਕਾਉਣ ਨੂੰ ਗੁਰੂ ਜੀ ਨੇ ਇਕ ਸਾਧੂ ਨੂੰ ਫੇਰ ਪ੍ਰਗਟ ਹੋ ਕੇ ਦਰਸਨ ਦਿਤੇ ਕਿ ਉਹ ਝਗੜਾ ਨਾ ਕਰਨ ਚਾਦਰ ਉਠਾ ਕੇ ਵੇਖਣ ਤਾਂ ਸਰੀਰ ਅਲੋਪ ਸੀ ਤੇ ਦੋ ਚਦਰਾਂ ਵਿਚੋਂ ਦੋਹਾਂ ਨੇ ਇਕ ਇਕ ਲੈ ਕੇ ਮਨ ਮਰਜ਼ੀ ਨਾਲ ਸਸਕਾਰ ਕੀਤਾ ਤੇ ਦੂਜੇ ਮੁਸਲਮਾਨਾਂ ਨੇ ਦਫਨਾਇਆ ਸੀ। ਦੋਹਾਂ ਦੇ ਪੂਜਯ ਅਸਥਾਨ ਵੀ ਬਣੇ ਸਨ।

ਤਿਵੇਂ ਹੀ ਇਸ ਵੇਲੇ ਇਹ ਗਲ ਵੀ ਮੰਨੀ ਜਾ ਸਕਦੀ ਹੈ ਕਿ ਗੁਰੂ ਜੀ ਨੇ ਆਪਣੇ ਕਮਜ਼ੋਰ ਤੇ ਨਿਢਾਲ ਸਰੀਰ ਵਿਚੋਂ ਪ੍ਰਾਨ ਸਤਾ ਨੂੰ ਪਵਨ ਸਤਾ (ਤੱਤ) ਵਿਚ ਮਿਲਾ ਲਿਆ ਸੀ ਤੇ ਆਤਮ ਜੋਤਿ ਨੂੰ (ਅਨੰਤ ਕਲਾ ਸੰਯੁਕਤ ਸੀ) ਨਵੀਨ ਤੇ ਨਰੋਆ ਸਰੀਰ ਪ੍ਰਗਟਾ ਕੇ ਵਿਚ ਪ੍ਰਵੇਸ ਕਰਵਾਇਆ ਤੇ ਉਸੇ ਰੰਗ ਰੂਪ ਪੁਸ਼ਾਕੇ ਸਹਿਤ ਘੋੜੇ ਤੇ ਸਵਾਰ ਹੋ ਕੇ ਉਡਾਰੀ ਲਵਾ ਨਿਕਲ ਉੜੇ ਸਨ। ਤੇ ਦੂਜੀ ਭਲਕੇ ਰਤਨ ਗਿਰੀ ਮੰਦਰ ਨੇੜੇ ਇਕ ਸਾਧੂ ਨੂੰ ਮਿਲੇ ਤੇ ਸੁਨੇਹਾ ਦੇ ਕੇ ਭੇਜਿਆ—ਕਿ ਅਜ ਤੋਂ ਅਸੀ ਨਿਰੰਕਾਰ ਦੀ ਹਜ਼ੂਰੀ ਵਿਚ ਗੁਪਤ ਵਰਤਾਂਗੇ। ਕੋਈ ਫਿਕਰ ਚਿੰਤਾ ਨਾ ਕਰੇ।

ਫੇਰ ਕੁਝ ਦਿਨਾਂ ਤੀਕ ਵੈਰਾਗੀ ਕਈ ਸਿੱਖਾਂ ਨੇ ਅੰਗੀਠੇ ਦੇ ਆਸ ਪਾਸ ਬੈਠਕੇ ਪਾਠ ਕਰਦੇ ਰਾਤਾਂ ਬਿਤਾਈਆਂ ਸਨ। ਇਹਨਾਂ ਹੀ ਦਿਨਾਂ ਵਿਚ ਬਾਲੂ ਹਸਨਾਂ ਸਾਧੂ ਮੰਡਲੀ ਦੇ ਇਥੇ ਹੁੰਦਿਆਂ ਹੀ ਦੋ ਮਰਹਟੇ ਸਰਦਾਰ ਬਾਲਾ ਰਾਏ ਤੇ ਰੁਸਤਮ ਰਾਏ ਆਏ ਇਹਨਾਂ ਅਸ਼ਰਫੀਆਂ ਦੀ ਥੈਲੀ ਤੇ ਬਸਤ੍ਰਾਂ ਦੀਆਂ ਪੰਡਾਂ ਅਗੇ ਧਰੀਆਂ। ਅੰਗੀਠੇ ਦੀਆਂ ਪਰਦਖਣਾ ਕੀਤੀਆਂ ਤੇ ਦਸਿਆ ਕਿ ਗੁਰੂ ਸਾਹਿਬ ਤਾਂ ਅਮਰ ਹਨ ਉਹ ਹਾਜਰਾ ਹਜ਼ੂਰ ਹਨ। ਅਸੀਂ ਚਿਰਾਂ ਤੋਂ ਕੈਦ ਸੀ ਕੋਈ ਛੁਟਨ ਦੀ ਉਮੀਦ ਨਹੀਂ ਸੀ। ਕਿਲੇ ਦਾ ਸੇਵਾਦਾਰ ਇਕ ਸਿੱਖ ਸੀ ਉਸ ਨੇ ਦਸਿਆ ਕਿ ਗੁਰੂ ਸਮਰਥ ਹਨ ਬਾਹੁੜੀ ਕਰ ਸਕਦੇ ਹਨ। ਅਸੀਂ ਉਸ ਪਾਸੋਂ ਅਰਦਾਸ ਕਰਾਈ ਤਾਂ ਠੀਕ ਰਾਤ ਵੇਲੇ ਸਾਨੂੰ ਕਿਲੇ ਦੀ ਜੇਲ੍ਹ ਅੰਦਰ ਸੁਤਿਆਂ ਨੂੰ ਜਗਾਇਆ, ਉਹ ਘੋੜੇ ਤੇ ਸਵਾਰ ਸਨ।

ਉਹਨਾਂ ਦਸਿਆ ਕਿ ਸਾਨੂੰ ਫੁਰਮਾਇਆ ਨੇ "ਵਾਹਿਗੁਰੂ ਆਖੋ" ਤੁਹਾਡੀਆਂ ਬੇੜੀਆਂ ਤੇ ਹਥਕੜੀਆਂ ਟੁਟ ਜਾਣਗੀਆਂ। ਸੋ ਅਸੀਂ ਵਾਹਿਗੁਰੂ ਵਾਹਿਗੁਰੂ ਜਪਿਆ ਤੇ ਸਾਰੀਆਂ ਬੇੜੀਆਂ ਹਥਕੜੀਆਂ ਟੁਟ ਗਈਆਂ ਸਨ। ਫਿਰ ਉਹਨਾਂ ਨੇ ਸਾਨੂੰ ਸਵਾਰੀ ਵਾਲੇ ਘੋੜੇ ਦੀ ਜੀਨ ਦੀ ਇਕ ਇਕ ਰਕਾਬ ਫੜਾਈ ਤੇ ਉਡਾਰੀ ਲਵਾ ਕੇ ਕਿਲੇ ਤੋਂ ਬਾਹਰ ਹੀ ਨਹੀਂ ਸਗੋਂ ੧੨ ਕੋਹਾਂ ਦੀ ਵਿੱਥ ਉਤੇ ਖਿਧਿਆਚਲ ਪਰਬਤ ਪਰ ਜਾ ਉਤਾਰਿਆ ਤੇ ਫੁਰਮਾਇਆ ਸੀ ਸਿੱਖ ਸੰਗਤ ਨੂੰ ਜਾ ਕੇ ਧੀਰਜ ਦੇਣਾ ਉਹ ਵੈਰਾਗ ਨਾ

ਕਰਨ ਜਿਥੇ ਵੀ ਅਰਦਾਸ ਕਰਨਗੇ ਮੈਂ ਅੰਗ ਸੰਗ ਹੋ ਕੇ ਬਹੁੜੀ ਕਰਾਂਗਾ।

ਇਤਨਾ ਦਸ ਕੇ ਉਹ ਚਲੇ ਗਏ ਤੇ ਉਹਨਾਂ ਵਲੋਂ ਅਰਪਨ ਕੀਤੀ ਭੇਟਾ ਨਾਲ ਹੀ ਪਿਛੋ ਲੰਗਰ ਚਾਲੂ ਕੀਤਾ ਸੀ।* ਕਿਉਂਕਿ ਗੁਰੂ ਜੀ ਤੋਂ ਬਾਅਦ ਸਿੰਘਾਂ ਦੇ ਪੰਜਾਬ ਨੂੰ ਚਾਲੇ ਪਾਏ ਮਗਰੋਂ ਸ਼ਾਹੀ ਰਸਦ ਬੰਦ ਹੋ ਚੁਕੀ ਸੀ। ਸਿਰਫ ਧਰਮ ਸਿੰਘ ਜੀ ਤੇ ਸੰਤੋਖ ਸਿੰਘ ਦੇ ਨਾਲ ਥੋਹੜੇ ਸਾਧੂ ਹੀ ਰਹੇ ਸਨ। ਬਾਕੀ ਸੰਤ ਮੰਡਲੀ ਨੇ ਦਿੱਲੀ ਆ ਕੇ ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਦੇਵਾਂ ਨੂੰ ਸਾਰਾ ਅਖੀਂ ਡਿਠਾ ਤੇ ਗੁਰੂ ਜੀ ਤੋਂ ਸਭ ਕੁਝ ਸੁਣਿਆ ਹਾਲ ਸੁਣਾਇਆ ਸੀ। ਜੋ ਭਾਈ ਰਾਮ ਕੌਰ ਨੇ ਫਿਰ ਪੰਜ ਵੇਰ ਸੁਣਿਆ ਤੇ ਲਿਖ ਲਿਆ ਸੀ।

ਅਸੀਂ ਬਹੁਤ ਵਿਸਥਾਰ ਨਾਲ ਗੁਰੂ ਜੀ ਦੇ ਚਲਾਣੇ ਦੇ ਉਥੇ ਬੀਤੇ ਸਮਾਚਾਰ ਰਖੇ ਹਨ ਕਿ ਦੋਵੇਂ ਪੱਖ ਸਾਹਮਣੇ ਕੀਤੇ ਬਿਨਾਂ ਪਾਠਕਾਂ ਸਾਹਮਣੇ ਸਚਾਈ ਨਹੀਂ ਆ ਸਕਦੀ ਤੇ ਉਹ ਦੂਜਾ ਪੱਖ ਅਸੀਂ ਹੁਣ ਪੇਸ਼ ਕਰਨਾ ਹੈ ਜੋ ਨਾਮਧਾਰੀਆਂ ਦੀ ਮਨੌਤ ਹੈ ਕਿ ਗੁਰੂ ਜੀ ਜਿੰਦੇ ਨਿਕਲੇ ਸਨ।

ਪਹਿਲੀ ਗੱਲ ਤਾਂ ਇਹ ਹੈ ਕਿ ਗੁਰੂ ਜੀ ਦੇ ਦੁਬਾਰਾ ਜ਼ਖਮ ਖੁਲ੍ਹ ਜਾਣ ਤੋਂ ਇਹਨਾਂ ਤਾਈਂ ਵੀ ਇਨਕਾਰ ਨਹੀਂ ਹੋ ਸਕਦਾ। ਫਿਰ ਇਤਨੀ ਕਮਜ਼ੋਰੀ ਹੋਵੇ—ਲਹੂ ਨਿਚੁੜ ਚੁਕਾ ਤੇ ਮੁਖੜੇ ਦੀ ਅਭਾਵੀ ਘਟ ਗਈ ਦੇਖ ਕੇ ਸਿੰਘਾਂ ਦੇ ਦਿਲ ਦਹਿਲ ਚੁਕੇ ਸਨ। ਭਾਈ ਦਇਆ ਸਿੰਘ ਜੀ ਪੰਜਾਂ ਪਿਆਰਿਆਂ ਵਿਚੋਂ ਪ੍ਰਮੁਖ ਪਿਆਰੇ ਸਨ ਇਥੋਂ ਤੀਕ ਸਾਥ ਨਿਬਾਹਿਆ ਤੇ ਕਦੀ ਗੁਰੂ ਮੁਖੜੇ ਉਤੇ ਇਤਨੀ ਕਮਜ਼ੋਰੀ ਨਹੀਂ ਵੇਖੀ ਸੀ। ਉਹਨਾਂ ਵੀ ਗੁਰੂ ਜੀ ਦਾ ਅੰਤ ਅਨੁਭਵ ਕੀਤਾ ਤਾਂ ਇਸ ਮਹਾਂਵਾਕ ਦੇ ਅਨੁਸਾਰ ਚਲਾਣਾ ਕੀਤਾ ਸੀ :

ਜਿਸ ਪਿਆਰੇ ਸਿਉ ਨੇਹੁ ਤਿਸ ਆਗੈ ਮਰ ਚਲੀਐ
ਧ੍ਰਿਗ ਜੀਵਣ ਸੰਸਾਰ ਤਾਕੇ ਪਾਛੈ ਜੀਵਨਾ ॥

(ਮ: ੨, ਸਫਾ )

ਉਹ ਭਾਈ ਦਇਆ ਸਿੰਘ ! ਜੋ ਗੁਰੂ ਜੀ ਤੋਂ ਹਰ ਵਕਤ ਵਿੱਦਾ (ਕੁਰਬਾਨ ਹੋਣ ਨੂੰ) ਤਿਆਰ ਰਹਿੰਦੇ ਸਨ, ਉਹਨਾਂ ਚਮਕੌਰ ਦੀ ਗੜ੍ਹੀ ਵਿਚ ਜਦੋਂ ਇਹ ਮਹਿਸੂਸ ਕੀਤਾ ਜਾਂ ਗੁਰੂ ਜੀ ਤੋਂ ਸਵੇਰ ਦਾ ਪ੍ਰੋਗਰਾਮ ਸੁਣਿਆ ਕਿ ਉਹ ਖੁਦ ਸਵੇਰੇ ਮੈਦਾਨੇ ਜੰਗ ਵਿਚ ਜੂਝਨਾਂ ਚਾਹੁੰਦੇ ਹਨ ਤਾਂ ਬੇਨਤੀ ਕੀਤੀ ਕਿ ਅਸੀਂ ਆਪਣੀਆਂ ਅਖਾਂ ਨਾਲ ਇਹ ਨਹੀਂ ਦੇਖਣਾ ਚਾਹੁੰਦੇ ਕਿ ਸਾਡੇ ਤੋਂ ਪਹਿਲਾਂ ਆਪ ਦੀ ਮ੍ਰਿਤੂ ਹੋ ਜਾਏ। ਆਪ ਜਿਵੇਂ ਜਾਣੋਂ ਇਥੋਂ ਰਾਤ ਨੂੰ ਨਿਕਲ ਜਾਓ ! ਇਹ ਬੇਨਤੀ ਗੁਰੂ ਜੀ ਨੇ ਨਾਮਨਜ਼ੂਰ ਕੀਤੀ ਤਾਂ ਪੰਜ ਸਿੰਘ ਜੋ ਹੋਰ ਬਾਕੀ ਸਨ। ਉਹਨਾਂ ਨੇ "ਗੁਰੂ ਖਾਲਸਾ" ਰੂਪ ਵਿਚ ਫਿਰ ਹੁਕਮ ਕੀਤਾ ਕਿ ਚਲੇ ਜਾਈਏ ਤਦ ਇਸ ਹੁਕਮ ਨੂੰ ਮੰਨ ਕੇ ਤਿੰਨ ਹੋਰ ਸਿੰਘਾਂ

* ਪੁਸਤਕ ਸਫਰਨਾਮਾ ਤੇ ਜ਼ਫਰਨਾਮਾ ਦੀ ਰੀਸਰਚ ਵਲੋ ਜਦੋਂ ਮੈਂ ਹਜ਼ੂਰ ਸਾਹਿਬ ਗਿਆ ਸੀ ਉਥੋਂ ਦੇ ਪ੍ਰਬੰਧਕਾਂ ਤੇ ਪੁਰਾਤਨ ਪੁਜਾਰੀਆਂ ਪਾਸੋਂ ਸੁਣਿਆ ਸੀ ਕਿ ਬਾਲਾ ਰਾਇ ਰੁਸਤਮ ਰਾਇ ਦੀਆਂ ਸੰਤਾਨਾਂ ਵੀ ਬਹੁਤ ਅਰਸਾ ਤੀਕ ਸਾਲ ਦੇ ਸਾਲ ਆ ਕੇ ਭੇਟਾ ਚੜ੍ਹਾਂਦੇ ਸੀਸ ਨਿਵਾਂਦੇ ਰਹੇ ਸੀ।

ਸਮੇਤ ਗੜ੍ਹੀ ਚਮਕੌਰ ਤੋਂ ਨਿਕਲੇ ਸਨ ਜਿਹਨਾਂ ਵਿਚ ਇਕ ਇਹੋ ਹੀ ਭਾਈ ਦਇਆ ਸਿੰਘ ਜੀ ਸਨ।

ਅਜ ਇਹੋ ਭਾਈ ਦਇਆ ਸਿੰਘ ਗੁਰੂ ਜੀ ਦੀ ਅਤਿ ਕਮਜ਼ੋਰ ਹਾਲਤ ਦੇਖ ਕੇ ਗੁਰੂ ਜੀ ਦਾ ਅੰਤ ਸਮਾਂ ਅਨੁਭਵ ਕੀਤਾ ਤੇ ਪਹਿਲੇ ਹੀ ਚਲ ਬਸੇ ਸਨ ਤਾਂ ਐਸੀ ਹਾਲਤ ਦਾ ਹੀ ਪਾਠਕਾਂ ਨੇ ਅੰਦਾਜ਼ਾ ਲਗਾਣਾ ਹੈ ਕਿ ਇਸ ਇਤਨੇ ਕਮਜ਼ੋਰ ਸਰੀਰ ਨੂੰ ਨਾਲ ਲੈ ਕੇ ਗੁਰੂ ਸਾਹਿਬ ਨੇ ਕਿਵੇਂ ਘੋੜੇ ਦੀ ਸਵਾਰੀ ਕੀਤੀ ਹੋਣੀ। ਫਿਰ ਉਹਨਾਂ ਦੋ ਮਰਹਟੇ ਸਰਦਾਰਾਂ ਨੂੰ ਕਿਲੇ ਵਿਚੋਂ ਉਡਾਇਆ ਤੇ ੧੨ ਕੋਹਾਂ ਦੀ ਵਿਥ ਤੀਕ ਉਡਾਂਦੇ ਲਿਆ ਕੇ ਬਿੰਧਿਆਚਲ ਪਰਬਤ ਪਰ ਛਡਿਆ ਸੀ? ਨਹੀਂ ਪਤਾ ਕਿ ਮਨਮਾੜ ਦੀ ਉਸੇ ਪਰਬਤ ਵਾਲੀ ਥਾਂ ਹੈ ਜਾਂ ਕਿ ਉਹ ਪਰਬਤ ਹੋਰ ਕਿਸੇ ਪਾਸੇ ਹੈ? ਪਰ "ਨਾਂਦੇੜ" ਸ੍ਰੀ ਹਜ਼ੂਰ ਸਾਹਿਬ ਤੋਂ ਮਨਮਾੜ ਕਰੀਬਨ ੩੫੦ ਕਿਲੋ ਮੀਟਰ ਦੀ ਦੂਰੀ ਉਤੇ ਹੈ, ਉਹਨਾਂ ਦੀ ਇਤਨੀ ਕਮਜ਼ੋਰੀ ਹਾਲਤ ਵਿਚ ਆਉਣਾ ਸੰਭਵ ਨਹੀਂ।

ਇਥੇ ਮੇਰੇ ਆਪਣੇ ਵਿਚਾਰ ਇਹ ਹਨ ਕਿ ਗੁਰੂ ਸਾਹਿਬ ਨੇ ਆਪਣੇ ਪੰਜ ਭੂਤਕ ਸਰੀਰ ਨੂੰ ਹੁਣ "ਗੁਰੂ ਅਕਾਲ ਪੁਰਖ" ਪਿਤਾ ਦੇ ਹੁਕਮ ਵਿਚ ਤਿਆਗ ਕੇ ਚੰਦਨ ਚਿੱਤਾ ਵਿਚ ਭਸਮ ਕਰ ਲਿਆ ਸੀ ਅਗਰ ਇਸ ਨੂੰ ਹੋਰ ਰਖਣ ਦਾ ਹੁਕਮ ਹੁੰਦਾ ਤਾਂ ਉਹ ਦੁਬਾਰਾ ਕਿਸੇ ਹਕੀਮ (ਜਰਾਹ) ਨੂੰ ਬੁਲਾ ਕੇ ਇਲਾਜ ਕਰਾਂਦੇ। ਕਿਉਂਕਿ ਨਾਂਦੇੜ—ਅਜ ਜਿਤਨਾ ਉਸ ਵੇਲੇ ਸ਼ਹਿਰ ਨਹੀਂ ਸੀ ਤਦ ਵੀ ਉਹ ਇਕ ਉਸ ਦੇਸ ਦਾ ਵਡਾ ਸ਼ਹਿਰ ਸੀ ਅਤੇ ਬਹਾਦਰ ਸ਼ਾਹ ਦੇ ਆਪਣੇ ਰਾਜ ਦਾ ਹਿਸਾ ਸੀ। ਤਦੇ ਬਹਾਦਰ ਸ਼ਾਹ ਨੇ ਇਥੇ ਦੋ ਢਾਈ ਮਹੀਨੇ ਟਿਕ ਕੇ ਆਪਣਾ ਹੈਡ ਕਵਾਟਰ ਰਖਿਆ ਤੇ ਅਗੇ ਦੀਆਂ ਮੁਹਿੰਮਾਂ ਉਤੇ ਜਾਣ ਦੇ ਪ੍ਰੋਗਰਾਮ ਇਥੋਂ ਹੀ ਬਣਾ ਕੇ ਅਗੇ ਗਿਆ ਸੀ। ਇਸ ਵਾਸਤੇ ਇਥੇ ਹੋਰ ਹਕੀਮ ਵੀ ਸਨ, ਪਰ ਗੁਰੂ ਜੀ ਨੇ ਗੁਰੂ ਪਿਤਾ ਅਕਾਲ ਪੁਰਖ ਦੀ ਹੋਰ ਆਗਿਆ ਨਾ ਮਿਲੋਂ ਤੇ ਸਰੀਰ ਤਿਆਗਣਾ ਹੀ ਚਾਹਿਆ ਸੀ ਜੋ ਤਿਆਗ ਦਿਤਾ ਸੀ।

ਇਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਸਰੀਰ ਤਿਆਗਕੇ ਸਸਕਾਰ ਹੋਏ ਮਗਰੋਂ ਫਿਰ ਉਹਨਾਂ ਦਾ ਪ੍ਰਤੱਖ ਹੋ ਕੇ ਦਰਸ਼ਨ ਦੇਣਾ ਕਿਵੇਂ ਸੱਚ ਮੰਨਿਆ ਜਾ ਸਕੇ? ਇਸ ਦੇ ਜਵਾਬ ਵਿਚ ਜੋ ਅਸੀਂ ਲਿਖਣਾ ਹੈ ਉਹ ਨਾਸਤਕ ਤੇ ਮਾਦਾ ਪ੍ਰਸਤ ਲੋਕਾਂ ਦੀ ਸਮਝ ਤੋਂ ਬਾਹਰ ਹੈ। ਪਰ ਜਵਾਬ ਇਹੋ ਹੈ ਕਿ ਗੁਰੂ ਜੀ ਦੇ ਸਰੀਰ ਤਿਆਗੇ ਅਤੇ ਸਰੀਰਕ ਸਸਕਾਰ ਹੋਏ ਨਾਲ ਬਲਵਾਨ ਤੇ ਅਮਰ ਆਤਮਾਂ ਕਾਇਮ ਸੀ। ਅਗਰ ਭ੍ਰਿਸ਼ਟ ਜੂਨਾਂ ਵਿਚ ਭਟਕਦੀਆਂ ਭੂਤ ਪ੍ਰੇਤ ਰੂਹਾਂ ਮਨੁਖ ਸਰੀਰ ਧਾਰ ਕੇ ਚਮਤਕਾਰ ਵਿਖਾ ਕੇ ਲੋਪ ਹੋ ਸਕਦੀਆਂ ਹਨ (ਸੈਂਕੜੇ ਮਿਸਾਲਾਂ ਹਨ) ਤਾਂ ਗੁਰੂ ਪੀਰਾਂ ਦੀਆਂ ਦੇਵ ਆਤਮਾਂ ਵੀ ਅਮਰ ਹੁੰਦੀਆਂ ਤੇ ਉਹ ਇਵੇਂ ਹੀ ਦਰਸ਼ਨ ਦੇ ਕੇ ਲੋਪ ਹੋ ਸਕਦੀਆਂ ਹਨ।

ਗੁਰੂ ਅਵਤਾਰ ਤੇ ਆਮ ਦੁਨੀਆਂਦਾਰਾਂ ਦੀ ਮਨੁਖ ਵਿਅਕਤੀ ਸਰੀਰਕ ਦੇਖ-ਰੇਖ ਇਕੋ ਜਹੀ ਹੁੰਦੀ, ਪਰ ਉਹਨਾਂ ਨੇ ਰਾਹਬਰੀ ਕਰਨੀ ਹੁੰਦੀ ਤੇ ਮਨੁਖਤਾ ਦਰਸਾਣੀ ਹੁੰਦੀ ਹੈ। ਦੂਜੇ ਮਨੁਖਾਂ ਤੋਂ ਉਹਨਾਂ ਦੀ ਆਤਮਾ ਬਹੁਤ ਬਲਵਾਨ ਹੁੰਦੀ ਹੈ। ਉਹ

ਦੂਰ ਨੇੜੇ ਵਸਦੇ ਹੋਏ ਵੀ ਆਪਣੇ ਪ੍ਰੇਮੀਆਂ ਦੀਆਂ ਅਰਦਾਸਾਂ ਨੂੰ ਪਲ ਵਿਚ ਐਸਾ ਸੁਣਦੇ ਜਿਵੇਂ ਬਰਾਡਕਾਸਟ ਸਟੇਸ਼ਨ ਤੋਂ ਵਾਇਰਲੈਸ ਕੀਤੀਆਂ ਖ਼ਬਰਾਂ ਨੂੰ ਦੂਜੇ ਸਟੇਸ਼ਨਾਂ ਤੇ ਸੁਣਦੇ ਹਨ। ਦਵਾਰਕਾ ਵਿਚ ਬੈਠੇ ਕ੍ਰਿਸ਼ਨ ਭਗਵਾਨ ਨੇ ਦਿਲੀ (ਹਸਤਨਾਪੁਰ) ਵਿਚੋਂ ਦਰੋਪਤੀ ਦੀਆਂ ਪੁਕਾਰਾਂ ਸੁਣ ਕੇ ਨਗਨ ਹੋਣ ਤੋਂ ਬਚਾਇਆ ਤੇ ਫਿਰ ਦਰਸ਼ਨ ਦੇ ਕੇ ਆਖਿਆ ਸੀ ਤੇਰੀ ਹਾਹਾ ਕਾਰ ਭਰੀ ਪੁਕਾਰ ਨੇ ਸਾਨੂੰ ਖਿਚ ਲਿਆਂਦਾ ਹੈ।

ਗੁਰੂ ਨਾਨਕ ਦੇਵ ਜੀ ਦੂਰ ਦੇਸਾਂ ਵਿਚ ਹੁੰਦਿਆਂ (ਗੁਰੂ ਸ਼ਕਤੀ) ਬਲ ਵਰਤਕੇ ਕਈ ਵੇਰ ਭੈਣ ਨਾਨਕੀ ਪਾਸ ਆਏ ਤੇ ਪ੍ਰਸ਼ਾਦਾ ਛਕਿਆ ਸੀ। ਇਹ ਜੀਉਂਦੇ ਜੀ ਸਰੀਰਾਂ ਦੀ ਸ਼ਕਤ ਪ੍ਰਗਟਾਏ ਦਾ ਜ਼ਿਕਰ ਹੈ, ਇਹ ਗੱਪ-ਗਪੌੜੇ ਨਹੀਂ। ਇਤਿਹਾਸਕ ਸਚਾਈ ਹੈ। ਇਸ ਵਾਸਤੇ ਮੰਨਣਾ ਚਾਹੀਏ ਕਿ ਗੁਰੂ ਅਵਤਾਰ ਵਿਅਕਤੀਆਂ ਦੀਆਂ ਆਤਮਾਵਾਂ ਵੀ ਬਲਵਾਨ ਹੁੰਦੀਆਂ ਤੇ ਸਰੀਰਧਾਰੀ ਹੋਣ ਵੇਲੇ ਜਾਂ ਸਰੀਰ ਤਿਆਗ ਕੇ ਵੀ ਜੋ ਚਾਹੁਣ ਕਰਨ ਵਿਚ ਸਮਰਥ ਹੁੰਦੀਆਂ ਹਨ। ਇਸਲਾਮੀ ਮੱਤ ਦੀਆਂ ਵੀ ਕਈ ਮਿਸਾਲਾਂ ਐਸੀਆਂ ਹਨ, ਪਰ ਹਜ਼ਰਤ ਈਸਾ ਜੀ ਨੂੰ ਸਲੀਬ (ਸੂਲੀ) ਤੋਂ ਉਤਾਰ ਕੇ ਉਹਨਾ ਦੇ ਮੁਰਦਾ ਸਰੀਰ ਨੂੰ ਵਾਰਸਾਂ ਦੇ ਹਵਾਲੇ ਕੀਤਾ ਗਿਆ ਸੀ। ਵਾਰਸਾਂ ਨੇ ਦਫਨਾ ਦਿਤਾ ਸੀ। ਪਰ ਦਫਨਾ ਕੇ ਵਾਪਸ ਆਉਂਦੇ ਇਕ ਬੰਦੇ ਨੂੰ ਪਹਿਲੇ ਵਾਂਗੂ ਹੀ ਚੰਗੇ ਭਲੇ ਸੜਕ ਉਤੇ ਦਿਖਾਈ ਦਿਤੇ ਤੇ ਤੁਰਦੇ ਫਿਰਦੇ ਦਿਸੇ ਸਨ। ਤਾਂ ਰੱਬ ਦੇ ਮੰਨਣ ਵਾਲਿਆਂ ਵਾਸਤੇ ਇਤਨਾ ਹੀ ਦਸਣਾ ਕਾਫੀ ਹੈ ਕਿ ਮਹਾਂ ਪੁਰਖਾਂ ਦੀਆਂ ਅਮਰ ਰੂਹਾਂ ਬਹੁਤ ਬਲਵਾਨ ਹੁੰਦੀਆਂ ਹਨ। ਫਿਰ ਲੇਖਕ ਮੇਹਰ ਸਿੰਘ ਵੀ ਇਸ ਗਲ ਤੇ ਵਿਸ਼ਵਾਸ ਰਖਦਾ ਹੈ ਤਦੇ ਤਾਂ ਉਸ ਨੇ ਆਪਣੇ "ਸਤਿਗੁਰੂ ਰਾਮ ਸਿੰਘ" ਜੀ (ਚਲਾਣਾ ਕਰ ਚੁਕਿਆ) ਤੋਂ ਸਹਾਇਤਾ ਦੀ ਮੰਗ ਕੀਤੀ।

ਤਾਂਤੇ ਸੰਤ ਮੇਹਰ ਸਿੰਘ ਨੂੰ ਇਥੇ ਵੀ ਮੰਨਣਾ ਚਾਹੀਏ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਮਰ ਤੇ ਬਲਵਾਨ ਆਤਮਾਂ ਨੇ ਹੀ ਦੂਜੇ ਸਰੀਰ ਨੂੰ ਪਹਿਲੇ ਵਾਂਗੂ ਉਸੇ ਰੂਪ ਵਿਚ ਪ੍ਰਗਟਾਇਆ ਸੀ। ਫਿਰ ਘੋੜੇ ਤੇ ਸਵਾਰ ਹੋਇਆਂ ਸਾਧੂ ਨੂੰ ਦਿਸੇ ਅਤੇ ਸੁਨੇਹਾ ਦੇ ਕੇ ਭੇਜਿਆ ਸੀ ਕਿ ਉਹ ਸੰਗਤ ਨੂੰ ਸ਼ੋਕਾਤਰ ਹੋਣ ਤੇ ਚਿੰਤਾ ਤੋਂ ਬਚਾਵੇ, ਅਤੇ ਦੋ ਮਰਹਟੇ ਸਰਦਾਰਾਂ ਦੀ ਗੁਰਸਿਖ ਪਾਸੋਂ ਕਰਾਈ ਅਰਦਾਸ ਪਹਿਲੇ ਹੀ ਸੁਣ ਲਈ ਸੀ ਤਦੇ ਘੋੜਾ ਤਿਆਰ ਰਖਾਇਆ ਸੀ ਕਿ ਇਸ ਤੇ ਸਵਾਰ ਹੋਇਆਂ ਹੀ ਰਕਾਬਾਂ ਫੜਾ ਉਡਾ ਕੇ ਉਹਨਾਂ ਤਾਈਂ ਉਸ ਕਿਲੇ ਤੋਂ ਬਾਹਰ ਕਰਾਇਆ ਜਾ ਸਕਦਾ ਹੈ। ਇਹ ਉਹਨਾਂ ਦੀ ਬਲਵਾਨ ਆਤਮਾਂ ਦਾ ਚਮਤਕਾਰ ਸੀ। ਮਰਹੱਟੇ ਸਰਦਾਰਾਂ ਨੂੰ ਉਡਾਇਆ ਤੇ ਬਿੰਧਿਆਚਲ ਪਰਬਤ ਥਾਈਂ ਉਤਾਰ ਕੇ ਆਪ ਲੋਪ ਹੋਏ, ਫਿਰ ਉਹਨਾਂ ਨੂੰ ਦਿਸੇ ਨਹੀਂ।

ਇਸ ਗੱਲ ਤੋਂ ਗੁਰੂ ਭਰੋਸੇ ਵਾਲੇ ਸਿਖਾਂ ਤੇ ਸਨਾਤਨੀ ਹਿੰਦੂਆਂ ਨੂੰ ਸੰਸਾ ਨਹੀਂ ਹੋਣਾ ਚਾਹੀਦਾ ਕਿ ੧੪ ਕਲਾ ਸੰਪੂਰਨ ਸ੍ਰੀ ਰਾਮ ਚੰਦਰ ਦੀ ਅਸ਼ੀਰਵਾਦ ਪਾ ਕੇ ਹਨੂਮਾਨ ਨੇ ਪਹਾੜ ਉਡਾ ਲਿਆਂਦਾ ਸੀ। ਫਿਰ ਰਾਮੇਸਰ ਥਾਂ ਤੋਂ ਉਡਾਰੀ ਲਾ ਕੇ ਲੰਕਾ ਪੁਜਾ ਤੇ ਸੀਤਾ ਜੀ ਦੀ ਖਬਰ ਲਿਆ ਕੇ ਉਥੋਂ ਉਡਦਾ ਆਇਆ ਸੀ ਤਾਂ ਅਨੰਤ ਕਲਾ ਸਮਰਥ ਸ਼ਕਤੀ ਰਖਦੇ ਗੁਰੂ ਨਾਨਕ ਦੀ ਦਸਵੀਂ ਜੋਤ ਵੀ ਮਰਹੱਟਿਆਂ ਨੂੰ ਉਡਾ ਕੇ ਲਿਆ ਸਕਦੇ ਸਨ।

ਉਪ੍ਰੋਕਤ ਅਸੀਂ ਆਪਣੇ ਵਿਚਾਰ ਪ੍ਰਗਟਾਇ ਹਨ। ਜੋ ਆਸਤਕ ਲੋਕਾਂ ਅਤੇ ਗੁਰੂ ਅਵਤਾਰਾਂ ਦੀ ਆਮਿਤ ਸ਼ਕਤੀਆਂ ਦੇ ਵਿਸ਼ਵਾਸ਼ੀ ਹਨ ਉਹਨਾਂ ਦੇ ਮੰਨਣ ਜੋਗ ਹਨ। ਪਰ ਗੁਰੂ ਕੀਆਂ ਕੀਤੀਆਂ ਨੂੰ ਗੁਰੂ ਕਰਣਹਾਰ ਹੀ ਜਾਣ ਸਕਦਾ ਹੈ। ਉਸ ਨੇ ਜਿਤਨਾ ਕਿਸੇ ਨੂੰ ਜਣਾਇਆਂ ਹੈ ਉਤਨਾ ਹੀ ਕੋਈ ਜਾਣ ਸਕਿਆ ਹੈ। ਕਿਉਂਕਿ ਗੁਰੂ ਅਵਤਾਰ ਦੁਨੀਆਂਦਾਰਾਂ ਵਲੋਂ ਨਹੀਂ ਮਿਥੇ ਜਾਂ ਬਣਾਏ ਜਾਂਦੇ। ਉਹ ਧੁਰ ਦਰਗਾਹ ਤੋਂ ਐਸੀ ਬਲਵਾਨ ਆਤਮਾ ਸਹਿਤ ਪ੍ਰਗਟਾਏ ਜਾਂਦੇ ਹਨ ਕਿ ਜਿਹਨਾਂ ਦੇ ਆਤਮਬਲ ਨੂੰ ਉਹ ਖੁਦ ਜਾਂ ਉਹਨਾਂ ਨੂੰ ਲੈਸ ਕਰਕੇ ਭੇਜਣ ਵਾਲਾ ਕਰਤਾਰ ਹੀ ਜਾਣ ਸਕਦਾ ਹੈ। ਉਸ ਵਕਤ ਦੇ ਵਿਦਵਾਨ ਕਵੀਆਂ ਨੇ ਗੁਰੂ ਗੋਬਿੰਦ ਸਿੰਘ ਨੂੰ ਜੋ ਅਨੁਭਵ ਕੀਤਾ ਸੀ ਹੰਸ ਰਾਮ ਕਵੀ ਨੇ ਐਸਾ ਵਿਚਾਰ ਪ੍ਰਗਟਾਇਆ ਸੀ—"**ਚਾਰੋਂ ਚੱਕ ਸੇਵੇਂ ਗੁਰੂ ਗੋਬਿੰਦ ਡਿਹਾਰੇ ਪਾਏ, ਮੇਰੇ ਜਾਨੇ ਆਜ ਤੂੰ ਹੀ ਦੂਜੋ ਕਰਤਾਰ ਹੈ।**" ਉਸ ਕਵੀ ਤੋਂ ਗੁਰੂ ਸਾਹਿਬ ਨੇ ਸੁਣ ਕੇ ਡਾਂਟ ਪਾਈ ਤੇ ਫੁਰਮਾਇਆ ਸੀ—

"ਜੋ ਹਮ ਕੋ ਪਰਮੇਸਰ ਉਚਰਿਹੈਂ॥
ਤੇ ਸਭ ਨਰਕ ਕੁੰਡ ਮਹਿ ਪਰਿਹੈਂ॥

ਐਸੇ ਗੁਰੂ ਗੋਬਿੰਦ ਸਿੰਘ ਜੀ ਜਿਹਨਾਂ ਨੂੰ ਸਮਕਾਲੀ ਵਿਦਵਾਨਾਂ ਨੇ "ਦੂਜਾ ਕਰਣਹਾਰ ਕਰਤਾਰ" ਜਾਂ ਸਰਬ ਕਲਾ ਸਮਰਥ ਗੁਰੂ ਅਨੁਮਾਨਿਆ ਹੋਵੇ, ਉਹਨਾਂ ਤਾਈਂ ਉਸੇ ਨਿਢਾਲ ਤੇ ਮਾਂਦੇ ਦੁਰਬਲ ਸਰੀਰ ਹੁੰਦਿਆਂ ਘੋੜੇ ਉਤੇ ਸਵਾਰ ਕਰਾਕੇ ਨਾਂਦੇੜ ਤੋਂ ਚੁਪਕੇ ਨਿਕਲ ਜਾਣ ਦੀ ਘਟਣਾ ਦਸਣੀ ਮੇਹਰ ਸਿੰਘ ਜੈਸੇ ਇਕ ਪੱਖੀ ਲਿਖਾਰੀ ਦਾ ਹੀ ਕੰਮ ਹੋ ਸਕਦਾ ਹੈ। ਫਿਰ ੯੦ ਸਾਲ ਤੀਕ ਇਸੇ ਸਰੀਰ ਵਿਚ ਉਹਲੇ ਵਿਰਾਣਾ ਵੀ ਉਹੀ ਲਿਖ ਸਕਦਾ ਹੈ।

ਪਾਠਕਾਂ ਸਾਹਮਣੇ ਅਸੀਂ ਇਹ ਵੀ ਦਸਣਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਦੇੜ ਪਹੁੰਚੇ ਵੇਲੇ ਦੋ ਢਾਈ ਸੌ ਸਿੰਘਾਂ ਦਾ ਜਥਾ ਨਾਲ ਸੀ। ਇਹ ਤਵਾਰੀਖੀ ਜ਼ਿਕਰ ਹੈ। ਫਿਰ ਉਦਾਸੀ ਸੰਤਾਂ ਦੀ ਜੋ ਮੰਡਲੀ ਆਪ ਦੇ ਦਰਸ਼ਨ ਨੂੰ ਆਈ ਸੀ ਉਹਦੀ ਗਿਣਤੀ ਵੀ ਇਸ ਦੇ ਲਗਪਗ ਦੀ ਸੀ ਤਦੇ ਬਹਾਦਰ ਸ਼ਾਹ ਨੂੰ ਪਤਾ ਹੋਇ ਨ ਲ ਉਸ ਨੇ ਗੁਰੂ ਡੇਰੇ ਦੀ ਰਸਦ ਦੁਗਨੀ ਕਰਾ ਦਿਤੀ ਸੀ। ਇਹ ਸਾਰੇ ਸਾਧੂ ਅਜੇ ਇਥੇ ਹੀ ਸਨ ਤੇ ਗੁਰੂ ਜੀ ਉਤੇ ਕਟਾਰ ਦਾ ਵਾਰ ਹੋਇਆ ਸੀ। ਐਸੀ ਹਾਲਤ ਵਿਚ ਗੁਰੂ ਜੀ ਨੂੰ ਛਡ ਚਲੇ ਜਾਣਾ ਇਹ ਆਪਣੀ ਹਤਕ ਅਤੇ ਬੇਮੁਖਤਾਈ ਸਮਝਦੇ ਸਨ। ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਦੇ ਤਾਇਆ ਸਾਹਿਬ (ਬਾਬਾ ਗੁਰਦਿਤਾ) ਜੀ ਦੇ ਚੇਲੇ ਬਾਲੂ ਹਸਨਾਂ ਜੀ ਸਨ ਜੋ ਸੰਤ ਮੰਡਲੀ ਉਚੇਚਾ ਹੈਦਰਾਬਾਦ ਤੋਂ ਦਰਸ਼ਨ ਨੂੰ ਇਥੇ ਆਏ ਸਨ।

ਵੀਚਾਰੀਏ! ਕਿ ਗੁਰੂ ਜੀ ਜਿਸ ਵੇਲੇ ਚਿਤਾ ਰਚਾਈ ਥਾਂ (ਕਨਾਤ ਅੰਦਰ) ਪਧਾਰੇ ਸਨ ਤਾਂ ਸਮੂਹ ਸਿੱਖਾਂ ਸਮੇਤ ਇਹਨਾਂ ਸੰਤਾਂ ਦੇ ਆਂਸੂ ਵੀ ਵਗਦੇ ਅਤੇ ਕਨਾਤ ਦੇ ਅਗੇ ਪਿਛੇ ਚੌਤਰਫੀ ਬੈਠੇ ਭਾਣਾ ਮੰਨਦੇ ਅਤੇ ਗੁਰਾਂ ਦੇ ਹੁਕਮ ਮੁਤਾਬਕ 'ਵਾਹਿਗੁਰੂ' ਸ਼ਬਦ ਦਾ ਸਿਮਰਨ ਕਰਦੇ ਪਏ ਸਨ। ਇਹਨਾਂ ਤੋਂ ਵਖਰੇ ਉਥੋਂ ਦੇ ਸੈਂਕੜੇ ਹਿੰਦੂ ਤੇ ਮੁਸਲਮਾਨ ਵੀ ਐਸਾ ਚਲਾਣਾ ਸੁਣ ਕੇ ਇਕਠੇ ਹੋਏ ਪਏ ਸਨ। ਕੀ ਫਿਰ ਇਹਨਾਂ

ਦੀ ਇਤਨੀ ਚੌਤਰਫ਼ੀ ਭੀੜ ਹੁੰਦਿਆਂ ਜੇਕਰ ਗੁਰੂ ਜੀ ਚੁਪਕੇ ਨਿਕਲੇ ਸਨ ਅਤੇ ਕੋਈ ਵੀ ਵੇਖ ਨਹੀਂ ਪਾਇਆ ਸੀ ? ਕੀ ਸਾਰੇ ਦਰਸ਼ਕਾਂ ਦੀ ਨਜ਼ਰ ਬੰਦ ਹੋ ਗਈ ਸੀ ? ਹੈਰਾਨੀ ਦੀ ਗਲ ਹੈ।

ਫਿਰ ਜੇਕਰ ਇਥੋਂ ਕਨਾਤ ਵਿਚੋਂ ਚੁਪਕੇ ਨਿਕਲੇ ਸੀ--ਮੰਨ ਲਈਏ ! ਪਰ ਘੋੜਿਆਂ ਦੇ ਸੇਵਾਦਾਰ ਕੋਈ ਰਾਖਾ ਤਾਂ ਜਾਗਦਾ ਹੀ ਹੋਣਾ ਤੇ। ਘੋੜੇ ਉਤੇ ਸਵਾਰ ਹੁੰਦਿਆਂ ਤਾਂ ਦੇਖੇ ਜਾ ਸਕਦੇ ਸਨ। ਪਰ ਘੋੜਿਆਂ ਵਿਚੋਂ ਉਸ ਕਮੈਤ ਘੋੜੇ ਦੇ ਗੁੰਮ ਹੋਣ ਦੀ ਖਬਰ ਤਾਂ ਸਵੇਰੇ ਚਲੀ ਸੀ। ਤਾਂ ਇਹੋ ਮੰਨਣਾ ਪਵੇਗਾ ਕਿ ਪੰਡਤ ਸ਼ਿਵਦਤ ਨੂੰ ਇਕ ਦੀ ਥਾਂ (ਸ੍ਰੀ ਰਾਮ ਚੰਦਰ ਜੀ ਸਮੇਤ) ਤਿੰਨ ਸਰੀਰ ਧਾਰ ਕੇ ਜੋ ਦਰਸ਼ਨ ਦੇਣ ਦੀ ਸਮਰਥਾ ਰਖਦਾ ਸਤਿਗੁਰੂ ਸੀ, ਉਹ ਲੋੜ ਮੁਤਾਬਕ ਦੂਜੇ ਦਿਖਾਵੇ ਦੇ ਸਰੀਰ ਦੀ ਰਚਨਾ ਵੀ ਕਰ ਸਕਦਾ ਸੀ। ਮਦਾਰੀ, ਜਾਦੂਗਰ, ਵੀ ਅਤੇ ਮਿਸਮੇਰਿਜ਼ਮ ਵਾਲੇ ਕੁਝ ਨਾ ਕੁਝ ਕਰ ਵਿਖਾ ਸਕਦੇ ਹਨ ਤਾਂ ਉਹ ਪਰਮ ਯੋਗੀਸ਼ਵਰ ਵੀ ਸਭ ਕੁਝ ਕਰ ਸਕਦਾ ਸੀ।

ਗੁਰੂ ਜੀ ਦੇ ਇਸ ਕੌਤਕ ਤੋਂ ਇਹੋ ਸਾਬਤ ਹੁੰਦਾ ਕਿ ਉਹਨਾਂ ਨੇ ਅੰਤਰਵਾਇਕ ਸਰੀਰ ਦੀ ਰਚਨਾ ਕਰਕੇ ਘੋੜੇ ਤੇ ਸਵਾਰ ਹੋ ਕੇ ਉਥੋਂ ਹੀ ਉਡਾਇਆ ਸੀ। ਪਹਿਲੇ ਉਸ ਕਿਲੇ ਵਿਚ ਪ੍ਰਵੇਸ਼ ਕਰਾਇਆ, ਫਿਰ ਅੰਤਰਜਾਮੀ ਨੇ ਅਣਡਿਠੇ ਦੋਹਾਂ (ਮਰਹਟਾ ਸਰਦਾਰਾਂ) ਨੂੰ ਸੈਂਕੜੇ ਕੈਦੀਆਂ ਵਿਚੋਂ ਟੁੰਬ ਕੇ ਜਗਾਇਆ ਤੇ ਰਕਾਬਾਂ ਫੜਾ ਕੇ ਫੇਰ ਉਡਾਇਆ ਤੇ ੧੨ ਕੋਹਾਂ ਦੀ ਵਿਥ ਉਤੇ ਆਨ ਟਿਕਾਇਆ ਸੀ। ਇਥੋਂ ਫਿਰ ਸਵੇਰ ਵੇਲੇ ਰਤਨਾਗਿਰੀ ਮੰਦਰ ਨੇੜੇ ਸਾਧੂਆ ਨੂੰ ਸਮਝਾਇਆ, ਨਾਂਦੇੜ ਭਿਜਵਾਇਆ ਤੇ ਉਥੋਂ ਹੀ ਸਦਾ ਲਈ ਲੋਪ ਹੋਏ ਗਏ ਸਨ।

ਨੋਟ :—ਦੂਜੇ ਲਿਖਾਰੀਆਂ ਨੇ ਸਾਧੂ ਦਾ ਮਿਲਾਪ ਪਹਿਲੇ ਦਸਿਆ ਇਸ ਵਾਸਤੇ ਕਿ ਉਹ ਦੂਜੇ ਦਿਨ ਹੀ ਨਾਂਦੇੜ ਆ ਕੇ ਸਿੱਖ ਸੰਗਤ ਨੂੰ ਗੁਰਦਰਸ਼ਨ ਦੀ ਗਲ ਸੁਣਾਇ ਗਿਆ ਸੀ ਤੇ ਮਰਹਟੇ ਸਰਦਾਰਾਂ ਨੂੰ ਰਾਤ ਵੇਲੇ ਹੀ ਕਢਣਾ ਸੀ ਉਹਨਾਂ ਦੀ ਜਾਨ ਛੁਟੀ ਉਹ ਪਹਿਲੇ ਘਰਾਂ ਨੂੰ ਗਏ ਸਨ। ਫਿਰ ਭੇਟਾ ਲੈ ਕੇ ਬਹੁਤ ਦੂਰ ਤੋਂ ਚਲੇ ਕਈ ਦਿਨਾਂ ਬਾਅਦ ਨਾਂਦੇੜ ਪਹੁੰਚੇ ਸਨ। ਜਿਸ ਤੇ ਇਹਨਾਂ ਦੇ ਛੁਟਕਾਰੇ ਦੀ ਗਲ ਪਿਛੋਂ ਸੁਣੀ ਗਈ ਤੇ ਪਿਛੋਂ ਹੀ ਹੋਈ ਸਮਝੀ ਗਈ ਸੀ। ਦਰਅਸਲ ਉਸੇ ਰਾਤ ਦੀ ਗਲ ਸੀ ਉਹਨਾਂ ਦਾ ਉਸੇ ਰਾਤ ਛੁਟਕਾਰਾ ਹੋਇਆ ਤੇ ਸਵੇਰ ਨੂੰ ਰਤਨਾਗਿਰੀ ਨੇੜੇ ਸਾਧੂ ਤੋਂ ਬਗੈਰ ਫੇਰ ਕਿਤੇ ਵੀ ਇਸ ਤਰ੍ਹਾਂ ਦਾ ਦਰਸ਼ਨ ਦੇਣਾ, ਨਹੀਂ ਸੁਣਿਆ ਨਾ ਲਿਖਿਆ ਪੜਿਆ ਗਿਆ ਹੈ। ਸ਼ਕਤ ਵਰਤਾ ਕੇ ਦੁਪਾਸੀ ਜਾਣਾ ਇਕੋ ਉਸੇ ਰਾਤ ਦਾ ਕਾਰਨਾਮਾ ਹੈ। ਇਹੋ ਆਪਣੀ ਵਿਚਾਰ ਦੀ ਗਲ ਹੈ।

ਹੁਣ ਅਸੀਂ ਫੇਰ ਪਿਛੇ ਨੂੰ ਪਰਤਦੇ ਅਤੇ ਸੰਤ ਮੋਹਰ ਸਿੰਘ ਜੀ ਤੋਂ ਪੁਛਦੇ ਹਾਂ ਕਿ ਅਗਰ ਉਹ ਗੁਰੂ ਗੋਬਿੰਦ ਸਿੰਘ ਜੀ ਦਾ ਉਥੇ ਸਸਕਾਰ ਹੋਇਆ ਨਹੀਂ ਮੰਨਦੇ ? ਜਾਂ ਕਈ ਲੋਕਾਂ ਦੇ ਖਿਆਲ ਜਿਉਂ ਗੁਰੂ ਨਾਨਕ ਜੀ ਵਾਂਗੂ ਇਹਨਾਂ ਦਾ ਸਣੇ ਦੇਹੀ ਸਚਖੰਡ ਪਧਾਰੇ ਵੀ ਨਹੀਂ ਮੰਨਦੇ ਤਾਂ ਫਿਰ ਇਹ ਦੱਸ ਦੇਣ ਕਿ ਇਤਨੀ ਕਮਜ਼ੋਰ ਹਾਲਤ ਵਿਚ

ਨਾਂਦੇੜ ਤੋਂ ਇਕੱਲੇ ਫਿਰ ਅਧੀ ਰਾਤ ਨੂੰ ਕਿਉਂ ਨਿਕਲੇ ਸੀ ?

ਚਮਕੌਰ ਗੜੀ ਵਿਚੋਂ ਸਿੱਖਾਂ ਨੇ ਮਜਬੂਰ ਕੀਤਾ ਨਿਕਲ ਜਾਈਏ, ਤਦ ਵੀ ਤਿੰਨ ਹੋਰ ਸਿੱਖਾਂ ਨੂੰ ਨਾਲ ਲੈ ਕੇ ਰਾਤ ਨੂੰ ਨਿਕਲੇ ਸੀ। ਇਸ ਵਾਸਤੇ ਕਿ ਦਸ ਹਜ਼ਾਰਾਂ ਤੁਰਕਾਂ ਤੇ ਪਹਾੜੀਏ ਦੁਸ਼ਮਣਾਂ ਦਾ ਘੇਰਾ ਸੀ। ਫਿਰ ਵੀ ਤਾੜੀ ਮਾਰ ਕੇ ਨਿਕਲੇ ਸਨ ਕਿ ਹਿੰਦੂਆਂ ਦਾ ਪੀਰ ਜਾ ਰਿਹਾ ਹੈ ਕੋਈ ਪਕੜੇ। ਪਰ ਇਥੋਂ ਨਾਂਦੇੜ ਤੋਂ ਉਹਲੇ—ਫਿਰ ਰਾਤ ਵੇਲੇ ਇਕੱਲੇ ਨਿਕਲਣ ਦਾ ਕਾਰਨ ਕੀ ਸੀ, ਜਦੋਂ ਕਿ ਕੋਈ ਐਜੀ ਡਰ ਨਹੀਂ ਸੀ, ਕੋਈ ਰੁਕਾਵਟ ਨਹੀਂ ਸੀ ?

ਅਗਰ ਇਸ ਖਿਆਲ ਨਾਲ ਕਿ ਬਾਬੇ ਬੰਦਾ ਬਹਾਦਰ ਨੂੰ ਭੇਜਿਆ ਹੈ, ਉਸਦੀ ਪੰਜਾਬ ਜਾਕੇ ਗੁਪਤ ਤਰੀਕੇ ਨਾਲ ਖੁਲ੍ਹੇ ਮਦਦ ਕਰਨੀ ਹੈ। ਜੇ ਗੁਰੂ ਜੀ ਬਾਦਸ਼ਾਹ ਦੇ ਇਥੇ ਹੁੰਦਿਆਂ ਖਿਸਕਦੇ ਤਾਂ ਡਰ ਸੀ ਕਿ—ਉਹ ਪਿਛਾ ਕਰਾਂਦਾ ਕਿ ਕਿਉਂ ਛੁਪ ਕੇ ਗਏ ਹਨ ? ਪਰ ਉਹ ਤਾਂ ਦੀਪਮਾਲਾ ਤੋਂ ਵੀ ਕਰੀਬਨ ੨੦ ਦਿਨ ਪਹਿਲੇ ਹੈਦਰਾਬਾਦ ਕਿ ਗੋਲਕੰਡੇ ਵਲ ਜਾ ਚੁਕਾ ਸੀ ਤੇ ਜਿਸ ਦਿਨ ਉਹ ਨਾਂਦੇੜ ਤੋਂ ਅਗਲੇ ਮੁਕਾਮ ਤੇ ਪੁਜਾ ਸੀ ਉਸੇ ਰਾਤ ਹੀ ਗੁਰੂ ਜੀ ਉਤੇ ਕਟਾਰ ਦਾ ਵਾਰ ਹੋਇਆ ਤੇ ਬਾਦਸ਼ਾਹ ਦੇ ਭੇਜੇ ਡਾਕਟਰ ਨੇ ਇਲਾਜ ਵੀ ਕੀਤਾ ਸੀ।

ਹੋਰ ਸੋਚੀਏ ਕਿ ਦੁਬਾਰਾ ਜ਼ਖਮ ਫੱਟ ਗਏ ਨਾਲ ਉਹ ਇਥੋਂ ਪਹਿਲੇ ਵਾਂਗੂ ਇਲਾਜ ਕਰਾਕੇ ਅਰੋਗ ਹੋ ਕੇ ਜਾ ਸਕਦੇ ਹਨ। ਬਹਾਦਰ ਸ਼ਾਹ ਵੀ ਇਥੇ ਨਹੀਂ ਸੀ। ਉਹ ਕੂਚ ਦੇ ਸੌ ਕੋਹਾਂ ਅਗੇ ਜਾ ਚੁਕਾ ਸੀ। ਡਾਕ, ਤਾਰ, ਵਾਇਰਲੈਸ ਜਾਂ ਟੈਲੀਫੋਨ ਸਿਸਟਮ ਵੀ ਨਹੀਂ ਕਿ ਉਸ ਨੂੰ ਖਬਰ ਕਰਾਈ ਜਾਂਦੀ ਤਾਂ ਫਿਰ ਗੁਰੂ ਜੀ ਨੂੰ ਕਿਸ ਦਾ ਡਰ ਸੀ ਕਿ ਉਹ ਐਸੀ ਨਿਢਾਲ ਹਾਲਤ ਵਿਚ ਚੋਰੀ ਨਿਕਲੇ ਸਨ। ਕੋਈ ਤਾਂ ਦਸੇ ?

ਫਿਰ ਕਈ ਸੌ ਦੀ ਚੰਦਨ ਲਕੜੀ ਮੰਗਵਾਣੀ,ਚਿਖਾ ਰਚਾਣੀ, ਕਨਾਤ ਤਨਾਣੀ, ਸਿੱਖਾਂ ਵਿਚ ਪ੍ਰੇਸ਼ਾਨੀ ਵਧਾਣੀ ਤੇ ਇਤਨਾ ਪਖੰਡ ਬਿਖੇਰ ਕੇ ਅਧੀ ਰਾਤ ਵੇਲੇ ਇਕੱਲੇ ਕਿਉਂ ਨਿਕਲੇ ਸਨ ? ਉਕਤ ਲੇਖਕ ਨੂੰ ਚਾਹੀਦਾ ਸੀ ਕਿ ਉਹ ਵੀ ਕੋਈ ਤਵਾਰੀਖੀ ਸਬੂਤ ਜਾਂ ਦਲੀਲ ਵਿਚ ਜੜਦਾ ਕੋਈ ਕਾਰਨ ਦਸਦਾ ਕਿ ਇਨ੍ਹਾਂ ਕਾਰਨਾਂ ਕਰਕੇ ਉਨ੍ਹਾਂ ਦਾ ਜਾਣਾ ਬਹੁਤ ਜ਼ਰੂਰੀ ਸੀ। ਇਹ ਕੋਈ ਦਲੀਲ ਨਹੀਂ ਕਿ ਇਸ ਨੂੰ ਇਕ ਘਟਨਾ ਕਹੋ।

ਜਿਸ ਸਤਿਗੁਰੂ ਜੀ ਨੂੰ ਉਹ ਵੀ ਦਸਵੀਂ ਜੋਤਿ ਗੁਰੂ ਨਾਨਕ ਰੂਪ ਮੰਨਦਾ, ਪਰ ਉਨ੍ਹਾਂ ਦੇ ਅੰਤਮ ਚਲਾਣਾ ਨਾਂਦੇੜ ਵਿਚ ਨਹੀਂ ਮੰਨਦਾ ਤਾਂ ਫਿਰ ਲੋਕਾਂ ਦੀ ਨਜ਼ਰ ਵਿਚ ਉਨ੍ਹਾਂ ਨੂੰ ਬੜਾ ਫਰੇਬੀ, ਦੰਭੀ ਤੇ ਨਾਟਕੀ ਸਾਬਤ ਕਰਨਾ ਚਾਹੁੰਦਾ ਹੈ। ਐਸੀ ਸਮਝ ਰਖਦੇ ਵਿਦਵਾਨ ਨੂੰ ਚਾਹੀਏ ਕਿ ਉਹ ਆਪਣਾ ਪੱਖ ਪੂਰਤੀ ਨੂੰ ਜੋ ਚਾਹੇ ਦਲੀਲਾਂ ਦੇਵੇ ਪਰ ਉਹ ਆਪਣੇ ਸਮਝੇ ਵਿਚਾਰਾਂ ਨਾਲ ਤਰਕ ਵਾਦੀਆਂ ਦੀ ਨਜ਼ਰ ਵਿਚ ਨਿਰਭੈ ਯੋਧੇ ਨੂੰ ਹਾਸੋ ਹੀਣਾ ਨਾ ਕਰੇ ਕਿ ਛੁਪ ਕੇ ਨਿਕਲੇ ਸਨ।

ਅਗਰ ਉਹ ਅਨਥੱਕ (ਗੁਰੂ ਗੋਬਿੰਦ ਸਿੰਘ ਜੀ) ਜੁੱਧ ਜੰਗਾਂ ਦੇ ਥਕੇਵੇਂ ਨੂੰ ਲਾਹੁਣ ਵਾਸਤੇ ਹੁਣ ਉਹ ਫੇਰ ਤਪਸਿਆ ਹੀ ਕਰਨੀ ਲੋੜਦੇ, ਅਤੇ ਬਹੁਤ ਸਾਲਾਂ ਤੋਂ

ਪਹਿਲੋਂ ਵਾਂਗੂ "ਦਵੈ ਤੇ ਏਕ ਰੂਪ" ਹੋਣਾ ਹੀ ਚਾਹੁੰਦੇ ਸਨ ਤਾਂ ਇਸ ਪਵਿਤ੍ਰ ਧਰਤੀ ਤੋਂ ਹੋਰ ਚੰਗੀ ਕਿਹੜੀ ਥਾਂ ਸੀ ? ਜਿਥੇ ਕਿ ਉਹਨਾਂ ਪਹਿਲੇ ਸਤਿਯੁਗ ਵਿਚ ਤਪਸਿਆ ਕੀਤੀ। ਹੁਣ ਨਿਸ਼ਾਨੀਆਂ ਦਸ ਕੇ ਮਲਕੀਤ ਖਰੀਦੀ ਸੀ ਬੇਫਿਕਰੀ ਨਾਲ ਗੁਦਾਵਰੀ ਕਿਨਾਰੇ ਤਪਸਿਆ ਕਰਦੇ ਰਹਿੰਦੇ। ਪਰ ਸੰਤ ਮਿਹਰ ਸਿੰਘ ਉਨ੍ਹਾਂ ਦੇ ਅੰਤਿਮ ਚਲਾਣੇ ਨੂੰ ਇਕ ਘਟਨਾ ਵਰਤਾ ਕੇ ਇਥੋਂ ਜੀਉਂਦੇ ਨਿਕਲ ਜਾਣਾ ਦਸਦਾ ਪਰ ਐਸੀ ਘਟਨਾ ਵਰਤਾਏ ਦਾ ਕਾਰਨ ਨਹੀਂ ਦਸਦਾ ਤਾਂ ਉਸਦੀ ਸਾਰੀ ਲਿਖਤ ਨੂੰ ਝੂਠ ਦਾ ਪਲੰਦਾ ਹੀ ਸਮਝਣਾ ਚਾਹੀਏ।

ਫਿਰ ਉਹ ਇਹ ਵੀ ਦਸਣ ਤੋਂ ਅਸਮਰਥ ਹੈ ਕਿ ਉਥੋਂ ਨਿਕਲ ਕੇ ਸਾਧੂ ਦੇ ਮਿਲਾਪ ਅਤੇ ਚੋਵੇਂ ਮਰਹਟਾਂ ਸਰਦਾਰਾਂ ਨੂੰ ਕਿਲੇ ਵਿਚੋਂ ਕਢਣ ਵੇਲੇ ਘੋੜੇ ਸਮੇਤ ਰਾਤ ਵੇਲੇ ਮੇਨ ਗੇਟ ਦਾ ਤਾਲਾ ਤੋੜ ਕੇ ਅੰਦਰ ਗਏ ਜਾਂ ਗੇਟ ਮੈਨ ਨੂੰ ਕਾਫੀ ਰਿਸ਼ਵਤ ਦੇ ਕੇ ਦਰਵਾਜ਼ਾ ਖੁਲਾਇਆ ਤੇ ਅੰਦਰ ਗਏ ਸਨ। ਪਰ ਇਸ ਗੱਲ ਨੂੰ (ਸਾਡੇ ਵਿਚਾਰ ਨੂੰ) ਉਹ ਵੀ ਮੰਨਦਾ ਕਿ ਹੈਲੀਕਾਪਟਰ ਵਾਂਗੂ ਹੀ (ਸ਼ਕਤੀ ਵਰਤਕੇ) ਘੋੜੇ ਸਮੇਤ ਕਿਲੇ ਦੇ ਗਰਾਉਂਡ ਵਿਚ ਉਤਰੇ ਤੇ ਉਨ੍ਹਾਂ ਨੂੰ ਰਕਾਬਾਂ ਫੜਾ ਕੇ ਘੋੜੇ ਨੂੰ ਫੇਰ ਉਡਾ ਬਾਹਰ ਕੀਤਾ ਸੀ ਜੈਸਾ ਕਿ ਪੁਸਤਕ ਵਿਚ ਦਿਤੀ ਫੋਟੂ ਰਾਹੀਂ ਉਹ ਯਕੀਨ ਵੀ ਕਰਾਂਦਾ ਹੈ। ਪਰ ਫੋਟੋ ਰਾਹੀਂ ਗੁਰੂ ਜੀ ਨੂੰ ਉਡਾਂਦਾ ਦਿਖਾਣ ਤੋਂ ਉਹ ਇਹ ਸਾਬਤ ਕਰਨਾ ਚਾਹੁੰਦਾ ਕਿ ਗੁਰੂ ਜੀ ਠੀਕ ਠਾਕ ਹਾਲਤ ਵਿਚ ਨਿਕਲੇ ਸੀ ਓਹ ੯੦ ਸਾਲ ਬਾਹਦ ਜੰਗ ਵਿਚ ਕਿਸੇ ਹੋਰ ਸਿਖ ਨੂੰ ਦਿਸੇ ਸੀ ਫਿਰ ਬਾਬਾ ਬਾਲਕ ਸਿੰਘ ਨੂੰ (ਜਿੰਦੇ ਹੈਗੇ ਸਨ ਤਾਂ) ੧੧ਵਾਂ ਸਤਿਗੁਰੂ ਬਣਾਇਆ ਤੇ ੧੨ਵੀਂ ਥਾਂ ਬਾਬਾ ਰਾਮ ਸਿੰਘ ਰੂਪ ਹੋਕੇ ਆਵਣਾ ਫੁਰਮਾਇਆ ਸੀ। ਫੋਟੂ ਵਿਚ ਉਡਾਰੀ ਲਾਂਦੇ ਦਿਖਾਣ ਦਾ ਬੱਸ ! ਇਹੋ ਉਸ ਦਾ ਮਨੋਰਥ ਸੀ।

ਸੰਤ ਮਿਹਰ ਸਿੰਘ ਚਾਤਰ ਜੀ ਪਾਸੋਂ ਇਹ ਵੀ ਸਨਿੰਮ੍ਰ ਪੁਛਣਾ ਚਾਹੁੰਦਾ ਹਾਂ ਕਿ ਉਹ ਇਹ ਵੀ (ਇਤਿਹਾਸਕ ਲਿਖਾਰੀ ਹੋਣ ਦੀ ਹੈਸੀਅਤ ਵਿਚ) ਦਸੇ ਕਿ ਉਥੋਂ ਮਰਹੱਟੋ ਸਰਦਾਰਾਂ ਨੂੰ ਅਤੇ ਸਾਧੂ ਨੂੰ ਦਰਸ਼ਨ ਦੇ ਕੇ ਸੁਨੇਹਾ ਦੇਣ ਵਾਸਤੇ ਨਾਂਦੇੜ ਜੋ ਭੇਜਿਆ ਮੰਨਦਾ ਹੈ ਤਾਂ ਅਗਲਾ ਮੁਕਾਮ ਗੁਰੂ ਜੀ ਨੇ ਕਿਥੇ ਕੀਤਾ ਸੀ। ਕਿਹੜੀ ਥਾਂ ਉਨ੍ਹਾਂ ਨੇ ਕੁਝ ਦਿਨ ਰਹਿ ਕੇ ਫੇਰ ਇਲਾਜ ਕਰਾਇਆ ਸੀ। ਕੀ ਉਹ ਨਾਂਦੇੜ ਤੋਂ ਕੁਝ ਰਾਹ ਦੇ ਖਰਚੇ ਵਾਸਤੇ ਅਸ਼ਰਫੀਆਂ ਲੈ ਕੇ ਚਲੇ ਸਨ। ਫੇਰ ੯੦ ਸਾਲ ਮਹਾਰਾਸ਼ਟਰ ਵਿਚ ਕਿ ਆਂਧਰਾ ਪ੍ਰਦੇਸ਼ ਵਿਚ ਜਾਂ ਬਿਹਾਰ ਕੇ ਬੰਗਾਲ ਵਿਚ ਰਹੇ ਸੀ ਕਿ ਰਾਜਿਸਥਾਨ ਦੇ ਰਜਵਾੜਿਆਂ ਪਾਸ ? ਜਿਨ੍ਹਾਂ ਨੂੰ ਮਿਲਦੇ ਮਿਲਾਂਦੇ ਨਾਂਦੇੜ ਆਏ ਸਨ ਕਿਥੇ ਰਹੇ ਸਨ ?

ਉਕਤ ਮਿਹਰ ਸਿੰਘ ਨੇ ਰੇਤ ਦੀ ਦੀਵਾਰ ਉਸਾਰੇ ਵਾਂਗੂ ਜੋ ਹੁਜਤਾਂ ਭਰੀਆਂ ਦਲੀਲਾਂ ਦੇ ਥੰਮ ਖੜੇ ਕੀਤੇ ਸਨ, ਗੁਰੂ ਕਿਰਪਾ ਨਾਲ ਅਸੀਂ ਇਕ ਵਡਾ ਥੰਮ ਗਿਰਾਇਆ ਹੈ ਕਿ ਉਹ ਕੋਈ ਜਵਾਬ ਨਹੀਂ ਦੇ ਸਕਦੇ, ਕਿ ਜਦੋਂ ਉਸ ਵੇਲੇ ਕਿਸੇ ਦਾ ਡਰ ਵੀ ਨਹੀਂ ਸੀ ਤਾਂ ਗੁਰੂ ਜੀ ਕਿਉਂ ਇਤਨਾ ਪਖੰਡ ਰਚਾ ਕੇ ਨਿਕਲੇ ਤੇ ੯੦ ਸਾਲ ਤੀਕ ਉਹ ਕਿਥੇ ਕਿਥੇ ਰਹੇ ਤੇ ਗੁਜ਼ਾਰੇ ਦਾ ਕਿਥੇ ਤੇ ਕੀ ਪ੍ਰਬੰਧ ਰਿਹਾ ਸੀ ? ਕੀ ਉਹ

ਕਿਤੇ ਡੇਰੇਦਾਰ ਮਹੰਤ ਬਣੇ ਬੈਠੇ ਕਿ ਘੋੜਾ ਵੀ ਨਾਲੇ ਸੀ ? ੯੦ ਸਾਲ ਤੀਕ ਉਹ ਘੋੜਾ ਵੀ ਜ਼ਿੰਦਾ ਅਤੇ ਸਵਾਰੀ ਲਾਇਕ ਰਿਹਾ ਸੀ ਕਿ ਹੋਰ ਖਰੀਦਿਆ ਕਰਦੇ ਸਨ। ਕੋਈ ਜਵਾਬ ਨਹੀਂ। ਸਿਰਫ ਆਪਣੇ ਨਾਮਧਾਰੀ ਸਤਿਗੁਰੂ ਜੀ ਨੂੰ ਗੁਰਗੱਦੀ ਦਾ ਵਾਰਸ ਸਾਬਤ ਕਰਨ ਨੂੰ ਇਤਨਾ ਕੁਝ ਲਿਖਿਆ ਹੈ।

ਪੁਸਤਕ ਪੁਰਖ ਗੁਰੂ ਦੇ ੪੯ ਸਫੇ ਉਤੇ ਲੇਖਕ ਇਕ ਹੋਰ ਪ੍ਰਸ਼ਨ ਕਰਦਾ ਕਿ ਜੇਕਰ ਸ੍ਰੀ ਗ੍ਰੰਥ ਸਾਹਿਬ ਨੂੰ ਗੁਰਗੱਦੀ ਦਸਮੇਸ਼ ਜੀ ਨੇ ਦਿਤੀ ਤਾਂ ਉਸ ਤੋਂ ਪਹਿਲੋਂ ਕਿਸੇ ਗੁਰੂਦਵਾਰਾ ਬਾਣੀ ਨੂੰ ਗੁਰਿਆਈ ਦੇਣ ਵਾਲੀਆਂ ਦਲੀਲਾਂ ਦਾ ਅਰਥ ਕੀ ਹੋ ਸਕਦਾ ਹੈ ? ਅਤੇ ਜੇ ਪਹਿਲੀਆਂ ਦਲੀਲਾਂ—"ਸ਼ਬਦ ਗੁਰੂ ਸੁਰਤ ਧੁਨ ਚੇਲਾ" ਅਤੇ "ਬਾਣੀ ਗੁਰੂ--ਗੁਰੂ ਹੈ ਬਾਣੀ"--ਆਦਿਕ ਪਹਿਲੇ ਸਤਿਗੁਰਾਂ ਦੇ ਹੁਕਮ ਅਨੁਸਾਰ ਸ੍ਰੀ ਗ੍ਰੰਥ ਸਾਹਿਬ ਗੁਰੂ ਹੈ—ਤਾਂ ਫਿਰ ਸ੍ਰੀ ਦਸਮੇਸ਼ ਦੇ ਗੁਰਗੱਦੀ ਦੇਣ ਦਾ ਕੀ ਅਰਥ ?

ਇਸ ਦਾ ਅਰਥ ਭਰਪੂਰ ਜਵਾਬ ਇਹ ਹੈ ਕਿ "ਸ਼ਬਦ ਗੁਰੂ ਸੁਰਤ ਧੁੰਨ ਚੇਲਾ' ਗੁਰੂ ਨਾਨਕ ਦੇਵ ਦਾ ਸ੍ਰੀ ਮੁਖਵਾਕ ਹੈ ਤੇ ਸਿੱਧਾਂ ਦੀ ਪੁਛ ਦੇ ਉਤਰ ਵਿਚ ਉਹਨਾਂ ਠੀਕ ਦਸਿਆ ਸੀ ਕਿ ਗੁਰੂ ਅਕਾਲ ਪੁਰਖ ਵਲੋਂ ਜੋ ਸ਼ਬਦ ਉਸ ਗੁਰੂ ਦਾ ਪ੍ਰਾਪਤ ਹੋਇਆ, ਉਸ ਉਤਮ ਸ਼ਬਦ ਦੀ ਪ੍ਰਾਪਤੀ ਕਰਕੇ ਹੀ ਆਪ ਸਰੀਰਕ ਤੌਰ ਤੇ ਗੁਰੂ ਮੰਨੇ ਗਏ ਸੀ। ਵਰਨਾ ਵੇਈਂ ਵਿਚ ਤਿੰਨ ਦਿਨਾਂ ਦੀ ਟੁਭੀ ਲਾਏ ਤੋਂ ਪਹਿਲੇ ਕੇਵਲ ਨਵਾਬ ਦੌਲਤ ਖਾਂ ਦੇ ਸ੍ਰੀ ਨਾਨਕ ਮੋਦੀ ਹੀ ਸਨ। ਸ਼ਬਦ ਗੁਰੂ ਦਾ ਉਪਦੇਸ਼ ਜਦੋਂ ਪਹਿਲੀ ਵੇਰ ਬਾਬਾ ਸ੍ਰੀ ਚੰਦ ਜੀ ਨੂੰ ਸੁਣਾਇਆ ਤੇ ਹੋਰ ਸਾਰੇ ਪ੍ਰਵਾਰਕ ਸਰੋਤਿਆਂ ਨੇ ਸੁਣਿਆ ਸੀ ਤਾਂ ਸਰੋਤਿਆਂ ਦੀ ਉਸ ਸੁਰਤਿ ਨੂੰ ਹੀ ਸਹੀ ਚੇਲਾ ਮੰਨਿਆ ਸੀ ਤੇ ਉਸ ਦਿਨ ਤੋਂ ਹੀ ਸਰੀਰਕ ਰੂਪ ਵਿਚ ਵੀ ਗੁਰੂ ਹੋ ਕੇ ਘਰ ਦਰ ਤਿਆਗ ਕਰਕੇ ਪਹਿਲੀ ਯਾਤਰਾ ਨੂੰ ਚਲੇ ਸਨ ਇਸ ਵਾਸਤੇ "ਸ਼ਬਦ ਗੁਰੂ ਸੁਰਤ ਧੁੰਨ ਚੇਲਾ" ਉਚਾਰਨ ਨਾਲ ਆਪਣੀ "ਗੁਰੂ ਸਬੰਧੀ" ਮਨੌਤ ਤੇ ਨਿਸਚਾ ਦਸਿਆ ਸੀ ਨਾ ਕਿ ਦੇਹਧਾਰੀ ਗੁਰੂ ਹੋਣ ਤੇ ਪਾਬੰਦੀ ਲਾਈ ਨੇ ? ਅਜੇ ਤਾਂ ਖੁਦ ਉਹਨਾਂ ਨੇ ਜਦੋਂ ਤੀਕ ਲੋੜ ਹੈ ੧੦ ਰੂਪਾਂ ਵਿਚ ਵਰਤਣਾ ਸੀ।

ਦੂਜੀ ਪੰਕਤੀ 'ਬਾਣੀ ਗੁਰੂ--ਗੁਰੂ ਹੈ ਬਾਣੀ" ਇਹ ਵਾਕ ਗੁਰੂ ਰਾਮ ਦਾਸ ਜੀ ਦਾ ਹੈ। ਜਿਸ ਵੇਲੇ ਕਿ ਅਜੇ ਸ੍ਰੀ ਗੁਰੂ ਗ੍ਰੰਥ ਰੂਪ (ਪੋਥੀ ਸਾਹਿਬ) ਦੀ ਰਚਨਾ ਦਾ ਕਿਸੇ ਨੂੰ ਖਿਆਲ ਤਕ ਨਹੀਂ ਸੀ ਤੇ ਗੁਰੂ ਜੀ ਸਿਖਾਂ ਪ੍ਰਤੀ ਗੁਰਬਾਣੀ ਦੀ ਮਹਾਨਤਾ ਦਾ ਗਿਆਨ ਕਰਾਂਦੇ ਉਚਾਰਿਆ ਸੀ—ਤਾਂਈ ਗੁਰਸਿਖੋ ! ਸਿਰਫ ਦੇਹ ਦੇ ਪੁਜਾਰੀ ਨਹੀਂ ਹੋਣਾ। ਅਸਲ ਵਸਤੂ ਬਾਣੀ ਹੀ ਗੁਰੂ ਹੈ। ਇਹੋ ਗੁਰੂ ਕੀ ਆਤਮਾ ਹੈ। ਇਸੇ ਕਰਕੇ ਗੁਰੂ ਵੀ ਬਾਣੀ ਰੂਪ ਹੁੰਦਾ ਹੋਇਆ ਪੂਜਨੀਕ ਹੈ। ਬਾਣੀ ਵਿਚ ਹੀ ਸਾਰੇ ਅੰਮ੍ਰਿਤ ਭਰਪੂਰ ਹਨ। ਉਹ ਸਿਖਿਆ ਰੂਪ ਵਿਚ ਹਨ। "ਗੁਰਬਾਣੀ ਕਹੇ ਸੇਵਕ ਜਨ ਮਾਨੈ" ਜੋ ਕੁਝ ਅਸੀਂ ਤੁਹਾਨੂੰ ਸੁਣਾ ਰਹੇ ਹਾਂ ਇਹ ਗੁਰਬਾਣੀ ਕਹਿ ਰਹੀ ਹੈ। ਇਸ ਨੂੰ ਸਾਡੇ ਰਾਹੀਂ ਕਹੀ ਗੁਰਬਾਣੀ ਨੂੰ ਜੋ ਕੋਈ ਸੇਵਕ ਸਿਖ ਮੰਨ ਕੇ ਉਸ ਦੇ ਕਹੇ ਅਨੁਸਾਰ ਜੀਵਨ ਢਾਲੇਗਾ ਯਕੀਨ ਜਾਣੀਏ (ਲੁਕੀ ਛੁਪੀ ਨਹੀਂ) ਪ੍ਰਤੱਖ ਉਹਦਾ "ਬਾਣੀ ਗੁਰੂ ਦਵਾਰਾ" ਨਿਸਤਾਰਾ ਹੋਏਗਾ।

ਅਗਰ ਇਹ ਅਰਥ ਨਾ ਮੰਨਿਆ ਜਾਏ ਤਾਂ ਦਸਿਆ ਜਾਏ ਕਿ "ਗੁਰਬਾਣੀ ਦੇ ਕਹੈ" ਨੂੰ ਜੋ ਕੋਈ ਸਿੱਖ ਸੇਵਕ ਮੰਨੇਗਾ—ਕੋਈ ਦੇਹਧਾਰੀ ਪ੍ਰਤੱਖ ਦਿਸਦਾ ਗੁਰੂ ਉਸ ਸੇਵਕ ਦਾ ਹੋਰ ਕਿਵੇਂ ਨਿਸਤਾਰਾ ਕਰੇਗਾ ? ਕੀ ਕਿਸੇ ਦਰਿਆ ਵਿਚ ਡੁਬਦੇ ਸੇਵਕ ਨੂੰ ਪ੍ਰਤੱਖ ਛਲਾਂਗ ਲਾ ਕੇ ਬਚਾਏਗਾ ? ਤਾਂ ਤੇ ਇਥੇ ਪ੍ਰਤੱਖ ਦਾ ਅਰਥ ਉਹ ਨਹੀਂ ਜਿਹੜਾ ਕਿ ਮੇਹਰ ਸਿੰਘ ਸਾਬਤ ਕਰਨਾ ਚਾਹੁੰਦਾ ਹੈ। ਇਸ ਥਾਂ ਵਾਸਤੇ ਉਸ ਦੇ ਪ੍ਰਸ਼ਨ ਦਾ ਇਹੋ ਜਵਾਬ ਹੈ ਕਿ ਗੁਰੂ ਰਾਮ ਦਾਸ ਵੇਲੇ ਜਿਤਨੀ ਬਾਣੀ ਦਾ ਉਚਾਰਨ ਹੋ ਚੁਕਾ ਸੀ ਉਹਨੂੰ ਗੁਰੂ ਹੁਕਮ ਤੁਲ ਮੰਨਣਾ ਗੁਰੂ ਜੀ ਨੇ ਫੁਰਮਾਇਆ ਸੀ ਤੇ ਅਜੇ ਫੁਟਕਲ ਰੂਪ ਗੁਟਕੇ-ਪੋਥੀਆਂ ਜਾਂ ਸੈਂਚੀਆਂ ਹੀ ਸਤਿਕਾਰ ਨਾਲ ਪੂਜੀਆਂ ਤੇ ਸੰਭਾਲੀਆਂ ਜਾਂਦੀਆਂ ਸਨ। ਕਿਉਂਕਿ ਬੀੜ ਰੂਪ ਮੁਕੰਮਲ ਨਹੀਂ ਸੀ ਤੇ ਪਹਿਲੇ ਸਤਿਗੁਰਾਂ ਵਲੋਂ ਗੁਰਗੱਦੀ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜਿਸ ਵੇਲੇ (ਦਸਮੇਂ ਜਾਮੇ) ਤੀਕ ਬਾਣੀ ਗੁਰੂ ਦੇ ਹੁਕਮ ਦੀ ਪ੍ਰਤੱਖ ਸਰੀਰਾਂ ਉਤੇ ਖੁਦ ਵੀ ਅਤੇ ਸਿਖਾਂ ਸੇਵਕਾਂ ਪਾਸੋਂ ਵੀ ਵਰਤੋਂ ਕਰਾਕੇ ਵੇਖ ਲਿਆ ਕਿ ਸੰਪੂਰਨ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਗਿਆਨ, ਤੋਂ ਬਿਨਾਂ ਹੋਰ ਕਿਸੇ ਗਿਆਨ ਦੀ ਲੋੜ ਨਹੀਂ ਰਹੀ ਤਦ ਸਰੀਰਕ ਗੁਰਤਾ ਦਾ ਸਿਲਸਿਲਾ ਖਤਮ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਸਥਾਪਤ ਕੀਤਾ ਸੀ। ਉਹਦੀ ਪੁਛ ਦਾ ਇਹੋ ਅਰਥ ਹੈ ਜਾਂ ਉਤਰ ਹੈ।

## ਇਤਿਹਾਸਕ ਪੜਚੋਲ

ਉਕਤ ਇਤਿਹਾਸਕ ਪੜਚੋਲ ਦੇ ਸਿਰ ਲੇਖ ਹੇਠਾਂ ਮੇਹਰ ਸਿੰਘ ਹੋਰ ਅਗਿਗੇ ਦੇ ਕੁਝ ਪ੍ਰਸ਼ਨ ਕਰਦਾ ਕਿ ਸ੍ਰੀ ਗ੍ਰੰਥ ਸਾਹਿਬ ਨੂੰ ਗੁਰਿਆਈ ਮਿਲੀ ਕਿ ਨਹੀਂ ? ਹੇਠ ਲਿਖੇ ਇਤਿਹਾਸਕ ਤੱਥਾਂ ਦੀ ਪੜਚੋਲ ਕਰਦਿਆਂ ਦ੍ਰਿਸ਼ਟੀਕੋਣ ਢੂੰਡਣੇ ਪੈਣਗੇ ਉਸ ਵਲੋਂ ਇਹ ਤੱਥ ਦਸੇ ਹਨ :

੧. ਸ੍ਰੀ ਗ੍ਰੰਥ ਸਾਹਿਬ ਨੂੰ ਗੁਰਿਆਈ ਕਿਸ ਗੁਰੂ ਸਾਹਿਬ ਨੇ ਦਿਤੀ ?

੨. ਸ੍ਰੀ ਗ੍ਰੰਥ ਸਾਹਿਬ ਨੂੰ ਗੁਰਿਆਈ ਕਿਹੜੀ ਤਾਰੀਖ ਨੂੰ ਮਿਲੀ ?

੩. ਗੁਰਿਆਈ ਦੇਣ ਦਾ ਢੰਗ ਕੀ ਸੀ ?

੪. ਸ੍ਰੀ ਗ੍ਰੰਥ ਸਾਹਿਬ ਦੀ ਉਹ ਕਿਹੜੀ ਬੀੜ ਸੀ ਜਿਸ ਨੂੰ ਗੁਰਿਆਈ ਦਿਤੀ ਗਈ ਤੇ ਉਹ ਅਜ ਕਲ ਕਿਥੇ ਹੈ ?

੫. ਸ੍ਰੀ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਦਾ ਇਤਿਹਾਸਕ ਸਬੂਤ ਕੀ ਹੈ ? ਪ੍ਰਾਚੀਨ ਇਤਿਹਾਸ ਕੀ ਦਸਦੇ ਹਨ ?

੬. ਸ੍ਰੀ ਗ੍ਰੰਥ ਸਾਹਿਬ ਦੀ ਗੁਰਿਆਈ ਦਾ ਪਿਛੋਕੜ ?

ਪਾਠਕਾਂ ਨੇ ਦੇਖ ਲਿਆ ਕਿ ਉਤੇ ਛੇ ਪ੍ਰਸ਼ਨਾਂ ਵਿਚ ਉਸ ਨੇ ਇਕੋ ਵਿਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ (ਸ੍ਰੀ ਗ੍ਰੰਥ ਸਾਹਿਬ) ਅਧੂਰੇ ਨਾਮ ਨਾਲ ਹੀ ਲਿਖਿਆ ਅਤੇ ਇਨ੍ਹਾਂ ਸਾਰਿਆਂ ਪ੍ਰਸ਼ਨਾਂ ਵਿਚ ਉਸ ਦਾ ਨਿਸ਼ਾਨਾ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਨੂੰ ਖੰਡਨ ਕਰਨਾ ਹੀ ਹੈ। ਗੁਰੂ ਕਿਰਪਾ ਨਾਲ ਅਸੀਂ ਇਸੇ ਤਰ੍ਹਾਂ ਉਤਰ ਵੀ ਨੰਬਰਵਾਰ ਦੇਣਾ ਹੈ—ਪੜ੍ਹੀਏ।

ਪ੍ਰਸ਼ਨ—੧. ਸ੍ਰੀ ਗ੍ਰੰਥ ਸਾਹਿਬ ਨੂੰ ਗੁਰਿਆਈ ਕਿਸ ਗੁਰੂ ਸਾਹਿਬ ਨੇ ਦਿਤੀ ?

ਉਤਰ—ਇਸ ਦਾ ਇਤਿਹਾਸਕ ਸਬੂਤ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਦਿਤੀ ਜੋ ਪਿਛੇ ਵੀ ਦਸਿਆ ਹੈ ਤੇ ਹੁਣ ਹੋਰ ਦਸਣਾ ਹੈ ਕਿ "ਪੋਥੀ ਸਾਹਿਬ" ਨਾਮ ਬਦਲਕੇ ਸ੍ਰੀ ਗੁਰੂ ਗ੍ਰੰਥ ਨਾਮ ਉਸ ਵੇਲੇ ਸਭ ਤੋਂ ਪਹਿਲੇ ਰਖਿਆ ਤੇ ਲਿਖਿਆ ਗਿਆ ਸੀ ਜਦੋਂ ਸ੍ਰੀ ਅਨੰਦਪੁਰ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਚੜਾਏ ਕੇ ਬੀੜ ਮੁਕੰਮਲ ਕਰਾਈ ਸੀ ਤੇ ਉਹੀ ਦਿਨ ਗੁਰੂ ਜੀ ਵਾਸਤੇ ਅਮਨ ਅਮਾਨ ਤੇ ਲਿਖਾਈ ਪੜ੍ਹਾਈ ਦੇ ਸਨ।

ਗੁਰੂ ਜੀ ਨੇ "ਸ੍ਰੀ ਗੁਰੂ ਗ੍ਰੰਥ ਸਾਹਿਬ" ਨੂੰ ਉਸ ਵੇਲੇ ਹੀ ਸਤਿਗੁਰੂ ਨਿਸਚਿਤ ਕਰ ਲਿਆ ਸੀ ਤਦੇ ਉਹਨਾਂ ਨੇ ਸ੍ਰੀ ਸਰਬ-ਲੋਹ ਗ੍ਰੰਥ ਸਾਹਿਬ ਵਿਚ ਧਿਆਇ ਪੰਜਵੇਂ" ਸਫਾ ੪੯੬ (ਛਪੇ ਗ੍ਰੰਥ) ਪਰ ਲਿਖਾਇਆ ਸੀ :

ਬਿਸ਼ਨਪਦ ਪੁਨਿਆ ਕੀ ਛੰਦ :—

ਆਪਨ ਪੌ ਸ੍ਰੀ ਖਾਲਸੇ ਦੀਨਾਂ--ਦੁਤੀਆ ਰੂਪ ਸਤਿਗੁਰੂ ਗ੍ਰੰਥਾ ॥
ਬੋਲਨ ਸਤਿਗੁਰ ਸ਼ਬਦ ਸੰਭਾਖਨ ਨਾਮ ਗੋਬਿੰਦ ਕੀਰਤਨ ਸੰਥਾ ॥
ਗੁਨਨਵਾਦ ਪੁਨਿ ਸਿਫਤ ਸਲਾਹਿਨ ਉਠਤ ਬੈਠਤ ਸੈਨ ਕਰੰਥਾ ॥
ਪਾਵਨ ਪੰਥ ਖਾਲਸਹਿ ਪ੍ਰਗਟਿਉ ਚਾਰ ਬਰਨ ਆਸ਼ਰਮ ਸੁਭ ਪੰਥਾ ॥
ਦਵਾਦਸ ਰੂਪ ਸਤਿਗੁਰ ਕੋ ਕਹੀਅਤ ਦਵਾਦਸ ਭਾਨ ਪ੍ਰਗਟ ਹਰ ਸੰਤਾ ॥
ਪ੍ਰਤੱਖ ਕਲਾ ਪਾਰਬ੍ਰਹਮ ਧਣੀਛੈ ਗ੍ਰੰਥ ਪੰਥ ਖਾਲਸਾ ਵਰਤੰਤਾ ॥
ਦਾਸ ਗੋਬਿੰਦ ਫਤਹਿ ਸਤਿਗੁਰ ਕੀ ਖਾਸ ਗ੍ਰੰਥ ਗੁਰੂ ਰੂਪ ਬਦੰਤਾ ॥

੧. ਇਕ ਸਬੂਤ ਇਹ ਗੁਰੂ ਜੀ ਦੀ ਆਪਣੀ ਕਲਮ ਦਾ ਲਿਖਿਆ ਪੇਸ਼ ਹੈ ਕਿ ਉਹਨਾਂ ਨੇ ਗੁਰਗੱਦੀ ਦੇਣ ਦਾ ਸਮਾਂ ਜੋ (ਅਖੀਰ ਦੇ ਦਿਨਾਂ ਵਿਚ ਹੁੰਦਾ) ਆਇ ਤੋਂ ਪਹਿਲਾਂ ਹੀ ਆਪਣੇ ਬਾਅਦ ਆਪਣੀ ਗੁਰਗੱਦੀ ਦੀ ਥਾਏਂ ੧੧ਵਾਂ ਰੂਪ ਗੁਰੂ ਖਾਲਸਾ ਪੰਜ ਪਿਆਰਿਆਂ ਨੂੰ ਤੇ ੧੨ਵਾਂ ਸ੍ਰੀ ਗੁਰੂ ਗ੍ਰੰਥ ਜੀ ਨੂੰ ਨਿਸਚਤ ਕਰ ਰਖਿਆ ਤੇ ਲਿਖਿਆ ਸੀ ਇਸ ਤੋਂ ਵਧ ਕੇ ਹੋਰ ਇਤਿਹਾਸਕ ਸਬੂਤ ਕੀ ਹੋ ਸਕਦਾ ਹੈ ? ਜੋ ਆਪਣੇ ਸ਼ੁਭ ਨਾਮ ਨਾਲ (ਦੁਤੀਯ ਰੂਪ ਸਤਿਗੁਰੂ ਗ੍ਰੰਥਾ) ਲਿਖਿਆ ਹੈ, ਪਿਛੇ ਵਿਸਥਾਰ ਨਾਲ ਦਸਿਆ ਹੈ।

ਐਸਾ ਸਮਾਂ (ਅੰਤਮ ਚਲਾਣੇ ਦਾ) ਸੰਮਤ ੧੭੬੫ ਵਿਚ ਨਾਂਦੇੜ ਦਖਣ ਪੁਜੇ ਵੇਲਾ ਆਇਆ ਜਾਣਕੇ ਕਤਕ ਸੁਦੀ ਦੂਜ ਨੂੰ (ਪੁਰਾਤਨ ਗੁਰੂ ਦੀ ਮਰਿਆਦਾ ਮੁਤਾਬਕ) ਪੰਜ ਪੈਸੇ ਤੇ ਨਾਰੀਅਲ ਦੀ ਭੇਟਾ ਧਰ ਕੇ ਪ੍ਰਦਖਣਾਂ ਕੀਤੀ ਫਿਰ ਕੇਸਰ ਦਾ ਤਿਲਕ ਕੀਤੇ ਮਗਰੋਂ ਫੁਰਮਾਇਆ ਸੀ ਅਜ ਤੋਂ ਖਾਲਸਾ ਪੰਥ ਦਾ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਗੁਰਗੱਦੀ ਸਥਾਪਤ ਹੈ--ਹੋਰ ਵਿਸਥਾਰ ਪੂਰਬਕ ਪਿਛੇ ਲਿਖਿਆ ਜੋ ਪਾਠਕਾਂ ਨੇ ਪੜ੍ਹਿਆ ਹੈ।

ਗੁਰੂ ਸਾਹਿਬ ਜੀ ਅੰਤਰਯਾਮੀ ਸਨ ਤਦੇ ਉਹਨਾਂ ਨੇ ਪੰਜਾਬ ਵਿਚ (ਸ੍ਰੀ ਅਨੰਦਪੁਰ) ਹੁੰਦਿਆਂ ਹੀ ਲਿਖਿਆ ਸੀ—

ਆਪਨ ਪੌ ਖਾਲਸੇ ਦੀਨਾ ਦੁਤੀਆ ਰੂਪ ਸਤਿਗੁਰੂ ਗ੍ਰੰਥਾ ॥

ਤਾਂਕਿ ਫੇਰ ਕੋਈ ਝੰਬੇਲਾ ਨਾ ਪਾਏ । ਹੋਰ ਤਅੱਸਬ ਇਸ ਤੋਂ ਵਧ ਕੇ ਪਕਾ ਕੀ ਸਬੂਤ ਹੋਵੇ ਕਿ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਕਿਸ ਗੁਰੂ ਨੇ ਦਿਤੀ । ਹਾਂ ਰਜਿਸਟ੍ਰੀ ਨਹੀਂ ਕੀਤੀ ਨੇ, ਜਿਸ ਤੇ ਬਾਬਾ ਬਾਲਕ ਸਿੰਘ ਨੂੰ ਗਿਆਰਵਾਂ ਸਤਿਗੁਰੂ ਪ੍ਰਗਟਾਣ ਦਾ ਉਨ੍ਹਾਂ ਨੂੰ ਹੌਸਲਾ ਪਿਆ ਤੇ ਮੇਹਰ ਸਿੰਘ ਨੇ ਲਿਖਿਆ ਹੈ ।

੨. ਦੂਜਾ ਸਬੂਤ ਉਦਾਸੀ ਸੰਤ ਬਾਲੂ ਹਸਨਾ ਸਾਹਿਬ ਦੀ ਮੰਡਲੀ ਨੇ ਜੋ ਸ਼ੁਰੂ ਤੋਂ ਅਖੀਰ ਤੀਕ ਅਖੀਂ ਡਿਠਾ ਸੀ ਉਹ ਆ ਕੇ ਮਾਤਾਵਾਂ ਨੂੰ ਦਿਲੀ ਵਿਚ ਸੁਣਾਇਆ ਭਾਈ ਰਾਮ ਕੌਰ ਨੂੰ ਪੰਜ ਵੇਰ ਸੁਣਾਇਆ ਸੀ । ਇਸ ਤੋਂ ਵਧ ਕੇ ਹੋਰ ਕੀ ਸਬੂਤ ਹੋਵੇ ? ਜੋ ਇਕ ਸ੍ਰੀ ਸਰਬ-ਲੋਹ ਵਿਚੋਂ ਲਿਖਤ ਗੁਰੂ ਜੀ ਦੀ ਆਪਣੀ ਕਲਮ ਤੋਂ ਹੈ। ਫੇਰ ਦੂਜੀ ਗਵਾਹੀ ਬਾਲੂ ਹਸਨਾਂ ਸੰਤ ਮੰਡਲੀ ਦੀ ਕਿ ਜਿਹਨਾਂ ਦੇ ਸਾਹਮਣੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਦਿਤੀ । ਇਹ ਦੋਵੇਂ ਪੱਕੇ ਸਬੂਤ ਹਨ ।

(ੲ) ਤੀਜਾ ਸਬੂਤ ਇਕ ਭੱਟ ਵਹੀਦਾ ਹੈ, ਜੋ ਪਰਗਨਾਂ ਥਾਨੇਸਰ ਦੇ (ਭਾਦਸੋਂ ਨਿਵਾਸੀ) ਭੱਟ ਕੇਸ਼ਵ ਸਿੰਘ ਦੇ ਬੇਟੇ ਨਰਬਦਾ ਸਿੰਘ ਦੀ ਪੁਰਾਤਨ ਲਿਖਤ ਹੈ ਉਹ ਆਪਣੇ ਢੰਗ ਨਾਲ ਐਸਾ ਲਿਖਦਾ ਹੈ—

"ਗੁਰੂ ਗੋਬਿੰਦ ਸਿੰਘ ਜੀ ਮਹਿਲ ਦਸਵਾਂ, ਬੇਟਾ ਗੁਰੂ ਤੇਗਬਹਾਦਰ ਜੀ ਕਾ—

ਪੋਤਾ ਗੁਰੂ ਹਰਿਗੋਬਿੰਦ ਜੀ ਕਾ—ਪੜਪੋਤਾ ਗੁਰੂ ਅਰਜਨ ਜੀ ਕਾ—ਬੰਸ ਗੁਰੂ ਰਾਮਦਾਸ ਜੀ ਕੀ, ਸੂਰਜ ਬੰਸ਼ੀ, ਗੋਸਲ ਗੋਤਰ, ਸੋਢੀ ਖਤਰੀ, ਬਾਸੀ ਅਨੰਦਪੁਰ ਪਰਗਨਾਂ ਕਹਿਲੂਰ, ਮੁਕਾਮ ਨੰਦੇੜ, ਤਟ ਗੁਦਾਵਰੀ ਦੇਸ ਦਖਣ ।

ਸੰਮਤ ੧੭੬੫ ਕਾਰਤਕ ਮਾਸ ਕੀ ਚੌਥ; ਸੁਕਲਾ ਪੱਖ ਬੁਧਵਾਰ ਕੇ ਦਿਹੁੰ ਭਾਈ ਦਿਆ ਸਿੰਘ ਸੇ ਬਚਨ ਹੋਇਆ । ਸ੍ਰੀ ਗ੍ਰੰਥ ਸਾਹਿਬ ਲਿਆਉ । ਬਚਨ ਪਾਇ ਦਇਆ ਸਿੰਘ ਜੀ ਸ੍ਰੀ ਗ੍ਰੰਥ ਸਾਹਿਬ ਲਿਆਏ । ਗੁਰੂ ਜੀ ਨੇ ਪੰਜ ਪੈਸੇ ਨਾਰੀਅਲ ਅਗੇ ਭੇਟਾ ਰਖਾ । ਮਥਾ ਟੇਕਾ । ਸਰਬਤ ਸੰਗਤ ਸੇ ਕਹਾ—ਮੇਰਾ ਹੁਕਮ ਹੈ, ਮੇਰੀ ਜਗਾ ਸ੍ਰੀ ਗ੍ਰੰਥ ਜੀ ਕੋ ਜਾਣਨਾ । ਜੋ ਸਿਖ ਜਾਣੇਗਾ ਤਿਸ ਕੀ ਘਾਲਿ ਥਾਏਂ ਪਵੇਗੀ । ਗੁਰੂ ਤਿਸ ਕੀ ਬਾਹੁੜੀ ਕਰੇਗਾ, ਸਤਿਕਾਰ ਜਾਣਨਾ ।"

ਉਕਤ ਭੱਟ ਵਹੀਦੀ ਲਿਖਤ ਗਿਆਨੀ ਗਰਜਾ ਸਿੰਘ ਦੀ ਖੋਜ ਕੀਤੀ ਅਨੁਸਾਰ ਹੈ । ਸਰਦਾਰ ਹਰਬੰਸ ਸਿੰਘ (ਪ੍ਰਧਾਨ ਗੁਰੂ ਨਾਨਕ ਫਾਉਂਡੇਸ਼ਨ ਦਿਲੀ) ਨੇ ਆਪਣੀ ਅੰਗਰੇਜ਼ੀ ਵਿਚ ਛੋਟੀ ਪੁਸਤਕ—"The Faith of the Sikhs" ਲਿਖੀ ਤੇ ਸਰਦਾਰ ਮਖਣ ਸਿੰਘ ਪੰਜਾਬ ਐਂਡ ਸਿੰਧ ਬੈਂਕ ਬੀ--ਬਲਾਕ ਕਨਾਟ ਪਲੇਸ ਨਵੀਂ ਦਿਲੀ ਵਾਲਿਆਂ ਨੇ ਪੰਜਾਬੀ ਪ੍ਰੈਸ ਨਿਊ ਦਿਲੀ ਵਿਚ ਬੀਤੇ ਸਾਲ ਸ਼ਾਇਦ ੧੯੮੨ ਵਿਚ ਛਪਵਾਈ ਹੈ ।

ਉਕਤ ਨਰਬਦਾ ਸਿੰਘ ਭੱਟ ਕੋਈ ਗੁਰੂ ਜੀ ਦੇ ਨਾਲ ਨਾਂਦੇੜ ਨਹੀਂ ਗਿਆ ਸੀ । ਇਹਨਾਂ (ਭੱਟ ਲੋਕਾਂ) ਦੇ ਭਾਰਤ ਵਿਚ ਦੂਰ ਦੂਰ ਤੀਕ ਜਜਮਾਨ ਵਸਦੇ ਹਨ । ਜਿਹਨਾਂ ਪਾਸ ਦੋ ਚਾਰ ਸਾਲ ਬਾਅਦ ਜਾ ਕੇ ਜਜਮਾਨਾਂ ਦੇ ਵਡਿਆਂ ਦੀ ਬੰਸਾਵਲੀ ਸੁਣਾਂਦੇ ਤੇ ਇਨਾਮ (ਦਖਣਾਂ) ਪਾਂਦੇ ਰਹਿੰਦੇ ਹਨ । ਇਸੇ ਸਬੰਧ ਵਿਚ ਨਰਬਦਾ ਸਿੰਘ ਭੱਟ ਵੀ ਉਥੇ ਗਿਆ ਜਾਪਦਾ ਹੈ । ਉਸ ਦੀ ਲਿਖਤ ਤੇ ਸਾਡੀ ਵਿਚ ਸਿਰਫ ਇਤਨਾਂ

ਫਰਕ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਗੁਰਗੱਦੀ ਸਥਾਪਤੀ ਤੇ ਪੂਜਨ ਕਤਕ ਸੁਦੀ ਦੂਜ ਦਾ ਦਸਿਆ ਤੇ ਭੱਟ ਵਹੀ ਅਨੁਸਾਰ ਐਸਾ ਕਾਰਤਕ ਮਾਸਕੀ ਚੌਥ ਨੂੰ ਹੋਇਆ ਲਿਖਿਆ ਹੈ। ਇਸ ਵਿਚ ਫਰਕ ਸਿਰਫ ਤਿਥੀ ਦਾ ਹੈ—ਗੁਰਗੱਦੀ ਸਥਾਪਤੀ ਨੂੰ ਦੋਪਾਸੀ ਲੇਖਕਾਂ ਨੇ ਮੰਨਿਆ ਹੈ, ਅਤੇ ਇਹ ਫਰਕ ਵੀ ਇਸ ਵਾਸਤੇ ਪਿਆ ਦਿਸਦਾ ਹੈ ਕਿ ਉਸ ਵੇਲੇ ਅਜ ਕਲ ਵਾਂਗੂ ਛਪੀਆਂ ਡਾਇਰੀਆਂ ਤੇ ਜੰਤਰੀਆਂ ਨਹੀਂ ਸਨ, ਤੇ ਲਿਖਤੀ ਪਤਰੀਆਂ ਵੀ ਕਿਸੇ ਕਿਸੇ ਥਾਂ ਦੇ ਪੰਡਤਾਂ ਜੋਤਸ਼ੀਆਂ ਪਾਸ ਹੀ ਹੁੰਦੀਆਂ ਸਨ। ਬਹੁਤੀਆਂ ਪੇਂਡੂ ਲਿਖਤਾਂ ਅੰਦਾਜ਼ੇ ਦੀਆਂ ਤਿਥੀਆਂ ਵਿਚ ਲਿਖੀਆਂ ਹੁੰਦੀਆਂ ਸਨ ਤੇ ਫਰਕ ਪੈ ਜਾਣਾ ਜ਼ਰੂਰੀ ਗਲ ਹੈ। ਪਰ ਸ੍ਰੀ ਸਰਬ-ਲੋਹ ਗ੍ਰੰਥ ਦੀ ਲਿਖਤ, ਬਾਲੂ ਹਸਨਾਂ ਦੀ ਸੰਤ ਮੰਡਲੀ, ਤੇ ਤਖਤ ਸ੍ਰੀ ਹਜ਼ੂਰ ਸਾਹਿਬ ਦੀ ਚਿਠੀ ਅਨੁਸਾਰ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਸਥਾਪਨਾ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਕੀਤੀ ਹੈ। ਮੋਹਰ ਸਿੰਘ ਦੇ ਪ੍ਰਸ਼ਨ ਦਾ ਸਹੀ ਉਤਰ ਇਹੋ ਹੈ।

ਪ੍ਰਸ਼ਨ—੨. ਪ੍ਰਸ਼ਨ ਇਹ ਹੈ ਕਿ ਸ੍ਰੀ ਗ੍ਰੰਥ ਸਾਹਿਬ ਨੂੰ ਗੁਰਿਆਈ ਕਿਹੜੀ ਤਾਰੀਖ ਨੂੰ ਮਿਲੀ ?

ਉਤਰ—ਇਸ ਉਤੇ ਦੀ ਵਿਆਖਿਆ ਵਿਚ ਪਹਿਲੇ ਉਹ ਇਹ ਦਸਦਾ ਕਿ ਸੰਨ ੧੮੪੯ ਵਿਚ ਸਿੱਖ ਰਾਜ ਖਤਮ ਹੋਣ ਮਗਰੋਂ ਸੰਨ ੧੮੫੭ ਵਿਚ ਬਾਬਾ ਰਾਮ ਸਿੰਘ ਨੇ—ਸਿੱਖ ਪੰਥ ਨੂੰ ਨਵੇਂ ਸਿਰੇ ਸੰਗਠਤ ਕਰਨ ਲਈ ਸੰਤ ਖਾਲਸਾ (ਨਾਮਧਾਰੀ ਖਾਲਸਾ) ਦੀ ਸਾਜਨਾ ਕੀਤੀ। ਇਸ ਪ੍ਰਭਾਵ ਹੇਠਾਂ ਥੋੜੇ ਸਾਲਾਂ ਵਿਚ ਹੀ ਲੱਖਾਂ ਦੀ ਗਿਣਤੀ ਵਿਚ ਸਿੱਖ ਇਕਤਰ ਹੋ ਗਏ। ਇਸ ਸਮੇਂ ਤਕ ਸੰਨ ੧੮੫੭ ਤੀਕ ਕਿਸੇ ਵੀ ਇਤਿਹਾਸ ਵਿਚ ਸ੍ਰੀ ਗ੍ਰੰਥ ਸਾਹਿਬ ਦੀ ਗੁਰਿਆਈ ਬਾਰੇ ਲਿਖਿਆ ਨਹੀਂ ਮਿਲਦਾ। ਉਸ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਵੇਖਿਆ, ਸਤਿਗੁਰੂ ਰਾਮ ਸਿੰਘ ਦੇ ਝੰਡੇ ਤਲੇ ਸਿਖ ਕੌਮ ਇਕਤਰ ਹੋਣ ਲਗ ਪਈ ਹੈ, ਤਦ ਉਹਨਾਂ ਨੇ ਇਕ ਸਕੀਮ ਤਿਆਰ ਕੀਤੀ ਤੇ ਸਿਖ ਵਿਦਵਾਨਾਂ ਨੂੰ ਵਸ ਕਰਕੇ ਲਿਖਾਇਆ ਕਿ ਸਿਖਾਂ ਦਾ ਗੁਰੂ—"ਗੁਰੂ ਗ੍ਰੰਥ ਸਾਹਿਬ ਹੈ। ਇਹ ਸਿਖ ਕੌਮ ਵਿਚ ਫੁਟ ਪਾਣ ਵਾਸਤੇ ਕੀਤਾ।

ਕਹਾਵਤ ਹੈ ਪੀਰਾਂ ਨੂੰ ਮੁਰੀਦ ਉਡਾਂਦੇ। ਕਲਮ ਮੋਹਰ ਸਿੰਘ ਦੇ ਹਥ ਹੈ ਜੋ ਚਾਹੇ ਲਿਖਦਾ ਜਾਏ, ਪਰ ਅਸਲ ਗਲ ਇਹ ਹੈ, ਉਸ ਵੇਲੇ ਸਿਖ ਕੌਮ ਦੀ ਅਗਵਾਈ ਬਾਬਾ ਖੇਮ ਸਿੰਘ ਜੀ ਬੇਦੀ ਨੇ ਕੀਤੀ, ਜਿਨ੍ਹਾਂ ਨੇ ਮਹਿਸੂਸ ਕੀਤਾ ਕਿ ਮੁਗਲ ਬਾਦਸ਼ਾਹ (ਬਹਾਦਰ ਸ਼ਾਹ) ਮੁੜ ਦਿਲੀ ਦੇ ਤਖਤ ਪਰ ਬੈਠ ਗਿਆ ਤੇ ਅੰਗ੍ਰੇਜ਼ਾਂ ਨੂੰ ਮਾਰ ਕਢਿਆ ਗਿਆ ਹੈ। ਉਸ ਵੇਲੇ ਉਹਨਾਂ ਸੋਚਿਆ ਕਿ ਜਿਹਨਾਂ ਮੁਗਲਾਂ ਨੂੰ ਸਿਖਾਂ ਨੇ ਮਾਰਿਆ ਤੇ ਪੰਜਾਬ ਤੇ ਰਾਜ ਕੀਤਾ ਸੀ, ਇਸ ਵੇਲੇ ਉਹਨਾਂ ਸਿਖਾਂ ਨੂੰ ਅੰਗ੍ਰੇਜ਼ਾਂ ਨੇ ਹਿੰਦੂ ਡੋਗਰਿਆਂ ਦੀ ਅੰਦਰੂਨੀ ਸਾਜ਼ਸ ਤੇ ਮੁਸਲਮਾਨ ਫੌਜਾਂ ਦੀ ਮਦਦ ਨਾਲ ਹਰਾਇਆ ਅਤੇ ਨਿਹਥੇ ਕਰਕੇ ਪੰਜਾਬ ਤੇ ਕਾਬਜ਼ ਹੋਏ ਸਨ। ਹੁਣ ਅੰਗ੍ਰੇਜ਼ ਅਗਰ ੧੮੫੭ ਦੇ ਘੋਲ ਵਿਚ ਹਾਰ ਗਏ, ਤਾਂ ਫਿਰ ਦੁਬਾਰਾ ਸਾਰੇ ਦੇਸ਼ ਤੇ ਮੁਗਲ ਰਾਜ ਕਾਇਮ ਹੋ ਜਾਏਗਾ ਤੇ ਉਹ ਫਿਰ ਬਦਲੇ ਦੀ ਭਾਵਨਾਂ ਨਾਲ ਇਕ ਇਕ ਨਿਹਥੇ ਸਿਖ ਨੂੰ ਚੁਣ ਚੁਣ ਕੇ ਮਾਰਨਗੇ। ਇਸ ਲੰਬੀ ਸੋਚ ਵਿਚਾਰ ਮਗਰੋਂ ਬਾਬਾ ਖੇਮ ਸਿੰਘ ਜੀ ਨੇ ਸਿਖ ਫੌਜਾਂ ਨੂੰ ਅਤੇ ਸਮੂਹ

ਆਪਣੇ ਮੰਨਣ ਵਾਲਿਆਂ ਨੂੰ ੧੮੫੭ ਦੇ ਗਦਰ ਵਿਚ ਸ਼ਾਮਲ ਹੋਣ ਤੋਂ ਰੋਕ ਲਿਆ ਤੇ ਸਗੋਂ ਸਿਖ ਫੌਜਾਂ ਨੇ ਦਿਲੀ ਵਿਚ ਅੰਗ੍ਰੇਜ਼ਾਂ ਦੀ ਮਦਦ ਕਰਕੇ ਬਾਗੀਆਂ ਨੂੰ ਹਰਾਇਆ। ਬਹਾਦਰ ਸ਼ਾਹ ਨੂੰ ਫੜਾਇਆ ਤੇ ਅੰਗ੍ਰੇਜ਼ਾਂ ਨੂੰ ਮੁੜ ਤਖਤ ਤਾਜ ਦਿਵਾਇਆ ਸੀ।

ਇਸ ਵੇਲੇ ਦੀ ਸਿਖਾਂ ਦੀ ਮਦਦ ਨਾਲ ਹੋਈ ਜਿਤ ਦਾ ਨਤੀਜਾ, ਸੀ ਕਿ ਸਿਖਾਂ ਉਤੇ ਅੰਗ੍ਰੇਜ਼ਾਂ ਦਾ ਸ਼ੱਕ ਦੂਰ ਹੋ ਗਿਆ ਤੇ ਜਿਥੇ ਬਾਬਾ ਖੇਮ ਸਿੰਘ ਨੂੰ ਅੰਗ੍ਰੇਜ਼ਾਂ ਵਲੋਂ ਸਨਮਾਨਿਆ ਗਿਆ ਸੀ ਕਈ ਸਿਖ ਫੌਜਾਂ ਮਜ਼ਹਬੀ ਸਿਖਾਂ ਦੀਆਂ ਭਰਤੀ ਕੀਤੀਆਂ ਤੇ ਜਿਸ ਕਿਸੇ ਨੂੰ ਬਾਬਾ ਸਾਹਿਬ ਨੇ ਮੋਹਰ ਲਾ ਕੇ ਜਿਥੇ ਭੇਜਿਆ ਸੀ ਅੰਗ੍ਰੇਜ਼ਾਂ ਨੇ ਭਰਤੀ ਕੀਤਾ ਤੇ ਹੋਰ ਬੇਸ਼ੁਮਾਰ ਸਰਦਾਰੀਆਂ ਤੇ ਠੇਕੇਦਾਰੀਆਂ ਸਿਖਾਂ ਨੂੰ ਮਿਲੀਆਂ ਤੇ ਸਿਖ ਫੇਰ ਕੁਝ ਸੰਭਲੇ ਸਨ।

ਮੋਹਰ ਸਿੰਘ ਲਿਖਦਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਸੰਨ ੧੮੫੭ ਵਿਚ ਸਿੱਖ ਪੰਥ ਨੂੰ ਨਵੇਂ ਸਿਰੋਂ ਦੁਬਾਰਾ ਸੰਗਠਤ ਕੀਤਾ ਤੇ "ਸੰਤ ਖਾਲਸਾ" ਦੀ ਸਾਜਨਾ ਕੀਤੀ। ਇਸ ਦ ਉਤਰ ਵਿਚ ਇਹ ਦਸਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸੰਮਤ ੧੮੧੩ ਵਿਚ ਬਾਬਾ ਸਾਹਿਬ ਸਿੰਘ ਜੀ ਬੇਦੀ (ਗੁਰੂ ਨਾਨਕ ਦੇਵ ਦੀ ੧ ਵੀਂ ਅੰਸ) ਦਾ ਜਨਮ ਹੋਇਆ। ਉਹਨਾਂ ਦੇ ਪਿਤਾ ਬਾਬਾ ਅਜੀਤ ਸਿੰਘ ਜੀ ਦੇ ਚਲਾਣੇ ਮਗਰੋਂ ੧੭ ਸਾਲ ਦੀ ਉਮਰ ਵਿਚ ਇਹਨਾਂ ਨੇ ਧਰਮ ਪ੍ਰਚਾਰ ਸ਼ੁਰੂ ਕੀਤਾ। ਸ੍ਰੀ ਕੇਸਗੜ੍ਹ (ਅਨੰਦਪੁਰ) ਤਖਤ ਸਾਹਿਬ ਤੋਂ ਅੰਮ੍ਰਿਤ ਛਕਿਆ ਤੇ ਸਿਮਰਨ ਭਗਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਰਥਾਂ ਸਹਿਤ ਪੜ੍ਹਿਆ। ਇਹਨਾਂ ਦੀ ਸਿਮਰਨ ਭਗਤੀ ਅਤੇ ਕਥਾ ਪ੍ਰਚਾਰ ਦਾ ਇਤਨਾ ਪ੍ਰਭਾਵ ਪਿਆ ਸੀ ਕਿ ਬਾਰਾਂ ਮਿਸਲਾਂ ਤਕ ਦੇ ਸਰਦਾਰ ਵੀ ਆਪ ਦੇ ਸ਼ਰਧਾਲੂ ਬਣੇ।

ਸੰਮਤ ੧੮੫੬ ਹਾੜ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਪਰ ਕਬਜ਼ਾ ਕੀਤਾ ਤੇ ਸੰਮਤ ੧੮੫੮ ਦੀ ਵੈਸਾਖੀ ਵਾਲੇ ਦਿਨ ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਲਾਹੌਰ ਸ਼ਾਹੀ ਕਿਲੇ ਵਿਚ ਮਹਾਰਾਜਗੀ ਪਦਵੀ ਦਾ ਤਿਲਕ ਦਿਤਾ ਤੇ ਇਹਨਾਂ ਦੀ ਮਹਾਰਾਜਾ ਪਦਵੀ ਦਾ ਐਲਾਨ ਕੀਤਾ ਸੀ।

ਸ੍ਰੀ ਬਾਬਾ ਸਾਹਿਬ ਸਿੰਘ ਨੇ ਆਪਣੀ ਥਾਂ ਦੀ ਪ੍ਰਚਾਰ ਜ਼ਿੰਮੇਵਾਰੀ ਸੰਤ ਬਾਬਾ ਬੀਰ ਸਿੰਘ ਔਰੰਗਾਬਾਦੀਏ ਨੂੰ ਸੌਂਪੀ। ਇਨ੍ਹਾਂ ਨਾਲ ਕਈ ਹਜ਼ਾਰ ਸਿੱਖ ਸੰਗਤ ਦਾ ਜਥਾ ਹੁੰਦਾ ਸੀ। ਸਰਦਾਰ ਅਤਰ ਸਿੰਘ ਸੰਧਾਵਾਲੀਏ ਨੇ ਰਾਜੇ ਹੀਰਾ ਸਿੰਘ ਡੋਗਰੇ ਤੋਂ ਬਚਾਉ ਵਾਸਤੇ ਬਾਬਾ ਬੀਰ ਸਿੰਘ ਦੀ ਪਨਾਹ ਪ੍ਰਾਪਤ ਕੀਤੀ, ਜਿਸ ਤੇ ਗੁੱਸੇ ਹੋਕੇ ਰਾਜਾ ਡੋਗਰੇ ਨੇ ਸੰਤ ਬੀਰ ਸਿੰਘ ਨੂੰ ਸਿੱਖ ਫੌਜਾਂ ਪਾਸੋਂ ਹੀ ਹਮਲਾ ਕਰਕੇ ੨੭ ਵਸਾਖ ਸੰਮਤ ੧੯੦੧ ਸੰਨ ੧੮੪੪ ਵਿਚ ਸ਼ਹੀਦ ਕਰਾ ਦਿੱਤਾ ਸੀ। ਬਾਬਾ ਰਾਮ ਸਿੰਘ ਜੀ ਹੁਣ ੨੯ ਸਾਲਾਂ ਦੇ ਅਤੇ ਸਿੱਖ ਫੌਜ ਵਿਚ ਭਰਤੀ ਸਨ ਤੇ ਉਹ ਸੰਨ ੧੮੪੫ ਤੀਕ ਫੌਜ ਵਿਚ ਰਹੇ।

ਸੰਤ ਬਾਬਾ ਬੀਰ ਸਿੰਘ ਜੀ ਨੇ ਬਾਬਾ ਸਾਹਿਬ ਸਿੰਘ ਜੀ ਦੇ ਪੜਪੋਤੇ ਬਾਬਾ ਖੇਮ ਸਿੰਘ ਜੀ ਨੂੰ ੨੫ ਪਾਠ ਸ੍ਰੀ ਜਪੁਜੀ ਸਾਹਿਬ ਦੇ ਨਿਤ ਨੇਮ ਦਾ ਪ੍ਰਣ ਲੈਕੇ ਅੰਮ੍ਰਿਤ ਛਕਾਇਆ। ਆਪਣੀ ਥਾਂ ਦੇ ਧਰਮ ਪ੍ਰਚਾਰ ਦੀ ਜ਼ਿੰਮੇਵਾਰੀ ਸੌਂਪੀ ਜੋ ਉਨ੍ਹਾਂ ਨੇ

ਪੰਜਾਬ ਦੇ ਧੰਨੀ ਪੋਠੋਹਾਰ ਤੋਂ ਲੈ ਕੇ ਕਾਬਲ ਤੀਕ ਸਿਖੀ ਦਾ ਪ੍ਰਚਾਰ ਕੀਤਾ ਸੀ। ਇਹ ਜ਼ਿਕਰ ਇਤਿਹਾਸਕ ਹੈ ਤੇ ਇਸ ਵਾਸਤੇ ਵਿਸਥਾਰ ਨਾਲ ਦਸਿਆ ਕਿ ਸਿਖ ਰਾਜ ਖਤਮ ਹੋਏ ਤੋਂ ਬਾਅਦ ਸੰਨ ੧੮੫੭ ਵਿਚ ਸ੍ਰੀ ਬਾਬਾ ਰਾਮ ਸਿੰਘ ਜੀ ਨੇ ਨਹੀਂ ਬਲਕਿ ਬਾਬਾ ਖੇਮ ਸਿੰਘ ਬੇਦੀ ਜੀ ਸਿਖਾਂ ਵਿਚ ਪ੍ਰਭਾਵਸ਼ਾਲੀ ਹਸਤੀ ਸਨ ਤਦੇ ਇਨ੍ਹਾਂ ਦੀ ਮੰਨ ਕੇ ਸਿਖ ਫੌਜਾਂ ਨੇ ਸੰਨ ੧੮੫੭ ਦੀ ਬਗ਼ਾਵਤ ਨੂੰ ਦਬਾਇਆ ਤੇ ਦੁਬਾਰਾ ਮੁਗਲ ਰਾਜ ਕਾਇਮ ਨਹੀਂ ਹੋਣ ਦਿੱਤਾ ਸੀ।

ਉਕਤ ਦੂਜੇ ਪ੍ਰਸ਼ਨ ਵਿਚ ਲੇਖਕ ਦੀ ਇਹ ਪੁਛ ਹੈ ਕਿ "ਸ੍ਰੀ ਗ੍ਰੰਥ ਸਾਹਿਬ" ਨੂੰ ਗੁਰਿਆਈ ਕਿਹੜੀ ਤਾਰੀਖ ਨੂੰ ਮਿਲੀ? ਇਸ ਪ੍ਰਸ਼ਨ ਵਿਚ ਉਹ ਹਵਾਲੇ ਦਿੰਦਾ ਕਿ ੧ ਮੁਨਸ਼ੀ ਸੰਤ ਸਿੰਘ ਕਤਕ ਸੁਦੀ ਪੰਜ ਦਸਦਾ, ਦੂਜਾ ਸ੍ਰੀ ਗੁਰੂ ਸੋਭਾ ਵਾਲਾ ਕਤਕ ਸੁਦੀ ਚੌਥ ਦਸਦਾ। ਤੀਜਾ ਗਿਆਨੀ ਗਿਆਨ ਸਿੰਘ ਕਤਕ ਸੁਦੀ ਤੀਜ ਦਸਦਾ। ਚੌਥਾ ਚਿਠੀ ਤਖਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਚ ਕਤਕ ਸੁਦੀ ਦੂਜ ਲਿਖਿਆ—ਇਸ ਵਿਚੋਂ ਕਿਹੜੀ ਸਚੀ ਹੈ? ਦਸੀਏ।

ਨਾਲ ਹੀ ਅਗੇ ਸਫਾ ਪਰ ਤੇ ਲਿਖਦਾ, ਡਾਕਟਰ ਗੰਡਾ ਸਿੰਘ ਹੀ ਨਹੀਂ, ਸਗੋਂ ਇਨ੍ਹਾਂ ਦੇ ਚਾਟੜੇ ਵੀ ਭੰਬਲ ਭੂਸਿਆਂ ਵਿਚ ਪਏ ਅਨਿਸਚਤ ਜਹੀ ਹਾਲਤ ਵਿਚ ਡਕੋ ਡੋਲੇ ਖਾਂਦੇ ਰਹਿੰਦੇ ਹਨ। ਪ੍ਰਤਾਪ ਸਿੰਘ ਗਿਆਨੀ ਸੰਪਾਦਕ "ਗਿਆਨ ਅੰਮ੍ਰਿਤ" ਅੰਮ੍ਰਿਤਸਰ ਵਾਲੇ ਜਗਹ ਬਜਗਾ "ਕਤਕ ਸੁਦੀ ਪੰਚਮੀ" ਨੂੰ ਲਿਖਦੇ ਹਨ ਕਿ ਗੁਰਗੱਦੀ ਪੰਚਮੀ ਨੂੰ ਦੇਕੇ ਸਾਹਿਬ ਜੋਤੀ ਜੋਤਿ ਸਮਾ ਗਏ। ਭਾਵ ਕਿ ਵਖੋ ਵਖ ਰਾਵਾਂ ਹਨ ਕਿਸ ਤੇ ਯਕੀਨ ਕੀਤਾ ਜਾਏ।

ਇਸ ਦਾ ਜਵਾਬ ਹੈ ਕਿ ਗੁਰਿਆਈ ਦੇਣੀ ਤਾਂ ਸਾਰਿਆਂ ਨੇ ਮੰਨਿਆ ਹੈ। ਤਾਰੀਖਾਂ ਦਾ ਵਾਧਾ ਘਾਟਾ ਲਿਖੇ ਜਾਣ ਨਾਲ ਅਸਲੀਅਤ ਨਹੀਂ ਗਲਤ ਹੋ ਸਕਦੀ। ਫਿਰ ਵੀ ਸੱਚੀ ਲਿਖਤ ਹਜ਼ੂਰ ਸਾਹਿਬ ਦੀ ਚਿਠੀ ਵਾਲੀ ਹੈ। ਕਿਉਂਕਿ ਉਸ ਵੇਲੇ ਉਥੇ ਜੋ ਉਦਾਸੀ ਸੰਤ ਪਿਛੇ ੮੦ ਸਾਲ ਤੀਕ ਤਖਤ ਸਾਹਿਬ ਦੀ ਤਿੰਨ ਪੁਸ਼ਤਾਂ ਤੀਕ ਸੇਵਾਦਾਰ ਰਹੇ ਉਨ੍ਹਾਂ ਪਹਿਲੇ ਸੰਤਾ "ਈਸ਼ਰਦਾਸ ਤੇ ਗੁਰਸਰਣਦਾਸ" ਜੀ ਨੂੰ ਯਾਦ ਸੀ ਉਹ ਕਤਕ ਸੁਦੀ ਦੂਜ ਦਾ ਦਿਨ ਉਥੇ ਮਨਾਂਦੇ ਰਹੇ ਤੇ ਜੋ ਕੋਈ ਪੁਛਦਾ ਦਸਦੇ ਰਹੇ ਸੀ ਤੇ ਉਹਾ ਉਥੇ ਰੀਕਾਰਡ ਵਿਚ ਹੈਸੀ ਤਦੇ ਚਿਠੀ ਵਿਚ ਪ੍ਰਗਟ ਕੀਤਾ ਗਿਆ ਹੈ।

ਹੋਰ ਜਿਹੜੇ ਸਿਖ ਨਾਂਦੇੜ ਤੋਂ ਵਾਪਸ ਪੰਜਾਬ ਆਏ ਸਨ ਉਨ੍ਹਾਂ ਨੂੰ ਜ਼ਬਾਨੀ ਤਿੱਥ ਦਸਣ ਵਿਚ ਗਲਤੀ ਲਗੀ ਹੋਵੇ ਤਾਂ ਉਸ ਤੋਂ ਇਹ ਨਤੀਜਾ ਨਹੀਂ ਕਢਣਾ ਚਾਹੀਦੇ ਜੋ ਵਖੋ ਵਖ ਥਾਵਾਂ ਦੇ ਸਾਰੇ ਲਿਖਾਰੀਆਂ ਵਲੋਂ ਤਿਥਾਂ ਨਹੀਂ ਮਿਲਦੀਆਂ ਤੇ ਗੁਰਗੱਦੀ ਦੇਣ ਦਾ ਕਾਰਨਾਮਾ ਹੋਇਆ ਹੀ ਨਹੀਂ। ਇਹ ਤਾਂ ਸਾਰਿਆਂ ਨੇ ਮੰਨਿਆ ਕਿ ਗੁਰਗਦੀ ਉਥੇ ਦਿੱਤੀ ਗਈ। ਤਾਰੀਖਾਂ ਦੀ ੨੫੦ ਸਾਲ ਬਾਹਦ ਲਿਖਤ ਵਿਚ ਵੀ ਗਲਤੀ ਆ ਸਕਦੀ ਤੇ ਛਾਪੇ ਵੇਲੇ ੨ ਦੀ ਥਾਂ ਤਿੰਨ ਵੀ ਛਪ ਜਾਣਾ ਸੰਭਵ ਹੈ।

ਹੁਣ ਦੀ ਮਿਸਾਲ ਹੈ—ਸੰਨ ੧੯੬੨ ਦੀ "ਖਾਲਸਾ ਹੀਰਾ ਜੰਤਰੀ" ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਅਤਵਾਰੀ ਦਿਨ ੨ ਜਨਵਰੀ ਪੋਖ ਵਦੀ ਸਤਵੀਂ ਗਲਤ ਛਪਿਆ ਹੈ। ਪਰ ਛਪਦੇ ਛਪਦੇ ਏਹ ਗਲਤੀ ਸਮਝ ਕੇ; "੩ ਜਨਵਰੀ ਨੂੰ ਪੋਖ ਸੁਦੀ,

ਲਿਖਿਆ ਠੀਕ ਕਰ ਦਿਤਾ ਹੈ—ਇਹ ਜੰਤਰੀ "ਭਾਈ ਬੂਟਾ ਸਿੰਘ ਪ੍ਰਤਾਪ ਸਿੰਘ" ਪੁਸਤਕਾਂ ਵਾਲੇ ਸ੍ਰੀ ਅੰਮ੍ਰਿਤਸਰ ਤੋਂ ਮਿਲੀ ਹੈ। ਕਹਾਵਤ ਹੈ—ਸੀਸ਼ ਮਹੱਲ ਵਿਚ ਪੇਹਲੀ (ਕੀੜੀ) ਵੜ ਜਾਏ ਤਾਂ ਉਹ ਆਪਣੇ ਪ੍ਰਵੇਸ਼ ਵਾਸਤੇ ਛੋਟੀ ਤੋਂ ਛੋਟੀ ਮੋਰੀ ਲਭਦੀ ਹੈ ਤਿਵੇਂ ਮਿਹਰ ਸਿੰਘ ਵੀ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਨੂੰ ਝੁਠਿਆਣ ਵਾਸਤੇ ਨਿਕੇ ਤੋਂ ਨਿੱਕਾ ਛਿੱਦਰ ਵੀ ਵਰਤਦਾ ਹੈ।

ਗੁਰੂ ਨਾਨਕ ਸਾਹਿਬ ਦਾ ਅਵਤਾਰੀ ਦਿਨ ਸਦੀਆਂ ਤੋਂ ਕਤਕ ਪੂਰਨਮਾਸ਼ੀ ਦਾ ਮਨਾਇਆ ਜਾਂਦਾ ਹੈ ਪਰ ਸਰਦਾਰ ਕਰਮ ਸਿੰਘ ਹਿਸਟੋਰੀਅਨ ਨੇ ਇਕ ਪੁਸਤਕ (ਕਤਕ ਕਿ ਵਸਾਖ) ਲਿਖੀ ਜਿਸ ਵਿਚ ਉਸ ਨੇ ਕਈ ਹਵਾਲੇ ਦੇ ਕੇ ਗੁਰੂ ਨਾਨਕ ਦਾ ਜਨਮ ਦਿਨ ਵਸਾਖ ਸੁਦੀ ਤੀਜ ੧੫ ਅਪ੍ਰੈਲ ਦਾ ਸਾਬਤ ਕੀਤਾ ਸੀ। ਹੋਰ ਵੀ ਵੀਹਵੀਂ ਸਦੀ ਦੇ ਲਿਖਾਰੀਆਂ ਨੇ ਉਸਦੀ ਪ੍ਰੋੜਤਾ ਵਿਚ ਐਸਾ ਹੀ ਲਿਖਿਆ। ਪਰ ਮੈਨੂੰ ਉਹ ਗਲਤ ਜਾਪਿਆ, ਤੇ ਗੁਰੂ ਦਿਤੀ ਸੋਝੀ ਮੁਤਾਬਕ ਇਤਿਹਾਸਕ ਪੜਚੋਲ ਅਤੇ ਦਲੀਲਾਂ ਵਿਚਾਰਾਂ ਨਾਲ ਸਾਬਤ ਕੀਤਾ ਕਿ ਗੁਰੂ ਨਾਨਕ ਦੇਵ ਦਾ ਅਵਤਾਰੀ ਦਿਨ, ਪੂਰਨਮਾਸ਼ੀ ਹੀ ਠੀਕ ਹੈ। ਇਸ ਬਾਬਤ ਮੈਨੇ "ਕਤਕ ਕਿ ਵਸਾਖ" ਨਾਮੀ ਪੁਸਤਕ ਦੇ ਜਵਾਬ ਵਿਚ (ਵਸਾਖ ਨਹੀਂ-ਕਤਕ) ਪੁਸਤਕ ਲਿਖੀ ਤੇ ਮੇਰੀ ਲਿਖਤ ਨੂੰ ਜਿਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੀਫ ਖਾਲਸਾ ਦੀਵਾਨ, ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਦੇ ਵਿਦਵਾਨਾਂ ਸਕਾਲਰਾਂ' ਨੇ ਸਹੀ ਮੰਨਿਆ ਤੇ ਇਨਾਮ ਦਿੱਤਾ ਹੈ। ਉਥੇ ਨਾਮਧਾਰੀ ਦਰਬਾਰ ਨੇ ਅਜ ਤੋਂ ਕੁਝ ਸਾਲ ਪਹਿਲੇ ਉਹ ਪੁਸਤਕ ਮੇਰੀ "ਵਸਾਖ ਨਹੀਂ ਕਤਕ" ਨਾਮ ਦੀ ਪੜੀ ਸੀ, ਭਰਪੂਰ ਸ਼ਲਾਘਾ ਦੀ ਚਿਠੀ ਲਿਖੀ ਤੇ ੨੦ ਪੁਸਤਕਾਂ ਵੀ ਮੰਗਵਾਈਆਂ ਸਨ। ਤਾਂਤੇ ਸੰਤ ਮੇਹਰ ਸਿੰਘ ਨੂੰ ਸੋਭਦਾ ਨਹੀਂ ਕਿ ਤਾਰੀਖਾਂ ਦੇ ਫਰਕ ਨੂੰ ਪੇਸ਼ ਕਰਕੇ ਅਸਲੀਅਤ ਨੂੰ ਝੁਠਲਾਂਦਾ ਰਹੇ।

## ਪ੍ਰਸ਼ਨ-ਤੇ-ਗੁਰਿਆਈ ਦੇਣ ਦਾ ਢੰਗ ਕੀ ਸੀ?

੩—ਤੀਜਾ ਪ੍ਰਸ਼ਨ ਇਹ ਪੁਛਦਾ ਕਿ ਗੁਰਿਆਈ ਦੇਣ ਦਾ ਢੰਗ ਕੀ ਸੀ? ਅਸੀਂ ਪਾਠਕਾਂ ਪ੍ਰਤੀ ਪਿਛੇ ਥੋੜਾ ਦਸਿਆ ਹੈ ਹੁਣ ਜਰਾ ਵਿਸਥਾਰ ਨਾਲ ਦਸਣਾ ਹੈ ਕਿ ਗੁਰੂ ਘਰ ਦੀ ਪੁਰਾਤਨ ਮਰਿਆਦਾ ਨਾਲ "ਗੁਰੂ ਗ੍ਰੰਥ ਸਾਹਿਬ" ਨੂੰ ਪਲੰਘ ਪਰ ਪ੍ਰਕਾਸ਼ ਕਰਾਇਆ। ਫਿਰ ਗੁਰੂ ਗ੍ਰੰਥ ਸਾਹਿਬ ਉਤੇ ਗੁਰੂ ਭਾਵਨਾ ਦ੍ਰਿੜ ਕਰਾਣ ਨੂੰ ਐਸਾ ਉਪਦੇਸ਼ ਸੁਣਾਇਆ ਤੇ ਦਸਿਆ ਕਿ ਗੁਰੂ ਗ੍ਰੰਥ ਜੀ ਦੀ ਤਾਬਿਆ ਨਾਮ ਅੰਮ੍ਰਿਤ ਪ੍ਰਚਾਰਨ ਦਾ ਹੱਕ ਕਿਸੇ ਇਕ ਨੂੰ ਨਹੀਂ ਬਲਕਿ ਹਰ ਥਾਏਂ ਪੰਜ ਪਿਆਰੇ "ਗੁਰੂ ਖਾਲਸਾ" ਰੂਪ ਵਿਚ ਸਰੀਰਕ ਕਾਰ ਨਿਭਾਉਣਗੇ, ਦਸਿਆ।

ਐਸਾ ਫੁਰਮਾਨ ਕੀਤੇ ਮਗਰੋਂ ਗੁਰੂ ਜੀ ਨੇ ਪੰਜ ਸਿੰਘਾਂ (ਭਾਈ ਧਰਮ ਸਿੰਘ, ਭਾਈ ਸੰਤੋਖ ਸਿੰਘ, ਸਾਹਿਬ ਸਿੰਘ, ਗੁਰਬਖਸ਼ ਸਿੰਘ (ਅਨੰਦਪੁਰੀ) ਅਤੇ ਭਾਈ ਦੀਪ ਸਿੰਘ ਨੂੰ ਖੜਾ ਕਰਕੇ ਅਰਦਾਸ ਕੀਤੀ। ਭਾਈ ਦਿਆ ਸਿੰਘ ਤਾਬਿਆ ਵਿਚ ਸਨ ਫਿਰ ਪੰਜ ਪ੍ਰਕਰਮਾਂ ਗੁਰੂ ਗ੍ਰੰਥ ਜੀ ਦੀਆਂ ਕਰਨ ਮਗਰੋਂ ਪੰਜ ਪੈਸੇ ਤੇ ਨਾਰੀਅਲ ਦੀ ਭੇਟ ਨਾਲ ਤਿਲਕ ਦੇ ਕੇ ਗੁਰੂ ਜੀ ਨਿਮਸਕਾਰ ਕੀਤੀ। ਐਸਾ ਗੁਰੂ ਗ੍ਰੰਥ ਜੀ ਦੀ ਪ੍ਰਭਤਾ ਤੇ ਗੁਰਤਾ ਦਾ ਪੂਜਨ ਕਰ ਦਰਸਾਇਆ, ਇਸ ਵੇਲੇ ਇਹ ਮਹਾਂਵਾਕ ਆਇਆ:—

ਸੂਹੀ ਮਹਲਾ ੫

ਅਬਚਲ ਨਗਰ ਗੋਬਿੰਦ ਗੁਰੂ ਕਾ ਨਾਮ ਜਪਤ ਸੁਖ ਪਾਇਆ ਰਾਮ ॥

ਮਨ ਇਛੇ ਸੇਈ ਫਲ ਪਾਏ ਕਰਤੈ ਆਪ ਵਸਾਇਆ ਰਾਮ ॥ (ਪੰਨਾ ੭੮੩)

ਸਾਰਾ ਸ਼ਬਦ ਸੁਣਿਆ ਅਤੇ ਇਸ ਮਹਾਂਵਾਕ ਆਏ ਦੇ ਆਧਾਰ ਪਰ ਫੁਰਮਾਇਆ ਕਿ ਇਸ ਪਵਿੱਤ੍ਰ ਹੋਈ ਥਾਂ ਦਾ ਨਾਮ ਅਜ ਤੋਂ "ਸ੍ਰੀ ਅਬਚਲ ਨਗਰ" ਹੋਇਆ। ਸੰਗਤਾਂ ਨੇ ਪ੍ਰਵਾਨ ਕੀਤਾ, ਨਿਮਸਕਾਰਾਂ ਕਰਕੇ ਜੈਕਾਰੇ ਗਜਾਏ ਸੀ।* ਇਸ ਰੀਤੀ ਨਾਲ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਜੀ ਨੂੰ ਗੁਰਿਆਈ ਦੇਣ ਦਾ ਢੰਗ (ਤਰੀਕਾ) ਵਰਤਿਆ ਸੀ ਤੇ ਨਾਲ ਹੀ ਸਭ ਸੰਗਤ (ਸਮੂਹ ਖਾਲਸਾ ਪੰਥ) ਪ੍ਰਤੀ ਫੁਰਮਾਇਆ ਸੀ ਕਿ ਅਕਾਲ ਪੁਰਖ ਦੇ ਹੁਕਮ ਨਾਲ ਅਸੀਂ ਆਏ ਸੀ। ਪੰਥ ਚਲਾਇਆ ਹੈ। ਸਾਡਾ ਹੁਕਮ ਹੈ, ਅਜ ਤੋਂ (ਸ਼ਬਦ ਗੁਰੂ ਸੰਗ੍ਰਹਿ) ਗੁਰੂ ਗ੍ਰੰਥ ਜੀ ਨੂੰ ਸਤਿਗੁਰੂ ਮੰਨਿਆ ਜਾਏ। ਇਸ ਵੇਲੇ ਭਾਈ ਦਿਆ ਸਿੰਘ ਨੂੰ ਨਿਸਚਾ ਹੋਇਆ ਕਿ ਗੁਰੂ ਜੀ ਹੁਣ ਵਿਛੋੜਾ ਦੇ ਰਹੇ ਹਨ ਇਹ ਸਹਾਰ ਨ ਸਕੇ ਤੇ ਡੇਰੇ ਜਾ ਕੇ ਥੋੜੇ ਸਮੇਂ ਬਾਹਦ ਹੀ ਚਲਾਣਾ ਕਰ ਗਏ ਸੀ ਹਾਰਟ ਫੇਹਲ ਹੋਇਆ ਹੀ ਸਮਝੀਏ! (ਉਥੇ ਇਨ੍ਹਾਂ ਦੀ ਸਮਾਧ ਵੀ ਹੈ)

ਪਰ ਮੇਹਰ ਸਿੰਘ; ਜੋ ਉਕਤ ਪ੍ਰਸ਼ਨ ਨਾਲ ਗੁਰਿਆਈ ਦੇਣ ਦਾ ਢੰਗ ਪੁਛਦਾ ਹੈ, ਉਸ ਦਾ ਭਾਵ ਇਹੋ ਹੈ ਕਿ ਇਸ ਦੇ ਸੰਬੰਧ ਵਿਚ ਇਕ ਰਾਏ ਨਹੀਂ ਹੈ ਤੇ ਉਥੇ ਗੁਰਿਆਈ ਦੇਣ ਦੀ ਇਕ ਘਾੜਤ ਘੜੀ ਗਈ ਹੈ। ਕਿਸੇ ਕੁਝ ਲਿਖਿਆ ਤੇ ਕਿਸੇ ਨੇ ਕੁਝ ਲਿਖਿਆ ਹੈ। ਉਹ ਸਿਖ "ਰੀਵੀਊ ਕਲਕਤਾ ਦੇ (ਪੰਨਾ ੩੩ ਸਿੱਖ ਰੀਵੀਊ ਜਨਵਰੀ ੭੨) ਅਤੇ ਇਸੇ ਲੇਖ ਕੇ ਪੰਨਾ ੩ ਵਿਚ ਜੋ ਲਿਖਿਆ ਹੈ" ਦਸਦਾ ਹੈ:

"ਏਕ ਸਮੇਂ ਬੁਢੇ ਰਾਮਦਾਸ ਕਉ ਆਗਿਆ ਕਰੀ ਥੀ ਜੋ ਦਸ ਅਵਤਾਰ ਹਮਾਰੇ ਹੋਹਿੰਗੇ।

ਅਰ ਦਸੋਂ ਪੀਹੜੀਆਂ ਪਰਜੰਤ ਹੀ ਤੁਮਾਰੀ ਕੁਲ ਰਹੇਗੀ।

ਤਾਂਤੇ ਅਬ ਕਿਸੀ ਕਉ ਗੁਰਆਈ ਦਾ ਤਿਲਕ ਦੇਣਾ ਜੋਗ ਨਹੀਂ।...

ਯਥਾ ਅਧਿਕਾਰ ਗ੍ਰੰਥ ਸਾਹਿਬ ਕੇ ਵਾਕ ਸਭ ਕੋ ਅੰਗੀਕਾਰ ਕਰਨੇ ਜੋਗ ਹੈ।"

---

* ਗੁਰੂ ਜੀ ਵਲੋਂ ਪੰਜ ਸਿੰਘਾਂ ਨੂੰ ਨਾਲ ਖੜਾ ਕਰਕੇ ਅਰਦਾਸ ਮਗਰੋਂ ਦੀ ਸਾਰੀ ਕਾਰਵਾਈ ਨੂੰ ਇਕ ਬਹੁਤ ਬਿਰਧ ਮਹਾਤਮਾਂ ਆਤਮਦਾਸ ਉਦਾਸੀ ਨੇ ਅਖੀਂ ਦੇਖਿਆ ਤੇ ਆਪਣੀ "ਗੁਹਜ ਕਥਾ" ਨਾਮ ਪੁਸਤਕ ਵਿਚ ਲਿਖਿਆ ਸੀ— ਇਹ ਦਸਦਾ ਕਿ ਜਿਸ ਵੇਲੇ ਗੁਰੂ ਜੀ ਉਤੇ ਕਟਾਰ ਦਾ ਵਾਰ ਹੋਇਆ—ਇਕ ਪਾਸੇ ਤੰਬੂ ਦੇ ਬਾਹਰ ਮੈਂ ਬੈਠਾ ਸੀ, ਤੇ ਦੂਜੇ ਲੱਖਾ ਸਿੰਘ ਦੋਵੇਂ ਹੀ ਬੈਠੇ ਸੌਂ ਗਏ ਸੀ। ਉਸ ਵੇਲੇ ਗੁਰੂ ਜੀ ਨੇ ਲੱਖਾ ਸਿੰਘ ਨੂੰ ਆਵਾਜ਼ ਕੀਤੀ। ਅਸੀਂ ਦੋਵੇਂ ਦੌੜਦੇ ਅੰਦਰ ਗਏ ਪਰ ਭਾਣਾ ਵਰਤ ਚੁਕਾ ਸੀ। ਗੁਰੂ ਜੀ ਨੇ ਉਸ ਕਾਤਲ ਨੂੰ ਵੀ ਮਾਰ ਦਿਤਾ ਸੀ। ਇਹ ਪੋਥੀ ਰਾਜਾ ਗੁਲਾਬ ਸਿੰਘ ਸੇਠੀ ਨੇ ਹਜ਼ੂਰ ਸਾਹਿਬ ਕਿਤੇ ਦੇਖੀ ਸੀ। ਹਾਲ ਲਿਖਿਆ, ਮੈਨੂੰ ਦਸਿਆ ਸੀ। ਇਹ ਵੀਹ ੨੫ ਸਾਲ ਪਹਿਲੇ ਦੀ ਗਲ ਹੈ।

ਇਸ ਲਿਖਤ ਦੇ ਪੇਸ਼ ਕਰਨ ਦਾ ਭਾਵ ਵੀ ਇਹੋ ਹੈ ਕਿ ਇਸ ਗੱਲ ਤੇ ਮੱਤਭੇਦ ਹੈ ਫਿਰ ਦਸਮੇਸ਼ ਪਿਤਾ ਵਲੋਂ ਕਿਵੇਂ ਮੰਨਿਆ ਜਾਇ ਕਿ ਉਨ੍ਹਾਂ ਨੇ ਪੰਜ ਪੈਸੇ ਤੇ ਨਾਰੀਅਲ ਭੇਟ ਕਰਨ ਦਾ ਢੰਗ ਵਰਤਿਆ—ਜਦੋਂ ਕਿ ਗੁਰੂ ਹਰਿਕ੍ਰਿਸ਼ਨ ਜੀ ਨੇ "ਬਾਬਾ ਬਕਾਲੇ" ਵਾਕ ਨਾਲ ਹੀ ਗੁਰਿਆਈ ਦੇ ਦਿੱਤੀ ਸੀ।

ਉਕਤ ਸਿਖ ਰੀਵੀਉ ਦੀ ਲਿਖਤ—ਪਤਾ ਨਹੀਂ ਕਿਹੜੇ—"ਬੁਢੇ ਰਾਮਦਾਸ ਕਉ ਆਗਿਆ ਕਰੀ) ਨਾਮ ਨਹੀਂ ਦਸਿਆ। ਭਾਈ ਬੁਢਾ ਸਾਹਿਬ ਵੇਲੇ ਦੇ "ਗੁਰ ਰਾਮਦਾਸ" ਜੀ ਨੇ ਕਿਹਾ ਹੋਵੇ ਤਾਂ ਭਵਿਖਤ ਵਾਕ ਮੰਨਿਆ ਜਾਏਗਾ, ਜੇਕਰ ਬੁਢੇ ਸਰੀਰ ਗੁਰੂ ਅਮਰ ਦਾਸ ਨੇ ਗੁਰੂ ਰਾਮ ਦਾਸ ਨੂੰ ਕਿਹਾ ਤਦ ਵੀ ਭਵਿਖਤ ਵਾਕ ਹੈ। ਕਿਉਂਕਿ ਗੁਰਬਾਣੀ ਦੀ ਇਨ੍ਹਾਂ ਦੇ ਘਰੇ ਰਹਿਣ ਦਾ ਵਰਦਾਨ ਵੀ ਆਪਨੇ ਦਿੱਤਾ ਸੀ। ਉਹ ਵੀ ੧੦ ਜਾਮੇ ਹੀ ਠੀਕ ਗੁਰਿਆਈ ਚਲੀ ਹੈ ਪਰ ਗੁਰੂ ਗ੍ਰੰਥ ਸਾਹਿਬ ਤਾਂ ਕਿਸੇ ਰੂਪ ਵਿਚ ਅਜ ਬੀੜ ਨਹੀਂ ਸੀ ਤਿਆਰ ਹੋਈ ਤਾਂ ਇਹ ਵੀ ਭਵਿਖਤ ਵਾਕ ਹੀ ਸੱਚ ਹੋਇਆ ਕਿ ਦਸਮੇਂ ਜਾਮੇਂ ਪਿਛੋਂ "ਗ੍ਰੰਥ ਸਾਹਿਬ" ਹੀ ਗੁਰੂ ਗ੍ਰੰਥ ਸਾਹਿਬ" ਰੂਪ ਵਿਚ ਵਿਦਮਾਨ ਹੋਇਆ ਹੈ ਸਚਾ ਵਾਕ ਹੈ।

ਉਸ ਵਾਕ ਨੂੰ ਵੀ ਮੋਹਰ ਸਿੰਘ ਨੇ ਆਪਣੇ ਮਤਲਬ ਵਾਸਤੇ ਵਰਤਿਆ ਹੈ ਕਿ ਉਸ ਵਾਕ ਵਿਚ "ਗੁਰੂ" ਵਿਸ਼ੇਸ਼ਣ ਨਹੀਂ ਵਰਤਿਆ ਸਿਰਫ **"ਜਥਾ ਅਧਿਕਾਰ ਗ੍ਰੰਥ ਸਾਹਿਬ ਕੇ ਵਾਕ ਸਭ ਕੋ ਅੰਗੀਕਾਰ ਕਰਨੇ ਜੋਗ ਹੈ।"** ਐਸਾ ਲਿਖਿਆ ਹੈ—ਜਿਸ ਤੋਂ ਇਹ ਤਾਂ ਸਾਬਤ ਹੈ ਕਿ ਭਵਿੱਖਤ ਪੁਰਾਣ ਦੇ ਕਥਨ ਅਨੁਸਾਰ ਵੀ ਦਸ ਜਾਮੇਂ ਹੀ ਸਰੀਰ ਧਾਰੀ ਗੁਰਾਂ ਨੇ ਹੋਣਾ ਹੈ। ਉਪ੍ਰੰਤ "ਗ੍ਰੰਥ ਸਾਹਿਬ" ਕੇ ਵਾਕ (ਹੁਕਮ—ਉਪਦੇਸ਼) ਹੀ ਮੰਨਣਜੋਗ ਹੋਣਗੇ। ਤਦ ਫਿਰ ੧੧ਵੇਂ ਸਰੀਰ ਧਾਰੀ ਨਾਮਧਾਰੀਆਂ ਵਾਸਤੇ ਵੀ ਉਪਦੇਸ਼ ਇਹੋ ਹੈ ਕਿ ਉਹ ਗੁਰੂ ਗ੍ਰੰਥ ਜੀ ਨੂੰ ਸਵੀਕਾਰ ਕਰਨ ਅਤੇ ਆਪਨੀ ਮਨੌਤ ਹੀ ਮਿਟਾ ਦੇਣ ਕਿ ਗੁਰੂ ਘਰ ਦੀ ਗੱਦੀ ਦੇ ਉਹ ਵਾਰਸ ਹਨ।

ਅਗਰ ਉਸ ਭਵਿਖਤ ਬਾਣੀ ਵਿਚ ਸਿਰਫ "ਗ੍ਰੰਥ ਸਾਹਿਬ" ਲਿਖਿਆ ਹੈ—ਤਾਂ ਇਸ ਦਾ ਇਹ ਮਤਲਬ ਨਹੀਂ ਕਿ ਉਹਨਾਂ ਨੂੰ ਗੁਰਗੱਦੀ ਅਸਥਾਪਤ ਨਹੀਂ ਕੀਤਾ ਗਿਆ। ਉਹ ਪਹਿਲੇ ਵੀ "ਬਾਣੀ ਗੁਰੂ ਗੁਰੂ ਹੈ ਬਾਣੀ" ਰੂਪ ਸਨ ਤੇ ਜਿਸ ਵੇਲੇ ਪੂਜਨ ਕਰਕੇ ਅਭਿਖੇਕਿਕ ਕੀਤੇ ਗਏ, ਤਿਲਕ ਦਿਤਾ ਗਿਆ ਤਦ ਤੋਂ ਵੀ ਗੁਰੂ ਹੀ ਮੰਨੇ ਗਏ ਹਨ।

ਮਹਾਰਾਜਾ ਰਣਜੀਤ ਸਿੰਘ ਪਹਿਲੇ ਸਰਦਾਰ ਮਹਾਂ ਸਿੰਘ ਦਾ ਪੁੱਤਰ, ਉਸਦੀ ਥਾਂ ਸਰਦਾਰ ਹੀ ਮੰਨਿਆ ਗਿਆ ਸੀ। ਇਸ ਨੂੰ ਆਪਣੇ ਪਿਤਾ ਦੀ ਥਾਂਇ ਦਸਤਾਰ ਬੰਦੀ ਵੇਲੇ ਵੀ ਸ੍ਰੀ ਬਾਬਾ ਸਾਹਿਬ ਸਿੰਘ ਬੇਦੀ ਜੀ ਨੇ ਆਪਣੇ ਹਥੀਂ ਦਸਤਾਰ ਬੰਦੀ ਕਰਾਈ ਤੇ ਸਮੂਹ ੧੨ ਮਿਸਲਾਂ ਤੇ ਹੋਰ ਨਵਾਬਾਂ ਸਰਦਾਰਾਂ ਸਿਖਾਂ ਸਾਹਮਣੇ ਫੁਰਮਾਇਆ ਸੀ—"ਅਜ ਤੋ ਆਪਣੇ ਪਿਤਾ ਸਰਦਾਰ ਮਹਾਂ ਸਿੰਘ ਦੀ ਥਾਂਏ ਸੁੱਕਰਚਕੀਆ ਮਿਸਲ ਦਾ ਸਰਦਾਰ ਇਹ ਰਣਜੀਤ ਸਿੰਘ ਹੀ ਥਾਪਿਆ ਗਿਆ ਹੈ—ਜੋ ਸਭ ਨੇ ਪ੍ਰਵਾਨ ਕੀਤਾ ਸੀ।

ਪਰ ਫੇਰ ਸਮਾਂ ਪਾ ਕੇ ਲਾਹੌਰ ਦੇ ਸ਼ਾਹੀ ਕਿਲੇ ਵਿਚ ਸ਼ਾਹੀ ਤਖਤ ਉਤੇ ਬਿਠਾ ਕੇ ਇਨ੍ਹਾਂ ਹੀ ਸ੍ਰੀ ਬਾਬਾ ਸਾਹਿਬ ਸਿੰਘ ਜੀ ਨੇ ਕੇਸਰ ਦਾ ਤਿਲਕ ਲਾ ਕੇ ਮਹਾਰਾਜਾ ਹੋਣ ਦਾ ਐਲਾਨ ਕੀਤਾ ਸੀ ਤਾਂ ਲੋਕਾਂ ਨੇ ਉਸੇ ਨੂੰ ਮਹਾਰਾਜਾ ਰਣਜੀਤ ਸਿੰਘ ਨਾਮ ਨਾਲ ਬੁਲਾਇਆ ਤੇ ਹੁਕਮ ਮੰਨਿਆ ਸੀ। ਰਣਜੀਤ ਸਿੰਘ ਤਾਂ ਉਹੋ ਪਹਿਲਾ ਸਰਦਾਰ ਰਣਜੀਤ ਸਿੰਘ ਸੀ, ਪਰ ਇਕ ਖਾਸ ਉਚੇਚੀ ਤਿਲਕ ਦੇਣ ਦੀ ਰਸਮ ਅਦਾਇਗੀ ਨਾਲ ਮਹਾਰਾਜਾ ਹੋ ਜਾਣ ਦਾ ਜੋ ਐਲਾਨ ਕੀਤਾ ਗਿਆ ਸੀ, ਉਸ ਨਾਲ ਰਣਜੀਤ ਸਿੰਘ ਦੀ ਸੂਝ ਬੂਝ ਵਿਚ ਕੋਈ ਵਧੇਰੇ ਵਾਧਾ ਨਹੀਂ ਹੋਇਆ ਸੀ—ਉਹ ਪਹਿਲੇ ਜਿਤਨੀ ਸੀ ਪਰ ਮਹਾਰਾਜਗੀ ਦੀ ਰਸਮ ਤੇ ਖਿਤਾਬ ਦਾ ਐਲਾਨ ਹੋਏ ਨਾਲ ਤਮਾਮ ਦਰਬਾਰੀਆਂ ਤੇ ਪਬਲਿਕ ਦੇ ਅਧਿਕਾਰੀਆਂ ਨੇ ਮਹਾਰਾਜਾ ਮੰਨਿਆ ਸੀ।

ਠੀਕ ਇਸੇ ਤਰ੍ਹਾਂ ਸਮਝਣਾ ਚਾਹੀਏ ਕਿ ਗੁਰਗੱਦੀ ਸਥਾਪਨਾ ਦੀ ਰਸਮ ਅਦਾਇਗੀ ਤੋਂ ਪਹਿਲੇ ਵੀ ਗੁਰੂ ਗ੍ਰੰਥ ਸ਼ਾਹਿਬ ਦੀ ਬਾਣੀ ਵਿਚ ਉਹੋ ਗਿਆਨ ਭਰਪੂਰ ਸੀ ਤੇ ਗੁਰੂ ਅਰਜਨ ਦੇਵ ਜੀ ਨੇ ਇਸੇ ਕਰਕੇ ਪੀਹੜੇ (ਪਲੰਘ) ਉਤੇ ਬਿਰਾਜਮਾਨ ਕਰਾਇਆ ਸੀ। ਫਿਰ ਗੁਰੂ ਕਲਗੀਧਰ ਜੀ ਨੇ "ਸਤਿਗੁਰੂ ਗ੍ਰੰਥ" ਆਦਿਕ ਉਚੇਚੇ ਵਾਕ ਉਚਾਰੇ ਤੇ ਸ੍ਰੀ ਸਰਬ ਲੋਹ ਵਿਚ ਲਿਖਾਏ ਦਿਤੇ ਸਨ। ਪਰ ਨਾਂਦੇੜ ਵਿਚ ਐਸਾ ਸਮਾਂ ਆਉਣ ਵੇਲੇ ਤੇ ਜਦੋਂ ਕਿ ਨਾਰੀਅਲ ਮਿਲ ਸਕਦਾ ਸੀ, ਪੰਜ ਪੈਸੇ ਅਤੇ ਕੇਸਰ ਵੀ ਮੰਗਾਏ ਰਖਿਆ ਸੀ—(ਉਥੇ ਦੇ ਪੈਸੇ ਚਾਹੇ—ਪੰਜਾਬ ਦੇ ਪੈਸਿਆਂ ਨਾਲੋਂ ਛੋਟੇ ਹੋਣਗੇ) ਤਦ ਵੀ ਗੁਰੂ ਘਰ ਦੀ ਪੰਚ ਪ੍ਰਵਾਨ ਦੀ ਰੀਤੀ ਨਾਲ ਪੰਜ ਪੈਸੇ ਤੇ ਨਾਰੀਅਲ ਸਹਿਤ ਭੇਟ ਧਰ ਕੇ ਪ੍ਰਦਖਣਾ ਕੀਤੀਆਂ। ਫਿਰ ਤਿਲਕ ਦੇ ਕੇ ਨਿਮਸਕਾਰ ਕੀਤੀ ਤੇ ਇਸ ਢੰਗ ਨਾਲ ਗੁਰੂ ਗ੍ਰੰਥ ਜੀ ਦੀ ਗੁਰਤਾ ਨੂੰ ਪ੍ਰਗਟਾਇਆ ਸੀ।

ਇਸ ਵਾਸਤੇ ਕਿ ਉਕਤ ਚੀਜ਼ਾਂ ਮਿਲ ਗਈਆਂ ਸਨ ਅਗਰ ਐਸਾ ਬੰਦੋਬਸਤ ਨਾ ਵੀ ਹੁੰਦਾ ਤਦ ਵੀ ਗੁਰੂ ਗੋਬਿੰਦ ਸਿੰਘ ਜੀ ਦਾ ਜ਼ਬਾਨੀ ਫੁਰਮਾਣ ਹੁਕਮ ਹੀ ਕਾਫੀ ਸੀ। ਜਿਸ ਨੂੰ ਬਾਹਦ ਦੇ ਕਵੀਆਂ ਨੇ—"ਆਗਿਆ ਭਈ ਅਕਾਲ ਕੀ ਤਬੀ ਚਲਾਇਉ ਪੰਥ" ਕਾਵਿ ਰੂਪ ਵਿਚ ਲਿਖਿਆ ਤੇ ਮਿਹਰ ਸਿੰਘ ਇਸ ਨੂੰ ਗੁਰੂ ਜੀ ਦਾ ਸ੍ਰੀ ਮੁਖਵਾਕ ਨਹੀਂ ਮੰਨ ਰਿਹਾ ਹੈ।

ਗੁਰੂ ਗੋਬਿੰਦ ਸਿੰਘ ਜੀ ਹੇਮਕੁੰਟ ਪਰ ਪਤਾ ਨਹੀਂ ਕਿਤਨੇ ਚਿਰਾਂ ਤੋਂ ਦਸਮ ਦਵਾਰ ਆਤਮ ਨਿਵਾਸ ਕਰਕੇ ਤਪਸਿਆ ਕਰਦੇ ਪਏ ਸਨ। ਸ੍ਰੀ ਅਕਾਲ ਪੁਰਖ ਨੇ ਉਨ੍ਹਾਂ ਪ੍ਰਤੀ ਕੋਈ ਕਵਿਤਾ ਵਿਚ ਹੁਕਮ ਨਹੀਂ ਕੀਤਾ ਕਿ ਭੂਮੀਂ ਜਾ ਕੇ ਪੰਥ ਚਲਾਉ। ਨਾਂ ਉਸ ਵੇਲੇ ਸ੍ਰੀ ਅਕਾਲ ਪੁਰਖ ਨਾਲ ਹੋਇ ਵਾਰਤਾਲਾਪ ਨੂੰ ਗੁਰੂ ਜੀ ਨੇ ਲਿਖ ਰਖਿਆ ਸੀ ਤੇ ਨਾ ਹੀ ਉਥੇ ਕੋਈ ਕਲਮ-ਦਵਾਤ ਅਤੇ ਕਾਗਜ਼ ਦਾ ਪ੍ਰਬੰਧ ਸੀ ਪਰ ਸ੍ਰੀ ਕਲਗੀਧਰ ਰੂਪ ਵਿਚ ਹੋ ਕੇ ਅੰਤਰਯਾਮੀ ਆਤਮਾਂ ਨੇ ਜੋ ਅਕਾਲ ਪੁਰਖ ਵਲੋਂ ਹੁਕਮ ਹੋਇਆ ਸੀ ਉਸ ਨੂੰ—ਸ੍ਰੀ ਅਕਾਲ ਪੁਰਖ ਵਾਚ ਇਸ ਕੀਟ ਪ੍ਰਤੀ "ਲਿਖਿਆ—" ਜੋ ਬਚਿਤ੍ਰ ਵਿਚ ਹੈ।

"ਮੈਂ ਅਪਨਾ ਸੁਤ ਤੋਹਿ ਨਿਵਾਜਾ ॥
ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥

ਜਹਾਂ ਤਹਾਂ ਤੁਮ ਧਰਮ ਚਲਾਏ ॥
ਕੁਬਧਿ ਕਰਨ ਤੇ ਲੋਕ ਹਟਾਇ ॥੨੯॥

ਫੇਰ ਆਪਣੀ ਵਲੋਂ ਜੋ ਮੋੜਵੀਂ ਬੇਨਤੀ ਕੀਤੀ—ਉਸ ਵਿਚ ਆਪਣੇ ਆਪ ਨੂੰ ਕਵੀ ਮੰਨਦੇ--ਤੇ ਕਬਿਬਾਚ ਦੋਹਿਰਾ" ਐਸਾ ਲਿਖਦੇ—

ਠਾਢ ਭਯੋ ਮੈ ਜੋਰਿ ਕਰ ਬਚਨ ਕਹਾ ਸਿਰ ਨਿਆਇ ॥
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ ॥
(੩੦ ਬਚਿਤ੍ਰ ਨਾਟਕ)

ਹੁਣ ਪਾਠਕ ਵਿਚਾਰ ਕਰਨ ਕਿ ਦੋਹਾਂ ਪਾਸਿਆਂ ਤੋਂ ਗਲਾਂ ਬਾਤਾਂ ਵਾਰਤਿਕ ਅਤੇ ਨਾਂ ਮਾਲੂਮ ਕਿ ਕਿਹੜੀ ਭਾਸ਼ਾ ਵਿਚ ਕਹੀਆਂ ਸੁਣੀਆਂ ਗਈਆਂ ਹੋਣਗੀਆਂ ਜੋ ਭਾਸ਼ਾ-ਦੁਸ਼ਟ ਦਮਨ ਰੂਪ ਵੇਲੇ ਦੀ ਹੋਵੇਗੀ। ਉਹ ਸੰਸਕ੍ਰਿਤ ਕਿ ਬਿਹਾਰੀ ਬੰਗਾਲੀ ਜਾਂ ਫਿਰ ਬ੍ਰਿਜ ਹਿੰਦੀ ਭਾਸ਼ਾ ਵਿਚ ਕੀ ਦਸਿਆ ਜਾਏ ? ਪਰ ਜਿਉਂ ਤਿਉਂ ਕਰਕੇ ਪ੍ਰਭੂ ਨੇ ਇਨ੍ਹਾਂ ਨੂੰ ਪ੍ਰਤੱਖ ਹੋ ਕੇ (ਕਿਸੇ ਮਨੁੱਖ ਰੂਪ ਵਿਚ) ਸਮਝਾਇਆ ਤੇ ਪੁਨਰ ਜਨਮ ਧਾਰਨ ਨੂੰ ਮਨਾਇਆ ਸੀ, ਤਦ ਆਪ ਦੋਵੇਂ ਹਥ ਜੋੜ ਕੇ ਖਲੋ ਗਏ ਤੇ ਸੀਸ ਨਿਵਾ ਕੇ ਉਸੇ ਭਾਸ਼ਾ ਵਿਚ ਉਤਰ ਦਿਤਾ ਹੋਣਾ, ਪਰ ਹੁਣ ਦੀ ਅਪਨੀ ਕਥਾ ਦਸਦੇ ਹੋਇਆਂ--ਬ੍ਰਿਜ ਭਾਸ਼ਾ ਵਿਚ ਲਿਖਵਾਇਆ ਜਾਂ ਖ਼ੁਦ ਲਿਖਿਆ ਨੇ। ਜੋ ਦੋਹਿਰਾ ਉਤੇ ਦਸਿਆ ਹੈ।

ਹੁਣ ਗੁਰੂ ਜੀ ਦੀ ਲਿਖਤ ਦੇਖੀਏ ! ਕਿ ਜੋ ਅਕਾਲ ਪੁਰਖ ਵਲੋਂ ਸੀ, ਉਹ "ਸ੍ਰੀ ਅਕਾਲ ਪੁਰਖ ਵਾਚ" ਦਸਿਆ—ਤੇ ਲਿਖਿਆ ਹੁਣ ਦੀ ਬ੍ਰਿਜ ਭਾਸ਼ਾ ਵਿਚ ਅਤੇ ਕਾਵਿ ਰੂਪ ਵਿਚ। ਫਿਰ ਆਪਣੀ ਵਲੋਂ ਖਲੋ ਕੇ ਹਥ ਜੋੜ ਕੇ ਜੋ ਬੇਨਤੀ ਕੀਤੀ ਹੋਵੇਗੀ ਉਸੇ ਭਾਸ਼ਾ ਵਿਚ ਕਹੀ ਹੋਣੀ ਹੈ, ਪਰ ਹੁਣ ਚੂੰਕਿ ਬਚਿਤਰ ਨਾਟਕ ਵਿਚ (ਕਵੀ ਦੀ ਹੈਸੀਅਤ ਵਿਚ) ਕਥਨ ਕੀਤਾ ਹੈ, ਤਾਂ ਕੀ ਕਹੀਏ ਕਿ ਇਹ "ਅਕਾਲ ਪੁਰਖ" ਨਾਲ ਹੋਈ ਗਲਬਾਤ ਦਾ ਲਹਿਜਾ ਨਹੀ ਹੈ ? ਕਿਉਂਕਿ ਉਹ ਵਾਰਤਕ ਗਲਬਾਤ ਹੋਵੇਗੀ ਤੇ ਕਾਵਿ ਵਿਚ ਨਹੀਂ ਮੰਨੀ ਜਾ ਸਕਦੀ ਕਿ ਅਕਾਲ ਪੁਰਖ ਨੇ ਖ਼ੁਦ ਚੌਪਈ ਦਾ ਉਚਾਰਨ ਕੀਤਾ ਹੋਵੇ।

ਤਾਂਤੇ ਯਕੀਨ ਕਰਨਾ ਚਾਹੀਏ ਕਿ ਅਗਰ ਕੋਈ ਮੋਹਰ ਸਿੰਘ ਦੀ ਤਸੱਲੀ ਕਰਵਾਣ ਵਾਲਾ ਸਬੂਤ ਨਹੀਂ ਵੀ ਮਿਲਦਾ ਤਾਂ ਸਰਬ-ਲੋਹ ਅਤੇ ਉਦਾਸੀ ਸੰਤਾਂ ਦੇ ਦਸੇ ਮੁਤਾਬਕ ਗੁਰੂ ਗ੍ਰੰਥ ਜੀ ਦੀ ਗੁਰਗੱਦੀ ਦੀ ਰਸਮ ਵੀ ਅਦਾ ਕੀਤੀ ਗਈ ਅਤੇ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ (ਜੋ ਪਹਿਲੋ ਤੋਂ ਲਿਖ ਚੁਕੇ ਸਨ) ਆਪਣੇ ਸ਼ੁਭ ਹਸਤ-ਕਮਲਾਂ ਨਾਲ ਅੰਕਿਤ ਕੀਤੀ ਸੀ, ਜੋ ਹੁਕਮ ਸੁਣਾਇਆ ਤੇ ਕਵੀਆ ਨੇ ਦੋਹਿਰਾ ਰੂਪ ਲਿਖਿਆ ਹੈ, ਉਹ ਉਹਨਾਂ ਦਾ ਹੁਕਮ ਹੀ ਹੈ—ਤੇ ਹਰ ਇਕ ਸਿੱਖ ਕਹਾਉਣ ਵਾਲੇ ਦੇ ਮੰਨਣਯੋਗ ਹੈ।

ਫੇਰ ਉਹ ਲੇਖਕ ਲਿਖਦਾ ਹੈ ਕਿ ਉਹ ਕਿਹੜੀ ਬੀੜ ਸੀ ਤੇ ਹੁਣ ਕਿਥੇ ਹੈ ? ਇਸ ਦੇ ਜਵਾਬ ਵਿਚ ਇਹੋ ਬੇਨਤੀ ਹੈ ਕਿ ਉਹ ਬੀੜ ਬਹੁਤ ਅਰਸਾ ਉਥੇ ਉਦਾਸੀਆਂ ਦੇ ਪ੍ਰਬੰਧ ਵੇਲੇ ਰਹੀ ਫਿਰ ਉਥੋਂ ਚੋਰੀ ਹੋ ਗਈ ਤੇ ਨਹੀਂ ਮਿਲ ਸਕੀ। ਅਗਰ ਉਹ ਮਿਲ ਜਾਂਦੀ ਤਾਂ ਉਹ ਅਸਾਰ-ਕਦੀਮਾਂ ਵਾਂਗੂ ਸਦਾ ਸੰਭਾਲ ਰਖਣ ਵਾਲੀ ਗੁਰੂ ਗ੍ਰੰਥ ਜੀ

ਦੀ ਬੀੜ ਸੀ। ਉਸ ਨੂੰ ਹਰ ਥਾਂ ਸ਼ਹਿਰ ਸ਼ਹਿਰ ਪਿੰਡ ਪਿੰਡ ਵਿਚ ਲਿਜਾ ਕੇ ਇਸ ਦਾ ਦਰਸ਼ਨ ਕਰਾਣਾ ਅਸੰਭਵ ਸੀ। ਐਸੀ ਹਾਲਤ ਵਿਚ ਵੀ ਗੁਰੂ ਬਾਣੀ ਗੁਰੂ ਦੇ ਕਈ ਉਤਾਰੇ ਹੀ ਹੋਣੇ ਸਨ ਤੇ ਉਹਨਾਂ ਦੇ ਹੀ ਦਰਸ਼ਨ ਦੀਦਾਰੇ ਹੋਣੇ ਸਨ—ਜੈਸੇ ਕਿ ਪ੍ਰੈਸ ਵਿਚ ਛਪ ਚੁਕੀਆਂ ਬੀੜਾਂ ਦੇ ਹਰ ਥਾਇਂ ਪ੍ਰਕਾਸ਼ ਹੁੰਦੇ ਹਨ। ਨਿਸਤਾਰਾ ਤਾਂ ਸ਼ਬਦ ਕਮਾਈ ਨਾਲ ਹੋਣਾ ਹੈ। ਜੋ "ਸ਼ਬਦ ਗੁਰੂ" ਗੁਰਬਾਣੀ ਕਾਗਜ਼ਾਂ ਉਤੇ ਅੰਕਿਤ ਹੈ ਤੇ ਉਸੇ ਸ਼ਬਦ (ਗੁਰਬਾਣੀ) ਦੀ ਲਿਖਤ ਹੋਂਦ ਨਾਲ ਹੀ ਬੀੜ ਗੁਰੂ ਹੈ ਪੂਜਨੀਕ ਅਤੇ ਹਰ ਥਾਂ ਸਤਿਕਾਰੀ ਜਾਂਦੀ ਹੈ। ਭਗਤਿ ਰਵਿਦਾਸ ਜੀ ਦਾ ਫੁਰਮਾਣ ਹੈ—

ਤਰ ਤਾਰਿ ਅਪਵਿਤ੍ਰ ਕਰ ਮਾਨੀਐ ਜੈਸੇ ਕਾਗਰਾ ਕਰਤ ਬੀਚਾਰੰ ॥
ਭਗਤਿ ਭਗਉਤ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ ॥
(੧੨੯੩)

ਇਸ ਵਾਸਤੇ ਕਿਸੇ ਨੂੰ ਇਸ ਭਰਮ ਵਿਚ ਨਹੀਂ ਪੈਣਾ ਚਾਹੀਦੇ ਕਿ ਉਹ ਬੀੜ ਨਹੀਂ ਮਿਲਦੀ ਤਾਂ ਖਾਲਸਾ ਪੰਥ ਦਾ ਸਤਿਗੁਰੂ ਹੀ ਗੁੰਮ ਹੋ ਗਿਆ ਹੈ। ਧੰਨ ਗੁਰੂ ਗੋਬਿੰਦ ਸਿੰਘ ਜਿਹਨਾਂ ਨੇ ਖਾਲਸਾ ਪੰਥ ਨੂੰ ਸਦਾ ਲਈ ਜੀਵਤ ਰਹਿਣ ਵਾਲਾ ਦੋ ਸਰੂਪਾਂ ਵਿਚ ਗੁਰੂ ਸਮਝਾਇਆ ਹੈ। ਪੰਜ ਪਿਆਰੇ (ਗੁਰੂ ਖਾਲਸਾ) ਆਪਣੀ ਸਰੀਰਕ ਸੂਰਤ ਵਾਲਾ ਦੇਹਧਾਰੀ, ਅਤੇ ਆਤਮ-ਸਰੂਪ "ਗੁਰ ਸ਼ਬਦ ਸੰਗ੍ਰਹਿ" ਗੁਰੂ ਗ੍ਰੰਥ ਰੂਪ ਜੋ ਗੁਰਗੱਦੀ ਰੂਪੀ ਤਖਤ ਪਰ ਪ੍ਰਕਾਸ਼ਮਾਨ ਹੋਇਆ ਕਰੇਗਾ— ਅਤੇ ਸਿਖ ਸੰਗਤ ਦੀ ਛਾਇਆ ਵਿਚ ਬੈਠੀ ਸ਼ੋਭਨੀਕ ਹੋਇਆ ਕਰੇਗੀ ਤੇ ਹਰ ਥਾਂ ਸੋਭਨੀਕ ਹੋ ਰਹੀ ਹੈ।

ਸਜਣੁ ਸਚਾ ਪਾਤਿਸ਼ਾਹੁ ਸਿਰਿ ਸਾਹਾਂ ਦੈ ਸਾਹੁ ॥
ਜਿਸੁ ਪਾਸ ਬਹਿਠਿਆਂ ਸੋਹੀਐ ਸਭਨਾਂ ਦਾ ਵੇਸਾਹੁ ॥ (੧੪੨੬)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਾਜੇ ਨਿਵਾਜੇ ਖਾਲਸਾ ਪੰਥ ਵਾਸਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਸ ਧਰਮ ਦੇ ਤਖਤ (ਗੁਰਗੱਦੀ) ਉਤੇ ਸਥਾਪਤ ਕਰਨ ਦਾ ਐਸਾ ਮਹਾਨ ਕਾਰਨਾਮਾ ਕੀਤਾ ਹੈ ਜਿਸ ਦੀ ਮਿਸਾਲ ਨਹੀਂ ਮਿਲਦੀ। ਇਸ ਵਾਸਤੇ ਕਿ ਇਸ ਵਿਚਾਲੇ ਦੀ ਬਾਣੀ ਵਿਚ ਅਨੇਕਾਂ ਗੁਣ ਤੇ ਉਪਦੇਸ਼ ਭਰੇ ਪਏ ਹਨ। ਇਹ ਬਾਣੀ ਐਸੀ ਹੈ :

ਤੇਜ ਭਰੀ ਸ਼ਾਂਤ ਭਰੀ ਦੈਵੀ ਗੁਣ ਕ੍ਰਾਂਤ ਭਰੀ,
ਆਛੀ ਬਹੁ ਭਾਂਤ ਭਰੀ ਗਿਆਨ ਕੇ ਸਮਾਜ ਕੀ।
ਓਜ ਭਰੀ ਸਕਤ ਭਰੀ, ਭਾਉ ਭਰੀ ਭਗਤ ਭਰੀ,
ਭਾਰੀ ਉਨਰਕਤ ਭਰੀ ਧੁੱਸਨੀ ਕੁਪਾਜ ਕੀ।
ਈਸ ਗੁਣਾ ਵਾਦ ਭਰੀ, ਅਤਿ ਅਹਿਲਾਦ,
ਅੰਮ੍ਰਿਤ ਸੋਂ ਸਵਾਦ ਭਰੀ ਰਛਿਕ ਹੈ ਲਾਜ ਕੀ।
ਰਾਗ ਭਰੀ, ਜੋਗ ਭਰੀ ਭਾਗ ਭਰੀ ਭੋਗ ਭਰੀ,
ਪੁੰਨ ਮੈ ਪ੍ਰਯੋਗ ਬਾਣੀ ਗ੍ਰੰਥ ਮਹਾਰਾਜ ਕੀ।

ਤਾਂ ਤੇ ਐਸੇ ਸਤਿਗੁਰੂ ਦੀ ਬਰਾਬਰੀ ਦਾ ਇਤਨੇ ਗੁਣ ਰਖਦਾ ਕੋਈ ਦੇਹਧਾਰੀ ਗੁਰੂ ਨਹੀਂ ਹੈ ਤੇ ਲੇਖਕ ਮੋਹਰ ਸਿੰਘ ਜੇਸਿਆਂ ਵਿਦਵਾਨਾਂ ਨੂੰ ਚਾਹੀਦੇ ਕਿ ਉਹ

ਸਾਧਾਰਨ ਬੁਧੀ ਰਖਦੇ ਗੁਰਸਿਖਾਂ ਨੂੰ ਉਲਟ ਪੁਲਟ ਦਲੀਲਾਂ ਤੇ ਉਦਾਹਰਣਾਂ, ਪ੍ਰਮਾਣਾਂ ਨਾਲ ਭਰਮਾਣਾ ਤੇ ਭਟਕਾਣਾ ਫਤ ਲੈਣ। ਜਿਸੇ ਵਿਚ ਉਹਨਾਂ ਦਾ ਆਪਣਾ ਵੀ ਭਲਾ ਹੈ। ਪਰ ਗੁਰੂ ਗ੍ਰੰਥ ਸਾਹਿਬ ਦਾ ਪਵਿਤਰ ਨਾਮ, ਅਧੂਰਾ ਲਿਖਣਾ ਪ੍ਰਚਾਰਨਾ ਉਹਨਾਂ ਦੀ ਸਿਆਣਪ ਨੂੰ ਕਲੰਕਤ ਕਰਦਾ ਹੈ। ਬਾਣੀ ਗੁਰੂ ਹੈ ਅਤੇ ਗੁਰੂ ਗ੍ਰੰਥ ਸਾਹਿਬ ਗੁਰੂ ਬਾਣੀ, ਭਗਤ ਬਾਣੀ ਤੇ ਹੋਰ ਕਈ ਬ੍ਰਹਮ ਗਿਆਨੀਆਂ ਦੀ ਤਪੱਸਿਆ ਅਤੇ ਗਿਆਨ ਵਿਚਾਰ ਦਾ ਭੰਡਾਰ ਹੈ ਸ਼ਬਦ ਰੂਪ ਕਰਤਾਰ ਹੈ!

ਮੇਰੀਆਂ ਇਹਨਾਂ ਦਲੀਲਾਂ ਦਾ ਉਸ ਤੇ ਕੋਈ ਅਸਰ ਸ਼ਾਇਦ ਨਾ ਹੋਵੇ। ਕਿਉਂਕਿ ਉਸ ਦੇ ਮਨ ਵਿਚ ਗੁਰੂ ਗ੍ਰੰਥ ਜੀ ਦੇ ਨਾਮ ਨਾਲ—ਗੁਰੂ ਸ਼ਬਦ ਜੁੜੇ ਤੋਂ ਬਹੁਤ ਨਫਰਤ ਹੈ। ਉਹ ਗੁਰਨਾਮ ਸਿੰਘ, ਗੁਰਦੇਵ ਸਿੰਘ "ਗੁਰੂ ਜਸਵੰਤ ਸਿੰਘ" ਨਾਮ ਨਾਲ ਗੁਰੂ ਸ਼ਬਦ ਬੋਲਣ ਨੂੰ ਤਿਆਰ ਹੈ ਪਰ ਗੁਰੂ ਗ੍ਰੰਥ ਸਾਹਿਬ ਨੂੰ ਉਹ ਗ੍ਰੰਥ ਸਾਹਿਬ ਜਾਂ ਸ੍ਰੀ ਗ੍ਰੰਥ ਸਾਹਿਬ ਹੀ ਲਿਖਦਾ ਹੈ।

ਉਹ ਹੋਰ ਅਗੇ ਲਿਖਦਾ ਜਾਂਦਾ ਅਤੇ ਬਹੁਤ ਤਰ੍ਹਾਂ ਦੀਆਂ ਪੇਚੀਦਾ ਦਲੀਲਾਂ ਦੇ ਕੇ ਇਹੋ ਸਾਬਤ ਕਰਨਾ ਚਾਹੁੰਦਾ ਕਿ ਨਾਂਦੇੜ ਦਖਣ ਵਿਚ ਗੁਰੂ ਜੀ ਪਾਸ ਕੋਈ ਬੀੜ ਹੈ ਹੀ ਨਹੀਂ ਸੀ ਤੇ ਗੁਰਿਆਈ ਕਿਸ ਨੂੰ ਦਿਤੀ ਗਈ? ਜੋ ਪਾਠਕਾਂ ਪ੍ਰਤੀ ਅਸੀਂ ਸ਼ੁਰੂ ਵਿਚ ਦਸਿਆ ਸੀ ਕਿ ੩੩੦ ਸਫ਼ੇ ਦੀ ਇਸ ਪੁਸਤਕ ਦੇ ਲਿਖਣ ਵਿਚ ਉਸ ਨੇ ਇਹੋ ਸਿਧ ਕਰਨ ਦੀ ਕੋਸ਼ਿਸ਼ ਕੀਤੀ ਕਿ ਗੁਰ ਗ੍ਰੰਥ ਸਾਹਿਬ (ਸ਼ਬਦ ਸਰੂਪ) ਸਿੱਖ ਪੰਥ ਦਾ ਗੁਰੂ ਨਹੀਂ ਹੈ ਬਲਕਿ ਸਿੱਖਾਂ ਵਿਚ ਪ੍ਰਸਿੱਧ ਗੁਰੂ ਘਰ ਦੀ ਚਾਲੂ ਗੱਦੀ ਦਾ ਵਾਰਸ ਕੇਵਲ ਸਮੇਂ ਦਾ ਦੇਹਧਾਰੀ (ਨਾਮਧਾਰੀ) ਗੁਰੂ ਹੈ। ਇਸ ਤੋਂ ਵਖਰੇ ਗੁਰੂ ਗ੍ਰੰਥ ਜੀ ਨੂੰ ਗੁਰੂ ਮੰਨਣ ਵਾਲੇ ਨਿਗੁਰੇ ਅਤੇ ਮਨਮੁਖ ਜਾਂ ਬੇਮੁਖ ਹਨ।

ਇਸ ਆਪਣੀ ਮਨੌਤ ਨੂੰ ਸਿੱਧ ਕਰਨ ਵਾਸਤੇ ਪਹਿਲੇ ਉਹ ਗੁਰੂ ਗੋਬਿੰਦ ਸਿੰਘ ਜੀ ਦਾ ਨਾਂਦੇੜ ਤੋਂ ਚੁਪ ਕੇ (ਚੋਰੀ ਚੋਰੀ) ਨਿਕਲ ਜਾਣਾ ਦਸਦਾ ਹੈ। ਫਿਰ ਉਥੇ ਗੁਰੂ ਗ੍ਰੰਥ ਸਾਹਿਬ ਦੀ ਹੋਂਦ ਨੂੰ ਮਨਘੜਤ ਦਸ ਕੇ ਗੁਰਗੱਦੀ ਦਿਤੇ ਦੀ ਬੁਨਿਆਦ ਹੀ ਹਿਲਾਉਣਾ ਚਾਹੁੰਦਾ। ਉਹ ਇਸ ਗੱਲ ਵਿਚ ਆਪਣੀਆਂ ਬੇਸ਼ੁਮਾਰ ਹੁਜਤਾਂ ਭਰੀਆਂ ਦਲੀਲਾਂ ਚਿਤਰਦਾ ਤੇ ਖੁਸ਼ ਹੋ ਰਿਹਾ—ਕਿ ਕਿਸੇ ਸਿੱਖ ਵਿਦਵਾਨ ਨੇ ਉਸਨੂੰ ਤਸੱਲੀਬਖਸ਼ ਜਵਾਬ ਨਹੀਂ ਦਿਤਾ, ਤੇ ਉਹ ਬੜੇ ਹੌਸਲੇ ਨਾਲ ਗੁਰੂ ਗੋਬਿੰਦ ਸਿੰਘ ਦਾ (ਜੋ ਸੰਮਤ ੧੭੬੫ ਵਿਚ ਜੋਤੀ ਜੋਤ ਸਮਾਏ ਸੀ) ਮੁੜ ੧੦੪ ਸਾਲਾਂ ਬਾਅਦ ਸੰਮਤ ੧੮੬੯ ਵਿਚ ਪ੍ਰੇਮੀ ਗੁਰ ਸਿਖ ਬਾਬਾ ਬਾਲਕ ਸਿੰਘ ਨਾਲ ਮੇਲ ਕਰਾਕੇ ਗੁਰੂ ਜੀ ਪਾਸੋਂ ੧੧ਵੀਂ ਥਾਂ ਦੀ ਗੱਦੀ ਦਿਲਾਂਦਾ ਅਤੇ ੧੨ਵੀਂ ਥਾਂ ਬਾਬਾ ਰਾਮ ਸਿੰਘ ਹੋ ਕੇ ਗੁਰੂ ਜੀ ਨੂੰ ਉਹ ਮੁੜ ਸਰੀਰਧਾਰੀ ਰੂਪ ਵਿਚ ਪ੍ਰਗਟਾਂਦਾ ਸਮਝਾਂਦਾ ਹੈ: ਕਲਮ ਉਹਦੇ ਹੱਥ ਸੀ ਜਿਵੇਂ ਚਾਹਿਆ ਦਰਸਾਂਦਾ ਗਿਆ ਹੈ।

ਪਾਠਕਾਂ ਨੇ ਪਿਛੇ ਪੜ੍ਹਿਆ ਹੈ ਕਿ ਉਸ ਦੇ ਸਾਰੇ ਪਿਛੇ ਕੀਤੇ ਪ੍ਰਸ਼ਨਾਂ ਦਾ ਤੇ ਦਲੀਲਾਂ ਦਾ ਉਤਰ ਵੀ ਕਰੀਬਨ ਕਈ ਥਾਈਂ ਇਕੋ ਜਿਹਾ ਦਿਤਾ ਹੈ। ਇਸ ਵਾਸਤੇ ਕਿ ਪਾਠਕਾਂ ਨੂੰ ਝੁੰਜਲਾਣ ਤੇ ਭਰਮਾਣ ਦਾ ਉਸ ਨੇ ਵੀ ਪੂਰਾ ਜਤਨ ਕੀਤਾ ਹੈ। ਉਕਤ ੪-੫ ਸਿਰਲੇਖਾਂ ਹੇਠ ਵੀ ਉਸ ਦਾ ਵਤੀਰਾ ਇਕੋ ਜਿਹਾ ਰਿਹਾ ਹੈ ਕਿ ਨਵੇਂ ਤੋਂ ਨਵੇਂ

ਪ੍ਰਸ਼ਨ ਵਿਚ ਉਹ ਗੁਰੂ ਗ੍ਰੰਥ ਸਾਹਿਬ ਨੂੰ ਸ੍ਰੀ ਗ੍ਰੰਥ ਸਾਹਿਬ ਲਿਖਦਾ ਤੇ ਸ਼ਬਦਾਂ ਦੀ ਥੋੜ੍ਹੀ ਅਦਲਾ ਬਦਲੀ ਨਾਲ "ਗੁਰੂ ਗ੍ਰੰਥ ਸਾਹਿਬ" ਦੀ ਗੁਰਿਆਈ ਨੂੰ ਸ਼ੱਕੀ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ।

ਪ੍ਰਸ਼ਨ—੪. ਸ੍ਰੀ ਗ੍ਰੰਥ ਸਾਹਿਬ ਦੀ ਉਹ ਕਿਹੜੀ ਬੀੜ ਸੀ ਜਿਸ ਨੂੰ ਗੁਰਿਆਈ ਦਿਤੀ ਗਈ ਸੀ ?

ਇਸ ਤਰ੍ਹਾਂ ਦੇ ਪ੍ਰਸ਼ਨ ਉਸ ਦੇ ਪਿਛੇ ਵੀ ਦਸੇ ਹਨ ਤੇ ਜਵਾਬ ਵੀ ਦਿਤੇ ਹਨ ਕਿ ਉਹ ਕਿਹੜੀ ਬੀੜ ਸੀ, ਪਰ ਮੇਹਰ ਸਿੰਘ ਦੁਬਾਰਾ ਪ੍ਰਸ਼ਨ ਕਰਦਾ ਤੇ ਪਾਠਕਾਂ ਨੂੰ ਪ੍ਰੇਰਦਾ ਕਿ ਉਸ ਦੀ ਲਿਖਤ ਨੂੰ ਪੜ੍ਹਨ। ਉਹ ਸੰਬੋਧਨ ਕਰਦਾ ਲਿਖਦਾ ਹੈ—

ਪਾਠਕ ਵਿਚਾਰ ਸਕਦੇ ਹਨ ਕਿ ਸ੍ਰੀ ਗ੍ਰੰਥ ਸਾਹਿਬ ਨੂੰ ਗੁਰੂ ਸਿੱਧ ਕਰਨ ਵਾਲੇ ਸਜਣ ਕਿਵੇਂ ਭੰਬਲ ਭੂਸਿਆਂ ਵਿਚ ਪਏ ਹਨ। ਕਿਤਨੇ ਵਡੇ ਵਡੇ ਵਿਦਵਾਨ ਕਿਸ ਤਰ੍ਹਾਂ ਦੀਆਂ ਦਲੀਲਾਂ ਦਿੰਦੇ ਹਨ।

ਗੁਰਿਆਈ ਅਰਪਨ ਵਿਚ ਕਿਸੇ ਪ੍ਰਕਾਰ ਦੀ ਕੋਈ ਦਿੱਕਤ ਹੋਣ ਦਾ ਕੋਈ ਪ੍ਰਸ਼ਨ ਹੀ ਨਹੀਂ ਉਠਦਾ। ਜਦੋਂ ਕਿ ਸ੍ਰੀ ਗੁਰੂ ਨਾਨਕ ਦੇਵ ਨੂੰ ਕਿਸੇ ਵੀ ਗੁਰਿਆਈ ਨਹੀਂ ਸੀ ਦਿਤੀ ਤਾਂ ਵੀ ਉਹ ਗੁਰਤੱਵ ਹੋਣ ਕਰਕੇ ਜਗਤ ਗੁਰੂ ਪ੍ਰਸਿੱਧ ਹੋਇ ਹਨ।

ਹੁਣ ਪਾਠਕਾਂ ਨੇ ਉਕਤ ਲੇਖਕ ਦੀ ਲਿਖਤ ਨੂੰ ਸਮਝਣਾ ਹੈ ਕਿ ਸਵਾਲ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਬਾਬਤ ਜਾਰੀ ਹੈ ਤੇ ਗੁਰੂ ਨਾਨਕ ਸਾਹਿਬ ਨੂੰ ਗੁਰੂ ਰਹਿਤ ਦਸਦਾ ਪਿਆ ਹੈ, ਗੁਰੂ ਨਾਨਕ ਸਾਹਿਬ ਤਾਂ ਆਪਣੇ ਗੁਰੂ ਦੀ ਹੋਂਦ ਦਾ ਪਤਾ ਸਿੱਧਾਂ ਨੂੰ ਦੇ ਚੁਕੇ ਸਨ। ਫੇਰ ਉਹਨਾਂ ਮਾਝ ਰਾਗ ਦੇ ਅਖੀਰ ਵਿਚ ਖੋਹਲ ਕੇ ਦਸਿਆ ਕਿ ਮੈਂ ਢਾਡੀ ਨੂੰ ਅਕਾਲ ਪੁਰਖ ਨੇ ਸਚੇ ਮਹਲ ਬੁਲਾਗਿਆ ਤੇ ਨਾਮ ਅੰਮ੍ਰਿਤ ਰੂਪੀ ਭੋਜਨ ਉਸ ਤੋਂ ਪ੍ਰਾਪਤ ਕੀਤਾ ਹੈ। ਇਹੋ ਜ਼ਿਕਰ ਉਹਨਾਂ ਗੁਰੂ ਅੰਗਦ ਸਾਹਿਬ ਨੂੰ ਗੁਰਗੱਦੀ ਦੇਣ ਸਮੇਂ ਹੋਰ ਖੋਹਲ ਕੇ ਦਸਿਆ ਸੀ ਕਿ ਸਾਨੂੰ ਵਰਣ ਦੇਵਤਾ ਸਚਖੰਡ ਨਿਰੰਕਾਰ ਦੀ ਹਜ਼ੂਰੀ ਵਿਚ ਲੈ ਗਿਆ ਤੇ ਅਕਾਲ ਪੁਰਖ ਨੇ ਇਹਨਾ ਨੂੰ ਮੂਲ ਮੰਤਰ ਉਪਦੇਸ਼ ਦੀ ਦਾਤ ਨਾਲ ਗੁਰੂ ਥਾਪ ਕੇ ਭੇਜਿਆ ਹੈ ਕਿ ਗੁਰੂ ਰੂਪ ਵਿਚ ਲੋਕਾਂ ਨੂੰ ਇਸ ਮੰਤਰ ਦਾ ਜਾਪ ਜਪਾਵਾਂ। ਤਾਂ ਇਸ ਤੋਂ ਵਧ ਕੇ ਹੋਰ ਕੀ ਸਬੂਤ ਹੋ ਸਕਦਾ ਹੈ ਕਿ ਉਹਨਾਂ ਨੂੰ ਗੁਰੂ ਸ੍ਰੀ ਅਕਾਲ ਪੁਰਖ ਵਲੋਂ ਥਾਪ ਕੇ ਭੇਜਿਆ ਸੀ। ਭਾਵੇਂ ਉਹ ਜਨਮ ਤੋਂ ਪਰੀਪੂਰਨ ਸਮਰਥ ਸਨ ਤੇ ਪੰਡਤਾਂ ਪਾਂਧਿਆਂ ਨਾਲ ਵਿਚਾਰ ਵਟਾਂਦਰੇ ਕਰਦੇ ਰਹੇ, ਪਰ ਇਥੇ ਉਹ ਸੁਲਤਾਨਪੁਰ ਵਿਚ ਨਵਾਬ ਦੌਲਤ ਖਾਨ ਦੇ ਮੋਦੀ ਸਮਝੇ ਜਾਂਦੇ ਸਨ ਤੇ ਹੁਣ ਉਹ ਗੁਰਤਾ ਪਦਵੀ ਪਾ ਕੇ ਪ੍ਰਗਟਾਏ ਸਨ।

ਫਿਰ ਜਿਸ ਥਾਂ ਤੋਂ ਇਸ਼ਨਾਨ ਕਰਦੇ ਉਹਨਾਂ ਨੂੰ ਵਰਣ ਦੇਵਤਾ ਸ੍ਰੀ ਅਕਾਲ ਪੁਰਖ ਪਾਸ ਲੈ ਗਿਆ ਸੀ ਤੇ ਤਿੰਨ ਦਿਨਾਂ ਮਗਰੋਂ ਪ੍ਰਗਟੇ ਸਨ, ਸੁਲਤਾਨਪੁਰ ਵਿਚ ਯਾਦਗਾਰੀ ਬਹੁਤ ਭਾਰੀ ਹੁਣ ਗੁਰਦਵਾਰਾ ਹੈ। ਇਹ ਪੰਜ ਸੌ ਸਾਲਾ ਪ੍ਰਸਿਧ ਸਾਖੀ ਹੈ ਨਾਵਲ ਨਹੀਂ ਹੈ। ਉਹ ਸ੍ਰੀ ਨਾਨਕ ਰੂਪ ਵਿਚ ਸ੍ਰੀ ਅਕਾਲ ਪੁਰਖ ਦੀ ਹਜ਼ੂਰੀ ਵਿਚ

ਹਾਜ਼ਰ ਹੋਏ ਸੀ ਤੇ ਨਾਮ ਅੰਮ੍ਰਿਤ ਦੀ ਬਖਸ਼ਿਸ਼ ਸਹਿਤ ਜਗਤ ਗੁਰੂ ਬਣਾ ਕੇ ਭੇਜੇ ਗਏ ਸੀ ਤਦੋਂ ਉਹ ਸਾਰੇ ਜਗਤ ਵਿਚ ਪ੍ਰਚਾਰ ਨੂੰ ਗਏ।

ਇਥੋਂ ਅਸੀਂ ਉਕਤ ਲੇਖਕ ਤੋਂ ਇਹ ਵੀ ਪੁਛਣਾ ਹੈ ਕਿ ਗੁਰੂ ਨਾਨਕ ਦੇਵ ਨੂੰ ਗੁਰਗੱਦੀ ਦੇਣ ਵਾਲਾ ਅਗਰ ਕੋਈ ਗੁਰੂ ਨਹੀਂ ਸੀ ਤਾਂ ਉਹਨਾਂ ਨੇ ਗੁਰੂ ਸ਼ਬਦ ਦੀ ਮਹਾਨਤਾ ਵਾਲੇ ਕਿਸ ਗੁਰੂ ਪ੍ਰਥਾਏ ਸ਼ਬਦ ਉਚਾਰੇ ਸ਼ਨ ? ਨਮੂਨਾ ਮਾਤਰ ਇਹ ਹੈ : ਜੋ ਆਪਣੇ ਪ੍ਰਥਾਏ ਵਰਤ ਰਹੀ ਅਵਸਥਾ ਨੂੰ ਦਸਿਆ ਨੇ (ਸੂਹੀ ਮ: ੧—੭੨੬)

ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ ॥
ਗੁਰਬਚਨੀ ਫਲ ਪਇਆ ਸਹਿਕੇ ਅੰਮ੍ਰਿਤ ਬੋਲਾ ॥

ਫੇਰ ਹੋਰ—ਤਿਨਾ ਮਿਲਿਆ ਗੁਰ ਆਨਿ ਜਿਨ ਕਉ ਲੀਖਿਆ ॥
ਅੰਮ੍ਰਿਤ ਹਰਿ ਕਾ ਨਾਮ ਦੇਵੈ ਦੀਖਿਆ ॥ (੭੨੯)

ਹੋਰ ਵਾਕ—ਸਤਿਗੁਰ ਭੇਟੇ ਤਾ ਸਹਿਸਾ ਤੂਕੇ ਧਾਵਤ ਵਰਜ਼ ਰਹਾਈਐ ॥
ਨਿਝੱਰ ਝਰੈ ਸਹਿਜ ਧੁਨਿ ਉਪਜੈ ਘਰ ਹੀ ਪਰਚਾ ਪਾਈਐ ॥ (੭੩੦)

ਐਸੇ ਹੋਰ ਕਈ ਵਾਕ ਹਨ ਜਿਹਨਾਂ ਤੋਂ ਗੁਰੂ ਨਾਨਕ ਦੇਵ ਦਾ ਆਪਣੇ ਗੁਰੂ ਅਕਾਲ ਪੁਰਖ ਵਲ ਇਸ਼ਾਰਾ ਹੈ :

> ਫੇਰ ਲਿਖਦਾ—ਪਰ ਇਥੇ ਪ੍ਰਸ਼ਨ ਇਹ ਹੈ ਕਿ ਕਿਸੇ ਇਕ ਗਲ ਤੇ ਦ੍ਰਿੜ ਹੋਣਾ ਪਏਗਾ। ਜੇ ਵਾਕ ਦਵਾਰਾ ਗੁਰਗੱਦੀ ਸ੍ਰੀ ਗ੍ਰੰਥ ਸਾਹਿਬ ਨੂੰ ਦਿਤੀ ਗਈ ਸੀ ਤਾਂ ਫਿਰ ਤਿਲਕ ਲਾਣਾ ਜਾਂ ਪੰਜ ਪੈਸੇ ਤੇ ਨਾਰੀਅਲ ਮਥਾ ਟੇਕਣਾ ਆਦਿਕ ਦਲੀਲਾਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ—ਅਤੇ ਜੇ ਪੰਜ ਪੈਸੇ ਤੇ ਨਾਰੀਅਲ ਲੈ ਕੇ ਪ੍ਰਦਖਨਾ ਕੀਤੀਆਂ ਸਨ ਤੇ ਮਥਾ ਟੇਕ ਕੇ ਗੁਰਗੱਦੀ ਦਿਤੀ ਸੀ ਤਾਂ ਦਸਣਾ ਪਏਗਾ ਕਿ ਉਹ ਕਿਹੜੀ ਬੀੜ ਸੀ ? ਕਿਸ ਤਰ੍ਹਾਂ ਨਾਂਦੇੜ ਪਹੁੰਚੀ ਸੀ। ਫਿਰ ਉਹ ਕਿਥੇ ਗਈ ? ਜਿਸ ਨੂੰ ਜੁਗੋ ਜੁਗ ਅਟੱਲ ਕਰਨਾ ਚਾਹੁੰਦੇ ਹਨ—ਪਰ ਸਿਖ ਇਤਿਹਾਸ ਇਸ ਬਾਰੇ ਮੋਨ ਹੈ।

ਉਹ ਸੰਤ ਮੋਹਰ ਸਿੰਘ ਅਗੇ ਹੋਰ ਵੀ ਬਹੁਤ ਕੁਝ ਲਿਖਦਾ ਹੈ ਕਿ ਜੀਵਨ ਕਥਾ ਗੁਰੂ ਗੋਬਿੰਦ ਸਿੰਘ ਵਿਚ ਪ੍ਰੋਫੈਸਰ ਕਰਤਾਰ ਸਿੰਘ ਸਫਾ ੩੭੮ ਪਰ ਦਸਦਾ ਕਿ ਦਮਦਮੇ ਸਾਹਿਬ ਦੀ ਬੀੜ ਜਿਸ ਨੂੰ ਅੰਤਰ ਧਿਆਨ ਬੈਠ ਕੇ ਲਿਖਵਾਇਆ ਸੀ ਪਰ ਉਸ ਬੀੜ ਨੂੰ ਉਹ ਸ੍ਰੀ ਅੰਮ੍ਰਿਤਸਰ ਹਰੀਮੰਦਰ ਅੰਦਰ ਸਥਾਪਤ ਕੀਤੀ ਦਸਦਾ ਤੇ ਫੇਰ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਵੇਲੇ ਹਰੀਮੰਦਰ ਦੀ ਉਸ ਬੀੜ ਨੂੰ ਵੀ ਲੁਟ ਲੈ ਗਏ ਜਾਂ ਸਾੜ ਦਿਤੀ ਜਿਸ ਤੇ ਨਹੀਂ ਮਿਲ ਰਹੀ, ਲਿਖਦਾ ਹੈ।

ਪ੍ਰੋਫੈਸਰ ਕਰਤਾਰ ਸਿੰਘ ਦੀ ਇਸ ਲਿਖਤ ਨੇ ਉਸਦਾ ਹੋਰ ਹੌਂਸਲਾ ਵਧਾਇਆ ਜੋ ਕਿ ਠੀਕ ਜਵਾਬ ਵੀ ਨਹੀਂ ਸੀ। ਫਿਰ ਮੋਹਰ ਸਿੰਘ ਕੇਸਰ ਸਿੰਘ ਛਿਬਰ ਦੀ ਲਿਖਤ (ਬੰਸਾਵਲੀ ਨਾਮਾ ਵਿਚੋਂ) ਪੇਸ਼ ਕਰਦਾ ਜੋ ਡਾਕਟਰ ਰਤਨ ਸਿੰਘ ਜੱਗੀ (ਪੰਜਾਬੀ ਯੂਨੀਵਰਸਿਟੀ) ਨੇ ਸੰਪਾਦਤ ਕੀਤੀ ਸੀ ਉਸ ਦੀ ਭੂਮਿਕਾ ਦੇ ਸਫਾ (ਘ) ਦਾ ਹਵਾਲਾ ਦਿੰਦਾ ਲਿਖਦਾ ਕਿ ਸੰਮਤ ੧੭੫੩ ਵਿਚ ਧੀਰਮਲ ਪਾਸੋਂ ਗੁਰੂ ਜੀ ਨੇ

ਗ੍ਰੰਥ ਮੰਗਵਾਉਣ ਦਾ ਯਤਨ ਕੀਤਾ ਤੇ ਉਸ ਦੇ ਇਨਕਾਰ ਪਰ ਗੁਰੂ ਜੀ ਨੇ ਹੋਰ ਉਤਾਰਾ ਮੰਗਵਾ ਕੇ ਆਪਣੀ ਰਸਨਾ ਦਵਾਰਾ ਉਚਾਰ ਕੇ ਬੀੜ ਤਿਆਰ ਕਰਾਈ। ਪਰ ਛਿਬਰ ਦੀ ਲਿਖਤ ਇਸ ਤਰ੍ਹਾਂ ਦੀ ਹੈ :

ਤਬ ਤੇ ਸੰਮਤ ਸਤਾਰਾਂ ਸੈ ਤ੍ਰਿਵੰਜਾ ਆਵਤ ਭਏ ॥
ਅਤੇ ਆਦਿ ਗ੍ਰੰਥ ਧੀਰਮਲ ਪਾਸੋਂ ਮੰਗ ਭਿਜਵਾਇਆ ॥
ਤਿਨ ਦਿਤਾ ਜਵਾਬ ਗ੍ਰੰਥ ਨ ਪਠਾਇਆ ॥
ਕਹਿ ਭੇਜਿਆ ਤੂੰ ਗੁਰੂ ਬਣਿਆ ਹੈ ਹੋਰ ਲੈ ਬਣਾਇ ॥
ਅਸਾਂ ਨੂੰ ਦਿਤਾ ਦਾਦੇ ਤੈਨੂੰ ਕੀ ਕੂੰ ਦਿਆ ਉਠਾਇ ॥
ਸਾਹਿਬ ਗ੍ਰੰਥ ਜੀ ਦਾ ਉਤਾਰਾ ਹੋਰ ਕਰਾਇ ਮੰਗਾਇਆ ॥
ਅਤੇ ਨਾਲ ਆਪ ਰਸਨਾ ਥੀਂ ਹੋਰ ਉਚਰ ਬਣਾਇਆ ॥
ਧੀਰਮਲ ਭੀ ਸੀ ਭਰਾਉ ਤਾਏ ਦਾ ਪੁਤਰ ॥
ਸੋ ਤਿਸ ਨਾਲਿ ਨਹੀਂ ਸੀ ਲੜਨਾ ਉਨਾਂ ਦਿਤਾ ਉਤਰ ॥

ਉਕਤ ਲਿਖਤ ਨੂੰ ਮੇਹਰ ਸਿੰਘ ਨੇ ਆਪਣੇ ਮਤਲਬ ਜਿਤਨਾ ਲਿਖਿਆ ਕਿ ਗੁਰੂ ਜੀ ਨੇ ਉਤਾਰਾ ਹੋਰ ਕਿਤੋਂ ਮੰਗਵਾਇ ਕੇ ਆਪਣੀ ਰਸਨਾ ਦਵਾਰੇ ਉਚਾਰ ਕੇ ਬੀੜ ਤਿਆਰ ਕਰਾਈ ਭਾਵ ਹੋਰ ਉਤਾਰਾ ਹੈਗਾ ਸੀ, ਜੋ ਗੁਰੂ ਜੀ ਨੇ ਮੰਗਵਾਇਕੇ ਉਸ ਨੂੰ ਆਪਣੀ ਰਸਨਾ ਦਵਾਰੇ ਉਚਾਰ ਕੇ ਬੀੜ ਤਿਆਰ ਕਰਾਈ। ਜਿਸ ਤੋਂ ਉਹ ਸਾਬਤ ਕਰਨਾ ਚਾਹੁੰਦਾ ਕਿ ਗੁਰੂ ਜੀ ਨੇ ਖੁਦ ਜ਼ਬਾਨੀ (ਦਮਦਮੇ ਸਾਹਿਬ ਥਾਂ) ਬੀੜ ਤਿਆਰ ਨਹੀਂ ਕਰਾਈ, ਬਲਕਿ ਸ੍ਰੀ ਅਨੰਦਪੁਰ ਹੁੰਦਿਆਂ ਹੀ ਧੀਰਮਲ ਦੇ ਇਨਕਾਰ ਕਰਨ ਪਰ ਹੋਰ ਉਤਾਰਾ ਮੰਗਵਾਇਕੇ ਉਸ ਨੂੰ ਰਸਨਾ ਰਾਹੀਂ ਉਚਾਰ ਕੇ ਬੀੜ ਲਿਖਾਈ ਨੇ।

ਇਥੇ ਪਾਠਕਾਂ ਨੂੰ ਪਹਿਲੇ ਇਹ ਦਸਣਾ ਜ਼ਰੂਰੀ ਹੈ ਕਿ ਸੋਢੀ ਧੀਰਮਲ ਤਾਂ ਕੇਸਰ ਸਿੰਘ ਛਿਬਰ ਦੀ ਲਿਖਤ ਸੰਮਤ ੧੭੫੩ ਤੋਂ ੧੯ ਸਾਲ ਪਹਿਲੇ ਹੀ ਸੰਮਤ ੧੭੩੪ (ਸੰਨ ੧੬੭੭ ਵਿਚ ਚਲਾਣਾ ਕਰ ਚੁਕਾ ਸੀ। ਜਿਸ ਤੇ ਉਸ ਦੀ ਉਕਤ ਲਿਖਤ ਕੁਝ ਸਚੀ ਅਤੇ ਕੁਝ ਸੁਣੀ ਸੁਣਾਈ ਪਿਛੋਂ ਗਲਤ ਲਿਖੀ ਗਈ ਹੈ। ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਸੇ ਸੰਮਤ ੧੭੫੩ ਦੀ ਲਿਖਤ ਤੋਂ ਹੋਰ ੧੦ ਸਾਲ ਬਾਅਦ ਸੰਮਤ ੧੭੬੩ (ਸੰਨ ੧੭੦੬) ਵਿਚ ਸ੍ਰੀ ਦਮਦਮੇ ਸਾਹਿਬ ਆਏ ਤੇ ਕਰੀਬਨ ੯ ਮਹੀਨੇ ਤੇ ਹੋਰ ਥੋਹੜੇ ਦਿਨ ਇਥੇ ਰਹੇ ਸਨ, ਫਿਰ ਇਥੋਂ ਹੀ ਕੁਝ ਸਿੰਘਾਂ ਨੂੰ ਬੀੜ ਲਿਆਉਣ ਵਾਸਤੇ ਸ੍ਰੀ ਕਰਤਾਰਪੁਰ (ਧੀਰਮਲ ਦੇ ਪੋਤਰਿਆਂ ਪਾਸ) ਭੇਜਿਆ ਸੀ, ਤੇ ਉਹਨਾਂ ਨੇ ਇਨਕਾਰ ਕੀਤਾ ਸੀ।

ਨੋਟ :—ਧੀਰ ਮਲ ਤੋਂ ਬਾਅਦ ਉਸ ਦੇ ਪੋਤਰਿਆਂ ਨੇ ਇਨਕਾਰ ਕੀਤਾ ਸੀ ਤਦੇ ਛਿਬਰ ਜੀ ਨੇ ਐਸਾ ਲਿਖਿਆ—

ਕਹਿ ਭੇਜਿਆ ਤੂੰ ਗੁਰੂ ਬਣਿਆ ਹੈ ਹੋਰ ਲੈ ਬਣਾਏ ॥
ਅਸਾਂ ਨੂੰ ਦਿਤਾ ਹੈ ਦਾਦੇ ਤੈਨੂੰ ਕੀਕੂੰ ਦਿਆਂ ਉਠਾਏ ॥

ਹੁਣ ਪਾਠਕਾਂ ਦੇ ਸਮਝਣ ਵਾਸਤੇ ਇਥੇ ਹੀ ਇਹ ਦਸਣਾ ਵੀ ਜ਼ਰੂਰੀ ਹੈ ਕਿ

ਸ਼ਬਦ ਬਾਣੀ ਜਾਂ ਕਾਵਿ ਰਚਨਾ ਨੂੰ ਕਵੀ ਲੋਕ ਬਹੁਤ ਸੰਕੋਚ ਨਾਲ ਲਿਖਦੇ, ਤੇ ਕਥਾ ਵਾਚਕ ਉਹਨਾ ਸੰਕੋਚਵੇਂ ਸ਼ਬਦਾਂ ਦੀ ਕਥਾ ਕਰਨ ਵੇਲੇ ਵਿਸਥਾਰ ਨਾਲ ਵਿਆਖਿਆ ਕਰਦੇ ਹਨ। ਇਥੇ ਛਿਬਰ ਜੀ ਦੀ ਸੰਕੋਚਵੀਂ ਲਿਖਤ ਦਾ ਭਾਵ ਇਹ ਹੈ ਕਿ ਸੰਮਤ ੧੭੫੩ ਵਿਚ ਸੁਖ ਸ਼ਾਂਤ ਨਾਲ ਵਸਦੇ ਹੋਇਆਂ ਗੁਰੂ ਜੀ ਨੂੰ ਉਸ ਬੀੜ ਦਾ ਉਤਾਰਾ ਕਰਨ ਦਾ ਖਿਆਲ ਆਇਆ ਹੋਣਾ ਪਰ ਉਥੇ ਤੋਂ ਇਨਕਾਰ ਹੋਏ ਮਗਰੋਂ (ਹੋ ਸਕਦਾ ਹੈ ਭਾਈ ਬੰਨੋ ਜੀ ਵਾਲੀ ਬੀੜ ਮੰਗਵਾ ਕੇ) ਸ੍ਰੀ ਅਨੰਦਪੁਰ ਸਾਹਿਬ ਵਿਚ ਉਤਾਰਾ ਕਰਾਇਆ ਹੋਵੇ ਜਿਸ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਵੀ ਚੜ੍ਹਾ ਕੇ ਮੁਕੰਮਲ ਕਰਾਈ ਹੋਵੇ।

ਹੁਣ ਉਹ ਸਮਾਂ ਤਾਂ ਬੀਤ ਗਿਆ ਸੀ ਸ੍ਰੀ ਅਨੰਦਪੁਰ ਉਜਾੜੇ ਵੇਲੇ ਜੋ ਕੋਈ ਬੀੜ ਨਾਲ ਲਿਆਂਦੀ ਸੀ ਤਦ ਉਹ ਵੀ ਸਰਸਾ ਦੀ ਭੇਟ ਹੋ ਗਈ ਹੋਣੀ। ਫਿਰ ਖਿਦਰਾਣੇ ਦੀ ਢਾਬ (ਮੁਕਤਸਰ) ਦੀ ਜੰਗ ਮਗਰੋਂ ਜਦੋਂ ਗੁਰੂ ਜੀ ਸਾਬੋ ਕੀ ਤਲਵੰਡੀ ਪਹੁੰਚੇ ਸਨ। ਦਿਲੀ ਤੋਂ ਦੋਵੇਂ ਧਰਮ ਪਤਨੀਆਂ ਵੀ ਮੰਗਵਾ ਲਈਆਂ ਸਨ ਤੇ ਹੋਰ ਵੀ ਜਿਥੇ ਕਿਥੇ ਦੂਰ ਵਸਦੇ ਸਿਖਾਂ ਨੇ ਸੁਣਿਆ ਸੀ ਵਹੀਰਾਂ ਪਾ ਕੇ ਆਉਂਦੇ ਅਤੇ ਵੈਰਾਗ ਭਰੇ ਅਥਰੂ ਵਹਾਂਦੇ ਸਨ ਤਾਂ ਇਹਨਾਂ ਦੇ ਵੈਰਾਗ ਦੇ ਦੂਰ ਕਰਨ ਵਾਸਤੇ ਅਤੇ ਸ਼ਹੀਦ ਰੂਹਾਂ ਦੀ ਆਤਮਕ ਸ਼ਾਂਤੀ ਲਈ ਦੁਬਾਰਾ ਉਸ ਬੀੜ ਦੀ ਲੋੜ ਜਾਪੀ ਤਾਂਕਿ ਪਾਠ ਦੀਦਾਰ ਅਤੇ ਸ਼ਬਦ ਵਿਚਾਰ ਨਾਲ ਸਾਰਿਆਂ ਨੂੰ ਧੀਰਜ ਦਿਤਾ ਜਾਏ।

ਇਹ ਜਿਕਰ ਪਿਛੇ ਵੀ ਅਸੀਂ ਥੋੜ੍ਹੇ ਵਿਸਥਾਰ ਨਾਲ ਕੀਤਾ ਹੈ ਤੇ ਇਥੇ (ਕੇਸਰ ਸਿੰਘ ਛਿਬਰ ਦੀ) ਲਿਖਤ ਤਾਈਂ ਪੂਰਾ ਸਮਝਣਾ ਹੈ ਕਿ ਅਨੰਦਪੁਰ ਵਾਲੀ ਬੀੜ ਜਾਂ ਹੋਰ ਨੇੜੇ ਤੇੜੇ ਕਿਸੇ ਪਾਸ ਐਸੀ ਬੀੜ ਨਹੀਂ ਸੀ ਤੇ ਗੁਰੂ ਜੀ ਨੇ ਕੁਝ ਸਿੰਘਾਂ ਨੂੰ ਉਚੇਚੇ ਬੀੜ ਲਿਆਉਣ ਨੂੰ (ਜਲੰਧਰ ਦੇ ਨੇੜੇ) ਸ੍ਰੀ ਕਰਤਾਰਪੁਰ ਭੇਜਿਆ ਸੀ, ਪਰ ਉਥੋਂ ਕੋਰਾ ਜਵਾਬ (ਫਿਰ ਤਾਹਨੇ ਭਰਿਆ ਜਵਾਬ) ਮਿਲਣ ਤੇ ਸ੍ਰੀ ਦਮਦਮਾ ਅਸਥਾਨ ਪੁਰ ਅੰਤਰ ਧਿਆਨ ਹੋ ਕੇ ਬੀੜ ਦਾ ਉਚਾਰਨ ਕੀਤਾ ਤੇ ਨਾਮ ਉਹੋ ਪਹਿਲੇ ਵਾਲਾ ਜੋ ਸ੍ਰੀ ਅਨੰਦਪੁਰ ਲਿਖਿਆਸੀ, ਇਸ ਪਰ ਭੀ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਰਖਿਆ।

ਇਥੇ ਸੰਸਾ ਕਰਨ ਵਾਲੇ ਕਈ ਹੋਰ ਅਸ਼ਰਧਕਾਂ ਵਾਂਗੂ ਮੇਹਰ ਸਿੰਘ ਦਾ ਵੀ ਇਹੋ ਖਿਆਲ ਹੈ ਕਿ ਉਥੇ ਕੋਈ ਬੀੜ ਲਿਖਵਾਈ ਹੀ ਨਹੀਂ ਗਈ। ਪਰ ਐਸੇ ਸਾਰੇ ਤਰਕ ਵਾਦੀਆਂ ਨੂੰ ਸਮਝਣਾ ਚਾਹੀਏ ਕਿ "ਬਾਲਕ ਰੂਪ" ਸਤਿ ਸਾਲ ਦੀ ਅਵਸਥਾ ਦੇ ਗੁਰੂ ਹਰਿਕ੍ਰਿਸ਼ਨ (ਅਠਵੀਂ ਗੁਰੂ ਨਾਨਕ ਜੋਤ ਰੂਪ) ਜੋ ਇਕ ਗੂੰਗੇ ਝੀਵਰ ਦੇ ਸਿਰ ਪਰ ਛੜੀ ਰਖ ਕੇ ਗੀਤਾ ਦਾ ਪਾਠ ਤੇ ਅਰਥ ਕਰਾ ਸਕੇ ਸਨ ਤਾਂ ਉਹੀ ਜੋਤ ਰੂਪ ਦਸਮੇਂ ਜਾਮੇਂ ਵਿਚ ਤਰਕਵਾਦੀ ਸੋਢੀਆਂ (ਕਰਤਾਰਪੁਰੀਆਂ) ਦਾ ਤਾਹਨਾ ਸੁਣ ਕੇ ਅਗਰ ਐਸਾ ਨਾ ਕਰਦੇ—ਤਾਂ ਗੁਰਗਦੀ ਉਤੇ ਉਲਾਹਮਾਂ ਸੀ ਕਿ ਇਹਨਾਂ ਵਿਚ ਗੁਰੂ ਹਰਿਕ੍ਰਿਸ਼ਨ ਜਿਤਨੀ ਵੀ ਸ਼ਕਤ ਨਹੀਂ ਹੈ। ਇਹ ਗੁਰਗੱਦੀ ਦੇ ਲਾਇਕ ਨਹੀਂ ਹਨ। ਇਹੋ ਵਜ੍ਹਾ ਸੀ ਕਿ ਸਿਖ ਸੰਗਤਾਂ ਅਤੇ ਤਰਕਵਾਦੀਆਂ ਦੀ ਤਸੱਲੀ ਵਾਸਤੇ ਸ਼ਕਤ ਵਰਤੀ ਤੇ ਆਤਮਕ ਬਲ ਨਾਲ ਸਾਰੀ ਗੁਰਬਾਣੀ ਭਗਤ ਬਾਣੀ ਤੇ ਭੱਟ ਬਾਣੀ ਫਿਰ ਅਖੀਰ ਤੀਕ ਦੀ ਸਾਰੀ ਬਾਣੀ ਰਸਨਾ ਰਾਹੀ ਉਚਾਰਨ ਕਰਕੇ ਲਿਖਾਈ ਤੇ ਸਾਰਿਆਂ ਦਾ ਭਰਮ ਦੂਰ ਕਰ ਦਿਤਾ ਸੀ।

ਗੁਰੂ ਅਰਜਨ ਦੇਵ ਨੇ ਕਰੀਬਨ ਢਾਈ ਸਾਲ ਵਿਚ ਲਿਖਾਈ ਕਰਾਕੇ ਬੀੜ ਤਿਆਰ ਕਰਾਈ ਸੀ, ਵਜਾ ਇਹ ਸੀ ਕਿ ਉਹਨਾਂ ਨੇ ਸਾਰੀ ਗੁਰਬਾਣੀ ਤੇ ਭਗਤ ਬਾਣੀ ਨੂੰ ਪੜਨਾ ਫਿਰ ਮੁਨਾਸਬ ਥਾਵਾਂ ਤੇ ਜੋੜਨਾ ਤੇ ਲਿਖਾਈ ਕਰਾਣੀ ਸੀ ਇਤਨਾ ਅਰਸਾ ਜ਼ਰੂਰ ਖਰਚ ਹੋਇਆ ਹੋਣਾ। ਪਰ ਇਥੇ ਤੰਬੂ ਵਿਚ ਸਵਾ ਪਹਿਰ ਰਾਤ ਰਹਿੰਦੀ ਬੈਠਦੇ ਤੇ ਪਹਿਰ ਦਿਨ ਚੜੇ ਤੀਕ ਇਕ ਰਸ ਬੋਲਦੇ ਲਿਖਾਂਦੇ ਰਹੇ ਸਨ ਤੇ ਕਰੀਬਨ ਦੋ ਢਾਈ ਮਹੀਨੇ ਦੀ ਲਿਖਾਈ ਮਗਰੋਂ ਚੇਤ ਦੇ ਅਖੀਰ ਦਿਨ ਸਮਾਪਤੀ ਉਤੇ ਖੁਸ਼ੀ ਨਾਲ ਭਰੇ ਗਏ ਤੇ ਦੂਜੇ ਵਸਾਖੀ ਦੇ ਦਿਨ ਪ੍ਰਕਾਸ਼ ਕਰਾ ਕੇ ਸਮੂਹ ਸੰਗਤਾਂ ਨੂੰ ਦਰਸ਼ਨ ਦੀਦਾਰੇ ਕਰਾਏ ਤੇ ਭਾਰੀ ਜੱਗ ਕੀਤਾ ਸੀ। ਉਸੇ ਦਿਨ ਤੋਂ ਵਸਾਖੀ ਦਾ ਜੋੜ ਮੇਲਾ ਸ੍ਰੀ ਦਮਦਮੇ ਸਾਹਿਬ ਦਾ ਮਸ਼ਹੂਰ ਤੇ ਇਤਿਹਾਸਕ ਜੋੜ ਮੇਲਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੀ ਕਰਣੀ ਕਰਾਮਾਤ ਦਾ ਇਹ ਕਿਤਨਾ ਕਮਾਲ ਹੈ ਕਿ ਸੰਮਤ ੧੭੫੬ ਦੀ ਵਸਾਖੀ ਨੂੰ ਅਨੰਦਪੁਰ ਸਾਹਿਬ ਵਿਚ (ਖਾਲਸਾ ਪੰਥ ਦੀ) ਗੁਰੂ ਖਾਲਸਾ ਪੰਜ ਪਿਆਰਿਆਂ ਦੀ ਸਾਜਨਾਂ ਦੀ ਮਹੂਰਤ ਕੀਤੀ ਅਤੇ ੧੭੬੩ ਦੀ ਵਸਾਖੀ ਵਾਲੇ ਦਿਨ (ਸਾਬੋ ਕੀ ਤਲਵੰਡੀ) ਵਿਚ ਸ੍ਰੀ ਗੁਰੂ ਗ੍ਰੰਥ ਜੀ ਨੂੰ ਸੰਪੂਰਨ ਰੂਪ ਨਵੀਨਤਾ ਦਿਤੀ ਗਈ।

ਉਕਤ ਤਵਾਰੀਖੀ ਮੇਲਾ, ਸ੍ਰੀ ਦਮਦਮੇ ਸਾਹਿਬ ਦਾ ਉਸ ਦਿਨ ਤੋਂ ਹੀ ਸ਼ੁਰੂ ਹੈ। ਨਾਮਧਾਰੀ ਲੇਖਕ ਦਾ ਪਤਾ ਨਹੀ ਕਿ ਉਹ ਮੰਨਦਾ ਹੈ ਕਿ ਨਹੀਂ ਮੰਨਦਾ, ਪਰ ਇਸ ਪੁਸਤਕ ਦੇ ਪਾਠਕਾਂ ਨੂੰ ਯਕੀਨ ਹੋਣਾ ਚਾਹੀਦੇ ਕਿ ਐਸਾ ਮਾਨਸਿਕ ਤੇ ਆਤਮਿਕ ਬਲ ਉਹਨਾਂ ਧੁਰ ਤੋਂ ਵਰੋਸਾਏ ਹੋਇਆਂ ਨੂੰ (ਗੁਰੂ ਪੀਰਾਂ ਅਵਤਾਰਾਂ ਨੂੰ) ਧੁਰ ਤੋਂ ਪ੍ਰਾਪਤ ਹੁੰਦਾ ਹੈ, ਸੰਸਾ ਨਾ ਹੋਵੇ।

ਇਸੇ ਪੁਸ਼ਟੀ ਵਿਚ ਗਿਆਨੀ ਨਾਹਰ ਸਿੰਘ ਜੀ ਨੇ ਨਾਮਧਾਰੀ ਇਤਿਹਾਸ ਸਫਾ ੯੨ ਉਤੇ ਇਉਂ ਲਿਖਿਆ ਹੈ-"ਦਮਦਮੇ ਸਾਹਿਬ ਠਿਕਾਣਾ ਕਰਨ ਸਮੇਂ ਗੁਰੂ ਜੀ ਨੇ ਖੁਦ ਖੰਡੇ ਦੀ ਪਾਹੁਲ, ਕੇਸਾਧਾਰੀ ਸਿਖੀ, ਬਾਣੀ ਪੜ੍ਹਨ, ਭਜਨ ਕਰਨ ਅਤੇ ਨਾਮ ਅਭਿਆਸ ਦਾ ਪ੍ਰਚਾਰ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਵਾਈ ਅਤੇ ਵਿਦਿਆ ਪੜ੍ਹਣ ਪੜ੍ਹਾਨ ਦੀ ਰੀਤ ਚਲਾਈ, ਪਰਚਾਰ ਲਈ ਬਾਣੀ ਦੇ ਅਰਥ ਆਪ ਸੰਗਤਾਂ ਨੂੰ ਸੁਣਾਏ ਅਤੇ ਗਿਆਨੀ ਸਿੰਘ ਤਿਆਰ ਕੀਤੇ।"

ਦੇਖੋ ਚਾਰੋਂ ਵੇਦ ਵਖ ਵਖ ਸਮੇਂ ਦੇ ਚਾਰੋਂ ਰਿਸ਼ੀਆਂ ਨੇ ਉਚਾਰੇ ਸਨ। ਉਹ ਉਹਨਾਂ ਨੇ ਆਪਣੇ ਆਤਮਿਕ ਬਲ ਨਾਲ ਉਚਾਰੇ ਸਨ, ਜੋ ਸੀਨੇ ਬਸੀਨੇ ਸੁਣੇ ਜਾਂਦੇ ਤੇ ਕੰਠ ਹੋਇਆ ਕਰਦੇ ਸਨ। ਫਿਰ ਭੋਜ ਪਤਰਾਂ—ਅਤੇ ਫੇਰ ਕਾਗਜ਼ਾਂ ਉਤੇ ਲਿਖੇ ਦਾ ਜ਼ਮਾਨਾਂ ਵੀ ਆਇਆ। ਤੇ ਹੁਣ ਫੋਟੋ ਅਤੇ ਛਾਪੇ ਖਾਨੇ ਹਨ।

ਸ੍ਰੀ ਕ੍ਰਿਸ਼ਨ ਭਗਵਾਨ ਮਹਾਂ ਭਾਰਤ ਦੇ ਜੁਧ ਵੇਲੇ ਸਰੋਵਰ ਕਿਨਾਰੇ ਖਲੋਤੇ ਹੋਇਆ ੧੮ ਧਿਆਇ ਸ੍ਰੀ ਗੀਤਾ ਜੀ ਦਾ ਉਚਾਰਨ ਅਰਜਨ ਪਾਂਡਵ ਨੂੰ ਸੁਣਾਇਆ ਸੀ। ਨਾਲ ਕੋਈ "ਸ਼ਾਰਟ ਹੈਂਡ" ਵਾਲਾ ਨਹੀਂ ਸੀ ਜਿਸ ਲਿਖਿਆ ਸੀ ਜੋ ਬਾਅਦ ਵਿਚ ਦੁਬਾਰਾ ਸੁਣਾਇਆ ਤੇ ਅਮਨ ਵੇਲੇ ਲਿਖਤ ਵਿਚ ਆਇਆ ਹੋਣਾ ਹੈ। ਐਸੇ

ਹੀ ਇਸਲਾਮੀ ਸ੍ਰੀ ਕੁਰਾਨ ਮਜੀਦ ਦੀ ਲਿਖਾਈ ਵੀ ਉਹਨਾਂ (ਉਚਾਰਨ ਕਰਨ ਵਾਲਿਆਂ) ਦੇ ਬਾਅਦ ਬਹੁਤ ਸਾਲ ਪਿਛੋਂ ਹੋਈ ਮੰਨੀ ਹੈ।

ਇਕ ਪ੍ਰਸਿਧ ਅੰਗਰੇਜ਼ ਲਾਰਡ ਮੈਕਾਲੇ ਦੀ ਜ਼ਿੰਦਗੀ ਉਤੇ—"ਐਨ ਸਾਇਕਲੋ ਪੀਡੀਆ ਬ੍ਰਿਟੇਨੀਕਾ" ਉਤੇ ਲਿਖਿਆ ਗਿਆ ਇਕ ਇਹ ਮਜਮੂਨ ਉਸ ਦੀ ਆਪਣੀ ਜ਼ਬਾਨੀ ਦਾ ਹੈ—ਉਹ ਦਸਦਾ ਕਿ ਅਗਰ ਮਿਲਟਨ ਦੀ ਪੂਰੀ ਕਵਿਤਾ (ਪੈਰਾ ਡਾਈਜ਼ ਲਾਸਟ ਅਤੇ ਨੀਊਟੈਸਟਮੈਂਟ) ਭਾਵ--ਬਾਈਬਲ ਸਭ ਜਿਲਦਾਂ ਸਮੁੰਦਰ ਵਿਚ ਪਾ ਦਿਤੀਆਂ ਜਾਣ, ਡੋਬ ਦਿਤੀਆਂ ਜਾਣ ਤਾਂ ਮੈਂ ਉਹਨਾਂ ਨੂੰ ਲਫਜ਼ ਬ-ਲਫਜ਼ ਦੁਬਾਰਾ ਲਿਖਾ ਸਕਦਾ ਹਾਂ। ਤਾਂ ਤੇ ਯਕੀਨ ਕਰੀਏ ਕਿ ਇਤਨੇ ਹਾਫਜ਼ੇ ਵਾਲੇ ਇਨਸਾਨ ਵੀ ਰੱਬ ਨੇ ਪੈਦਾ ਕੀਤੇ ਹਨ, ਤਾਂ ਸਰਬ ਕਲਾ ਸਮਰਥ ਸਤਿਗੁਰੂ ਜਿਸ ਨੇ ਸ੍ਰੀ ਦਸਮ ਗ੍ਰੰਥ ਵਿਚ ਲਿਖੀਆਂ ਪੁਰਾਣਕ ਕਥਾਵਾਂ ਤੇ ਸ੍ਰੀ ਸਰਬ-ਲੋਹ ਜੈਸੀ ਮਹਾਨ ਰਚਨਾ ਕੀਤੀ ਹੋਵੇ ਉਸ ਪਾਸੋ ਅੰਤਰ ਧਿਆਨ ਬੈਠ ਕੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਲਿਖਾਣਾ ਮੁਸ਼ਕਿਲ ਨਹੀਂ ਸੀ, ਪਰ ਅਚੰਭੇ ਦੀ ਗਲ ਜ਼ਰੂਰ ਸੀ।

ਮੈਂ ਨਿਮਾਣੇ ਜਿਹੇ ਉਹਨਾਂ ਦੇ ਸਿਖ ਲਿਖਾਰੀ ਦਾ ਪੂਰਾ ਵਿਸ਼ਵਾਸ਼ ਹੈ ਕਿ ਐਸੀ ਲਿਖਾਈ ਵੇਲੇ ਹੀ ਗੁਰੂ ਜੀ ਨੇ ਦੋ ਲਿਖਾਰੀਆਂ ਪਾਸੋਂ ਸ਼ੁਰੂ ਕਰਾਇਆ ਸੀ। ਇਕ ਭਾਈ ਮਨੀ ਸਿੰਘ ਜੋ ਪ੍ਰਸਿਧ ਰਹੇ ਅਤੇ ਦੂਜੇ ਭਾਈ ਗੁਰਦਾਸ ਜੀ ਨੇ ਜੋ ਸਾਨੀ ਦਰਬਾਰੀ ਕਵੀ ਸਨ ਗੁਰੂ ਜੀ ਦੇ ਉਚਾਰਨ ਨੂੰ ਦੋਹਾ ਲਿਖਾਰੀਆਂ ਨੇ ਦੋ ਬੀੜਾਂ ਵਿਚ ਇਕੋ ਸਮੇਂ ਤਿਆਰ ਕੀਤਾ ਅਤੇ ਦੋਹਾਂ ਬੀੜਾਂ ਦੀ ਲਘੂਮਾਤਰਾ ਅਤੇ ਅਖਰਾਂ ਦੇ ਵਾਧੇ ਘਾਟੇ ਨੂੰ ਸਮਝਣ ਵਾਸਤੇ ਪਾਠ ਵੀ ਕਰਾਇਆ ਤੇ ਇਸ ਪਾਠ ਨੂੰ ਸਮਾਪਤੀ ਤੀਕ ਜਿਹਨਾਂ ਨੇ (੪੦ ਹੋਰ ਸਰੋਤਿਆਂ ਨੇ) ਸੁਣਿਆ ਸੀ ਉਹ ਤਾਂ ਗੁਰਬਾਣੀ ਦੇ ਸਰੂਰ ਵਿਚ ਸਰੂਰੇ ਗਏ ਸਨ। ਗੁਰੂ ਜੀ ਨੇ ਇਹਨਾਂ ਤਾਈਂ ਵੀ ੪੦ ਮੁਕਤੇ ਹੋਣ ਦਾ ਫੁਰਮਾਣ ਕੀਤਾ ਸੀ। ਤੇ ਇਹਨਾਂ ਦੋ ਬੀੜਾਂ ਵਿਚੋਂ ਹੀ ਇਕ ਨੂੰ ਉਹ ਆਪਣੇ ਨਾਲ ਨਾਂਦੇੜ ਲੈ ਗਏ ਸੀ ਤੇ ਦੂਜੀ ਜੋ ਇਸ ਅਸਥਾਨ ਪਰ ਰਹੀ ਸੀ। ਬਾਅਦ ਵਿਚ ਉਸ ਦੇ ਕੁਝ ਉਤਾਰੇ ਬਾਬਾ ਦੀਪ ਸਿੰਘ ਜੀ ਨੇ ਕਰਾਏ ਤੇ ਹਰੀਮੰਦਰ ਸ੍ਰੀ ਅੰਮ੍ਰਿਤਸਰ ਤੋਂ ਇਲਾਵਾ ਬਾਕੀ ਦੇ ਤਖਤਾਂ ਪਰ ਵੀ ਭੇਜੇ ਸੀ।

ਭਾਈ ਕੇਸਰ ਸਿੰਘ ਛਿਬਰ ਦੀ ਲਿਖਤ ਦਾ ਹਵਾਲਾ ਜੋ ਸੰਤ ਮੋਹਰ ਸਿੰਘ ਨੇ ਦਿਤਾ ਹੈ, ਉਸ ਵਿਚ ਹੋਰ ਅੰਤਰ ਧਿਆਨ ਹੋ ਕੇ ਉਚਾਰੀ ਗਈ ਬੀੜ ਦਾ ਟੂਕ ਮਾਤਰ ਹੀ ਹਵਾਲਾ ਦਿਤਾ ਹੈ ਜੋ ਇਉਂ ਪਿਛੇ ਵੀ ਲਿਖਿਆ ਹੈ :

ਸਾਹਿਬ ਗ੍ਰੰਥ ਦਾ ਉਤਾਰਾ ਹੋਰ ਕਰਾਇ ਮੰਗਵਾਇਆ ॥
ਅਤੇ ਨਾਲ ਆਪ ਰਸਨਾਂ ਥੀਂ ਹੋਰ ਉਚਰ ਬਣਾਇਆ ॥

ਇਥੇ "ਆਪ ਰਸਨਾਂ ਥੀਂ ਹੋਰ ਉਚਰ ਬਣਾਇਆ" ਦਾ ਅਰਥ ਇਹ ਨਹੀਂ ਜੋ ਮੋਹਰ ਸਿੰਘ ਨੇ ਲਿਖਿਆ ਬਲਕਿ ਇਹੋ ਮਤਲਬ ਹੈ ਕਿ ਪਹਿਲਾ ਜੋ ਉਤਾਰਾ ਮੰਗਾਇਕੇ ਕਰਾਇਆ ਸੀ (ਸ੍ਰੀ ਅਨੰਦਪੁਰ ਵਿਚ) ਉਹ ਤਾਂ ਉਜਾੜੇ ਵੇਲੇ ਵੀ ਬਾਕੀ ਦੇ ਲਿਖਤੀ ਭੰਡਾਰ ਅਤੇ ਸਾਰੇ ਕੀਮਤੀ ਸਮਾਨ ਸਮੇਤ ਹੀ ਸਰਸਾ ਵਿਚਕਾਰ ਰੁੜ੍ਹ ਗਿਆ

ਸੀ ਤੇ ਫੇਰ "ਤਲਵੰਡੀ ਸਾਬੋ" ਵਿਚ ਆਪ ਰਸਨਾਂ ਬੀਂ ਹੋਰ ਉਚਰ ਬਣਾਇਆ ਸੀ। ਜੋ ਨਾਂਦੇੜ ਲੈ ਗਏ ਸੀ।

ਇਸ ਤੋਂ ਵਖਰੇ ਤਲਵੰਡੀ ਵਿਚ ਉਚਾਰ ਕੇ ਲਿਖਾਈ ਬੀੜ ਦਾ ਇਕ ਹੋਰ ਪੱਕਾ ਇਤਿਹਾਸਕ ਸਬੂਤ ਇਹ ਹੈ ਕਿ ਇਥੇ ਅੰਤਰ ਧਿਆਨ ਹੋ ਕੇ ਲਿਖਾਈ ਬੀੜ ਦੀ ਜਿਸ ਧਰਤੀ ਪਰ ਸੰਪੂਰਨ ਗੁਰਬਾਣੀ ਦੀ ਲਿਖਾਈ ਕਰਾਈ ਨੇ—ਉਸ ਦੀ ਮਹਾਨਤਾ ਤੇ ਪਵਿਤਰਤਾ ਨੂੰ ਪ੍ਰਗਟਾਉਣ ਵਾਸਤੇ ਪ੍ਰਸੰਨ ਮੁਖ ਵਰਦਾਨ ਵੀ ਐਸਾ ਫੁਰਮਾਇਆ ਸੀ "ਤਲਵੰਡੀ ਮੈਂ ਗੁਰ ਕੀ ਕਾਂਸੀ ਰਚੀ ਜਿਹ ਬੈਲ ਪਢੈ ਹੋਇ ਬੁਧ ਉਦਾਰੋ।

ਸ੍ਰੀ ਦਮਦਮਾ ਸਾਹਿਬ ਦੀ ਲਿਖਾਈ ਦਾ ਕਾਰਨ ਤੇ ਉਹੀ ਇਹ ਬੀੜ ਹੈਗੀ ਸੀ ਜਿਸ ਨੂੰ ਗੁਰਿਆਈ ਦਿਤੀ ਗਈ ਸੀ। ਮੇਹਰ ਸਿੰਘ ਲੇਖਕ ਦੀ ਇਹੋ ਪੁਛ ਸੀ ਅਤੇ ਪੂਰੇ ਵਿਸਥਾਰ ਨਾਲ ਅਸੀਂ ਦਸਿਆ ਹੈ ਕਿ ਉਹੋ ਬੀੜ ਸ਼ਾਇਦ ਵਿਚ ੮੦ ਸਾਲ ਤੀਕ ਉਦਾਸੀਆਂ ਦੇ ਪ੍ਰਬੰਧ ਵੇਲੇ ਸ੍ਰੀ ਹਜ਼ੂਰ ਸਾਹਿਬ ਰਹੀ ਸੀ, ਤੇ ਉਥੋਂ ਹੀ ਗੁੰਮ ਹੋਈ ਹੈ। ਇਹ ਲੇਖਕ ਨੂੰ ਪਤਾ ਹੈ। ਪਰ ਉਹ ਵਿੰਗੇ ਟੇਢੇ ਪ੍ਰਸ਼ਨਾਂ ਨਾਲ ਸਿਖਾਂ ਵਿਚ ਭਰਮ ਭੁਲੇਖੇ ਵਧਾ ਕੇ ਆਪਣਾ ਮਤਲਬ ਸਿੱਧ ਕਰਨਾ ਚਾਹੁੰਦਾ ਕਿ "ਦਮਦਮੇ ਸਾਹਿਬ" ਕੋਈ ਬੀੜ ਲਿਖਾਈ ਹੀ ਨਹੀਂ, ਤਾਂ ਫਿਰ ਨਾਂਦੇੜ ਕਿਹੜੀ ਬੀੜ ਸੀ ਜਿਸ ਨੂੰ ਗੁਰਿਆਈ ਦਿਤੀ ਗਈ? ਜਦ ਇਹਨਾਂ ਦੇ ਪ੍ਰਸ਼ਨਾਂ ਦਾ ਜਵਾਬ ਉਸ ਨੂੰ ਸਹੀ ਨਾ ਮਿਲੇ, ਤਦ ਹੀ ਉਹਨਾਂ ਦੇ ੧੧ਵੇਂ ਅਤੇ ੧੨ਵੇਂ ਸਤਿਗੁਰੂ ਗੁਰਗੱਦੀ ਦੇ ਵਾਰਸ ਸਹੀ ਸਾਬਤ ਹੋਣਗੇ, ਫਿਰ ਉਸ ਨੇ ਸਿੱਖ ਵਿਦਵਾਨਾਂ (ਚੋਟੀ ਦਿਆਂ ਨੂੰ) ਟੋਹ ਦੇਖਿਆ ਹੈ, ਤਦੇ ਉਸ ਨੇ ਆਪਣੇ ਮਤਲਬ ਦੇ ਖੁਲੇ ਪ੍ਰਚਾਰ ਵਾਸਤੇ ਇਹ "ਪੁਰਖ ਗੁਰੂ" ਨਾਮ ਦੀ ਪੁਸਤਕ ਲਿਖੀ ਹੈ ਕਿਉਂਕਿ ਮੈਦਾਨ ਖਾਲੀ ਦੇਖਿਆ ਸੀ।

ਨੋਟ:—ਸਿੱਖ ਪੰਥ ਦੀ ਜਿਥੇ ਖੁਸ਼ਮਤੀ ਹੈ ਕਿ ਉਹਨਾਂ ਵਾਸਤੇ ਇਸ਼ਟ ਟੇਕ "ਗੁਰੂ ਗ੍ਰੰਥ ਸਾਹਿਬ" ਗੁਰੂ ਜੀ ਗੁਰਗੱਦੀ ਅਸਥਾਪਤ ਕੀਤਾ ਹੈ। ਪਰ ਨਾਲ ਹੀ ਇਹ ਬਦਕਿਸਮਤੀ ਹੈ ਕਿ ਪੰਥ ਵਿਚ ਪੁਰਾਤਨ ਗ੍ਰੰਥਾਂ ਦਾ ਅਧਿਐਨ ਕਰਨ ਦੀ ਰੁਚੀ ਨਹੀਂ ਰਹੀ। ਇਸ ਵੇਲੇ ਜਿਆਦਾ ਪ੍ਰਚਾਰ ਕੀਰਤਨ ਤੇ ਕਵੀ ਦਰਬਾਰਾਂ ਦਾ ਹੈ. ਇਹ ਵੀ ਜ਼ਰੂਰੀ ਹੈ, ਪਰ ਗੁਰਬਾਣੀ ਅਰਥ ਬੋਧ "ਸਨਾਤਨ ਪੁਰਾਤਨ" ਧਰਮ ਪੁਸਤਕਾਂ ਅਤੇ ਗੁਰ ਇਤਿਹਾਸ ਦੀ ਜਾਣਕਾਰੀ ਤੋਂ ਬਿਨਾਂ ਉਕਤ ਮੇਹਰ ਸਿੰਘ ਜੈਸੇ ਤਰਕਵਾਦੀਆਂ ਸਾਹਮਣੇ ਨਿਰੁਤਰ ਹੀ ਹੋਣਾ ਪਏਗਾ।

ਮੇਰੀ ਗੁਸਤਾਖੀ ਮੁਆਫ ਕੀਤੀ ਜਾਏ ਕਿ ਅਸਲ ਮਜ਼ਮੂਨ ਤੋਂ ਲਾਂਭੇ ਹੋ ਕੇ ਥੋੜੇ ਉਪ੍ਰੋਕਤ ਸ਼ਬਦ ਲਿਖੇ ਤੇ ਹੁਣ ਮੈਂ ਫੇਰ ਪਾਠਕਾਂ ਦੀ ਸੁਰਤ ਨੂੰ ਪਹਿਲੀ ਥਾਂ ਲਿਆਉਣ ਨੂੰ ਇਹ ਦਸਣਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਗਰ ਉਕਤ ਬੀੜ ਦੀ ਲਿਖਾਈ ਦੋ ਬੀੜਾਂ ਵਿਚ ਨਾ ਕਰਾਈ ਹੁੰਦੀ ਤਾਂ ਇਸ ਗਲ ਦਾ ਅਸਰ ਸਿਖ ਪੰਥ ਵਾਸਤੇ ਕੀ ਹੋਣਾ ਸੀ? ਉਹ ਇਕ ਤਾਂ ਇਹ ਕਿ ਨਾਂਦੇੜ ਜਾ ਚੁਕੀ ਬੀੜ ਤਾਂ ਗੁੰਮ ਹੋ ਚੁਕੀ ਸੀ। ਇਧਰ ਧੀਰਮਲ ਦੇ ਪੋਤਰਿਆ ਨੇ (ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਨਹੀਂ ਦਿਖਾਣੀ ਚਾਹੀ ਸੀ) ਦੂਜੇ ਕਿਸੇ ਉਹਨਾਂ ਦੇ ਕੇਸਾਧਾਰੀ ਸਿੰਘ ਨੂੰ ਨਹੀਂ ਦਿਖਾਣੀ ਸੀ।

ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਚੁਕੇ ਸਨ ਤੇ ਸਿੱਖ ਜਗਤ ਨੂੰ ਪਤਾ ਸੀ ਕਿ ਗੁਰਗਦੀ ਸੋਢੀਆਂ ਦੇ ਘਰੇ ਰਹਿਣ ਦਾ ਵਰਦਾਨ ਹੈ। ਉਹ ਜਿਸ ਘਰਾਣੇ (ਧੀਰਮਲ ਦੇ) ਪਾਸ ਇਹ ਬੀੜ ਸੀ, ਥੋਹੜੇ ਚਿਰ ਬਾਅਦ ਇਸੇ ਦੇ ਪੋਤਰਿਆਂ ਨੇ ਆਪਣੇ ਗੁਰੂ ਹੋਣ ਦਾ ਢੰਡੋਰਾ ਫਿਰਾ ਦੇਣਾ ਸੀ। ਫਿਰ ਵੀ ਐਸਾ ਵਿਰਲਾ ਸਿਖ ਹੀ ਕੋਈ ਇਸ ਬੀੜ ਦਾ ਦਰਸ਼ਨ ਕਰ ਸਕਦਾ ਜੋ ਧੀਰਮਲੀਆਂ ਨੂੰ ਗੁਰੂ ਮੰਨ ਲਿਆ ਕਰਦਾ, ਜਾਂ ਮੰਨਾਂ ਸਿੱਖ ਹੁੰਦਾ। ਪੂਰੇ ਕੇਸਾਂ ਧਾਰੀਆਂ ਨੂੰ ਉਹਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਸਮਝਣਾ ਸੀ ਜਿਹਨਾਂ ਨਾਲ ਉਹਨਾਂ ਨੂੰ ਆਪਣੇ ਦਾਦੇ ਧੀਰਮਲ ਵੇਲੇ ਤੋਂ ਹੀ ਬੜੀ ਚਿੜ ਹੋ ਗਈ ਸੀ।

ਹੋਰ ਵੀ ਕਿਸੇ ਪਾਸ ਮਾਲਵੇ ਵਿਚ ਬੀੜ ਨਹੀਂ ਸੀ, ਮਾਝੇ ਦੁਆਬੇ ਵਿਚ ਵੀ ਸੰਪੂਰਨ ਉਤਾਰੇ ਦੀ ਕੋਈ ਬੀੜ ਨਹੀਂ ਸੀ। ਸਿਰਫ ਭਾਈ ਬੰਨੋ ਜੀ ਵਾਲੀ (ਮਾਂਗਟ ਜ਼ਿਲਾ ਗੁਜਰਾਤ) ਵਿਚ ਇਕੋ ਸੀ ਉਹਦੇ "ਖਾਰੀ" ਬੀੜ ਹੋਣ ਦਾ ਇਹਨਾਂ ਨੇ ਪ੍ਰਚਾਰ ਕਰਕੇ ਲੋਕਾਂ ਨੂੰ ਅਸ਼ਰਧਕ ਬਣਾਨਾ ਤੇ ਕਰੋਲੀ ਵਾਲੀ ਨੂੰ ਸਰਾਪੀ ਬੀੜ ਪ੍ਰਗਟਾ ਕੇ ਆਪਣੇ ਪਾਸ ਦੀ "ਸ੍ਰੀ ਪੋਥੀ ਸਾਹਿਬ" ਬੀੜ ਨੂੰ ਹੀ ਆਪਣੀ ਗੁਰਿਆਈ ਦਾ ਸਾਧਨ ਬਨਾਣਾ ਸੀ। ਇਸ ਵਾਸਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਦੂਜੀ ਬੀੜ ਲਿਖਾਈ ਦਾ ਹੀ ਫਲ ਹੈ ਕਿ ਇਥੇ ਦਮਦਮੇ ਸਾਹਿਬ ਰਖਾਈ ਗਈ। ਤੇ ਉਹਦੇ ਹੋਰ ਉਤਾਰੇ ਵੀ ਕੀਤੇ ਗਏ ਸਨ।

ਹੋਰ ਸੋਚੀਏ ਕਿ ਅਗਰ ਗੁਰੂ ਸਾਹਿਬ ਆਤਮਕ ਬਲ ਵਰਤ ਕੇ ਨਵੀਨ ਲਿਖਾਈ ਦੀ ਸੁਧਾਈ ਕੀਤੀ ਦੂਜੀ ਬੀੜ ਇਥੇ ਛਡ ਨਾ ਜਾਂਦੇ ਤਦ ਨਾਂਦੇੜ ਸਤਿਕਾਰੀ ਗਈ ਬੀੜ ਦੇ ਗੁੰਮ ਹੋ ਜਾਣ ਨਾਲ ਇਧਰ ਸਿਵਾਏ ਧੀਰਮਲੀਏ (ਸੋਢੀ ਘਰਾਣੇ) ਤੋਂ ਹੋਰ ਕਿਸੇ ਪਾਸ ਕੋਈ ਬੀੜ ਨਹੀਂ ਸੀ ਤੇ ਇਹਨਾਂ ਨੇ ਖੁਦ ਗੁਰੂ ਹੋ ਕੇ ਪੁਜਵਾਣਾ ਸੀ ਤੇ ਦੂਜੇ ਪਾਸੇ ਨਾਮਧਾਰੀ ਦਰਬਾਰ ਨੇ ਬਾਬਾ ਬਾਲਕ ਸਿੰਘ ਜੀ ਨੂੰ ੧੧ਵਾਂ ਗੁਰੂ ਪ੍ਰਗਟਾ ਦਿਤਾ ਸੀ—ਪ੍ਰਚਾਰ ਬਹੁਤ ਵਧ ਜਾਣਾ ਸੀ। ਪ੍ਰਰ ਅਕਾਲ ਪੁਰਖ ਨੇ ਦਸ ਜਾਮੇ ਸਰੀਰ ਧਾਰੀਆਂ ਤੋਂ ਬਾਅਦ (ਗਿਆਨ ਵਿਗਿਆਨ ਦਾ ਜ਼ਮਾਨਾ ਸੀ) "ਸ਼ਬਦ ਗੁਰੂ ਸੁਰਤ ਧੁਨ ਚੇਲਾ" ਦਾ ਸਹੀ ਪ੍ਰਚਾਰ ਕਰਾਣਾ ਸੀ, ਜਿਸ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਅਕਾਲ ਪੁਰਖ ਦੇ ਹੁਕਮ ਤੇ ਆਸ਼ੇ ਅਨੁਸਾਰ ਹੀ ਗੁਰੂ ਗ੍ਰੰਥ ਜੀ ਨੂੰ ਗੁਰਗਦੀ ਅਸਥਾਪਤ ਕਰਕੇ ਖਾਲਸਾ ਪੰਥ ਨੂੰ ਸਹੀ ਰਸਤੇ ਪਾਇਆ ਹੈ।

ਨਾਮਧਾਰੀ ਸੰਤ ਮੋਹਰ ਸਿੰਘ ਨੇ ਸਮਝ ਲਿਆ ਸੀ ਕਿ ਉਸ ਦੇ ਉਲਟੇ ਸਿੱਧੇ ਪ੍ਰਸ਼ਨਾਂ ਦਾ ਕਿਸੇ ਪਾਸ ਉਤਰ ਨਹੀਂ ਹੈ ਤੇ ਉਸ ਦੇ ਆਪਣੇ ਉਕਤ ਸਿਰਲੇਖਾਂ ਹੇਠਾਂ ਸਭ ਕੁਝ ਲਿਖੇ ਮਗਰੋਂ (ਜੋ ਅਸੀਂ ਪਿਛੇ ਦਸਿਆ ਹੈ) ਉਤਰ ਵੀ ਦਿਤਾ ਹੈ ਪਰ ਉਸਨੂੰ ਅਜੇ ਅਰਮਾਨ ਹੈ ਕਿ ਦਿਲ ਦੀ ਭੜਾਸ ਉਹ ਪੂਰੀ ਨਹੀਂ ਕਢ ਸਕਿਆ ਤੇ ਅਖੀਰ ਵਿਚ ਆਪ ਹੀ ਆਪਣੇ ਹਕ ਵਿਚ ਫੈਸਲਾ ਦਿੰਦਾ ਤੇ ਲਿਖਦਾ ਹੈ ਕਿ ਨਾ ਦੁਬਾਰਾ ਲਿਖਾਈ ਸਾਬਤ ਹੈ ਤੇ ਨਾ ਨਾਂਦੇੜ ਵਿਚ ਗੁਰਗੱਦੀ ਦੇਣੀ ਸਾਬਤ ਹੈ, ਅਤੇ ਛਪ ਚੁਕੀਆਂ ਜੋ ਬੀੜਾਂ ਹਨ ਇਹਨਾਂ ਵਿਚ ਬਹੁਤ ਅਸ਼ੁਧੀਆਂ ਹਨ। ਜੇਕਰ ਕੋਈ ਬੀੜ ਸੁਧਾਈ ਕਰਕੇ ਛਾਪੀ ਵੀ ਜਾਵੇਗੀ ਤਾਂ ਸੁਧਾਈ ਦੇ ਕਰਨ ਵਾਲੇ ਵਿਦਵਾਨਾਂ ਦੀ ਤਰਕ

ਬੁਧੀ ਦਾ ਹਥ ਵਧੇਰੇ ਹੋਵੇਗਾ ਤੇ ਗੁਰੂ ਮਤ ਗੁਰੂ ਆਸ਼ਾ ਥੋਹੜਾ ਹੋਵੇਗਾ ਫਿਰ ਐਸੀ ਸੁਧਾਈ ਕੀਤੀ ਬੀੜ ਵੀ ਜੇਕਰ ਸ਼ੁਧ ਨਾਮ ਹੇਠਾਂ ਛਾਪੀ ਜਾਵੇਗੀ ਤਾਂ ਉਸ ਨੂੰ ਗੁਰੂ ਕੀ ਮੋਹਰ ਬਿਨਾਂ ਸ਼ੁਧ ਨਹੀਂ ਮੰਨਿਆ ਜਾ ਸਕਦਾ। ਇਸ ਬਾਰੇ ਪੰਥ ਦੇ ਵਿਦਵਾਨਾਂ ਨੂੰ ਸਤਰਕ ਰਹਿਣ ਦੀ ਅਵਸ਼ਕਤਾ ਹੈ ਅਤੇ ਇਹ ਲੋੜ ਪ੍ਰਤੱਖ ਦੇਹਧਾਰੀ ਗੁਰੂ ਦਾ ਜ਼ਰੂਰੀ ਹੋਣ ਵਲ ਹੀ ਸੰਕੇਤ ਹੈ।

ਉਕਤ ਮਜ਼ਮੂਨ ਦੇ ਅਖੀਰ ਦੀਆਂ ਪੰਗਤੀਆਂ ਨੂੰ ਪਾਠਕਾਂ ਨੇ ਪੜ੍ਹਿਆ ਅਤੇ ਵੇਖਿਆ ਕਿ ਜਿਵੇਂ ਭੁਖੇ ਤੋਂ ਕਿਸੇ ਨੇ ਪੁਛਿਆ ਸੀ ਦੋ ਤੇ ਦੋ ਕਿੰਨੇ ਹੁੰਦੇ ਹਨ, ਤਦ ਉਹ ਬੋਲਿਆ—ਚਾਰ ਰੋਟੀਆਂ। ਠੀਕ ਇਸੇ ਤਰ੍ਹਾਂ ਦੇ ਕਿਸੇ ਵੀ ਕੀਤੇ ਪ੍ਰਸ਼ਨ ਮਗਰੋਂ ਦੂਜੇ ਦੀ ਸੁਣੇ ਬਿਨਾਂ ਹੀ "ਦੇਹ ਧਾਰੀ ਗੁਰੂ" ਦੀ ਜ਼ਰੂਰਤ ਦਾ ਸੰਕੇਤ ਦਸਦਾ ਹੈ।

ਹੁਣ ਅਸੀਂ ਇਹ ਵੀ ਦਸਣਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਗੁਰੂ ਸ਼ਬਦ ਸੰਗ੍ਰਹਿ ਰੂਪ ਹੋਣ ਕਰਕੇ ਗੁਰੂ ਗ੍ਰੰਥ ਜੀ ਨੂੰ ਦਿਤੀ ਸੀ, ਨਾ ਕਿ ਇਤਨੀ ਵਡੀ ਜਿਲਦ, ਕਾਗਜ਼ਾਂ ਜਾਂ ਰੁਮਾਲਾਂ ਨੂੰ ਦਿਤੀ ਸੀ? ਅਗਰ ਉਹ ਬੀੜ ਹੁਣ ਨਹੀਂ ਵੀ ਮਿਲ ਰਹੀ ਤਾਂ ਉਸ ਦੇ ਨਾਲ ਲਿਖਾਈ ਦੇ ਉਤਾਰੇ ਤਾਂ ਮੌਜੂਦ ਹਨ ਜਿਹਨਾਂ ਵਿਚ ਸ਼ਬਦ ਗੁਰੂ ਅੰਕਤ ਹੈ। ਅਤੇ ਪਾਠ ਦੀਦਾਰ ਤੋਂ ਭਰੋਸੇ ਵਾਲੇ ਸਿਦਕਵਾਨਾਂ ਨੂੰ ਉਤਨਾ ਹੀ ਮਹਾਤਮ ਹੈ ਜਿਤਨਾ ਕਿ ਉਸ ਬੀੜ ਦੇ ਪਾਠ ਦਾ ਹੋਣਾ ਸੀ ਇਸ ਵਾਸਤੇ ਹੀ ਮੋਹਰ ਸਿੰਘ ਦੀ ਐਸੀ ਸੋਚਨੀ ਫਜ਼ੂਲ ਹੈ ਅਤੇ ਜਿਥੇ ਵੀ ਗੁਰੂ ਬਾਣੀ ਲਿਖੀ ਹੈ ਸਭ ਪਵਿਤਰ ਹੈ!

ਦੂਜਾ ਉਹ ਲਿਖਦਾ ਹੈ ਕਿ ਛਾਪੇ ਦੀਆਂ ਬੀੜਾਂ ਵਿਚ ਅਸ਼ੁਧੀਆਂ ਬਹੁਤ ਹਨ ਤੇ ਜੇਕਰ ਕੋਈ ਵਿਦਵਾਨਾਂ ਵਲੋਂ ਸੁਧਾਈ ਕੀਤੀ ਵੀ ਜਾਏ ਤਾਂ ਤਰਕਵਾਦੀ ਵਿਦਵਾਨਾਂ ਦੀ ਤਰਕ ਬੁਧੀ ਦਾ ਹਥ ਵਧੇਰੇ ਹੋਵੇਗਾ। ਫਿਰ ਜੇਕਰ ਕੋਈ ਠੀਕ ਸੋਧੀ ਵੀ ਜਾਏ ਤਾਂ ਗੁਰੂ ਕੀ ਮੋਹਰ ਬਿਨਾਂ ਸ਼ੁਧ ਨਹੀਂ ਮੰਨਿਆ ਜਾ ਸਕਦਾ।

ਇਸ ਦਾ ਢੁਕਵਾਂ ਉਤਰ ਇਹੋ ਹੈ ਕਿ ਅਗਰ ਤੁਸਾਡੇ ਕਿਸੇ ਨੂੰ ਜੇਕਰ ਐਸੀ ਬੀੜ ਦੀ ਲੋੜ ਭਾਸੀ ਤਾਂ ਤੁਸੀਂ ਆਪਣੇ ਸਤਿਗੁਰੂ ਜੀ ਤੋਂ ਮੋਹਰ ਲਵਾ ਲਿਆ ਕਰਨੀ ਬਾਕੀ ਖਾਲਸਾ ਪੰਥ ਦੇ ਵਿਦਵਾਨਾਂ ਨੇ ਆਪਣੀ ਵਲੋਂ ਸੁਧਾਈ ਕਰਕੇ ਹੀ ਪ੍ਰਕਾਸ਼ ਕਰਨਾ ਤੇ ਪਾਠ ਦੀਦਾਰੇ ਕਰਦੇ ਰਹਿਣਾ ਹੈ। ਪਾਠ ਕਰਦੇ ਹੋਇਆਂ ਭੁਲ ਚੁਕ ਹੋ ਜਾਣੀ ਜ਼ਰੂਰੀ ਹੈ—ਅਰਦਾਸ ਵਿਚ ਮੁਆਫੀ ਮੰਗਦੇ ਹਨ।

ਫਿਰ ਇਹ ਲਿਖਤੀ ਬੀੜਾਂ ਜੋ ਕਈ ਥਾਈਂ ਫਰਕ ਵਾਲੀਆਂ ਹਨ, ਪਹਿਲੇ ਜ਼ਮਾਨੇ ਦੇ ਜ਼ਿਆਦਾ ਲਿਖਾਰੀ ਪੰਡਤ ਕਸ਼ਮੀਰੀ ਹੁੰਦੇ ਸਨ। ਉਹਨਾਂ ਦਾ ਲਿਖਣ ਢੰਗ ਵੀ ਆਪੋ ਆਪਣਾ ਸੀ ਉਹ "ਸੱਤਾ ਬਲਵੰਡ" ਨੂੰ ਸੱਤ ਐਸਾ ਲਿਖਦੇ ਤੇ ਹੋਰ ਵੀ ਉਨ੍ਹਾਂ ਦੇ ਲਿਖੇ ਅਖਰਾਂ ਵਿਚ ਜ਼ਰੂਰ ਭਿੰਨਤਾ ਹੁੰਦੀ, ਪਰ ਉਹਨਾਂ ਦੇ ਲਿਖਾਣ ਵਾਲੇ ਖੁਦ ਗਿਆਨੀ ਨਹੀਂ ਸਨ ਹੁੰਦੇ, ਜੋ ਨਾਲੋ ਨਾਲ ਚੈਕ ਕਰਦੇ। ਉਹ ਭੇਟਾ ਦੇ ਕੇ ਲਿਖਵਾਈ ਬੀੜ ਨੂੰ ਸੰਭਾਲਦੇ ਤੇ ਸਤਿਗੁਰੂ ਹੀ ਮੰਨਦੇ ਸਨ।

ਉਹ ਦੂਜੀ ਗਲ ਇਹ ਲਿਖਦਾ ਹੈ ਕਿ ਛਾਪੇ ਦੀਆਂ ਬੀੜਾਂ ਵਿਚ ਅਸ਼ੁਧੀਆਂ ਬਹੁਤ ਹਨ। ਉਸ ਦੀ ਇਹ ਗਲ ਤਾਂ ਅਸੀਂ ਵੀ ਮੰਨਦੇ ਹਾਂ। ਕਿਉਂਕਿ ਛਾਪੇ ਖਾਨੇ

ਦੇ ਪਰੂਫ ਰੀਡਰ ਕੋਈ ਸੰਪਰਦਾਇਕ ਗਿਆਨੀ ਨਹੀਂ ਹੁੰਦੇ ਉਹਨਾਂ ਪਾਸੋਂ ਕੰਪੋਜ਼ ਵੇਲੇ ਲਗ ਮਾਤਰਾ ਜਾਂ ਕਈ ਥਾਈਂ ਅਖਰ ਵੀ ਅਸ਼ੁਧ ਛਪ ਜਾਂਦੇ ਹਨ । ਉਹ ਤਾਂ ਬਾਅਦ ਵਿਚ ਸਿਆਣੇ ਪਾਠੀਆਂ ਦਾ ਫਰਜ਼ ਹੁੰਦਾ ਹੈ ਕਿ ਉਹ ਠੀਕ ਸੁਧਾਈ ਕਰ ਲਿਆ ਕਰਨ ਪਰ ਇਸ ਦਾ ਇਹ ਮਤਲਬ ਤਾਂ ਨਹੀਂ ਕਿ ਅਸ਼ੁਧੀਆਂ ਕਾਰਨ ਸਮੁਚਾ "ਗੁਰੂ ਗ੍ਰੰਥ ਸਾਹਿਬ" ਗੁਰੂ ਹੀ ਨਹੀਂ ਮੰਨੀਏ ?

ਇਹ ਸਤਰਾਂ ਲਿਖਣ ਵੇਲੇ ਅਗਰ ਸੰਤ ਮੇਹਰ ਸਿੰਘ ਜੀ ਮੇਰੇ ਪਾਸ ਹੁੰਦੇ ਤਾਂ ਸਨਿਮਰ ਪੁਛਦਾ ਕਿ ਕਿਸੇ ਦੇ ਪਿਤਾ ਦਾ ਐਕਸੀਡੈਂਟ ਹੋਣ ਨਾਲ ਹਸਪਤਾਲ ਦੇ ਡਾਕਟਰ ਉਹਦੀ ਜੰਘ-ਬਾਂਹ ਜਾਂ ਹੋਰ ਕੋਈ ਅੰਗ ਬੇਕਾਰ ਹੋਇਆ ਜ਼ਰੂਰੀ ਕਟ ਦੇਣਗੇ; ਤਾਂ ਖੰਡਤ ਹੋਇ ਪਿਤਾ ਨੂੰ ਉਹਦੇ ਪੁਤਰ ਕੀ ਪਿਤਾ ਨਹੀਂ ਸਮਝਣਗੇ ? ਜਾਂ ਕਿਸੇ ਦੇ ਗੁਰੂ ਨੂੰ (ਰੱਬ ਨਾ ਕਰੇ) ਕੋਈ ਹਾਦਸਾ ਵਾਪਰ ਜਾਏ । ਅਖੀਆਂ ਵਿਚ ਮੋਤੀਆ ਬਿੰਦ ਉਤਰੇ ਨਾਲ ਨਜ਼ਰਬੰਦ ਹੋਏ ਜਾਇ ਤਾਂ ਚੇਲਿਆਂ ਦਾ ਫਰਜ਼ ਬਣਦਾ ਹੈ ਕਿ ਇਲਾਜ ਕਰਾਉਣ । ਨਾ ਕਿ ਇਸ ਤਰ੍ਹਾਂ ਦੀਆ ਸਰੀਰਕ ਤਰੁਟੀਆਂ ਕਾਰਨ ਚੇਲਿਆਂ ਦਾ ਗੁਰੂ ਹੀ ਨਾ ਮੰਨਿਆ ਜਾਏ ?

ਗੁਰੂ ਤੇਗ ਬਹਾਦਰ ਜੀ ਨੂੰ ਮੁਗਲ ਸ਼ਾਹੀ ਵਲੋਂ ਸ਼ਹੀਦ ਕੀਤਾ ਗਿਆ ਸੀ। ਉਹਨਾਂ ਦਾ ਸੀਸ ਸ੍ਰੀ ਅਨੰਦਪੁਰ ਪੁਜਾ । ਖੂਨ ਦਿਲੀ ਚਾਂਦਨੀ ਚੌਂਕ ਵਿਚ ਬਿਖਰਿਆ, ਪਵਿਤ੍ਰ ਧੜ ਦਾ ਸਸਕਾਰ "ਰਕਾਬ ਗੰਜ" ਥਾਇੰ ਹੋਇਆ ਸੀ । ਤਦ ਵੀ ਵਖ ਵਖ ਥਾਇੰ ਗੁਰੂ ਸਰੀਰ ਦੇ ਅੰਗ ਪੁਜੇ ਨਾਲ ਉਹ ਗੁਰੂ ਸਰੀਰ ਦੇ ਸਾਰੇ ਪਵਿਤ੍ਰ ਅੰਗ ਹੀ ਸਨ । ਤਿਵੇਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਗਰ ਅਸ਼ੁਧੀਆ ਛਪ ਜਾਂਦੀਆ ਹਨ ਤਦ ਵੀ ਸਿਖਾ ਤੇ ਗੈਰ ਸਿਖਾਂ ਸਮੇਤ, ਸਾਰੇ ਪਾਠਕਾਂ ਦਾ ਫਰਜ਼ ਹੈ ਦਰੁਸਤੀ ਕਰ ਲਿਆ ਕਰਨ, ਪਰ ਇਹ ਤਾਂ ਨਹੀਂ ਹੋ ਸਕਦਾ ਕਿ ਅਸ਼ੁਧੀਆਂ ਕਾਰਨ ਸੰਪੂਰਨ ਬੀੜ ਹੀ ਸਤਿਗੁਰੂ ਰੂਪ ਨਾ ਮੰਨੀ ਜਾਏ ? ਇਹ ਕੋਈ ਚੰਗੀ ਸਿਆਣਪ ਦੀ ਗਲ ਨਹੀ ਹੈ ਜੋ ਮੇਹਰ ਸਿੰਘ ਦਾ ਵਿਚਾਰ ਹੈ ।

ਅਸੀਂ ਇਥੋਂ ਤੀਕ ਮੇਹਰ ਸਿੰਘ ਦੇ ਪ੍ਰਸ਼ਨਾਂ ਦਾ ਉਹਦੀ ਪੁਛਾਂ ਮੁਤਾਬਕ ਯੋਗ ਉਤਰ ਦੇ ਦਿਤਾ ਹੈ ਕਿ ਸ੍ਰੀ ਦਮਦਮਾ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਅੰਤਰ ਧਿਆਨ ਹੋ ਕੇ ਦੋ ਲਿਖਾਰੀਆਂ ਤੋਂ ਬੀੜਾਂ ਲਿਖਾਈਆਂ ਤੇ ਇਕ ਨੂੰ ਨਾਂਦੇੜ ਲੈ ਗਏ ਸਨ । ਅਖੀਰ ਦੇ ਸਮਾਂ ਆਏ ਤੋਂ ਪਹਿਲੇ "ਕਤਕ ਸੁਦੀ ਦੂਜ" ਨੂੰ ਉਸੇ ਬੀੜ ਦਾ ਪ੍ਰਕਾਸ਼ ਕਰਾਕੇ ਗੁਰਗੱਦੀ ਦੀ ਰਸਮ ਅਦਾਇਗੀ ਮਗਰੋਂ ਨਿਮਸਕਾਰ ਕੀਤੀ ਤੇ ਸੰਗਤ ਪ੍ਰਤੀ ਹੁਕਮ ਸੁਣਾਇਆ ਸੀ—ਅਜ ਤੋਂ ਸਾਡੇ ਤੋਂ ਬਾਅਦ "ਸ੍ਰੀ ਗੁਰੂ ਗ੍ਰੰਥ ਸਾਹਿਬ" ਨੂੰ ਖਾਲਸਾ ਪੰਥ ਅਥਵਾ ਸਮੂਹ ਗੁਰੂ ਨਾਨਕ ਨਾਮਲੇਵਾ ਦਾ ਸਤਿਗੁਰੂ ਮੰਨਿਆ ਜਾਏ ਤੇ ਇਸੇ ਹੁਕਮ ਅਨੁਸਾਰ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕਾਂ ਉਸ ਵੇਲੇ ਦੇ ਉਦਾਸੀ ਸੰਤਾਂ ਨੇ ੮੦ ਸਾਲ ਤੀਕ ਪ੍ਰਕਾਸ਼ ਵੀ ਕੀਤਾ, ਫਿਰ ਦੇਸ ਵਿਦੇਸ਼ਾਂ ਤੋਂ ਆਏ ਯਾਤਰੂਆਂ ਨੂੰ ਉਹ ਸਾਰੀ ਅੰਤਮ ਕਥਾ ਤੇ ਹੁਕਮ ਵੀ ਸੁਣਾਂਦੇ ਰਹੇ ਸੀ ।

ਫਿਰ ਸਿਖਾਂ ਦਾ ਪ੍ਰਬੰਧ ਆਉਣ ਵੇਲੇ ਵੀ ਉਸੇ ਪੁਰਾਣੀ ਸਰੋਤ ਮੁਤਾਬਕ ਉਥੇ "ਕਤਕ ਸੁਦੀ ਦੂਜ" ਦਾ ਦਿਨ ਮਨਾਇਆ ਜਾਂਦਾ ਰਿਹਾ ਤੇ ਉਸੇ ਉਥੋਂ ਦੀ ਲਿਖਤ

ਮੁਤਾਬਕ ਹੁਣ ਵੀ ਛਾਪੀਆਂ ਜਾਂਦੀਆਂ ਬੀੜਾਂ ਉਤੇ "ਕਤਕ ਸੁਦੀ ਦੂਜ" ਨੂੰ ਗੁਰਗਦੀ ਸਥਾਪਤ ਦੀ ਜੋ ਮੋਹਰ ਛਪੀ ਹੁੰਦੀ ਹੈ ਉਹ ਬਿਲਕੁਲ ਠੀਕ ਤਾਰੀਖ ਹੈ। ਬਾਅਦ ਦੇ ਲਿਖਾਰੀਆਂ ਵਲੋਂ ਤਾਰੀਖਾਂ ਦੇ ਵਾਧੇ ਘਾਟੇ ਨਾਲ ਅਸਲੀਅਤ "ਗੁਰਗਦੀ ਸਥਾਪਤੀ" ਦੀ ਗਲਤ ਨਹੀਂ ਹੋ ਸਕਦੀ।

ਅਜ ਵੀ ਬਹੁਤ ਲੋਕਾਂ ਦੇ ਸਾਹਮਣੇ ਅਗਰ ਕੋਈ ਝਗੜਾ ਫਸਾਦ ਹੋ ਜਾਏ ਤਾਂ ਕੁਝ ਦਿਨਾਂ ਬਾਅਦ ਉਹਨਾਂ ਵੇਖਣ ਵਾਲਿਆਂ ਵਲੋਂ ਅਸਲੀਅਤ ਸਮਝਣ ਵਾਸਤੇ ਬਿਆਨ ਲਿਆ ਜਾਏ ਤਾਂ ਉਹਨਾਂ ਦੇ ਲਿਖਾਏ ਵਿਚ ਜ਼ਰੂਰ ਮਤਭੇਦ ਹੋਵੇਗਾ, ਪਰ ਲੜਾਈ ਝਗੜਾ ਹੋਇ ਤੋਂ ਕੋਈ ਇਨਕਾਰੀ ਨਹੀਂ ਹੋਇਗਾ। ਤਿਵੇਂ ਹੀ ਗੁਰਗੱਦੀ ਦੇਣੀ ਤਾਂ ਸਾਰੇ ਮੰਨਦੇ ਹਨ ਇਸ ਗਲ ਤੋਂ ਇਨਕਾਰ ਨਹੀਂ ਹੈ—ਅਗੇ ਹੋਰ ਪੜ੍ਹੀਏ :

—o—

ਪ੍ਰਸ਼ਨ—ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਮਿਲਣ ਦਾ ਇਤਿਹਾਸਕ ਸਬੂਤ

## ਸਿੱਖ ਇਤਿਹਾਸ ਦੀ ਵਡੱਪਣਾ

ਉਕਤ ਪੰਜਵੇਂ ਸਿਰਲੇਖ ਤੋਂ ਪਾਠਕਾਂ ਨੇ ਅਨੁਮਾਨ ਕਰਨਾ ਹੈ ਕਿ ਇਕੋ ਹੀ ਪ੍ਰਸ਼ਨ ਨੂੰ ਉਹ ਕਈ ਰੂਪਾਂ ਵਿਚ ਥੋਹੜੇ ਅਖਰਾਂ ਦੀ ਅਦਲਾ-ਬਦਲੀ ਨਾਲ ਲਿਖ ਰਿਹਾ ਹੈ ਤੇ ਉਸ ਦਾ ਮੁਖ ਸਿਧਾਂਤ ਵੀ ਇਹੋ ਹੈ ਕਿ ਗੁਰੂ ਗ੍ਰੰਥ ਜੀ ਗੁਰੂ ਨਹੀਂ ਹੈ। ਕੋਈ ਦੇਹਧਾਰੀ ਹੀ ਗੁਰੂ ਹੋ ਸਕਦਾ ਹੈ। ਐਸੇ ਵਖੋਂ ਵਖਰੇ ਤਰ੍ਹਾਂ ਦੇ ਕੀਤੇ ਪ੍ਰਸ਼ਨਾਂ ਦੇ ਉਤਰ ਅਸੀਂ ਯੋਗ ਤਰੀਕੇ ਨਾਲ ਪਿਛੇ ਲਿਖੇ ਹਨ। ਉਹ ਪਾਠਕਾਂ ਨੇ ਪੜ੍ਹੇ ਹਨ, ਪਰ ਹੋਰ ਪੁਛਾਂ ਦੇ ਮੁਕਾਬਲੇ ਵਿਚ ਵਾਰ ਵਾਰ ਸ੍ਰੀ ਗੁਰੂ ਗ੍ਰੰਥ ਜੀ ਦੀ ਗੁਰਤਾ ਨੂੰ ਸਿੱਧ ਕਰਨ ਵਾਸਤੇ ਇਤਿਹਾਸਕ ਸਬੂਤ ਸਾਨੂੰ ਵੀ ਪੇਸ਼ ਕਰਨੇ ਪੈਂਦੇ ਹਨ। ਕਿਉਂਕਿ ਉਸ ਨੂੰ ਕਿਸੇ ਪਹਿਲੀ ਲਿਖੀ ਗਈ ਲਿਖਤ ਵਿਚੋਂ ਕੋਈ ਜ਼ਰਾ ਜਿਤਨੀ ਵੀ ਕਮੀ ਦਿਸ ਆਈ ਹੈ ਤਾਂ ਉਸ ਨੂੰ ਉਹ ਆਪਣੇ ਮਤਲਬ ਵਾਸਤੇ ਵਰਤਦਾ ਪਿਆ ਹੈ।

ਮੋਹਰ ਸਿੰਘ ਨੂੰ ਇਹ ਖਿਆਲ ਨਹੀਂ ਹੈ ਕਿ ਕਿਸੇ ਜ਼ਮਾਨੇ ਵਿਚ ਕਿਸੇ ਲਿਖਾਰੀ ਵਲੋਂ ਕਿਸੇ ਦੀ ਜੀਵਨੀ ਉਤੇ ਕੁਝ ਲਿਖਿਆ ਜਾਏ ਤਾਂ ਉਹਾ ਸਭ ਕੁਝ ਨਹੀਂ ਹੁੰਦਾ ਜੋ ਲਿਖਿਆ ਮਿਲੇ। ਬਲਕਿ ਉਹ ਅਧੂਰਾ ਹੀ ਹੁੰਦਾ ਹੈ। ਪਰ ਗੁਰੂ ਗੋਬਿੰਦ ਸਿੰਘ ਜੀ ਬਾਬਤ ਪੂਰਾ ਲਿਖੇ ਦਾ ਕੋਈ ਦਾਹਵਾ ਨਹੀਂ ਕਰ ਸਕਦਾ, ਕਿ ਉਹਨਾਂ ਦੀ ੪੨ ਸਾਲ ਦੀ ਰੁਝੇਵੇਂ ਭਰੀ ਜ਼ਿੰਦਗੀ ਨੂੰ ਕਿਸੇ ਨੇ ਸਮਝਿਆ ਤੇ ਪੂਰਾ ਲਿਖਿਆ ਹੋਵੇ ? ਫਿਰ ਵੀ ਜਿਨ੍ਹਾਂ ਜਿਨ੍ਹਾਂ ਇਸ ਸਦੀ ਤੋਂ ਪਹਿਲੇ ਦੇ ਲਿਖਾਰੀਆ ਨੇ ਲਿਖਿਆ ਹੈ ਉਸ ਜ਼ਮਾਨੇ ਵਿਚ ਨਾ ਥਾਉਂ ਥਾਈਂ ਜਾ ਕੇ ਸਾਰੇ ਹਾਲ ਸਮਝਣੇ ਤੇ ਲਿਖਣੇ ਦੇ ਸਾਧਨ ਸਨ, ਤੇ ਮੁਗਲ ਸ਼ਾਹੀ (ਨਾਦਰ ਸ਼ਾਹੀ) ਵਰਤੇ ਵੇਲੇ ਜੰਗਲ ਨਿਵਾਸੀ ਸਿੰਘਾਂ ਵਿਚੋਂ ਕਿਸੇ ਪੜ੍ਹੇ ਲਿਖੇ ਵਿਦਵਾਨ ਦਾ ਦੂਰ ਨੇੜੇ ਜਾਣਾ ਹੀ ਅਸੰਭਵ ਸੀ, ਇਸ ਵਾਸਤੇ ਉਹ ਸਰੋਤ ਸੁਣੀਆਂ ਲਿਖਤਾਂ ਦੀਆਂ ਤਰੁਟੀਆਂ ਦੇ ਆਧਾਰ ਤੇ ਇਤਨਾ ਕੁਫਰ ਸਾਬਤ ਕਰਨ ਦੀ ਕੋਸ਼ਿਸ਼ ਕਰਦਾ, ਕਿ ਗੁਰੂ ਗ੍ਰੰਥ ਸਾਹਿਬ" ਗੁਰੂ ਨਹੀਂ ਹੈ ਤੇ ਥਿੜਕੇ ਹੋਏ ਲੋਕਾਂ ਦਾ ਇਹ ਪ੍ਰਚਾਰ ਹੈ, ਐਸਾ ਨਾਮਧਾਰੀ ਦਰਬਾਰ ਨੂੰ ਹੀ ਛਾਪਣਾ ਬਣਿਆ ਹੈ।

ਪਿਛੇ ਅਸੀਂ ਉਸ ਦੀਆਂ ੪ ਇਹਨਾਂ ਗੱਲਾਂ ਦਾ ਉਤਰ ਦੇ ਦਿਤਾ ਹੈ ਕਿ ਗੁਰੂ ਜੀ ਠੀਕ ਹੀ ਨਾਂਦੇੜ (ਦਖਣ) ਵਿਚ ਜੋਤੀ ਜੋਤ ਸਮਾਏ ਸਨ। ਉਹਨਾਂ ਗੁਰਗਦੀ ਵੀ ਦਿਤੀ। ਉਹਨਾਂ ਗੁਰੂ ਗ੍ਰੰਥ ਜੀ ਦੀ ਨਵੀਂ ਬੀੜ ਵੀ ਉਚਾਰਨ ਕੀਤੀ ਅਤੇ ਗੁਰੂ ਖਾਲਸਾ ਪੰਜ ਪਿਆਰਿਆਂ ਨੂੰ ਦੇਹਧਾਰੀ ਗੁਰੂ ਵਾਂਗ—ਗੁਰੂ ਕਾਰ ਨਿਭਾਹੁਣ ਦੇ ਅਧਿਕਾਰ ਦਿਤੇ ਸਨ। ਸਾਡੇ ਦਿਤੇ ਜਵਾਬ ਉਸ ਨੇ ਅਜੇ ਪੜੇ ਕਿ ਨਹੀਂ ? ਪਰ ਸੁਘੜ ਪਾਠਕਾਂ ਨੇ ਪੜ੍ਹਿਆ ਤੇ ਵਿਚਾਰਿਆ ਵੀ ਹੋਣਾ ਹੈ। ਅਸੀਂ ਤਾਂ ਮਜਬੂਰ ਹੋ ਕੇ ਉਸ ਦੀਆਂ ਬਾਰ ਬਾਰ ਪੁਛਾਂ ਦੇ ਸਬੂਤ ਪੇਸ਼ ਕਰਨੇ ਸਨ ਸੋ ਕੀਤੇ ਹਨ। ਫੈਸਲਾ ਪਾਠਕਾਂ ਨੇ ਦੇਣਾ ਹੈ, ਪਰ ਸਾਡੀ ਸਾਰੀ ਪੁਸਤਕ ਪੜ੍ਹ ਮਗਰੋਂ ਦੇਣਾ ਹੈ। ਹੁਣ ਉਸ ਦੀਆਂ ਹੋਰ ਪੁਛਾਂ ਦਾ ਉਤਰ ਵੀ ਪੇਸ਼ ਕਰਨਾ ਹੈ—ਪੜ੍ਹੀਏ।

ਸੰਤ ਮੋਹਰ ਸਿੰਘ ਨੇ ਉਕਤ ਸਿਰਲੇਖ (ਪੰਜਵੇਂ) ਹੇਠਾਂ ਪਹਿਲੀ ਤਰ੍ਹਾਂ ਦੇ ਪ੍ਰਸ਼ਨਾਂ ਤੋਂ ਵਖਰੇ ਇਕ "ਸ੍ਰੀ ਗੁਰ ਸੋਭਾ ਗ੍ਰੰਥ" ਨੂੰ ਬਹੁਤ ਪੁਰਾਣਾ ਤੇ ਪ੍ਰਮਾਣੀਕ ਦਸਿਆ ਹੈ। ਜਿਸ ਨੂੰ ਡਾਕਟਰ ਗੰਡਾ ਸਿੰਘ ਜੀ ਵਲੋਂ ਸੰਪਾਦਤ ਕੀਤਾ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਸੰਨ ੧੯੬੭ ਵਿਚ ਛਾਪਿਆ ਦਸਿਆ ਹੈ ਇਸ ਵਿਚੋਂ ਉਹ ਕੁਝ ਪੰਗਤੀਆਂ ਆਪਣੇ ਮਤਲਬ ਦੀਆਂ ਆਪਣੀ ਪੁਸਤਕ ਦੇ ਸਫਾ ੬੦ ਪਰ ਲਿਖਦਾ ਹੈ :

ਏਕ ਦਿਵਸ ਕਾਰਨ ਤੇ ਆਗੇ ॥ ਮਿਲ ਕੇ ਸਿੰਘ ਪੂਛਨੇ ਲਾਗੇ ॥
ਕਵਨ ਰੂਪ ਆਪਨ ਪ੍ਰਭ ਕੀਨੋ ॥ ਤਿਨ ਕੋ ਜਵਾਬ ਭਾਂਤ ਇਹ ਦੀਨੋ ॥
ਤਾਹਿ ਸਮੇਂ ਗੁਰ ਬੈਨ ਸੁਨਾਇਓ ॥ ਖਾਲਸ ਅਪਨਾ ਰੂਪ ਬਤਾਇਓ ॥
ਖਾਲਸ ਹੀ ਸੋ ਹੈ ਮਮ ਕਾਮਾ ॥ ਬਖਸ਼ ਦੀਯੋ ਖਾਲਸ ਕੋ ਜਾਮਾ ॥
(੪੧-੮੦੬)

ਦੋਹਿਰਾ : ਖਾਲਸ ਮੇਰੋ ਰੂਪ ਹੈ—ਹਉ ਖਾਲਸ ਕੇ ਪਾਸ ॥
ਆਦਿ ਅੰਤ ਹੀ ਹੋਤ ਹੈ—ਖਾਲਸ ਮੈ ਪਰਗਾਸ ॥

ਇਥੇ ਉਹ ਡਾਕਟਰ ਗੰਡਾ ਸਿੰਘ ਤੇ ਦੋਸ਼ ਥੋਪਦਾ ਹੈ ਕਿ ਇਹਨਾਂ ਨੇ 'ਖਾਲਸ' ਸ਼ਬਦ ਨੂੰ ਤੋੜ ਮਰੋੜ ਕੇ ਖਾਲਸਾ ਦਸਿਆ ਹੈ ਤੇ ਖਾਲਸ ਉਹ ਹੈ ਜਿਸ ਵਿਚ ਆਦਿ ਅੰਤ ਤੋਂ ਪ੍ਰਕਾਸ਼ ਹੁੰਦਾ ਆਇਆ ਹੈ।

ਪਾਠਕਾਂ ਨੇ ਦੇਖਿਆ ਕਿ ਕਿਤਨੀ ਨਿਕੀ ਜਹੀ ਗਲ ਨੂੰ ਉਹ ਖੰਭ ਤੋਂ ਕੁਕੜ ਬਣਾ ਦਸਦਾ ਹੈ ਭਾਵੇਂ ਲਿਖਣ ਵਾਲੇ ਨੂੰ ਕਿਸੇ ਥਾਂ ਮਾਤਰਾ ਦੇ ਵਾਧੇ ਘਾਟੇ ਨਾਲ ਸ਼ਬਦ ਲਿਖਣ ਦਾ ਹਕ ਹੁੰਦਾ ਹੈ। ਗੁਰੂ ਸੋਭਾ ਗ੍ਰੰਥ ਦੇ ਲੇਖਕ ਨੇ ਚੌਪਈ ਛੰਦ ਵਿਚ ਉਕਤ ਤੁਕਾਂ ਦਾ ਵਰਨਣ ਕੀਤਾ ਹੈ ਜਿਸ ਕਰਕੇ ਇਥੇ ਉਸ ਨੇ ਖਾਲਸਾ ਦੀ ਥਾਂਇ "ਖਾਲਸ" ਲਿਖਿਆ ਤੇ ਪਦ ਪੂਰਤੀ ਲਈ ਾ (ਕੰਨਾ) ਮਾਤਰਾ ਘਟਾ ਕੇ ਚਾਲ ਵਜਨ ਨੂੰ ਪੂਰਾ ਰਖਿਆ ਹੈ ਮੋਹਰ ਸਿੰਘ ਇਸ ਗਲ ਤੋਂ ਅਨਜਾਣ ਹੈ।

ਚੌਪਈ ਦੀਆਂ ੧੬ ਮਾਤਰਾ ਹੁੰਦੀਆਂ ਹਨ ਤੇ ਉਸ ਨੇ ਠੀਕ ਵਰਤੀਆਂ ਹਨ ਜੈਸੇ ਕਿ "ਖਾਲਸ ਅਪਨਾ ਰੂਪ ਬਤਾਇਓ। ਖਾਲਸ—ਅਪਨਾ ਰੂਪ ਬਤਾਇਓ" ਕਾਵਿ ਰੀਤੀ ਅਨੁਸਾਰ ਕਿਸੇ ਅਖਰ ਹੇਠ ਅੰਕੜ ਅਤੇ ਿ (ਸਿਹਾਰੀ) ਮਾਤਰਾ ਨਹੀਂ

ਮੰਨੀ ਜਾਂਦੀ। ਬਾਕੀ ਦਾ ਹਿਸਾਬ ਇਹ ਹੈ—ਖਾਲਸ ੪ ਮਾਤਰਾ, ਅਪਨਾ ੪ ਅਤੇ ਰੂਪ ੩ ਮਾਤ੍ਰਾ ਤੇ ਬਤਾਇਉ ੫ ਮਾਤਰਾ ਹਨ। ਇਹੋ ੧੬ ਮਾਤਰਾ ਵਿਚ ਠੀਕ ਚੋਪਈ ਦੀ ਕਾਵਿ ਚਾਲ ਹੈ। ਅਗਰ ਇਥੇ "ਖਾਲਸ ਅਪਨਾ ਰੂਪ ਦੀ ਥਾਏਂ ਾ ਮਾਤਰਾ ਵਧਾ ਕੇ ਖਾਲਸਾ ਆਪਨਾ ਰੂਪ ਬਤਾਇਉ" ਲਿਖਦੇ ਤਾਂ ਵਜ਼ਨ ਵਧ ਜਾਣ ਨਾਲ ਛੰਦ ਚਾਲ ਗਲਤ ਹੋ ਜਾਣੀ ਸੀ। ਇਸ ਵਾਸਤੇ "ਗੁਰ ਸੋਭਾ" ਵਾਲੇ ਨੇ 'ਖਾਲਸਾ' ਦੀ ਥਾਇੰ 'ਖਾਲਸ' ਸ਼ਬਦ ਵਰਤਿਆ ਹੈ। ਇਸ ਵਿਚ ਉਸ ਨੇ ਖਾਲਸਾ ਦੀ ਬਜਾਏ 'ਖਾਲਸ' ਲਿਖ ਕੇ ਕੋਈ ਵਿਸ਼ੇਸ਼ਤਾ ਨਹੀਂ ਦਿਤੀ। ਬਲਕਿ ਸ੍ਰੀ ਸਰਬ-ਲੋਹ ਵਿਚ ਲਿਖੇ ਦੀ ਕਾਪੀ ਨਹੀਂ ਕੀਤੀ ਤੇ ਬਰਾਬਰੀ ਵੀ ਨਹੀਂ ਕੀਤੀ। ਸ੍ਰੀ ਸਰਬ-ਲੋਹ ਵਿਚ "ਖਾਲਸਾ" ਸ਼ਬਦ ਦੀ ਵਰਤੋਂ ਗੁਰੂ ਜੀ ਵਲੋਂ ਇਉਂ ਹੈ—

"ਖਾਲਸਾ" ਮੇਰੋ ਰੂਪ ਹੈ ਖਾਸ ॥ ਖਾਲਸਾ ਮਹਿ ਹਉਂ ਕਰੋ ਨਿਵਾਸ ॥

ਗੁਰੂ ਸੋਭਾ ਵਿਚ—

ਤਾਂਹਿ ਸਮੇਂ ਗੁਰਬੈਨ ਸੁਨਾਇਉ ॥ ਖਾਲਸ ਆਪਣਾ ਰੂਪ ਬਤਾਇਉ ॥

ਹੁਣ ਪਾਠਕ ਹੀ ਵਿਚਾਰ ਸਕਦੇ ਹਨ ਕਿ ਦੋਹਾਂ ਲਿਖਤਾਂ ਵਿਚ ਕੀ ਫਰਕ ਹੈ ? ਜਿਸ ਵਿਚ ਇਕ ਾ ਕੰਨਾ ਮਾਤਰਾ ਨੂੰ ਛੰਦ ਚਾਲ ਠੀਕ ਰਖਣ ਵਾਸਤੇ ਗੁਰੂ ਸੋਭਾ ਦੇ ਲੇਖਕ ਨੇ ਨਹੀਂ ਵਰਤਿਆ ਤੇ ਮੋਹਰ ਸਿੰਘ ਕੀੜੀ ਵਾਂਗੂ ਮੋਰੀ ਲਭਣ ਦੀ ਕੋਸ਼ਿਸ਼ ਕੀਤੀ ਤੇ ਉਸ ਮਹਾਂ ਵਿਦਵਾਨ ਡਾਕਟਰ ਗੰਡਾ ਸਿੰਘ ਨੂੰ ਤੋੜ ਮਰੋੜ ਕੇ ਅਰੋਥ ਦਸਣ ਵਾਲਾ ਲਿਖਿਆ ਹੈ।

ਆਗੇ ਗੁਰੂ ਸੋਭਾ ਵਾਲੇ ਦਾ ਹੋਰ ਦੋਹਿਰਾ ਪੜ੍ਹੀਏ :

ਦੋਹਿਰਾ :—ਖਾਲਸ ਮੇਰੋ ਰੂਪ ਹੈ ਹਉ ਖਾਲਸ ਕੇ ਪਾਸ ॥
ਆਦਿ ਅੰਤ ਹੀ ਹੋਤ ਹੈ ਖਾਲਸ ਮੈਂ ਪ੍ਰਗਾਸ ॥

ਇਸ ਦੋਹਿਰੇ ਦਾ ਵੀ ਸਪਸ਼ਟ ਅਰਥ ਹੈ—"ਖਾਲਸ" (ਖਾਲਸਾ) ਮੇਰੋ ਰੂਪ-ਤੇ ਮੈਂ ਖਾਲਸੇ ਪਾਸ ਹਾਂ। ਖਾਲਸੇ ਵਿਚ ਮੇਰਾ ਨਿਵਾਸ, ਤਥਾ ਖਾਲਸੇ ਵਿਚ ਹੀ ਆਦਿ ਅੰਤ ਤੀਕ (ਹਮੇਸ਼ਾ) ਪਰਗਾਸ ਹੁੰਦਾ ਹੈ।

ਉਕਤ ਦੁਪਾਸੀ ਲਿਖਤ ਵਿਚ ਰੈਚਕ ਮਾਤਰ ਅਰਥ ਦਾ ਫਰਕ ਨਹੀਂ, ਪਰ ਮਾਤਰਾ ਦੇ ਫਰਕ ਨੂੰ ਉਸ ਨੇ ਉਛਾਲਿਆ ਅਤੇ ਅਗੋਂ ਹੋਰ ਗੁਰਸੋਭਾ ਗ੍ਰੰਥ ਵਿਚੋਂ ਹੀ "ਲੋਟਨ ਛੰਦ" ਹੇਠ ਦੀ ਲਿਖਤ ਦਾ ਹਵਾਲਾ ਦਿੰਦਾ ਹੈ।

ਖਾਲਸ ਖਾਸ ਕਹਾਵੈ ਸੋਈ ॥ ਜਾਕੈ ਹਿਰਦੈ ਭਰਮ ਨਾ ਹੋਈ ॥
ਭਰਮ ਭੇਖ ਤੇ ਰਹੈ ਨਿਆਰਾ ॥ ਸੋ ਖਾਲਸ ਸਤਿਗੁਰੂ ਹਮਾਰਾ ॥
(ਗੁਰੂ ਸੋਭਾ)

ਸਰਬ-ਲੋਹ ਵਿਚੋਂ :—

ਖਾਲਸਾ ਮੇਰੋ ਸਜਨ ਸੂਰਾ ॥ ਖਾਲਸਾ ਮੇਰੋ ਸਤਿਗੁਰੂ ਪੂਰਾ ॥
(ਪਾਤਸ਼ਾਹੀ ਦਸਵੀਂ)

ਹੁਣ ਪਾਠਕਾ ਨੇ ਵਿਚਾਰਨਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ "ਖਾਲਸਾ ਮੇਰੋ

ਸਤਿਗੁਰ ਪੂਰਾ ॥ ਲਿਖਿਆ ਤੇ ਗੁਰੂ ਸੋਭਾ ਵਾਲੇ ਨੇ—"ਸੋ ਖਾਲਸ ਸਤਿਗੁਰੂ ਹਮਾਰਾ (ਇਹ ਵੀ) ਗੁਰੂ ਜੀ ਵਲੋਂ ਉਸ ਨੇ ਲਿਖਿਆ ਹੈ, ਮੇਰੀ ਸਮਝ ਵਿਚ ਤਾਂ ਇਕੋ ਰਹਿਤ-ਵਾਨ (ਆਤਮ ਰਸੀਆ) ਵਿਅਕਤੀ ਵਾਸਤੇ ਹੀ ਦੋ-ਵੱਲੋਂ ਸ਼ਬਦ ਅਰਥ ਵਿਚ ਕੋਈ ਫਰਕ ਹੈ, ਤਾਂ ਪਾਠਕਾਂ ਨੇ ਸਰਬ-ਲੋਹ ਗ੍ਰੰਥ ਦੀ ਲਿਖਤ (ਗੁਰੂ ਗੋਬਿੰਦ ਸਿੰਘ ਜੀ) ਨੂੰ ਵਧੇਰੇ ਪ੍ਰਵਾਨਤਾ ਦੇਣੀ ਹੈ ਜਾਂ ਕਿ ਗੁਰੂ ਜੀ ਤੋਂ ਬਹੁਤ ਅਰਸਾ ਬਾਅਦ ਦੀ ਲਿਖਤ ਗੁਰ ਸੋਭਾ ਗ੍ਰੰਥ ਨੂੰ ?

ਅਗਲੀਆਂ ਪੰਗਤੀਆਂ ਲੋਟਨ ਛੰਦ ਦੀਆਂ ਹੋਰ ਪੇਸ਼ ਕਰਦਾ ਹੈ ਤੇ ਲਿਖਦਾ ਕਿ ਗੁਰੂ ਸ਼ੋਭਾ ਗ੍ਰੰਥ ਵਿਚ ਇਸ ਦੇ ਲੇਖਕ ਨੇ ਇਉਂ ਹੋਰ ਲਿਖਿਆ ਹੈ—

੧—ਸਤਿਗੁਰੂ ਹਮਾਰਾ ਅਪਰ ਅਪਾਰਾ ਸ਼ਬਦ ਬਿਚਾਰਾ ਅਜਰ ਜਰੇ ॥
੨—ਹਿਰਦੇ ਧਰ ਧਿਆਨੀ ਉਚਰੀ ਬਾਨੀ ਪਦ ਨਿਰਬਾਨੀ ਅਪਰ ਪਰੇ ॥
੩—ਗਤਿ ਮਿਤਿ ਅਪਾਰੇ ਬਹੁ ਬਿਸਥਾਰੇ ਵਾਰ ਨਾ ਪਾਰੇ ਤਵ ਸਰਨੇ ॥
੪—ਤਵਜੋਤਿ ਪਰਗਾਸੀ ਸਰਬ ਨਿਵਾਸੀ ਸਰਬ ਉਦਾਸੀ ਤਵ ਸਰਨੇ ॥
(੪੩-੮੦੮)

ਉਪਰਲੀ ਕਵਿਤਾ ਪੇਸ਼ ਕਰਕੇ ਇਹ ਲਿਖਦਾ ਕਿ ਗੁਰੂ ਸੋਭਾ ਗ੍ਰੰਥ ਵਿਚ ਇਕ ਵਾਰ ਵੀ ਨਾ ਤਾਂ ਖਾਲਸੇ ਦਾ ਹੀ ਨਾਮ ਆਇਆ ਹੈ। ਪਰ ਡਾਕਟਰ (ਗੰਡਾ ਸਿੰਘ) ਸਾਹਿਬ ਨੇ "ਖਾਲਸ" ਨੂੰ ਤਰੋੜ ਮਰੋੜ ਕੇ ਖਾਲਸਾ ਬਣਾਣ ਦਾ ਜਤਨ ਕੀਤਾ ਹੈ।

ਉਕਤ ਲੇਖਕ ਦੀ ਸਮਝ ਪਰ ਸਿਵਾਏ ਅਫਸੋਸ ਜਾਂ ਬੇਸਮਝੀ ਦੇ ਕੀ ਆਖੀਏ ? ਜੋ ਇਤਨਾ ਵੀ ਨਹੀਂ ਸਮਝ ਸਕਿਆ ਕਿ ਜਿਥੇ ਬਹੁ-ਗਿਣਤੀ ਦਰਸਾਣੀ ਸੀ ਉਥੇ ਡਾਕਟਰ ਜੀ ਨੇ "ਖਾਲਸੇ" ਸ਼ਬਦ ਵਰਤਿਆ ਹੋਣਾ ਅਤੇ ਇਕ ਦੀ ਥਾਂ ਉਹਨਾਂ ਨੇ "ਖਾਲਸ" ਦਾ ਅਰਥ ਖਾਲਸਾ ਹੀ ਲਿਖਿਆ ਹੋਣਾ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਮੁਤਾਬਕ ਠੀਕ ਹੈ। ਗੁਰੂ ਸਾਹਿਬ ਨੇ ਦੋ ਤਰ੍ਹਾਂ ਨਹੀਂ ਬਲਕਿ ਚਾਰ ਤਰ੍ਹਾਂ ਦਾ (ਮਾਤਰਾ ਦੇ ਵਾਧੇ ਘਾਟੇ ਨਾਲ) ਸਰਬ-ਲੋਹ ਵਿਚ ਪਦ ਪੂਰਤੀ ਲਈ ਵਰਤਿਆ ਹੈ :
(ਪੰਨਾ ੪੯੬ ਉਤੇ ਛਪਿਆ)

੧—ਪੰਥ ਖਾਲਸਾ ਭਯੋ ਪੁਨੀਤਾ ਪ੍ਰਭ ਆਗਿਆ ਕਰ ਉਚਤ ਭਏ ॥
ਮਿਟਯੋ ਦਵੈਤ ਸੰਜੁਗਿਤ ਉਪਾਸਨ ਅਸਰ ਮਲੇਛਨ ਮੂਲ ਗਏ ॥
੨—ਪਰਮ ਪੰਥ ਖਾਲਸ ਪ੍ਰਚੁਰ ਭਯੋ ਸਤਿ ਸ਼ਿਵ ਪ੍ਰੰਨ ਰੂਪ ਜਏ ॥
ਕਛ ਕੇਸ ਕਿਰਪਾਨ ਮੁਦ੍ਰਿਤ ਗੁਰ ਭਗਤਾ ਰਾਮ ਦਾਸ ਭਏ ॥
੩—ਕਾਲ ਉਪਾਸ਼ਕ ਛਤ੍ਰੀ ਧਰਮਾ ਰਣਿ ਕਟਿ ਕੱਸ ਪ੍ਰਧਾਨ ਆਏ ॥
ਤਾਂ ਮਹਿ ਪੰਚ ਖਾਲਿਸ ਪ੍ਰਵਾਨਾ ਪੰਚ ਪ੍ਰਧਾਨ ਖਾਲਸਹਿ ਭਏ ॥
੪—ਖਾਲਸਾ ਮੇਰੋ ਮੁਖ ਹੈ ਅੰਗ ॥ ਖਾਲਸੇ ਕੇ ਹਉ ਬਸਤ ਸਦ ਸੰਗ ॥
(੫੩੧)

ਹੁਣ ਗੁਰੂ ਸੋਭਾ ਗ੍ਰੰਥ ਦੇ ਲੇਖਕ ਉਤੇ ਅਸੀਂ ਇਹ ਦੋਸ਼ ਲਾਈਏ ਕਿ ਗੁਰੂ ਜੀ ਨੇ ਬਹੁਤ ਕਰਕੇ ਖਾਲਸਾ ਸ਼ਬਦ ਵਰਤਿਆ ਅਤੇ ਗੁਰਸੋਭਾ ਵਾਲੇ ਨੇ ਹਰ ਥਾਂ 'ਖਾਲਸ'

ਵਰਤ ਕੇ 'ਖਾਲਸਾ' ਸ਼ਬਦ ਦੀ ਤੋੜ ਮਰੋੜ ਕੇ ਲਿਖਤ ਕੀਤੀ ਹੈ ਤਾਂ ਕਾਵਿ ਗਿਆਨੀਆਂ ਨੇ ਸਾਡੀ ਅਕਲ ਦਾ ਵੀ ਮਾਤਮ ਹੀ ਮਨਾਣਾ ਹੈ।

ਅਸਲ ਗਲ ਇਹ ਹੈ ਕਿ ਜਿਵੇਂ ਗੁਰੂ ਜੀ ਨੇ "ਪੰਚ ਚਾਲਿਸ ਪ੍ਰਵਾਨਾ" ਅਤੇ "ਪੰਚ ਪ੍ਰਧਾਨ ਖਾਲਸਹਿ ਠਏ" ਲਿਖਿਆ ਹੈ—ਭਾਵ ਕਿ ਪੰਜ ਪਿਆਰੇ ਅਤੇ ਚਾਲੀਸ ਮੁਕਤੇ ਖਾਲਸਾ ਪੰਥ ਵਿਚ ਪ੍ਰਵਾਨ ਹਨ। ਉਹਨਾਂ ਵਿਚੋਂ ਪੰਚ ਪ੍ਰਧਾਨ ਖਾਲਸਹਿ ਠਏ ਅਥਵਾ ਪੰਜ ਗੁਰੂ ਖਾਲਸਾ ਪ੍ਰਧਾਨ ਮੰਨੇ ਗਏ ਹਨ। ਇਹੋ ਸਾਫ ਅਰਥ ਹੈ :

"ਗੁਰੂ ਸੋਭਾ" ਦੇ ਲੇਖਕ ਨੇ ਖਾਲਸਾ ਜੀ ਦੀ ਵਡਿਆਈ ਨੂੰ ਵਰਨਣ ਕਰਦੇ ਹੋਇਆਂ ਇਸ ਗਲ ਦਾ ਧਿਆਨ ਰਖਿਆ ਕਿ ਮੇਰੀ ਲਿਖਤ ਨਿਰੀ ਪੁਰੀ ਗੁਰੂ ਲਿਖਤ ਦੀ ਨਕਲ ਨਾ ਮੰਨੀ ਜਾਏ, ਜਿਸ ਤੇ ਬਹੁਤ ਵੇਰ 'ਖਾਲਸ' ਸਬਦ ਹੀ ਵਰਤਿਆ ਅਤੇ ਆਪਣੀ ਕਵਿਤਾ ਨੂੰ ਪਿੰਗਲ ਗੀਤ ਤੋਂ ਬਾਹਰ ਵੀ ਨਹੀਂ ਜਾਣ ਦਿਤਾ ਅਤੇ ਚੌਪਈ' ਛੰਦ ਦੀ ਚਾਲ ਨੂੰ ਪੂਰਾ ਨਿਭਾਇਆ ਹੈ।

ਸੰਤ ਮੋਹਰ ਸਿੰਘ ਨੇ ਉਕਤ 'ਗੁਰ ਸੋਭਾ' ਦੀ ਲਿਖਤ ਜੋ ੧ ਤੋਂ ੪ ਨੰਬਰ ਤੀਕ ਪੰਗਤੀਆਂ ਵਿਚ ਦਸੀ ਹੈ ਇਸ ਨੂੰ ਬਹੁਤ ਪ੍ਰਵਾਨੀਕ ਵੀ ਲਿਖਦਾ ਤੇ ਇਸ ਗਲ ਦਾ ਯਕੀਨ ਕਰਾਂਦਾ ਹੋਇਆ ਲਿਖਦਾ ਹੈ ਕਿ "ਗੁਰੂ ਸੋਭਾ ਗ੍ਰੰਥ ਵਿਚ ਗੁਰੂ ਗ੍ਰੰਥ ਦਾ ਨਾਮ ਨਹੀਂ ਆਇਆ। ਤਾਂ ਇਸ ਦਾ ਇਹ ਜਵਾਬ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨੀ ਦਾ ਕਵੀ ਸੰਤੋਖ ਸਿੰਘ ਨੇ ਪੂਰਾ ਇਕ ਹੀ ਗ੍ਰੰਥ ਲਿਖਿਆ ਹੈ ਉਸ ਤੋਂ ਵੀ ਗੁਰੂ ਜੀ ਦੀ ਸਾਰੀ ਜੀਵਨੀ ਨਹੀਂ ਲਿਖੀ ਜਾ ਸਕੀ ਤੇ ਅਸੀਂ "ਸਫਰ ਨਾਮਾ ਜ਼ਫਰਨਾਮਾ" ਪੁਸਤਕ ਦੀ ੫੦੦ ਸਫ਼ੇ ਦੀ ਲਿਖਤ ਵੇਲੇ ਕਈ ਥਾਂ ਮੌਕੇ ਦੀਆਂ ਪੜਤਾਲਾਂ ਕੀਤੀਆਂ ਤੇ ਕਈ ਨਵੀਆਂ ਗਲਾਂ ਸਾਹਮਣੇ ਆਈਆਂ ਨੂੰ ਲਿਖਿਆ ਹੈ—ਤਦ ਵੀ ਮੁਕੰਮਲ ਹੋਣ ਦਾ ਦਾਅਵਾ ਨਹੀਂ ਹੈ, ਤਾਂ ਗੁਰ ਸੋਭਾ ਦੇ ਲੇਖਕ ਪਾਸੋਂ ਜਦੋਂ ਕਿ ਉਹ ਅਨੰਦਪੁਰ ਸਾਹਿਬ ਬੈਠੇ ਅਤੇ ਅਧੀ ਸਦੀ ਪਿਛੋਂ ਉਹਨਾਂ ਨੇ ਜੋ ਕੁਝ ਲਿਖਿਆ ਹੈ, ਕਿਵੇਂ ਸਭ ਕੁਝ ਠੀਕ ਠੀਕ ਲਿਖਿਆ ਜਾਂਦਾ ?

ਪਰ ਇਹ ਗਲ ਜਿਹੜੀ ਸੰਤ ਮੋਹਰ ਸਿੰਘ ਨਹੀਂ ਮੰਨਦਾ (ਕਿ ਗੁਰੂ ਜੀ ਨੇ ਕੋਈ ਬੀੜ ਜ਼ਬਾਨੀ ਉਚਾਰ ਕੇ ਲਿਖਾਈ ਹੈ) ਉਹ ਤਾਂ "ਗੁਰ ਸੋਭਾ ਗ੍ਰੰਥ" ਦੀ ਪਿਛੇ ਦਿਤੀ ਲਿਖਤ (ਪੰਕਤੀ ਪਹਿਲੀ ਦੂਜੀ) ਤੋਂ ਸਾਫ ਸਾਬਤ ਹੈ—

੧—ਸਤਿਗੁਰੂ ਹਮਾਰਾ ਅਪਰ ਅਪਾਰਾ ਸ਼ਬਦ ਬਿਚਾਰਾ ਅਜਰ ਜਰੇ ॥
੨—ਹਿਰਦੇ ਧਰ ਧਿਆਨੀ ਉਚਰੀ ਬਾਣੀ ਪਦ ਨਿਰਬਾਨੀ ਅਪਰ ਪਰੇ ॥

ਇਹਨਾਂ ਪੰਗਤੀਆਂ ਵਿਚ ਗੁਰੂ ਜੀ ਵਲੋਂ ਸ਼ਬਦ ਵਿਚਾਰਾਂ ਦੀ ਲੋੜ ਮਹਿਸੂਸ ਕਰਕੇ ਅਜਰ ਸ਼ਕਤੀ ਨੂੰ ਜਰਦੇ ਹੋਇਆਂ ਹਿਰਦੇ ਵਿਚ ਧਿਆਨ ਧਰ ਕੇ (ਅੰਤਰ ਧਿਆਨ ਹੋ ਕੇ) ਉਚਰੀ ਬਾਣੀ ਭਾਵ ਬਾਣੀ ਦਾ ਉਚਾਰਨ ਕੀਤਾ ਨੇ। ਐਸੇ ਸਤਿਗੁਰੂ ਮੇਰੇ ਹਨ ਜੋ ਨਿਰਬਾਨ ਪਦਵੀ ਨੂੰ ਪ੍ਰਾਪਤ ਅਤੇ ਅਪਰ ਅਪਾਰ ਮਹਿਮਾ ਦੇ ਮਾਲਕ ਹਨ ਸੋ ਕਿਸੇ ਵੀ ਭਾਵ ਪੂਰਤ ਸੰਕੋਚਵੇਂ ਸ਼ਬਦ ਦੀ ਵਿਆਖਿਆ, ਐਸੇ ਹੀ ਕੀਤੀ ਜਾ ਸਕਦੀ ਹੈ। ਹੁਣ ਪਾਠਕਾਂ ਨੇ ਸਮਝ ਲਿਆ ਹੋਣਾ ਹੈ ਕਿ ਕਾਵਿ ਗੀਤ ਨੂੰ ਖੁਦ ਨਾ

ਸਮਝਦੇ ਹੋਇਆਂ (ਸੰਤ ਮੇਹਰ ਸਿੰਘ ਜੀ ਨੇ) ਡਾ: ਗੰਡਾ ਸਿੰਘ ਜੀ ਨੂੰ ਤੋੜ ਮਰੋੜ ਕਰਦੇ ਦਸਿਆ ਪਰ ਇਹਨਾਂ ਦੀ ਆਪਣੀ ਸੂਝ ਬੂਝ ਅਤੇ ਚਤਰਾਈ ਵਰਤੇ ਦੀ 'ਦਾਦ' ਇਹਨਾਂ ਨੂੰ ਪਾਠਕਾਂ ਵਲੋਂ ਜ਼ਰੂਰ ਮਿਲਣੀ ਚਾਹੀਦੇ।

ਹੁਣ ਅਗੇ ਸੰਤ ਜੀ ਨੇ ਸਫ਼ਾ ੬੧ ਪਰ "ਗੁਰ ਬਿਲਾਸ ਸੁਖਾ ਸਿੰਘ" ਵਾਲੇ ਦਾ ਹਵਾਲਾ ਵੀ ਦਿਤਾ ਕਿ ਇਸ ਵਿਚ ਛੰਦ ੨੩ ਤੋਂ ੨੫ ਦੀ ਲਿਖਤ ਵਿਚ ਡਾਕਟਰ ਜੀ ਨੇ ਫੇਰ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਨੂੰ ਸਿੱਧ ਕੀਤਾ, ਇਹ ਗਲਤ ਹੈ। ਬਲਕਿ ਸਿਖਾਂ ਨੇ ਜਦੋਂ ਪੁਛ ਕੀਤੀ ਤਾਂ ਉਸ ਵੇਲੇ ਦੇ ਐਸੇ ਸ਼ਬਦ ਵਰਤੇ ਸੀ—

੧—ਤਾਂਤੇ ਇਹ ਬਿਨੈ ਹਮ ਪਾਵੈ, ਕਹਾਂ ਖਾਲਸਾ ਸੀਸ ਟਿਕਾਵੈ ॥
੨—ਤਾਂਤੇ ਅੰਚਰ ਹਮ ਪਕਰਾਵੋ। ਜਹਾਂ ਆਪ ਸੋ ਠੌਰ ਬਤਾਵੋ ॥੨੩॥
੩—ਹੁਕਮ ਹੂਆ ਬਤੀਆ ਸੁਨਿ ਜਾਈ। ਆਗੈ ਰਖਿਉ ਗ੍ਰੰਥ ਮਮ ਪਾਈ ॥
੪—ਸ੍ਰੀ ਅਸਧੁਜ ਕਾ ਲਰ ਪਕਰਾਇਉ ॥
ਅਕਾਲ ਪੁਰਖ ਕੇ ਚਰਨੀ ਲਾਇਉ ॥੨੪॥
੫—ਰੂਪ ਰੰਗ ਜਾਕਰ ਨਹੀ ਕੋਈ ॥ ਘਟ ਮਹਿ ਤੁਮੇ ਲਖਾਇਉ ਸੋਈ ॥
੬—ਤਾ ਕਹ ਨਿਰਖ ਜਪੋ ਮਨ ਮਾਹੀ ॥
ਅਧਕ ਸੁਖ ਹਵੈ ਤੁਮੈ ਮਹਾਂ ਹੀ ॥੨੫॥

ਸੰਤ ਮੇਹਰ ਸਿੰਘ ਦਾ ਉਕਤ ਪੰਕਤੀਆਂ ਲਿਖ ਦਸਣ ਦਾ ਇਹ ਭਾਵ ਹੈ ਕਿ ਇਹਨਾਂ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਮਿਲਣ ਦਾ ਜ਼ਿਕਰ ਨਹੀਂ ਤੇ ਉਹ ਲਿਖਦਾ ਕਿ ਪਤਾ ਨਹੀਂ ਇਹੋ ਜਿਹੇ ਵਿਦਵਾਨ (ਡਾ: ਗੰਡਾ ਸਿੰਘ) ਨੂੰ ਕੀ ਆਖੀਏ ? ਪਤਾ ਨਹੀਂ ਇਹ ਡਾਕਟਰੇਟ ਦੀਆਂ ਡਿਗਰੀਆਂ ਕਿਵੇਂ ਪ੍ਰਾਪਤ ਕਰ ਲੈਂਦੇ ਹਨ ? ਅਤੇ ਭਾਸ਼ਾ ਵਿਭਾਗ ਕਿਸ ਤਰ੍ਹਾਂ ਅਜਿਹੀਆਂ ਰਚਨਾਵਾਂ ਨੂੰ ਪ੍ਰਕਾਸ਼ਤ ਕਰਦੇ ਹਨ ਜੋ ਤਥਾਂ ਨੂੰ ਤਰੋੜ ਮਰੋੜ ਕੇ ਪੇਸ਼ ਕਰਦੇ ਹਨ।

ਹੁਣ ਪਾਠਕਾਂ ਨੇ ਜੱਜਾਂ ਵਾਂਗੂ ਧਿਆਨ ਨਾਲ ਪੜ ਕੇ ਵਿਚਾਰਨਾ ਹੈ ਕਿ ਕਿਹੋ ਜਿਹੇ ਸ਼ਬਦ ਇਸ ਨੇ ਉਕਤ ਵਿਦਵਾਨਾਂ ਦੇ ਆਸ਼ੇ ਨੂੰ ਸਮਝੇ ਬਿਨਾਂ ਵਰਤੇ ਹਨ। ਡਾਕਟਰ ਜੀ ਨੇ ਕਵਿਤਾ ਵਿਚ ਲਿਖੀ ਲਿਖਤ ਦਾ ਤਤਸਾਰ ਪੇਸ਼ ਕੀਤਾ ਹੈ ਜੋ ਸੰਤ ਮੇਹਰ ਸਿੰਘ ਦੀ ਸਮਝ ਵਿਚ ਨਹੀਂ ਆਇਆ ਤੇ ਉਹਨਾਂ ਉਤੇ ਤਰੋੜ ਮਰੋੜ ਦਾ ਦੋਸ਼ ਥੋਪਦਾ ਹੈ। ਉਸ ਕਵਿਤਾ ਵਿਚਲੀ ਲਿਖਤ ਦੇ ਭਾਵ ਨੂੰ ਇਉਂ ਸਮਝਣਾ ਚਾਹੀਏ।

ਕਿਸੇ ਬਾਗ ਵਿਚ ਗੁਲਾਬ ਦੇ ਖਿੜੇ ਫੁਲ ਵਿਚੋਂ ਨਾ ਖੁਸ਼ਬੋ ਪ੍ਰਤੱਖ ਦਿਸਦੀ, ਨ ਤੇਲ ਅਤਰ ਜੋ ਰਸਿਆ ਹੁੰਦਾ ਦਿਖਾਈ ਦਿੰਦਾ ਹੈ, ਪਰ ਹੈ ਜ਼ਰੂਰ। ਅਤਾਰ ਆਪਣੇ ਢੰਗ ਨਾਲ ਅਤਰ ਕਢ ਕੇ ਸ਼ੀਸ਼ੀ ਵਿਚ ਰਖਦੇ ਤਦ ਨਾ ਫੁਲ ਦਿਸਦਾ ਨਾ ਕੰਡੇ ਪਤੇ ਅਤੇ ਡਾਲੀਆਂ ਦਿਸਦੀਆਂ ਹਨ। ਤਦ ਕੋਈ ਆਦਮੀ ਅਤਰ ਵੇਚਨ ਵਾਲਿਆਂ ਪਾਸੋਂ ਅਤਰ ਖਰੀਦਣ ਵੇਲੇ ਜੇਕਰ ਖੁਸ਼ਬੂ ਸੁੰਘੇਗਾ ਤਾਂ ਉਹ ਮੰਨ ਜਾਇਗਾ ਇਹ ਗੁਲਾਬ ਦਾ ਅਤਰ ਹੈ ਅਤੇ ਜੇ ਕੋਈ ਸਿਰਫ ਸ਼ੀਸ਼ੀ ਵਿਚ ਪਿਆ ਅਤਰ ਦੇਖ ਕੇ ਕਹੇ ਕਿ ਇਸ ਵਿਚ ਫੁਲਾਂ ਸਮੇਤ ਡਾਲੀ ਪਤੇ ਗੁਲਾਬ ਦੇ ਨਹੀਂ ਦਿਸਦੇ, ਇਹ ਅਤਰ ਨਹੀਂ ਹੈ ਤਦ ਲੋਕੀਂ ਉਸ ਖਰੀਦਣ ਵਾਲੇ ਬਾਬਤ ਕੀ ਵਿਸ਼ਵਾਸ ਕਰਨਗੇ ? ਇਹੋ ਅਵਸਥਾ ਸੰਤ

ਸਮਝਦੇ ਹੋਇਆਂ (ਸੰਤ ਮੇਹਰ ਸਿੰਘ ਜੀ ਨੇ) ਡਾ: ਗੰਡਾ ਸਿੰਘ ਜੀ ਨੂੰ ਤੋੜ ਮਰੋੜ ਕਰਦੇ ਦਸਿਆ ਪਰ ਇਹਨਾਂ ਦੀ ਆਪਣੀ ਸੂਝ ਬੂਝ ਅਤੇ ਚਤੁਰਾਈ ਵਰਤਣ ਦੀ 'ਦਾਦ' ਇਹਨਾਂ ਨੂੰ ਪਾਠਕਾਂ ਵਲੋਂ ਜ਼ਰੂਰ ਮਿਲਣੀ ਚਾਹੀਦੀ।

ਹੁਣ ਅਗੇ ਸੰਤ ਜੀ ਨੇ ਸਫਾ ੬੧ ਪਰ "ਗੁਰ ਬਿਲਾਸ ਸੁਖਾ ਸਿੰਘ" ਵਾਲੇ ਦਾ ਹਵਾਲਾ ਵੀ ਦਿਤਾ ਕਿ ਇਸ ਵਿਚ ਛੰਦ ੨੩ ਤੋਂ ੨੫ ਦੀ ਲਿਖਤ ਵਿਚ ਡਾਕਟਰ ਜੀ ਨੇ ਫੇਰ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਨੂੰ ਸਿੱਧ ਕੀਤਾ, ਇਹ ਗਲਤ ਹੈ। ਬਲਕਿ ਸਿਖਾਂ ਨੇ ਜਦੋਂ ਪੁਛ ਕੀਤੀ ਤਾਂ ਉਸ ਵੇਲੇ ਦੇ ਐਸੇ ਸ਼ਬਦ ਵਰਤੇ ਸੀ—

੧—ਤਾਂਤੇ ਇਹ ਬਿਨੈ ਹਮ ਪਾਵੈਂ, ਕਹਾਂ ਖਾਲਸਾ ਸੀਸ ਟਿਕਾਵੈ ॥
੨—ਤਾਂਤੇ ਅੰਚਰ ਹਮ ਪਕਰਾਵੋ। ਜਹਾਂ ਆਪ ਸੋ ਠੌਰ ਬਤਾਵੋ ॥੨੩॥
੩—ਹੁਕਮ ਹੂਆ ਬਤੀਆ ਸੁਨਿ ਕਾਈ। ਆਗੈ ਰਖਿਉ ਗ੍ਰੰਥ ਮਮ ਪਾਈ ॥
੪—ਸ੍ਰੀ ਅਸਧੁਜ ਕਾ ਲਰ ਪਕਰਾਇਉ ॥
ਅਕਾਲ ਪੁਰਖ ਕੇ ਚਰਨੀ ਲਾਇਉ ॥੨੪॥
੫—ਰੂਪ ਰੰਗ ਜਾਕਰ ਨਹੀ ਕੋਈ ॥ ਘਟ ਮਹਿ ਤੁਮੇ ਲਖਾਇਉ ਸੋਈ ॥
੬—ਤਾ ਕਹ ਨਿਰਖ ਜਪੋ ਮਨ ਮਾਹੀ ॥
ਅਧਕ ਸੁਖ ਹਵੈ ਤੁਮੈ ਮਹਾਂ ਹੀ ॥੨੫॥

ਸੰਤ ਮੇਹਰ ਸਿੰਘ ਦਾ ਉਕਤ ਪੰਕਤੀਆਂ ਲਿਖ ਦਸਣ ਦਾ ਇਹ ਭਾਵ ਹੈ ਕਿ ਇਹਨਾਂ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਮਿਲਣ ਦਾ ਜ਼ਿਕਰ ਨਹੀਂ ਤੇ ਉਹ ਲਿਖਦਾ ਕਿ ਪਤਾ ਨਹੀਂ ਇਹੋ ਜਿਹੇ ਵਿਦਵਾਨ (ਡਾ: ਗੰਡਾ ਸਿੰਘ) ਨੂੰ ਕੀ ਆਖੀਏ? ਪਤਾ ਨਹੀਂ ਇਹ ਡਾਕਟਰੇਟ ਦੀਆਂ ਡਿਗਰੀਆਂ ਕਿਵੇਂ ਪ੍ਰਾਪਤ ਕਰ ਲੈਂਦੇ ਹਨ? ਅਤੇ ਭਾਸ਼ਾ ਵਿਭਾਗ ਕਿਸ ਤਰ੍ਹਾਂ ਅਜਿਹੀਆਂ ਰਚਨਾਵਾਂ ਨੂੰ ਪ੍ਰਕਾਸ਼ਤ ਕਰਦੇ ਹਨ ਜੋ ਤਥਾਂ ਨੂੰ ਤਰੋੜ ਮਰੋੜ ਕੇ ਪੇਸ਼ ਕਰਦੇ ਹਨ।

ਹੁਣ ਪਾਠਕਾਂ ਨੇ ਜੱਜਾਂ ਵਾਂਗੂ ਧਿਆਨ ਨਾਲ ਪੜ੍ਹ ਕੇ ਵਿਚਾਰਨਾ ਹੈ ਕਿ ਕਿਹੋ ਜਿਹੇ ਸ਼ਬਦ ਇਸ ਨੇ ਉਕਤ ਵਿਦਵਾਨਾਂ ਦੇ ਆਸ਼ੇ ਨੂੰ ਸਮਝੇ ਬਿਨਾਂ ਵਰਤੇ ਹਨ। ਡਾਕਟਰ ਜੀ ਨੇ ਕਵਿਤਾ ਵਿਚ ਲਿਖੀ ਲਿਖਤ ਦਾ ਤਤਸਾਰ ਪੇਸ਼ ਕੀਤਾ ਹੈ ਜੋ ਸੰਤ ਮੇਹਰ ਸਿੰਘ ਦੀ ਸਮਝ ਵਿਚ ਨਹੀਂ ਆਇਆ ਤੇ ਉਹਨਾਂ ਉਤੇ ਤਰੋੜ ਮਰੋੜ ਦਾ ਦੋਸ਼ ਥੋਪਦਾ ਹੈ। ਉਸ ਕਵਿਤਾ ਵਿਚਲੀ ਲਿਖਤ ਦੇ ਭਾਵ ਨੂੰ ਇਉਂ ਸਮਝਣਾ ਚਾਹੀਏ।

ਕਿਸੇ ਬਾਗ ਵਿਚ ਗੁਲਾਬ ਦੇ ਖਿੜੇ ਫੁਲ ਵਿਚੋਂ ਨਾ ਖੁਸ਼ਬੋ ਪ੍ਰਤੱਖ ਦਿਸਦੀ, ਨ ਤੇਲ ਅਤਰ ਜੋ ਰਸਿਆ ਹੁੰਦਾ ਦਿਖਾਈ ਦਿੰਦਾ ਹੈ, ਪਰ ਹੈ ਜ਼ਰੂਰ। ਅਤਾਰ ਆਪਣੇ ਢੰਗ ਨਾਲ ਅਤਰ ਕਢ ਕੇ ਸ਼ੀਸ਼ੀ ਵਿਚ ਰਖਦੇ ਤਦ ਨਾ ਫੁਲ ਦਿਸਦਾ ਨਾ ਕੰਡੇ ਪਤੇ ਅਤੇ ਡਾਲੀਆਂ ਦਿਸਦੀਆਂ ਹਨ। ਤਦ ਕੋਈ ਆਦਮੀ ਅਤਰ ਵੇਚਨ ਵਾਲਿਆਂ ਪਾਸੋਂ ਅਤਰ ਖਰੀਦਣ ਵੇਲੇ ਜੇਕਰ ਖੁਸ਼ਬੂ ਸੁੰਘੇਗਾ ਤਾਂ ਉਹ ਮੰਨ ਜਾਇਗਾ ਇਹ ਗੁਲਾਬ ਦਾ ਅਤਰ ਹੈ ਅਤੇ ਜੇ ਕੋਈ ਸਿਰਫ ਸ਼ੀਸ਼ੀ ਵਿਚ ਪਿਆ ਅਤਰ ਦੇਖ ਕੇ ਕਹੇ ਕਿ ਇਸ ਵਿਚ ਫੁਲਾਂ ਸਮੇਤ ਡਾਲੀ ਪਤੇ ਗੁਲਾਬ ਦੇ ਨਹੀਂ ਦਿਸਦੇ, ਇਹ ਅਤਰ ਨਹੀਂ ਹੈ ਤਦ ਲੋਕੀਂ ਉਸ ਖਰੀਦਣ ਵਾਲੇ ਬਾਬਤ ਕੀ ਕਿਆਸ ਕਰਨਗੇ? ਇਹੋ ਅਵਸਥਾ ਸੰਤ

ਮੋਹਰ ਸਿੰਘ ਦੀ ਹੈ ਦੇਖੀਏ, ਅਸੀਂ ਹੁਣ ਉਤੇ ਦੀ ਕਵਿਤਾ ਦੀਆਂ ਪੰਗਤੀਆਂ ਦਾ ਨੰਬਰਵਾਰ ਟੀਕਾ ਕਰਨਾ ਹੈ ਇਹ ਹੈ—

੧--ਗੁਰੂ ਸਾਹਿਬ ਦਾ ਨਾਂਦੇੜ ਵਿਚ ਭਾਣਾ ਵਰਤਾਉਣ ਦੀ ਅਵਸਥਾ ਨੂੰ ਅਨੁਭਵ ਕਰਕੇ ਸਿਖ ਸੰਗਤ ਨੇ ਬੇਨਤੀ ਕੀਤੀ—ਹੇ ਸਾਹਿਬ ਜੀਉ ! ਅਸੀਂ ਬੇਨਤੀ ਕਰਦੇ ਹਾਂ--ਹੁਣ ਇਹ ਤਾਂ ਦਸੀਏ ਖਾਲਸਾ ਕਿਸ ਨੂੰ ਸੀਸ ਨਿਵਾਏਗਾ--ਭਾਵ ਆਪਣੀ ਥਾਏਂ ਕੌਣ ਟਿਕਾਵੋਗੇ ?

੨--ਕਿਰਪਾ ਕਰਕੇ ਉਸ ਦਾ ਪੱਲਾ ਫੜਾਈਏ। ਜਿਸ ਥਾਂ ਜਿਸ ਸਰੀਰ ਵਿਚ ਆਪ ਆਪਣੀ ਗੁਰੂ ਜੋਤਿ ਨੂੰ ਥਾਂ ਦਿਉਗੇ (ਉਹ ਥਾਂ) ਅਤੇ ਉਸ ਸਰੀਰ ਦਾ ਪਤਾ ਦੇਵੋ ?

੩--ਗੁਰੂ ਜੀ ਦਾ ਹੁਕਮ ਹੋਇਆ ਸਾਡੀਆਂ ਬਾਤਾਂ ਸੁਣੋ ਪਿਆਰਿਓ ਭਾਈਓ ! ਅਗੇ ਵਾਸਤੇ ਅਸੀਂ ਕਿਸੇ ਸਰੀਰ ਧਾਰੀ ਗੁਰ ਦੇ ਅਸਥਾਪਨ ਕਰਨ ਨੂੰ ਗੰਢ ਪਾ ਦਿਤੀ ਹੈ ਰੋਕ ਪਾ ਦਿਤੀ ਹੈ। ਭਾਵ--"ਖਾਲਸਾ ਪੰਥ" ਦਾ ਅਗੇ ਨੂੰ ਕੋਈ ਇਕ ਦੇਹਧਾਰੀ ਗੁਰੂ ਨਹੀਂ ਹੋਵੇਗਾ।

੪—ਇਸ ਵਾਸਤੇ ਕਿ (ਖਾਲਸਾ ਪੰਥ ਨੂੰ) ਸ੍ਰੀ ਅਸਧੁਜ ਦਾ (ਜਿਸ ਦੀ ਧੁੱਜਾ ਸ੍ਰੀ ਸਾਹਿਬ ਹੈ) ਲੜ ਫੜਾਇਆ ਹੈ। ਭਾਵ ਖਾਲਸਾ ਪੰਥ ਨੂੰ ਸ੍ਰੀ ਅਕਾਲ ਪੁਰਖ ਦੇ ਚਰਨੀ ਲਾਇਆ ਹੈ।

੫--ਜਿਸ ਅਕਾਲ ਪੁਰਖ ਦਾ ਨਾਂ ਕੋਈ ਰੂਪ ਹੈ ਨਾ ਰੰਗ ਹੈ। ਉਹ ਤੁਸਾਨੂੰ ਆਪਣੇ ਅੰਦਰ ਹਿਰਦੇ ਵਿਚ ਸਮਝਾਇ ਦਿਤਾ ਹੈ ਕਿ ਉਹ ਘਟਾਂ ਘਟਾਂ ਵਿਚ ਵਸਦਾ ਤੁਸਾਡੇ ਅੰਦਰ ਭੀ ਹੈ ਉਸ ਦਾ ਧਿਆਨ ਧਰੋ।

੬—ਉਸੇ ਨੂੰ ਆਪਣੇ ਅੰਦਰ ਦੇਖੋ ! ਭਾਵ ਮਹਿਸੂਸ ਕਰੋ ਕਿ ਉਹ ਤੁਸਾਡੇ ਅੰਦਰ ਹੈ ਤੇ ਤੁਸੀਂ ਜਿੰਦੇ ਹੋ। ਉਸੇ ਦਾ ਸਿਮਰਨ ਕਰੋ। ਐਸੇ ਅਕਾਲ ਪੁਰਖ ਦਾ ਆਪਣੇ ਅੰਤਰ ਆਤਮੇ ਧਿਆਨ ਅਤੇ ਇਸੇ ਧਿਆਨ ਵਿਚ ਅੰਤਰ ਆਤਮੇ ਸਿਮਰਨ ਕਰੋਗੇ ਤਾਂ ਤੁਸਾਨੂੰ ਮਹਾਨ ਸੁਖ, ਅਬਨਾਸ਼ੀ ਸੁਖ ਹੋਏਗਾ। ਗੁਰੂ ਵਾਕ ਹੈ--ਅਬਨਾਸ਼ੀ ਖੇਮ ਚਾਹੋ ਜੇ ਨਾਨਕ ਸਦਾ ਸਿਮਰ ਨਾਰਾਇਨ।

ਉਕਤ ਕਾਵਿ ਰਚਨਾ ਵਿਚ ਠੀਕ ਹੈ ਕਿ ਉਸਦੇ ਲੇਖਕ ਨੇ 'ਗੁਰੂ ਗ੍ਰੰਥ ਸਾਹਿਬ' ਦਾ ਨਾਹੀ ਨਾਮ ਲਿਖਿਆ ਤੇ ਨਾ ਹੀ ਗੁਰਗਦੀ ਦੇਣੀ ਲਿਖਿਆ ਹੈ। ਜਿਸ ਨੂੰ ਸੰਤ ਮੋਹਰ ਸਿੰਘ ਨੇ ਬਹੁਤ ਪੁਰਾਤਨ ਅਤੇ ਪ੍ਰਮਾਣੀਕ ਗ੍ਰੰਥ ਖੁਦ ਮੰਨਿਆ ਹੈ ਤੇ ਇਸ ਲਿਖਤ ਦਾ ਅਰਥ (ਤਤਸਾਰ) ਕਢ ਕੇ ਡਾਕਟਰ ਗੰਡਾ ਸਿੰਘ ਜੀ ਨੇ ਜੋ ਲਿਖਿਆ ਉਸ ਤੇ ਉਹਨਾਂ ਨੂੰ ਆਪਣੇ ਸ਼ਬਦਾਂ ਵਿਚ ਨਿੰਦਣ ਯੋਗ ਲਿਖਦਾ ਹੈ।

ਹੁਣ ਪਾਠਕਾਂ ਨੇ ਸਮਝ ਲਿਆ ਹੈ ਕਿ ਉਹਨਾਂ ਨੇ ਜੋ ਸਪਸ਼ਟ ਅਰਥ ਪੜੇ ਹਨ ਇਸ ਵਿਚ ਕਿਤੇ ਇਹ ਤਾਂ ਨਹੀਂ ਲਿਖਿਆ ਕਿ ਦੇਹਧਾਰੀ ਗੁਰੂ ਹੋਣਾ ਜ਼ਰੂਰੀ ਦਸਿਆ ਹੋਵੇ ? ਬਲਕਿ ਇਹ ਸਾਫ ਸਾਫ ਕਹਿ ਦਿਤਾ ਹੈ ਕਿ ਅਗੇ ਵਾਸਤੇ ਅਸੀਂ ਕਿਸੇ ਸਰੀਰਧਾਰੀ ਗੁਰੂ ਅਸਥਾਪਨ ਕਰਨ ਵਿਚ ਗੰਢ ਪਾ ਦਿਤੀ ਹੈ ਇਸ ਵਾਸਤੇ ਕਿ ਖਾਲਸਾ

ਜੀ ਨੂੰ ਸ੍ਰੀ ਅਕਾਲ ਪੁਰਖ ਦੇ ਚਰਨੀ ਲਾਇਆ ਹੈ। ਇਸ ਦਾ ਹਿਰਦੇ ਵਿਚ ਧਿਆਨ ਧਰਕੇ ਸਿਮਰਨ ਕਰਨਾ ਹੀ ਤੁਸਾਡੇ ਵਾਸਤੇ ਮਹਾਂ ਸੁਖਦਾਈ ਹੋਵੇਗਾ।

ਉਕਤ ਕਾਵਿ ਦੇ ਲਿਖਾਰੀ ਨੇ ਤਾਂ ਸਪਸ਼ਟ ਕਰ ਦਿਤਾ ਕਿ "ਖਾਲਸਾ ਪੰਥ" ਦਾ ਕੋਈ ੧੧ਵਾਂ ਸਰੀਰਧਾਰੀ (ਦੇਹਧਾਰੀ) ਗੁਰੂ ਨਹੀਂ ਹੋਣਾ। ਗੰਢ ਪਾ ਦਿਤੀ ਨੇ। ਜੇ ਗੁਰੂ ਜੀ ਨੇ ੬੦ ਸਾਲ ਬਾਅਦ ਅਗਰ ਬਾਬਾ ਬਾਲਕ ਸਿੰਘ ਨੂੰ ਗੁਰੂ ਬਨਾਣਾ ਹੁੰਦਾ ਤਾਂ ਉਹਨਾਂ ਨੂੰ ਕਿਸੇ ਦਾ ਡਰ ਨਹੀਂ ਸੀ। ਉਹ ਐਸਾ ਨਾ ਆਖਦੇ ਕਿ ਗੰਢ ਪਾ ਦਿਤੀ ਹੈ। ਸਗੋਂ ਆਖਦੇ ਕਿ ਸਹਾਰਾ ਕਰੀਏ ਅਸੀਂ ਕੁਝ ਸਾਲ ਬਾਹਦ ਪੁਨਰ ਜਨਮ ਧਾਰਕੇ ਬਾਬਾ ਰਾਮ ਸਿੰਘ ਰੂਪ ਵਿਚ ਆਵਾਂਗੇ। ਪਰ ਐਸਾ ਨਹੀਂ ਕਿਹਾ ਤੇ ਅਕਾਲ ਪੁਰਖ ਦੇ ਚਰਨੀ ਲਾਇਆ ਦਸਿਆ ਹੈ। ਉਸੇ ਦਾ ਸਿਮਰਨ ਕਰਨਾ ਹੈ।

ਉਥੇ ਨਾਦੇੜ ਵਿਚ ਉਦਾਸ ਬੈਠੇ ਸਿਖਾਂ ਦੀ ਪੁਛ ਠੀਕ ਸੀ ਤੇ ਗੁਰੂ ਸਾਹਿਬ ਦਾ ਉਤਰ ਵੀ ਸਪਸ਼ਟ ਸੀ ਕਿ ਦੇਹਧਾਰੀ ਦੀ ਗੰਢ ਪਾ ਦਿਤੀ ਹੈ। ਪਰ ਜਿਸ ਅਕਾਲ ਪੁਰਖ ਦੇ ਚਰਨੀ ਲਾਇਆ ਦਸਿਆ ਹੈ ਉਸ ਅਕਾਲ ਪੁਰਖ ਦਾ ਸ਼ਬਦ ਸਰੂਪ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਹੀ—ਭਾਵ ਸਮਝਿਆ ਜਾਣਾ ਹੈ ਤੇ ਇਸੇ ਤਤਸਾਰ ਨੂੰ ਸਮਝ ਕੇ ਹੀ ਡਾਕਟਰ ਜੀ ਨੇ ਲਿਖਿਆ ਤਾਂ ਬੁਰਾਈ ਦੀ ਕੀ ਗਲ ਹੈ ? ਮੇਹਰ ਸਿੰਘ ਨੇ ਤਾਂ ਆਪਣੇ ਮਤਲਬ ਵਾਸਤੇ ਕੋਈ ਨੁਕਤਾ ਫੜਨਾ ਸੀ—ਫੜਿਆ ਹੈ।

ਹੁਣ ਅਸੀਂ ਇਹ ਵੀ ਪੁਛਣਾ ਹੈ ਕਿ ਉਕਤ ਗੁਰਬਿਲਾਸ ਦੇ ਲੇਖਕ ਨੇ ਵੀ ਕਿਸੇ ਪਾਸੋਂ ਸੁਣ ਕੇ ਹੀ ਐਸਾ ਲਿਖਿਆ ਹੈ ਤੇ ਇਸ ਪਰ ਵਧੇਰੇ ਇਤਬਾਰ ਕਰ ਲਿਆ ਹੈ। ਇਸ ਨੂੰ ਬਹੁਤ ਪੁਰਾਤਨ ਵੀ ਦਸੀਂਦਾ ਪਿਆ ਹੈ। ਤਦ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਲਿਖਤ ਜੋ ਉਕਤ ਗੁਰਬਿਲਾਸ ਤੋਂ ਵੀ ੧੦੦ ਸਾਲ ਪਹਿਲੇ ਦੀ ਹੈ ਜੋ ਸੀ ਸਰਬ-ਲੋਹ ਦਾ ਹਵਾਲਾ ਅਸੀਂ ਪਿਛੇ ਦਸਿਆ ਹੈ ਤੇ ਗਿਆਨੀ ਗਿਆਨ ਸਿੰਘ ਜੀ ਨੇ ਵੀ ਸਰਬਲੋਹ ਦੀ ਲਿਖਤ ਪੜ੍ਹ ਕੇ ਅਤੇ ਕਿਸੇ ਉਦਾਸੀ ਮਹਾਤਮਾ ਤੋਂ ਸੁਣੀ ਦੇ ਆਧਾਰ ਤੇ—"ਗੁਰੂ ਮਾਨਿਓ ਗ੍ਰੰਥ" ਲਿਖਿਆ ਹੈ ਤਦ ਇਸ ਨੂੰ ਕਿਉਂ ਨਾ ਮੰਨਿਆ ਜਾਏ ? ਕਿਉਂ ਬਾਰ ਬਾਰ ਆਖਿਆ ਜਾਵੇ ਕਿ ਇਹ ਸਿੰਘ ਸਭਾ ਦੇ ਸੰਚਾਲਕਾਂ ਪਾਸੋਂ ਅੰਗਰੇਜ਼ੀ ਸਰਕਾਰ ਨੇ ਲਿਖਾਇਆ ਸੀ ਕਿ ਬਾਬਾ ਰਾਮ ਸਿੰਘ ਨਾਲੋਂ ਸਭ ਸਿੱਖਾਂ ਨੂੰ ਤੋੜਿਆ ਜਾਇ।

ਐਸਾ ਸਮਝ ਕੇ ਹੁਣ ਪਾਠਕਾਂ ਨੂੰ ਯਕੀਨ ਕਰਨਾ ਚਾਹੀਦਾ ਹੈ ਕਿ ਆਪਣੇ ਮਤਲਬ ਦੀ ਗੱਲ ਕਿਸੇ ਵੀ ਪੁਸਤਕ—ਗ੍ਰੰਥ ਜਾਂ ਗੈਰ ਸਿਖਾਂ ਵਲੋਂ ਮਿਲ ਜਾਏ ਤਾਂ ਸੰਤ ਜੀ ਮਿਠਾ ਮਿਠਾ ਹੜੱਪ ਲੈਂਦੇ ਹਨ ਅਤੇ ਹੋਰ ਜਿਹਨਾਂ ਲਿਖਾਰੀਆਂ ਵਲੋਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਗੁਰਗਦੀ ਸਥਾਪਤ ਲਿਖਿਆ ਗਿਆ ਹੈ ਇਹਨਾਂ ਵਾਸਤੇ ਸਭ ਕੜਵਾ ਹੀ ਹੈ ਤੇ ਸਰਕਾਰ ਅੰਗਰੇਜ਼ੀ ਦੇ ਪਿਠੂਆਂ ਵਲੋਂ ਲਿਖਿਆ ਦਸਿਆ ਜਾਂਦਾ ਹੈ। ਅਸਚਰਜ ਤਮਾਸ਼ਾ ਹੈ।

ਪਾਠਕਾਂ ਨੂੰ ਯਾਦ ਰਹੇ ਕਿ ਗੁਰੂ ਨਾਨਕ ਸਾਹਿਬ ਨੇ ਭੁਲੀ ਭਟਕਦੀ ਮਨੁਖਤਾ ਨੂੰ ਰਬ ਦੇ ਰਾਹੇ ਟੋਰਨ ਨੂੰ ਦਸ ਜਾਮੇਂ ਧਾਰਨ ਕੀਤੇ। ਉਹਨਾਂ ਨੇ ਮਨੁਖਤਾਈ ਨੂੰ ਸਮਝਾਣ ਵਾਸਤੇ ਸਭ ਕੁਝ ਆਪਣੇ ਸਰੀਰਾਂ ਉਤੇ ਵਰਤਾਂਦੇ ਹੋਇਆ ਦਸਿਆ। ਉਹਨਾਂ

ਨੇ ਭੁਲੜ ਮਨੁਖਾਂ ਨੂੰ (ਮਨ ਤੂ ਜੋਤ ਸਰੂਪ ਹੈ—ਆਪਣਾ ਮੂਲ ਪਛਾਣਿ) ਸਮਝਾਇਆ ਸੀ। ਪਰ ਸਾਰੀ ਦੁਨੀਆਂ ਦੇ ਕੰਡੇ ਜਿਵੇਂ ਪਹਿਲ ਅਵਤਾਰ ਨਹੀਂ ਮੇਲ ਸਕੇ ਸੀ ਤਿਵੇਂ ਹੀ ਗੁਰੂ ਸਾਹਿਬਾਨ (ਗੁਰੂ ਨਾਨਕ ਦੇਵ) ਜੀ ਦੇ ਸਮੇਂ ਵੀ ਹੋਇਆ। ਆਪ ਦੀ ਸਿਖਿਆ ਨੂੰ ਮੰਨਣ ਵਾਲਿਆਂ ਨੇ ਆਪ ਜੀ ਨੂੰ (ਆਪ ਨਾਰਾਇਣ ਕਲਾਧਾਰ) ਜਗਤ ਗੁਰੂ ਮੰਨਿਆ ਤਦ ਵੀ ਆਪ ਨੂੰ ਕੁਰਾਹੀਆ ਕਹਿਣ ਵਾਲੇ ਮੂਰਖ ਨਹੀਂ, ਸਗੋਂ ਉਸ ਵੇਲੇ ਦੇ ਪੜ੍ਹੇ ਲਿਖੇ ਤੀਰਥਵਾਸੀ ਪੰਡਤ ਵੀ ਬਹੁਤ ਹੋਏ ਸੀ।

ਗੁਰੂ ਜੀ ਨੇ ਪਥਰ ਪੂਜਾ—ਪਸ਼ੂ ਪੂਜਾ, ਮੜ੍ਹੀ ਮਸਾਨਾਂ ਦੀ ਪੂਜਾ ਤੇ ਨਾਸ਼ਵੰਤ ਸਰੀਰਕ ਪੂਜਾ ਤੋਂ ਹਟਾ ਕੇ ਸਿਖਾਂ ਦੀ ਸੁਰਤ ਨੂੰ ਸ਼ਬਦ (ਗੁਰ ਮੰਤ੍ਰ) ਵਿਚ ਜੋੜਨਾ ਤੇ ਨਿਰੰਕਾਰ ਨਾਲ ਇਕ-ਮਿਕ ਹੋਣਾ ਸਿਖਾਇਆ ਸੀ। ਜਿਵੇਂ ਕਿ ਸਕੂਲ ਮਾਸਟਰ ਕਾਲੇ ਚਿਟੇ ਬੋਰਡ ਤੇ ਪਹਿਲੇ ਆਪ ਲਿਖਦਾ ਹੈ ਅਤੇ ਬਚਿਆਂ ਨੂੰ ਸਮਝਾਂਦਾ ਹੈ ਤਿਵੇਂ ਹੀ ਸਤਿਗੁਰਾਂ ਨੇ ਮਨੁਖ ਤਾਈਂ ਸਮਝਾਉਣ ਲਈ ਸਭ ਕੁਝ ਆਪਣੇ ਉਤੇ ਵਰਤਾਇ ਦਿਖਾਇਆ ਸੀ।

ਪੁਰਾਤਨ ਸੰਤ ਭਗਤ ਵੀ ਪਹਿਲੇ ਦਿਹ ਦਿਹ ਅਭਿਆਸ ਤੇ ਮੂਰਤੀ ਪੂਜਾ ਤੋਂ ਸ਼ੁਰੂ ਹੋਏ ਸੀ। ਪਰ ਸਮਾਂ ਆਏ ਉਤੇ ਪੂਰਨ ਗਿਆਨੀ ਹੋਏ ਤੇ "ਰਾਮ ਕਬੀਰਾ ਏਕ ਭਏ ਹੈ ਕੋਇ ਨਾ ਸਕੈ ਪਛਾਨੀ" ਐਸਾ ਵੀ ਫੁਰਮਾਇਆ ਹੈ ਰਾਮਾ ਨੰਦ ਸਵਾਮੀ ਵੀ ਪਥਰ ਮੂਰਤੀ ਧਿਆਨ ਤੋਂ ਭਗਤੀ ਅਰੰਭ ਕੀਤੀ, ਪਰ ਸਿਖਰ ਤੇ ਅਪੜ ਕੇ ਤਰਕ ਨਾਲ ਵੀ ਕਿਹਾ—

> ਜਹਾਂ ਜਾਈਐ ਤਹਾਂ ਜਲ ਪਖਾਣ ॥ ਤੂੰ ਪੂਰ ਰਹਿਓ ਹੈ ਸਭ ਸਮਾਨ ॥
> ਰਾਮਾ ਨੰਦ ਸੁਆਮੀ ਰਮਤ ਬ੍ਰਹਮ ॥ ਗੁਰ ਦਾ ਸਬਦ ਕਾਟੇ ਕੋਟ ਕਰਮ ॥
> (੧੧੯੫)

ਤਿਵੇਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਪੁਰਾਤਨ ਸਿਖੀ ਵਿਚੋਂ ਸਿਖਰ ਤੇ ਪੁਜੇ (ਦੇਹ ਅਭਿਆਸ ਤੋਂ ਉਤੇ ਉਠੇ) ਪੰਜ ਪਿਆਰੇ ਗੁਰੂ ਖਾਲਸਾ ਜੀ ਨੂੰ ਗੁਰੂ ਨਾਨਕ ਜੀ ਵਾਂਗੂ—ਸ਼ਬਦ ਗੁਰੂ ਨਾਲ ਜੋੜਿਆ। ਉਹਨਾਂ ਦੀ ਆਪਣੀ ਸਰੀਰਕ ਇਸ਼ਟ ਟੇਕ ਆਪਣੇ ਪਿਤਾ ਗੁਰੂ ਤੇਗ ਬਹਾਦਰ ਵੀ ਸਨ। ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇ ਮਗਰੋਂ ਉਹਨਾਂ ਨੂੰ ਵੀ "ਗੁਰੂ ਖਾਲਸਾ" ਫੁਰਮਾਇਆ, ਅਤੇ "ਖਾਲਸਾ ਮੇਰੋ ਸਜਨ ਸੂਰਾ ॥ ਖਾਲਸਾ ਮੇਰੋ ਸਤਿਗੁਰ ਪੂਰਾ" ਕਿਹਾ ਸੀ ਤਦ ਵੀ ਆਪ ਜੀ ਦੀ ਅੰਤ੍ਰੀਵ ਆਤਮਾਂ ਨੇ—"ਆਦਿ ਅੰਤ ਏਕੈ ਅਵਤਾਰਾ। ਸੋਈ ਗੁਰੂ ਸਮਝੀਓ ਹਮਾਰਾ" ਫੁਰਮਾਇਆ ਸੀ ਤੇ ਜਿਸ ਖਾਲਸਾ ਪ੍ਰਤੀ ਆਪਣੇ ਸਰੀਰਕ ਸਰੂਪ (ਸਾਬਤ ਸੂਰਤ) ਹੋਣ ਦੀ ਤਾਕੀਦ ਕੀਤੀ ਹੈ ਤਿਵੇਂ ਹੀ ਆਪਣੇ ਖਾਲਸਾ ਜੀ ਨੂੰ ਅੰਤਰ ਆਤਮੇ ਸ਼ਬਦ ਗੁਰੂ (ਗੁਰੂ ਗ੍ਰੰਥ ਜੀ) ਦੀ ਖੋਜ ਵਿਚਾਰ ਰਾਹੀਂ ਸ੍ਰੀ ਅਸਧੁਜ ਵਾਲੇ ਅਕਾਲ ਪੁਰਖ ਨਾਲ ਜੋੜਨਾ ਚਾਹਿਆ ਕਿ ਗੁਰੂ ਸ਼ਬਦ ਹੀ ਕਰੋੜ ਕਰਮਾ ਦੇ ਕਟਨਹਾਰਾ ਹੈ।

ਗੁਰੂ ਸਾਹਿਬ ਨੇ ਖਾਲਸਾ ਪੰਥ ਸਾਜ ਕੇ ਪੁਰਾਤਨ ਚਲੀ ਆਈ ਗੁਰਸਿਖੀ ਸਾਜਨ ਦੀ ਜਿਵੇਂ ਰੀਤ ਬਦਲ ਦਿਤੀ ਤਿਵੇਂ ਹੀ ਦੇਹਧਾਰੀ ਸਤਿਗੁਰੂ ਦੀ ਚਲਦੀ

ਰੀਤ ਨੂੰ ਵੀ ਗੰਢ ਪਾ ਕੇ ਗੁਰ ਗਿਆਨ ਸੰਗ੍ਰਹਿ (ਸ਼ਬਦ ਗੁਰੂ) ਨਾਲ ਜੋੜਿਆ ਹੈ। ਪਹਿਲੇ ਵੇਲੇ ਚਰਨ ਪਾਹੁਲ (ਚਰਨਾਮ੍ਰਿਤ) ਪਿਲਾ ਕੇ ਜਗਿਆਸੂ ਦਾ ਸਰੀਰਕ ਅਭਿਮਾਨ ਤੋੜਦੇ ਅਤੇ ਕੰਨਾਂ ਵਿਚ ੧੧ ਵੇਰ ਗੁਰ ਮੰਤ੍ਰ ਉਪਦੇਸ਼ ਦ੍ਰਿੜ ਕਰਾਂਦੇ ਸਨ। ਭਾਈ ਗੁਰਦਾਸ ਜੀ ਨੇ ਦਸਿਆ ਹੈ :—

ਗਿਆਰਾ ਗੇੜਾ ਸਿਖ ਸੁਣ ਗੁਰਸਿਖ ਲੈ ਗੁਰਸਿਖ ਸਦਾਇਆ ॥

ਪਰ ਗੁਰੂ ਗੋਬਿੰਦ ਸਿੰਘ ਜੀ ਨੇ ਜਿਵੇਂ ਜਿਵੇਂ ਚਰਨ ਪਾਹੁਲ ਦੀ ਥਾਂਇ ਖੰਡੇ ਦਾ ਅੰਮ੍ਰਿਤ ਛਕਾਇਆ ਸੀ ਤਿਵੇਂ ਖਾਲਸਾ ਪੰਥ ਨੂੰ ਕਿਸੇ ਦੇਹਧਾਰੀ ਦੀ ਬਜਾਇ ਗੁਰੂ ਗ੍ਰੰਥ ਸਾਹਿਬ ਨੂੰ ਸਤਿਗੁਰੂ ਮੰਨਣਾ ਸਮਝਾਇਆ ਸੀ। ਤਦ ਵੀ ਗੁਰ ਮੰਤ੍ਰ ਉਪਦੇਸ਼ ਵਿਚ ਕੋਈ ਤਬਦੀਲੀ ਨਹੀਂ ਕੀਤੀ ਜੋ ਪੰਜ ਪਿਆਰਿਆਂ ਨੇ ਸੁਨਾਣਾ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਦੀ ਇਸ ਮਹਾਨ ਬਖਸ਼ਿਸ਼ ਤੇ ਸਿਖੀ ਧਾਰਨ ਕਰਾਉਣ ਦੀ ਪਵਿਤ੍ਰ ਮਰਿਆਦਾ ਅਤੇ ਸ੍ਰੀ ਅਕਾਲ ਪੁਰਖ ਨਾਲ ਇਕ-ਮਿਕ ਹੋਣ ਦੇ ਦਸੇ ਤੇ ਸਿਖਾਏ ਸੁਣਾਏ ਉਪਦੇਸ਼ ਨੂੰ ਅਗਰ ਸਾਰੇ ਅਸੀਂ ਸਮਝ ਨਹੀਂ ਪਾਏ, ਅਤੇ ਉਸ ਉਚੀ ਅਵਸਥਾ ਵਿਚ ਪੁਜ ਨਹੀਂ ਸਕੇ ਹਾਂ ਤਾਂ ਕਸੂਰ ਸਾਡਾ ਹੈ—"ਪੂਰੇ ਗੁਰ ਕਾ ਉਪਦੇਸ਼" ਤਾਂ ਹਰ ਪੱਖ ਤੋਂ ਪੂਰਾ ਹੈ। ਸਾਡੀਆਂ ਕਮਜ਼ੋਰੀਆਂ ਤੇ ਤਰੁਟੀਆਂ ਦਾ ਸਹਾਰਾ ਪਾ ਕੇ ਸੰਤ ਜੀ ਵਲੋਂ ਆਪਣੇ ਅਯੋਗ ਪੱਖ ਨੂੰ ਸਿੱਧ ਕਰਨ ਦਾ ਯਤਨ ਕਰਨਾ ਇਹ ਕੋਈ ਵਿਦਵਤਾ ਦਾ ਸਬੂਤ ਨਹੀਂ।

ਗੁਰੂ ਸ਼ਬਦ ਗਿਆਨ ਤੇ ਭਗਤ ਗਿਆਨ ਦੇ ਭੰਡਾਰ (ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਤੇ ਪ੍ਰਭਤਾ) ਸੰਸਾਰ ਭਰ ਵਿਚ ਸੂਰਜ ਦੀ ਰੋਸ਼ਨੀ ਵਾਂਗੂ ਪਸਰ ਚੁਕੀ ਹੈ। ਇਸ ਨੂੰ ਹੁਜਤਾਂ ਭਰੀਆਂ ਦਲੀਲਾਂ ਨਾਲ ਮਿਟਾਇਆ ਨਹੀਂ ਜਾ ਸਕਦਾ। ਪਰ ਸੂਰਜ ਚੜੇ ਦੀ ਰੋਸ਼ਨੀ ਵਿਚ ਨਾ ਦਿਸਣ ਵਾਲੇ ਅਤੇ ਅੰਧੇਰੇ ਵਿਚ ਉਡਦੇ ਪੰਛੀ ਵਾਂਗੂ ਮਿਹਰ ਸਿੰਘ ਸੰਤ ਨੇ ਡਾਕਟਰ ਗੰਡਾ ਸਿੰਘ ਜੈਸੇ ਵਿਦਵਾਨਾਂ ਨੂੰ ਤਰੋੜ ਮਰੋੜ ਕਰਨ ਵਾਲੇ ਦਸਿਆ ਤੇ ਭਾਸ਼ਾ ਵਿਭਾਗ ਰਾਹੀਂ ਵੀ ਨਿੰਦਿਆ ਹੈ, ਕਿ ਜਿਸ ਨੇ ਡਾਕਟਰ ਜੀ ਦੀ ਪੁਸਤਕ ਛਾਪੀ ਹੈ ਐਸਾ ਲਿਖਣਾ ਸ੍ਰੀ ਸੰਤ ਜੀ ਨੂੰ ਹੀ ਸ਼ੋਭਦਾ ਹੈ।

ਸੰਤ ਮਿਹਰ ਸਿੰਘ ਨੇ ਇਤਨਾ ਕੁਝ ਹੀ ਨਹੀਂ ਲਿਖਿਆ—ਜਿਤਨੇ ਦਾ ਅਸੀਂ ਇਤਿਹਾਸਕ ਸਬੂਤਾਂ ਅਤੇ ਅੱਕਟ ਦਲੀਲਾਂ ਭਰਿਆ ਜਵਾਬ ਦਿਤਾ ਹੈ, ਪਰ ਉਸਦੀ ਮਾਨਸਿਕ ਅਲਮਾਰੀ ਵਿਚ ਮਦਾਰੀ ਦੀ ਪਟਾਰੀ ਵਾਂਗੂੰ ਲੋਕਾਂ ਨੂੰ ਭਰਮਾਉਣ ਵਾਸਤੇ ਅਜੇ ਬਹੁਤ ਕੁਝ ਭਰਿਆ ਪਿਆ ਹੈ। ਉਹ ਆਪਣੇ ਪੱਖ ਦੀ ਪੁਸ਼ਟੀ ਲਈ ਇਕ ਅੰਗ੍ਰੇਜ਼ ਦੀ ਲਿਖਤ ਪੇਸ਼ ਕਰਦਾ ਕਿ ਇਸ ਨੇ ਵੀ ਇਹੋ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਸਿਖਾਂ ਦੇ ਆਖਰੀ ਗੁਰੂ ਮੰਨੇ ਗਏ ਸਨ ਤੇ ਗੁਰਗਦੀ ਵਾਲਾ ਅਸਥਾਨ ਭਰਿਆ ਨਹੀਂ ਗਿਆ। ਇਸ ਅੰਗਰੇਜ਼ੀ ਦੀ ਲਿਖਤ ਪੇਸ਼ ਕਰਨ ਤੋਂ ਵੀ ਉਸ ਦਾ ਇਹੋ ਮਤਲਬ ਹੈ ਕਿ ਅਗਰ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਮਿਲੀ ਹੁੰਦੀ ਤਦ ਉਹ ਐਸਾ ਨਾ ਲਿਖਦਾ ਕਿ ਗੁਰਗਦੀ ਦਾ ਅਸਥਾਨ ਖਾਲੀ ਹੈ।

ਇਸ ਦੇ ਜਵਾਬ ਵਿਚ ਪਹਿਲੇਂ ਇਹ ਦਸਣਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ

ਦੀ ਆਪਣੀ ਲਿਖਤ ਸਰਬਲੋਹ ਗ੍ਰੰਥ ਵਿਚੋਂ ਸਬੂਤ ਅਸੀਂ ਪਿਛੇ ਦਸਦੇ ਆਏ ਹਾਂ ਕਿ ਉਹ ਸਰੀਰਕ ਰੂਪ ਗੁਰੂ ਖਾਲਸਾ ਨੂੰ ਅਤੇ ਦੂਤੀਉ ਰੂਪ (ਆਤਮਕ ਗਿਆਨ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿਤਾ ਫਰਮਾਂਦੇ ਹਨ ਅਤੇ ਇਹ ਲਿਖਤ ਬਹੁਤ ਅਰਸਾ ਸਿਖ ਵਿਦਵਾਨਾਂ ਤੋਂ ਉਹਲੇ ਵੀ ਰਹੀ। ਪਰ ਉਦਾਸੀ ਸੰਤ ਮੰਡਲੀ ਵਲੋਂ ਵਾਪਸ ਆ ਕੇ ਅਖੀਂ ਵੇਖੇ ਤੇ ਸੁਣੇ ਹਾਲ ਜੋ ਜਿਥੇ ਕਿਧਰੇ ਸੁਣਾਏ ਗਏ ਸਨ। ਅਗਰ ਉਹ ਅਨੰਦ ਪੁਰ ਵਸਦੇ ਲੋਕਾਂ ਜਾਂ ਹੋਰ ਦੂਰ ਦੁਰਾਡੇ ਬੈਠੇ ਵਿਰਲੇ ਵਿਰਲੇ ਗੁਰਬਿਲਾਸ ਦੇ ਲੇਖਕਾਂ ਤੋਂ ਉਹਲੇ ਰਹੇ, ਨਹੀਂ ਲਿਖੇ ਗਏ ਤਾਂ ਕਾਰਨ ਇਹ ਸੀ।

ਗੁਰੂ ਜੀ ਤੋਂ ਕਰੀਬਨ ੭੦ ਸਾਲ ਤੀਕ ਸਿਖ ਮੁਸੀਬਤਾਂ ਵਿਚ ਰਹੇ। ਫਿਰ ਮਿਸਲਾਂ ਦਾ ਜ਼ਮਾਨਾ ਤੇ ਗੁਰੂ ਜੀ ਤੋਂ ੧੨੮-੨੯ ਸਾਲ ਮਗਰੋਂ ਸੰਨ ੧੮੩੭ ਵਿਚ ਮਹਾਰਾਜਾ ਰਣਜੀਤ ਸਿੰਘ ਪਾਸ ਉਹ ਅੰਗਰੇਜ਼ ਆਇਆ ਦਸਦੇ, ਜਿਸ ਨੇ ਲਿਖਤ ਲਿਖੀ ਸੀ ਉਹ ਲੰਡਨ ਜਾ ਕੇ ਸੰਨ ੧੮੪੫ ਏ. ਡੀ. ਵਿਚ ਉਸ ਨੇ ਉਹ ਪੁਸਤਕ ਛਪਵਾਈ ਸੀ। ਹੁਣ ਪਾਠਕਾਂ ਨੇ ਇਹ ਸੋਚਣਾ ਹੈ ਕਿ ਜੇਕਰ ਸੰਤ ਮੋਹਰ ਸਿੰਘ ਨੇ ਉਸਦੀ ਲਿਖਤ ਨੂੰ ਸੱਚ ਮੰਨਿਆ ਕਿ ਉਸ ਨੇ ਪੂਰੀ ਜਾਣਕਾਰੀ ਪਾ ਕੇ ਲਿਖੀ ਹੈ ਤੇ ਗੁਰਗਦੀ ਦੀ ਥਾਂ ਖ਼ਾਲੀ ਦਸੀ ਤਾਂ ਇਸ ਤੋਂ ਪਤਾ ਲਗਦਾ ਹੈ ਕਿ ਉਹ ਅੰਗਰੇਜ਼ ਸਿਰਫ ਕਿਸੇ ਸਰੀਰਧਾਰੀ ਨੂੰ ਹੀ ਗੁਰਗੱਦੀ ਦਾ ਵਾਰਸ ਸਮਝਦਾ ਰਿਹਾ ਹੈ।

ਅਜ ਕਲ ਦੇ ਜ਼ਮਾਨੇ ਵਿਚ ਕਿਸੇ ਧਨੀ ਪੁਰਸ਼ ਨੇ ਕੋਈ ਬਹੁਮੁਲੀ ਜਾਇਦਾਦ ਵਕਫ ਕੀਤੀ ਹੋਵੇ ਤਾਂ ਉਸ ਨੂੰ ਆਪਣੇ ਤੋਂ ਬਾਹਦ ਦੇ ਪ੍ਰਬੰਧ ਵਾਸਤੇ ਟਰਸਟ ਮੁਕਰਰ ਕਰਨ ਦਾ ਪੂਰਾ ਹੱਕ ਹੈ। ਇਹੋ ਰੀਤ ਗੁਰੂ ਗੋਬਿੰਦ ਸਿੰਘ ਜੀ ਅਪਨਾਈ ਤੇ ਆਪਣੀ ਥਾਂ ਪੰਜ ਪਿਆਰੇ "ਗੁਰੂ ਖਾਲਸਾ" ਜੀ ਨੂੰ ਗੁਰੂ ਗ੍ਰੰਥ ਜੀ ਦੀ ਤਾਬਿਆ ਨਾਮ ਅੰਮ੍ਰਿਤ ਪ੍ਰਚਾਰਨ ਦੇ ਹੱਕ ਦਿਤੇ ਸਨ। ਇਸ ਗਲ ਤੋਂ ਉਹ ਅੰਗਰੇਜ਼ ਨਾਵਾਕਫ ਦਿਸਦਾ ਹੈ।

ਹੁਣ ਸੋਚਣਾ ਇਹ ਹੈ ਕਿ ਅਗਰ ਉਸ ਅੰਗਰੇਜ਼ ਦੀ ਲਿਖਤ ਕੁਰਾਨ ਸ਼ਰੀਫ ਦੀ ਆਇਤ ਵਾਂਗੂ ਸਚੀ ਮੰਨੀ ਜਾਏ ਤਾਂ ਫਿਰ ਗੁਰੂ ਗੋਬਿੰਦ ਸਿੰਘ ਜੀ ਤੋਂ ਇਸ ਵੇਲੇ ਤੀਕ (੧੨੯ ਸਾਲ ਤੀਕ) ਸਾਰੇ ਸਿਖ ਸਰਦਾਰ, ਸਿਖ ਫੌਜੀ ਸਿਪਾਹੀ, ਅਤੇ ਖੁਦ ਮਹਾਰਾਜਾ ਰਣਜੀਤ ਸਿੰਘ ਬੇ-ਅੰਮ੍ਰਿਤੀਏ ਗੁਰੂ ਹੀਨ ਹੀ ਰਹੇ ਸੀ ? ਕੀ ਜਵਾਬ ਹੈ ?

ਹੋਰ ਸੋਚੀਏ ! ਕਿ ਪੁਰਖ ਗੁਰੂ ਪੁਸਤਕ ਦੇ ਸਫਾ ੨੫੭ ਪਰ ਲੇਖਕ ਨੇ ਸੰਮਤ ੧੮੪੧ ਮੁਤਾਬਕ ਸੰਨ ੧੭੮੪ ਵਿਚ ਬਾਬਾ ਬਾਲਕ ਸਿੰਘ ਦਾ ਅਵਤਾਰ ਹੋਇਆ ਲਿਖਿਆ ਹੈ। ਇਸ ਹਿਸਾਬ ਨਾਲ ਗੁਰੂ ਸਾਹਿਬ ਦੇ ਸੰਮਤ ੧੭੬੫ ਮੁਤਾਬਕ ਸੰਨ ੧੭੦੮ ਵਿਚ ਚਲਾਣੇ ਦੇ ੭੬ ਸਾਲ ਮਗਰੋਂ ਬਾਬਾ ਬਾਲਕ ਸਿੰਘ ਜੀ ਦਾ ਜਨਮ ਹੋਇਆ। ਫਿਰ ਜਿਸ ਵੇਲੇ ਉਹ ਅੰਗਰੇਜ਼ ਲਿਖਾਰੀ ਸੰਨ ੧੮੩੭ ਮੁਤਾਬਕ ਸੰਮਤ ੧੮੯੪ ਵਿਚ ਮਹਾਰਾਜਾਂ ਰਣਜੀਤ ਸਿੰਘ ਦੇ ਪਾਸ ਹੈਗਾ ਸੀ, ਇਸ ਵੇਲੇ ਬਾਬਾ ਬਾਲਕ ਸਿੰਘ ਜੀ ੫੩ ਸਾਲ ਦੇ ਸਨ।

ਫਿਰ ਸੰਤ ਮੋਹਰ ਸਿੰਘ ਦੀ ਲਿਖਤ ਅਨੁਸਾਰ ਸੰਮਤ ੧੯੬੯ (ਮੁਤਾਬਕ ਸੰਨ ੧੯੧੨) ਵਿਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਨੂੰ ਦਰਸ਼ਨ ਦੇ ਕੇ ੧੧ਵਾਂ

ਸਤਿਗੁਰੂ ਬਣਾਇਆ ਸੀ ਉਸ ਵੇਲੇ ਸੰਮਤ ੧੮੯੪ ਸੰਨ ੧੮੩੭ ਵਿਚ ਬਾਬਾ ਜੀ ਨੂੰ ੧੧ਵਾਂ ਗੁਰੂ ਬਣੇ ਹੋਏ ੨੫ ਸਾਲ ਬੀਤ ਚੁਕੇ ਸਨ। ਜਦ ਕਿ ਅੰਗਰੇਜ਼ ਨੇ ਉਹ ਪੁਸਤਕ ਲਿਖੀ ਸੀ।

ਇਥੇ ਅਸੀਂ ਨਾਮਧਾਰੀ ਦਰਬਾਰ ਤੋਂ ਪੁਛਦੇ ਹਾਂ ਕਿ ਜੇਕਰ ਬਾਬਾ ਬਾਲਕ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਦਰਸ਼ਨ ਦੇ ਕੇ ਆਪਣੀ ਗੁਰਗੱਦੀ ਦਾ ਮਾਲਕ (ਗਿਆਰਾਂ ਸਤਿਗੁਰੂ) ਇਨ੍ਹਾਂ ਨੂੰ ਬਣਾਇਆ ਸੀ ਤਾਂ ਬਾਬਾ ਜੀ ਨੇ ਆਪਣੇ ਆਪ ਨੂੰ ਪੂਰੇ ੨੫ ਸਾਲ ਤੀਕ ਉਹਲੇ ਕਿਉਂ ਰਖਿਆ ਤੇ ਪ੍ਰਗਟ ਕਿਉਂ ਨਾ ਕੀਤਾ?

ਫੇਰ ਇਸ ਵੇਲੇ ਸਿਖ ਰਾਜ ਜੋਬਨ ਵਿਚ ਸੀ ਤੇ ਮਹਾਰਾਜਾ ਦੀ "ਸੀ.ਆਈ.ਡੀ ਵੀ ਬਹੁਤ ਥਾਈਂ ਫੈਲੀ ਹੁੰਦੀ ਸੀ। ਇਤਨੀ ਵਡੀ ਖਬਰ (ਕਿ ਸਿਖਾਂ ਦਾ ਗਿਆਰਵਾਂ ਸਤਿਗੁਰੂ ਪ੍ਰਗਟਾਇਆ ਹੈ) ਮਹਾਰਾਜਾ ਰਣਜੀਤ ਸਿੰਘ ਤੀਕ ਕਿਉਂ ਨ ਪੁਜ ਸਕੀ? ਅਗਰ ਐਸੀ ਕੋਈ ਭਿਣਕ ਵੀ ਕਿਸੇ ਤੋਂ ਸੁਣੀ ਗਈ ਹੁੰਦੀ ਤਦ ਉਸ ਅੰਗਰੇਜ਼ ਲਿਖਾਰੀ ਨੇ ਇਹ ਨਹੀਂ ਲਿਖਣਾ ਸੀ ਕਿ ਗੁਰਗਦੀ ਦੀ ਥਾਂ ਖਾਲੀ ਹੈ ਬਲਕਿ ਉਹ ਜ਼ਰੂਰ ਲਿਖਦਾ ਕਿ ਸਿੱਖਾਂ ਦਾ ੧੧ਵਾਂ ਗੁਰੂ ਬਾਬਾ ਬਾਲਕ ਸਿੰਘ ਪ੍ਰਗਟਿਆ ਹੈ। ਪਰ ਐਸਾ ਹੈ ਨਹੀਂ ਸੀ। ਜੇ ਹੁੰਦਾ ਵੀ ਤਾਂ ਸਿਖਾਂ ਨੇ ਸਬੂਤ ਮੰਗਣੇ ਸਨ ਫਿਰ ਕੀ ਜਵਾਬ ਹੁੰਦਾ?

ਗੁਰੂ ਜੀ ਦੇ ਵੇਲੇ ਤੋਂ ਸਿਖਾਂ ਵਿਚ ਇਤਨੀ ਜਾਗ੍ਰਿਤੀ ਹੋ ਚੁਕੀ ਸੀ ਕਿ ਦਾਦੂ ਦੇਹੁਰੇ ਉਤੇ ਤੀਰ ਨਾਲ ਸਲਾਮ ਕਰਦੇ ਗੁਰੂ ਜੀ ਨੂੰ ਦੇਖ ਕੇ ਉਸੇ ਵੇਲੇ ਘੋੜਾ ਫੜ ਕੇ ਸਿਖਾਂ ਨੇ ਡੰਡ ਲਾਇਆ ਜੋ ਖੁਸ਼ ਹੋ ਕੇ ਗੁਰੂ ਜੀ ਨੇ ਭਰਿਆ ਸੀ। ਬਾਬਾ ਬੰਦਾ ਬਹਾਦਰ ਵਿਚ ਗੁਰੂ ਭਾਵਨਾ ਉਪਜੀ ਦੇਖ ਕੇ ਸਿਖਾਂ ਨੇ ਸਾਥ ਛੱਡ ਦਿਤਾ ਸੀ। ਹਾਲਾਂ ਕਿ ਉਹ ਮੁਸੀਬਤ ਦਾ ਜ਼ਮਾਨਾ ਸੀ। ਤਦ ਹੁਣ ਜਦੋਂ ਕਿ ਸਿਖ ਰਾਜ ਸੀ ਅਤੇ ਰਾਜ ਗੁਰੂ (ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ)—(ਊਨਾ ਵਾਲੇ) ਪ੍ਰਸਿਧ ਧਾਰਮਕ ਨੇਤਾ ਅਤੇ ਰਾਜ ਦਰਬਾਰ ਤੋਂ ਇਲਾਵਾ ਉਹ ਸਿਖ ਵਿਦਵਾਨਾਂ-ਸਿਖ ਸੰਪ੍ਰਦਾਵਾਂ ਵਿਚ ਪ੍ਰਮਾਣੀਕ ਅਤੇ ਸਤਿਕਾਰਤ ਸਨ ਤਾਂ ਬਾਬਾ ਬਾਲਕ ਸਿੰਘ ਨੂੰ ੨੫ ਸਾਲ ਗੁਰੂ ਗਿਆਰਵਾਂ ਬਣੇ ਨੂੰ ਬੀਤ ਚੁਕੇ ਸਨ, ਉਕਤ ਬਾਬਾ ਸਾਹਿਬ ਸਿੰਘ ਜੀ ਬੇਦੀ ਤੋਂ ਕਿਉਂ ਉਹਲੇ ਰਹੇ।

ਫਿਰ ਹੋਰ ਦੇਖੀਏ! ਬਾਬਾ ਰਾਮਸਿੰਘ ਨਾਮਧਾਰੀ ਨੇਤਾ ਜੀ ਦਾ ਜਨਮ ਸੰਮਤ ੧੮੭੨, ਸੰਨ ੧੮੧੫ ਵਿਚ ਹੋਇਆ ਤੇ ਉਹ ਇਸ ਵੇਲੇ ੨੨ ਸ਼ਾਲਾਂ ਦੇ ਹੋਕੇ ਲਹੌਰ ਦਰਬਾਰ ਦੀ ਸਿਖ ਰਜਮੈਂਟ (ਕੰਵਰ ਨੌਨਿਹਾਲ ਸਿੰਘ ਨਾਮੀ) ਵਿਚ ਭਰਤੀ ਹੋ ਚੁਕੇ ਸਨ: ਹੁਣ ਸੋਚੀਏ ਕਿ ਨਾਮਧਾਰੀ ਦਰਬਾਰ ਇਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਮੰਨਦਾ ਹੈ ਜਿਸ ਗੁਰੂ ਜੀ ਨੇ ਪਿਛਲੇ ਜਨਮ ਹੇਮਕੁੰਟ ਪਰ ਤਪਸਿਆ ਦਾ ਪਤਾ ਦਿਤਾ ਸੀ ਉਸ ਨੂੰ ਹੁਣ ਦੇ ਬਾਬਾ ਰਾਮ ਸਿੰਘ ਰੂਪ ਵਿਚ ਪ੍ਰਗਟਾਏ ਦੀ ਕਿਉਂ ਸੋਝੀ ਨਾ ਹੋਵੇ? ਅਤੇ ਇਨ੍ਹਾਂ ਦੀ ਪਲਟਨ ਪਸ਼ੌਰ ਨੂੰ ਜਾਂਦੇ ਹੋਇਆਂ ਸੰਨ ੧੮੪੧ ਵਿਚ ਹਜਰੋ ਸ਼ਹਿਰ ਅੰਦਰ ਬਾਬਾ ਬਾਲਕ ਸਿੰਘ ਦੀ ਮਿਲੇ ਵੇਲੇ ਉਨ੍ਹਾਂ ਦਸਿਆ ਕਿ ਤੁਸੀਂ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਹੋ।

ਨਾਮਧਾਰੀ ਦਰਬਾਰ ਵਲੋਂ ਇਹ ਕਹਾਣੀ ਅਗਰ ਨਾਵਲ ਨਹੀਂ ਤਾਂ ਉਨ੍ਹਾਂ ਨੂੰ

ਦਸਣਾ ਪਏਗਾ ਕਿ ਬਾਬਾ ਰਾਮ ਸਿੰਘ ਨੂੰ ਅਪਣੇ ਪਹਿਲੇ ਜਨਮ ਦੇ ਪ੍ਰਗਟ ਕਰਨ ਵਿਚ ਕੀ ਰੁਕਾਵਟ ਸੀ । ਅਤੇ ਬਾਬਾ ਬਾਲਕ ਸਿੰਘ ਵੀ ਅਗਰ ਅੰਤਰਜਾਮੀ ਸਨ । ਉਨ੍ਹਾਂ ਵੇਖਦੇ ਸਾਰ (ਅਨ ਡਿਠੇ) ਬਾਬਾ ਰਾਮ ਸਿੰਘ ਜੀ ਨੂੰ ਪੰਜ ਪੈਸੇ ਨਲੇਰ ਭੇਟਾ ਦੇਕੇ ਨਿਮਸਕਾਰ ਕੀਤੀ ਤੇ ਕਿਹਾ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਹੋ । ਹੁਣ ਤੁਸੀਂ ਗੁਰਗੱਦੀ ਉਤੇ ਜਿਵੇਂ ੧੨ਵੇਂ ਸਤਿਗੁਰੂ ਹੋ । ਆਪਣੀ ਅਮਾਨਤ ਸੰਭਾਲੀਏ ਤੇ ਪ੍ਰਗਟ ਹੋ ਕੇ ਧਰਮ ਦੀ ਰਖਵਾਲੀ ਕਰੀਏ। ਇਤਨਾ ਕੁਝ ਉਹ ਜਾਣਦੇ ਸਨ, ਤਾਂ ਲਾਹੌਰ ਜਾ ਕੇ ਕਿਉਂ ਨਾ ਉਨ੍ਹਾਂ ਨੂੰ ਹਟਾਇਆ ਜੋ ਸੰਨ ੧੮੪੧ ਤੀਕ ਜਰਨਲ ਵੈਂਤੂਰਾ ਜੈਸੇ ਵਿਦੇਸ਼ੀ ਜਰਨੈਲਾਂ ਅਗੇ ਸਲਾਮਾਂ ਤੇ ਪ੍ਰੈਡਾਂ ਕਰਦੇ ਰਹੇ ਸੀ। ਕੋਈ ਜਵਾਬ ਨਹੀਂ ।

ਅਸਲ ਗਲ ਤਾਂ ਇਹ ਹੈ ਕਿ ਜਿਵੇਂ ਅਜ ਕਲ ਸਿਖਾਂ ਵਿਚ ਪ੍ਰਧਾਨਗੀ ਤੇ ਜਥੇਦਾਰੀ ਰੁਤਬੇ ਦੀ ਤਾਂਘ ਹਰ ਗੁਰਦੁਆਰਾ ਕਮੇਟੀ ਦੇ ਮੈਂਬਰ ਨੂੰ ਹੁੰਦੀ ਹੈ ਤਿਵੇਂ ਉਸ ਵੇਲੇ ਗੁਰੂ ਹੋਣ ਦੀ ਖਾਹਿਸ਼ ਵੀ ਹਰ ਕਿਸੇ ਮਾਨਵਰ ਸੰਤ ਮਹਾਤਮਾਂ ਨੂੰ ਜਾਗ ਉਠਦੀ ਤੇ ਉਹ ਆਪਣੇ ਨੂੰ ਗੁਰੂ ਪ੍ਰਗਟਾਉਣ ਵਿਚ ਹਰ ਹੀਲਾ ਵਰਤਣ ਦੀ ਕੋਸ਼ਿਸ਼ ਕਰਦਾ ਸੀ । ਸੰਗਲਾਦੀਪ ਦੇ ਰਾਜੇ ਨੂੰ ਚੇਲਾ ਬਨਾਉਣ ਦੀ ਖਾਹਿਸ਼ ਨਾਲ ਕਈ ਗੁਰੂ ਨਾਨਕ ਬਣਕੇ ਉਥੇ ਆਂਦੇ ਜਾਂਦੇ ਰਹੇ ਸੀ ਸਹੀ ਗੁਰੂ ਨਾਨਕ ਹੀ ਉਹਦੀ ਪਰਖ ਵਿਚ ਪੂਰੇ ਉਤਰੇ ਸਨ ਬਾਕੀ ਦੇ ਹਰਨ ਹੋ ਜਾਂਦੇ ਰਹੇ ਸੀ।

ਇਸ ਵੇਲੇ ਜਦੋਂ ਕਿ ਹਰ ਪਾਸੇ ਸਿਖ ਧਰਮ ਪ੍ਰਚਾਰਕਾਂ ਵਲੋਂ ਪ੍ਰਚਾਰ ਹੁੰਦਾ ਹੈ ਫਿਰ ਵੀ ਸਿਖੀ ਸ਼ਕਲ ਵਿਚ ਵਖ ਵਖ ਤਰ੍ਹਾਂ ਦੇ ਕਈ ਗੁਰੂ ਪ੍ਰਗਟ ਹੋ ਚੁਕੇ ਸਨ ਤਾਂ ਉਸ ਵੇਲੇ ਵੀ ਮਾਨਵਰ ਇਕ ਸੰਤ ਰੂਪ ਬਾਬਾ ਬਾਲਕ ਸਿੰਘ ਤਾਈਂ ਵੀ ਸਿਖਾਂ ਦਾ ਗਿਆਰਵਾਂ ਗੁਰੂ ਪ੍ਰਗਟਾਉਣ ਦੀ ਕੋਸ਼ਿਸ਼ ਕਰਨੀ ਕੋਈ ਅਚੰਭੇ ਦੀ ਗਲ ਨਹੀਂ ਸੀ। ਪਰ ਸਾਨੂੰ ਇਹ ਤਾਂ ਪੁਛਣ ਦਾ ਹਕ ਹੈ ਕਿ ਉਹ ੧੧ਵੇਂ ਗੁਰੂ ਬਣੇ ਮਗਰੋਂ ੨੫ ਸਾਲ ਤੀਕ ਸਿਖ ਰਾਜ ਵੇਲੇ ਕਿਉਂ ਨਾ ਪ੍ਰਗਟੇ ? ਉਹ ਕੋਈ ਨਾ ਕੋਈ ਛੋਟਾ ਮੋਟਾ ਗੁਰਤਾ ਦਾ ਚਮਤਕਾਰ ਵਿਖਾਂਦੇ ਪ੍ਰਗਟ ਹੋ ਜਾਂਦੇ ਤਾ ਉਸ ਅੰਗਰੇਜ ਨੂੰ ਇਹ ਨਾ ਲਿਖਣਾ ਪੈਂਦਾ ਕਿ ਗੁਰਗੱਦੀ ਅਸਥਾਨ ਅਜੇ ਤੀਕ ਖਾਲੀ ਹੈ, ਤੇ ਨਾਮਧਾਰੀ ਸੰਤ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਨੂੰ ਸ਼ੱਕੀ ਬਨਾਉਣ ਵਾਸਤੇ ਦਲੀਲਬਾਜ਼ੀ ਦੇ ਬਹੁਤ ਪਾਪੜ ਨਾ ਵੇਲਣੇ ਪੈਂਦੇ ।

ਇਕ ਗੱਲ ਹਾਸੇ ਦੀ ਯਾਦ ਆਈ ਹੈ, ਪਾਠਕਾਂ ਦੇ ਗੋਚਰੇ ਰਖਦਾ ਹਾਂ—ਇਹ ਹੈ ਕਿ ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਸ੍ਰੀ ਨਨਕਾਣਾ ਸਾਹਿਬ ਦੀ ਯਾਤਰਾ ਮਗਰੋਂ ਚੂਹੜਕਾਣੇ (ਸਚਾ ਸੌਦਾ ਅਸਥਾਨ) ਦੀ ਯਾਤਰਾ ਕੀਤੀ। ਪ੍ਰਸਿਧ ਅੰਗਰੇਜ਼ (ਸਰ ਲਿਪਲ ਗ੍ਰਿਫਨ) ਦੀ ਲਿਖਤ ਮੁਤਾਬਕ ਇਹਨਾਂ ਪਾਸ ੭-੮ ਹਜ਼ਾਰ ਦੀ ਸਿਖ ਸੰਗਤ ਰਹਿੰਦੀ ਸੀ। ਚੂਹੜਕਾਣੇ ਆਏ ਵੇਲੇ ਇਥੋਂ ਦੀ ਸਿਖ ਸੰਗਤ (ਜੱਟ ਬ੍ਰਾਦਰੀ) ਨੇ ਦਸਿਆ ਕਿ ਪਿੰਡ ਦੇ ਬਾਹਰ ਇਕ ਨਾਂਗਾ ਉਦਾਸੀ ਸੰਤ ਆਇਆ ਬੈਠਾ ਤੇ ਆਖਦਾ ਮੈਂ ਹੀ ਪਿਛਲੇ ਸਮੇਂ ਵਿਚ ਗੁਰੂ ਨਾਨਕ ਹੋਇਆ ਹਾਂ, ਹੁਣ ਫੇਰ ਜਨਮ ਪਾਇ ਕੇ ਉਸੇ ਉਦਾਸੀ ਭੇਖ ਵਿਚ ਤਪੱਸਿਆ ਕਰ ਰਿਹਾ ਹਾਂ। ਬਾਬਾ ਜੀ ਨੇ ਕਿਹਾ ਪਰਖ ਲੈਂਦੇ ਹਾਂ।

ਸ੍ਰੀ ਬਾਬਾ ਸਾਹਿਬ ਸਿੰਘ ਜੀ ਨੇ ਕੁਝ ਸਿਖ ਭੇਜੇ ਕਿ ਬੁਲਾ ਲਿਆਉ ! ਪਰ ਉਹ ਬੋਲਿਆ—ਹਮੇਂ ਕਿਆ ਲੇਨਾ ਹੈ ਬਾਬਾ ਜੀ ਸੇ ? ਨਹੀਂ ਜਾਨਾ ਚਾਹਤਾ । ਜਦੋਂ ਬਾਬਾ ਜੀ ਨੇ ਪਕੜ ਮੰਗਵਾਇਆ ਅਤੇ ਕੁਹੜਕਾਣੇ ਗੁਰ-ਦਵਾਰੇ ਦੇ ਖੂਹ ਵਿਚ ਸੁਟਵਾ ਦਿਤਾ , ਲਗੀ ਸਰਦੀ ਤੇ ਬੁੜ-ਬੁੜ ਕਰਦਾ ਬੋਲਿਆ ਮੁਝੇ ਮੁਆਫ ਕਰੀਏ । ਬਾਹਰ ਨਿਕਲਵਾਈਏ । ਤਦ ਬਾਬਾ ਜੀ ਨੇ ਆਖਿਆ--ਗੁਰੂ ਨਾਨਕ ਤਿੰਨ ਦਿਨ ਵੇਈਂ ਨਦੀ ਵਿਚ ਲੋਪ ਰਹੇ ਸਨ ਤੈਨੂੰ ਤਿੰਨ ਪਹਿਰ ਤਾਂ ਪਾਣੀ ਵਿਚ ਰਹਿ ਕੇ ਦਸਣਾ ਚਾਹੀਏ ਜੋ ਗੁਰੂ ਨਾਨਕ ਬਣਨਾ ਚਾਹੁੰਦਾ ਹੈ ? ਤਦ ਬਾਬਾ ਜੀ ਨੇ ਬਾਹਰ ਕਰਾਇਆ ਤੇ ਉਸ ਨੇ ਮੁਆਫੀਆਂ ਮੰਗੀਆਂ ਸਨ । ਅਗਰ ਬਾਬਾ ਬਾਲਕ ਸਿੰਘ ਉਸ ਵੇਲੇ ਪ੍ਰਗਟ ਹੋਕੇ ਆਪਣੇ ਨੂੰ ਗਿਆਰਵਾਂ ਗੁਰੂ ਹੋਣਾ ਦਸਦੇ ਤਾਂ ਸਿਖ ਰਾਜ ਵੇਲੇ ਸੰਨ ੧੮੩੭ ਵਿਚ ਵੀ ਕਿਸੇ ਤਰ੍ਹਾਂ ਦੀ ਸਰਕਾਰ ਵਲੋਂ ਪ੍ਰੀਖਿਆ ਜ਼ਰੂਰ ਹੋਣੀ ਸੀ ਤੇ ਪੂਰੇ ਉਤਰਨ ਨਾਲ ਮਹਾਰਾਜਾ ਰਣਜੀਤ ਸਿੰਘ ਵੀ ਚੇਲਾ ਹੋ ਜਾਂਦਾ ਤੇ ਪ੍ਰਸਿਧੀ ਬਹੁਤ ਹੋ ਜਾਣੀ ਸੀ ।

ਅਸੀਂ ਪਿਛੇ ਦਸਿਆ ਹੈ ਕਿ ਸੰਤ ਮੋਹਰ ਸਿੰਘ ਦੀ ਮਾਨਸਿਕ ਪਟਾਰੀ ਵਿਚੋਂ ਨਵੇਂ ਤੋਂ ਨਵੇਂ ਇਤਿਹਾਸਕ ਦਲੀਲਾਂ ਦੇ ਭਰਮਾਊ ਪ੍ਰਸ਼ਨ ਉਠਦੇ ਹਨ । ਹੁਣ ਇਕ ਹੋਰ ਅੰਗਰੇਜ਼ ਲੇਖਕ ਮਿਸਟਰ ਮਰੇ ਸਾਹਿਬ ਨੂੰ ਸਾਹਮਣੇ ਕਰਦਾ । ਸਫਾ ੬੫ ਪਰ ਉਸ ਬਾਬਤ ਦਸਦਾ ਹੈ ਕਿ ਵਿਹ ਲੁਧਿਆਣੇ ਵਿਚ ਸਿਖ ਇਤਿਹਾਸ ਦੀ ਖੋਜ ਕਰ ਰਿਹਾ ਸੀ ਇਸ ਨੂੰ ਭਾਈ ਰਤਨ ਸਿੰਘ ਭੰਗੂ ਜੀ ਜੋ ਇਤਿਹਾਸ ਸੁਣਾਇਆ ਅਤੇ ਲਿਖਾਇਆ ਕਰਦੇ ਸਨ. ਉਸ ਤੋਂ ਬਾਅਦ ਖੁਦ ਨੂੰ ਘਰ ਆ ਕੇ ਲਿਖ ਲਿਆ ਕਰਦੇ ਸਨ । ਇਹਨਾਂ ਦੀ ਇਹ ਲਿਖਤ ਪਹਿਲਾਂ ਪੰਥ ਪ੍ਰਕਾਸ਼ ਬਣੀ ਤੇ ਇਸ ਦੀ ਤਾਰੀਫ ਵਿਚ ਭਾਈ ਵੀਰ ਸਿੰਘ ਜੀ ਨੇ ਜੋ ਸ਼ਬਦ ਲਿਖੇ ਸਨ ਪੁਸ਼ਟੀ ਵਜੋਂ ਮੋਹਰ ਸਿੰਘ ਨੇ ਪੇਸ਼ ਕੀਤੇ । ਜੋ ਭੰਗੂ ਜੀ ਦੇ ਉਸ ਪੰਥ ਪ੍ਰਕਾਸ਼ ਦੇ ਸਫਾ ੩੩ ਨੰਬਰ ਤੋਂ ਕੁਝ ਲਿਖਤ ਪੇਸ਼ ਕਰਦਾ ਨਮੂਨਾ ਇਹ ਹੈ :—

ਦੋਹਿਰਾ :—ਤਬ ਮਾਲੀ ਨੇ ਹਮ ਕਹਿਯੋ ਯੋਹ ਭੀ ਭੇਤ ਸੁਨਾਇ ॥
ਗੁਰ ਨਾਨਕ ਪਾਛੇ ਗੁਰ ਭਏ ਤਿਨ ਕੋ ਦਿਹੁ ਬਤਾਏ ॥
ਤਬ ਮੈਂ ਉਨ ਕੋ ਬਿਉਰੋ ਦੀਯੋ ॥ ਗੁਰ ਨਾਨਕ ਪਾਛੇ ਅੰਗਦ ਭਯੋ ॥

ਭਾਵ ਕਿ ਉਸ (ਮਾਲੀ ਕਿ ਮਰੇ ਸਾਹਿਬ) ਨੂੰ ਮੈਂ ਉਸ ਦੇ ਪੁਛੇ ਮੁਤਾਬਕ ਗੁਰ ਬੰਸਾਵਲੀ ਦਾ ਬਿਉਰਾ ਲਿਖਾਇਆ ਅਤੇ ਇਹ ਸਾਰਾ ਬਿਉਰਾ ਉਸ ਨੂੰ ਭੰਗੂ ਸਾਹਿਬ ਨੇ ਵਾਰਤਕ ਸੁਣਾਇਆ ਹੋਵੇਗਾ, ਪਰ ਆਪ ਉਹ ਆਪਣੀ ਥਾਇਂ ਕਵਿਤਾ ਵਿਚ ਲਿਖਦਾ ਰਿਹਾ ਤੇ ੯ਵੀਂ ਪਾਤਸ਼ਾਹੀ ਤੀਕ ਲਿਖਾਕੇ ਦਸਵੇਂ ਪਾਤਸ਼ਾਹ ਬਾਬਤ ਇਉਂ ਲਿਖਦਾ ਹੈ :—

ਪੁਨ ਗੋਬਿੰਦ ਸਿੰਘ ਭਏ ਦਲਧਾਰੀ ॥ ਦੇ ਪਾਤਸ਼ਾਹੀ ਕੀਉ ਪੰਥ ਭਾਰੀ ॥
ਜਿਮ ਦੀਪਕ ਤੇ ਦੀਪਕ ਜਾਗੇ ॥ ਤਿਉ ਗੁਰ ਤੇ ਗੁਰ ਹੋਤ ਭਏ ਆਗੇ ॥

ਉਕਤ ਲਿਖਤ ਵਿਚ ਅਖੀਰ ਦੀ ਇਸ ਲਿਖਤ ਨੂੰ "ਤਿਉ ਗੁਰ ਤੇ ਗੁਰ ਹੋਤ ਭਏ ਅਗੇ" ਬਹੁਤ ਅਪਨਾਇਆ ਤੇ ਆਪਣੇ ਮਤਲਬ ਦਾ ਅਰਥ ਕਰਕੇ ਭਰਮਾਣਾ ਚਾਹਿਆ ਕਿ ਇਸ ਭੰਗੂ ਸਾਹਿਬ ਨੇ ਵੀ ਅਗੇ ਗ੍ਰੰਥ ਸਾਹਿਬ ਦੀ ਗੁਰਿਆਈ ਦਾ ਕੋਈ

ਜ਼ਿਕਰ ਨਹੀਂ ਕੀਤਾ । ਸਹੀ ਅਰਥ ਇਹੋ ਹੈ ਕਿ ਜਿਵੇਂ ਦੀਪਕ ਤੋਂ ਦੀਪਕ ਜਗਦਾ ਹੈ ਤਿਵੇਂ ਗੁਰੂ ਤੋਂ ਅਗੇ ਜੋਤ ਪ੍ਰਾਪਤੀ ਨਾਲ ਗੁਰੂ ਹੁੰਦੇ ਰਹੇ । ਪਰ ਨਾਮਧਾਰੀ ਅਰਥ ਹੈ ਹੁੰਦੇ ਰਹਿਣਗੇ ।

ਸੋਚੀਏ ! ਜੇਕਰ ਪੰਗਤੀ ਐਸੀ ਹੁੰਦੀ—ਜ਼ਿਮ ਦੀਪਕ ਤੇ ਦੀਪਕ ਜਾਗੈ ॥ ਤਿਮ ਗੁਰ ਹੋਤ ਰਹਹਿਗੇ ਆਗੈ ॥ ਫਿਰ ਤਾਂ ਨਾਮਧਾਰੀ ਅਰਥ ਠੀਕ ਸੀ ਕਿ ਜਿਵੇਂ ਦੀਪਕ ਤੋਂ ਦੀਪਕ ਜਗਦਾ ਹੈ ਤਿਵੇਂ ਗੁਰੂ ਤੋਂ ਅਗੇ ਗੁਰੂ ਹੁੰਦੇ ਰਹਿਣਗੇ । ਪਰ ਐਸਾ ਨਹੀਂ ਹੈ । ਭੰਗੂ ਜੀ ਨੇ ਐਸਾ ਲਿਖਿਆ ਹੈ—ਤਿਉਂ ਗੁਰ ਤੇ ਗੁਰ ਹੋਤ ਭਏ ਆਗੇ । ਭਾਵ ਹੁੰਦੇ ਰਹੇ ਹਨ । ਇਹ ਸਹੀ ਅਰਥ ਹੈ ।

ਪਾਠਕ ਨੇ ਵਿਚਾਰਨਾ ਹੈ ਕਿ ਇਹ ਲਿਖਤ ਵੀ ਸਿਰਫ ਦਸੋ ਪਾਤਸ਼ਾਹੀਆਂ ਤੀਕ ਸਰੀਰਕ ਵਰਤਾਵਾ ਦਸਦੀ ਹੈ ਅਤੇ ਇਹ ਪ੍ਰਗਟ ਕੀਤਾ ਹੈ ਕਿ ਜਿਵੇਂ ਦੀਪਕ ਤੋਂ ਦੀਪਕ ਜਗਦਾ ਹੈ ਤਿਉਂ ਦਸਵੇਂ ਜਾਮੇਂ ਤੀਕ ਜੋਤ ਪ੍ਰਾਪਤੀ ਤੇ ਛੋਹ ਨਾਲ ਇਕ ਗੁਰੂ ਤੋਂ ਅਗੇ ਗੁਰੂ ਹੋ ਜਾਂਦੇ ਰਹੇ । ਸਪਸ਼ਟ ਅਰਥ ਇਹੋ ਹੈ ਕਿ ਹੁੰਦੇ ਰਹੇ । ਕਿਸੇ ਹੋਣ ਵਾਲੇ ਦੇਹਧਾਰੀ ਦਾ ਨਾਮ ਨਹੀਂ ਦਸਿਆ ।

ਅਗਰ ਦੇਹਧਾਰੀ ਅਗੇ ਬਨਾਣਾ ਹੁੰਦਾ ਤਾਂ ਉਥੇ ਹੀ ਨਾਂਦੇੜ ਵਿਚੋਂ ਕਿਸੇ ਸੋਢੀ ਦਾ ਜਾਂ ਪਿਆਰੇ ਸਿਖ ਦਾ ਨਾਮ ਦਸ ਦਿੰਦੇ ਤਦ ਉਹ ਪ੍ਰਵਾਨ ਮੰਨਿਆ ਜਾਂਦਾ ।

ਭੰਗੂ ਜੀ ਨੇ ਤਾਂ ਲਿਖਿਆ ਹੈ (ਦੇ ਪਾਤਸ਼ਾਹੀ ਕੀਉ ਪੰਥ ਭਾਰੀ) ਭਾਵ ਖਾਲਸਾ ਪੰਥ ਨੂੰ ਸਰੀਰਕ ਕਾਰ ਨਿਭਾਉਣ ਵਾਸਤੇ ਗੁਰੂ ਖਾਲਸਾ ਪਦਵੀ ਬਖਸ਼ੀ । ਇਸ ਪਾਤਸ਼ਾਹੀ ਬਖਸ਼ਿਸ਼ ਨਾਲ ਪੰਥ ਦੀ ਸਰਦਾਰੀ ਦਾ ਭਾਰੀ ਮਾਨ ਅਤੇ ਸਤਿਕਾਰ ਵਧਾਇਆ ਹੈ ।

ਗੁਰੂ ਗ੍ਰੰਥ ਸਾਹਿਬ ਤਾਂ ਆਤਮਕ ਗਿਆਨ ਜੋਤ ਸਰੂਪ ਗੁਰਬਾਣੀ ਸੰਗ੍ਰਹਿ ਹਨ । ਇਥੇ ਜ਼ਿਕਰ ਜ਼ਰੂਰੀ ਨਹੀਂ ਸੀ ਤੇ ਭੰਗੂ ਜੀ ਨੇ ਨਹੀਂ ਦਸਿਆ ਸੀ । ਕਿਉਂਕਿ 'ਗੁਰ ਸ਼ਬਦ' ਰੂਪ ਦਾ ਸਬੰਧ ਸਿਖ ਆਤਮਾਵਾਂ ਵਾਸਤੇ ਇਸ਼ਟ ਟੇਕ ਦਾ ਸਵਾਲ ਸੀ । ਉਸ ਨੇ ਐਸਾ ਨਹੀਂ ਪੁਛਿਆ ਤੇ ਨਹੀਂ ਦਸਿਆ ਨੇ । ਜੇਕਰ ਉਹ ਪੁਛਦਾ ਕਿ ਦਸ਼ ਪਾਤਸ਼ਾਹੀਆਂ ਤੋਂ ਬਾਅਦ ਫਿਰ ਸਿਖਾਂ ਵਿਚ ਹੁਣ ਗੁਰੂ ਕੌਣ ਹੈ ਤੇ ੧੦੦ ਸਾਲ ਦੇ ਲਗਪਗ ਸਮਾਂ ਬੀਤ ਚੁਕਾ ਹੈ । ਕਿਸੇ ਨਵੇਂ ਨੂੰ ਗੁਰ ਸਿਖ ਬਣਾਂਦੇ ਹੋਵੋਗੇ ? ਪਹਿਲੇ ਦੇਹਧਾਰੀ ਗੁਰਾਂ ਵਾਂਗੂੰ ਫਿਰ ਤੁਸਾਨੂੰ ਕੌਣ ਪੂਜਾ ਪਾਠ ਤੇ ਗੁਰਮੰਤ੍ਰ ਸੁਣਾਂਦਾ ਜਾਂ ਸਾਡੇ ਪੋਪ ਵਾਂਗੂੰ ਬੀਤੇ ਸਮੇਂ ਦੀ ਕਾਰ ਕੌਣ ਨਿਭਾਉਂਦਾ ? ਤਾਂ ਨਿਰਣੈ ਨਾਲ ਇਸ ਪੁਛ ਦੇ ਉਤਰ ਵਿਚ ਉਹਨਾਂ ਨੇ ਸਭ ਕੁਝ ਗੁਰੂ ਗ੍ਰੰਥ ਜੀ ਦੀ ਤਾਬਿਆ ਵਿਚ ਹੁਣ ਤੀਕ ਗੁਰੂ ਖਾਲਸਾ ਜੋ ਕਾਰ ਕਰਦਾ ਆਇਆ ਹੈ ਸਭ ਕੁਝ ਲਿਖਾ ਦੇਣਾ ਸੀ ਤੇ ਖੁਦ ਵੀ ਲਿਖਣਾ ਸੀ ।

ਉਸ ਅੰਗਰੇਜ਼ ਲੇਖਕ ਨੇ ਸਰੀਰਕ ਗੁਰਿਆਈ ਦਾ ਨਿਰਣਾ ਪੁਛਿਆ ਸੀ । ਇਹਨਾਂ ਨੇ ਦਸਵੀਂ ਪਾਤਸ਼ਾਹੀ ਤੀਕ ਦਸਕੇ ਅਗੋ (ਸਰੀਰਕ ਪਾਤਸ਼ਾਹੀ) ਦਾ ਦਰਜਾ "ਗੁਰੂ ਪੰਥ" ਨੂੰ ਦਿਤਾ ਲਿਖਾਇਆ ਨੇ, ਤੇ ਖੁਦ ਵੀ ਐਸਾ ਹੀ ਲਿਖਿਆ ਹੈ—ਦੇ ਪਾਤਸ਼ਾਹੀ ਕੀਉ ਪੰਥ ਭਾਰੀ—ਤਾਂ ਤੇ ਨਾਮਧਾਰੀ ਲੇਖਕ ਜੀ ਨੂੰ ਕਿਹ' ਵਿਚਾਰੇ ਦੇ ਖੁਸ਼

ਨਹੀਂ ਹੋਣਾ ਚਾਹੀਏ ਕਿ ਇਹਨਾਂ ਬਾਰੇ ਇਹ ਕੋਈ ਭਵਿਖਤ ਵਾਕ ਨਹੀਂ ਹਨ ਕਿ ਅਗੇ ਦੀਪਕ ਨਾਲ ਦੀਪਕ ਜਗਦਾ ਰਹੇਗਾ ਤੇ ਨਾਮਧਾਰੀ ਗਦੀ ਚਲਦੀ ਰਹੇਗੀ।

## ਪ੍ਰਸ਼ਨ ੬–ਗੁਰੂ ਮਾਨਿਉ ਗ੍ਰੰਥ ?

ਉਕਤ ਸਿਰਲੇਖ : ਗੁਰੂ ਮਾਨਿਉ ਗ੍ਰੰਥ—ਅਗੇ ਉਹ ? ਸਵਾਲੀਆ ਚਿੰਨ੍ਹ ਲਗਾਂਦਾ ਜਿਸ ਤੋਂ ਉਹਦਾ ਇਹ ਮਤਲਬ ਹੈ ਕਿ ਗੁਰੂ ਮਾਨਿਉ ਗ੍ਰੰਥ ਕਿਉਂ ? ਭਾਵ—ਗੁਰੂ ਨਹੀਂ ਮੰਨਣਾ ਚਾਹੀਏ। ਇਸ ਵਾਸਤੇ ਕਿ ਇਸ ਦਾ ਕੋਈ ਇਤਿਹਾਸਕ ਸਬੂਤ ਅਤੇ ਸਮਕਾਲੀ ਗਵਾਹੀ ਨਹੀਂ ਕਿ ਗ੍ਰੰਥ ਸਾਹਿਬ ਨੂੰ ਗੁਰਿਆਈ ਮਿਲੀ ਹੋਵੇ ? ਅਸੀਂ ਇਸ ਸਬੰਧ ਵਿਚ ਪਿਛੇ ਇਕ ਤੋਂ ਜ਼ਿਆਦਾ ਵੇਰ ਸ੍ਰੀ ਸਰਬ-ਲੋਹ ਗ੍ਰੰਥ ਵਿਚੋਂ, ਉਦਾਸੀ ਸੰਤਾਂ ਵਲੋਂ, ਅਖੀ ਵੇਖੇ ਹਾਲ ਭਾਈ ਰਾਮ ਕੌਰ ਨੂੰ ਸੁਣਾਏ ਪੇਸ਼ ਕੀਤੇ ਤੇ ਹੋਰ ਵੀ ਉਤਰ ਦਿਤੇ। ਪਰ ਨਾਮਧਾਰੀ ਸੰਤ ਨੇ ਪੁਸਤਕ ਆਪਣੀ ਨੂੰ ਬੜਾਵਾ ਦੇਣ ਨੂੰ ਜੋ ਲਿਖਿਆ ਉਸਦੇ ਜਵਾਬ ਵਿਚ ਜੋ ਸਬੂਤ ਅਤੇ ਦਲੀਲਾਂ ਅਸੀਂ ਪੇਸ਼ ਕੀਤੀ ਆਂਹਨ ਇਹ ਸਬੂਤ ਪਹਲੇ ਕਿਸੇ ਨਹੀਂ ਦਿਤੇ ਸੀ—ਤਦੇ ਮੈਦਾਨ ਖਾਲੀ ਦੇਖ ਕੇ ਉਸ ਨੇ ਇਤਨੀ ਵਡੀ ਪੁਸਤਕ ਗੁਰੂ ਗ੍ਰੰਥ ਸਾਹਿਬ ਦੇ ਮੰਨਣ ਵਾਲਿਆਂ ਨੂੰ ਭਰਮਾਉਣ ਵਾਸਤੇ ਲਿਖੀ। ਅਤੇ ਉਕਤ ਸਿਰਲੇਖ ਹੇਠਾਂ ਉਸ ਨੇ ਕਈ ਪਤਰੇ ਐਸੇ ਹੀ ਲਿਖੇ ਹਨ। ਜਿਹਨਾਂ ਦਾ ਭਾਵ ਉਹੀ ਹੈ ਜੋ ਉਸ ਦਾ ਸ਼ੁਰੂ ਤੋਂ ਚਲਾ ਆਇਆ ਹੈ—"ਗੁਰੂ ਗ੍ਰੰਥ ਸਾਹਿਬ" ਦੀ ਗੁਰਤਾ ਦਾ ਖੰਡਨ ਤੇ ਆਪਣੇ ਨਾਮਧਾਰੀ ਗੁਰਿਆਈ ਦਾ ਮੰਡਨ ਕਰਨਾ ਇਹੋ ਹੀ ਉਸ ਦਾ ਮੁਖ ਸਿਧਾਂਤ ਹੈ।

ਅਸੀਂ ਪਹਿਲੇ ਪੰਨਿਆਂ ਵਿਚ ਇਹ ਦਸ ਆਏ ਹਾਂ ਕਿ ਸਾਨੂੰ ਕਿਸੇ ਵੀ ਸੰਪਰਦਾਇਕ ਗੁਰੂ ਦੀ ਹੋਂਦ ਨਾਲ ਕੋਈ ਦੁਖ ਨਹੀਂ। ਉਨ੍ਹਾਂ ਨੂੰ ਆਪਣੇ ਗੁਰੂ ਮੁਬਾਰਕ ਹੋਣ ! "ਗੁਰੂ ਰਵੀ ਦਾਸ" ਗੁਰੂ ਸ਼ੰਕਰਾ ਚਾਰੀਯ ਨੂੰ ਮੰਨਣ ਵਾਲੇ ਉਹਨਾਂ ਦੇ ਸਭ ਜਾਨਸ਼ੀਨਾਂ ਨੂੰ ਦੇਹਧਾਰੀ ਗੁਰੂ ਕਰਕੇ ਮੰਨਦੇ। ਤਿਵੇਂ ਨਿਰਮਲਾ ਸੰਪਰਦਾਇ ਵਿਚ ਵੀ ਇਹੋ ਭਾਵਨਾ ਹੈ ਪਰ ਨਿਰਮਲਾ ਸੰਪਰਦਾਇ ਦਿਆਂ ਗੁਰੂਆਂ, (ਸ਼ਬਦ ਦਾਤਿਆਂ) ਨੇ ਆਪਣੇ ਆਪ ਨੂੰ ਗਦੀ ਨਸ਼ੀਨ ਨਹੀਂ ਦਸਿਆ, ਸਗੋਂ ਗੁਰਾਂ ਸਿਰ ਗੁਰੂ-ਗੁਰੂ ਗ੍ਰੰਥ ਜੀ ਨੂੰ ਮੰਨਦੇ ਆਏ ਹਨ। ਸਾਨੂੰ ਦੁਖ ਹੈ ਤਾਂ ਇਸ ਗਲ ਦਾ ਕਿ ਨਾਮਧਾਰੀ ਦਰਬਾਰ ਨੇ ਆਪਣੇ ਗੁਰੂ ਸ੍ਰੀ ਬਾਲਕ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਤੋਂ ਗੁਰੂ ਗੁਰਗਦੀ ਮਿਲੀ ਦਸ ਕੇ ਇਸ ਤਰ੍ਹਾਂ ਦੀ ਜਾਹਲੀ ਗੁਰਗਦੀ ਨੂੰ ਚਲਾਇਆ ਹੈ।

ਮੇਹਰ ਸਿੰਘ ਨੇ ਪਿਛੇ ਵੀ ਲਿਖਿਆ ਤੇ ਹੁਣ ਫੇਰ ਸਫਾ ੬੮ ਪਰ ਲਿਖਦਾ ਹੈ ਕਿ "ਆਗਿਆ ਭਈ ਅਕਾਲ ਕੀ" ਵਾਲਾ ਦੋਹਿਰਾ ਪਹਿਲੇ ਸੰਮਤ ੧੯੩੬ ਦੇ ਪੰਥ ਪ੍ਰਕਾਸ਼ ਅਤੇ ਦੂਜੀ ਵੇਰ ਦੇ ਛਪੇ ਸੰਮਤ ੧੯੪੧ ਵਿਚ ਉਕਤ ਦੋਹਰੇ ਦਾ ਨਾਮ ਨਿਸ਼ਾਨ ਨਹੀਂ ਸੀ। ਇਹ ਪਹਿਲੀ ਵੇਰ ਗਿਆਨੀ ਗਿਆਨ ਸਿੰਘ ਰਚਿਤ ਪੰਥ ਪ੍ਰਕਾਸ਼ ਵਿਚ ਸੰਮਤ ੧੯੪੬ ਬਿਕ੍ਰਮੀ ਵਾਲੀ ਐਡੀਸ਼ਨ ਜੋ ਸਿੰਘ ਸਭਾ ਵਾਲਿਆਂ ਨੇ ਛਾਪੀ ਉਸ ਵਿਚ ਬਦਲ ਕੇ ਲਿਖਿਆ ਹੈ ਕਿਉਂਕਿ ਪਹਿਲੀ ਐਡੀਸ਼ਨ ਵਿਚ ਬਾਬਾ ਬਾਲਕ ਸਿੰਘ ਦਾ ਜ਼ਿਕਰ ਲਿਖਿਆ ਸੀ ਇਸ ਦੂਜੀ ਐਡੀਸ਼ਨ ਵਿਚ ਨਹੀਂ ਹੈ।

ਇਸ ਦਾ ਉਤਰ ਇਹ ਹੈ ਕਿ ਹੁਣ ਅਸੀਂ ਵੀ ਕਈ ਪੁਸਤਕਾਂ ਛਾਪੀਆਂ ਹਨ

ਜੇ ਪੁਸਤਕ ਦੂਜੀ ਵੇਰ ਛਾਪੀ ਹੋਵੇ ਉਸ ਉਤੇ ਜ਼ਰੂਰੀ ਹੁੰਦਾ ਹੈ ਕਿ ਦਸੀਏ ਇਹ ਦੂਜੀ ਐਡੀਸ਼ਨ ਹੈ। ਪਹਿਲੀ ਐਡੀਸ਼ਨ ਅਛੀ ਸੀ। ਪ੍ਰਵਾਣੀਕ ਸੀ ਛੇਤੀ ਵਿਕੀ ਹੈ ਤਦੇ ਦੂਜੀ ਵੇਰ ਛਾਪੀ ਗਈ ਹੈ, ਤੇ ਦੂਜਾ ਕਾਰਨ ਕਿ ਪਹਿਲੀ ਵੇਰ ਦੀ ਪਰੂਫ ਗਲਤੀ ਜਾਂ ਇਤਿਹਾਸਕ ਤਰੁਟੀ ਕੋਈ ਰਹਿ ਗਈ ਹੋਵੇ ਤਾਂ ਪਾਠਕਾਂ ਵਲੋਂ ਮਿਲੇ ਸੁਝਾਉ ਅਨੁਸਾਰ ਉਸ ਨੂੰ ਠੀਕ ਕਰਕੇ ਛਾਪਿਆ ਜਾਂਦਾ ਹੈ। ਇਸੇ ਤਰ੍ਹਾਂ ਅਗਰ ਗਿਆਨੀ ਗਿਆਨ ਸਿੰਘ ਜੀ ਪਾਸੋਂ ਜੋ ਨਾਮਧਾਰੀ ਮੁਖੀ ਬਾਬਾ ਬਾਲਕ ਸਿੰਘ ਬਾਬਤ ਉਹਨਾਂ ਦੇ ਚੇਲਿਆਂ ਪਾਸੋਂ ਸੁਣੀ ਸੁਣਾਈ ਗਲ ਕੋਈ ਗਲਤ ਲਿਖੀ ਗਈ ਹੋਵੇ ਤੇ ਦ ਅਸਲੀਅਤ ਸਾਹਮਣੇ ਆਉਣ ਤੇ ਉਸ ਲਿਖਾਰੀ ਨੂੰ ਹਕ ਹੈ ਕਿ ਉਹ ਦੂਜੀ ਵੇਰ ਦਰੁਸਤ ਕਰਕੇ ਛਾਪੇ। ਇਸ ਵਿਚ ਕੋਈ ਬੁਰਾਈ ਨਹੀਂ, ਤੇ ਨਾ ਕਿਸੇ ਹੋਰ ਨੇ ਬਦਲਿਆ ਹੈ।

ਇਸ ਆਪਣੇ ਪੱਖ ਨੂੰ (ਜੋ ਉਸ ਦੀ ਨੀਅਤ ਨੂੰ ਸਪਸ਼ਟ ਕਰਦਾ) ਸਾਬਤ ਕਰਨ ਵਾਸਤੇ ਸਫਾ ੬੫ ਤੋਂ ੮੪ ਤੀਕ ਉਸ ਨੇ ਬਹੁਤ ਕੁਝ ਉਹਾ ਲਿਖਿਆ ਜੋ ਪਿਛੇ ਲਿਖਦਾ ਆਇਆ। ਇਸ ਵਾਸਤੇ ਦੂਜੀ ਤੀਜੀ ਵੇਰ ਉਹਨਾਂ ਗਲਾਂ ਦਾ ਬਾਰ ਬਾਰ ਉਤਰ ਦੇਣਾ ਅਸੀਂ ਮੁਨਾਸਬ ਨਹੀਂ ਸਮਝਦੇ ਤੇ ਇਕ ਦੋ ਨਵੇਂ ਹੋਰ ਪ੍ਰਸ਼ਨਾਂ ਦਾ ਉਤਰ ਦੇਣਾ ਹੈ। ਪਰ ਉਸ ਦੀ ਲਿਖਤ—"ਗ੍ਰੰਥ ਸਾਹਿਬ" ਜਾਂ "ਸ੍ਰੀ ਗ੍ਰੰਥ ਸਾਹਿਬ" ਬਾਬਤ ਸਤਿਕਾਰ ਦਾ ਨਮੂਨਾ ਦਸਣਾ ਹੈ :

ਉਹ ਆਪਣੀ ਵਲੋਂ ਸਮਝਦਾ ਕਿ ਗ੍ਰੰਥ ਦੇ ਨਾਲ "ਸਾਹਿਬ" ਸ਼ਬਦ ਜਾਂ ਸ੍ਰੀ ਗ੍ਰੰਥ ਸਾਹਿਬ ਲਿਖ ਕੇ ਉਹ ਬੜੀ ਭਾਵਨਾ ਪ੍ਰਗਟ ਕਰਦਾ ਹੈ। "ਸ੍ਰੀ" ਸ਼ਬਦ ਤਾਂ ਸਰਕਾਰੀ ਚਿਠੀਆਂ ਉਤੇ ਨੀਵੇਂ ਤੋਂ ਨੀਵੇਂ ਜੀਵਨ ਵਾਲੇ ਤਾਈਂ ਵੀ ਲਿਖਿਆ ਹੁੰਦਾ ਹੈ। ਫਿਰ ਸਾਹਿਬ ਸ਼ਬਦ ਤਾਂ ਕਿਸੇ ਵੀ ਸਿਖ ਤਾਈਂ ਕੋਈ ਨਾਵਾਕਫ ਵੀ ਬੁਲਾਂਦਾ—ਤਾਂ "ਸਰਦਾਰ ਸਾਹਿਬ" ਇਹ ਕੰਮ ਕਰ ਦਿਓ। ਜਾਂ ਬੱਸ ਵਿਚ ਇਹ ਮੇਰੀ ਸੀਟ ਹੈ ਸਰਦਾਰ ਜੀ ਉਠ ਬੈਠੋ। ਉਕਤ ਸ਼ਬਦ ਸਾਹਿਬ ਵੀ ਅਜ ਕਲ ਕੋਈ ਇਤਨਾ ਸਤਿਕਾਰਤ ਨਹੀਂ ਰਿਹਾ। ਗੁਰੂ ਸਾਹਿਬਾਨਾਂ ਦੇ ਨਾਮਾਂ ਨਾਲ ਜੇ ਉਸ ਵੇਲੇ ਸ੍ਰੀ ਸ਼ਬਦ ਵਰਤਦੇ ਸਨ ਤਾਂ ਉਸ ਵੇਲੇ ਇਸ ਸ਼ਬਦ ਨੂੰ ਕਿਸੇ ਮਹਾਨ ਗੁਰੂ ਵਿਅਕਤੀ ਜਾਂ ਅਵਤਾਰ ਵਿਅਕਤੀ ਬਾਬਤ ਵਰਤਦੇ ਸਨ। ਹੁਣ ਤਾਂ ਐਰੇ ਗੈਰੇ ਨਥੂ ਖੈਰੇ ਦੇ ਨਾਮ ਨਾਲ ਵੀ ਸਰਕਾਰੀ ਚਿਠੀ ਉਤੇ—ਸ੍ਰੀ ਪ੍ਰਾਨ ਨਾਥ--ਸ੍ਰੀ ਦਮੋਦਰ ਦਾਸ ਲਿਖਿਆ ਜਾਂਦਾ ਹੈ। ਮੇਰੇ ਨਾਮ ਕੋਈ ਚਿਠੀ ਸਰਕਾਰੀ ਆਵੇ ਤਾਂ ਉਸ ਉਤੇ ਵੀ ਗਿਆਨੀ ਈਸ਼ਰ ਸਿੰਘ ਨਾਰਾ ਦੀ ਬਜਾਏ "ਸ੍ਰੀ ਈਸ਼ਰ ਸਿੰਘ ਨਾਰਾ" ਹੀ ਲਿਖਿਆ ਹੁੰਦਾ ਹੈ। ਤਾਂਤੇ ਸੰਤ ਸਾਹਿਬ ਵਲੋਂ ਸ੍ਰੀ ਗ੍ਰੰਥ ਸਾਹਿਬ ਸ਼ਬਦਾਂ ਦੀ ਵਰਤੋਂ ਨਾਲ ਇਹ ਨਾ ਸਮਝਿਆ ਜਾਏ ਕਿ ਕਿਸੇ ਸਤਿਕਾਰ ਵਿਚ ਲਿਖ ਰਿਹਾ ਹੈ।

ਗੁਰ ਸ਼ਬਦ ਅਜੇ ਆਮ ਲੋਕਾਂ ਵਾਸਤੇ ਨਹੀਂ ਵਰਤਿਆ ਗਿਆ ਤੇ ਉਹ ਅਜੇ ਵੀ ਖਾਸ ਖਾਸ ਵਿਅਕਤੀਆਂ ਵਾਸਤੇ ਹੀ ਵਰਤਿਆ ਜਾਂਦਾ ਹੈ ਤੇ ਮੋਹਰ ਸਿੰਘ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਮ ਨਾਲ ਵੀ ਗੁਰੂ ਸ਼ਬਦ ਲਿਖਣ ਜਾਂ ਬੋਲਣ ਵਿਚ ਨਫਰਤ ਹੈ ਜਿਹੜਾ ਨਾਮ ਕਿ ਪੋਥੀ ਸਾਹਿਬ ਤੋਂ ਬਦਲ ਕੇ ਸ੍ਰੀ ਅਨੰਦਪੁਰ ਹੁੰਦਿਆਂ ਫਿਰ ਦਮਦਮੇ

ਸਾਹਿਬ ਅਸਥਾਨ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਆਪੇ ਨਾਮ ਰਖਿਆ ਸੀ ਮੇਹਰ ਸਿੰਘ ਉਹ ਨਹੀਂ ਲਿਖਦਾ।

ਅਗੋਂ ਆਪਣੇ ਸੁਭਾਉ ਮੁਤਾਬਕ ਬਹੁਤ ਕੁਝ ਬਾਰ ਬਾਰ ਉਹਾ ਪ੍ਰਸ਼ਨ ਕਰਦਾ ਹੋਇਆ ਸੰਤ ਹਰਨਾਮ ਦਾਸ ਉਦਾਸੀ ਜੀ ਦੀ ਇਕ ਲਿਖਤ ਦਾ ਹਵਾਲਾ ਦਿੰਦਾ, ਜੋ ਮੇਰੇ ਆਪਣੇ ਪਾਸ ਵੀ ਉਹਨਾਂ ਵਲੋਂ ਦਿਤੀ ਹੋਈ ਹੈ, ਮੈਂ ਪੜ੍ਹੀ ਹੈ। ਉਹਨਾਂ ਦੀ ਲਿਖਤ ਅਨੁਸਾਰ ਦਸਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਕਈ ਬੀੜਾਂ ਕਈ ਰੂਪਾਂ ਵਿਚ ਹਨ। ਉਹ ਵੀ ਦੇਹਧਾਰੀ ਗੁਰੂ ਦੇ ਪੂਜਕ ਅਤੇ ਸਮਰਥਕ ਸਨ। ਉਹ ਮੇਰੇ ਵੀ ਚੰਗੇ ਹਿਤਕਾਰੀ ਅਤੇ ਮਹਾਨ ਵਿਦਵਾਨ ਸਨ। ਦਿਲੀ ਆਏ ਵੇਲੇ ਉਹ ਮੈਨੂੰ ਜ਼ਰੂਰ ਮਿਲਦੇ ਅਤੇ ਕਈ ਵੇਰੀ ਮੇਰੀ ਬੇਨਤੀ ਮੰਨ ਕੇ ਮੇਰੇ ਪਾਸ ਟਿਕ ਜਾਂਦੇ ਅਤੇ ਵਿਚਾਰ ਵਟਾਂਦਰਾ ਵੀ ਹੁੰਦਾ ਰਿਹਾ ਹੈ। ਪਰ ਉਹਨਾਂ ਦੀ ਰਸਨਾ ਤੋਂ ਜਦੋਂ ਵੀ ਗੁਰੂ ਗ੍ਰੰਥ ਜੀ ਦਾ ਨਾਮ ਸੁਣਿਆ ਹੈ—ਉਹ ਬੜੇ ਸਤਿਕਾਰ ਨਾਲ "ਸ੍ਰੀ ਗੁਰੂ ਗ੍ਰੰਥ ਸਾਹਿਬ" ਜੀ ਦੇ ਨਾਮ ਨਾਲ ਹੀ ਬੋਲਦੇ ਹੁੰਦੇ ਹਨ।

ਬੀੜਾਂ ਦੀ ਅਨੇਕਤਾ ਦਾ ਜ਼ਿਕਰ ਮੇਰੇ ਨਾਲ ਵੀ ਉਹਨਾਂ ਕੀਤਾ ਅਤੇ ਦਿਲੀ ਵਿਚ ਇਕ ਦੋ ਘਰਾਣਿਆਂ ਅੰਦਰ ਸੰਭਾਲ ਰਖੀਆਂ ਬੀੜਾਂ ਦੇ ਦਰਸ਼ਨ ਕਰਾਏ ਤੇ ਉਨ੍ਹਾਂ ਵਿਚ ਬੇਸ਼ੁਮਾਰ ਵਾਧੂ ਬਾਣੀ ਲਿਖੀ ਵੀ ਨਾਲ, ਲਿਜਾ ਕੇ ਵਿਖਾਈ ਸੀ। ਪਰ ਉਹਨਾਂ ਤਾਈਂ ਮੈਂ ਦਸਿਆ ਸੀ ਕਿ ਉਸ ਜ਼ਮਾਨੇ ਵਿਚ ਜਿਥੇ ਕਿਤੇ ਵੀ ਕਿਸੇ ਕੋਲ ਵਾਧੂ ਬਾਣੀ ਹੈ ਸੀ ਉਹ ਲਿਖ ਲਿਆ ਕਰਦੇ ਰਹੇ ਤੇ ਕੋਈ ਕਿਸੇ ਦੇ ਐਸੇ ਕੀਤੇ ਵਾਧੇ ਨੂੰ ਨਾ ਜਾਣ ਸਕਦਾ ਸੀ ਨਾ ਰੋਕ ਸਕਦਾ ਸੀ। ਆਪਣੇ ਮਨ ਮਰਜ਼ੀ ਦੀ ਜਿਸ ਨੇ ਲਿਖੀ ਉਹ ਉਸ ਦੇ ਨਿਜੀ ਪਾਠ ਦੀਦਾਰ ਵਾਸਤੇ ਸੀ, ਪਰ ਸਾਨੂੰ ਤਾਂ ਹੁਣ ਆਪਣਾ ਇਕੋ ਵਿਚਾਰ ਪੱਕਾ ਰਖਣਾ ਹੈ ਕਿ ਜੋ ਬੀੜ ਸ੍ਰੀ ਦਮਦਮੇ ਸਾਹਿਬ ਉਚਾਰਨ ਹੋਈ ਤੇ ਗੁਰਗਦੀ ਸਥਾਪਤ ਹੋਈ ਉਸੇ ਨੂੰ ਮਾਨਤਾ ਮਹਾਨਤਾ ਦੇਣੀ ਹੈ। ਬਾਕੀ ਥੋੜੀ ਜਾਂ ਬਹੁਤ ਲਿਖੀ ਵਾਧੂ ਬਾਣੀ ਵਾਲੀ ਬੀੜ ਜਾ ਛੋਟੀ ਵਡੀ ਪੋਥੀ ਵੀ ਸਾਡੇ ਨਿਮਸਕਾਰ ਜੋਗ ਹੈ।

ਵਿਦਵਾਨ ਸੰਤ ਹਰਨਾਮ ਦਾਸ ਨੇ ਇਕ ਆਦਿ ਗੁਰੂ ਗ੍ਰੰਥ ਸਾਹਿਬ ਟੀਕਾ ਵੀ ਲਿਖਿਆ ਤੇ ਮੂਲ ਪਾਠ ਲਿਖ ਕੇ ਹੇਠਾਂ ਉਹਨਾਂ ਨੇ ਟੂਕਾਂ ਵਿਚ ਮੁਕਾਬਲੇ ਦੇ ਦੂਜੇ ਗ੍ਰੰਥਾਂ ਦੇ ਸ਼ਬਦ ਬਹੁਤ ਦਿਤੇ ਹਨ। ਉਹਨਾਂ ਮੈਨੂੰ ਇਹ ਵੀ ਦਸਿਆ ਸੀ ਕਿ ਇਸ ਤਰ੍ਹਾਂ ਇਸ ਦਾ ਨਵੀਨ ਟੀਕਾ ਜਾਂ ਨਵੀਨ ਤਰ੍ਹਾਂ ਦੀ ਖੋਜ ਦੇ ਸਾਰੇ ਅਧਿਕਾਰ ਨਾਮਧਾਰੀ ਦਰਬਾਰ ਪਾਸ ਚਾਲੀ ਹਜ਼ਾਰ ਤੋਂ ਵੇਚ ਦਿਤੇ ਹਨ। ਉਹਨਾਂ ਵਾਸਤੇ ਇਸ ਬੀੜ ਦਾ ਖਰੀਦਣਾ ਇਸ ਵਾਸਤੇ ਲਾਭਕਾਰੀ ਹੋਗਾ ਸੀ ਕਿ ਸੰਤ ਮੇਹਰ ਸਿੰਘ ਜੈਸਿਆਂ ਨੇ ਪ੍ਰਚਾਰ ਕਰਨਾ ਹੈ ਕਿ ਵਖੋ ਵਖ ਤਰਾਂ ਦੀਆਂ ਬੀੜਾਂ ਵਿਚੋਂ ਕਿਹੜੀ ਸ਼ੁਧ ਹੈ ਅਤੇ ਕਿਹੜੀ ਨੂੰ ਗੁਰਿਆਈ ਮਿਲੀ ਮੰਨਿਆ ਜਾਵੇ, ਸੋ ਠੀਕ ਮੇਹਰ ਸਿੰਘ ਨੇ ਉਸੇ ਲਿਖਤੀ ਬੀੜ ਦੇ ਆਧਾਰ ਤੇ ਲਿਖਿਆ ਹੈ ਕਿ ਜਦੋਂ ਬੀੜਾਂ ਵਿਚ ਹਾ ਅਸ਼ੁਧੀਆਂ ਹਨ ਤਾਂ ਗ੍ਰੰਥ ਸਾਹਿਬ ਕਿਵੇਂ ਗੁਰੂ ਤੇ ਕਿਸ ਬੀੜ ਨੂੰ ਗੁਰੂ ਮੰਨੀਏ ?

ਇਸ ਦਾ ਉਤਰ ਪਿਛੇ ਦਿਤਾ ਹੈ ਕਿ ਕਿਸ ਗੁਰੂ ਜਾਂ ਪਿਤਾ ਦੀ ਹਾਦਸੇ ਵਿਚ ਅੰਗਹੀਨਤਾ ਹੋਵੇ ਬੋਲਣਾ ਬੰਦ ਹੋ ਜਾਏ ਤਾਂ ਪੁਤਰ ਉਸਨੂੰ ਆਪਣਾ ਪਿਤਾ ਹੀ ਸਮਝੇਗਾ

ਤੇ ਇਲਾਜ ਕਰਾਏਗਾ ਤੇ ਚੇਲਾ ਉਸ ਨੂੰ ਆਪਣਾ ਗੁਰੂ ਹੀ ਮੰਨੇਗਾ, ਤਿਵੇਂ ਹੀ ਅਗਰ ਗੁਰੂ ਬੀੜ ਵਿਚ ਛਾਪੇ ਵਾਲਿਆਂ ਤੋਂ ਠੀਕ ਸੁਧਾਈ ਨਹੀਂ ਹੋਈ, ਅਸ਼ੁਧੀਆਂ ਹਨ ਤਾਂ ਉਹਨਾਂ ਨੂੰ ਕਲਮ ਨਾਲ ਸ਼ੁਧੀਆਂ ਕੀਤੀਆਂ ਜਾ ਸਕਦੀਆਂ ਸਨ। ਬੀੜ ਦੀ ਗੁਰਿਆਈ ਵਿਚ ਫਰਕ ਨਹੀਂ ਪੈ ਜਾਂਦਾ।

ਗਿਆਨੀ ਗਿਆਨ ਸਿੰਘ ਜੀ ਨੇ ਜੋ ਦੋਹਿਰਾ ਲਿਖਿਆ ਹੈ—"ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ—ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ" ਇਸ ਬਾਬਤ ਮੇਹਰ ਸਿੰਘ ਦਸਦਾ ਹੈ ਕਿ ਇਹ ਦੋਹਿਰਾ ਗਿਆਨੀ ਗਿਆਨ ਸਿੰਘ ਨੇ ਕੇਸਰ ਸਿੰਘ ਛਿਬਰ ਦੀ ਲਿਖਤ ਦੇ ਆਧਾਰ ਤੇ ਲਿਖਿਆ ਕਿਹਾ ਹੈ :

"ਲਿਖੇ ਕੇਸਰਾ ਸਿੰਘ ਕੀ ਸਾਖੀ ॥ ਮਾਹਿ ਬਾਰਤਾ ਕਹੋਂ ਸੋ ਭਾਖੀ ॥"

ਭਾਵ ਕੇਸਰਾ ਸਿੰਘ ਦੀ ਲਿਖੀ ਸਾਖੀ ਅਨੁਸਾਰ ਮੈਨੇ ਕਿਹਾ ਹੈ। ਇਹ ਸਗੋਂ ਹੋਰ ਪਤੇ ਦੀ ਗਲ ਹੈ ਕਿ ਕੇਸਰਾ ਸਿੰਘ ਨੇ ਠੀਕ ਸੋਚ ਵਿਚਾਰ ਕੇ ਹੀ ਲਿਖਿਆ ਸੀ ਜਿਸ ਨੂੰ ਪੜ੍ਹ ਮਗਰੋਂ ਗਿਆਨੀ ਗਿਆਨ ਸਿੰਘ ਨੇ ਆਪਣੀ ਦੂਜੀ ਐਡੀਸ਼ਨ ਵਿਚ ਲਿਖ ਦਿਤਾ ਹੈ ਤੇ ਪਹਿਲੀ ਸਰੋਤ ਸੁਣੀ ਨੂੰ ਗਲਤ ਸਮਝਿਆ ਤੇ ਸ੍ਰੀ ਬਾਲਕ ਸਿੰਘ ਦਾ ਨਾਮ ਵੀ ਕਢ ਦਿਤਾ ਹੈ। ਫਿਰ ਸਿੰਘ ਸਭਾ ਤੇ ਬਦਲਨ ਦਾ ਦੋਸ਼ ਕਿਵੇਂ ਹੋ ਸਕਦਾ ?

ਕੇਸਰ ਸਿੰਘ ਛਿਬਰ ਦੀ ਬੰਸਾਵਲੀ ਨਾਮਾ ਸੰਨ ੧੯੭੨ ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤਾ ਸੀ। ਇਕ ਜ਼ਿਕਰ ਮੇਹਰ ਸਿੰਘ ਨੇ ਉਸ ਦੀ ਲਿਖਤ ਵਿਚੋਂ ਆਪਣੀ ਪੁਸਤਕ ਦੇ ਸਫਾ ੮੧ ਪਰ ਐਸਾ ਛਾਪਿਆ ਅਤੇ ਸਿਖਾਂ ਵਲੋਂ ਗੁਰੂ ਗ੍ਰੰਥ ਸਾਹਿਬ ਜੀ ਨੂੰ "ਜੁਗੋ ਜੁਗ ਅਟੱਲ" ਜੋ ਕਿਹਾ ਜਾਂਦਾ ਹੈ ਇਸ ਉਤੇ ਟਿੱਚਰ ਕਰਦਾ ਉਹ ਬੰਸਾਵਲੀ ਨਾਮੇ ਦੇ ਸਫ਼ਾ ੨੦੨ ਉਤੋਂ ਦਾ ਉਦਾਹਰਣ ਦਿੰਦਾ ਐਸਾ ਲਿਖਦਾ ਹੈ :—

ਗ੍ਰੰਥ ਸਾਹਿਬ ਜੀ ਨੇ ਸੰਮਤ ਸੋਲਾ ਸੈ ਅਠਵੰਜਵੇਂ ਜਨਮ ਹੈ ਧਾਰਾ ॥
ਗੁਰੂ ਅਰਜਨ ਜੀ ਕੇ ਧਾਮ ਖਿਡਾਵਾ ਭਾਈ ਗੁਰਦਾਸ ਭਲਾ ਲਿਖਾਰਾ ॥
॥੧੩੫॥

ਸ਼੍ਰੋ ਸ੍ਰੀ ਗ੍ਰੰਥ ਸਾਹਿਬ ਦੀ ਆਰਬਲਾ ਮੈਂ ਸਮਝਕੇ ਕਹੀ ॥
ਹੈ ਵਡੀ ਪਰ ਭੋਗੇਗਾ ਨਹੀਂ ॥
ਬਵੰਜਾ ਸੈ ਉਪਰਿ ਅਠਾਨਵੇਂ ਕਹੈ ॥
ਪਰ ਇਤਨੇ ਭਗੇਗਾ ਨਹੀਂ ਥੋਹੜੇ ਵਿਚ ਜਾਂਦਾ ਰਹੇ ॥੧੩੬॥
ਅਦਬ ਜਾਸੀ ਘਟ ਸ਼ਬਦ ਨੂੰ ਮੰਨਣਗੇ ਨਾਹੀ ॥
ਏ ਵਸਤੂ ਹੈ ਅਦਬ ਦੀ ਉਠ ਜਾਸੀ ਤਾਹੀ ॥
ਸੰਮਤ ਅਠਾਰਾ ਸੈ ਛਬੀ ਅਜੇ ਭਲੀ ਸਿਖੀ ਅਤੇ ਸਿੰਘੀ ਹੈ ॥
ਅਗੋਂ-ਦਿਨੋ ਦਿਨ ਘਟਦੀ ਜਾਸੀ ਸਬਦ ਵਿਚਾਰ ਕੇ ਸਮਝ ਲੋ ॥੧੩੭॥

... ... ... ...

ਹੋਰ ਸੌ ਬਰਸਾਂ ਨੂੰ ਜਵਾਨੀ ਭੋਗ ਬਿਰਧ ਅਵਸਥਾ ਪਾਵੇਗਾ ॥
ਅਤੇ ਪੰਥ ਭੀ ਬਹੁਤ ਰਉਲੇ ਦਾ ਹੋਇ ਜਾਵੇਗਾ।
ਐਸਾ ਸਮਾਂ ਜਬ ਕਲਯੁਗ ਦਾ ਆਵੇਗਾ ॥
ਅਦਬ ਹੋਇ ਜਾਸੀ ਦੂਰ ਤਬ ਗ੍ਰੰਥ ਸਾਹਿਬ ਆਪੇ ਹੀ ਉਠ ਜਾਵੇਗਾ ॥
... ... ... ... ।੧੩੮।

ਬੁਧ ਫਿਰ ਜਾਸੀ ਸਾਰੇ ਸੰਸਾਰ ਦੀ ॥
ਜੇ ਕੋਈ ਨਾਉ ਲਏਗਾ ਪਰਮੇਸਰ ਦਾ
ਉਸ ਨੂੰ ਸਾਰੀ ਦੁਨੀਆਂ ਹੋਸੀ ਮਾਰਦੀ ॥
ਇਸ ਸਮੇਂ ਤੋਂ ਗ੍ਰੰਥ ਸਾਹਿਬ ਜੀ ਅਗੇ ਹੀ ਬੈਕੁੰਠ ਸਿਧਾਰੇਗਾ ॥
ਕੋਈ ਨਾਉ ਲਏਗਾ ਸਾਈਂਦਾ ਤਿਸ ਨੂੰ ਲੋਕ ਮਾਰੇਗਾ ॥੧੬੧॥

ਇਸ ਲਿਖਤ ਨੂੰ ਕੋਈ ਗੁਰਬਾਣੀ ਦੀ ਤੁਲਤਾ ਨਹੀਂ ਹੈ। ਕੇਸਰ ਸਿੰਘ ਨੇ ਕਲਜੁਗ ਵਿਚ ਵਰਤਨ ਵਾਲੀ ਹਾਲਤ ਦਾ ਕਿਆਸ ਕਰਕੇ ਲਿਖਿਆ ਹੈ ਕਿ ੫੨੯੯ ਸਾਲ ਜੋ ਕਲਜੁਗ ਦੀ ਉਮਰ ਬਾਕੀ ਮੰਨੀ ਜਾਂਦੀ ਹੈ, ਉਤਨੇ ਤੀਕ ਕਲਜੁਗ ਵਿਚ ਗੁਰੂ ਨਾਨਕ ਦਾ ਪਹਿਰਾ ਹੈ (ਧਰਮ ਦਾ ਰਾਜ) ਹੋਣਾ ਸੀ ਪਰ ਸਮਾਂ ਐਸਾ ਦਿਸਦਾ ਹੈ ਕਿ ਛੇਤੀ ਹੀ ਘੋਰ ਕਲਜੁਗ ਵਰਤ ਜਾਏਗਾ ਤੇ (ਗੁਰੂ ਵਾਕ ਹੈ--ਜੇ ਕੋਈ ਨਾਉ ਲਏ ਬਦਨਾਮੀ ਕਲ ਕੇ ਲਖਣ ਏਹੀ) ਜੈਸੀ ਹਾਲਤ ਹੋਇ ਵੇਲੇ ਜਦੋਂ ਕੋਈ ਪ੍ਰਮੇਸ਼ਰ ਜੀ ਨੂੰ ਮੰਨੇਗਾ ਨਹੀਂ, ਤਦ ਗੁਰੂ ਗ੍ਰੰਥ ਸਾਹਿਬ ਨੇ ਆਪੇ ਹੀ ਲੋਕਾਂ ਦੀਆਂ ਨਜ਼ਰਾਂ ਤੋਂ ਉਹਲੇ ਪਿਆ ਰਹਿਣਾ ਹੈ।

ਉਕਤ ਬੇਦਬੀ ਕਾਵਿ ਦੀ ਲਿਖਤ ਦਾ ਇਹੋ ਭਾਵ ਹੈ। ਜਿਸ ਤੋਂ ਮੋਹਰਸਿੰਘ ਇਹ ਸਾਬਤ ਕਰਨਾ ਚਾਹੁੰਦਾ ਹੈ ਕਿ ਕੇਸਰ ਸਿੰਘ ਛਿਬਰ ਨੇ ਵੀ ਗ੍ਰੰਥ ਸਾਹਿਬ ਨੂੰ ਗੁਰੂ ਗ੍ਰੰਥ ਸਾਹਿਬ ਕਰਕੇ ਨਹੀਂ ਲਿਖਿਆ ਤੇ ਜਦੋਂ ਘੋਰ ਕਲਜੁਗ ਵਾਪਰੇਗਾ ਤਾਂ ਜੁਗੋ ਜੁਗ ਅਟੱਲ ਮੰਨੇ ਜਾਣ ਵਾਲੇ ਗੁਰੂ ਗ੍ਰੰਥ ਦਾ ਕੀ ਬਣੇਗਾ? ਇਹੋ ਉਸ ਲੇਖਕ ਵਲੋਂ ਇਕ ਮਿਠੀ ਜਹੀ ਚੋਟ ਹੈ, ਉਹਨਾਂ ਉਤੇ ਜੋ ਗੁਰੂ ਗ੍ਰੰਥ ਜੀ ਨੂੰ ਗੁਰੂ ਮੰਨਦੇ ਹਨ।

ਇਸ ਦਾ ਜਵਾਬ! ਪਹਿਲੀ ਗਲ ਇਹ ਕਿ ਕਿਸੇ ਵੀ ਪੁਰਾਤਨ ਲਿਖਾਰੀ ਦੀ ਲਿਖਤ ਨੂੰ ਨਾ ਝੂਠਾ ਤੇ ਨਾ ਹੀ ਸਾਰੀ ਨੂੰ ਸਚਾ ਮੰਨਿਆ ਜਾ ਸਕਦਾ ਹੈ। ਫਿਰ ਖਾਸ ਕਰਕੇ ਤਵਾਰੀਖੀ ਜ਼ਿਕਰ ਬਾਬਤ ਤਾਂ ਐਸਾ ਹੀ ਮੰਨਣਾ ਚਾਹੀਏ ਕਿਉਂਕਿ ਕੋਈ ਵਡਾ ਕਾਰਨਾਮਾ (ਵਾਕਿਆਤ) ਮਸ਼ਹੂਰ ਜੋ ਹੁੰਦਾ ਉਸ ਨੂੰ ਲਿਖਣ ਵਿਚ ਕਾਰਨਾਮੇ ਦੀ ਹੋਂਦ ਉਤੇ ਸ਼ਕ ਨਹੀਂ ਹੋ ਸਕਦਾ ਪਰ ਲਿਖਾਰੀ ਕੋਲ ਉਸ ਜ਼ਮਾਨੇ ਵਿਚ ਹੁਣ ਤਰ੍ਹਾਂ ਦੇ ਸਾਧਨ ਨਹੀਂ ਸਨ ਜੋ ਥਾਉਂ ਥਾਈਂ ਜਾ ਕੇ ਜਾਂ ਮੁਗਲ ਰਾਜ ਦਾ ਰੀਕਾਰਡ ਦੇਖ ਕੇ ਲਿਖਦੇ। ਉਹ ਸਰੋਤਾਂ ਹੀ ਲਿਖਦੇ ਰਹੇ ਸੀ। ਜੈਸੇ ਗੁਰੂ ਗ੍ਰੰਥ ਜੀ ਦੇ ਜਨਮ ਦੀ ਖਬਰ ਉਹ ੧੬੫੮ ਦਸਦਾ, ਪਰ ਸਿਖ ਇਤਿਹਾਸ ਵਿਚ ਸੰਮਤ ੧੬੬੧ ਵਿਚ ਬੀੜ ਮੁਕੰਮਲ ਹੋਈ ਤੇ ਭਾਦਰੋਂ ਸੁਦੀ ੧ ਨੂੰ ਹਰੀਮੰਦਰ ਜੀ ਵਿਚ ਪਹਿਲੀ ਵੇਰ ਪ੍ਰਕਾਸ਼ ਕੀਤੀ ਗਈ ਸੀ।

ਤਿਵੇਂ ਹੀ ਛਿਬਰ ਜੀ ਨੇ ਭਾਈ ਗੁਰਦਾਸ ਨੂੰ ਗੁਰੂ ਅਰਜਨ ਦੇਵ ਜੀ ਦੇ ਘਰ ਦਾ ਖਿਡਾਵਾ ਦਸਿਆ ਹੈ। ਛਿਬਰ ਦੀ ਇਹ ਲਿਖਤ ਵੀ ਬਿਲਕੁਲ ਗਲਤ ਹੈ। ਭਾਈ ਗੁਰਦਾਸ, ਗੁਰੂ ਅਮਰ ਦਾਸ ਦੇ ਭਤੀਜੇ ਅਤੇ ਸ਼ੁਰੂ ਤੋਂ ਜਵਾਨੀ ਤੀਕ ਚੰਗੇ ਵਿਦਵਾਂਨ ਹੋ ਚੁਕੇ ਸਨ ਤੇ ਇਹਨਾਂ ਦੇ ਪਿਤਾ ਭਾਈ ਈਸ਼ਰ ਦਾਸ ਜੀ ਆਗਰੇ ਵਿਚ ਪਰਚਾਰ ਵਾਸਤੇ ਮੁਕਰਰ ਸਨ। ਉਹਨਾਂ ਦੇ ਮਗਰੋਂ ਉਹਨਾਂ ਦੀ ਥਾਏਂ ਭਾਈ ਗੁਰਦਾਸ ਮੁਕਰਰ ਹੋਏ ਤੇ ਗੁਰੂ ਰਾਮਦਾਸ ਜੀ ਦੇ ਜੋਤੀ-ਜੋਤ ਸਮਾਏ ਬਾਅਦ ਇਹ ਪ੍ਰਚਾਰਨੀ ਵਾਸਤੇ ਆਏ ਸੀ ਤਾਂ ਗੁਰੂ ਲੰਗਰ ਦੀ ਮਸਤਾਨੀ ਹਾਲਤ ਦੇਖ ਕੇ ਪਿਪਲੀ ਸਾਹਿਬ ਥਾ ਉਤੇ

ਆਏ ਬੈਠੇ ਅਤੇ ਸੰਗਤਾਂ ਨੂੰ ਪ੍ਰਚਾਰ ਦੁਆਰਾ ਸਮਝਾਂਦੇ ਅਤੇ ਕਾਰ ਭੇਟ ਇਥੋਂ ਹੀ ਲੈਂਦੇ ਤੇ ਗੁਰੂ ਅਰਜਨ ਦੇਵ ਪਾਸ ਪਹੁੰਚਾਦੇ ਸਨ। ਜਿਸ ਤੋਂ ਇਹਨਾਂ ਨੂੰ ਖਿੜਾਵਾ ਲਿਖਣਾ ਛਿਬਰ ਜੀ ਦੀ ਭਾਰੀ ਭੁਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਤਾਂ ਹੋਰ ਕਈ ਸਾਲ ਬਾਅਦ ਹੋਈ ਸੀ।

ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਤੋਂ ਉਹਨਾਂ ਦੀ ਵਿਦਵਤਾ ਦਾ ਅੰਦਾਜ਼ਾ ਇਸ ਸਮੇਂ ਦੇ ਵਿਦਵਾਨ ਲੋਕਾਂ ਲਾਇਆ ਹੈ ਮਸ਼ਹੂਰ ਵਿਦਵਾਨ ਸਰਦਾਰ ਸੰਤ ਸਿੰਘ ਸੇਖੋਂ ਨੇ ਭਾਈ ਗੁਰਦਾਸ ਜੀ ਨੂੰ ਸੰਸਕ੍ਰਿਤ ਹਿੰਦੀ ਅਤੇ ਪੰਜਾਬੀ ਭਾਸ਼ਾ ਦੇ ਮਾਰਤੰਡ ਦਸਿਆ, ਜਿਹਨਾਂ ਨੇ ਕਾਂਸ਼ੀ ਦੇ ਰਾਜ ਦਰਬਾਰੀ ਪੰਡਤਾਂ ਪਰ ਵਿਜੈ ਪਾਈ ਤੇ ਰਾਜੇ ਸਮੇਤ ਸੈਂਕੜੇ ਲੋਕਾਂ ਨੂੰ ਸਿਖ ਬਣਾਇਆ ਸੀ। ਐਸੇ ਵਿਦਵਾਨ ਨੂੰ ਛਿਬਰ ਜੀ ਨੇ ਖਿੜਾਵਾ ਲਿਖਿਆ ਤਾਂ ਉਹਨਾਂ ਦੀ ਜਾਣਕਾਰੀ ਅਧੂਰੀ ਹੈ।

ਪਰ ਅਸੀਂ ਨਾਮਧਾਰੀ ਦਰਬਾਰ ਤੋਂ ਇਹ ਤਾਂ ਪੁਛ ਸਕਦੇ ਹਾਂ ਕਿ ਤੁਸੀਂ ਵੀ ਸ਼ੁਰੂ ਵਿਚ ਗੁਰਬਾਣੀ ਦੇ ਹਵਾਲੇ ਨਾਲ ਲਿਖਿਆ ਕਿ—"ਹਰਿ ਜੁਗਹ ਜੁਗ ਜੁਗ ਜੁਗਹ ਜੁਗੋ ਸਦ ਪੀਹੜੀ ਗੁਰ ਚਲੰਦੀ" (ਵਡਹੰਸ ਕੀ ਵਾਰ) ਭਾਵ ਕਿ ਇਹ ਸਾਡੀ ਗੁਰਿਆਈ ਦੀ ਪੀਹੜੀ ਜੁਗਾਂ ਜੁਗਾਂ ਤੋਂ ਚਲਦੀ ਆਈ ਹੈ ਤੇ ਦਸਾਂ ਸਤਿਗੁਰਾਂ ਤੋਂ ਬਾਅਦ ਹੁਣ ਨਾਮਧਾਰੀ ਗਦੀ ਰਾਹੀਂ ਉਹਾ ਪੀਹੜੀ ਚਲਦੀ ਜਾਏਗੀ। ਤਾਂ ਇਹ ਦਸਿਆ ਜਾਏ ਕਿ ਜਦੋਂ ਐਸਾ ਸਮਾਂ ਆਵੇਗਾ ਤੇ ਨਾਮ ਜਪਣ ਵਾਲਿਆਂ ਨੂੰ ਲੋਕੀ ਮਾਰਨਗੇ—ਤਦ ਤੁਸਾਡੇ ਨਾਲ ਕੀ ਵਾਪਰੇਗੀ ?

ਸਚੀ ਗੁਰਗਦੀ ਉਤੇ ਬਿਰਾਜਮਾਨ ਗੁਰੂ ਅਰਜਨ ਦੇਵ ਨੇ ਪਹਿਲੇ ਵੀ ਕਸ਼ਟ ਸਹਾਰੇ, ਤੱਤੀਆਂ ਲੋਹਾਂ ਉਤੇ ਬਿਠਾਏ ਗਏ ਸੀ, ਗੁਰੂ ਤੇਗ਼ ਬਹਾਦਰ ਜੀ ਨੇ ਧਰਮ ਰਖਿਆ ਲਈ ਆਪਣੇ ਨੂੰ ਸ਼ਹੀਦ ਕਰਾਇਆ ਸੀ। ਤੇ ਕੇਸਰ ਸਿੰਘ ਦੀ ਲਿਖਤ ਜੇ ਸਚੀ ਮੰਨਦੇ ਹੋ, ਤਦ ਐਸੇ ਸਮੇਂ ਆਏ ਵੇਲੇ ਧੁਰ ਤੋਂ ਆਈ ਬਾਣੀ ਨੂੰ ਭੇਜਣ ਵਾਲਾ ਆਪੇ ਸੰਭਾਲੇਗਾ। ਫਿਰ ਜੇਕਰ ਕਲਜੁਗੀ ਜੀਵਾਂ ਨੇ ਜਲਾਣਾ ਤੇ ਬਰਬਾਦ ਕਰਨਾ ਹੀ ਸ਼ੁਰੂ ਕੀਤਾ ਤਦ ਦੇਸ਼-ਵਿਦੇਸ਼ ਦੇ ਲਖਾਂ ਗੁਰਦੁਆਰਿਆਂ ਵਿਚ (ਅਮਰੀਕਾ ਅਫਰੀਕਾ ਤੇ ਲੰਡਨ ਵਿਚ) ਕਿਤੇ ਨਾ ਕਿਤੇ ਤਾਂ ਕੋਈ ਬੀੜ ਬਚ ਜਾਏਗੀ। ਪਰ ਤੁਹਾਡੀ ਪੀਹੜੀ ਤਾਂ ਇਕੋ ਥਾਏਂ ਹੋਣ ਕਰਕੇ ਬਿਲਕੁਲ...ਰਬ ਹੀ ਰਾਖਾ ਹੋਵੇ।

ਕਈ ਲੇਖਕ (ਸੰਤ ਮੋਹਰ ਸਿੰਘ ਜੈਸੇ) ਕਲਮ ਚਲਦੀ ਵੇਲੇ ਜੋਸ਼ ਵਿਚ ਜੋ ਆਏ ਲਿਖ ਦਿੰਦੇ ਹਨ ਤੇ ਛਿਬਰ ਨੇ ਵੀ ਐਸੇ ਹੀ ਭਵਿਖਬਾਣੀ ਕੀਤੀ ਹੈ, ਜਿਸ ਤਰ੍ਹਾਂ ਅਜ ਕਲ ਦੇ ਦੁਨੀਆਂ ਭਰ ਵਿਚ ਪ੍ਰਸਿਧ ਹੋ ਚੁਕੇ ਵਿਦਵਾਨ ਸਰਦਾਰ ਖੁਸ਼ਵੰਤ ਸਿੰਘ ਜੀ ਨੇ ਬਹੁਤ ਸਾਲ ਪਹਿਲੇ ਲਿਖਿਆ ਸੀ ਕੇਸਾਧਾਰੀ ਤੇ ਅੰਮ੍ਰਿਤਧਾਰੀ ਸਿਖ ੪੦ ਸਾਲਾਂ ਬਾਅਦ ਖਤਮ ਹੋ ਜਾਣਗੇ। ਖਰ ਸਿਖਾਂ ਦੀ ਗਿਣਤੀ ਅਣਗਿਣਤ ਹੋ ਰਹੀ ਹੈ ਅਤੇ ਢਾਈ ਤਿੰਨ ਲਖ ਅਮਰੀਕਨ ਵੀ ਸਿਖ ਬਣ ਚੁਕੇ ਹਨ। ਅਜਿਹੀ ਪੇਸ਼ੀਨਗੋਈਆਂ ਉਤੇ ਯਕੀਨ ਕਰਕੇ ਗੁਰੂ ਗ੍ਰੰਥ ਸਾਹਿਬ ਬਾਬਤ ਸੋਚਣਾ ਨਹੀਂ ਚਾਹੀਦੇ। ਕੇਸਰ ਸਿੰਘ ਨੇ ਅੰਦਾਜ਼ੇ ਦੀ ਗੱਲ ਲਿਖੀ, ਪਰ ਮੋਹਰ ਸਿੰਘ ਨੇ ਹੁਜਤਬਾਜ਼ੀ ਵਿਚ ਟਿੱਚਰ ਦੀ ਗਲ ਲਿਖੀ ਹੈ ਜਿਸ ਤੋਂ ਨਾ ਲਿਖਣ ਵਾਲੇ ਸ਼ਬਦ ਸਾਨੂੰ ਵੀ ਮਜਬੂਰ ਹੋ ਕੇ ਜਵਾਬ ਵਿਚ ਲਿਖਣੇ ਪਏ ਹਨ।

ਲੇਖਕ ਮੇਹਰ ਸਿੰਘ ਫੇਰ ਲਿਖਦਾ ਕਿ ਕੇਸਰ ਸਿੰਘ ਛਿਬਰ ਦੀ ਲਿਖਤ ਤੋਂ ਗ੍ਰੰਥ ਸਾਹਿਬ ਨੂੰ ਗੱਦੀ ਦੀ ਝਲਕ ਮਾਤਰ ਵੀ ਨਹੀਂ ਮਿਲਦੀ। ਸਾਨੂੰ ਦਸਦਾ (ਗੁਰਿਆਈ ਬਾਰੇ) ਉਹ ਐਸਾ ਲਿਖਦਾ ਹੈ—

ਦੋਹਿਰਾ :—ਦੋਇ ਰਾਵੀ : ਦੋਇ ਬਿਆਸ ਨਦੀ ਦੋਇ ਕੀਰਤਪੁਰ ॥
ਦੋਇ ਦਿਲੀ : ਇਕ ਖਡੂਰ ਇਕ ਨਾਂਦੇੜ ਖਟ ਆਸਨ ਸਮਾਨੇ ਦਸ ਗੁਰ ॥

ਭਾਵ—ਗੁਰੂ ਨਾਨਕ ਦੇਵ ਅਤੇ ਗੁਰੂ ਅਰਜਨ ਦੇਵ ਰਾਵੀ ਕੰਢੇ : ਗੁਰੂ ਅਮਰਦਾਸ ਤੇ ਗੁਰੂ ਰਾਮ ਦਾਸ ਬਿਆਸਾ ਕੰਢੇ. ਗੁਰੂ ਹਰਿਗੋਬਿੰਦ ਅਤੇ ਗੁਰੂ ਹਰਿਰਾਇ ਦੋਇ ਕੀਰਤਪੁਰ ਤੇ ਦੋਇ ਦਿਲੀ ਵਿਚ ਗੁਰੂ ਹਰਿਕ੍ਰਿਸ਼ਨ ਤੇ ਗੁਰੂ ਤੇਗ ਬਹਾਦਰ। ਫਿਰ ਇਕ ਖਡੂਰ ਗੁਰੂ ਅੰਗਦ ਜੀ ਤੇ ਗੁਰੂ ਗੋਬਿੰਦ ਸਿੰਘ ਨਾਂਦੇੜ ਸਮਾ ਗਏ ਸਨ। ਇਸ ਤਰ੍ਹਾਂ ਛੇ ਥਾਵਾਂ ਵਿਚ ਗੁਰੂ ਸਾਹਿਬਾਨ ਦੇ ਸਮਾਉਣ ਦੇ ਆਸਨ (ਅਸਥਾਨ) ਬਣੇ।

ਨਾਮਧਾਰੀ ਲੇਖਕ ਲਿਖਦਾ ਆਇਆ ਕਿ ਨਾਂਦੇੜ ਤੋਂ ਗੁਰੂ ਗੋਬਿੰਦ ਸਿੰਘ ਜੀ ਚਿਖਾ ਦਾ ਕੌਤਕ ਰਚਾ ਕੇ ਜਿੰਦੇ ਨਿਕਲੇ ਸਨ—ਪਰ ਛਿਬਰ ਦੀ ਲਿਖਤ ਨੇ ਉਸ ਦੇ ਇਸ ਖਿਆਲ ਨੂੰ ਝੁਠਲਾਇ ਕੇ ਲਿਖਿਆ ਕਿ ਗੁਰੂ ਜੀ ਨਾਂਦੇੜ ਵਿਚ ਸਮਾਏ ਜਿਥੇ ਕਿ ਉਨ੍ਹਾਂ ਦਾ ਆਸਨ (ਅਸਥਾਨ) ਹੈ। ਹੁਣ ਉਸ ਦੇ ਨਿਰਾਲੇ ਹੋਰ ਵਿਚਾਰ ਪੜੀਏ :

> ਅਗੇ ਛਿਬਰ ਦੀ ਕਵਿ ਰਚਨਾ ਦਾ ਅਰਥ ਭਾਵ ਇਹ ਹੈ ਕਿ ਬੰਦਾ ਸਾਹਿਬ ਬੈਰਾਗੀ ਅਤੇ ਜੀਤ ਸਿੰਘ ਸਾਹਿਬਜ਼ਾਦਾ ਹੋਇਆ। ਸੋਲਾਂ ਬਰਸ ਦੀ ਉਮਰ ਵਿਚ ੧੬ ਸਾਲ ਗੁਰਿਆਈ ਕੀਤੀ ਅਤੇ ਨੌਂ ਬਰਸ ਬੰਦੇ ਸਾਹਿਬ ਗੁਰਿਆਈ ਪਾ ਕੇ ਗੁਰੂ ਨਾਲ ਹੋਇ ਜ਼ੁਲਮਾਂ ਦੇ ਵੈਰ ਲਏ। ਸਾਹਿਬ ਬੰਦਾ ਦਿਲੀ ਵਿਚ ਤੇ ਜੀਤ ਸਿੰਘ ਵੀ ਦਿਲੀ ਵਿਚ ਗੁਰੂ ਕਹਾਉਂਦੇ ਰਹੇ। ਇਸ ਤਰਾਂ ਨਾਲ ਪੰਝੀ ਬਰਸ ਗੁਰਿਆਈ ਗੁਰੂ ਕੇ ਘਰ ਦੀ ਏ ਭੀ ਜਗਤ ਮੇਂ ਰਹੀ।

ਪਾਠਕ ਵਿਚਾਰ ਕਰਨ ਕਿ ਉਕਤ ਲਿਖਤ ਤੋਂ ਇਹ ਸਾਬਤ ਹੁੰਦਾ ਹੈ, ਜੋ ਗੁਰਿਆਈ ਦਾ ਅਰਥ ਭਾਵ—ਜਿਵੇਂ ਮਿਹਰ ਸਿੰਘ ਨੇ ਸਮਝਿਆ ਹੈ ਤਿਵੇਂ ਹੀ ਕੇਸਰ ਸਿੰਘ ਛਿੱਬਰ ਨੇ ਸਮਝਿਆ ਤੇ ਬੰਦਾ ਸਾਹਿਬ ਨੂੰ ਅਤੇ ਜੀਤ ਸਿੰਘ ਦੋਹਾਂ ਨੂੰ ਦਿੱਲੀ ਵਿਚ ਗੁਰਿਆਈ ਕਰਦੇ ਦਸਿਆ ਹੈ। ਇਸ ਲਿਖਤ ਤੋਂ ਵੀ ਮੇਹਰ ਸਿੰਘ ਦਾ ਇਹੋ ਭਾਵ ਹੈ ਕਿ ਗੁਰੂ ਗ੍ਰੰਥ ਸਾਹਿਬ ਨੂੰ ਗੁਰਆਈ ਮਿਲੀ ਹੁੰਦੀ ਤਾਂ ਇਹ ਦੋਵੇਂ ਗੁਰੂ ਨਾ ਕਹਾਉਂਦੇ। ਉਤਰ ਇਹ ਹੈ—

ਗੁਰੂ ਸਾਹਿਬ ਨੇ ਬੰਦਾ ਬੈਰਾਗੀ ਨੂੰ ਅੰਮ੍ਰਿਤ ਛਕਾ ਕੇ ਬੰਦਾ ਸਿੰਘ ਬਹਾਦਰ ਦਾ ਖਤਾਬ ਦਿਤਾ ਤੇ ਉਸ ਨੂੰ ਜਥੇਦਾਰ ਬਣਾ ਕੇ ਕੁਝ ਸਿੰਘਾਂ ਦੇ ਸਮੇਤ ਪੰਜਾਬ ਭੇਜ ਦਿੱਤਾ ਹੋਇਆ ਸੀ। ਅਤੇ ਜੀਤ ਸਿੰਘ ਮਾਤਾ ਸੁੰਦਰੀ ਜੀ ਪਾਸ ਦਿਲੀ ਵਿਚ ਰਹਿੰਦਾ ਸੀ। ਉਥੇ ਦੋਹਾਂ ਵਿਚੋਂ ਇਕ ਵੀ ਕੋਲ ਨਹੀਂ ਸੀ ਤਾਂ ਗੁਰਿਆਈ ਕਿਸ ਨੂੰ ਦਿੱਤੀ ਗਈ ?

ਕੇਸਰ ਸਿੰਘ ਨੂੰ ਇਸ ਗਲ ਦਾ ਤਾਂ ਪਤਾ ਹੀ ਨਹੀਂ ਸੀ ਤੇ ਸੁਣੀ ਸੁਣਾਈ ਗਲ ਨੂੰ ਲਿਖ ਦਿਤਾ ਹੈ। ਉਹ ਆਪ ਲਿਖਦਾ—

ਪੰਜੀ ਬਰਸ ਗੁਰਿਆਈ ਗੁਰ ਘਰ ਦੀ ਏ ਭੀ ਜਗਤ ਮੇਂ ਰਹੀ ॥
ਜਿਤਨੀ ਹਕੀਕਤ ਸੁਣੀ ਸਮਝੀ ਤਿਤਨੀ ਕਹੀ ॥੧੦੬॥

ਉਸ ਨੇ ਤਾਂ ਸਾਫ ਦਸਿਆ ਕਿ ਜਿਤਨੀ ਹਕੀਕਤ ਸੁਣੀ ਹੈ ਤਿਤਨੀ ਕਹੀ ਪਰ ਮੇਹਰ ਸਿੰਘ ਤਾਂ ਜਾਣਦਾ ਹੋਇਆ ਵੀ (ਕਿ ਦੋਹਾਂ ਵਿਚੋਂ ਕੋਈ ਕੌਲ ਨਹੀਂ ਸੀ) ਲਿਖਦਾ ਕਿ ਇਹ ਦੋਵੇਂ ਗੁਰੂ ਬਣੇ ਰਹੇ ਸੀ। ਅਗਰ ਇਹ ਗੁਰੂ ਬਣੇ ਰਹੇ ਤਾਂ ਆਪ ਹੁਦਰੇ ਗੁਰੂ ਬਣੇ ਰਹੇ ਸੀ। ਇਨ੍ਹਾਂ ਨੂੰ ਕਿਸੇ ਨੇ ਗੁਰੂ ਬਣਾਇਆ ਨਹੀਂ ਸੀ। ਫਿਰ ਇਨ੍ਹਾਂ ਦੋਹਾਂ ਨੇ ਆਪ ਹੁਦਰੇ ਗੁਰੂ ਬਣ ਕੇ ਪੂਜਵਾਉਣ ਦਾ ਜੋ ਫੱਲ ਪਾਇਆ ਸੀ ਉਹ ਵੀ ਮੇਹਰ ਸਿੰਘ ਜਾਣਦਾ; ਪਰ ਇਹ ਨਾ ਜਾਣਨ ਵਾਲੇ ਸਾਧਾਰਨ ਸਿਖਾਂ ਨੂੰ ਤਾਂ ਉਸ ਨੇ ਭਰਮਾਉਣ ਵਾਸਤੇ ਲਿਖਣਾ ਸੀ ਲਿਖਿਆ ਹੈ—

ਬੰਦਾ ਬਹਾਦਰ ਨੇ ਪੰਜਾਬ ਵਿਚ ਆ ਕੇ ਜੋ ਜਿੱਤਾਂ ਪ੍ਰਾਪਤ ਕੀਤੀਆਂ ਸਨ ਉਹ ਵੀ ਖਾਲਸਾ ਪੰਥ ਦੀ ਸਹਾਇਤਾ ਪਾ ਕੇ ਕੀਤੀਆਂ ਸਨ ਪਰ ਪ੍ਰਭਤਾ ਵਧ ਜਾਣ ਕਰਕੇ ਸ਼ਾਦੀ ਵੀ ਕਰ ਲਈ ਸੀ ਤੇ ਗੁਰੂ ਬਣਨ ਦੀ ਖਾਹਿਸ਼ ਵੀ ਜਾਗ ਪਈ ਸੀ। ਤਦ ਪੰਥਕ ਸਿਆਣਿਆਂ ਨੇ ਉਸ ਦਾ ਸਾਥ ਛਡ ਦਿੱਤਾ ਤੇ ਜੋ ਹਸ਼ਰ ਬੰਦਾ ਜੀ ਦਾ ਹੋਇਆ ਸੀ, ਉਹ ਤਵਾਰੀਖੀ ਜ਼ਿਕਰ ਹੈ। ਫਿਰ ਵੀ ਅਖੀਰ ਤੀਕ ਬੰਦਾ ਬਹਾਦਰ ਨੇ ਗੁਰੂ ਜੀ ਨੂੰ ਭੁਲਾਇਆ ਨਹੀਂ ਸੀ ਤੇ ਪਛੁਤਾਂਦੇ ਹੋਇਆਂ ਉਸ ਨੇ ਕਿਹਾ ਸੀ ਅਗਰ ਮੈਂ ਗੁਰੂ ਹੁਕਮਾਂ ਦਾ ਪਾਬੰਦ ਰਹਿੰਦਾ ਤਾਂ ਐਸਾ ਨਹੀਂ ਹੋਣਾ ਸੀ ਜਿਸ ਤੋਂ ਸਾਬਤ ਹੁੰਦਾ ਹੈ ਕਿ ਬੰਦਾ ਬਹਾਦਰ ਦਾ ਇਤਨਾ ਕਸੂਰ ਨਹੀਂ ਸੀ। ਵਧੇਰੇ ਕਸੂਰ ਉਨ੍ਹਾਂ ਝੋਲੀ ਚੁਕਾਂ ਦਾ ਸੀ ਜਿਨ੍ਹਾਂ ਨੇ ਉਸਦੀ ਪ੍ਰਭਤਾ ਤੋਂ ਲਾਭ ਲੈਂਦੇ ਹੋਇਆਂ ਉਸ ਨੂੰ ਗੁਰੂ ਜੀ—ਗੁਰੂ ਜੀ ਆਖ ਕੇ ਅਭਿਮਾਨੀ ਬਣਾਇਆ ਤੇ ਪੰਥ ਨਾਲੋਂ ਵਖਰੇ ਰਸਤੇ ਚਲਾਇਆ ਸੀ। ਉਹਦਾ ਆਪਣਾ ਸਿਦਕ ਉਸ ਦੇ ਇਸ ਹੁਕਮਨਾਮੇਂ ਤੋਂ ਸਪਸ਼ਟ ਹੁੰਦਾ ਹੈ—ਜੋ ਬੰਦਾ ਸਿੰਘ ਜੀ ਨੇ ਜੌਨਪੁਰ ਦੇ ਖਾਲਸਾ ਜੀ ਨੂੰ ਲਿਖਿਆ ਸੀ—

> ੧ੴ ਫਤੇ ਦਰਸ਼ਨ—
> ਸ੍ਰੀ ਸਚੇ ਸਾਹਿਬ ਕਾ ਹੁਕਮ ਹੈ ਸਰਬਤ ਖਾਲਸਾ ਜਉਨ ਪੁਰ ਕਾ ਗੁਰੂ ਰਖੇਗਾ। ਗੁਰੂ ਗੁਰੂ ਜਪਣਾ ਜਨਮ ਸਵਰੇਗਾ। ਤੁਸੀਂ ਸ੍ਰੀ ਅਕਾਲ ਪੁਰਖ ਕਾ ਖਾਲਸਾ ਹੋ। ਪੰਜ ਹਥਿਆਰ ਬੰਨ ਕੇ ਹੁਕਮ ਦੇਖਦਿਆਂ ਦਰਸ਼ਨ ਆਉਣਾ। ਖਾਲਸੇ ਦੀ ਰਹਿਤ ਰਹਿਣਾ। ਭੰਗ ਤਮਾਕੂ, ਹਫੀਮ, ਦਾਰੂ—ਅਮਲ ਕੋਈ ਨਹੀਂ ਖਾਣਾ। ਚੋਰੀ ਜਾਰੀ ਨਹੀਂ ਕਰਨੀ। ਅਸਾਂ ਸਤਿਜੁਗ ਵਰਤਾਇਆ ਹੈ। ਆਪੋ ਵਿਚ ਪਿਆਰ ਕਰਨਾ—ਮੇਰਾ ਹੁਕਮ ਹੈ ਜੋ ਖਾਲਸੇ ਦੀ ਰਹਿਤ ਰਹੇਗਾ ਤਿਸਦੀ ਗੁਰੂ ਬਾਹੁੜੀ ਕਰੇਗਾ। ਮਿਤੀ ਪੋਹ ੧੨ ਸੰਮਤ ਪਹਿਲਾ—

ਨੋਟ :—ਅਸਲ ਹੁਕਮ ਨਾਮਾ ੧੦ ਸਤਰਾਂ ਵਿਚ ਹੈ ਜੋ ੧੨ ਪੋਹ (ਦਸੰਬਰ ੧੭੧੦) ਨੂੰ ਉਨ੍ਹਾਂ ਨੇ ਲਿਖਿਆ ਤੇ ਦਿਲੀ ਗੁਰਦੁਆਰਾ ਕਮੇਟੀ ਵਲੋਂ ਸੰਨ ੧੯੬੭ ਵਿਚ ਦਿਖਾਈ ਗਈ ਉਸ ਨੁਮਾਇਸ਼ ਵਿਚੋਂ ਧੰਨਵਾਦ ਸਹਿਤ ਲਿਖਤ ਦਾ ਉਤਾਰਾ ਕੀਤਾ ਸੀ।

ਉਕਤ ਹੁਕਮਨਾਮੇ ਤੋਂ ਸਾਫ ਸਾਬਤ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦਾ ਪੂਰਨ ਵਿਸ਼ਵਾਸੀ ਤੇ ਉਨ੍ਹਾਂ ਦੇ ਦਸੇਮੁਤਾਬਕ ਖਾਲਸਾ ਨੂੰ "ਅਕਾਲ ਪੁਰਖ ਕੇ ਖਾਲਸਾ" ਮੰਨਦਾ। ਅਤੇ ਗੁਰੂ ਹੁਕਮ ਅਨੁਸਾਰ ਖਾਲਸੇ ਦੀ ਰਹਿਤ ਰਹਿਣ ਵਾਲੇ ਨੂੰ ਗੁਰੂ ਬਾਹੜੀ

ਕਰੇਗਾ—ਭਰੋਸਾ ਦਿਲਾਂਦਾ ਹੈ। ਰਹਿਤ ਦੀ ਤਾਕੀਦ ਵੀ ਕਰਦਾ ਪਰ ਸਿਆਸੀ ਤੇ ਕੁਝ ਧਾਰਮਕ ਮਤਭੇਦ ਹੋਏ ਨਾਲ ਉਹ ਥਿੜਕਿਆ, ਫਿਰ ਅੰਤ ਨੂੰ (ਕਰ ਅਵਗੁਣ ਪਛੋਤਾਈਐ) ਪਛੁਤਾਵੇ ਵਿਚ ਸਿਖੀ ਸਿਦਕ ਨੂੰ ਨਿਭਾਹੁੰਦਾ ਹੋਇਆ ਸ਼ਹੀਦੀ ਪਾ ਕੇ ਅਮਰਗਤੀ ਨੂੰ ਪ੍ਰਾਪਤ ਹੋਇਆ ਸੀ। ਪਰ ਜੀਤ ਸਿੰਘ ਦਾ ਹਸ਼ਰ ਬਹੁਤ ਬੁਰਾ ਹੋਇਆ ਸੀ।

## ਹੁਣ ਜੀਤ ਸਿੰਘ ਬਾਬਤ

ਗੁਰੂ ਗੋਬਿੰਦ ਸਿੰਘ ਜੀ ਦੇ ਚਾਰੋਂ ਸਾਹਿਬਜ਼ਾਦਿਆਂ ਵਿਚੋਂ ਵਡੇ ਸਾਹਿਬਜ਼ਾਦਾ ਅਜੀਤ ਸਿੰਘ ਮਾਤਾ ਸੁੰਦਰੀ ਜੀ ਦੇ ਉਦਰ ਤੋਂ ਸਨ। ਇਹ ਚਮਕੌਰ ਦੀ ਜੰਗ ਵੇਲੇ ਸਭ ਤੋਂ ਪਹਿਲੇ ਸ਼ਹੀਦ ਹੋਏ ਸੀ। ਮਾਤਾ ਸੁੰਦਰੀ ਜੀ ਨੂੰ ਉਹ ਭੁਲਦੇ ਨਹੀਂ ਸਨ। ਇਹ ਦਿੱਲੀ ਵਿਚ ਸਨ ਤਾਂ ਇਥੇ ਇਨ੍ਹਾਂ ਨੂੰ ਉਕਤ ਨਾਮ ਦਾ ਜੀਤ ਸਿੰਘ (ਇਕ ਸਿਖ ਦਾ ਲੜਕਾ ਸੀ) ਬਹੁਤ ਪਸੰਦ ਆਇਆ ਸੀ ਇਸ ਦੀ ਸ਼ਕਲ ਸੂਰਤ ਤੇ ਉਮਰ ਵੀ ਸਾਹਿਬਜ਼ਾਦੇ ਅਜੀਤ ਸਿੰਘ ਵਰਗੀ ਸੀ। ਮਾਤਾ ਜੀ ਨੇ ਇਸ ਦੇ ਪਿਤਾ ਪਾਸੋਂ ਮੰਗ ਕੇ ਪੁਤਰ ਬਣਾ ਲਿਆ ਸੀ ਬਾਅਦ ਵਿਚ ਗੁਰੂ ਜੀ ਨੇ ਮਨਾ ਕੀਤਾ ਸੀ ਐਸਾ ਨਾ ਕਰੇ ਪਰ ਆਪਣੇ ਅਜੀਤ ਸਿੰਘ ਦੇ ਮੋਹ ਵਸੀ ਮਾਤਾ ਨੇ ਇਸ ਨੂੰ ਲੈ ਹੀ ਲਿਆ ਸੀ।

ਗੁਰੂ ਜੀ ਦਖਣ ਨਾਂਦੇੜ ਨੂੰ ਜਾਣ ਵੇਲੇ ਇਨ੍ਹਾਂ ਦੋਹਾਂ ਨੂੰ ਦਿੱਲੀ ਛਡ ਗਏ ਸਨ। ਗੁਰੂ ਜੀ ਪਾਸ (ਆਪਣੇ ਦਾਦਾ ਜੀ) ਗੁਰੂ ਹਰਿਗੋਬਿੰਦ ਸਾਹਿਬ ਦੇ ਕਮਰ ਕਸੇ ਦੇ ਕੁਝ ਸ਼ਸਤਰ ਸਨ ਜੋ ਅਨੰਦਪੁਰ ਤੋਂ ਨਾਲ ਲਿਆਏ ਸਨ ਤੇ ਉਹ ਵੀ ਦਿਲੀ ਵਿਚ ਹੀ (ਸ੍ਰੀ ਸੁੰਦਰੀ ਜੀ ਪਾਸ) ਛਡੇ ਸਨ। ਸਮਾਂ ਗੁਜ਼ਰ ਗਿਆ ਤੇ ਗੁਰੂ ਜੀ ਦੇ ਨਾਂਦੇੜ ਜੋਤੀ ਸਮਾਏ ਦੀ ਖਬਰ ਜਦੋਂ ਇਥੇ ਸੰਤ ਮੰਡਲੀ ਨੇ ਸੁਣਾਈ ਸੀ ਤਾਂ ਬਹੁਤ ਵੈਰਾਗਵਾਨ ਹੋ ਕੇ ਬਹੁਤ ਦਿਨ ਗੁਜ਼ਾਰੇ ਸੀ। ਫਿਰ ਗੁਰੂ ਦੀਆਂ ਸਿੱਖ ਸੰਗਤਾਂ ਵੀ ਇਥੇ ਆਪ ਪਾਸ ਗੁਰੂ ਜੀ ਦੇ ਚਲਾਣੇ ਦੀ ਖਬਰ ਸੁਣ ਕੇ ਆਉਣ ਲਗੀਆਂ ਸੀ ਉਹ ਬਹੁਤ ਕੁਝ ਨਕਦੀ ਭੇਟਾ ਵੀ ਚੜ੍ਹਾਦੇ ਸਨ ਤੇ ਜੀਤ ਸਿੰਘ ਨੂੰ ਸ਼ਾਹੀ ਖਰਚੇ ਜਿਉਂ ਐਸ਼ ਬਹਾਰ ਕਰਨ ਨੂੰ ਬਹੁਤ ਕੁਝ ਪ੍ਰਾਪਤ ਸੀ।

ਮਾਤਾ ਜੀ ਨੇ ਇਸ ਦੀ ਸ਼ਾਦੀ ਵੀ ਕਰਾਈ ਤੇ ਉਮਰ ਭਰਵੀਂ ਜਵਾਨੀ ਤੇ ਇਕ ਪੁਤਰ ਵੀ ਪੈਦਾ ਕੀਤਾ ਸੀ। ਇਹ ਸ਼ਾਹੀ ਠਾਠ ਬਾਠ ਨਾਲ ਘੋੜੇ ਤੇ ਸਵਾਰ ਹੋ ਕੇ ਕੁਝ ਸਾਥੀ ਸਿਖਾਂ ਸਮੇਤ ਦਿੱਲੀ ਵਿਚ ਫਿਰਿਆ ਕਰਦਾ ਤੇ ਹੁਣ ਗੁਰੂ ਹੋਣ ਦੇ ਸੁਪਨੇ ਵੀ ਲੈ ਰਿਹਾ ਸੀ। ਇਕ ਦਿਨ ਇਸ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਸ਼ਸਤਰਾਂ ਦੀ ਮੰਗ ਕੀਤੀ ਕਿ ਉਹ ਕਮਰਕਸੇ ਵਿਚ ਸਜਾਏ ਤੇ ਆਪਣੇ ਨੂੰ ਗੁਰੂ ਪ੍ਰਗਟਾਏ। ਪਰ ਮਾਤਾ ਜੀ ਨੇ ਇਹ ਗਲ ਪ੍ਰਵਾਨ ਨਾ ਕੀਤੀ ਤੇ ਕਟਾਰ ਲੈ ਕੇ ਉਨ੍ਹਾਂ ਨੂੰ ਮਾਰਨ ਹੀ ਲਗਾ ਸੀ ਕਿ ਕੋਲ ਮਾਤਾ ਸਾਹਿਬ ਦੇਵਾਂ ਤੇ ਹੋਰ ਸੇਵਕਾਂ ਦੇ ਸ਼ੋਰ ਮਚਾਣ ਤੇ ਉਹ ਐਸਾ ਕੰਮ ਕਰਨ ਵਿਚ ਸਫਲ ਨਹੀਂ ਹੋਇਆ ਸੀ। ਮਾਤਾ ਜੀ ਨੇ ਉਸ ਨੂੰ ਸਰਾਪ ਦਿਤਾ ਤੇ ਉਸ ਨੇ ਫਿਰ ਕੇਸ ਕਟਾ ਲਏ ਤੇ ਜੀਤ ਸਿੰਘ ਤੋਂ ਜੀਤ ਮਲ ਬਣ ਗਿਆ ਸੀ।

ਇਤਿਹਾਸ ਬਹੁਤ ਵਿਸਥਾਰ ਮੰਗਦਾ, ਪਰ ਇਤਨਾ ਹੀ ਦਸਣਾ ਹੈ ਕਿ ਉਸ

ਨੇ ਉਸ ਸਮੇਂ ਦੇ ਦਿਲੀ ਦੇ ਹਾਕਮਾਂ ਨਾਲ ਵੀ ਬਹੁਤ ਵਿਗਾੜ ਲਈ ਸੀ ਉਨ੍ਹਾਂ ਨੇ ਫੜ ਕੇ ਹਾਥੀ ਦੇ ਪੈਰਾਂ ਨਾਲ ਬੰਨ ਕੇ ਇਸ ਨੂੰ ਦਿਲੀ ਦੇ ਬਜ਼ਾਰਾਂ ਵਿਚ ਘਸੀਟ ਕੇ ਮਾਰਿਆ ਸੀ। ਦੋਵਾਂ ਉਕਤ ਆਪ ਹੁਦਰੇ ਗੁਰੂ ਬਣਿਆਂ ਨਾਲ ਇਹ ਬੀਤੀ। ਪੁਸਤਕ "ਪੁਰਖ ਗੁਰੂ" ਦੇ ਸਫਾ ੯੨ ਪਰ ਮੇਹਰ ਸਿੰਘ ਖੁਦ ਲਿਖਦਾ ਕਿ ਮਾਤਾ ਨੇ ਉਸ ਨੂੰ ਇਉਂ ਕਿਹਾ ਸੀ—

"ਮਾਤਾ ਕਿਹਿਆ ਮੈਂ ਤੈਨੂੰ ਜੀਤ ਸਿੰਘ ਬੇਟਾ ਕਰ ਹੈ ਆਂਦਾ ॥
ਤੂੰ ਬਣਿਓ ਜੀਤ ਮੱਲ ਜੋ ਲੜਨੇ ਲਗੋਂ ਹੋਇ ਕੈ ਵਾਂਦਾ ॥

ਮਾਤਾ ਜੀ ਨੇ ਹੋਰ ਵੀ ਬਹੁਤ ਕੁਝ ਕਿਹਾ ਕਿ ਤੈਨੂੰ ਸੋਢੀ ਬਣਾ ਕੇ ਸੰਗਤ ਦੀ ਤੇਰੀ ਚਰਨੀ ਲਾਈ ਪਰ ਤੂੰ ਐਸੀ ਕਰਤੂਤ ਕੀਤੀ ਹੈ ਇਹਦਾ ਫਲ ਤੂੰ ਪਾਣਾ ਹੈ—ਸੋ ਪਾਠਕਾਂ ਪ੍ਰਤੀ ਦਸਿਆ ਹੈ ਕਿ ਜੀਤ ਸਿੰਘ ਦੀ ਜੀਤ ਮਲ ਰੂਪ ਵਿਚ ਉਹ ਗਤੀ ਹੋਈ ਸੀ ਜਿਹੜੀ ਕਿ ਕਿਸੇ ਦੁਸ਼ਮਨ ਨਾਲ ਵੀ ਨਾ ਹੋਵੇ।

ਮੇਹਰ ਸਿੰਘ ਨੂੰ ਪਤਾ ਹੋਣਾ ਚਾਹੀਦੇ ਸੀ ਕਿ ਗੁਰਗਦੀ ਦੇਣ ਦੇ ਅਧਿਕਾਰ ਸਿਰਫ ਗੁਰੂ ਜੀ ਦੇ ਆਪਣੇ ਪਾਸ ਰਾਖਵੇਂ ਸਨ। ਉਹ ਉਨ੍ਹਾਂ ਨੇ ਦੋ ਰੂਪਾਂ ਵਿਚ ਵੰਡੇ ਦਿੱਤੇ। ਸਰੀਰਕ ਕਾਰ ਨਿਗਾਉਣ ਨੂੰ "ਗੁਰੂ ਖਾਲਸਾ ਰੂਪ ਪੰਜ ਪਿਆਰਿਆਂ ਨੂੰ ਤੇ ਇਸ਼ਟ ਟੇਕ ਗੁਰਗਦੀ ਸਥਾਪਤ (ਸ਼ਬਦ ਗੁਰੂ) ਗ੍ਰੰਥ ਸਾਹਿਬ ਨੂੰ ਬਖਸ਼ੇ ਸਨ। ਮਾਤਾ ਸੁੰਦਰੀ ਜੀ ਨੂੰ ਕੋਈ ਇਹ ਅਖਤਿਆਰ ਨਹੀਂ ਸੀ ਕਿ ਉਨ੍ਹਾਂ ਨੇ ਪਹਿਲੇ ਜੀਤ ਸਿੰਘ ਦੇ ਚਰਨੀ ਸੰਗਤ ਨੂੰ ਪਾਇਆ ਤਾਂ ਉਹਨੂੰ ਗੁਰੂ ਬਣਾਇਆ ਗਿਆ ਸੀ। ਐਸਾ ਸੋਚਨਾ ਤੇ ਸਮਝਣਾਂ ਹੀ ਗਲਤ ਹੈ।

ਪਾਠਕਾਂ ਪ੍ਰਤੀ ਇਹ ਦਸਣਾ ਵੀ ਜ਼ਰੂਰੀ ਹੈ ਕਿ ਮੇਹਰ ਸਿੰਘ ਦੇ ਖਿਆਲ ਵਿਚ ਜੇਕਰ ਉਹ ਦੋਵੇਂ ਗੁਰੂ ਮੰਨੇ ਗਏ ਅਤੇ ਕੇਸਰ ਸਿੰਘ ਦੀ ਲਿਖਤ ਮੁਤਾਬਕ ੯ ਬਰਸ ਬਾਬੇ ਬੰਦੇ ਅਤੇ ੧੬ ਸਾਲ ਉਕਤ ਜੀਤ ਸਿੰਘ ਗੁਰਿਆਈ ਨਿਭਾਈ। ਤਦ ਫਿਰ ਬਾਬਾ ਬੰਦਾ ੧੧ਵਾਂ ਗੁਰੂ ਅਤੇ ਜੀਤ ਸਿੰਘ ੧੨ਵਾਂ ਗੁਰੂ ਮੰਨਣਾ ਚਾਹੀਏ ਅਤੇ ਨਾਮਧਾਰੀਆਂ ਦੇ ਸ੍ਰੀ ਬਾਲਕ ਸਿੰਘ ੧੩ਵੇਂ ਅਤੇ ਸ੍ਰੀ ਰਾਮ ਸਿੰਘ ਜੀ ੧੪ਵੇਂ ਗੁਰੂ (ਇਸ ਹਿਸਾਬ ਨਾਲ) ਸਾਬਤ ਹੋਏ ਤੇ ਇਸ ਤਰ੍ਹਾਂ ਦੀਆਂ ਦਲੀਲਾਂ ਉਸ ਦੇ ਆਪਣੇ ਹੀ ਖਿਲਾਫ ਜਾਂਦੀਆਂ ਹਨ। ਪਰ ਉਸ ਨੇ ਗੁਰੂ ਗ੍ਰੰਥ ਜੀ ਦੀ ਗੁਰਤਾ ਨੂੰ ਸ਼ਕੀ ਬਨਾਉਣ ਵਾਸਤੇ ਦੇਣੀਆਂ ਜ਼ਰੂਰ ਸਨ, ਤੇ ਦਿੱਤੀਆਂ ਹਨ।

ਅਗੇ ਫੇਰ ਸਫ਼ਾ ੯੩ ਪਰ ਲਿਖਦਾ ਕਿ ਮਾਤਾ ਸੁੰਦਰੀ ਜੀ ਦੇ ਸਮਾਂ ਆਇ ਪਰ ਸਰੀਰ ਛਡ ਜਾਣ ਮਗਰੋਂ ਮਾਤਾ ਸਾਹਿਬ ਦੇਵਾਂ ਨੇ ਸਿਖਾਂ ਦੀ ਬਹੁਤੀ ਆਵਾਜਾਈ ਨੂੰ ਬੰਦ ਕਰਨਾ ਚਾਹਿਆ ਤੇ ਕਈ ਮੁਖੀ ਸਿੱਖਾਂ ਨੂੰ ਚਿਠੀਆਂ ਲਿਖੀਆਂ ਕਿ ਇਥੇ ਚੂੰਕਿ ਇਸ ਤੋਂ ਪਹਿਲੇ ਜੀਤ ਸਿੰਘ ਦਾ ਹਾਕਮਾਂ ਨਾਲ ਬਿਗਾੜ ਹੋਇਆ ਹੈ—ਉਹ ਹੁਣ ਇਥੇ ਸਿੱਖਾਂ ਦੀ ਆਵਾਜਾਈ ਨੂੰ ਸ਼ਕ ਦੀ ਨਜ਼ਰ ਨਾਲ ਦੇਖਦੇ ਤੇ ਅਸੀਂ ਇਥੇ ਹੀ ਰਹਿਣਾ ਹੈ ਇਸ ਵਾਸਤੇ ਇਥੇ ਬਹੁਤਾ ਨਹੀਂ ਆਉਣ। ਘਰੋਂ ਘਰੀ ਰਹਿਣ ਤੇ ਮੇਲੇ ਸਮੇਂ ਸਾਰੇ ਹੀ ਸ੍ਰੀ ਅੰਮ੍ਰਿਤਸਰ ਆ ਕੇ ਦਰਸ਼ਨ ਮੇਲੇ ਕਰ ਲਿਆ ਕਰਨ। ਇਸ ਚਿਠੀ ਦੇ ਜਵਾਬ

ਵਿਚ ਜੋ ਸਿੱਖਾਂ ਨੇ ਅਰਦਾਸ ਬੇਨਤੀ ਕੀਤੀ ਉਹ ਕੇਸਰ ਸਿੰਘ ਦੀ ਲਿਖਤ ਵਿਚੋਂ ਮੇਹਰ ਸਿੰਘ ਇਹ ਪੇਸ਼ ਕਰਦਾ ਹੈ—

"ਸਿਖਾਂ ਰਲ ਮਾਤਾ ਜੀ ਪਾਸ ਕੀਤੀ ਅਰਦਾਸ।

ਗ੍ਰੀਬਨਵਾਜ ਤੁਸੀ ਹੋ ਸਚੇ (ਪਰ) ਸਿਖ ਭੀ ਸਚੇ ਉਹ ਜਾਵਨ ਕੈਂਦੇ ਪਾਸ।

ਇਸ ਲਿਖਤ ਨੂੰ ਪੇਸ਼ ਕਰਕੇ ਮੇਹਰ ਸਿੰਘ ਇਹ ਲਿਖਦਾ ਕਿ ਅਗਰ ਗ੍ਰੰਥ ਸਾਹਿਬ ਨੂੰ ਗੁਰਿਆਈ ਮਿਲੀ ਹੁੰਦੀ ਤਾਂ ਸਿੱਖ ਇਹ ਨਾ ਆਖਦੇ ਕਿ "ਸਿੱਖ ਜਾਵਨ ਕੈਂਦੇ ਪਾਸ" ਅਤੇ ਇਹ ਗਲ ਸਪਸ਼ਟ ਕਰਦੀ ਹੈ ਕਿ ਗੁਰੂ ਜੀ ਨੇ ਨਾਂਦੇੜ ਵਿਚ ਕਿਸੇ ਨੂੰ ਗੁਰਿਆਈ ਨਹੀਂ ਦਿੱਤੀ ਤੇ ਉਹ ਚਿਤਾ ਵਾਲਾ ਕੌਤਕ ਰਚਾ ਕੇ ਗੁਰੂ ਅਲੋਪ ਹੋ ਗਏ ਸਨ। ਫਿਰ ਇਤਿਹਾਸ ਵੀ ਇਸ ਗਲ ਦਾ ਕੋਈ ਵਰਨਣ ਨਹੀਂ ਕਰਦਾ।

ਪਾਠਕਾਂ ਪ੍ਰਤੀ ਅਸੀਂ ਪਿਛੇ ਇਕ ਤੋਂ ਵਧੇਰੇ ਵਾਰ ਇਤਿਹਾਸਕ ਸਬੂਤ ਦਸ ਆਏ ਹਾਂ ਪਰ ਨਾਮਧਾਰੀ ਲੇਖਕ ਨੂੰ ਆਪਣੇ ਪੱਖ ਵਿਚ ਰਾਈ ਜਿਤਨਾ ਕੁਝ ਮਿਲੇ ਤਾਂ ਉਸ ਨੇ ਪਹਾੜ ਬਣਾ ਕੇ ਪੇਸ਼ ਕਰਨਾ ਫਰਜ਼ ਬਣਾ ਲਿਆ ਤੇ ਇਤਨੀ ਗਲ ਜੋ ਬਾਬਾ ਬੰਦਾ ਅਤੇ ਜੀਤ ਸਿੰਘ ਵੀ ਗੁਰੂ ਮੰਨੇ ਗਏ ਸਨ, ਐਸਾ ਲਿਖ ਦਿਤਾ ਹੈ।

ਅਸੀਂ ਹੁਣ ਇਹ ਨਿਰਣਾ ਦਸਣਾ ਹੈ ਕਿ ਉਸ ਵੇਲੇ ਤੀਕ ਸਾਰੇ ਭਾਰਤ ਵਿਚ ਪੰਜ ਜਾਂ ਛੇ ਬੀੜਾਂ ਹੀ ਸ੍ਰੀ ਗੁਰੂ ਗ੍ਰੰਥ ਜੀ ਦੀਆਂ ਲਿਖੀਆਂ ਗਈਆਂ ਸਨ। ਸ੍ਰੀ ਕਰਤਾਰਪੁਰ ਵਾਲੀ ਉਥੋਂ ਦੇ ਸੋਢੀਆਂ ਪਾਸ ਸੀ। ਇਕ ਨਾਂਦੇੜ ਹਜ਼ੂਰ ਸਾਹਿਬ ਤੇ ਇਕ ਭਾਈ ਬੰਨੋ ਦੀ ਸੰਤਾਨ ਪਾਸ ਮਾਂਗਟ ਜ਼ਿਲਾ ਗੁਜਰਾਤ ਹੁਣ ਦੇ ਪਾਕਿਸਤਾਨ ਵਿਚ ਅਤੇ ਚਾਰ ਉਤਾਰੇ ਦਮਦਮੀ ਬੀੜ ਦੇ ਹਰੀਮੰਦਰ ਅਤੇ ਤਖਤਾਂ ਉਤੇ ਭਿਜਵਾਏ ਜਾ ਚੁਕੇ ਸਨ ਹੋਰ ਬੀੜਾਂ ਅਜੇ ਤਿਆਰ ਨਹੀਂ ਸਨ ਹੋਈਆਂ ਤੇ ਪ੍ਰੈਸ ਵੀ ਅਜੇ ਨਹੀਂ ਸਨ। ਲਿਖਤਾਂ ਲਿਖਣ ਵਿਚ ਬਹੁਤ ਸਮਾਂ ਲਗਦਾ ਸੀ। ਕੌਣ ਥਾਂਈ ਥਾਂਈ ਜਾ ਕੇ ਐਸਾ ਜਤਨ ਕਰਦਾ ਜਦੋਂ ਕਿ ਰੌਲੇ ਗੌਲੇ ਦਾ ਜ਼ਮਾਨਾ ਸੀ।

ਫੇਰ ਮਾਤਾ ਸਾਹਿਬ ਦੇ ਦਰਸ਼ਨ ਕਰਨ ਨੂੰ ਲੋਕੀਂ ਇਸ ਵਾਸਤੇ ਦਿਲੀ ਨਹੀਂ ਆਉਂਦੇ ਸਨ ਕਿ ਸ੍ਰੀ ਗੁਰੂ ਜੀ ਦੀ ਥਾਂਏ ਹੁਣ ਇਹ ਗਦੀ ਨਸ਼ੀਨ ਹਨ ਤੇ ਕਿਧਰੇ ਧੁਪੇ ਛਾਂਏ ਤਖਤ ਪੋਸ਼ ਪਰ ਬੈਠਦੇ ਸਨ। ਬਲਕਿ ਇਸ ਵਾਸਤੇ ਸ਼ਰਧਾ ਨਾਲ ਭਰੇ ਆਉਂਦੇ ਕਿ ਖਾਲਸਾ ਪੰਥ ਦੀ ਧਰਮ ਮਾਤਾ ਤੇ ਇਨ੍ਹਾਂ ਦੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਸੁਪਤਨੀ ਸਨ। ਤੇ ਇਨ੍ਹਾਂ ਦੇ ਪਿਆਰ ਵਿਚ ਬਧੇ ਦਰਸ਼ਨ ਨੂੰ ਆਉਂਦੇ ਸਨ। ਹੋਰ ਇਨ੍ਹਾਂ ਦੇ ਮਨ੍ਹਾਂ ਕਰਨ ਪਰ ਵੀ ਆਪ ਹੁਦਰੇ ਗੁਰੂਆਂ ਦਾ ਹਸ਼ਰ ਜੋ ਹੋਇਆ ਹੈ, ਅਸੀਂ ਦਸਿਆ ਹੈ, ਇਸ ਚਿੱਠੀ ਨੂੰ ਲਿਖਕੇ ਆਪਣੇ ਨਾਪਾਕ ਇਰਾਦੇ ਵਿਚ ਬਨਾਉਟੀ ਗੁਰੂਆਂ ਨੂੰ ਸੰਤ ਨੇ ਪੇਸ਼ ਕੀਤਾ ਹੈ।

## ਪ੍ਰਸ਼ਨ ੭ : ਗੁਰੂ ਗ੍ਰੰਥ ਜੀ ਮਾਨਿਉ ਪ੍ਰਗਟ ਗੁਰਾਂ ਕੀ ਦੇਹ

ਮੁਹਿਰਦ ਪਾਠਕਾਂ ਪ੍ਰਤੀ ਹੁਣ ਦਸਣਾ ਹੈ ਕਿ ਪਿਛੇ ਸਾਰੇ ਹੀ ਮਿਰਲੇਖਾਂ ਹੇਠ ਉਕਤ ਚਾਤਰ ਲੇਖਕ ਸੰਤ ਮੇਹਰ ਸਿੰਘ ਨੇ ਸ਼ਬਦ ਬਾਣੀ ਦੇ ਸਹਾਰੇ ਨਾਲ ਆਪਣੇ ਅਯੋਗ ਪੱਖ ਨੂੰ ਸਿੱਧ ਕਰਨ ਦੀ ਜੋ ਕੋਸ਼ਿਸ਼ ਕੀਤੀ ਹੈ। ਗੁਰੂ ਕਿਰਪਾ ਨਾਲ ਯੋਗ ਉਤਰ

ਦਿਤੇ ਗਏ ਹਨ। ਹੁਣ ਉਸ ਨੇ ਉਕਤ ਮਿਤਲੇਖ ਹੇਠਾਂ ਦੀ ਲਿਖਤ ਵਿਚ ਗੁਰੂ ਗ੍ਰੰਥ ਸਾਹਿਬ ਦੀ ਗੁਰੂ ਪਦਵੀ ਉਤੇ ਸਿੱਧਾ ਵਾਰ ਕੀਤਾ ਤੇ ਇਉਂ ਸ਼ੁਰੂ ਕਰਦਾ ਹੈ।

"ਆਗਿਆ ਭਈ ਅਕਾਲ ਕੀ......ਵਾਲੇ ਦੋਹਰਿਆਂ ਵਿਚ ਹੀ "ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਉ ਗ੍ਰੰਥ" ਤੋਂ ਬਾਹਦ ਅਗਲੀ ਪੰਗਤੀ ਹੈ "ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ" (ਉਹ ਅਗੇ ਲਿਖਦਾ)—"ਪਹਿਲਾਂ ਪਸੰਦ ਕਰਕੇ ਮੁਲ ਖਰੀਦ ਕੇ ਲਿਆਉਣਾ ਤੇ ਫੇਰ ਉਸ ਨੂੰ ਸਮਰਥ ਤੇ ਪ੍ਰਤੱਖ ਭਗਵਾਨ ਕਹਿਣਾ, ਇਹ ਦੋਵੇਂ ਗਲਾਂ ਆਪਸ ਵਿਚ ਮੇਲ ਨਹੀਂ ਖਾਂਦੀਆਂ। ਕਮ ਸੇ ਕਮ ਸਿਖ ਧਰਮ ਅਨੁਸਾਰ ਤਾਂ ਇਹ ਉਕਾ ਹੀ ਠੀਕ ਨਹੀਂ ਹਨ। ਜਦ ਅਸੀਂ ਸ੍ਰੀ ਗ੍ਰੰਥ ਸਾਹਿਬ ਨੂੰ ਪਸੰਦ ਕਰਨ ਲਗਿਆਂ ਘਟੀਆ ਵਧੀਆ ਕਾਗਜ਼, ਛੋਟਾ ਵਡਾ ਸਾਈਜ਼, ਲਾਲ ਹਰੀ ਕਾਲੀ ਸੁਨਹਿਰੀ ਵੇਲ ਟਾਈਪ ਛੋਟਾ ਜਾਂ ਮੋਟਾ ਤੇ ਜਿਲਦ ਸਾਦੀ ਜਾਂ ਚਮੜੇ ਵਾਲੀ ਆਦਿਕ ਵੇਖ ਕੇ ਫਿਰ ਉਸੇ ਅਨੁਸਾਰ ਮੁਲ ਤਾਰ ਕੇ ਖਰੀਦ ਕੇ ਲਿਆਉਂਦੇ ਹਾਂ ਤਾਂ ਉਸ ਨੂੰ ਦੋ ਜਹਾਨ ਵਾਲੀ, ਕਰਨ ਕਾਰਨ ਸਮਰਥ ਦਸ ਗੁਰੂ ਸਾਹਿਬਾਨ ਦੀ ਪ੍ਰਤੱਖ ਦੇਹ ਕਿਵੇਂ ਮੰਨਿਆ ਜਾ ਸਕਦਾ ਹੈ ? ਸ਼ਾਇਦ ਪ੍ਰਤੱਖ ਦੇਹ ਮੰਨਣ ਤੋਂ ਬਗੈਰ ਕੇਵਲ ਸ੍ਰੀ ਗ੍ਰੰਥ ਸਾਹਿਬ ਜੀ ਗੁਰੂ ਨਹੀਂ ਹੋ ਸਕਦੇ। ਜੇ ਹੋ ਸਕਦੇ ਹੁੰਦੇ ਤਾਂ ਆਖੇਪਕਾਰ ਜੀ ਨੂੰ ਇਹ ਲਿਖਣ ਦੀ ਲੋੜ ਕਿਉਂ ਪੈਂਦੀ ? ਕਿ ਗੁਰੂ ਗ੍ਰੰਥ ਜੀ ਮਾਨਿਉ ਪ੍ਰਗਟ ਗੁਰਾਂ ਕੀ ਦੇਹ। ਜੇਕਰ ਸ੍ਰੀ ਗ੍ਰੰਥ ਸਾਹਿਬ ਜੀ ਗੁਰੂ ਹਨ ਤਾਂ ਉਹਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਕਿਉਂ ਨਾ ਮੰਨਿਆ ਜਾਵੇ ? ਗੁਰੂ ਦੀ ਪ੍ਰਤੱਖ ਦੇਹ ਮੰਨਣ ਨਾਲ ਤਾਂ ਦੇਹਧਾਰੀ ਗੁਰੂ ਦਾ ਸਿਧਾਂਤ ਸਦਾ ਵਾਂਗੂੰ ਅਟੱਲ ਬਣਿਆ ਰਹਿੰਦਾ ਹੈ।

ਉਕਤ ਲਿਖਤ ਦਾ ਉਤਰ ਦੇਣ ਤੋਂ ਪਹਿਲਾਂ ਇਸ ਗਲ ਤੇ ਅਫਸੋਸ ਹੈ ਕਿ ਇਤਨੀਆਂ ਪੁਸਤਕਾਂ ਤੇ ਗੁਰਬਾਣੀ ਦਾ ਅਭਿਆਸ ਕਰਨ ਵਾਲਾ "ਗੁਰਸਿਖੀ ਧਾਰਨ ਕਰਨ ਕਰਾਣ ਦੀ ਰੀਤ ਮਰਿਆਦਾ ਨੂੰ ਸਮਝ ਨਹੀਂ ਸਕਿਆ ਜੋ ਸਮੇਂ ਸਮੇਂ ਵਿਚ ਦੇਹਧਾਰੀ ਸਤਿਗੁਰਾਂ ਵੇਲੇ ਹੀ ਬਦਲਦੀ ਰਹੀ ਹੈ।

ਗੁਰੂ ਨਾਨਕ ਦੇਵ ਜੀ ਵੇਲੇ ਗੁਰੂ ਅੰਗਦ ਦੇਵ ਜੀ ਨੂੰ ਪਹਿਲੇ ਆਇ ਵੇਲੇ ਉਹਨਾਂ ਦੀ ਖਾਹਿਸ਼ ਮੁਤਾਬਕ ਗੁਰਮੰਤ੍ਰ ਦੇ ਕੇ ਸਿਖ ਬਨਾਣਾ ਸੀ ਤਾਂ ਜਿਵੇਂ ਸ੍ਰੀ ਅਕਾਲ ਪੁਰਖ ਤੋਂ ਆਪ ਨੂੰ ਨਾਮ ਅੰਮ੍ਰਿਤ ਪ੍ਰਾਪਤ ਹੋਇਆ ਸੀ ਲਹਿਣਾ ਜੀ ਨੂੰ ਚਰਨਾਮ੍ਰਿਤ ਪਿਲਾਇਆ ਤੇ ਗੁਰੂ ਸ਼ਬਦ ਦੀਖਿਆ ਦੀ ਬਖਸ਼ਿਸ਼ ਕਰਕੇ ਸਿੱਖ ਬਣਾਇਆ ਸੀ ਫਿਰ ਗੁਰਗਦੀ ਦੀ ਬਖਸ਼ਿਸ਼ ਵੇਲੇ ਪੰਜ ਪੈਸੇ ਨਾਰੀਅਲ ਅਤੇ ਸੇਲੀ ਮਾਲਾ ਦੀ ਭੇਟ ਨਾਲ ਨਿਮਸਕਾਰ ਕੀਤੀ ਤੇ ਸੰਗਤ ਨੂੰ ਪ੍ਰਗਟਾਇਆ ਕਿ ਆਪਣੀ ਥਾਏਂ ਅਸੀਂ ਇਹਨਾਂ ਨੂੰ ਗੁਰ ਬਣਾਇਆ ਤੇ ਗਦੀ ਬਹਾਇਆ ਹੈ।*

ਉਪਰੰਤ ਪੰਜਵੀਂ ਪਾਤਸ਼ਾਹੀ ਤੀਕ ਗੁਰਗਦੀ ਸਮਰਪਣ ਦੀ ਇਹੋ ਰੀਤ ਰਹੀ। ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਨੇ ਨਾਮ ਮੰਤ੍ਰ ਉਪਦੇਸ਼ ਉਹੀ ਜੋ ਪਹਿਲੇ ਤੋਂ ਪ੍ਰਾਪਤ ਸੀ, ਜਪਿਆ, ਪਰ ਸੇਲੀ (ਟੋਪੀ) ਮਾਲਾ ਨੂੰ ਬਦਲ ਕੇ ਸਮੇਂ ਦੇ ਮੁਤਾਬਕ ਦੋ

* ਕਈ ਲਿਖਤਾਂ ਵਿਚ ਸੇਲੀ ਟੋਪੀ ਤੇ ਮਾਲਾ ਵੀ ਲਿਖਿਆ ਹੈ।

ਨੋਟ—ਸੇਲੀ, ਕਾਲੀ ਉਨ ਦੀ ਬਰੀਕ ਵੇਣੀ ਜੰਜੂ ਵਾਂਗ ਹੁੰਦੀ।

ਤਲਵਾਰਾਂ ਪਹਿਨਕੇ ਗੁਰਗਦੀ ਬੈਠੇ ਅਤੇ ਕੇਸਰ ਤਿਲਕ ਕਰਾਇਆ ਸੀ। ਫਿਰ ਦਸਵੇਂ ਸਤਿਗੁਰੂ ਵੇਲੇ ਸਮੇਂ ਹੋਰ ਤਬਦੀਲ ਹੋਇਆ ਤੇ "ਪੈਰ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿਖਾ ਪਿਲਾਇਆਇ" ਇਸ ਸਾਰੀ ਰੀਤੀ ਨੂੰ ਬਦਲ ਕੇ ਖੰਡੇ ਦਾ ਅੰਮ੍ਰਿਤ ਪਿਲਾਏ, ਨਾਲ ਨਾਮ ਮੰਤ੍ਰ ਉਪਦੇਸ਼ ਸੁਣਾਇਆ ਸੀ। ਫਿਰ ਜਿਨ੍ਹਾਂ ਪੰਜ ਮਰਜੀਵੜੇ ਸਿਖਾਂ ਦੇ ਸੀਸ ਪ੍ਰਵਾਨ ਕੀਤੇ ਮਗਰੋਂ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਤੇ ਨਾਮ ਮੰਤ੍ਰ ਸੁਣਾਇਆ ਸੀ। ਉਹਨਾਂ ਨੂੰ ਗੁਰੂ ਪਦਵੀ ਦੇਣ ਦੇ ਖਿਆਲ ਨਾਲ ਪਹਿਲੇ ਉਹਨਾਂ ਪਾਸੋਂ ਆਪ ਅੰਮ੍ਰਿਤ ਛਕਿਆ ਸੀ ਫਿਰ ਉਸੇ ਤਿਆਰ ਬਾਟੇ ਵਿਚੋਂ ਉਨ੍ਹਾਂ ਰਾਹੀਂ ਹੋਰ ਬਹੁਤੇ ਸਿੱਖਾਂ ਨੂੰ ਅੰਮ੍ਰਿਤ ਛਕਾਇਆ ਤੇ ਉਨ੍ਹਾਂ ਤੋਂ ਹੀ ਖਾਲਸਾ ਪੰਥ ਦਾ ਅਰੰਭ ਹੋਇਆ ਫੁਰਮਾਇਆ ਸੀ।

ਇਸ ਰੀਤ ਨਾਲ ਪੰਜ ਪਿਆਰਿਆਂ ਤੋਂ ਗੁਰੂ ਜੀ ਨੇ ਆਪਣੀ ਮੌਜੂਦਗੀ ਵਿਚ ਤੇ ਪਹਿਲੇ ਆਪਣੇ ਉਤੇ ਗੁਰੂ ਕੀ ਕਾਰ ਦਾ ਕੰਮ ਕਰਾਇਆ ਤੇ ਪੰਚ ਪਰਵਾਨ ਨੂੰ "ਗੁਰੂ ਖਾਲਸਾ" ਬਣਾਇਆ ਸੀ। ਤਦ ਉਹ ਲੋਕ। ਜੋ ਸਿੱਖਾਂ ਵਿਚੋਂ ਅਨਜਾਣ ਹਨ ਉਹਾ ਹੀ ਮੰਨਦੇ ਹੋਣਗੇ ਕਿ ਸਿੱਖ ਦੇਹਧਾਰੀ ਗੁਰੂ ਤੋਂ ਦੀਖਤ ਨਹੀਂ ਹਨ। ਜਾਂ ਨਾਮਧਾਰੀ ਲੋਕ ਹੀ ਅੰਮ੍ਰਿਤਧਾਰੀਆਂ ਨੂੰ ਨਿਗੁਰੇ ਸਮਝਦੇ ਹੋਣਗੇ। ਪਰ ਫਰਕ ਇਤਨਾ ਹੈ ਕਿ ਨਾਮਧਾਰੀਆਂ ਨੇ ਇਕੋ ਟੇਕ ਇਕ ਸਰੀਰ ਪਰ ਗੁਰੂ-ਭਾਵਨਾ ਰਖ ਲਈ, ਤੇ ਸਮਰਥ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਸਰੀਰਕ ਕਾਰ "ਗੁਰੂ ਖਾਲਸਾ" ਤੋਂ ਕਰਾਉਣੀ ਚਾਹੀ ਅਤੇ ਗੁਰੂ ਟੇਕ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਜੀ ਪਰ ਦ੍ਰਿੜ ਕਰਾਈ ਹੈ। ਜਿਸ ਵਿਚ ਸਾਰੇ ਸਤਿਗੁਰਾਂ ਤੇ ਆਤਮ-ਰਸੀਏ ਭਗਤਾਂ ਦਾ ਗਿਆਨ ਭੰਡਾਰ ਸੰਚਿਤ ਹੈ। ਬਸ। ਗੁਰੂ ਗੋਬਿੰਦ ਸਿੰਘ ਜੀ ਵਲੋਂ ਸਿੱਖੀ ਧਾਰਨ ਕਰਨ ਕਰਾਣ ਦੀ ਮਰਿਯਾਦਾ ਨੂੰ ਜੋ ਬਦਲਿਆ ਹੈ, ਇਸ ਦੇ ਪੂਰੇ ਮੰਤਵ ਨੂੰ ਪੂਰਾ ਸਤਿਗੁਰੂ ਹੀ ਸਮਝਦਾ ਸੀ ਸਾਨੂੰ ਤਾਂ ਉਸ ਦੇ ਹੁਕਮਾਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਨੂੰ ਗੁਰਗਦੀ ਨਸ਼ੀਨ ਮੰਨਣਾ ਤੇ ਪੰਜ ਪਿਆਰਿਆਂ ਨੂੰ ਗੁਰੂ ਵਲੋਂ ਸਰੀਰਕ ਕਾਰ ਨਿਭਾਉਣ ਦੀ ਕਾਰ ਸਮਝਣਾ ਹੀ ਠੀਕ ਹੈ।

ਬਾਕੀ ਰਹੀ ਇਹ ਗਲ—ਕਿ ਜਿਵੇਂ ਨਾਮਧਾਰੀ ਸਜਣ, ਗੁਰਮੰਤ੍ਰ ਉਪਦੇਸ਼ ਤਾਂ ਜ਼ਰੂਰ ਇਕੋ ਆਪਣੇ ਗਦੀ ਨਸ਼ੀਨਾਂ ਤੋਂ ਪ੍ਰਾਪਤ ਕਰਦੇ ਪਰ ਉਨ੍ਹਾਂ ਦੇ ਗੁਰੂ ਵੀ ਗੁਰਬਾਣੀ ਦੀ ਵਿਆਖਿਆ—ਸਮੇਂ ਅਨੁਸਾਰ ਦੂਰ ਨੇੜੇ ਵਸਦਿਆਂ ਨੂੰ ਨਿਤ ਨਹੀਂ ਸੁਣਾ ਸਕਦੇ। ਤਦ ਉਹਨਾ ਦੂਰ ਨੇੜੇ ਦੀਆਂ ਸੰਗਤਾਂ ਤਾਈਂ ਵੀ ਉਹਨਾਂ ਦੇ ਵਿਦਵਾਨ (ਖਾਸ ਕਰਕੇ ਸੰਤ ਮੇਹਰ ਸਿੰਘ ਜੈਸੇ) ਸੁਣਾਂਦੇ ਹੋਣਗੇ ਤੇ ਉਹ ਜੋ ਕੁਝ ਵੀ ਸ਼ਬਦ ਵਿਆਖਿਆ ਉਪਦੇਸ਼ ਹੁੰਦਾ ਹੈ—ਉਹਨਾਂ ਕਥਾ ਵਾਚਕਾਂ ਵਲੋਂ ਨਹੀਂ ਬਲਕਿ ਉਹ ਗੁਰਬਾਣੀ ਜਾਂ ਭਗਤ ਬਾਣੀ ਦੇ ਕਰਤਾ ਵਲੋਂ ਹੁੰਦਾ ਹੈ। ਉਹ ਵਕਤੇ ਹਨ।

ਤਿਵੇਂ ਹੀ ਗੁਰ ਮੰਤ੍ਰ ਉਪਦੇਸ਼ ਤਾਂ ਨਾਮ ਅੰਮ੍ਰਿਤ ਪ੍ਰਾਪਤੀ ਵੇਲੇ ਅਭਿਲਾਖੀਆਂ ਨੇ ਸਰਵਨ ਕਰਨਾ ਹੁੰਦਾ। ਪਰ ਸਮੇਂ ਸਮੇਂ ਸ਼ਬਦ ਵਿਚਾਰ ਤੇ ਕੀਰਤਨ ਪ੍ਰਚਾਰ ਰਾਹੀਂ ਜੋ ਕੁਝ ਗੁਰ-ਗਿਆਨ ਸਮਝਾਇਆ ਤੇ ਸੁਣਾਇਆ ਜਾਂਦਾ ਹੈ ਉਹ ਗੁਰੂ ਗ੍ਰੰਥ ਜੀ ਦੇ ਗਿਆਨ ਭੰਡਾਰ ਵਿਚੋਂ ਹੁੰਦਾ ਹੈ। ਉਹ ਗਿਆਨ ਭਰਪੂਰ ਸ਼ਬਦ ਵਿਆਖਿਆਕਾਰ ਸੁਨਾਣ ਵਾਲੇ ਸਾਡੇ ਹਰ ਤਰ੍ਹਾਂ ਨਾਲ ਆਦਰ ਸਤਿਕਾਰ ਦੇ ਪਾਤਰ ਹਨ। ਪਰ ਜੇਕਰ ਉਹਨਾਂ ਵਿਚੋਂ ਕੋਈ ਇਹ ਸਮਝ ਬੈਠੇ ਕਿ ਜੋ ਕੁਝ ਸੁਣਾਇਆ ਹੈ ਇਹ ਮੇਰੀ ਉਕਤ ਹੈ

ਮੈਂ ਹੀ ਗੁਰੂ ਹਾਂ—ਤੇ ਸਰੋਤੇ ਮੇਰੇ ਸ਼ਿਸ਼ ਹਨ ਤਾਂ ਨਾਮਧਾਰੀ ਹੀ ਦਸ ਦੇਣ ਕਿ ਕਿਤਨੀ ਸੂਝਬੂਝ ਦਾ ਉਹ ਮਾਲਕ ਹੈ। ਪਰ ਮੇਹਰ ਸਿੰਘ ਤਾਂ ਜਿਸ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਪ੍ਰਮਾਣ ਦਿੰਦਾ ਹੈ, ਜਿਸ ਡਾਲ ਤੇ ਬੈਠਾ ਹੈ ਉਸੇ ਦੀ ਗੁਰਿਆਈ ਨੂੰ ਹੁਜਤ ਭਰੀਆਂ ਦਲੀਲਾਂ ਨਾਂਲ ਕਟਣਾ ਚਾਹੁੰਦਾ ਹੈ।

ਤਾਂਤੇ ਹਰ ਸਮਝਦਾਰ ਨੂੰ ਸਮਝਣਾ ਚਾਹੀਏ ਕਿ ਸਿਖੀ ਸੂਰਤ ਵਿਚ ਅਗਰ ਗੁਰ-ਮੰਤ੍ਰ ਉਪਦੇਸ਼ ਗੁਰਬਾਣੀ ਅਨੁਸਾਰ ਕੋਈ ਪ੍ਰਚਾਰਕ, ਸੰਤ ਮਹਾਤਮਾਂ ਵੀ ਕਿਸੇ ਅਧਿਕਾਰੀ ਨੂੰ ਸੁਣਾਂਦਾ ਹੈ ਤਾਂ ਉਹ ਗੁਰੂ ਨਾਨਕ ਜੀ ਵਲੋਂ ਗੁਰੂ ਕੀ ਕਾਰ ਕਰਦਾ ਆਪਣੇ ਨੂੰ ਜਾਣੇਗਾ, ਤਾਂ ਉਹ ਸਿਰਫ ਇਥੇ ਹੀ ਨਹੀਂ ਬਲਕਿ ਸਚਖੰਡ ਗੁਰੂ ਦਰਬਾਰ ਵਿਚ ਵੀ ਮਾਨ ਪਾਇਗਾ। ਕਿਉਂਕਿ ਉਹ ਗੁਰੂ ਕੀ ਕਾਰ ਕਰਦਾ—ਨਾਮ ਜਪਦਾ ਜਪਾਂਦਾ ਹੈ—ਮੁਖ ਉਜਲਾ ਲੈ ਕੇ ਜਾਇਗਾ।

ਜਿਨੀ ਨਾਮ ਧਿਆਇਆ ਗਏ ਮਸਤਕ ਘਾਲ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲ ॥ (ਸ੍ਰੀ ਜਪੁਜੀ)

ਅਥਵਾ ਐਸੇ ਪੁਰਸ ਪਰਉਪਕਾਰੀ ਮੰਨੇ ਜਾਂਦੇ "ਜੋ ਜੀਆਦਾਨ ਦੇ ਭਗਤੀ ਲਾਇਨ ਹਰਿ ਸਿਉ ਲੈਨ ਮਿਲਾਇ ॥"

ਨੋਟ :—ਪਾਠਕਾਂ ਪ੍ਰਤੀ ਜੋ ਵਿਚਾਰ ਲਿਖ ਦਰਸਾਇ ਹਨ ਉਮਰ ਭਰ ਦੇ ਪਾਠ ਅਧਿਐਨ ਤੇ ਗੁਰੂ ਕਿਰਪਾ ਨਾਲ ਵਿਹ ਸਮਝ ਪਾਏ ਹਨ—ਹੁਣ ਹੁਜਤਬਾਜ਼ ਦੀਆਂ ਉਕਤ ਦਲੀਲਾਂ ਦਾ ਉਤਰ ਪੜੀਏ।

## ਆਗਿਆ ਭਈ ਅਕਾਲ ਕੀ...

ਪਾਠਕਾਂ ਨੇ ਪਿਛੇ ਕਈ ਥਾਈਂ ਪੜਿਆ ਹੈ ਕਿ ਲੇਖਕ ਮੇਹਰ ਸਿੰਘ ਨੂੰ ਇਸ ਗਲ ਦਾ ਬਹੁਤ ਦੁਖ ਹੈ ਜੋ ਹਰ ਰੋਜ ਸਿਖ—"ਆਗਿਆ ਭਈ ਅਕਾਲ ਕੀ ਤਬੀ ਚਲਾਇਉ ਪੰਥ" ਦਾ ਦੋਹਿਰਾ ਪੜਦੇ ਹਨ। ਇਹ ਦੋਹਿਰਾ ਉਸ ਤੇ ਜ਼ਹਿਰੀਲੇ ਇੰਜਕਸ਼ਨ ਦਾ ਕੰਮ ਕਰ ਚੁਕਾ ਤੇ ਉਸ ਨੂੰ ਤੜਫਾ ਰਿਹਾ ਹੈ। ਉਹ ਬਾਰ ਬਾਰ ਇਹੋ ਸਿੱਧ ਕਰਨ ਦਾ ਯਤਨ ਕਰਦਾ ਕਿ ਇਹ ਕਿਸੇ ਆਖੇਪਕਾਰ ਨੇ ਪੰਥ ਪ੍ਰਕਾਸ਼ (ਗਿਆਨੀ ਗਿਆਨ ਸਿੰਘ) ਵਿਚ ਘਸੋੜਿਆ ਹੈ, ਇਹ ਸ੍ਰੀ ਮੁਖਵਾਕ ਪਾਤਸ਼ਾਹੀ ਦਸਵੀਂ ਨਹੀਂ ਹੈ। ਇਸ ਦਾ ਉਤਰ ਅਸੀਂ ਦੋ ਤਿੰਨ ਥਾਈਂ ਦਿਤਾ ਹੈ ਕਿ ਗੁਰੂ ਸਾਹਿਬ ਕਵੀ ਵੀ ਸਨ ਉਹਨਾਂ ਬਚਿਤਰ ਨਾਟਕ ਵਿਚ ਖੁਦ ਆਪਣੀ ਕਵਿਤਾ ਰਾਹੀਂ ਦਸਿਆ ਕਿ ਪ੍ਰਭੂ ਪ੍ਰਮਾਤਮਾ ਨੇ ਮੈਨੂੰ ਇਹ ਕਿਹਾ ਸੀ :

ਮੈਂ ਆਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
ਜਹਾਂ ਤਹਾਂ ਤੇ ਧਰਮ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥੨੯॥

ਇਹ ਵਾਰਤਾਲਾਪ ਪਤਾ ਨਹੀਂ ਕਿਹੜੀ ਭਾਸ਼ਾ ਵਿਚ ਤੇ ਵਾਰਤਕ ਜਾਂ ਕਾਵਿ ਰੂਪ ਹੋਇਆ, ਪਰ ਗੁਰੂ ਸਾਹਿਬ ਨੇ ਉਸ ਨੂੰ ਹੁਣ ਦੀ ਆਪਣੀ ਸੰਤ ਭਾਸ਼ਾ ਵਿਚ ਤੇ ਕਾਵਿ ਰੂਪ ਵਿਚ ਲਿਖ ਦਸਿਆ ਹੈ। ਜੋ ਹੋਇਆ ਜ਼ਰੂਰ ਹੈ ਕਿ ਸਚ ਦੇ ਅਵਤਾਰ ਨੇ ਝੂਠ ਨਹੀਂ ਬੋਲਿਆ ਕਿ ਪੂਰਬ ਜਨਮ ਦੇ ਗਿਆਤਾ ਸਨ।

ਤਿਵੇਂ ਹੀ ਗੁਰੂ ਗ੍ਰੰਥ ਨੂੰ ਗੁਰਗਦੀ ਸਥਾਪਤ ਵੇਲੇ ਅਗਰ ਵਾਰਤਕ ਹੀ ਕਹਿਆ ਹੋਵੇ ਕਿ ਪ੍ਰੇਮੀ ਸਿਖੋ ! ਅਸੀਂ ਅਕਾਲ ਪੁਰਖ ਦੇ ਹੁਕਮ ਨਾਲ ਪੰਥ ਚਲਾਉਣ ਨੂੰ ਆਦਿ ਪੰਥ ਚਲਾਇਆ ਤੇ ਅਗੋਂ ਵਾਸਤੇ ਤੁਸਾਨੂੰ ਸ਼ਬਦ ਰੂਪ ਗੁਰੂ ਗ੍ਰੰਥ ਜੀ ਦੇ ਲੜ ਲਾਇਆ ਹੈ। ਕਿਸੇ ਹੋਰ ਇਕ ਸਰੀਰ ਪਰ ਗੁਰੂ ਭਾਵਨਾ ਰਖਣ ਦੀ ਬਜਾਏ ਸਾਡਾ ਹੁਕਮ ਹੈ। ਗੁਰੂ ਗ੍ਰੰਥ ਜੀ ਨੂੰ ਗੁਰੂ ਮੰਨੀਏ, ਤੇ ਇਸ ਵਿਚ ਅੰਕਿਤ ਉਪਦੇਸ਼ਾਂ ਅਨੁਸਾਰ ਜੀਵਨ ਬਿਤਾਈਏ। ਇਸ ਵਾਰਤਕ ਹੁਕਮ ਨੂੰ (ਜੋ ਸਰਬ-ਲੋਹ ਵਿਚ ਸਪਸ਼ਟ ਵੀ ਹੈ) ਕਿਸੇ ਆਖੇਪਕਾਰ ਨੇ ਜਾਂ ਖੁਦ ਗਿਆਨੀ ਗਿਆਨ ਸਿੰਘ ਨੇ ਲਿਖਿਆ ਹੋਵੇ ਤਦ ਵਾਰਤਕ ਹੁਕਮ ਨੂੰ ਕਵੀ ਨੇ ਕਾਵਿ-ਦੋਹਿਰੇ ਵਿਚ ਲਿਖਿਆ ਤਾਂ ਕੀ ਗੁਨਾਹ ਕੀਤਾ ? ਜਦੋਂ ਕਿ ਬਾਕੀ ਦਾ ਸਾਰਾ ਗੁਰ ਇਤਿਹਾਸ ਹੀ ਵਾਰਤਕ ਸੁਣਿਆ ਜਾਂ ਵਾਰਤਕ ਜਨਮਸਾਖੀਆਂ ਨੂੰ ਪੜ੍ਹਿਆ ਤੇ ਹੁਣ ਪੰਥ ਪ੍ਰਕਾਸ਼ ਵਿਚ ਕਾਵਿ ਰਚਨਾ ਵਿਚ ਹੀ ਲਿਖਿਆ ਹੈ। ਜੇ ਬਾਕੀ ਸਚੀ ਮੰਨੀ ਜਾਏ, ਤਾਂ ਇਹ ਵੀ ਸਚ ਹੀ ਮੰਨਣਾ ਚਾਹੀਦੇ। ਦੋਹਿਰਾ ਖੇਪਕ ਨਹੀਂ ਹੈ।

ਅਗਲੀ ਪੰਗਤੀ ਜੋ—ਗੁਰੂ ਗ੍ਰੰਥ ਜੀ ਮਾਨਿਉ ਪ੍ਰਗਟ ਗੁਰਾਂ ਕੀ ਦੇਹਿ-ਲਿਖਿਆ ਹੈ, ਇਸ ਨੇ ਪ੍ਰਗਟ ਦੀ ਥਾਏਂ ਹੁਜਤੀ ਲੇਖਕ ਨੇ ਪ੍ਰਤੱਖ ਗੁਰਾਂ ਕੀ ਦੇਹ ਲਿਖਿਆ ਹੈ; ਤੇ ਇਸ ਵਾਸਤੇ ਸ਼ਬਦ ਬਦਲਿਆ ਹੈ ਕਿ ਇਸ ਨੂੰ ਆਪਣੀਆਂ ਹੁਜਤ ਭਰੀਆਂ ਦਲੀਲਾਂ ਦੇ ਚੰਗੇ ਉਦਾਹਰਣ ਬਣਦੇ ਸਨ। ਉਹ ਲਿਖਦਾ ਹੈ :

"ਪਹਿਲਾਂ ਪਸੰਦ ਕਰਕੇ ਮੁਲ ਖਰੀਦ ਕੇ ਲਿਆਉਣਾ। ਫਿਰ ਉਸ ਨੂੰ ਸਮਰਥ ਤੇ ਪ੍ਰਤੱਖ ਭਗਵਾਨ ਕਹਿਣਾ, ਇਹ ਦੋਵੇਂ ਗਲਾਂ ਆਪਸ ਵਿਚ ਮੇਲ ਨਹੀਂ ਖਾਂਦੀਆਂ। ਕਮ ਸੇ ਕਮ ਸਿਖ ਧਰਮ ਅਨੁਸਾਰ ਤਾਂ ਇਹ ਉਕਾ ਹੀ ਠੀਕ ਨਹੀਂ ਹਨ। ਜਦ ਅਸੀਂ ਪਸੰਦ ਕਰਨ ਲਗਿਆਂ ਘਟੀਆ ਵਧੀਆ ਕਾਗਜ਼, ਛੋਟਾ ਵਡਾ ਸਾਈਜ਼ ਲਾਲ ਹਰੀ ਕਾਲੀ ਵੇਲ, ਟਾਈਪ ਛੋਟਾ ਜਾਂ ਮੋਟਾ, ਤੇ ਜਿਲਦ ਸਾਦੀ ਜਾਂ ਚਮੜੇ ਵਾਲੀ ਵੇਖ ਕੇ ਮੁਲ ਤਾਰਦੇ ਹਾਂ, ਖਰੀਦ ਕੇ ਲਿਆਉਂਦੇ ਹਾਂ ਤਾਂ ਉਸ ਨੂੰ ਦੋ ਜਹਾਨ ਵਾਲੀ ਕਰਣ ਕਾਰਣ-ਸਮਰਥ ਦਸੇ ਗੁਰੂ ਸਾਹਿਬਾਨਾਂ ਦੀ ਪ੍ਰਤੱਖ ਦੇਹ ਕਿਵੇਂ ਮੰਨਿਆ ਜਾ ਸਕਦਾ ਹੈ ? ਸ਼ਾਇਦ ਪ੍ਰਤੱਖ ਦੇਹ ਮੰਨਣ ਤੋਂ ਬਗੈਰ ਸ੍ਰੀ ਗ੍ਰੰਥ ਜੀ ਗੁਰੂ ਨਹੀਂ ਹੋ ਸਕਦੇ ? ਜੇ ਹੋ ਸਕਦੇ ਤਾਂ ਆਖੇਪਕਾਰ ਕਿਉਂ ਐਸਾ ਲਿਖਦਾ ਹੈ ਕਿ—"ਗੁਰੂ ਗ੍ਰੰਥ ਜੀ ਮਾਨਿਉ ਪ੍ਰਗਟ ਗੁਰਾਂ ਕੀ ਦੇਹ।"

ਉਕਤ ਤਰ੍ਹਾਂ ਦੀ ਤਰਕ ਲੜੀ ਅਜੇ ਹੋਰ ਲੰਮੀ ਹੈ, ਪਰ ਅਸੀਂ ਹੁਣ ਜੋ ਉਤਰ ਦੇਣਾ ਹੈ ਉਸ ਦਾ ਅਸਰ ਸ਼ਾਇਦ ਗੱਦੀ ਨਸ਼ੀਨ ਬਾਬਾ ਜੀ ਉਤੇ ਥੋਹੜਾ ਬਹੁਤ ਹੋਵੇਗਾ। ਚਾਹੇ ਉਹ ਵੀ ਭੁਲੇਖੇ ਵਿਚ ਪਾਏ ਗਏ ਹਨ। ਫਿਰ ਵੀ ਉਹਨਾਂ ਦੇ ਪੂਰਬ ਜਨਮ ਦੀ ਕਮਾਈ ਨੇ ਉਹਨਾਂ ਅਗੇ ਅਣਗਿਣਤ ਲੋਕਾਂ ਨੂੰ ਝੁਕਾਇਆ ਹੈ। ਪਰ ਮੇਹਰ ਸਿੰਘ ਉਤੇ ਕੋਈ ਅਸਰ ਨਹੀਂ ਹੋਣਾ ਹੈ, ਤਦ ਵੀ ਅਸੀਂ ਉਤਰ ਜ਼ਰੂਰ ਦੇਣਾ ਹੈ-ਇਹ ਹੈ :

ਪਾਠਕਾਂ ਨੇ ਪੜ੍ਹਿਆ ਹੈ ਕਿ ਉਕਤ ਲੇਖ ਰਾਹੀਂ "ਗੁਰੂ ਗ੍ਰੰਥ ਸਾਹਿਬ" ਪਰ ਗੁਰੂ ਭਾਵਨਾ ਰਖਦੇ ਸਿਖਾਂ ਦੇ ਵਿਸ਼ਵਾਸ ਨੂੰ ਤੋੜਨ ਵਾਸਤੇ ਉਸ ਨੇ ਕਿਤਨੀ ਭਾਰੀ ਚੋਟ ਮਾਰੀ ਹੈ। ਇਸ ਵਾਸਤੇ ਕਿ ਉਸ ਦੀ ਸਮਝ ਵਿਚ "ਗੁਰੂ ਗ੍ਰੰਥ ਜੀ" ਦੀ ਰੰਗ ਬਰੰਗੀ ਵੇਲ ਅਤੇ ਜਿਲਦ ਹੀ ਗੁਰੂ ਹੈ। ਉਤਰ ਇਹ ਹੈ ਕਿ "ਗੁਰੂ" ਤਾਂ ਨਿਰਾਕਾਰ ਸ਼ਬਦ ਹੈ

ਜੋ ਅਖਰਾਂ ਵਿਚ ਕਲਮਬੰਦ ਕੀਤਾ ਉਸ ਵਡੀ ਛੋਟੀ ਜਿਲਦ ਵਿਚ ਹੈ। ਜਿਵੇਂ ਕਿਸੇ ਵਡੇ ਛੋਟੇ ਸਰੀਰ ਅੰਦਰ ਜੋ ਆਤਮਾ ਹੈ ਉਹੋ ਹੀ ਅਸਲ ਵਸਤੂ ਹੈ--ਪਰਮ ਪੂਜਯ ਬਾਬਾ ਪ੍ਰਤਾਪ ਸਿੰਘ ਦਾ ਸਰੀਰ ਉਚਾ ਲੰਮਾ ਸੀ, ਪਰ ਆਪ ਦੇ ਸਾਹਿਬਜ਼ਾਦੇ ਬਾਬਾ ਜਗਜੀਤ ਸਿੰਘ ਜੀ ਦਾ ਸਰੀਰ ਉਹਨਾਂ ਤੋਂ ਛੋਟੇ ਕਦ ਦਾ ਹੈ, ਪਰ ਭਰੋਸੇ ਵਾਲੇ ਤੇ ਸਮਝਦਾਰ ਸੇਵਕਾਂ ਵਾਸਤੇ ਉਹਨਾਂ ਦੀ ਜੋਤ ਆਤਮਾ ਅਤੇ ਪਦਵੀ ਵਿਚ ਫਰਕ ਨਹੀਂ ਹੈ। ਤਿਵੇਂ ਹੀ ਗੁਰੂ ਗ੍ਰੰਥ ਜੀ ਦੀਆਂ ਬੀੜਾਂ ਦਾ ਆਕਾਰ ਵਡਾ ਛੋਟਾ ਹੋਣ ਨਾਲ ਅੰਦਰ ਦੀ ਗੁਰੂ ਆਤਮਾਂ ਗੁਰਬਾਣੀ ਦਾ ਦਰਜਾ ਬਰਾਬਰ ਹੈ ਇਕੋ ਹੀ ਹੈ।

ਦੂਜੀ ਚੋਟ ਮੁਲ ਖਰੀਦਣ ਦੀ ਉਸ ਨੇ ਕੀਤੀ ਹੈ। ਇਸ ਗੁਰੂ ਬਾਣੀ ਗਿਆਨ ਦਾ ਮੁਲ ਗੁਰੂ ਅਰਜਨ ਦੇਵ ਨੇ ਜੋ ਤਾਰਿਆ ਹੈ—ਸਰੀਰ ਕੁਰਬਾਨ ਕਰ ਦਿਤਾ, ਪਰ ਸ਼ਾਹੀ ਦਬਾਓ ਵਿਚ ਆ ਕੇ ਇਸ ਦੀ ਪਵਿਤਰਤਾ ਨੂੰ ਭੰਗ ਨਹੀਂ ਹੋਣ ਦਿਤਾ, ਤਿਵੇਂ ਹੀ ਹੋਰ ਹਜ਼ਾਰਾਂ ਗੁਰਸਿਖਾਂ ਨੇ ਇਸ ਦੇ ਅਦਬ ਸਤਿਕਾਰ ਦੀ ਰਖਿਆ ਕੀਤੀ ਤੇ ਜਾਨਾਂ ਵਾਰੀਆਂ ਸਨ। ਇਸ ਵਾਸਤੇ ਇਸ ਗੁਰੂ ਸ਼ਬਦ ਬਾਣੀ ਦਾ ਮੁਲ ਉਹ ਨਹੀਂ, ਜੋ ਚਾਤਰ ਮੋਹਰ ਸਿੰਘ ਨੇ ਜਾਣਿਆ ਹੈ।

ਮੁਲ ਤਾਂ ਉਹਨਾਂ ਚੀਜ਼ਾਂ ਦਾ ਤਾਰਿਆ ਜਾਂਦਾ ਹੈ ਜਿਹਨਾਂ ਦੀ ਲਿਸਟ ਸ੍ਰੀ ਸੰਤ ਜੀ ਨੇ ਪੇਸ਼ ਕੀਤੀ ਹੈ ਜੋ ਕਿ ਗੁਰੂ ਸ਼ਬਦ ਦੀ ਸੰਭਾਲ ਲਾਸਤੇ ਕਾਗਜ਼, ਗੱਤਾ, ਰੰਗ ਤੇ ਕਪੜਾ ਆਦਿਕ ਜੋ ਛਪਵਾਣ ਵਾਲਿਆਂ ਨੇ ਵਰਤਿਆ ਹੈ। ਬੀੜ ਰੂਪ "ਸ਼ਬਦ ਗੁਰੂ" ਤਾਂ ਅਮੁਲ ਹੈ, ਜੋ ਬੀੜ ਅੰਦਰ ਅਖਰਾਂ ਵਿਚ ਅੰਕਿਤ ਹੈ। ਕੋਈ ਪੜ੍ਹਿਆ ਲਿਖਿਆ ਬੰਦਾ ਕਿਸੇ ਬੀਮਾਰੀ ਕਾਰਨ ਡੋਰਾ ਹੋ ਜਾਏ ਤਾਂ ਅਖਰਾਂ ਵਿਚ ਲਿਖ ਕੇ ਉਸਨੂੰ ਮਤਲਬ ਸਮਝਾਇਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਮੂਹ ਅੰਮ੍ਰਿਤ ਗੁਰਬਾਣੀ ਅਖਰਾਂ ਵਿਚ ਲਿਖੀ "ਗੁਰੂ ਆਤਮਾ" ਹੈ। ਅਗਰ ਐਸਾ ਨਾ ਹੁੰਦਾ ਤਾਂ ਗੁਰੂ ਗਿਆਨ ਤੇ ਭਗਤਾਂ ਦਾ ਅਨੁਭਵੀ ਗਿਆਨ ਲੋਪ ਹੋ ਜਾਂਦਾ।

ਪੂਜਨੀਯ ਨਾਮਧਾਰੀ ਬਾਬਾ ਜੀ ਦੀ ਸਰੀਰਕ ਵਰਤੋਂ ਵਾਸਤੇ ਵੀ ਸਰਦੀ ਗਰਮੀ ਵਿਚ ਲੋੜ ਅਨੁਸਾਰ ਕਪੜੇ--ਕੰਬਲ ਬਿਸਤਰਾ ਅਤੇ ਖਾਣ ਪੀਣ, ਨੂੰ ਫਲ ਫੂਲ ਆਦਿਕ ਵਸਤੂਆਂ ਵੀ ਚਾਹੀਏ। ਸਵਾਰੀ ਵਾਸਤੇ ਵੀ ਆਰਾਮਦੇਹ ਕਾਰਾਂ ਖਰੀਦੀਆਂ ਜਾਂਦੀਆਂ ਹਨ। ਇਹ ਸਭ ਕੁਝ ਮੁਲ ਤਾਰ ਕੇ ਲਿਆ ਸਕੀਦਾ ਹੈ। ਪਰ ਅਸਲ ਵਸਤੂ ਤਾਂ ਉਹਨਾਂ ਦੀ ਆਤਮਾ ਹੈ ਅਤੇ ਆਤਮਾਂ ਦੀ ਸੰਭਾਲ ਵਾਸਤੇ ਹੀ ਸਰੀਰ ਹੈ ਅਤੇ ਹੋਰ ਸਭ ਕੁਝ ਵੀ ਸਰੀਰ ਦੀ ਸੰਭਾਲ ਵਾਸਤੇ ਹੈ।

ਤਿਵੇਂ ਹੀ ਵਡੀਆਂ ਛੋਟੀਆਂ ਬੀੜਾਂ ਵਿਚ ਲਿਖੀ ਗੁਰਬਾਣੀ ਹੈ। ਗੁਰੂ ਆਤਮਾ ਹੈ, ਉਸ ਦੀ ਸੰਭਾਲ ਵਾਸਤੇ ਜੋ ਵਸਤੂਆਂ ਵਰਤੀਆਂ ਗਈਆਂ ਹਨ, ਮੁਲ ਉਹਨਾ ਦਾ ਤਾਰਿਆਂ ਜਾਂਦਾ ਹੈ ਤੇ ਉਹਨਾਂ ਸੰਜੁਗਿਤ ਹੁੰਦਿਆਂ ਹੀ ਸਮੁਚੀ ਬੀੜ ਨੂੰ ਪ੍ਰਗਟ ਗੁਰਾਂ ਕੀ ਦੇਹ ਮੰਨਿਆ ਗਿਆ ਹੈ ਜੋ ਇਕ ਮੁਹਾਵਰੇ ਦੀ ਵਰਤੋਂ ਵਾਂਗੂ ਹੈ। ਕੋਈ ਚੀਜ਼ ਬਹੁਤ ਚਿਟੀ (ਸਫੇਦ) ਹੋਵੇ ਤਾਂ ਕਿਹਾ ਜਾਂਦਾ ਇਹ ਦੁਧ ਵਰਗੀ ਹੈ।

ਫਿਰ ਘਰਾਂ ਵਿਚ ਜਾਂ ਗੁਰਦੁਆਰਿਆਂ ਵਿਚ ਗੁਰੂ ਗ੍ਰੰਥ ਜੀ ਦੀ ਹਜ਼ੂਰੀ ਵਿਚ ਜੋ ਅਰਦਾਸ ਕਰਦੇ ਹਨ ਤਾਂ ਇਸ਼ਟ ਟੇਕ ਦੇ ਸਨਮੁਖ ਉਹਨਾਂ ਅਰਦਾਸੀਆਂ ਦਾ

ਧਿਆਨ ਅਟੱਲ ਅਮਰ ਗੁਰੂ ਆਤਮਾਵਾਂ ਵਿਚ ਹੁੰਦਾ ਹੈ ਤੇ ਉਸੇ ਦੋ ਜਹਾਨ ਦੇ ਵਾਲੀ ਨੂੰ "ਕਰਨ ਕਾਰਣ ਸਮਰਥ" ਕਿਹਾ ਜਾਂਦਾ ਹੈ। ਇਸ ਵਿਚ ਕੀ ਬੁਰਾਈ ਹੈ ਕਬੀਰ ਸਾਹਿਬ ਦਾ ਵਾਕ ਹੈ—

ਕਹੁ ਕਬੀਰ ਅਖਰ ਦੁਇ ਭਾਖ ॥
ਹੋਇਗਾ ਖਸਮੁ ਤਾਂ ਲਇਗਾ ਰਾਖ ॥ (੩੨੨)

ਫੇਰ ਕਬੀਰ-ਕੇਸੋ ਕੇਸੋ ਕੂਕੀਐ ਨਾ ਸੋਈਐ ਅਸਾਰ ॥
ਰਾਤ ਦਿਵਸ ਕੇ ਕੂਕਣੇ ਕਬਹੂ ਕੇ ਸੁਨੈ ਪੁਕਾਰ ॥ (੧੩੭੬)

ਗੁਰਸਿਖਾਂ ਨੂੰ ਪੂਰਾ ਵਿਸ਼ਵਾਸ਼ ਹੈ ਤੇ ਉਹਨਾਂ ਦੀਆਂ ਚੰਗੀ ਭਾਵਨਾਵਾਂ ਪੂਰੀਆਂ ਵੀ ਹੁੰਦੀਆ ਹਨ : ਗੁਰੂ ਵਸ਼ਿਸ਼ਟ ਜੀ ਨੇ ਆਪਣੇ ਸ਼ਿਸ਼ ਸ੍ਰੀ ਰਾਜ ਚੰਦਰ ਨੂੰ ਕਿਹਾ ਸੀ—ਹੇ ਰਾਮ ਜੀ ! ਭਾਵਨਾ ਹੀ ਦੇਵ ਹੈ। ਕਿਉਂਕਿ ਪ੍ਰੇਮ ਪੂਰਤ ਭਾਵਨਾ ਦੇਖ ਕੇ ਪ੍ਰਗਟ ਹੋਏ ਭਗਵਾਨ ਨੇ ਭਗਤ ਨਾਮਦੇਵ ਦਾ ਦੁਧ ਪੀ ਲਿਆ ਸੀ, ਤਾਂ ਗੁਰੂ ਸ਼ਰਧਾ ਵਿਚ ਪੂਰਤ ਸਿਖਾਂ ਦੀਆਂ ਕਾਮਨਾਵਾਂ ਵੀ ਪੂਰੀਆਂ ਹੁੰਦੀਆਂ ਹਨ ਉਹ ਕਿਉਂ ਨਾ ਗੁਰੂ ਆਤਮਾਂ ਨੂੰ ਦੋ ਜਹਾਨ ਵਾਲੀ ਤੇ ਸਰਬ ਕਲਾ ਸਮਰਥ ਮੰਨਣ ?

ਬਾਬਾ ਰਾਮ ਸਿੰਘ ਜੀ ਨੂੰ ਪਰਲੋਕ ਸਿਧਾਰੇ ਬਹੁਤ ਸਾਲ ਬੀਤੇ ਪਰ ਸੰਤ ਜੀ ਉਹਨਾਂ ਪਾਸੋਂ ਸਹਾਇਤਾ ਦੀ ਮੰਗ ਕਰਦਾ ਹੈ, ਤਾਂ ਫਿਰ ਉਸ ਤੋਂ ਵਧੇਰੇ ਵਿਸ਼ਵਾਸ ਨਾਲ ਗੁਰਸਿਖਾਂ ਵਲੋਂ "ਗੁਰੂ ਗ੍ਰੰਥ ਸਾਹਿਬ" ਦੀ ਹਜ਼ੂਰੀ ਵਿਚ ਕੀਤੀਆਂ ਅਰਦਾਸਾਂ ਵੀ ਸਫਲ ਤੇ ਪ੍ਰਵਾਨ ਹੁੰਦੀਆਂ ਹਨ। ਮੇਹਰ ਸਿੰਘ ਦੀਆਂ ਹੁਜਤਾਂ ਦਾ ਗੁਰਸਿਖਾਂ ਪਰ ਕੋਈ ਅਸਰ ਨਹੀਂ ਹੋਇਆ, ਤੇ ਉਹਦੀ ਕਪਟ ਆਤਮਾ ਨੂੰ ਇਹ ਪੁਸਤਕ ਪੜ੍ਹੇ ਮਗਰੋਂ ਬਿਨਾਂ ਸ਼ਰਮਸਾਰੀ ਦੇ ਕਿਸੇ ਤੋਂ ਸ਼ਾਬਾਸ਼ ਨਹੀਂ ਮਿਲੇਗੀ। ਜਿਸ ਨੂੰ ਗੁਰੂ ਗ੍ਰੰਥ ਜੀ ਦੀ ਗੁਰਤਾ ਉਤੇ ਨਾ ਵਿਸ਼ਵਾਸ਼ ਹੈ, ਨਾ ਲਿਖਣ ਵਿਚ ਹੀ ਨਾਮ ਮਾਤ੍ਰ 'ਗੁਰੂ ਗ੍ਰੰਥ ਸਾਹਿਬ' ਲਿਖਣਾ ਚਾਹੁੰਦਾ ਹੈ ਅਤੇ ਨਾ ਹੀ ਉਹ ਪੰਜ ਪਿਆਰੇ "ਗੁਰੂ ਖਾਲਸਾ" ਦੀ ਹਸਤੀ ਨੂੰ ਸਵੀਕਾਰ ਕਰਦਾ ਹੈ।

ਸਵਾਮੀ ਹਰਨਾਮ ਦਾਸ ਉਦਾਸੀ ਜੀ ਦਾ ਜ਼ਿਕਰ ਪਿਛੇ ਲਿਖਿਆ ਹੈ, ਉਹ ਸੰਪਰਦਾਇਕ ਰੂਪ ਆਪਣੇ ਦੇਹਧਾਰੀ ਗੁਰੂ ਜੀ ਦਾ ਸਮਰਥਕ ਹੈ, ਫਿਰ ਵੀ ਉਹ ਬਹੁਤ ਵੇਰੀ ਕਥਾ ਕਰਦੇ ਹੋਇਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਆਖਦੇ ਹੀ ਸੁਣਿਆ ਤੇ ਉਸ ਵਲੋਂ ਲਿਖਿਆ ਵੀ ਪੜ੍ਹਿਆ ਹੈ। ਸਵਾਮੀ ਜੀ ਨੇ ੨੦ ਸਾਲ ਤੋਂ ਵਧ ਅਰਸਾ "ਸ੍ਰੀ ਸਰਬ-ਲੋਹ" ਦੀਆਂ ਕਈ ਲਿਖਤੀ ਬੀੜਾਂ ਨੂੰ ਪੜ੍ਹਿਆ, ਵਿਚਾਰਿਆ ਤੇ ਟੀਕਾ ਲਿਖਿਆ ਸੀ। ਉਸ ਟੀਕੇ ਵਿਚੋਂ ਕੁਝ ਲਿਖਤ ਉਹਨਾਂ ਨੇ "ਖਾਲਸਾ ਪ੍ਰਕਾਸ਼" ਨਾਮ ਦੀ ਟ੍ਰੈਕਟ ਰੂਪ ਦੀ ਛਾਪੀ ਅਤੇ ਇਕ ਕਾਪੀ ਮੈਨੂੰ ਵੀ ਦਿਤੀ ਸੀ ਜਿਸ ਦੇ ਸਫਾ ੩੭ ਪਰ (ਦੂਜੀ ਐਡੀਸ਼ਨ) ਵਿਚ ਲਿਖਦੇ :

"ਪ੍ਰੰਤੂ ਇਹ ਸ਼ਬਦ ਸ੍ਰੀ ਗੁਰੂ ਜੀ ਨੇ ਸੰਮਤ ੧੭੬੨ ਵਿਚ ਉਚਾਰਨ ਕੀਤੇ ਹਨ, ਜਿਸ ਵੇਲੇ ਆਪ ਖੁਦ ਇਕ ਸਿਖ ਦੀ ਹੈਸੀਅਤ ਵਿਚ ਸਨ। ਕਿਉਂਕਿ ਗੁਰਤਾ ਗਦੀ ਚਮਕੌਰ ਦੇ ਜੰਗ ਵਿਚ ਖਾਲਸੇ ਨੂੰ ਅਰਪ ਚੁਕੇ ਸਨ। ਭਾਵ ਆਪਣਾ ਜਿੰਗਾ ਕਲਗੀ ਭਾਈ ਸੰਤ ਸਿੰਘ ਨੂੰ ਬਖਸ਼ ਕੇ ਨਿਕਲੇ ਸਨ।"

ਫੇਰ ਗੁਰੂ ਜੀ ਵਲੋਂ ਉਚਾਰਤ ਬੰਸਾਵਲੀ ਵਿਚੋਂ ਲਿਖਦੇ ਸਫਾ ੩੨ ਪਰ ਤੋਂ—

ਕਰਨ ਧਾਰ ਸਤਿਗੁਰ ਮਮ ਕਹੀਯਤ ਗੁਰ ਨਾਨਕ ਗੁਰ ਅੰਗਦ ਧਾਰੇ ॥
ਅਮਰਦਾਸ ਪੁਰੋ ਪਰਸ਼ੋਤਮ ਸਤਿ ਸੰਗਤਿ ਗੁਰ ਪਾਰ ਉਚਾਰੇ ॥
ਰਾਮਦਾਸ ਗੁਰ ਅਚਲ ਅਮਰ ਨਿਤਯ ਸੁਧਾ ਸਰੋਵਰ ਰੂਪ ਸੁਧਾਰੇ ॥
ਸ੍ਰੀ ਅਰਜਨ 'ਸਬਦ ਜਹਾਜ਼ ਗੁਰੂ' ਪਦ ਪੰਕਜ ਦੇ ਸਭ ਸ੍ਰਿਸ਼ਟ ਉਧਾਰੇ ॥

ਉਕਤ ਬੰਸਾਵਲੀ ਅਗੇ ਚਲਦੀ ਹੈ ਪਰ ਇਤਨਾ ਹੀ ਦਸਣਾ ਸੀ ਕਿ ਪੰਚ ਪ੍ਰਵਾਨ 'ਗੁਰੂ ਖਾਲਸਾ' ਨੂੰ ਉਸ ਵੇਲੇ ਵੀ ਪ੍ਰਗਟ ਕੀਤਾ, ਜਦੋਂ ਉਨ੍ਹਾਂ ਪੰਜਾਂ (ਦੇਹਧਾਰੀਆਂ) ਪਾਸੋਂ ਅੰਮ੍ਰਿਤ ਛਕਿਆ ਸੀ, ਫਿਰ ਦੁਬਾਰਾ ਚਮਕੌਰ ਦੀ ਗੜ੍ਹੀ ਵਿਚੋਂ ਉਹਨਾਂ ਦੀ ਮੰਨਕੇ ਨਿਕਲੇ ਵੇਲੇ ਆਪਣੀ ਜਿਗਾ ਕਲਗੀ ਵੀ ਸੌਂਪ ਕੇ ਨਿਕਲੇ ਸਨ, ਤੇ ਸਵਾਮੀ ਹਰਨਾਮ ਦਾਸ ਜੀ ਨੇ ਫੇਰ ਸਫਾ ੪੮ ਪਰ ਸਾਫ ਗੁਰਵਾਕ ਲਿਖਿਆ :

"ਪੰਚਮ ਖਾਲਸਾ ਸਤਿਗੁਰ ਪੂਰਾ ਜਿਨ ਇਹ ਪੰਥ ਸੁਪੰਥ ਪ੍ਰਗਟਏ ॥"

ਅਤੇ ਫੇਰ ਅਗੇ ਲਿਖਿਆ--

"ਆਪਨ ਪੈ ਸ੍ਰੀ ਖਾਲਸੇ ਦੀਨਾ ਦੁਤਿਯ ਰੂਪ ਸਤਿਗੁਰੂ ਗ੍ਰੰਥਾ ॥"

ਤਾਂ ਪਾਠਕ ਵਿਚਾਰ ਸਕਦੇ ਹਨ ਕਿ ਇਸ ਤੋਂ ਵਧ ਕੇ ਹੋਰ ਕੀ ਸਬੂਤ ਹੋ ਸਕਦਾ ਹੈ ? ਗੁਰੂ ਖਾਲਸੇ ਦਾ, ਅਤੇ ਸ੍ਰੀ ਗੁਰੂ ਗ੍ਰੰਥ ਜੀ ਦੀ ਗੁਰਿਆਈ ਦਾ ? ਜੋ ਮੇਹਰ ਸਿੰਘ ਦੀ ਅਤੇ ਨਾਮਧਾਰੀ ਦਰਬਾਰ ਦੀ ਤਸੱਲੀ ਕਰਾਈ ਜਾਏ ?

ਇਸ ਤੋਂ ਵਖਰੇ ਗਿਆਨੀ ਨਾਹਰ ਸਿੰਘ ਜੀ ਐਮ.ਏ. (ਪ੍ਰਸਿਧ ਵਿਦਵਾਨ) ਨੇ ਬੜਾ ਖੋਜ ਭਰਪੂਰ 'ਨਾਮਧਾਰੀ ਇਤਿਹਾਸ' ਲਿਖਿਆ ਉਨ੍ਹਾਂ ਵੀ ਬੜੀ ਕ੍ਰਿਪਾਲਤਾ ਕੀਤੀ ਤੇ ਇਕ ਪੁਸਤਕ ਮੈਨੂੰ ਬਖਸ਼ੀਸ਼ ਕੀਤੀ ਸੀ, ਜਦੋਂ ਕਿ ਉਹ ਸਰਦਾਰ ਸੁਰਜੀਤ ਸਿੰਘ ਜੀ ਮਜੀਠਾ ਡੀਫੈਂਸ ਮਨਿਸਟਰ ਸਨ ਤੇ ਇਹ ਉਹਨਾਂ ਦੇ ਬਹੁਤ ਹੀ ਨੇੜੇ ਸਨ। ਉਨ੍ਹਾਂ ਨੇ ਆਪਣੀ ਪੁਸਤਕ (ਨਾਮਧਾਰੀ ਇਤਿਹਾਸ) ਵਿਚ ਬਹੁਤ ਥਾਈਂ "ਸ੍ਰੀ ਗੁਰੂ ਗ੍ਰੰਥ ਸਾਹਿਬ" ਨਾਮ ਹੀ ਵਰਤਿਆ ਹੈ, ਪਰ ਸੰਤ ਮੇਹਰ ਸਿੰਘ ਹੀ ਇਕ ਐਸਾ ਲੇਖਕ ਹੈ ਜਿਸ ਨੂੰ 'ਗੁਰੂ ਗ੍ਰੰਥ ਸਾਹਿਬ' ਨਾਮ ਲਿਖਣ ਵਿਚ ਅਪਰਾਧ ਭਾਸਿਆ ਹੈ, ਅਤੇ ਜਿਹੜੇ ਗੁਰੂ ਨਾਨਕ ਨਾਮ ਲੇਵਾ ਗੁਰੂ ਗ੍ਰੰਥ ਸਾਹਿਬ ਪਰ ਗੁਰੂ ਭਾਵਨਾ ਰਖਦੇ ਹਨ ਉਹਨਾਂ ਨੂੰ ਭੁਲੜ—ਥਿੜਕੇ ਹੋਏ ਅਤੇ ਅੰਗਰੇਜ਼ੀ ਸਰਕਾਰ ਦੇ ਪਿਠੂ ਦਸਦਾ ਹੈ, ਨਿਰਣਾ ਪਾਠਕਾਂ ਨੇ ਕਰਨਾ ਹੈ ਕਿ ਪੰਜ ਪਿਆਰਿਆਂ, ਦੇਹਧਾਰੀਆਂ ਤੋਂ ਗੁਰੂ ਗ੍ਰੰਥ ਜੀ ਦੀ ਹਜ਼ੂਰੀ ਵਿਚ ਨਾਮ ਅੰਮ੍ਰਿਤ ਧਾਰਨ ਕਰਨ ਵਾਲੇ ਕੀ ਸਾਰੇ ਨਿਗੁਰੇ ਤੇ ਮਨਮੁਖ ਹਨ ?

ਅਗੇ ਸਫਾ ੯੦ ਪਰ ਉਹ ਫੇਰ ਲਿਖਦਾ ਕਿ ਸਾਰੇ ਗੁਰੂ ਸਾਹਿਬ ਅਪਨੀ ਗਦੀ ਨਸ਼ੀਨੀ ਵੇਲੇ ਅਰਦਾਸ ਕਰਨ ਲਗਿਆਂ ਪਹਿਲੇ ਗੁਰਾਂ ਦਾ ਨਾਮ ਲੈਂਦੇ ਸਨ। ਉਹ ਆਪਣਾ ਨਾਮ ਨਹੀਂ ਲੈਂਦੇ ਸਨ। ਜਿਵੇਂ ਗੁਰੂ ਦਸਮੇਸ਼ ਜੀ ਨੇ ੯ ਪਾਤਸ਼ਾਹੀਆਂ ਤੀਕ ਅਰਦਾਸ ਵਿਚ ਨਾਮ ਲਿਖਿਆ। ਉਹ ਅਪਨਾ ਨਾਮ ਆਪਣੇ ਵੇਲੇ ਨਹੀਂ ਸਨ ਲੈਣ ਦਿੰਦੇ, ਤਦ ਹਾਜ਼ਰਾ ਹਜ਼ੂਰ ਪ੍ਰਤੱਖ ਗੁਰਾਂ ਕੀ ਦੇਹ ਪੜ੍ਹਿਆ ਜਾਂਦਾ ਤਾਂ ਪ੍ਰਤੱਖ ਗੁਰੂ ਅਤੇ ਗ੍ਰੰਥ ਗੁਰੂ ਵਿਚਾਲੇ ਅੰਤਰਾ ਸਾਫ ਪ੍ਰਤੱਖ ਦਿਸ ਰਿਹਾ ਹੈ। ਅਗੇ ਉਹ ਫਾਰਸੀ ਦਾ ਇਕ ਸ਼ੇਅਰ ਲਿਖਦਾ ਹੈ :

ਮੁਸ਼ਕ ਆਂ ਅਸਤ ਕਿ ਖੁਦ ਬਗੋਇਦ
ਨ ਕਿ ਅਤਾਰ ਬਿਗੋਇਦ

ਭਾਵ ਕਿ ਕਸਤੂਰੀ ਦੀ ਅਪਨੀ ਖੁਸ਼ਬੂ ਬੋਲੇ ਨਾ ਕਿ ਅਤਾਰ ਵੇਚਨ ਵਾਲਾ ਆਖੇ ਚੰਗੀ ਹੈ। ਇਸ ਲਿਖਤ ਤੋਂ ਇਹ ਸਾਬਤ ਕਰਦਾ ਕਿ ਹਾਜ਼ਰਾ ਹਜ਼ੂਰ ਪਰਤੱਖ ਗੁਰੂ ਹਨ, ਤਾਂ ਉਹ ਆਪਣੇ ਤੋਂ ਕੋਈ ਪ੍ਰਗਟਾਉ ਕਰਕੇ ਰੋਕਣ ਕਿ ਉਹਨਾਂ ਦੇ ਸਾਹਮਣੇ ਐਸਾ ਨਾ ਬੋਲਣ। ਫਿਰ ਵੀ ਜੇ ਉਹ ਖੁਦ ਨਾ ਬੋਲਣ, ਤੇ ਲੋਕੀ ਪ੍ਰਤੱਖ ਕਹੇ ਜਾਵਣ ਸਲਾਹੁਣ ਤਾਂ ਕਿਵੇਂ ਸ਼ੋਭਨੀਕ ਹੈ? ਇਹ ਹੈ ਕਪਟੀ ਲੇਖਕ ਦੀ ਨਵੀਂ ਹੁਜਤ ਭਰੀ ਦਲੀਲ। ਜਿਸ ਤੋਂ ਇਹ ਵੀ ਜ਼ਾਹਰ ਕਰਦਾ ਹੈ ਕਿ ਉਹ ਖੁਦ ਬੋਲਦੇ ਨਹੀਂ ਤਾਂ ਉਨ੍ਹਾਂ ਸਾਹਮਣੇ ਪ੍ਰਤੱਖ ਗੁਰੂ ਹਾਜ਼ਰਾ ਹਜ਼ੂਰ ਨਾ ਕਿਹਾ ਜਾਵੇ ਸ਼ਾਇਦ ਉਹ ਐਸਾ ਪਸੰਦ ਨਹੀਂ ਕਰਦੇ ਹੋਣਗੇ। ਅਤੇ ਦੂਜੇ ਪਾਸੇ ਗੁਰੂ ਗ੍ਰੰਥ ਜੀ ਨੂੰ ਨਾ ਬੋਲਣ ਵਾਲਾ ਦਸ ਕੇ ਅਰਦਾਸੀਆਂ ਦੀ ਪੂਰੀ ਸ਼ਰਧਾ ਭਾਵਨਾ ਉਤੇ ਚੋਟ ਕਰਕੇ ਅਸ਼ਰਧਕ ਬਣਾਏ। ਇਹ ਹੈ ਚਾਤਰ ਨਾਮਧਾਰੀ ਸੰਤ ਜੀ ਦਾ ਮੁਖ ਮੰਤਵ।

ਇਸ ਦਾ ਉਤਰ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ— "ਨਾਨਕ ਕਾ ਪਾਤਸ਼ਾਹ ਦਿਸੈ ਜ਼ਾਹਿਰਾ" ਤਦ ਉਸ ਜ਼ਾਹਰ ਗੁਰੂ ਪ੍ਰਮੇਸ਼ਰ ਦੇ ਅਗੇ ਸਾਹਮਣੇ ਹੋ ਕੇ ਸੋਦਰ ਉਚਾਰਨ ਕੀਤਾ ਸੀ, "ਸੋ ਦਰੁ ਤੇਰਾ ਕੇਹਾ ਸੋ ਘਰ ਕੇਹਾ ਜਿਤੁ ਬਹਿ ਸਰਬ ਸਮਾਲੇ" ਤਾਂ ਕੀ ਇਹ ਰਬ ਦੀ ਖੁਸ਼ਾਮਦ ਸੀ? ਤੇ ਰਬ ਨੇ ਆਪਣੇ ਸਾਹਮਣੇ ਆਪਣੀ ਖੁਸ਼ਾਮਦ ਵਿਚ ਸਾਰੀ ਪਉੜੀ ਦਾ ਉਚਾਰ ਕਿਉਂ ਸੁਣਿਆ ਸੀ?

ਰਬ ਜੀ ਨੂੰ ਤਾਂ ਆਪਣੀ ਵਡਿਆਈ ਭਾਉਂਦੀ ਹੈ ਅਤੇ ਜਿਹੜੇ ਉਸ ਦੀ ਵਡਿਆਈ ਕਰਦੇ ਹਨ, ਉਹ ਸਗੋਂ ਉਹਨਾਂ ਦੀ ਵਡਿਆਈ ਆਪ ਕਰਵਾਂਦਾ ਹੈ। ਗੁਰੂ ਵਾਕ ਹੈ:

ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ ॥
ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ ॥੬੫੨॥

ਤਾਂ ਕੀ! ਗੁਰੂ ਅਕਾਲ ਪੁਰਖ ਆਪਣੇ ਪ੍ਰਤੀ ਕਿਸੇ ਵਲੋਂ ਕੀਤੀ ਅਰਦਾਸ ਨੂੰ ਪਸੰਦ ਨਹੀਂ ਕਰੇਗਾ? ਜੇ ਪਸੰਦ ਕਰੇਗਾ ਤਾਂ ਫਿਰ ਉਸਨੂੰ ਹੰਕਾਰੀ ਮੰਨੋਗੇ, ਫਿਰ ਉਹ ਵੀ ਜੇ ਅਰਦਾਸ ਸੁਣਦਾ ਮੰਨੋਗੇ—ਤਦ ਉਹ ਵੀ ਬੋਲ ਕੇ ਜਵਾਬ ਤਾਂ ਨਹੀਂ ਦਿੰਦਾ। ਫਿਰ ਉਸ ਦੀ ਹੋਂਦ ਜਾਂ ਸ਼ਕਤੀ ਬਾਬਤ ਜੋ ਵਿਚਾਰ ਸੰਤ ਜੀ ਦੇ ਹੋਣਗੇ, ਉਹੀ ਵਿਚਾਰ ਗੁਰੂ ਗ੍ਰੰਥ ਸਾਹਿਬ ਬਾਬਤ ਵੀ ਮੰਨਣੇ ਪੈਣਗੇ। ਕਿ ਧੁਰ ਤੋਂ ਜਿਸ ਦੀ ਭੇਜੀ ਹੋਈ ਬਾਣੀ ਹੈ ਉਸ ਦੇ ਧਿਆਨ ਵਿਚ ਕੀਤੀ ਅਰਦਾਸ ਉਸੇ ਨੇ ਸੁਣਨੀ ਤੇ ਪ੍ਰਵਾਨ ਕਰਨੀ ਹੈ।

ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਜੋ ੯ਵੀਂ ਪਾਤਸਾਹੀ ਤੀਕ ਅਰਦਾਸ ਵਿਚ ਨਾਉਂ ਲਿਖੇ ਅਤੇ ਅਖੀਰ ਵਿਚ "ਸਭ ਥਾਇਂ ਹੋਇ ਸਹਾਇ" ਲਿਖਕੇ ਅਰਦਾਸ ਖਤਮ ਕਰ ਦਿਤੀ ਸੀ ਤਾਂ ਉਹਨਾਂ ਨੇ ਇਸੇ ਵਾਸਤੇ "ਸਭ ਥਾਇਂ ਹੋਇ ਸਹਾਇ" ਲਿਖਿਆ ਸੀ ਕਿ ਇਸ ਸਮਸਿਆ ਦੀ ਪੂਰਤੀ ਇਹਨਾਂ ਤੋਂ ਬਾਅਦ ਦਾ ਗੁਰੂ ਖਾਲਸਾ ਪੰਥ ਕਰ ਲਵੇਗਾ। ਸੋ ਐਸਾ ਹੀ ਹੋਇਆ ਤੇ ਇਸ ਭੇਦ ਨੂੰ ਠੀਕ ਸਮਝ ਕੇ ਹੀ—

"ਗੁਰੂ ਤੇਗ ਬਹਾਦਰ ਸਿਮਰੀਐ ਘਰਿ ਨੌ ਨਿਧਿ ਆਵੈ ਧਾਇ" ਦੇ ਅਗੇ ਇਹ ਲਿਖ ਕੇ ਪਦ ਪੂਰਤੀ ਕੀਤੀ "ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਭ ਥਾਈਂ ਹੋਇ ਸਹਾਇ" ਅਤੇ ਨਾਲ ਗੁਰੂ ਪੰਥ ਜੀ ਫਿਰ ਐਸਾ ਲਿਖਿਆ—"ਧੰਨ ਧੰਨ ਗੁਰੂ ਗ੍ਰੰਥ ਸਾਹਿਬ ਤੇਰੀ ਮਹਿਮਾਂ ਕਹੀ ਨਾ ਜਾਇ" ਬੋਲੋ ਜੀ ਵਾਹਿਗੁਰੂ ! ਐਸੀ ਅਰਦਾਸ ਕੀਤੀ ਤੋਂ ਬਾਅਦ ਅਗੇ ਹੋਰ ਵਧੇਰੇ ਗੁਰੂ ਪੰਥ ਨੇ ਜੋ ਮੁਨਾਸਬ ਸਮਝਿਆ ਹੈ, ਉਹ ਸ਼ਾਮਲ ਕਰ ਲਿਆ ਸੀ, ਤੇ ਵਖੋ ਵਖ ਭਾਵਨਾਂ ਵਾਲਿਆਂ ਵਲੋਂ ਪ੍ਰਤੱਖ ਗੁਰੂ ਹਾਜ਼ਰਾ ਹਜ਼ੂਰ ਤੇ ਕੁਝ ਹੋਰ ਮੁਨਾਸਬ ਸ਼ਬਦਾਂ ਬਾਅਦ—"ਨਾਨਕ ਨਾਮ ਚੜ੍ਹਦੀ ਕਲਾ" ਪੜਿਆ ਜਾਂਦਾ ਹੈ।

ਇਸ ਤੋਂ ਵਖਰੇ ਅਸੀਂ ਸੰਤ ਸਾਹਿਬ ਤੇ ਉਹਨਾਂ ਦੇ ਵਿਚਾਰਾਂ ਨਾਲ ਸਹਿਮਤ ਸਜਨਾਂ ਨੂੰ ਇਹ ਵੀ ਦਸਣਾ ਹੈ ਕਿ ਗੁਰੂ ਅਰਜਨ ਦੇਵ ਦੀ ਹਜ਼ੂਰੀ ਵਿਚ ਭੱਟਾਂ ਨੇ ਜੋ ਬਾਕੀ ਦੇ ਸਤਿਗੁਰਾਂ ਤੋਂ ਵਖਰੇ ਉਹਨਾਂ ਦੀ ਆਪਣੀ ਉਸਤਤ ਵਿਚ ਬਹੁਤ ਕੁਝ ਲਿਖਾਇਆ ਸੀ ਤਾਂ ਉਹ ਉਹਨਾਂ ਦੀ ਖੁਸ਼ਾਮਦ ਨਹੀਂ ਸੀ ਜੋ ਕੁਝ ਆਪ ਸੁਣਦੇ ਰਹੇ ਸੀ। ਉਹਨਾਂ ਦੇ ਸਾਹਮਣੇ ਇਕ ਪੁਰਾਤਨ ਸਨਾਤਨ ਅਸੂਲ ਸੀ :

ਗੁਰ ਕੀਰਤ ਕਉ ਅਪ੍ਰੱਖ ਕਰੇ ॥
ਜਸ ਬਾਂਧਵ ਮੀਤ ਨਾ ਪ੍ਰੱਖ ਰਰੇ ॥

ਸ਼ਾਸ਼ਤ੍ਰ ਕਹਿੰਦਾ ਹੈ ਕਿ ਕੋਈ ਵੀ ਸਿਖ ਸੇਵਕ ਗੁਰੂ ਦੀ ਕੀਰਤੀ ਸਨਮੁਖ ਹੋਕੇ ਕਰੇ ਅਤੇ ਸਨਬੰਧੀਆਂ ਦੀ ਵਡਿਆਈ ਪਿਛੋਕੜ ਕਰੇ, ਸਾਹਮਣੇ ਨਾ ਕਰੇ, ਸਾਹਮਣੇ ਦੀ ਵਡਿਆਈ ਸਿਰਫ ਗੁਰੂ ਪ੍ਰਮੇਸ਼ਰ ਦੀ ਕਰਨੀ ਚਾਹੀਏ।

ਗੁਰੂ ਅਰਜਨ ਦੇਵ ਦੇ ਸਾਹਮਣੇ ਭੱਟਾਂ ਤੋਂ ਵਖਰੇ ਭਾਈ ਗੁਰਦਾਸ ਜੀ ਨੇ ਗੁਰੂ ਅਰਜਨ ਦੇਵ ਤੇ ਗੁਰੂ ਹਰਿਗੋਬਿੰਦ ਜੀ ਬਾਬਤ ਬਹੁਤ ਕੁਝ ਲਿਖਿਆ ਤੇ ਭਾਈ ਨੰਦ ਲਾਲ ਜੀ ਨੇ ਵੀ ਕੋਈ ਕਸਰ ਨਹੀਂ ਰਖੀ। ਗੁਰੂ ਜੀ ਨੂੰ ਸੁਣਾਂਦੇ ਵੀ ਰਹੇ ਤੇ ਪੁਸਤਕਾਂ ਵਿਚ ਲਿਖ ਦਿਤਾ ਸੀ।

ਚਾਹੇ ਗੁਰੂ ਸਾਹਿਬ ਦੀ ਆਪਣੀ ਖਾਹਸ਼ ਤੋਂ ਬਾਹਰ ਦੀ ਗਲ ਹੋਵੇ, ਪਰ ਉਹ ਆਪਣੇ ਪਿਆਰਿਆਂ ਦੀ ਭਾਵਨਾਂ ਭਗਤੀ ਨੂੰ ਬੰਦ ਕਰਕੇ ਠੀਸ ਨਹੀਂ ਪੁਚਾਂਦੇ ਸਨ। ਤਿਵੇਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹਾਜ਼ਰਾ ਹਜ਼ੂਰ ਸਮਝਕੇ ਸਦੀਆਂ ਤੋਂ ਅਰਦਾਸੇ ਕਰਨ ਵਾਲਿਆਂ ਦੀਆਂ ਸ਼ੁਧ-ਭਾਵਨਾਵਾਂ ਪੂਰੀਆਂ ਹੁੰਦੀਆਂ ਹਨ। ਕਾਹਨਪੁਰੀ ਸੰਤ ਮੋਹਰ ਸਿੰਘ ਨੂੰ ਐਸਾ ਲਿਖਣਾ ਸੋਭਦਾ ਨਹੀਂ ਕਿ ਪਹਿਲੇ ਸਤਿਗੁਰੂ ਅਰਦਾਸ ਵੇਲੇ ਆਪਣਾ ਨਾਮ ਛਡ ਦਿੰਦੇ ਸਨ ਤੇ ਗੁਰੂ ਗ੍ਰੰਥ ਸਾਹਿਬ ਅਗਰ ਪ੍ਰਤੱਖ ਗੁਰੂ ਹਨ ਤਾਂ ਫਿਰ ਇਹਨਾਂ ਸਾਹਮਣੇ ਇਹਨਾਂ ਨੂੰ ਹਾਜ਼ਰਾ ਹਜ਼ੂਰ ਤੇ ਪ੍ਰਤੱਖ ਕਹਿਣ ਦੀ ਕੀ ਲੋੜ ? ਐਸਾ ਸਵਾਲ ਕਰਨਾ ਮੋਹਰ ਸਿੰਘ ਜੈਸਿਆਂ ਨੂੰ ਹੀ ਸੋਭਦਾ ਹੈ।

ਇਥੇ ਫੇਰ ਦਸਣਾ ਪਏਗਾ ਕਿ ਪੰਜ ਪਿਆਰਿਆਂ (ਗੁਰੂ ਖਾਲਸਾ ਜੀ) ਨੂੰ ਗੁਰਗਦੀ ਨਹੀਂ ਦਿਤੀ, ਗੁਰਗਦੀ ਉਤੇ ਗੁਰੂ ਗ੍ਰੰਥ ਸਾਹਿਬ ਸਥਾਪਤ ਕੀਤੇ ਅਤੇ ਪੰਜ ਪਿਆਰੇ ਰੂਪ ਗੁਰੂ ਖਾਲਸਾ ਨੂੰ ਸਰੀਰਕ ਕਾਰ ਨਿਭਾਉਣ ਨੂੰ ਗੁਰੂ ਗ੍ਰੰਥ ਜੀ ਦੀ ਤਾਬਿਆ ਵਿਚ ਰਹਿਣਾ ਦਸਿਆ ਹੈ। ਜਿਵੇਂ ਅਰਦਾਸ ਦੇ ਅਖੀਰ ਵਿਚ ਗੁਰੂ ਖਾਲਸਾ ਜੀ ਨੇ

ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਸ਼ਾਮਲ ਕਰਕੇ "ਸਭ ਥਾਏਂ ਹੋਇ ਸਹਾਏ" ਦੀ ਸਮਸਿਆ ਪੂਰੀ ਕੀਤੀ ਹੈ। ਤਿਵੇਂ ਹੀ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਤੇਰੀ ਮਹਿਮਾ ਕਹੀ ਨਾ ਜਾਏ ਅਥਵਾ ਦਸੋਂ ਪਾਤਸ਼ਾਹੀਆਂ ਦੀ ਆਤਮ ਜੋਤਿ ਸ਼ਬਦ ਅਵਤਾਰ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਾ ਧਿਆਨ ਧਰ ਸਰਬਤ ਖਾਲਸਾ ਜੀ ਬੋਲੋ ਜੀ ਵਾਹਿਗੁਰੂ—ਬੋਲੋ ਜੀ ਵਾਹਿਗੁਰੂ! ਲਿਖ ਕੇ ਇਤਨੇ ਤੀਕ ਅਰਦਾਸ ਮੁਕਾਈ ਹੈ। ਅਗੇ ਪੰਜ ਪਿਆਰੇ ਚਾਲੀ ਮੁਕਤੇ ਚਾਰੋਂ ਸਾਹਿਬਜ਼ਾਦੇ, ਹੱਠੀਆਂ ਤਪੀਆਂ ਜਪੀਆਂ ਦੇ ਨਾਮ ਸ਼ਾਮਲ ਕੀਤੇ। ਹੋਰ ਵਖਰੇ ਸ਼ਹੀਦਾਂ ਮੁਰੀਦਾਂ ਦੇ ਨਾਮ ਲੈ ਕੇ ਗੁਰੂ ਗ੍ਰੰਥ ਸਾਹਿਬ ਅਗੇ ਭਾਵਨਾ ਵੀ ਪ੍ਰਗਟਾਉਣਗੇ। ਕਿਉਂਕਿ ਐਸਾ ਭਰੋਸਾ ਮਿਲਦਾ ਹੈ—

ਅੰਤਰ ਜਾਮੀ ਜਾਨੈ ॥ ਬਿਨ ਬੋਲਤ ਆਪਿ ਪਛਾਨੈ ॥ (੬੨੧)

ਨਾਮਧਾਰੀ ਲੇਖਕ ਨੂੰ ਪਤਾ ਹੋਣਾ ਚਾਹੀਏ ਕਿ ਜਿਸ ਅਥਾਰਟੀ ਦਾ ਹੁਕਮ ਹੁੰਦਾ ਹੈ ਉਸਦੀ ਜ਼ਿੰਮੇਦਾਰੀ ਉਸੇ ਦੀ ਹੁੰਦੀ ਹੈ। ਕਰੰਸੀ (ਨੋਟ) ਦਾ ਕਾਗਜ਼ ਮਾਮੂਲੀ ਹੁੰਦਾ ਹੈ, ਪਰ ਮੋਹਰ ਸਰਕਾਰੀ ਹੁੰਦੀ ਹੈ, ਪ੍ਰਵਾਨ ਨਾ ਕਰਮ ਵਾਲੇ ਨੂੰ ਸਜ਼ਾ ਹੁੰਦੀ ਹੈ ਤੇ ਮੰਨਣ ਵਾਲੇ ਲਖਾਂ ਕਰੋੜਾਂ ਦਾ ਵਪਾਰ ਕਰਦੇ ਹਨ। ਫੇਰ ਜੰਗਲਾਂ ਤੇ ਪਹਾੜੀ ਸੜਕਾਂ ਦੇ ਮੋੜਾਂ ਉਤੇ ਦੇਹਧਾਰੀ ਸਿਪਾਹੀ ਨਹੀਂ ਖਲੋਤੇ ਹੁੰਦੇ, ਉਥੇ ਕਾਸ਼ਨ ਜਾਂ ਡੇਂਜਰ (ਖਤਰੇ) ਦੇ ਬੋਰਡ ਲਗੇ ਹੁੰਦੇ ਹਨ। ਇਸ ਸਰਕਾਰੀ ਲਿਖਤ ਦੀ ਪ੍ਰਵਾਹ ਨਾ ਕਰਨ ਵਾਲੇ ਕਾਰਾਂ (ਮੋਟਰਾਂ) ਸਮੇਤ ਖਡਿਆਂ ਵਿਚ ਡਿਗ ਕੇ ਮਰ ਜਾਂਦੇ ਹਨ, ਅਤੇ ਲਿਖਤ ਦੀ ਪ੍ਰਵਾਹ ਕਰਨ ਵਾਲੇ ਠੀਕ ਠਿਕਾਣਿਆਂ ਤੇ ਪੁਜ ਜਾਂਦੇ ਹਨ। ਤਿਵੇਂ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਹੁਕਮ ਅੰਕਿਤ ਹਨ। ਉਹ ਰਾਹਬਰੀ ਕਰਦੇ ਹਨ। ਮੰਨਣ ਵਾਲੇ ਲੋਕ ਸੁਖੀ ਪ੍ਰਲੋਕ ਸੁਹੇਲੇ ਹੋ ਜਾਂਦੇ ਹਨ।

## ੮ਵਾਂ ਪ੍ਰਸ਼ਨ : ਆਗਿਆ ਭਈ ਅਕਾਲ ਕੀ

ਉਕਤ—ਹੈਡਿੰਗ ਸਿਰਲੇਖ ਨੂੰ ਪੜ ਕੇ ਪਾਠਕ ਮੇਰੇ ਉਤੇ ਹਾਸੀ ਨਾ ਕਰਨ ਕਿ ਇਸ ਪੰਗਤੀ ਪਰ (ਦੋਹਰੇ ਪਰ) ਪਿਛੇ ਕਈ ਥਾਈਂ ਵਿਚਾਰ ਹੋ ਚੁਕੀ ਹੈ ਬਾਰ ਬਾਰ ਲਿਖਣ ਦੀ ਕੀ ਲੋੜ ? ਪਰ ਕੀ ਕੀਤਾ ਜਾਏ ? ਅਸੀਂ ਪਿਛੇ ਦਸਿਆ ਹੈ ਕਿ ਗੁਰੂ ਗ੍ਰੰਥ ਜੀ ਦੀ ਗੁਰਤਾ ਨੂੰ ਖੰਡਨ ਤੇ ਸ਼ਕੀ ਕਰਨ ਵਾਸਤੇ ਸ੍ਰੀ ਸੰਤ ਜੀ ਨੂੰ ਕੋਈ ਖੰਭ ਜਿਤਨੀ ਗਲ ਮਿਲ ਜਾਏ ਤਦ ਇਹਨਾਂ ਨੇ ਕੁਕੜ (ਮੁਰਗਾ) ਬਣਾ ਕੇ ਉਡਾਣਾ ਕੀਤਾ ਹੈ ਤੇ ਮੈਨੂੰ ਜਵਾਬ ਦੇਣਾ ਪੈਂਦਾ ਹੈ।

ਉਕਤ ਸਿਰਲੇਖ ਬਾਬਤ ਸੰਤ ਜੀ ਲਿਖਦੇ ਹਨ ਕਿ "ਆਗਿਆ ਭਈ ਅਕਾਲ ਕੀ" ਵਾਲਾ ਦੋਹਿਰਾ—ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ ਵਿਚ ਆਖੇਪਕ ਪਿਛੋਂ ਕਿਸੇ ਨੇ ਲਿਖਿਆ, ਕਿਉਂਕਿ ਪਹਿਲੀ ਐਡੀਸ਼ਨ ਵਿਚ ਨਹੀਂ ਸੀ—ਤੇ ਹੁਣ ਉਹ ਦਸਦੇ ਕਿ ਇਸ ਦੇ ਨਾਲ ਮਿਲਦਾ ਜੁਲਦਾ ਦੋਹਰਾ ਭਾਈ ਪ੍ਰਹਿਲਾਦ ਸਿੰਘ ਦੇ ਰਹਿਤ-ਨਾਮੇ ਵਿਚ ਵੀ ਹੈ। ਅਤੇ ਪ੍ਰਹਿਲਾਦ ਸਿੰਘ ਗੁਰੂ ਮਹਾਰਾਜ ਦਸਮੇਸ਼ ਜੀ ਦਾ ਸਮਕਾਲੀ ਅਤੇ ਨਾਂਦੇੜ ਵਿਚ ਵੀ ਨਾਲ ਰਿਹਾ ਦਸਦੇ ਹਨ। ਪਰ ਇਹ ਵੀ ਉਸ ਦੀ ਆਪਣੀ ਰਚਨਾ ਨਹੀਂ ਦਿਸਦੀ ਤੇ ਕਿਸੇ ਅਖੇਪਕਾਰ ਨੇ ਉਸ ਦੇ ਨਾਮ ਨਾਲ ਲਿਖ ਕੇ ਛਾਪਿਆ

ਹੈ ਜਿਸ ਤੋਂ ਸਾਧਾਰਨ ਜਨਤਾ ਨੂੰ ਟਪਲਾ ਲਗ ਸਕੇ ਕਿ ਉਕਤ ਦੋਹਿਰਾ ਗੁਰੂ ਜੀ ਦੇ ਸਮਕਾਲੀ ਦਾ ਹੈ ਜੋ ਇਹ ਹੈ—

ਅਕਾਲ ਪੁਰਖ ਕੇ ਬਚਨ ਤੇ ਪ੍ਰਗਟ ਚਲਾਇਓ ਪੰਥ ॥
ਸਭ ਸਿਖਨ ਕੋ ਬਚਨ ਹੈ ਗੁਰੂ ਮਾਨਿਉ ਗ੍ਰੰਥ ॥

ਗੁਰੂ ਖਾਲਸਾ ਮਾਨਿਉ ਪ੍ਰਗਟ ਗੁਰਾਂ ਕੀ ਦੇਹ (ਅਗੇ ਸੰਤ ਜੀ ਨੇ ਪੰਗਤੀ ਛਡ ਦਿਤੀ) ਦੇਖੀਏ ! ਉਕਤ ਪਹਿਲੀ ਪੰਗਤੀ—ਤੇ "ਆਗਿਆ ਭਈ ਅਕਾਲ ਕੀ ਤਬੀ ਚਲਾਇਉ ਪੰਥ" ਕੀ ਫ਼ਰਕ ਹੈ ?

ਅਗੇ ਪ੍ਰਹਿਲਾਦ ਸਿੰਘ ਵਲੋਂ ਇਕ ਹੋਰ ਦੋਹਿਰਾ ਲਿਖਿਆ—ਜਿਸ ਦੀ ਤਾਰੀਖ ਦੀ ਗਲਤੀ ਕਾਰਨ ਸਾਰੀ ਰਹਿਤਨਾਮੇ ਦੀ ਸਾਰੀ ਲਿਖਤ ਆਖੇਪਕ ਦਸਦਾ ਹੈ ਲਿਖਤ ਇਹ ਹੈ—

ਅਬਚਲ ਨਗਰ ਬੈਠੇ ਗੁਰੂ ਮਨ ਮੈ ਕੀਆ ਬਿਚਾਰ ॥
ਬੋਲਿਆ ਸਚਾ ਸਤਿ ਗੁਰੂ ਮੂਰਤਿ ਸ੍ਰੀ ਕਰਤਾਰ ॥੧॥
ਹੁਕਮ ਹੋਆ ਪ੍ਰਹਿਲਾਦ ਸਿੰਘ ਬਿਪ੍ਰਜਾਤ ਹੰਸ ਰਾਇ ॥
ਨਿਕਟ ਬੁਲਾਇ ਗੁਰੂ ਜੀ ਲੀਨੋਂ ਕੰਠ ਲਗਾਇ ॥੨॥
ਪੰਥ ਚਲਿਉ ਹੈ ਜਗਤ ਮੈ ਗੁਰ ਨਾਨਕ ਪ੍ਰਸਾਦਿ ॥
ਰਹਿਤ ਬਤਾਈਏ ਖਾਲਸੇ ਸੁਣੋ ਸਿੰਘ ਪ੍ਰਹਿਲਾਦ ॥੩॥
ਦੋਹਿਰਾ :—ਸੰਮਤ ਸਤ੍ਰਹ ਸੈ ਭਏ ਬਰਸ ਬਵੰਜਾ ਨਿਹਾਰ ॥
ਮਾਘ ਵਦੀ ਥਿਤ ਪੰਚਮੀ ਵੀਰ ਵਾਰ ਸੁਭ ਵਾਰ ॥

ਇਸ ਦੋਹਰੇ ਵਿਚ ਸੰਮਤ ੧੭੫੨ ਦੀ ਮਾਘ ਵਦੀ ਪੰਚਮੀ ਵੀਰਵਾਰ ਲਿਖਿਆ ਹੈ ਤੇ ਉਹ ਮੋਹਰ ਸਿੰਘ ਦਸਦਾ ਕਿ (ਸੰਮਤ ੧੭੫੨ ਵਿਚ ਗੁਰੂ ਜੀ ਸ੍ਰੀ ਅਨੰਦਪੁਰ ਸਨ) ਨਾਂਦੇੜ ਸੰਮਤ ੧੭੬੫ ਵਿਚ ਪਧਾਰੇ ਸਨ। ਜਿਸ ਕਰਕੇ ਅਖੇਪਕਾਰ ਦੀ ਆਖੇਪਕਾਰੀ ਸਪਸ਼ਟ ਹੈ ਕਿ ਉਪ੍ਰੋਕਤ ਲਿਖਤ ਪ੍ਰਹਿਲਾਦ ਸਿੰਘ ਦੀ ਨਹੀਂ ਹੈ ਤੇ ਨਾ ਗੁਰੂ ਜੀ ਸੰਮਤ ੧੭੫੨ ਵਿਚ ਨਾਂਦੇੜ ਸਨ ਤੇ ਨਾ ਹੀ ਉਸ ਵੇਲੇ ਤੀਕ ਖਾਲਸੇ ਦੀ ਰਚਨਾ ਹੋਈ ਸੀ। ਫਿਰ ਇਹ ਰਹਿਤ ਕਿਸ ਨੇ ਲਿਖਵਾਈ ਤੇ ਕਿਸ ਵਾਸਤੇ ਲਿਖਵਾਈ ਗਈ ਇਸ ਬਾਰੇ ਵੀ ਉਹ (ਪ੍ਰਹਿਲਾਦ ਸਿੰਘ) ਵਲੋਂ ਲਿਖਦਾ :—

ਗੁਰਮੁਖ ਸਿੰਘ ਆਗਿਆ ਮੋਹਿ ਦੀਨੀ ॥ ਰਹਿਤਨਾਮਾ ਤੁਮ ਲਿਖੋ ਨਵੀਨੀ ॥

ਸੰਤ ਜੀ ਲਿਖਦੇ ਕਿ ਇਹ ਪੰਗਤੀਆਂ ਉਕਾ ਹੀ ਸਪਸ਼ਟ ਕਰਦੀਆਂ ਹਨ ਕਿ ਰਹਿਤ ਨਾਮਾ ਗੁਰੂ ਜੀ ਦੇ ਹੁਕਮ ਨਾਲ ਨਹੀਂ ਲਿਖਿਆ ਗਿਆ ਤੇ ਜਿਸ ਗੁਰਮੁਖ ਸਿੰਘ ਨੇ ਲਿਖਿਆ ਹੈ, ਉਹ ਬਿਕ੍ਰਮ ਸਿੰਘ ਕੰਵਰ ਦੇ ਖਾਨਸਾਮੇ ਦੇ ਪੁਤਰ ਸਨ। ਜੋ ਸਿੰਘ ਸਭਾ ਲਹਿਰ ਦੇ ਕਰਤਾ ਧਰਤਾ ਸਨ, ਜਿਸ ਤੋਂ ਰਹਿਤਨਾਮਾ ਉਕਾ ਝੂਠ ਹੈ।

ਹੁਣ ਪਾਠਕਾਂ ਪ੍ਰਤੀ ਇਹ ਦਸਣਾ ਹੈ ਕਿ ਰਹਿਤਨਾਮੇ ਕਈ ਹਨ। ੧. ਭਾਈ ਨੰਦ ਲਾਲ ਜੀ ਦੇ ੨. ਭਾਈ ਦਇਆ ਸਿੰਘ ਜੀ ੩. ਭਾਈ ਪ੍ਰਹਿਲਾਦ ਸਿੰਘ ਜੀ ੪. ਭਾਈ ਦੇਸਾ ਸਿੰਘ ਜੀ ੫. ਭਾਈ ਚੌਪਾ ਸਿੰਘ ਜੀ ੬. ਬਾਬਾ ਸੁਮੇਰ ਸਿੰਘ ਜੀ ੭. ਕਵੀ ਸੈਨਾਪਤੀ ਜੀ ੮. ਭਾਈ ਕੇਸਰ ਸਿੰਘ ਛਿਬਰ ੯. ਭਾਈ ਰਤਨ ਸਿੰਘ ਭੰਗੂ ਅਤੇ ੧੦. ਕਵੀ ਸੰਤੋਖ ਸਿੰਘ ਜੀ।

ਉਕਤ ਸਾਰੇ ਲੇਖਕਾਂ ਵਿਚੋਂ ਕੁਝ ਗੁਰੂ ਜੀ ਦੇ ਹਜ਼ੂਰੀ ਕਵੀ ਸਨ। ਸੰਗਤ ਵਿਚ ਜਿਸ ਵੇਲੇ ਕਿਤੇ ਗੁਰੂ ਸਾਹਿਬ ਨੇ ਸਿਖਾਂ ਦੀ ਪੁੱਛ ਦੇ ਉਤਰ ਵਿਚ ਜਾਂ ਸਹਿਜੇ ਹੀ ਮੌਜ ਵਿਚ ਬੈਠਿਆਂ ਖਾਲਸਾ ਜੀ ਦੀ ਰਹਿਤ ਦਾ ਨਿਰਨਾ ਸੁਣਾਇਆ ਜੋ ਯਾਦ ਰਖਿਆ। ਕਈਆਂ ਨੇ ਉਸੇ ਵੇਲੇ ਲਿਖਿਆ ਤੇ ਕਿਸੇ ਪਿਛੋਂ ਜਦੋਂ ਵਿਹਲ ਲਗੀ ਯਾਦ ਕਰਕੇ ਲਿਖਿਆ ਰਖਿਆ ਸੀ।

ਕੁਝ ਲੇਖਕ ਜੋ ਗੁਰੂ ਜੀ ਤੋਂ ਬਾਹਦ ਹੋਇ ਹਨ ਉਨ੍ਹਾਂ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਵਾਪਸ ਹੋਏ ਸਿਖਾਂ ਪਾਸੋਂ ਸੁਣਿਆ ਤੇ ਲਿਖਣ ਦੀ ਸ਼ੌਕ ਵਾਲਿਆਂ ਨੇ ਲਿਖੇ ਸਨ। ਜੈਸੇ ਕਵੀ ਸੰਤੋਖ ਸਿੰਘ ਦਸਦੇ ਕਿ ਉਦਾਸੀ ਸੰਤ ਮੰਡਲੀ ਨੇ ਵਾਪਸ ਆ ਕੇ ਭਾਈ ਰਾਮ ਕੌਰ ਜੀ ਨੂੰ ਸੁਣਾਏ ਤੇ ਇਨ੍ਹਾਂ ਪਾਸੋਂ ਸੁਣੇ ਹਾਲ ਭਾਈ ਸਾਹਿਬ ਸਿੰਘ ਲੇਖਕ ਨੇ ਲਿਖੇ ਤੇ ਅਸੀਂ ਭਾਈ ਸਾਹਿਬ ਸਿੰਘ ਦੀ ਲਿਖਤ ਦੇ ਆਧਾਰ ਤੇ ਨਾਨਕ ਪ੍ਰਕਾਸ਼ ਤੇ ਸੂਰਜ ਪ੍ਰਕਾਸ਼ ਵਿਚ ਲਿਖਿਆ।

ਪਾਠਕਾਂ ਨੇ ਇਹ ਸੋਚਣਾ ਹੈ ਕਿ ਜਿਵੇਂ ਸਕੂਲ ਮਾਸਟਰ ਕਲਾਸ ਵਿਚ ਕਿਤੇ ਇਕੋ ਕਹਾਣੀ ਲਿਖਣੀ ਬੱਚਿਆਂ ਨੂੰ ਕਹਿੰਦਾ ਹੈ ਤਾਂ ਅਸਲ ਮਜ਼ਮੂਨ ਸਾਰਿਆਂ ਦਾ ਇਕੋ ਹੋਏਗਾ। ਪਰ ਲਿਖਣ ਢੰਗ ਜਾਂ ਸ਼ਬਦਾਂ ਦੀ ਵਰਤੋਂ ਵਿਚ ਜ਼ਰੂਰ ਫਰਕ ਪਿਆ ਦਿਸੇਗਾ। ਰਹਿਤਨਾਮਿਆਂ ਦੀ ਲਿਖਤਾਂ ਵਿਚ ਬਸ ਇਤਨਾ ਹੀ ਫਰਕ ਹੈ। ਹੋਰ ਸਾਰਿਆਂ ਦੇ ਮਜ਼ਮੂਨ ਦਾ ਅਸਲੀ ਮਕਸਦ ਗੁਰੂ ਸਾਹਿਬ ਵਲੋਂ ਦਸਿਆ ਉਹੀ ਜ਼ਿਕਰ ਹੈ ਕਿ ਅਸਾਂ ਨੇ ਅਕਾਲ ਪੁਰਖ ਦੇ ਹੁਕਮ ਨਾਲ (ਆਗਿਆ ਭਈ ਅਕਾਲ ਕੀ) ਖਾਲਸਾ ਪੰਥ (ਤਬੀ ਚਲਾਉ ਪੰਥ) ਸਾਜਿਆ। ਸਾਰਿਆਂ ਪ੍ਰਤੀ ਸਾਡਾ ਹੁਕਮ ਹੈ (ਸਭ ਸਿਖਨ ਕੋ ਹੁਕਮ ਹੈ) ਗ੍ਰੰਥ ਜੀ ਨੂੰ ਗੁਰੂ ਮੰਨਣਾ (ਗੁਰੂ ਮਾਨਿਉ ਗ੍ਰੰਥ)।

ਪਰ ਸ਼੍ਰੋਮਣੀ ਸੰਤ ਮੋਹਰ ਸਿੰਘ ਨੇ ਪ੍ਰਹਿਲਾਦ ਸਿੰਘ ਦੇ ਉਕਤ ਭਾਵ ਵਿਚ ਲਿਖੇ ਦੋਹਰੇ ਵਿਚ ਸੰਮਤ ਦੀ ਲਿਖੀ ਗਲਤੀ ਕਾਰਨ ਸਾਰਾ ਰਹਿਤਨਾਮਾ ਹੀ ਝੂਠਾ ਤੇ ਆਖੇਪਕ ਦਸਿਆ ਹੈ, ਜੋ ਐਸਾ ਨਹੀਂ ਕਿਹਾ ਜਾ ਸਕਦਾ।

ਗੁਰੂ ਨਾਨਕ ਦੇਵ ਜੀ ਦਾ ਜਨਮ ਕਤਕ ਪੂਰਨਮਾਸ਼ੀ ਦਾ ਸੀ ਤੇ ਚੰਗੇ ਸਿਆਣੇ ਸਿਆਣੇ ਲੇਖਕ ਭੁਲੇਖਾ ਖਾਂਦੇ ਤੇ ਵਸਾਖ ਸੁਦੀ ਤੀਜ ਦਾ ਲਿਖਦੇ ਰਹੇ। ਪਰ ਜਨਮ ਤਾਂ ਜ਼ਰੂਰ ਹੋਇਆ ਸੀ ਜਿਸ ਤੇ ਲਿਖਾਰੀਆਂ ਤੋਂ ਗ਼ਲਤ ਵੀ ਤੇ ਠੀਕ ਵੀ ਲਿਖਿਆ ਗਿਆ ਸੀ। ਫਿਰ ਜੋਤੀ ਜੋਤ ਸਮਾਣਾ ਅਸੂ ਵਦੀ ੧੦ਵੀਂ ਸੰਮਤ ੧੫੯੬ ਸੀ, ਪਰ ਕਈਆਂ ਸਿਆਣਿਆਂ ਨੇ ਅਸੂ ਸੁਦੀ ੧੦ ਅਤੇ ਸੰਮਤ ੧੫੯੫ ਦਾ ਲਿਖਿਆ ਹੈ ਤਾਂ ਇਨ੍ਹਾਂ ਦੀਆਂ ਥਿਤਾਂ ਤਾਰੀਖ਼ਾਂ ਤੇ ਸੰਮਤ ਦੇ ਫਰਕ ਨੂੰ ਦੇਖ, ਕੋਈ ਨਾਮਧਾਰੀ ਦੱਸ ਦੇਵੇ ਕਿ ਤਾਰੀਖਾਂ ਇਕ ਨਹੀਂ, ਤੇ ਗੁਰੂ ਜੀ ਜੋਤੀ ਜੋਤ ਸਮਾਏ ਨਹੀਂ ਹੋਣੇ ?

ਫਿਰ ਵਿਚਾਰ ਦੀ ਗਲ ਇਹ ਹੈ ਕਿ ਸਾਰੇ ਹੀ ਲੇਖਕ, ਜੋ ਵਖ ਵਖ ਥਾਵਾਂ ਦੇ ਹੋਇ ਹਨ ਕੀ ਉਨ੍ਹਾਂ ਸਾਰਿਆਂ ਨੇ ਬਨਾਵਟ ਤੇ ਗੁਰੂ ਗ੍ਰੰਥ ਜੀ ਦੀ ਗੁਰਗੱਦੀ ਦਾ ਨਾਵਲ ਹੀ ਲਿਖਿਆ ਹੈ—ਜਾਂ ਕਿ ਪੂਰੀ ਸਚਾਈ ਸੀ ਤੇ ਅਸਲੀ ਲਿਖਤ ਵਿਚ ਗਲਤੀ ਹੋ ਜਾਣੀ ਸੰਭਵ ਹੈ ? ਪਰ ਸੰਤ ਜੀ ਨੇ ਤਾਂ ਜ਼ਰਾ ਜਿਤਨੀ ਵੀ ਕਿਸੇ ਦੀ ਲਿਖਤ ਵਿਚ

ਫਰਕ ਵੇਖਿਆ ਤਾਂ ਉਹਨੂੰ ਝੂਠਾ ਤੇ ਆਖੇਪਕ ਦਸ ਦਿਤਾ ਹੈ। ਪਰ ਇਹ ਗਲ ਨਹੀਂ ਹੈ। ਉਕਤ ਲੇਖਕ ਨੂੰ 'ਗੁਰੂ ਮਾਨੀਓ ਗ੍ਰੰਥ'' ਵਾਲਾ ਦੋਹਿਰਾ ਬੇਚੈਨ ਕਰ ਰਿਹਾ ਹੈ, ਤੇ ਇਸ ਨੂੰ ਉਹ ਹਰ ਹਾਲਤ ਵਿਚ ਲੰਮੇ ਤੋਂ ਲੰਮੇ ਮਜ਼ਮੂਨ ਨਾਲ ਸ਼ੱਕੀ ਬਣਾ ਕੇ ਨਾਮਧਾਰੀ ਗੱਦੀ ਨੂੰ ਅਸਲੀ ਗੁਰਗਦੀ ਸਾਬਤ ਕਰਨ ਦੇ ਆਹਰੇ ਲਗ ਪਿਆ ਹੈ।

ਚਲੋ ਉਸ ਦੇ ਲਿਖੇ ਮੁਤਾਬਕ ਸਾਰਿਆਂ ਰਹਿਤਨਾਮੇ ਦੇ ਲਿਖਾਰੀਆਂ ਦੀਆਂ ਲਿਖਤਾਂ ਨੂੰ ਇਕ ਪਾਸੇ ਕਰ ਦਿਤਾ ਜਾਏ, ਤਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਰਬ ਲੋਹ ਗ੍ਰੰਥ ਸਾਹਿਬ ਨੂੰ ਕਿਵੇਂ ਝੁਟਲਾਇਆ ਜਾਏ ਕਿ ਜਿਸ ਵਿਚ ਆਪਣੀ ਪਵਿਤ੍ਰ ਕਲਮ ਨਾਲ ਇਕ ਤੋਂ ਵਧ ਵੇਰ ਲਿਖਿਆ ਜਾਂ ਲਿਖਾਇਆ ਸੀ। ਪਾਠਕ ਧਿਆਨ ਨਾਲ ਫੇਰ ਪੜ੍ਹਨ। ਚਾਹੇ ਪਿਛਲੇ ਪੰਨਿਆਂ ਤੇ ਪੜ੍ਹ ਆਏ ਹਨ, ਕੁਝ ਹੋਰ ਲਿਖਤ ਪੜ੍ਹੀਏ।

"ਅਬ ਗ੍ਰੰਥ ਅਸਥਾਪਨ ਮਹਾਤਮ ਸ੍ਰੀ ਸਤਿਗੁਰੂ ਬਿਗ੍ਰਹ ਕਥਤੇ ਤੱਵ ਬਲ ਬਿਸ਼ਨ ਪਦ ਪੁਨੀਐ॥"

ਭਾਵ— (ਗੁਰੂ ਜੀ ਦਸਦੇ ਹਨ ਮੈਂ ਗ੍ਰੰਥ ਸਥਾਪਨ ਮਹਾਤਮ, ਜੋ ਸ੍ਰੀ ਸਤਿਗੁਰੂ ਹੈ ਬਿਗ੍ਰਹ (ਨਿਰਨੇ ਨਾਲ) ਕਥਨ ਕਰਦਾ ਹਾਂ—ਤੇਰੇ ਬਲ (ਸ਼ਕਤ) ਪਾ ਕੇ ਬਿਸ਼ਨ ਪਦਾ ਛੰਦ ਪੁਨੀਐ ਵਿਚ :—

੧. ਆਪਨ ਪੈਂ ਸ੍ਰੀ ਖਾਲਸੇ ਦੀਨਾ ਦੁਤਿਆ ਰੂਪ ਸਤਿਗੁਰੂ ਗ੍ਰੰਥਾ* ॥
ਬੋਲਨੁ ਸਤਿਗੁਰ ਸਬਦ ਸੰਭਾਖਨੁ ਨਾਮ ਗੋਬਿੰਦ ਕੀਰਤਨ ਮੰਥਾ ॥
੨. ਗੁਨਾਨੁਵਾਦ ਪੁਨ ਸਿਫਤ ਸਲਾਹਿਨ ਉਠਤਿ ਬੈਠਤਿ ਸੈਨ ਕਰੰਥਾ ॥
ਪਾਵਨ ਪੰਥ ਖਾਲਸਾ ਪ੍ਰਗਟਯੋ ਚਾਰ ਬਰਨ ਆਸ਼ਰਮ ਸੁਭ ਪੰਥਾ ॥
੩. ਇਨ ਕੋ ਦਰਸ ਸਤਿਗੁਰੂ ਕੋ ਦਰਸਨ ਬੋਲਨੁ ਗੁਰੁ ਸਬਦ ਗੁਰੂ ਗ੍ਰੰਥਾ** ॥
ਦਵਾਦਸਿ ਰੂਪ ਸਤਿਗੁਰੂ ਏ ਕਹਿਯਤ ਦਵਾਦਸ ਭਾਨੁ ਪ੍ਰਗਟੇ ਹਰ ਸੰਤਾ ॥
ਪ੍ਰਤਖੱਯ ਕਲਾ ਪਾਰਬ੍ਰਹਮ ਧਨੀਛੈ—ਗ੍ਰੰਥ ਪੰਥ ਖਾਲਸ ਵਰਤੰਤਾ ॥
ਦਾਸ ਗੋਬਿੰਦ ਫਤਹ ਸਤਿਗੁਰ ਕੀ—ਖਾਸ ਗ੍ਰੰਥ ਗੁਰੂ ਰੂਪ ਬਦੰਤਾ ॥

(੨—੩੭੧—੯੦)

ਉਕਤ ਸ੍ਰੀ ਮੁਖਵਾਕ ਤੋਂ ਇਹ ਵੀ ਸਾਬਤ ਹੈ ਕਿ ਖਾਲਸਾ ਪੰਥ ਸਾਜੇ ਵੇਲੇ ਜਦੋਂ ਕਿ ਆਪੇ ਗੁਰ ਚੇਲਾ ਹੋ ਕੇ ਵਖਾਇਆ ਤੇ ਪੰਜਾਂ ਪਾਸੋਂ ਅੰਮ੍ਰਿਤ ਛਕਿਆ ਸੀ, ਗੁਰੂ ਗ੍ਰੰਥ ਜੀ ਨੂੰ) ਉਸੇ ਵੇਲੇ ਗੁਰਗੱਦੀ ਅਸਥਾਪਤ ਕਰਕੇ ਫੁਰਮਾਇਆ ਨੇ, ਤੇ ਸਰਬ ਲੋਹ ਵਿਚ ਲਿਖ ਦਿਤਾ ਸੀ। ਸ੍ਰੀ ਹਜ਼ੂਰ ਸਾਹਿਬ ਤਾਂ ਉਥੇ ਉਦਾਸ ਹੋਏ ਬੈਠੇ ਸਿਖਾਂ ਨੂੰ, ਗੁਰੂ ਗ੍ਰੰਥ ਜੀ ਦੀ ਗੁਰਿਆਈ ਪਰ ਫਿਰ ਵਧੇਰੇ ਭਰੋਸਾ ਪੱਕਾ ਕਰਾਣ ਨੂੰ ਪੰਜ ਪੈਸੇ ਤੇ ਨਾਰੀਅਲ ਦੀ ਭੇਟ ਧਰਕੇ ਪੂਜਨ ਕਰ ਵਿਖਾਇਆ ਹੋਣਾ ਹੈ ਜਿਨ੍ਹਾਂ ਲੋਕਾਂ ਨਾਂਦੇੜ ਸਾਹਿਬ ਵਿਖੇ ਵੇਖੀ ਇਸ ਰੀਤ ਨੂੰ ਵੇਖਿਆ ਤੇ ਲਿਖ ਦਿਤਾ ਸੀ। ਪਰ ਇਸ ਤੋਂ ਪਹਿਲੇ ਸ੍ਰੀ ਅਨੰਦਪੁਰ ਵਿਚ ਉਥੇ ਹਜ਼ਾਰਾਂ ਦੀ ਭੀੜ ਹੁੰਦਿਆਂ ਪੰਥ ਪ੍ਰਗਟਾਉਣ ਦੇ

---

* ਉਸ ਲਿਖਤ ਵਿਚ ਗੁਰੂ ਗ੍ਰੰਥ ਜੀ ਦੀ ਗੁਰਗਦੀ ਸਥਾਪਨ ਦੇ ਸਬੰਧ ਵਿਚ ਤਿੰਨ ਵੇਰ ਗੁਰੂ ਗ੍ਰੰਥ ਜੀ ਨੂੰ ਸਤਿਗੁਰੂ ਗ੍ਰੰਥਾ ਸ਼ਬਦ ਗੁਰੂ ਗ੍ਰੰਥਾ ੨. ਖਾਸ ਗ੍ਰੰਥ ਗੁਰੂ ਰੂਪ ਵਰਨਣ ਕੀਤਾ ਹੈ ਤੇ ਅਖੀਰ ਆਪਣਾ ਨਾਮ ਲਿਖਿਆ ਹੈ।

ਕੌਤਕ ਨੇ ਲੋਕਾਂ ਨੂੰ ਹੈਰਾਨ ਕਰ ਦਿਤਾ ਹੋਇਆ ਸੀ ਇਸ ਪਾਸੇ ਕਿਸੇ ਧਿਆਨ ਨਹੀਂ ਦਿਤਾ, ਪਰ ਧੰਨ ਗੁਰੂ ਜਿਨ੍ਹਾਂ ਨੇ ਆਪੇ ਲਿਖ ਦਿਤਾ ਸੀ :

ਨੋਟ :—ਸੁਆਮੀ ਹਰਨਾਮ ਦਾਸ ਉਦਾਸੀ—ਟੀਕਾਕਾਰ "ਸ੍ਰੀ ਸਰਬ ਲੋਹ ਗ੍ਰੰਥ" ਨੇ ਉਕਤ "ਸਤਿਗੁਰੂ ਗ੍ਰੰਥਾ" ਦਾ ਟੀਕਾ ਕੀਤਾ ਹੈ—ਜੋ ਖਾਲਸਾ ਪ੍ਰਕਾਸ਼ (ਪਹਿਲੀ ਵੇਰ ਛਪਿਆ ਸਫਾ ੨੩ ਪਰ) ਦੂਜੀ ਵੇਰ ਛਪਿਆ ਸਫਾ ੪੯ ਪਰ ਐਸਾ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਹੁਣ "ਸ੍ਰੀ ਗੁਰੂ ਗ੍ਰੰਥ ਸਾਹਿਬ" ਜੀ ਨੂੰ ਗੁਰਤਾ ਤੇ ਸੁਥਾਪਨ ਦਾ ਮਹਾਤਮ ਕਹਿੰਦੇ ਹਨ :

੧. ਸਤਿਗੁਰੂ ਗ੍ਰੰਥਾ ਦਾ ਅਰਥ—ਸ੍ਰੀ ਸਤਿਗੁਰਾਂ ਦਾ (ਸ੍ਰੀ ਗੁਰੂ) ਗ੍ਰੰਥ ਸਾਹਿਬ ਹੈ।
੨. ਸਤਿਗੁਰੂ ਆਪਨ ਪੌ ਖਾਲਸੇ ਸੌਂਪਾ।

ਅਸਲ ਇਸ ਲਿਖਤ ਦੇ ਹੁੰਦਿਆਂ ਅਤੇ ਟੀਕਾਕਾਰ ਨੇ ਜੋ ਟੀਕਾ ਕੀਤਾ ਹੈ ਗੁਰਤਾ ਸਥਾਪਨ ਮਹਾਤਮ ਦਾ ਇਸ ਤੋਂ ਵਧ ਕੇ ਹੋਰ ਕੀ ਸਬੂਤ ਹੋ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਪ੍ਰਾਪਤੀ ਦਾ ? ਇਸ ਤੋਂ ਅਗੇ ਹੋਰ ਗੁਰੂ ਸਾਹਿਬ ਨੇ ਖਾਲਸੇ ਦੇ ਕੁਝ ਗੁਣ ਤੇ ਰਹਿਤਾਂ ਵੀ ਆਪ ਹੀ ਕਥਨ ਕੀਤੀਆਂ ਹਨ। ਇਹ ਹਨ :—

ਬਿਸਨਪਦ ਪੁਨੀਆਂ ਰਾਜ ਪਲਾਸੀ ਬਖਸ਼ਸ਼ ਸ੍ਰੀ ਹਜ਼ੂਰ "ਕਬਿਬਾਚ"
"ਐਸੋ ਗੁਣ ਹਰਿ ਖਾਲਸੇ ਬਖਸ਼ਾ—ਭਗਤਿ ਗਿਆਨੀ ਰਾਜ ਜੋਗੇਸ਼ਰ,ਛਤ੍ਰਿਯਬ੍ਰਿਤ
ਅਨਨਯ ਉਪਾਸਕ, ਤਿਆਗੀ, ਹਠੀ, ਸੂਰ, ਭਵਨੇਸ੍ਵਰ, ਗ੍ਰਾਹਯ ਸੁਭ-ਤਿਆਗ।
ਬਿਵਰਜਤਿ, ਸ੍ਰੁਤਿਯਾਦਜੰ, ਸ੍ਰੀ ਮੁਖਪਰਮੇਸ਼੍ਵਰ। ਗੀਤਾ ਉਪਨਿਸਦ ਮਹਾਂਵਾਕਯ
ਮਾਹਿ ਰਹਿਣੀ ਭਗਤ ਗਿਆਨੀ ਬ੍ਰਿਤੇਸ੍ਵਰ ॥੧੦॥੫॥੫੧੩॥੧੦੪॥
"ਅਸੁ ਖਾਲਸ, ਖਾਲਸ ਪਦ ਪ੍ਰਾਪਤਿ ਨਿਰੰਕਾਰ ਸੁਵਰੂਪ ਮਹਾਨੰ ॥ਰਹਾਉ॥
"ਗੁਰਉਪਦੇਸ ਸਿਖਨ ਪ੍ਰਤਿ ਭਾਸਨ—ਮੁਦਿਤਿ, ਕਛ ਕੇਸ ਕਿਰਪਾਨੰ ॥ *
ਤਾਕੀ ਰਹਿਨਿ ਸ੍ਰੁਤਯੋਕਤਿ ਭਾਖਤ, ਦਸਗ੍ਰਾਹ ਖਾਲਸ ਪ੍ਰਧਾਨ ॥ **
ਦਯਾਦਾਨ ਰੁ ਛਮਾ, ਸਨਾਨੰ, ਸੀਲ, ਸੁਚਿ ਸਤਯੰ ਸੰਭਾਨੰ ॥
ਸਾਧਨ ਸਿਧ, ਸੂਰ ਭਗਤ ਮਾਨੰ, ਦਸ ਗ੍ਰਾਹਯ ਆਸਤਕ ਪ੍ਰਧਾਨੰ ॥੬॥੫੧੪॥
੧੦੪੫॥

ਸ੍ਰੀ ਸਰਬਲੋਹ ਗ੍ਰੰਥ ਦੀ ਉਕਤ ਲਿਖਤ ਗੁਰੂ ਜੀ ਨੇ ਆਪਣੀ ਕਲਮ ਤੋਂ ਲਿਖੀ ਅਤੇ (ਭਾਖਤ) ਸੰਗਤਿ ਪ੍ਰਤੀ ਵੀ ਸੁਣਾਈ। ਆਪ ਦਸਦੇ—"ਉਤੇ ਜੋ ਖਾਲਸੇ ਦੇ ਗੁਣ ਲੱਛਣ ਵਰਨਣ ਕੀਤੇ ਹਨ ਐਸੇ ਖਾਲਸੇ ਦੀ (ਤਾਕੀ ਰਹਿਨਿ ਸ੍ਰੁਤਯੋਕਤਿ ਭਾਖਤ) ਜੋ ਰਹਿਣੀ ਕਹੀ ਹੈ ਉਹ ਵੇਦ ਸ੍ਰੁਤੀ ਕਥਨ ਅਨੁਸਾਰ ਕਹੀ ਹੈ" (ਗੁਰੂ ਜੀ ਦਸਦੇ)।

---

* ਇਸ ਪੰਗਤੀ ਵਿਚ ਪੰਚ ਕਕਾਰ ਦੀ ਰਹਿਤ ਦਾ ਉਪਦੇਸ਼ ਹੈ। ਕੰਘਾ, ਕੇਸਾਂ ਨਾਲ ਜ਼ਰੂਰੀ ਹੈ ਤੇ ਨਹੀਂ ਲਿਖਿਆ ;

** ਇਥੇ ਵੇਦ ਸਿਮ੍ਰਤੀਆਂ ਅਨੁਸਾਰ ਰਹਿਣੀ ਰਹਿਣ ਦਾ ਉਪਦੇਸ਼ ਕੀਤਾ ਹੈ। ਇਸ ਰਹਿਤਵਾਲਾ ਹੀ ਖਾਲਸਾ ਹੈ। ਪਰ ਅਸੀਂ ਤਾਂ ਵੇਦ ਸ੍ਰੁਤੀਆਂ ਨੂੰ ਤਕਿਆ ਹੀ ਕਦੀ ਨਹੀਂ ਹੈ ਉਲਟੀਆਂ ਤਰਕਾਂ ਕਰਦੇ ਹਾਂ।

ਉਪਰੋਕਤ ਲਿਖਤ ਵਿਚ ਗੁਰੂ ਜੀ ਨੇ ਗੁਰੂ ਗ੍ਰੰਥ ਜੀ ਦੀ ਗੁਰਤਾ ਸਥਾਪਤੀ ਬਾਬਤ ਸਾਫ ਦਸ ਦਿਤਾ ਤੇ ਸ੍ਰੋਤਿਆਂ ਨੇ ਸੁਣੇ ਮਗਰੋਂ ਆਪਣੀ ਆਪਣੀ ਥਾਂਏ ਆਪਣੇ ਆਪਣੇ ਢੰਗ ਨਾਲ ਲਿਖਿਆ ਹੈ। ਸਿਧਾਂਤ ਇਕੋ ਜਿਹਾ ਹੈ।

ਜੇਕਰ ਕਿਸੇ ਨੇ ਥੋੜਾ—ਕਿਸੇ ਲੇਖਕ ਨੇ ਬਹੁਤਾ ਵਿਸਥਾਰ ਨਾਲ ਲਿਖਿਆ ਹੈ—ਅਤੇ ਕਿਸੇ ਨੂੰ ਸੰਮਤ ਸਾਲ ਜਾਂ ਥਿਤ ਵਾਰ ਤਾਰੀਖ਼ ਲਿਖਣ ਵਿਚ ਗ਼ਲਤੀ ਹੋਈ ਹੈ ਤਾਂ ਉਸ ਸਹਿਜੇ ਦੀ ਗਲਤੀ ਨੂੰ ਸਾਹਮਣੇ ਰਖਕੇ ਸਾਰੇ ਲੇਖਕਾਂ ਦੀਆਂ ਲਿਖਤਾਂ ਨੂੰ ਗਲਤ ਮੰਨ ਲੈਣਾ ਚੰਗਾ ਨਹੀਂ ਹੈ। ਜਿਸ ਤੇ ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ" ਇਹ ਬਿਲਕੁਲ ਠੀਕ ਹੈ ਕਿ ਪੰਥ ਤਾਂ ਚਲਾਇਆ ਹੈ। ਇਸ ਤੋਂ ਕੋਈ ਵੀ ਇਨਕਾਰੀ ਨਹੀਂ ਹੈ ਅਤੇ ਜਿਸ ਕਸੇ ਕਵੀ ਜਾਂ ਲੇਖਕ ਨੇ ਲਿਖਿਆ ਹੈ, ਸਾਰਿਆਂ ਨੇ ਗੁਰੂ ਫੁਰਮਾਨ ਅਨੁਸਾਰ ਹੀ ਲਿਖਿਆ ਹੈ।

ਦੂਜੀ ਗਲ ਸੰਤ ਸਾਹਿਬ ਨੇ ਇਹ ਲਿਖੀ ਕਿ ਪ੍ਰਹਿਲਾਦ ਸਿੰਘ ਦਸਦਾ "ਮੈਨੂੰ ਗੁਰਮੁਖ ਸਿੰਘ ਨੇ ਆਗਿਆ ਕੀਤੀ" ਕਿ ਨਵਾਂ ਰਹਿਤਨਾਮਾ ਲਿਖਾਂ। ਤਦ ਮੈਨੇ ਰਹਿਤਨਾਮਾ ਲਿਖਿਆ ਹੈ। ਸੰਤ ਜੀ ਦਸਦੇ ਕਿ ਇਹ ਗੁਰਮੁਖ ਸਿੰਘ ਉਹੀ ਹੈ ਜੋ ਕੰਵਰ ਬਿਕ੍ਰਮਾਂ ਸਿੰਘ ਦੇ ਖਾਨਸਾਮੇ ਦਾ ਪੁੱਤਰ ਅਤੇ ਸਿੰਘ ਸਭਾ ਲਾਹੌਰ ਦਾ ਕਰਤਾ ਧਰਤਾ ਸੀ।

ਇਸ ਬਾਬਤ ਇਹੋ ਦਸਣਾ ਹੈ ਕਿ ਕਿਸੇ ਨੂੰ ਖਾਨਸਾਮੇ ਦਾ ਪੁੱਤਰ ਦਸ ਕੇ ਉਸਦੀ ਇਜ਼ਤ ਨੂੰ ਘਟਾਇਆ ਨਹੀਂ ਜਾ ਸਕਦਾ। ਨਾਮਧਾਰੀ ਇਤਿਹਾਸ ਸਫਾ ੭੯ ਮੁਤਾਬਕ ਬਾਬਾ ਰਾਮ ਸਿੰਘ ਵੀ (ਬਾਬਾ ਜੱਸਾ ਸਿੰਘ) ਤਰਖਾਣ ਦੇ ਪੁੱਤਰ ਸਨ, ਜੋ ਪਿੰਡ ਭੈਣੀ ਵਿਚ ਜਨਮੇ ਸਨ ਤੇ ਆਪਣੀ "ਕਰਣੀ ਕਮਾਈ" ਕਾਰਨ ਚੰਦਰਮੇਂ ਵਾਂਗੂ ਚਮਕੇ ਸਨ। ਜਿਵੇਂ ਸੋਨਾ ਰੇਤ ਵਿਚੋਂ ਤੇ ਹੀਰੇ ਲਾਲ ਪਥਰਾਂ ਵਿਚੋਂ ਪੈਦਾ ਹੁੰਦੇ ਹਨ ਤਾਂਤੇ ਐਸੇ ਲੇਖਕ ਨੂੰ ਸੋਭਦਾ ਨਹੀਂ ਕਿ ਉਹ ਕਿਸੇ ਦੀ ਇੱਜ਼ਤ ਨੂੰ ਘਟਾਣ ਵਾਸਤੇ ਉਹਦੇ ਪਿਤਾ ਦੀ ਛੋਟੀ ਹੈਸੀਅਤ ਨੂੰ ਸਾਹਮਣੇ ਕਰੇ। ਸਗੋਂ ਇਸ ਗਲ ਦਾ ਧਿਆਨ ਰਖੇ, ਜੋ ਫਰੀਦ ਜੀ ਨੇ ਆਪਣੇ ਪ੍ਰਥਾਇ ਦੱਸ ਕੇ ਸਾਨੂੰ ਸਮਝਾਇਆ ਸੀ :—

"ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥
ਆਪਨੜੇ ਗਿਰੀਵਾਨ ਮਹਿ ਸਿਰ ਨੀਵਾਂ ਕਰ ਵੇਖ ॥ (੧੩੮੩)

ਸੰਤ ਮੋਹਰ ਸਿੰਘ ਦੂਜਿਆਂ ਦੀ ਸਹਿਜ ਸੁਭਾਏ ਦੀ ਗਲਤੀ ਨੂੰ ਉਛਾਲਦਾ ਹੈ ਪਰ ਖੁੱਦ ਉਹ ਜਾਣ ਬੁਝ ਕੇ ਪਹਾੜ ਜਿਤਨੀ ਗਲਤੀ ਕਰਦਾ, ਕਿ ਇਸ ਦੇ ਸਹਾਰੇ ਉਸ ਨੇ ਪ੍ਰਹਿਲਾਦ ਸਿੰਘ ਦੇ ਲਿਖੇ ਰਹਿਤਨਾਮੇ ਨੂੰ ਝੂਠਾ ਤੇ ਖੇਪਕ ਸਾਬਤ ਕਰਨਾ ਸੀ, ਪਰ ਉਸਦੀ ਆਪਣੀ ਪਹਾੜ ਜਿਤਨੀ ਗਲਤੀ ਦੇਖੀਏ :

ਜਿਸ ਗੁਰਮੁਖ ਸਿੰਘ ਨੂੰ ਨਾਮਧਾਰੀ ਸੰਤ ਜੀ ਨੇ ਖਾਨਸਾਮੇ ਦਾ ਪੁਤਰ ਦਸਿਆ ਹੈ ਇਹ ਤਾਂ ਹੁਣ ਤੋਂ ਕੋਈ ੯੦੩ ਸਾਲ ਪਹਿਲੋਂ ਹੋਇਆ, ਅਤੇ ਅੰਗਰੇਜ਼ੀ ਰਾਜ ਵੇਲੇ ਸੰਨ ੧੮੭੯ (ਸੰਮਤ ੧੯੩੬) ਵਿਚ ਲਾਹੌਰ ਦੀ ਕਾਇਮ ਹੋਈ ਸਿੰਘ ਸਭਾ ਦਾ ਕਰਤਾ ਧਰਤਾ ਸੀ। ਪਰ ਉਹ ਗੁਰਮੁਖ ਸਿੰਘ ਜਿਸ ਨੇ ਪ੍ਰਹਿਲਾਦ ਸਿੰਘ ਪਾਸੋਂ ਰਹਿਤਨਾਮਾ

ਲਿਖਾਇਆ ਸੀ ਉਹ ਤਾਂ ਹੁਣ ਤੋਂ ਕਰੀਬਨ ੨੭੪ ਸਾਲ ਪਹਿਲੇ ਦਾ ਸੀ, ਜਿਸ ਨੇ ਸੰਨ ੧੭੦੪ (ਮੁਤਾਬਕ ਸੰਮਤ ੧੭੬੫ ਵਿਚ ਨਾਂਦੇੜ ਤੋਂ ਵਾਪਸ ਹੋ ਆਏ ਪ੍ਰਹਿਲਾਦ ਸਿੰਘ ਪਾਸੋਂ ਰਹਿਤਨਾਮਾ ਲਿਖਾਇਆ ਸੀ। ਉਸ ਵੇਲੇ ਨਾ ਹੀ ਅਜੇ ਸਿੰਘ ਸਭਾ ਲਾਹੌਰ ਦਾ ਜਨਮ ਅਤੇ ਨਾ ਹੀ ਕਰਤੇ ਧਰਤੇ ਇਸ ਗੁਰਮੁਖ ਸਿੰਘ ਦਾ ਜਨਮ ਹੋਇਆ ਸੀ। ਫਿਰ ਇਸ ਸਿੰਘ ਸਭੀਏ ਗੁਰਮੁਖ ਸਿੰਘ ਦਾ ਉਸ ਪ੍ਰਹਿਲਾਦ ਸਿੰਘ ਨਾਲ ਕਿਵੇਂ ਮੇਲ ਮੰਨਿਆ ਜਾਏ ? ਜੋ ੨੭੪ ਸਾਲ ਪਹਿਲੇ ਹੋਇਆ ਤੇ ਸੰਤ ਲੇਖਕ ਨੇ "ਪੁਰਖ ਗੁਰੂ" ਪੁਸਤਕ ਦੇ ਸਫਾ ੬੨ ਪਰ ਖੁਦ ਲਿਖਿਆ ਜੋ ਰਹਿਤਨਾਮੇ ਵਿਚੋਂ ਹੈ :—

ਅਬਚਲ ਨਗਰ ਬੈਠੇ ਗੁਰੂ ਮਨ ਮੈਂ ਕੀਆ ਬਿਚਾਰ ॥
ਬੋਲਿਆ ਸਚਾ ਸਤਿਗੁਰੂ ਮੂਰਤਿ ਸ੍ਰੀ ਕਰਤਾਰ ॥

ਹੁਣ ਪਾਠਕਾਂ ਨੇ ਸਮਝ ਲਿਆ ਹੋਣਾ ਹੈ ਕਿ ਨਾਮਧਾਰੀ ਲੇਖਕ ਨੂੰ ਸਿੰਘ ਸਭਾ ਨਾਲ ਤੇ ਉਸਦੇ ਪ੍ਰਮੁੱਖ ਮੈਂਬਰਾਂ ਨਾਲ ਕਿਤਨਾ ਵੈਰ ਹੈ ਕਿ ਅੰਗਰੇਜ਼ੀ ਰਾਜ ਵਿਚ ਪੈਦਾ ਹੋਏ ਗੁਰਮੁਖ ਸਿੰਘ ਨੂੰ ਮੁਗਲ ਰਾਜ ਵੇਲੇ ਦੇ ਸੰਮਤ ੧੭੬੫ ਵਿਚ ਹੋਏ ਗੁਰਮੁਖ ਸਿੰਘ ਦੀ ਥਾਂ ਦਸ ਕੇ ਸਿਖਾਂ ਨੂੰ ਭਰਮਾਂਦਾ ਤੇ ਰਹਿਤਨਾਮੇ ਤਾਈ ਖੇਪਕ ਲਿਖਿਆ ਦਰਸਾਂਦਾ ਹੈ ਅਤੇ ਪਰੂਫ ਰੀਡਰ ਦੀ ਹੋਈ ਗਲਤੀ ਦਾ ਉਦਾਹਰਣ ਦੇ ਕੇ ਸਾਰੇ ਰਹਿਤਨਾਮੇ ਨੂੰ ਇਸ ਗੁਰਮੁਖ ਸਿੰਘ ਵਲੋਂ ਹੀ ਬਿਗਾੜਿਆ ਗਿਆ ਸਾਬਤ ਕਰਦਾ ਹੈ। ਇਸ ਵਾਸਤੇ ਕਿ ਸਾਧਾਰਣ ਸਿੱਖ ਜੰਤਾ ਨੂੰ ਨਾਮਧਾਰੀ ਦਰਬਾਰ ਨੇ ਜੋ ਭਰਮਾਇਆ—ਸੀ, ਸਿੰਘ ਸਭਾ ਨੇ ਕੂਕ ਕੂਕ ਕੇ ਜਗਾਣਾ ਚਾਹਿਆ ਸੀ, ਅਗੇ ਉਸ ਦਾ ਹੋਰ ਪ੍ਰਸ਼ਨ ਤੇ ਸਾਡਾ ਉਤਰ ਪੜ੍ਹੀਏ।

**ਸ੍ਰੀ ਗ੍ਰੰਥ ਸਾਹਿਬ ਨੂੰ ਗੁਰਗੱਦੀ ਕਿਹੜੀ ਤਾਰੀਖ਼ ਨੂੰ ਮਿਲੀ ?**

ਇਹ ਉਸਦਾ ਪ੍ਰਸ਼ਨ ਨੌਂਵਾਂ ਹੈ।

ਉਕਤ ਸਿਰਲੇਖ ਵਿਚ ਕੀਤੇ ਪ੍ਰਸ਼ਨ ਨੂੰ ਉਹ ਪਿਛੇ ਦੋ ਦੋ ਤਿੰਨ ਵਖਰੇ ਸਿਰਲੇਖਾਂ ਦੇ ਹੇਠ ਵੀ ਲਿਖਦਾ ਆਇਆ ਤੇ ਅਸੀਂ ਪੂਰੇ ਵਿਸਥਾਰ ਨਾਲ ਉਤਰ ਦਿਤੇ ਹਨ ਤੇ ਪਾਠਕਾਂ ਨੇ ਪੜ੍ਹੇ। ਹੁਣ ਇਹ ਦਸਣਾ ਹੈ ਕਿ ਪਹਿਲੇ ਜ਼ਮਾਨੇ ਵਿਚ ਬਹੁਤ ਕੁਝ ਕਾਵਿ ਰੀਤ ਵਿਚ ਲਿਖਿਆ ਜਾਂਦਾ ਸੀ, ਖਾਸ ਖਾਸ ਮਜ਼ਮੂਨ (ਸ੍ਰੀ ਕ੍ਰਿਸ਼ਨਾ ਅਵਤਾਰ—ਰਾਮ ਕਥਾ ਆਦਿਕ) ਲਿਖਤਾਂ ਮੁਕਾਕੇ ਸੰਮਤ ਅਤੇ ਤਿਥੀਆਂ ਦਾ ਪਤਾ ਗੁਰੂ ਜੀ ਨੇ ਦਿਤਾ ਸੀ। ਉਹ ਨਿਰੀ ਪਰਾਣਕ ਸਾਖੀਆਂ ਸਨ। ਪਰ ਖਾਸ ਤਵਾਰੀਖੀ ਜ਼ਿਕਰ ਦੀਆਂ ਤਿਥੀਆਂ ਤੇ ਤਾਰੀਖ਼ਾਂ ਜੇਕਰ ਬਚਿੱਤ੍ਰ ਨਾਟਕ ਵਿਚ ਨਹੀਂ ਲਿਖੀਆਂ, ਤਾਂ ਕੀ ਫਿਰ ਉਹਨਾਂ ਨੂੰ ਗ਼ਲਤ ਮੰਨਾਂਗੇ ? ਹਰਗਿਜ਼ ਨਹੀਂ, ਉਹ ਠੀਕ ਹਨ।

੧. ਬਚਿੱਤ੍ਰ ਨਾਟਕ ਵਿਚ ਉਹ ਦਸਦੇ ਕਿ ਸੋਢੀ ਰਾਏ ਪਾਸੋਂ ਰਾਜ ਪਾ ਕੇ ਬੇਦੀ ਪ੍ਰਸੰਨ ਹੋਏ ਤੇ ਵਰ ਦਿਤਾ ਸੀ ਨੇ :—

ਬੇਦੀ ਭਏ ਪ੍ਰਸੰਨ ਰਾਜ ਕਹ ਪਾਇਕੈ ॥
ਦੇਤ ਭਯੋ ਬਰਦਾਨ ਹੀਐ ਹੁਲਸਾਇਕੈ ॥

ਜਬ ਨਾਨਕ ਕਲਿ ਮੈ ਹਮ ਆਨ ਕਹਾਏ ਹੈ ॥
ਹੋ ਜਗਤ ਪੂਜ ਕਰ ਤੋਹਿ ਪਰਮਪਦ ਪਾਏ ਹੈ ॥

ਵੇਖੀਏ ! ਇਥੇ ਬੇਦੀਆਂ ਦੇ ਰਾਜ ਪ੍ਰਾਪਤੀ ਦੀ ਅਤੇ ਵਰਦਾਨ ਦੀ ਤਾਰੀਖ਼ ਨਹੀਂ ਲਿਖੀ ਪਰ ਹੋਇਆ ਸਭ ਕੁਝ ਹੈ ।

੨. ਦੋਹਿਰਾ--"ਠੀਕਰ ਫੋਰਿ ਦਿਲੀਸ ਸਿਰਿ ਪ੍ਰਭੁ ਪੁਰ ਕੀਯਾ ਪਯਾਨ ॥
ਤੇਗ ਬਹਾਦਰ ਸੀ ਕ੍ਰਿਯਾ ਕਰੀ ਨ ਕਿਨਹੂ ਆਨ ॥
(ਧਿਆਏ ੫-੧੬)

ਫਿਰ ਇਥੇ ਵੀ ਤਾਰੀਖ ਨਹੀਂ ਲਿਖੀ ਕਿ ਕਿਹੜੀ ਤਾਰੀਖ ਸ਼ਹੀਦੀ ਹੋਈ ਸੀ ? ਪਰ ਪਿਛੋਂ ਦੇ ਲੋਕਾਂ ਨੇ ਲਿਖੀ ਹੈ ।

੩. ਆਪਣੀ ਬਾਬਤ ਦਸਦੇ ਕਿ ਤਪਸਿਆ ਕਰਦੇ ਨੂੰ ਪ੍ਰਭੂ ਨੇ (ਮੈਨੂੰ) ਬੁਲਾਇਆ ਤੇ ਐਸਾ ਆਖਕੇ ਮੈਨੂੰ ਇਸ ਮਾਤ ਲੋਕ ਵਿਚ ਭੇਜਿਆ ਸੀ ਇਹ ਤਾਰੀਖ਼ ਵੀ ਨਹੀਂ ਦਸੀ ਨੇ—ਕਿ ਕਦੋਂ ਬੁਲਾਇਆ ਨੇ ।

੪. "ਮੈਂ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
(ਧਿਆਏ ੬-੨੯)

ਸੋਚੀਏ ! ਗੁਰੂ ਗੋਬਿੰਦ ਸਿੰਘ ਜੀ ਮਹਾਂ ਲਿਖਾਰੀ ਸਨ ਤੇ ਉਨ੍ਹਾਂ ਨੇ ਅਗਰ ਉਕਤ ਤਾਰੀਖ਼ਾਂ ਜਾਂ ਹੋਰ ਤਾਰੀਖੀ ਜ਼ਿਕਰ ਜੋ ਸਨ ਅਤੇ ਸੰਮਤ ,ਤਿਥੀ ਵਾਰ ਨਹੀਂ ਲਿਖੇ, ਪਰ ਵਾਕਿਆਤ ਜ਼ਰੂਰ ਹੋਇ ਹਨ । ਜਿਵੇਂ ਹੀ ਗੁਰੂ ਗ੍ਰੰਥ ਜੀ ਨੂੰ ਗੁਰਿਆਈ ਦੇਣ ਦੀ ਅਤੇ ਪੰਚ ਪ੍ਰਵਾਨ ਗੁਰੂ ਖਾਲਸਾ ਜੀ ਨੂੰ ਸਰੀਰਕ ਕਾਰ ਨਿਵਾਉਣ ਦੀ ਜੋ ਗੁਰਤਾ ਪਦਵੀ ਦਿਤੀ ਤੇ ਤਦ ਵੀ ਇਹਨਾਂ ਦੇ ਇਸ ਪੱਦ ਪ੍ਰਾਪਤੀ ਦੀ ਤਾਰੀਖ਼ ਸੰਮਤ ਨਹੀਂ ਲਿਖੀ, ਤਾਂ ਇਸ ਦਾ ਇਹ ਮਤਲਬ ਨਹੀਂ ਕਿ ਇਤਨੇ ਵਡੇ ਦੋ ਕਰਤਵ ਹੋ ਬੀਤੇ ਹੀ ਨਹੀਂ ਹਨ । ਜਦੋਂ ਕਿ ਦੂਜੀ ਥਾਂਏ ਸ੍ਰੀ ਸਰਬ ਲੋਹ ਗ੍ਰੰਥ ਵਿਚ ਦੋਵੇਂ ਜ਼ਿਕਰ ਪ੍ਰਤੱਖ ਲਿਖੇ ਹਨ ਅਤੇ ਬਾਹਦ ਵਿਚ ਸ੍ਰੋਤਾਂ ਸੁਣੀਆਂ ਮੁਤਾਬਕ ਸਮੇਂ ਦੇ ਲਿਖਾਰੀਆਂ ਨੇ ਬਹੁਤ ਚਿਰ ਪਿਛੋਂ ਲਿਖੇ ਹਨ ।

ਮੈਂ ਇਥੇ ਇਕ ਹੋਰ ਵਿਦਵਾਨ ਪੰਡਤ ਸ਼ੇਰ ਸਿੰਘ (ਸੰਤ ਖੁਦਾ ਸਿੰਘ ਜੀ) ਦੇ ਵੇਲੇ ਦੇ ਗ੍ਰੰਥ ਬੀਰ ਮਿਤਨੇਸ਼ ਵਿਚੋਂ ਇਕ ਉਦਾਹਰਣ ਪੇਸ਼ ਕਰਦਾ ਹਾਂ ਜੋ ਹੁਣ ਤੋਂ ਕਰੀਬਨ ੧੨੫ ਸਾਲ ਪਹਿਲੇ ਦਾ ਲਿਖਿਆ, ਜਿਹੜੇ ਵੀ ੧੯੦੦ ਤੋਂ ਵਧ ਕਰੀਬਨ ੧੦੫ ਸਾਲ ਪਹਿਲੇ ਦਾ ਛਪਿਆ ਹੈ । ਮੋਟੇ ਅਖਰਾਂ ਵਿਚ ਜਨਮ ਸਾਖੀਆਂ ਵਾਂਗੂ ਹੈ । ਉਸ ਵੇਲੇ ਨ ਸਿੰਘ ਸਭਾ ਦਾ ਜਨਮ ਹੋਇਆ ਤੇ ਨਾ ਅਜੇ ਪੰਥ ਵਿਰੋਧੀ ਕੋਈ ਹੈਗਾ ਸੀ । ਗੁਰੂ ਗ੍ਰੰਥ ਜੀ ਬਾਬਤ ਉਨ੍ਹਾਂ ਦੇ ਵਿਚਾਰ ਐਸੇ ਲਿਖੇ ਮਿਲੇ, ਜੋ ਦਸਦੇ ਹਾਂ—ਉਹ ਉਸਤਤੀ ਸੰਸਕ੍ਰਿਤ ਸ਼ਬਦਾਂ ਵਿਚ ਕਰਦੇ ਤੇ ਲਿਖਦੇ :—

"ਗੁਰੂ ਗ੍ਰੰਥ ਸਦਾ ਨੌਮਿ ਸਰਬੇ ਖਾਂ ਗੁਰੂਣਾਂ ਸ੍ਰਯੰ ॥
ਗਿਆਨਾਵਤਾਰ ਰੂਪੰਹਿ ਤਾਰਕੰ ਦ੍ਰਿੱਸ੍ਰੂ ਮਾਤਰਤਾ '।੨੭॥

ਭਾਵ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੈਂ ਸਦਾ ਹੀ ਤੇ ਹਰ ਸਮੇਂ ਨਿਮਸਕਾਰ ਕਰਦਾ ਹਾਂ । ਇਸ ਵਾਸਤੇ ਕਿ ਸ੍ਰੀ ਗੁਰੂ ਗ੍ਰਿਤ (ਗੁਰੂ) ਗ੍ਰੰਥ ਸਾਹਿਬ ਸਾਰੇ ਸਤਿਗੁਰਾ

ਦਾ ਸਰੂਪ ਹਨ, ਤੇ ਐਸਾ ਫੇਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਫੁਰਮਾਇਆ ਹੈ :—

ਦੋਹਿਰਾ : "ਗੁਰੂ ਗ੍ਰੰਥ ਜੀ ਮਾਨਿਉ ਪ੍ਰਗਟ ਗੁਰਾਂ ਕੀ ਦੇਹ ॥
ਜਾਂਕਾ ਹਿਰਦਾ ਸੁਧ ਹੈ ਖੋਜ ਸ਼ਬਦ ਮੈਂ ਲੇਹ ॥

ਨੋਟ : ਇਹ ਦੋਹਿਰਾ ਸਿੰਘ ਸਭਾ ਦੇ ਜਨਮ ਤੋਂ ਅਤੇ ਗੁਰਮੁਖ ਸਿੰਘ ਤੋਂ ਵੀ ਪਹਿਲੇ ਦੀ ਪ੍ਰਚਲਤ ਲਿਖਤ ਹੈ ਜਦੋਂ ਅਜੇ ਛਾਪੇਖਾਨੇ ਚਲੇ ਹੀ ਨਹੀਂ ਸਨ, ਤੇ ਚਲੇ ਵੇਲੇ ਪਹਿਲੀ ਵੇਰ ਪੁਸਤਕ ਛਪੀ ਸੀ।

ਇਸ ਤੋਂ ਅਗੇ ਪੰਡਤ ਸ਼ੇਰ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਪ੍ਰੇਮ ਪਿਆਰ ਵਿਚ ਭਿਜੇ ਹੋਇਆਂ ਐਸੇ ਸ਼ਬਦ ਵਾਰਤਕ ਲਿਖੇ ਹਨ :—

"ਕੈਸੇ ਹੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ! ਜੋ ਬ੍ਰਹਮ ਗਿਆਨ ਕਾ ਅਵਤਾਰ। ਏਕ ਪੰਚਮੋਂ ਵੇਦ ਹੀ ਨਿਸਚੇ ਕਰਕੇ। ਜੋ ਕੋਈ ਭੀ ਜੀਵ-ਸ਼ਰਧਾ ਭਗਤੀ ਕਰਕੇ—ਸਰਬ ਗੁਰੂਉਂ ਕੋ ਅਵਤਾਰ ਜਾਨਕੇ ਦਰਸ਼ਨ ਕਰਤੇ ਹੈਂ ਤਿਨ ਕੇ ਕਰਣ ਸੁੱਧੀ ਦਵਾਰਾ—ਵਾ ਗਿਆਨ ਸੋਖ ਦਵਾਰਾ ਤਾਰਕ ਹੈ। ਸੰਸਾਰ ਰੂਪੀ ਮਹਾਂ ਭਿਆਨਕ ਸਮੁੰਦਰ ਸੇ ਤਾਰ ਲੇਤੇ ਹੈ। ਜਹਾਜ਼ ਰੂਪ ਹੋ ਕੇ ਵਾ ਸੇਤੂ (ਪੁਲ) ਰੂਪ ਹੋਕੇ। ਅਰਥਾਤ ਪ੍ਰਤੀ ਦਿਨ ਸ਼ਰਧਾ ਭਗਤੀ ਕਰਕੇ ਜੋ ਗੁਰੂ ਗ੍ਰੰਥ ਸਾਹਿਬ ਕੋ ਦਰਸ਼ਨ ਕਰਤੇ ਹੈ ਤਿਨਕੋ ਸੰਸਾਰ ਰੂਪੀ ਸਮੁੰਦਰ ਮੇਂ ਡੂਬਨੇ ਕੋ ਡਰ ਨਹੀਂ ਰਹਿਤੇ। ਸੋ ਨਿਸੰਕ ਹੋ ਜਾਤੇ ਹੈ ਔਰ ਤਿਸ ਕੋ ਜਮਦੂਤ ਆਦਕੋਂ ਕਾ ਡਰ ਨਾ ਰਹਿਤੇ ਹੈ। ਉਲਟਾ ਜੰਮਦੂਤ ਤਿਸਨੋ ਡਰ ਕਰਕੇ ਪ੍ਰਣਾਮ ਕਰਤੇ ਹੈਂ—ਤਥਾ ਸ੍ਰੀ ਮੁਖ ਵਾਕ-ਨਾਨਕ ਧਰਮ ਐਸੇ ਚਵੈ ਕੀਤੇ ਨੇ ਭਵਨ ਪੁਨੀਤ।"

ਇਹ ਤਾਂ ਇਕ ਪੁਰਾਤਨ ਵਿਦਵਾਨ ਦੀ ਗੁਰੂ ਗ੍ਰੰਥ ਸਾਹਿਬ ਤੇ ਸ਼ਰਧਾ ਭਾਵਨਾ ਨੂੰ ਪ੍ਰਗਟ ਕੀਤਾ ਹੈ। ਇਸ ਵਾਸਤੇ ਕਿ ਉਸ ਲੇਖਕ ਦੇ ਵੇਲੇ ਨਾ ਸਿੰਘ ਸਭਾ ਹੈ ਸੀ ਤੇ ਨਾ ਹੀ ਖੇਪਕ ਤੇ ਅਸਲੀਅਤ ਦਾ ਕੋਈ ਸਵਾਲ ਸੀ, ਤੇ ਨਾ ਹੀ ਬਾਬਾ ਰਾਮ ਸਿੰਘ ੧੨ਵੇਂ ਸਤਿਗੁਰੂ ਪ੍ਰਗਟੇ ਸਨ।

ਹੁਣ ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਸੂਰਜ ਪ੍ਰਕਾਸ਼ ਵਿਚ ਕਵੀ ਸੰਤੋਖ ਸਿੰਘ ਵਲੋਂ ਗੁਰੂ ਜੀ ਦੇ ਜੋਤੀ ਜੋਤ ਸਮਾਣੇ ਦੀ ਸਾਖੀ ਨੂੰ ਉਹ ਸੱਚਾ ਮੰਨਦਾ ਕਿ ਉਹ ਸਣਦੇਹੀ ਘੋੜੇ ਤੇ ਸਵਾਰ ਹੋ ਕੇ ਲੋਪ ਹੋਇ ਸਨ, ਤੇ ਗੁਰਗੱਦੀ ਗ੍ਰੰਥ ਸਾਹਿਬ ਨੂੰ ਨਹੀਂ, ਬਲਕਿ ੯੦ ਸਾਲ ਬਾਹਦ ਬਾਬਾ ਬਾਲਕ ਸਿੰਘ ਨੂੰ ੧੧ਵੀਂ ਥਾਂਇ ਗੁਰੂ ਗੱਦੀ ਦਿਲਾਂਦ ਹੈ, ਪਰ ਸੂਰਜ ਪ੍ਰਕਾਸ਼ ਦੀ ਦੂਜੀ ਥਾਂ ਪਹਿਲੇ ਲਿਖੀ ਲਿਖਤ ਨੂੰ ਉਹਲੇ ਕਰੀ ਜਾਂਦਾ ਹੈ। ਜਿਸ ਤੋਂ ਗੁਰੂ ਹਰਿਕ੍ਰਿਸ਼ਨ ਜੀ ਦੀ ਜ਼ੁਬਾਨੀ ਵੀ ਪੋਥੀ ਸਾਹਿਬ ਨੂੰ ਗੁਰੂ ਗ੍ਰੰਥ ਸਾਹਿਬ ਹੀ ਮੰਨਿਆ, ਜਦੋਂ ਦਿੱਲੀ ਵਿਚ ਅੰਤ ਸਮੇਂ ਸਿਖਾਂ ਨੇ ਪੁਛਿਆ ਤੇ ਉਨ੍ਹਾਂ ਐਸਾ ਫੁਰਮਾਇਆ ਸੀ :—

ਗੁਰਗੱਦੀ ਅਬਚਲ ਜਗ ਮਾਹੀ ॥ ਵਧਹਿ ਪ੍ਰਤਾਪ ਮਿਟਹਿ ਕਿਮ ਨਾਹੀ ॥
ਮਨੋ ਕਾਮਨਾ ਸੰਗਤ ਪਾਵਹਿ ॥ ਲੇ ਗੁਰ ਤੇ ਉਪਦੇਸ ਕਮਾਵਹਿ ॥*

---

* ਇਥੇ "ਲੇ ਗੁਰ ਤੇ ਉਪਦੇਸ ਕਮਾਵੇਂ" ਦਾ ਸਾਫ਼ ਭਾਵ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਤੋਂ ਜੋ ਸ਼ਬਦ ਉਪਦੇਸ਼ ਮਿਲਦਾ ਹੈ—ਉਹਦੀ ਕਮਾਈ ਕਰੇ। ਸੁਣਕੇ ਚਾਹੇ ਖੁਦ ਪੜ੍ਹ ਕੇ ਵਿਚਾਰੇ ਤੇ ਕਮਾਏ।

ਗੁਰੂ ਗ੍ਰੰਥ ਸਾਹਿਬ ਸਭ ਕੇਰਾ ॥ ਜੋ ਹਮਰੋ ਚਹਿ ਦਰਸਨ ਚੇਰਾ ॥
ਹੋਇ ਕਾਮਨਾ ਸਿਖ ਕੋ ਕੋਈ ॥ ਬਿਘਨ ਪਰੇ ਕੈ ਸੰਕਟ ਹੋਈ ॥
ਸਰਨ ਗ੍ਰੰਥ ਸਾਹਿਬ ਕੀ ਜਾਇ ॥ ਤੱਤ ਛਿਨ ਸਤਿਗੁਰ ਬਨਹਿ ਸਹਾਇ ॥
ਸ਼ਰਧਾਲੂ ਕੋ ਸਭ ਕਿਛ ਆਹੈ ॥ ਹੋਇ ਅਸਰਧਕ ਕਿਮਹੂੰ ਨ ਲਹੈ ॥
ਤਨ ਸਦੀਵ ਥਿਰ ਹੋਇ ਨ ਕੋਇ ॥ ਰਿਦਾ ਗ੍ਰੰਥ ਗੁਰ ਕੋ ਲਿਹੁ ਜੋਇ ॥
(ਰਾਸੀ ੧੦ ਅਸੂ ੫੨)

ਉਕਤ ਬੋਲ ! ਸਿਰਫ ਪੰਜ ਸਤ ਸਾਲ ਦੇ ਬਾਲਕੇ ਸਰੀਰ ਦੇ ਨਹੀਂ । ਬਲਕਿ ਉਸ ਅਮਰਜੋਤੀ ਦੇ ਹਨ, ਜੋ ਪਹਿਲੇ ਗੁਰੂ ਸਰੀਰਾਂ ਵਿਚ ਬਿਰਾਜਮਾਨ ਰਹੀ ਤੇ ਗੂੰਗੇ ਝੀਵਰ ਤੋਂ ਗੀਤਾ ਦਾ ਪਾਠ ਤੇ ਅਰਥ ਕਰਾਕੇ ਹੁਣ ੯ਵੀਂ ਥਾਂ ਦਿੱਲੀ ਵਿਚ ਬਿਰਾਜਮਾਨ ਹੈ । ਉਸ ਦਾ ਇਹ ਫੁਰਮਾਨ ਹੈ ਕਿ ਗੁਰਗੱਦੀ ਸੰਸਾਰ ਵਿਚ ਅਟੱਲ ਰਹੇਗੀ ਤੇ ਉਹ ਸ੍ਰੀ ਗੁਰੂ ਗ੍ਰੰਥ ਜੀ ਦੇ ਰੂਪ ਵਿਚ (ਗੁਰੂ ਸ਼ਬਦ) ਗੁਰੂ ਕਾ ਹਿਰਦਾ ਰੂਪ ਵਿਚ ਬਿਰਾਜਮਾਨ ਰਹੇਗੀ । ਤੇ ਇਸ (ਸਤਿਗੁਰੂ) ਸ੍ਰੀ ਗੁਰੂ ਗ੍ਰੰਥ ਜੀ ਦਾ ਦਰਸ਼ਨ ਮੇਰਾ ਹੀ ਦਰਸ਼ਨ ਹੋਇਗਾ । ਪਰ ਸ਼ਰਧਾਲੂਆਂ ਵਾਸਤੇ ਐਸਾ ਹੈ, ਉਹ ਜੇਕਰ ਕਿਸੇ ਵੀ ਸੰਕਟ ਵੇਲੇ--ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਰਨ ਪੈਣਗੇ, ਅਰਦਾਸੇ ਕਰਨਗੇ—ਸਤਿਗੁਰੂ ਤੱਤ ਛਿਨ ਸਹਾਇਤਾ ਕਰਨਗੇ । ਪਰ ਅਸ਼ਰਧਕਾਂ ਨੂੰ ਕੋਈ ਲਾਭ ਨਹੀਂ ਹੋਣਾ ।

ਉਕਤ ਫੁਰਮਾਣ ਤੋਂ ਇਹ ਵੀ ਸਾਫ ਸਾਬਤ ਹੈ ਕਿ ਗੁਰੂ ਅਰਜਨ ਦੇਵ ਦੀ ਲਿਖਾਈ ਬੀੜ ਜਿਸ ਤੇ "ਪੋਥੀ ਸਾਹਿਬ" ਨਾਮ ਲਿਖਿਆ ਸੀ, ਇਸ ਬੀੜ ਨੂੰ "ਗੁਰੂ ਗ੍ਰੰਥ ਸਾਹਿਬ" ਨਾਮ ਨਾਲ ਪਹਿਲੇ ਹੀ ਸਤਿਕਾਰਿਆ ਜਾਂਦਾ ਸੀ, ਤਦੇ ਭਾਈ ਰਾਮ ਕੌਰ ਤੋਂ ਸੁਣ ਕੇ ਭਾਈ ਸਾਹਿਬ ਸਿੰਘ ਨੇ ਲਿਖਿਆ ਤੇ ਉਹਨਾਂ ਦੀ ਲਿਖਤ ਅਨੁਸਾਰ ਹੀ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਸੀ । ਪਰ ਇਸ ਤਰ੍ਹਾਂ ਦੀਆਂ ਲਿਖਤਾਂ ਦਾ ਨਾਮਧਾਰੀ ਸੰਤ ਪਰ ਕੋਈ ਅਸਰ ਨਹੀਂ ਹੈ ।

ਗੁਰੂ ਹਰਿਕ੍ਰਿਸ਼ਨ ਜੀ ਤੋਂ ਉਕਤ ਬਚਨ ਸੁਣੇ ਮਗਰੋਂ ਸਿਖਾਂ ਨੇ ਫੇਰ ਅਰਜ ਕੀਤੀ ਸੀ ਕਿ ਪਾਤਸ਼ਾਹ ! ਸੋਢੀ ਸਾਹਿਬਜ਼ਾਦੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਲਿਖਾ ਕੇ ਘਰ ਘਰ ਗੁਰੂ ਬਣ ਬੈਠਣਗੇ । ਇਸ ਤਰ੍ਹਾਂ ਗੁਰੂ ਸਿਖਾਂ ਨੂੰ ਵਖੋ ਵਖਰੇ ਸੋਢੀ ਭਰਮਾਉਣਗੇ ਤੇ ਸਿਖ ਡੋਲ ਜਾਣਗੇ । ਤਾਂ ਤੇ ਕਿਸੇ ਇਕ ਦੇ ਲੜ ਲਾਈਏ । ਇਸ ਵੇਲੇ ਇਨ੍ਹਾਂ ਦੀ ਐਸੀ ਬੇਨਤੀ ਮੰਨ ਕੇ ਗੁਰੂ ਜੀ ਨੇ ਫੁਰਮਾਇਆ ਸੀ "ਬਾਬਾ ਬਕਾਲੇ" ਤਦੋ ਗੁਰੂ ਤੇਗ ਬਹਾਦਰ ਪ੍ਰਗਟੇ ਸੀ ।

ਤਿਵੇਂ ਹੀ ਦਸਮੇਸ਼ ਜੀ ਨੇ ਅੰਤ ਸਮੇਂ ਗੁਰੂ ਗ੍ਰੰਥ ਜੀ ਦਾ ਪੂਜਨ ਤੇ ਗੁਰਗੱਦੀ ਸਥਾਪਨਾ ਦਾ ਜਿਵੇਂ ਨਿਸਚਾ ਪੱਕਾ ਕਰਾਇਆ ਸੀ--ਨਾਲ ਹੀ "ਗੁਰੂ ਖਾਲਸਾ" ਜੀ ਦੀ ਪ੍ਰਭਤਾ ਵਡਿਆਈ ਨੂੰ ਇਨ੍ਹਾਂ ਸੁੰਦਰ ਸ਼ਬਦਾਂ ਵਿਚ ਸੁਣਾਇਆ ਸੀ--"ਸ੍ਰੀ ਮੁਖ ਤੇ ਤਬ ਧੀਰਜ ਦੀਨਾਂ । ਹਮ ਸਭ ਬਾਤ ਪ੍ਰਿਥਮ ਕਰ ਲੀਨਾ"

(ਗੁਰੂ ਜੀ ਖੋਹਲ ਕੇ ਦਸਿਆ ਕਿ ਇਸ ਗੁਰਤਾ-ਗੁਰਿਆਈ ਦੇ ਸੰਬੰਧ ਵਿਚ ਅਸੀਂ ਜੋ ਕੁਝ ਕਰਨਾ ਸੀ ਪਹਿਲੇ ਹੀ (ਪ੍ਰਿਥਮ) ਕਰ ਲਿਆ ਹੋਇਆ ਸੀ--ਹੁਣ ਤੁਸਾਂ ਨੂੰ ਫੇਰ ਸਮਝਾਇਆ ਜਾਂਦਾ ਹੈ ਨਿਸਚੇ ਨਾਲ "ਸ਼ਬਦ" ਨੂੰ ਮੇਰਾ

ਹਿਰਦਾ ਜਾਣੋ ।

"ਨਿਸ਼ਚੈ ਸ਼ਬਦ ਰਿਦਾ ਹੈ ਮੋਰੋ ॥ ਇਹ ਸੋ ਮਿਲੀਏ ਸੰਝ ਸਵੇਰੋ ॥
ਗੁਰੂ ਖਾਲਸਾ, ਖਾਲਸਾ ਗੁਰੂ ॥ ਅਬ ਤੇ ਹੋਇ ਐਸੀ ਬਿਧ ਸ਼ੁਰੂ ॥
ਅਪਨੀ ਜੋਤ ਖਾਲਸੇ ਬਿਖੈ ॥ ਹਮ ਨੇ ਧਰੀ ਸਕਲ ਜਗ ਪਿਖੈ ॥
ਗੰਢ ਅਕਾਲ ਪੁਰਖ ਸੋਂ ਪਾਯੋ ॥ ਸੌਂਪਣ ਕਰ ਅੰਚਰ ਪਕਰਾਯੋ ॥
ਸਿੰਘ ਸੁਰਹਿਤ ਪੰਚ ਜਿਹ ਮਿਲੈ ॥ ਮਮ ਸਰੂਪ ਸੋ ਦੇਖੋ ਭਲੋ ॥
ਸਿੰਘ ਪੰਚਨ ਮਹਿ ਮੇਰੋ ਬਾਸਾ ॥ ਪੂਰਨ ਕਰੌਂ ਧਰਹਿ ਜੋ ਆਸਾ ॥
ਬਿਦਤ ਖਾਲਸਾ ਪੰਥ ਭਵਿਖਯ ॥ ਅਵਨੀ ਰਾਜ ਕਰਹਿ ਮਿਲ ਸਿਖਯ ॥
(ਐਨ ੨ ਅੰਸੂ ੨੩)

ਤਾਂਤੇ ਯਕੀਨ ਕਰਨਾ ਚਾਹੀਏ ਕਿ ਸਰੀਰ ਛੱਡੇ ਬਾਅਦ ਗੁਰੂ ਆਤਮਾਂ ਸਰਬ-ਵਿਆਪੀ ਹੋ ਜਾਂਦੀ ਹੈ ਤੇ ਇਕੋ ਸਮੇਂ ਬਹੁਤ ਥਾਵਾਂ ਵਿਚ, ਦੇਸ ਪ੍ਰਦੇਸਾਂ ਵਿਚ ਜਿਥੇ ਪੰਜ ਸਿੰਘ ਮਿਲਵੀਂ ਅਰਦਾਸ ਕਰਨਗੇ ਗੁਰੂ ਸਾਹਿਬ ਪ੍ਰਵਾਨ ਕਰਨਗੇ ਤੇ ਬਾਹੁੜੀ ਕਰਨਗੇ । ਜਿਵੇਂ ਇਕ ਥਾਏਂ ਟੈਲੀਵੀਅਨ ਪਰ ਕੋਈ ਕੁਝ ਕਰਤਬ ਦਿਖਾਂਦਾ ਜਾਂ ਭਾਸ਼ਨ ਦਿੰਦਾ ਹੈ, ਲਖਾਂ ਥਾਈਂ ਉਸੇ ਵੇਲੇ ਉਸੇ ਤਰ੍ਹਾਂ ਦਾ ਦਿਖਾਈ ਦਿੰਦਾ ਹੈ । ਪਰ "ਗੁਰੂ ਖਾਲਸਾ" ਗੁਰੂ ਦੀ ਅਤੇ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਸਬੰਧੀ ਲਿਖਤ ਨੂੰ (ਜੋ ਸੂਰਜ ਪ੍ਰਕਾਸ਼ ਦੀ ਹੈ) ਨਾਮਧਾਰੀ ਲੇਖਕ ਨਹੀਂ ਮੰਨਦਾ । ਤਾਰੀਖਾਂ ਪੁਛਦਾ ਅਤੇ ਹੋਰ ਇਤਿਹਾਸਕ ਪ੍ਰਵਾਣੀਕ ਸਬੂਤ ਚਾਹੁੰਦਾ ਹੈ ਕਿ ਸ੍ਰੀ ਗ੍ਰੰਥ ਸਾਹਿਬ ਨੂੰ ਗੁਰਤਾ ਕਿਹੜੀ ਤਾਰੀਖ ਨੂੰ ਮਿਲੀ ?

ਹੁਣ ਪਾਠਕਾਂ ਪ੍ਰਤੀ ਇਹ ਦਸਣਾ ਹੈ ਕਿ ਉਹ ਆਪਣੇ ੧੧ਵੇਂ ਗੁਰੂ ਦੀ ਗੁਰਤਾ ਮਿਲੇ ਦਾ ਕੋਈ ਪੱਕਾ ਸਬੂਤ ਤੇ ਸ਼ਹਾਦਤ ਦੇਣ ਨੂੰ ਤਿਆਰ ਨਹੀਂ, ਕਿ ਕਿਸ ਦੇ ਸਾਹਮਣੇ ਗੁਰੂ ਜੀ ਨੇ ਐਸਾ ਫਰੇਬ ਕੀਤਾ ਕਿ ਇਕ ਪਾਸੇ ਉਹ ਸ੍ਰੀ ਗ੍ਰੰਥ ਸਾਹਿਬ ਅਤੇ ਪੰਥ ਨੂੰ ਗੁਰਤਾ ਦਿੰਦੇ ਅਤੇ ੯੦ ਸਾਲ ਬਾਅਦ ਉਹ ਬਾਬਾ ਬਾਲਕ ਸਿੰਘ ਨੂੰ ਆਪਣੀ ਥਾ ਦਾ ੧੧ਵਾਂ ਸੰਤ ਗੁਰੂ ਹੀ ਨਹੀਂ ਬਲਕਿ ਬਾਹਰਵੀਂ ਥਾਏਂ ਬਾਬਾ ਰਾਮਸਿੰਘ ਰੂਪ ਵਿਚ ਅਵਤਾਰ ਧਾਰੇ ਦਾ ਵਾਕ ਸੁਣਾਂਦੇ ਹਨ ।

ਬਸ ! ਇਹੋ ਹੈਰਾਨੀ ਹੈ ਕਿ ਸੰਤ ਜੀ ਨੂੰ ਨਿਜੀ ਪੱਖ ਪੂਰਤੀ ਵਾਸਤੇ ਜੋ ਮਿਲਿਆ ਉਹ ਤਾਂ ਮਿਠਾ ਮਿਠਾ ਸਭ ਹੜੱਪ ਅਤੇ ਉਸੇ ਸੂਰਜ ਪ੍ਰਕਾਸ਼ ਵਿਚੋਂ ਅਤੇ ਗਿਆਨੀ ਗਿਆਨ ਸਿੰਘ ਰਚਿਤ ਸ੍ਰੀ ਪੰਥ ਪ੍ਰਕਾਸ਼ ਵਿਚ ਜੋ ਠੀਕ ਲਿਖਿਆ ਹੈ ਉਹ ਸਭ ਖੇਪਕ ਹੈ ਅਤੇ ਅੰਗਰੇਜ਼ਾਂ ਦੇ ਪਾਲਤੂਆਂ ਖੁਸ਼ਾਮਦੀਆ ਨੇ ਲਿਖਿਆ ਹੈ । ਇਹ ਹੈ ਉਸ ਸੰਤ ਲੇਖਕ ਮੋਹਰ ਸਿੰਘ ਦੀ ਸਪਸ਼ਟ ਨੀਤੀ, ਜਿਸ ਅਨੀਤੀ ਤੇ ਕਪਟ ਨੂੰ ਅਸੀਂ ਪ੍ਰਗਟਾਣਾ ਹੈ ।

ਉਹ ਇਕ ਥਾਏਂ ਇਹ ਵੀ ਲਿਖਦਾ ਹੈ ਕਿ ਸ੍ਰੀ ਗ੍ਰੰਥ ਸਾਹਿਬ ਜੜ ਵਸਤੂ ਹੈ ਚੇਤੰਨ ਨਹੀਂ । ਚੇਤੰਨ ਸਰੀਰਧਾਰੀ ਹੀ ਸਤਿਗੁਰੂ ਹੋ ਸਕਦਾ ਹੈ । ਪਰ ਉਸ ਨੂੰ ਇਹ ਸਮਝ ਨਹੀਂ ਕਿ ਕਾਗਜ਼ਾਂ ਪਰ ਲਿਖੇ ਸ਼ਬਦ ਗੁਰੂ ਗਿਆਨ ਦੀ ਕਦਰ ਹੈ । ਚੇਤੰਨ ਇਕ ਮੂਰਖ ਆਦਮੀ ਵੀ ਹੈ ਉਸ ਵਿਚ ਬੋਲਣ ਦੀ ਸੁਣਨ ਦੀ ਚੇਤੰਤਾ ਹੈ, ਪਰ ਉਸ ਮੂਰਖ ਦੇ ਬੋਲ ਵਿਗਾੜ ਨੂੰ ਲੋਕੀਂ ਸੁਣਨਾ ਵੀ ਪਸੰਦ ਨਹੀਂ ਕਰਦੇ, ਤੇ ਸਰਕਾਰੀ

ਮੋਹਰ ਨਾਲ ਤਸਦੀਕ ਰਜਿਸਟਰੀਆਂ ਨੂੰ ਲੋਕੀਂ ਸੰਭਾਲ ਕੇ ਰਖਦੇ ਹਨ। ਤਿਵੇਂ ਗੁਰ ਗਿਆਨ ਦੀ ਸੰਭਾਲ ਤੇ ਮੰਨਣਾ ਜ਼ਰੂਰੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗਦੀ ਕਿਹੜੀ ਤਾਰੀਖ ਨੂੰ ਮਿਲੀ ? ਇਸ ਸਿਰਲੇਖ ਹੇਠਾਂ ਉਹ ਦੋ ਤਰ੍ਹਾਂ ਦੀਆਂ ਪੁਛਾਂ ਕਰਦਾ ਹੈ:

੧—ਗੁਰਗਦੀ ਮਿਲੀ ਦੀ ਤਾਰੀਖ ਤੇ ਇਤਿਹਾਸਕ ਪ੍ਰਵਾਨੀਕ ਸਬੂਤ ਕੀ ਹੈ ?

੨—ਪੰਜ ਪਿਆਰੇ ਜਾਂ ਪੰਥ ਖਾਲਸਾ ਨੂੰ ਗੁਰਿਆਈ ਕਿਹੜੀ ਤਾਰੀਖ ਨੂੰ ਮਿਲੀ ? ਸਬੂਤ ਕੀ ਹੈ ?

ਇਹਨਾਂ ਦੋਹਾਂ ਪ੍ਰਸ਼ਨਾਂ ਦਾ ਉਤਰ ਮੰਗਣ ਵਾਸਤੇ ਉਸ ਨੇ ਪੰਥ ਦੇ ਬਹੁਤ ਵਿਦਵਾਨ ਲੇਖਕਾਂ ਪਾਸੋਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, ਤੇ ਸਬੰਧਤ ਹੋਰ ਸਿਖ ਸੰਸਥਾਵਾਂ ਪਾਸੋਂ ਵੀ ਪੁਛਿਆ ਸੀ, ਅਤੇ ਉਹਨਾਂ ਦੇ ਦਿਤੇ ਉਤਰ ਵੀ ਪੁਛਾਂ ਅਨੁਸਾਰ ਨਹੀਂ ਸਨ। ਗੱਲ ਮੋਲ ਸਨ, ਜਿਸ ਤੇ ਨਾਮਧਾਰੀ ਲੇਖਕ ਜੀ ਨੇ ਮੈਦਾਨ ਮਾਰ ਲਿਆ ਸਮਝ ਕੇ ਇਸ ਦਲੇਰੀ ਨਾਲ ਪੁਰਖ ਗੁਰੂ ਲਿਖਣ ਨੂੰ ਤਿਆਰ ਹੋਇਆ, ਕਿ ਉਹ ਆਪਣੇ ਨਾਪਾਕ ਇਰਾਦੇ ਵਿਚ ਸਫਲ ਹੋ ਜਾਏਗਾ ਤੇ ਉਸ ਦੀ ਇਹ "ਪੁਰਖ ਗੁਰੂ" ਨਾਮੀ ਪੁਸਤਕ ਪੜ੍ਹੇ ਮਗਰੋਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣਾ ਛਡ ਕੇ ਖਾਲਸਾ ਪੰਥ, ਨਾਮਧਾਰੀ ਗੁਰੂ ਜੀ ਨੂੰ ਗੁਰੂ ਨਾਨਕ ਦੇਵ ਦੀ ਗੱਦੀ ਦਾ ਸਹੀ ਵਾਰਸ ਮੰਨ ਲਵੇਗਾ। ਪਰ ਗੁਰੂ ਕਿਰਪਾ ਨਾਲ ਉਹਨਾਂ ਪੁਛਾਂ ਦੇ ਅਸੀਂ ਯੋਗ ਉਤਰ ਦਿਤੇ ਹਨ ਕਿ ਉਹ ਝੁਟਲਾਏ ਨਹੀਂ ਸਕੇਗਾ। ਤਦ ਵੀ ਜਿਸ ਜਿਸ ਥਾਂ ਤੋਂ ਚਿਠੀਆਂ ਰਾਹੀਂ ਉਹ ਉਤਰ ਮੰਗਦਾ ਰਿਹਾ ਸੀ ਉਹ ਲਿਖਤ ਵੀ ਇਸ ਤਰ੍ਹਾਂ ਦੀ ਹੈ—

੧. ਮੇਹਰ ਸਿੰਘ ਦੀ ਪਹਿਲੀ ਲਿਖੀ ਚਿਠੀ ਦਾ ਉਤਰ ਡਾਕਟਰ ਗੰਡਾ ਸਿੰਘ ਜੀ ਨੇ ੧੭-੩-੭੩ ਨੂੰ ਠੀਕ ਦੇ ਦਿਤਾ ਸੀ। ਫਿਰ ਦੂਜੀ ਵੇਰ ਜੂਨ ੧੪, ੧੯੭੩ ਵਿਚ ਅਤੇ ਤੀਜੀ ਵੇਰ ਜੂਨ ੨੧, ੧੯੭੩ ਨੂੰ ਦਿਤਾ, ਪਰ ਉਸ ਦੀ ਤਸੱਲੀ ਨਹੀਂ ਕਰਾ ਸਕੇ ਤੇ ਉਸ ਨੇ ਆਪਣੀ ਪੁਸਤਕ ਵਿਚ ਚਿਠੀਆਂ ਦੇ ਬਲਾਕ ਛਾਪੇ ਹਨ:

੨. ਦੂਜੀ ਚਿਠੀ ਉਸ ਨੇ ਗੁਰੂ ਗ੍ਰੰਥ ਸਾਹਿਬ ਮਿਸ਼ਨ ਟਰੱਸਟ ਜੀ. ਟੀ. ਰੋਡ ਸ਼ਾਹਪੁਰ ਅੰਬਾਲਾਂ ਛਾਉਣੀ ਨੂੰ ਲਿਖੀ। ਜਿਸ ਦਾ ਉਤਰ ਉਹਨਾਂ (ਟਰੱਸਟ ਵਾਲਿਆਂ) ਵਲੋਂ ੨੧-੬-੭੫ ਨੂੰ ਸੰਤ ਮੇਹਰ ਸਿੰਘ ਨੂੰ ਮਿਲਿਆ। ਪਰ ਇਸ ਦਾ ਮਜਮੂਨ ਵੀ ਗੋਲ-ਮੋਲ ਸੀ ਤੇ ਉਸ ਨੇ ਪੁਰਖ ਗੁਰੂ ਵਿਚ ਬਲਾਕ ਛਾਪਿਆ ਹੈ।

੩. ਤੀਜੀ ਚਿਠੀ ਉਸ ਨੇ ਜਨਰਲ ਸਕੱਤਰ, ਕੇਂਦਰੀ ਸਿੰਘ ਸਭਾ ਸਮੁੰਦਰੀ ਹਾਲ ਅੰਮ੍ਰਿਤਸਰ ਨੂੰ ੪-੮-੭੫ ਨੂੰ ਲਿਖੀ। ਜਿਸ ਦਾ ਉਹ ਦਸਦਾ ਹੈ ਕਿ ਜਵਾਬ ਹੀ ਨਹੀਂ ਆਇਆ ਤੇ ਫੇਰ ਨਾ ਲਿਖਿਆ।

੪. ਚੌਥੀ ਵੇਰ ਉਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਲਿਖਿਆ ਜਿਸ ਦਾ ਉਤਰ ਸ਼੍ਰੋਮਣੀ ਕਮੇਟੀ ਨੇ ੪-੮-੭੫ ਨੂੰ ਦਿਤਾ। ਫਿਰ ਦੂਜੀ ਵੇਰ ਦਾ ਜਵਾਬ ੨੯-੮-੭੫ ਨੂੰ ਦਿਤਾ ਸੀ, ਜਿਨ੍ਹਾਂ ਦੇ ਬਲਾਕ ਦੀਆਂ ਦੋਵੇਂ ਕਾਪੀਆਂ ਉਸ ਨੇ ਪੁਸਤਕ ਵਿਚ ਦਿਖਾਈਆਂ ਹਨ। ਇਹਨਾਂ ਦੇ ਦਿਤੇ ਉਤਰ ਨਾਲ ਵੀ ਉਹਦੀ ਤਸੱਲੀ ਨਹੀਂ ਹੋਈ।

੫. ਪੰਜਵੀਂ ਸਿਖ ਇਤਿਹਾਸ ਰੀਸਰਚ ਬੋਰਡ ਸ੍ਰੀ ਅੰਮ੍ਰਿਤਸਰ ਨੂੰ ਲਿਖੀ। ਉਸ ਦਾ ਜਵਾਬ ੧੯-੯-੭੫ ਨੂੰ ਉਹਨਾਂ ਨੇ ਲਿਖ ਭੇਜਿਆ, ਪਰ ਉਹ ਵੀ ਉਸ ਨੂੰ ਪਸੰਦ ਨਹੀਂ ਆਇਆ ਤੇ ਬਲਾਕ ਨਾਲੇ ਛਾਪ ਦਿਤਾ ਹੈ। ਦੂਜੀ ਵੇਰ ੨੪-੧੧-੭੫ ਨੂੰ ਉਹਨਾਂ ਨੇ ਉਸ ਦੀ ਦੂਜੀ ਚਿਠੀ ਦਾ ਜਵਾਬ ਦਿਤਾ ਤੇ ਉਹ ਵੀ ਨਹੀਂ ਮੰਨਿਆ ਤੇ ਬਲਾਕ ਛਾਪਿਆ ਹੈ।

੬. ਛੇਵੀਂ ਚਿਠੀ ਇਸ ਪ੍ਰਬੰਧਕ ਕਮੇਟੀ ਤਖਤ ਸ੍ਰੀ ਪਟਨਾ ਸਾਹਿਬ ਨੂੰ ਲਿਖੀ। ਜਿਸ ਦਾ ਜਵਾਬ ੧-੩-੭੬ ਨੂੰ ਉਨ੍ਹਾਂ ਨੇ ਦਿਤਾ ਤੇ ਇਸ ਦੇ ਪਸੰਦ ਨਹੀਂ ਸੀ। ਉਹ ਬਲਾਕ ਵੀ ਇਸ ਨੇ ਨਾਲੇ ਛਾਪਿਆ ਹੈ।

੭. ਸਤਵੀਂ ਚਿਠੀ ਮੋਹਰ ਸਿੰਘ ਨੇ ਡਾਕਟਰ ਤਾਰਨ ਸਿੰਘ ਜੀ ਨੂੰ (ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ) ਵੀ ਲਿਖੀ ਜਿਸ ਦਾ ਜਵਾਬ ਉਹਨਾਂ ਨੇ ੧੩ ਮਾਰਚ ਮਾਰਚ ੧੯੭੯ ਨੂੰ ਦਿਤਾ ਸੀ, ਉਹ ਵੀ ਪੁਸਤਕ ਵਿਚ ਬਲਾਕ ਛਾਪਿਆ ਹੈ, ਅਤੇ ਦੂਜੀ ਚਿਠੀ ਦਾ ਜਵਾਬ ਡਾਕਟਰ ਜੀ ਨੇ ੨੯ ਮਾਰਚ ੧੯੭੯ ਨੂੰ ਦਿਤਾ ਜੋ ਇਹ ਵੀ ਬਲਾਕ ਨਾਲੇ ਰਖਿਆ ਦਸਿਆ ਹੈ।

੮. ਅਠਵੀਂ ਚਿਠੀ ਉਸ ਨੇ ਬੀੜਾਂ ਛਾਪਣ ਵਾਲੇ ਭਾਈ ਜਵਾਹਰ ਸਿੰਘ ਕਿਰਪਾਲ ਸਿੰਘ ਜੀ ਨੂੰ ਲਿਖੀ ਸੀ। ਉਸ ਦੇ ਉਤਰ ਵਿਚ ਉਹਨਾਂ ਵਲੋਂ ਵੀ ਠੋਸ ਉਤਰ ਨਾ ਮਿਲੇ ਪਰ ਇਸ ਨੇ ਇਓਂ ਲਿਖ ਭੇਜਿਆ :

"ਅੰਤ ਵਿਚ ਮੈਂ ਸਨਿਮਰ ਬੇਨਤੀ ਕਰਦਾ ਹਾਂ ਕਿ ਮੇਰੇ ਦੋਨਾਂ ਪ੍ਰਸ਼ਨਾਂ ਦਾ ਉਤਰ ਗੋਲ-ਮੋਲ ਨਾ ਦੇ ਕੇ ਸਪਸ਼ਟ ਤਾਰੀਖ ਤੇ ਕਿਸੇ ਪ੍ਰਮਾਣੀਕ ਪ੍ਰਾਚੀਨ ਇਤਿਹਾਸ ਵਿਚ ਵਰਨਣ ਵੀ ਸਪਸ਼ਟ ਹੀ ਹੋਣਾ ਚਾਹੀਏ। ਐਸਾ ਕਰਕੇ ਆਪ ਮੇਰੀ ਰੀਸਰਚ ਵਿਚ ਬਹੁਤ ਸਹਾਈ ਹੋਵੋਗੇ।

ਪਾਠਕਾਂ ਨੇ ਦੇਖ ਲਿਆ ਕਿ ਇਤਨੀਆਂ ਜਿੰਮੇਦਾਰ ਸੰਸਥਾਵਾਂ ਅਤੇ ਵਿਦਵਾਨਾਂ ਦੇ ਦਿਤੇ ਉਤਰ ਉਸ ਨੂੰ ਪਸੰਦ ਨਹੀਂ ਆਏ ਤੇ ਉਹ ਆਪਣੀ ਇਤਿਹਾਸਕ ਜਾਣਕਾਰੀ ਨਾਲ ਚੁੰਧਿਆਇਆ ਹੋਇਆ ਉਹਨਾਂ ਦੇ ਬਲਾਕ ਬਣਵਾ ਕੇ ਪਬਲਿਕ ਸਾਹਮਣੇ ਪੇਸ਼ ਕਰਦਾ ਹੈ। ਪਰ ਜੋ ਇਤਿਹਾਸਕ ਜਾਣਕਾਰੀ ਦੇ ਹਵਾਲੇ ਸ੍ਰੀ 'ਸਰਬ-ਲੋਹ' ਅਤੇ ਹੋਰ ਗ੍ਰੰਥਾਂ ਦੇ ਅਸੀਂ ਦਿਤੇ ਹਨ। ਇਹਨਾਂ ਤੋਂ ਸੰਤ ਖੁਦ ਅਨਜਾਣ ਹੈ ਜੈਸੇ ਕਿ ਮਾਨਯੋਗ ਦੂਜੇ ਵਿਦਵਾਨ ਨਹੀਂ ਜਾਣ ਸਕੇ। ਤਿਵੇਂ ਇਹ ਵੀ ਨਹੀਂ ਜਾਣਦਾ ਤੇ ਅਸੀਂ ਪਿਛੇ ਉਤਰ ਦਿਤੇ ਹਨ ਹੋਰ ਵੀ ਗੁਰੂ ਕਿਰਪਾ ਨਾਲ ਦੇਣੇ ਹਨ। ਪੜ੍ਹੀਏ :

੧. ਉਤਰ ਪਹਿਲੇ ਪ੍ਰਸ਼ਨ ਦਾ ਇਹ ਹੈ ਜੋ ਪਿਛੇ ਵੀ ਦਸਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਪਦਵੀ ਉਸੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਦਿਤੀ ਸੀ ਜਿਸ ਦਿਨ ਕਿ ਪਹਿਲੇ ਸ੍ਰੀ ਅਨੰਦਪੁਰ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਚੜ੍ਹਾ ਕੇ ਬੀੜ ਮੁਕੰਮਲ ਕੀਤੀ, ਤੇ ਪੁਸ਼ਟੀ ਕਰਨ ਲਈ ਹੀ ਸ੍ਰੀ ਸਰਬ-ਲੋਹ ਗ੍ਰੰਥ ਵਿਚ ਲਿਖ ਦਿਤਾ ਸੀ। ਪਰ ਉਹ ਇਕੋ ਬੀੜ ਸੀ ਜਾਂ ਵਧੀਕ ਸਨ, ਅਨੰਦਪੁਰ ਛਡਣ ਵੇਲੇ ਸਾਰੇ ਸਾਮਾਨ ਨਾਲ ਹੀ ਸਰਸਾ ਵਿਚ ਡੁਬੀਆਂ, ਜਾਂ ਕਿਲੇ ਦੀ ਲੁਟ-ਪੁਟ ਵੇਲੇ ਤੁਰਕਾਂ ਨੇ ਬਰਬਾਦ ਕਰ ਦਿਤੀਆਂ ਸਨ, ਕੋਈ ਪਤਾ ਨਹੀਂ?

ਦੂਜੀ ਵੇਰ ਸ੍ਰੀ ਦਮਦਮੇ ਅਸਥਾਨ ਪਰ ਲੋੜ ਸਮਝੀ ਤਾਂ ਮੰਗਵਾਉਣ ਵਾਸਤੇ ਭੇਜੇ ਬੰਦਿਆਂ ਤਾਈਂ ਕਰਤਾਰਪੁਰ ਦੇ ਸੋਢੀਆਂ ਨੇ ਕੋਰਾ ਜਵਾਬ ਦਿਤਾ ਸੀ ਜਿਸ ਤੇ ਉਥੇ ਦੂਜੀ ਬੀੜ ਲਿਖਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਪਹਿਲਾ ਨਾਮ ਰਖਿਆ ਸੀ ਤੇ ਉਹੀ ਬੀੜ ਨਾਲ ਲੈ ਗਏ ਸੀ। ਜਿਸ ਨੂੰ ਉਥੇ ਦੁਬਾਰਾ ਗੁਰੂ ਘਰ ਦੀ ਪੁਰਾਤਨ ਰੀਤ ਨਾਲ ਪੰਜ ਪੈਸੇ ਤੇ ਨਾਰੀਅਲ ਦੀ ਭੇਟ ਮਗਰੋਂ ਕੇਸਰ ਤਿਲਕ ਦੇ ਪੂਜਨ ਨਾਲ ਗੁਰਗੱਦੀ ਦਾ ਮਾਲਕ ਸਤਿਗੁਰੂ ਦਸਿਆ ਸੀ।

ਇਹ ਦਿਨ ਕਤਕ ਸੁਦੀ ਦੂਜ ਦਾ ਸੀ। ਤੇ ਇਸ ਵਾਸਤੇ ਇਹੋ ਤਾਰੀਖ ਠੀਕ ਹੈ ਕਿ ਗੁਰੂ ਜੀ ਤੋਂ ਬਾਹਦ ਵੀ ਉਥੇ ਭਾਈ ਸੰਤੋਖ ਸਿੰਘ ਤੇ ਧਰਮ ਸਿੰਘ ਰਹੇ ਸਨ। ਜਿਨ੍ਹਾਂ ਨਾਲ ਕੁਝ ਉਦਾਸੀ ਸੰਤ ਵੀ ਰਹੇ ਤੇ ਉਨ੍ਹਾਂ ਦੋਹਾ ਦੇ ਚਲਾਣਾ ਕੀਤੇ ਮਗਰੋਂ ਉਦਾਸੀ ਸੰਤਾਂ ਨੇ ਇਸ ਦਿਨ ਨੂੰ ਭੁਲਾਇਆ ਨਹੀਂ ਸੀ ਤੇ ਉਥੇ ਦੇ ਰੀਕਾਰਡ ਵਿਚ ਵੀ ਹੈਗਾ ਸੀ, ਤਦੇ ਉਥੋਂ ਦੀ ਚਿਠੀ ਦੇ ਹਵਾਲੇ ਦਾ ਉਤਰ ਡਾਕਟਰ ਗੰਡਾ ਸਿੰਘ ਜੀ ਨੇ ਦਿਤਾ ਸੀ।

ਅਸੀਂ ਪਿਛੇ ਵੀ ਦਸਿਆ ਕਿ ਵਾਕਿਆਤ ਤਾਂ ਠੀਕ ਹੈ ਝੁਟਲਾਇਆ ਨਹੀਂ ਜਾ ਸਕਦਾ ਤੇ ਵਖ ਵਖ ਲਿਖਾਰੀਆਂ ਪਾਸੋਂ ਵੱਦੀ ਸੁਦੀ ਲਿਖਣ ਵਿਚ ਗਲਤੀ ਰਹੀ ਦਾ ਇਹ ਮਤਲਬ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗਦੀ ਸਥਾਪਨ ਨਹੀਂ ਕੀਤਾ। ਬਲਕਿ ਪਲੰਘ ਪਰ ਅਸਥਾਪਨ ਤਾਂ ਸ਼ੁਰੂ ਤੋਂ (ਪੰਚਮ ਸਤਿਗੁਰੂ ਜੀ ਦੇ ਵੇਲੇ ਤੋਂ) ਕੀਤੇ ਗਏ ਸਨ ਪਰ ਇਕ ਰਸਮ ਅਦਾਇਗੀ ਦਾ ਸਮਾਂ ਗੁਰੂ ਸਰੀਰ ਦੇ ਅੰਤ ਸਮੇਂ ਵੇਲੇ ਹੀ ਹੁੰਦਾ ਹੈ, ਸੋ ਐਸਾ ਸਮਾਂ ਨਾਂਦੇੜ ਆਏ ਪਰ ਪੂਰੀ ਰਸਮ ਦੇ ਨਾਲ ਪੂਜਨ ਕੀਤੇ ਮਗਰੋਂ ਫੁਰਮਾਇਆ ਸੀ ਜੋ ਬਾਹਦ ਦੇ ਲਿਖਾਰੀਆਂ ਨੇ ਥੋੜੇ ਸ਼ਬਦਾਂ ਦੇ ਵਾਧੇ ਘਾਟੇ ਨਾਲ "ਗੁਰੂ ਮਾਨਿਉ ਗ੍ਰੰਥ" ਲਿਖਿਆ ਸੀ। ਇਹ ਖੇਪਕ ਨਹੀਂ ਹੈ—ਠੀਕ ਹੈ।

ਉਤਰ ਦੂਜਾ ੨—ਤਿਵੇਂ ਹੀ ਪੰਜ ਪਿਆਰਿਆਂ ਨੂੰ "ਗੁਰੂ ਖਾਲਸਾ" ਪਦਵੀ ਦੇਣ ਦੀ ਤਾਰੀਖ ਸੰਮਤ ੧੭੫੬ ਦੀ ਵਸਾਖੀ (੧੩ ਅਪਰੈਲ) ਦੀ ਹੈ ਜਿਸ ਦਿਨ ਉਹਨਾਂ ਨੂੰ ਅੰਮ੍ਰਿਤ ਛਕਾਇਆ ਤੇ ਫੇਰ ਉਨ੍ਹਾਂ ਪਾਸੋਂ ਬੇਨਤੀ ਦਵਾਰਾ ਮੰਗ ਕੇ ਅੰਮ੍ਰਿਤ ਛਕਿਆ ਸੀ। ਇਹ ਗੁਰੂ ਤੋਂ ਚੇਲਾ ਅਤੇ ਪੰਜ ਪਿਆਰੇ ਚੇਲਿਆਂ ਨੂੰ ਗੁਰੂ ਪਦਵੀ ਦੇਣ ਦਾ ਪ੍ਰਤੱਖ ਸਬੂਤ ਸੀ ਤੇ ਸਮਕਾਲੀ ਕਵੀ ਗੁਰਦਾਸ ਜੀ ਨੇ ਦੇਖਿਆ, ਤਦੇ ਲਿਖਿਆ ਸੀ—"ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ" ਅਗਰ ਵਾਕਿਆ ਇਹ ਨਾ ਹੁੰਦਾ, ਜਾਂ ਗਲਤ ਹੁੰਦਾ ਤਾਂ ਭਾਈ ਗੁਰਦਾਸ ਪਾਸੋਂ ਲੋਕਾਂ ਨੇ ਡਾਂਟ ਕੇ ਪੁਛਣਾ ਸੀ ਐਸਾ ਕਿਉਂ ਲਿਖਿਆ ਹੈ?

ਦੂਜੀ ਵੇਰ ਚਮਕੌਰ ਦੀ ਗੜੀ ਵਿਚ ਗੁਰੂ ਖਾਲਸਾ ਦਾ ਹੁਕਮ ਮੰਨ ਕੇ ਹੀ ਨਿਕਲੇ ਸੀ ਅਤੇ ਨਿਕਲੇ ਤੋਂ ਪਹਿਲਾਂ ਉਨ੍ਹਾਂ ਵਿਚੋਂ ਭਾਈ ਸੰਤ ਸਿੰਘ ਜੀ ਜਥੇਦਾਰ ਨੂੰ ਜਿਗਾ ਕਲਗੀ ਦੀ ਭੇਟ ਦੇ ਕੇ ਸੀਸ ਨਿਵਾਇਆ ਤੇ "ਗੁਰੂ ਖਾਲਸਾ" ਰੂਪ ਦਾ ਹੁਕਮ ਮੰਨ ਕੇ ਨਿਕਲੇ ਸਨ। ਇਹ ਤਾਰੀਖ ਵੀ ੨੨ ਦਸੰਬਰ ਸੰਨ ੧੭੦੪ ਦੀ ਕਰੀਬਨ ਅੱਧੀ ਰਾਤ ਦਾ ਵੇਲਾ ਸੀ।

ਤੀਜੀ ਵੇਰ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਚ "ਕਤਕ ਸੁਦੀ ਦੂਜ" ਨੂੰ ਗੁਰੂ

ਗ੍ਰੰਥ ਜੀ ਦੇ ਪੂਜਨ ਸਮੇਂ ਪੰਜ ਪਿਆਰਿਆਂ ਨੂੰ ਨਾਲ ਤਾਬਿਆ ਵਿਚ ਖਲਾਰਕੇ ਅਰਦਾਸ ਕੀਤੀ ਸੀ। ਉਨ੍ਹਾਂ ਪੰਜਾਂ ਦੇ ਨਾਮ ਇਹ ਸਨ—੧. ਭਾਈ ਧਰਮ ਸਿੰਘ ੨. ਭਾਈ ਸੰਤੋਖ ਸਿੰਘ ੩. ਭਾਈ ਸਾਹਿਬ ਸਿੰਘ ੪. ਭਾਈ ਗੁਰਬਖਸ਼ ਸਿੰਘ ਅਨੰਦਪੁਰੀ ਅਤੇ ਪੰਜਵੇਂ ਭਾਈ ਦੀਪ ਸਿੰਘ ਜੀ ਸਨ। ਅਰਦਾਸ ਮਗਰੋਂ ਨਿਮਸਕਾਰ ਕੀਤੀ, ਫਿਰ ਵਾਕ ਲਿਆ ਤੇ ਇਹ ਵਾਕ ਆਇਆ ਸੀ :—

ਅਬਚਲ ਨਗਰ ਗੋਬਿੰਦ ਗੁਰੂ ਕਾ ਨਾਮ ਜਪਤ ਸੁਖ ਪਾਇਆ ਰਾਮ ॥
ਮਨ ਇਛੇ ਸੇਈ ਫਲ ਪਾਏ ਕਰਤੈ ਆਪ ਵਸਾਇਆ ਰਾਮ ॥ (੭੮੩)

ਇਸੇ ਮਹਾਂਵਾਕ ਦੇ ਆਧਾਰ ਤੇ ਇਸ ਪਵਿਤ੍ਰ ਅਸਥਾਨ ਦਾ ਨਾਮ ਅਬਚਲ ਨਗਰ ਰਖਿਆ ਗਿਆ। ਜੈਕਾਰੇ ਗਜਾਏ ਗਏ ਸੀ, ਤੇ ਦੂਜੇ ਦਿਨ ਜੱਗ ਭੰਡਾਰਾ ਵੀ ਕੀਤਾ ਕਿ ਥਾਉਂ ਦਾ ਨਾਮ ਅਬਚਲ ਨਗਰ ਰਖਿਆ ਹੈ।

ਨੋਟ :—ਮਹਾਤਮਾ ਆਤਮ ਦਾਸ ਉਦਾਸੀ ਨੇ ਜੋ ਬੁਰਹਾਨ ਤੋਂ ਗੁਰੂ ਜੀ ਦੇ ਨਾਲ ਗਿਆ ਸੀ, ਇਸੇ ਨੇ ਵੀ ਆਪਣੀ ਅਖੀਂ ਦੇਖਿਆ ਸਾਰਾ ਹਾਲ ਆਪਣੀ ਗੁਹਜਕਥਾ ਨਾਮੀ ਪੁਸਤਕ ਵਿਚ ਲਿਖਿਆ ਤੇ ਉਹ ਪੁਸਤਕ ਸ੍ਰੀ ਤਖਤ ਸਾਹਿਬ ਦੇ ਪੁਜਾਰੀਆਂ ਪਾਸ ੨੨੫ ਸਾਲ ਤੋਂ ਸੰਭਾਲੀ ਪਈ ਸੀ ਜੋ ਹੁਣ ਤੋਂ ਕਰੀਬਨ ੬੦ ਸਾਲ ਪਹਿਲੇ ਦੇ ਪੁਜਾਰੀ ਭਾਈ ਹਜ਼ੂਰਾ ਸਿੰਘ ਜਿਨ੍ਹਾਂ ਦੇ ਦਰਸ਼ਨ ਸੰਨ ੧੯੧੮ ਵਿਚ ਇਸ ਦਾਸ ਨੇ ਕੀਤੇ ਸਨ, ਪਾਸ ਹੈਗੀ ਸੀ। ਜੋ ਮੈਨੇ ਨਹੀਂ ਦੇਖੀ ਤੇ ਨਾ ਇਸ ਪਾਸੇ ਲਗਨ ਸੀ। ਪਰ ਰਾਜਾ ਗੁਲਾਬ ਸਿੰਘ ਸੇਠੀ ਜੀ ਦਿੱਲੀ ਵਾਲੇ ਨੇ ਉਥੇ ਹੁੰਦਿਆਂ ਦੇਖੀ ਤੇ ਕੁਲ ਉਤਾਰਾ ਕੀਤਾ ਰਖਿਆ ਸੀ।

ਉਹਨਾਂ ਨੇ ਹੁਣ ਤੋਂ ਥੋੜੇ ਸਾਲ ਪਹਿਲੇ ਮੇਰੇ ਤੋਂ ਨਵੀਨ ਰੂਪ ਵਿਚ ਤਰਤੀਬ ਵਾਰ ਪੁਸਤਕ ਨੂੰ ਲਿਖਵਾ ਕੇ ਖਰੜਾ ਪੜਨ ਵਾਸਤੇ ਹਲਦਵਾਨੀ ਜਾਂਦਿਆਂ ਨਾਲੇ ਲੈ ਗਏ ਸਨ। ਉਥੇ ਉਹਨਾਂ ਦੀ ਬਹੁਤ ਜ਼ਮੀਨ ਸੀ। ਪਰ ਅਫਸੋਸ ਕਿ ਉਥੇ ਹੀ ਉਹ ਚਲਾਣਾ ਕਰ ਗਏ ਸੀ। ਮੁੜ ਉਹਦਾ ਖਰੜਾ ਨਾ ਮੈਨੂੰ ਮਿਲਿਆ ਤੇ ਨਾ ਹੀ ਦੇਖਿਆ ਹੈ।

ਫਿਰ ਮੈਂ ਸੰਨ ੧੯੬੯ ਵਿਚ ਪੁਸਤਕ "ਜ਼ਫਰਨਾਮਾ ਤੇ ਜ਼ਫਰਨਾਮਾ" ਦੀ ਰੀਸਰਚ ਵਾਸਤੇ ਸ੍ਰੀ ਹਜ਼ੂਰ ਸਾਹਿਬ ਗਿਆ ਸੀ--ਉਥੇ ਦੇ ਜਥੇਦਾਰ ਸਿੰਘ ਸਾਹਿਬ ਮੋਨੀ ਜੋਗਿੰਦਰ ਸਿੰਘ ਜੀ ਦੇ ਪਿਤਾ ਜੀ (ਭਾਈ ਕਿਸ਼ਨ ਸਿੰਘ ਜੀ) ਤੋਂ ਪੁਛਿਆ ਸੀ। ਉਨ੍ਹਾਂ ਵੀ ਦਸਿਆ ਕਿ ਅਸੀਂ ਵੀ ਉਹ "ਗਹੁਜਕਥਾ" ਦੀ ਪੁਰਾਤਨ ਲਿਖਤ ਪੜੀ ਸੀ ਪਰ ਭਾਈ ਹਜ਼ੂਰਾ ਸਿੰਘ ਦੇ ਚਲਾਣਾ ਕੀਤੇ ਮਗਰੋਂ ਸਾਨੂੰ ਨਹੀਂ ਮਿਲੀ ਤੇ ਨਹੀਂ ਪਤਾ ਕਿਸੇ ਨੇ ਉਨ੍ਹਾਂ ਤੋਂ ਲੀਤੀ ਤੇ ਵਾਪਸ ਨਹੀਂ ਕੀਤੀ ਸੀ। ਹੁਣ ਢੂੰਡਣ ਤੇ ਵੀ ਨਹੀਂ ਮਿਲੀ।

ਰਾਜਾ ਗੁਲਾਬ ਸਿੰਘ ਸੇਠੀ ਜੀ ਕਿਵੇਂ ਸ੍ਰੀ ਹਜ਼ੂਰ ਸਾਹਿਬ ਕਾਫੀ ਅਰਸਾ ਰਹੇ ਤੇ ਲਿਖਿਆ ਸੀ ਉਹ ਸਮਾਚਾਰ ਇਹ ਹੈ ਕਿ ਰਾਜਾ ਸਾਹਿਬ ਪਹਿਲੇ ਈਰਾਨ ਤੋਂ ਆਕੇ ਬੰਬਈ ਵਿਚ ਵਸੇ ਸਨ। ਉਥੇ ਇਨ੍ਹਾਂ ਦੇ ਦੋ ਸਪੁਤਰ ਚਲਾਣਾ ਕਰ ਗਏ ਸਨ।

ਇਹਨਾਂ ਭਾਣਾ ਮੰਨਿਆ ਤੇ ਬਹੁਤ ਵੈਰਾਗ ਹੋਇਆ ਸੀ। ਸ੍ਰੀ ਹਜ਼ੂਰ ਸਾਹਿਬ ਚਲੇ ਗਏ ਸੀ। ਇਥੇ ਇਹਨਾਂ ਨੇ ਸਾਰਾ ਰੀਕਾਰਡ ਦੇਖਿਆ ਜੋ ਉਸ ਵੇਲੇ ਦੀ ਰਾਜ ਭਾਸ਼ਾ ਫਾਰਸੀ ਵਿਚ ਸੀ। ਇਹ ਫਾਰਸੀ ਪੜ੍ਹੇ ਹੋਏ ਸਨ ਕਿ ਈਰਾਨ ਵਿਚੋਂ ਆਏ ਸਨ। ਇਹਨਾਂ ਨੇ ਉਥੋਂ ਦੇ ਮੁਕਾਮੀ ਅਫਸਰਾਂ ਨਾਲ ਮਿਲ ਕੇ ਅਤੇ ਹੈਦਰਾਬਾਦ ਨਜ਼ਾਮ ਸਾਹਿਬ ਦੀ ਆਗਿਆ ਪਾ ਕੇ ਸਰਕਾਰੀ ਸਾਰੇ ਸਬੰਧਤ ਰੀਕਾਰਡ ਦੇਖੇ ਤੇ ਬਹੁਤ ਕੁਝ ਜਾਣਕਾਰੀ ਪਾ ਕੇ ਲਿਖ ਲਿਆਂਦਾ ਸੀ। ਉਹ ਸਭ ਕੁਝ ਉਹਨਾਂ ਨੇ ਮੇਰੇ ਪਾਸੋਂ ਲਿਖਵਾਈ ਪੁਸਤਕ ਵਿਚ ਲਿਖਵਾਇਆ ਸੀ। ਪਰ ਵਾਹਿਗੁਰੂ ਜੀ ਨੇ ਥੋਹੜੇ ਸਾਲਾਂ ਵਿਚ ਉਹਨਾਂ ਨੂੰ ਦੋ ਸਪੁਤਰ ਸਮੇਂ ਸਮੇਂ ਪਰ ਬਖਸ਼ੇ ਸਨ ਜੋ ਦਿਲੀ ਵਿਚ ਬਹੁਤ ਮੰਨੇ ਪ੍ਰਮੰਨੇ, ਹੁਣ ਕਾਰੋਬਾਰੀ ਹਨ, ਪਰ ਖੁਦ ਆਪ ਉਹ ਕਾਫੀ ਸਾਲ ਹੋਏ ਚਲਾਣਾ ਕਰ ਚੁਕੇ ਹਨ।

ਉਕਤ ਪੋਥੀ "ਗੁਹਜਕਥਾ" ਨਾਮੀ ਵਿਚੋਂ ਹੀ ਉਸ ਵੇਲੇ ਦੇ ਪੰਜਾਂ ਪਿਆਰਿਆਂ ਦੇ ਨਾਮ ਲਿਖੇ ਸਨ। ਜੋ ਕੁਝ ਯਾਦਗਾਰੀ ਲਿਖਤ ਪਾਸ ਰਖ ਲਈ ਸੀ ਤੇ ਆਪਣੀ ਪੁਸਤਕ "ਸਫਰਨਾਮਾ ਜ਼ਫਰਨਾਮਾ" ਵਿਚ ਵੀ ਸਫਾ ੪੬੯ ਪਰ ਲਿਖੇ ਹਨ। ਇਹੋ ਅਖਾਂ ਨਾਲ ਦੇਖੇ ਤੇ ਕੰਨਾਂ ਨਾਲ ਸੁਣੇ ਉਸ ਉਦਾਸੀ ਸੰਤ ਨੇ ਲਿਖੇ ਸਨ ਜੋ ਪਿਛੇ ਵੀ ਥੋਹੜਾ ਜ਼ਿਕਰ ਕੀਤਾ ਤੇ ਹੁਣ ਹੋਰ ਵਿਸਥਾਰ ਨਾਲ ਇਸ ਵਾਸਤੇ ਦਸਿਆ ਹੈ ਕਿ ਇਸ ਤੋਂ ਵਧ ਕੇ ਸਹੀ ਤਾਰੀਖਾਂ ਦਾ ਜ਼ਿਕਰ ਹੋਰ ਕੀ ਹੋ ਸਕਦਾ ਹੈ, ਪਰ ਸੰਤ ਲੇਖਕ ਨੂੰ ਤਾਂ ਆਪਣੇ ਪ੍ਰਸ਼ਨਾਂ ਦਾ ਉਤਰ ਇਹੋ ਸਾਡੀ ਪੁਸਤਕ ਪੜ੍ਹੇ ਨਾਲ ਹੀ ਪਤਾ ਲਗੇਗਾ। ਅਗੇ ਉਸ ਦੀਆਂ ਹੋਰ ਲਿਖਤਾਂ ਤੇ ਹੁਜਤਾਂ, ਦਲੀਲਾਂ ਨੂੰ ਪੇਸ਼ ਕਰਕੇ ਉਤਰ ਦੇਣਾ ਹੈ, ਫੈਸਲਾ ਪਾਠਕਾਂ ਨੇ ਕਰਨਾ ਹੈ ਕਿ ਸਚਾਈ ਕੀ ਹੈ?

ਉਤੇ ਦਿਤੀਆਂ ਚਿਠੀਆਂ ਤੇ ਸਿਖ ਵਿਦਵਾਨਾਂ ਵਲੋਂ ਦਿਤੇ ਗੋਲ-ਮੋਲ ਉਤਰ ਦਸਦਾ ਹੋਇਆ ਸੰਤ ਮੋਹਰ ਸਿੰਘ ਹੁਣ ਜ਼ਾਤੀ ਕਿੱਸੇ ਨੂੰ ਲੈ ਬੈਠਾ ਹੈ। ਸਫਾ ੧੧੦ ਤੋਂ ੧੧੫ ਤੀਕ ਉਹ ਸਿੰਘ ਸਭਾ ਦੇ ਮੈਂਬਰਾਂ ਅਤੇ ਖਾਲਸਾ ਟਰੈਕਟ ਸੁਸਾਇਟੀ ਅੰਮ੍ਰਿਤਸਰ ਦੇ ਮੈਂਬਰਾਂ ਨੂੰ ਕੋਸਦਾ ਕਿ ਉਹਨਾਂ ਨੇ ਗਿਆਨੀ ਗਿਆਨ ਸਿੰਘ ਨਾਲ ਧੋਖਾ ਕੀਤਾ ਹੈ, ਉਹਦੀਆਂ ਸਾਰੀਆਂ ਪੁਸਤਕਾਂ ਛਾਪਣ ਦੇ ਅਧਿਕਾਰ ਖੁਦ ਖਰੀਦ ਕੇ ਛਾਪੇ ਨਹੀਂ, ਤੇ ਟਰੈਕਟ ਛਾਪ ਛਾਪ ਕੇ ਬਹੁਤ ਰੁਪਿਆ ਕਮਾਇਆ ਹੈ ਅਤੇ ਇਹਨਾਂ ਨੇ ਹੀ ਉਹਨਾਂ ਦੇ ਖਰੜਿਆਂ ਵਿਚ ਵੀ ਭੰਨ ਤੋੜ ਕਰਕੇ ਲਿਖਿਆ ਹੈ ਅਤੇ ਉਸ ਨੂੰ ਸਹਾਇਤਾ ਦੇਣ ਦਾ ਜੋ ਵਾਇਦਾ ਕੀਤਾ ਸੀ ਪੂਰਾ ਨਹੀਂ ਕੀਤਾ।

ਇਸ ਲਿਖਤ ਵਿਚੋਂ ਸੰਤ ਜੀ ਨੂੰ ਆਪਣੇ ਪੱਖ ਦੀ ਸਿਧੀ ਵਾਸਤੇ ਕੁਝ ਨਹੀਂ ਮਿਲਣਾ ਸੀ। ਸਿਰਫ ਉਹਨਾਂ ਸਾਰੇ ਮੈਂਬਰਾਂ ਦੀ ਪੁਜ਼ੀਸ਼ਨ ਉਤੇ ਧੱਬਾ ਲਾਉਣ ਦੀ ਕੋਸ਼ਿਸ਼ ਇਸ ਵਾਸਤੇ ਕੀਤੀ ਕਿ ਇਹਨਾਂ ਨੇ "ਆਗਿਆ ਭਈ ਅਕਾਲ" ਵਾਲਾ ਦੋਹਰਾ ਜੋ ਛਾਪਿਆ ਸੀ ਜਿਸ ਨੂੰ ਇਹ ਆਖੇਪਕ ਦਸਦਾ ਹੈ, ਪਰ ਬਾਅਦ ਵਿਚ ਗਿਆਨੀ ਗਿਆਨ ਸਿੰਘ ਨੇ ਸਰਬ-ਲੋਹ ਆਦਿਕ ਗ੍ਰੰਥਾਂ ਵਿਚ ਤੇ ਪੁਰਾਤਨ ਲਿਖਤਾਂ ਵਿਚ ਪੜ੍ਹੇ ਮਗਰੋਂ ਆਪਣੀ ਲਿਖਤ ਅਸ਼ੁਧ ਦੇਖੀ ਤਾਂ ਸ਼ੁਧ ਕਰਨ ਵੇਲੇ ਤੋਂ ਪਹਿਲੇ ਉਹਨਾਂ ਨੇ ਲਿਖਿਆ ਕਿ (ਜਿਉਂ ਮਾਖੀ ਪਰ ਮਾਰੀ ਮਾਖੀ) ਜਿਹਾ ਸੁਣਿਆ ਸੀ ਮੱਖੀ ਉਤੇ ਮੱਖੀ

ਮਾਰੇ ਵਾਂਗੂ ਮੈਨੂੰ ਵੀ ਲਿਖਿਆ ਸੀ। ਜਿਸ ਤੋਂ ਸਾਬਤ ਹੈ ਕਿ ਉਹਨਾਂ ਨੇ ਆਪੇ ਹੀ ਸਹੀ ਲਿਖਿਆ ਸੀ। ਸਿੰਘ ਸਭਾ ਨੂੰ ਇਸ ਨੇ ਬਦਨਾਮ ਕੀਤਾ ਹੈ। ਕਿਉਂਕਿ ਸਿੰਘ-ਸਭੀਏ ਹੀ ਉਹਨਾਂ ਦੇ ਅਗੇ ਰੁਕਾਵਟ ਹਨ।

੧੦ਵਾਂ ਸਿਰਲੇਖ :

## ਪ੍ਰਾਚੀਨ ਇਤਿਹਾਸਕ ਪੁਸਤਕਾਂ ਪਰ ਉਡਦੀ ਨਜ਼ਰ

ਇਸ ਸਿਰਲੇਖ ਹੇਠਾਂ ਉਹ ਫਿਰ ਉਸੇ ਕਿਸੇ ਨੂੰ ਛੇੜਦਾ ਕਿ ਨਾਮਧਾਰੀ ਵਿਸ਼ਵਾਸਾਂ ਅੰਦਰ ਗੁਰੂ ਗੋਬਿੰਦ ਸਿੰਘ ਨਾਂਦੇੜ ਵਿਚ ਸੰਮਤ ੧੭੬੫ (੧੭੦੮) ਵਿਚ ਜੋਤੀ ਜੋਤ ਨਹੀਂ ਸਮਾਇ। ਕਿਉਂਕਿ ਬਹਾਦਰ ਸ਼ਾਹ ਉਹਨਾਂ ਨਾਲ ਕੀਤੇ ਵਾਇਦੇ ਪੂਰੇ ਨਹੀਂ ਕਰ ਰਿਹਾ ਸੀ ਤੇ ਉਸ ਦੇ ਨਾਲ ਸਿਧੀ ਟੱਕਰ ਲੈਣੀ ਵੀ ਸੰਭਵ ਨਹੀਂ ਸੀ। ਇਸ ਵਾਸਤੇ ਚਿਖਾ ਦਾ ਕੌਤਕ ਰਚਾ ਕੇ ਨਿਕਲ ਗਏ ਸਨ ਅਤੇ ਆਪਣੇ ਪ੍ਰਤੱਖ ਨਿਸ਼ਾਨੇ ਤੋਂ ਹਟ ਕੇ ਕਿਸੇ ਦੂਜੇ ਮੋਰਚੇ ਤੋਂ ਹਕੂਮਤ ਪਰ ਵਾਰ ਕਰਨ ਲਈ ਇਹ ਕੌਤਕ ਰਚਾਇਆ ਸੀ।

ਉਹ ਲਿਖਦਾ ਹੈ ਕਿ ਹਕੂਮਤ ਨੂੰ ਇਹ ਖਬਰਾਂ ਸੂਹਿਆਂ ਰਾਹੀਂ ਮਿਲਦੀਆਂ ਰਹੀਆਂ ਸਨ ਕਿ ਗੁਰੂ ਸਮਾਏ ਨਹੀਂ ਅਤੇ ਇਸ ਬਾਰੇ ਵਿਸਥਾਰ ਨਾਲ ਹਾਲਾਤ ਸਮਝਣ ਵਾਸਤੇ ਪਾਠਕ ਇਹਨਾਂ ਪੁਸਤਕਾਂ ਨੂੰ ਪੜਨ ਦੀ ਕਿਰਪਾ ਕਰਨ, ਪ੍ਰੇਰਨਾ ਕਰਦਾ ਹੈ—

੧. ਨਾਂਦੇੜ ਤੋਂ ਬਾਅਦ ਦਸਮ ਗੁਰੂ ਦਰਸ਼ਨ — ਤਾਰਨ ਸਿੰਘ ਵਹਿਮੀ
੨. ਸ੍ਰੀ ਦਸਮੇਸ਼ ਨਾਂਦੇੜ ਪਿਛੋਂ — ਅਮਰ ਸਿੰਘ ਭਾਰਤੀ
੩. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਾਂਦੇੜੋਂ ਬਾਅਦ ਦਾ ਜੀਵਨ — ਤਾਰਨ ਸਿੰਘ ਵਹਿਮੀ

ਅਸੀਂ ਪਿਛੇ ਦਸਿਆ ਹੈ ਕਿ ਉਕਤ ਲੇਖਕ ਨੂੰ ਖੰਭ ਜਿਤਨੀ ਕੋਈ ਦਲੀਲ ਕਿਸੇ ਪੁਸਤਕ ਵਿਚੋਂ ਇਸ ਨੂੰ ਆਪਣੇ ਮਤਲਬ ਦੀ ਦਿਸਦੀ ਹੋਵੇ ਤਾਂ ਖੰਭ ਤੋਂ ਉਡਾਰ ਬਣਾ ਕੇ ਭਰਮਾਉਣ ਦੀ ਕੋਸ਼ਿਸ਼ ਕਰਦਾ ਹੈ। ਇਹ ਲਿਖਦਾ ਹੈ ਕਿ ਹਾਲਾਤ ਦਾ ਤਕਾਜ਼ਾ ਐਸਾ ਸੀ ਤਦ ਗੁਰੂ ਜੀ ਨੇ ਕੌਤਕ ਰਚਾ ਕੇ ਨਿਕਲਣਾ ਕੀਤਾ ਸੀ।

ਇਸ ਲਿਖਤ ਤੋਂ ਉਹ ਗੁਰੂ ਜੀ ਨੂੰ ਚੋਰੀ ਨਿਕਲ ਜਾਣ ਵਾਲਾ ਡਰਪੋਕ ਤੇ ਆਪਣੇ ਗਲੋਂ ਬਲਾ ਲਾਹ ਕੇ ਬੰਦੇ ਬੈਰਾਗੀ (ਇਕ ਸੰਤ ਨੂੰ) ਮੁਸੀਬਤ ਵਿਚ ਫਸਾਉਣ ਵਾਲਾ ਸਾਬਤ ਕਰਨਾ ਚਾਹੁੰਦਾ ਹੈ। ਉਹ ਦਸਦਾ ਹੈ ਕਿ ਹਕੂਮਤ ਨੂੰ ਕਦੀ ਕਦੀ ਖਬਰਾਂ ਮਿਲਦੀਆਂ ਰਹੀਆਂ ਕਿ ਗੁਰੂ ਜੀ ਸਮਾਏ ਨਹੀਂ ਪਰ ਐਸਾ ਆਪਣੇ ਕੋਲੋਂ ਹੀ ਲਿਖ ਰਿਹਾ ਹੈ। ਕੋਈ ਸਰਕਾਰੀ ਰਿਪੋਰਟ ਉਹਨਾਂ ਖਬਰਾਂ ਦੀ ਨਹੀਂ ਦਿੰਦਾ ਹੈ।

ਗੁਰੂ ਜੀ ਨੂੰ ਭਲਾ ਇਸ ਵੇਲੇ ਰਾਤ ਨੂੰ ਚਿਖਾ ਦਾ ਪਖੰਡ ਰਚਾ ਕੇ ਨਿਕਲਣ ਦੀ ਕੀ ਲੋੜ ਸੀ ਜਦੋਂ ਕਿ ਬਹਾਦਰ ਸ਼ਾਹ ਇਸ ਦਿਨ (ਕਤਕ ਸੁਦੀ ਪੰਚਮੀ) ਤੋਂ ਕਰੀਬਨ ੨੫ ਦਿਨ ਪਹਿਲੇ ਹੀ ਗੁਰੂ ਜੀ ਨੂੰ ਨਾਂਦੇੜ ਛਡ ਕੇ ਅਗੇ ਗੋਲਕੰਡੇ ਵਲ ਮੁਹਿੰਮ ਪਰ ਚਲਾ ਗਿਆ ਸੀ। ਉਸ ਦੇ ਨਾਂਦੇੜ ਤੋਂ ਟੁਰੇ ਵੇਲੇ ਅਜੇ ਉਹ ੪-੫ ਕੋਹਾਂ ਅਗਲੇ ਮੁਕਾਮ ਪਰ ਸੀ ਤੇ ਗੁਰੂ ਜੀ ਪਰ ਕਟਾਰ ਦਾ ਵਾਰ ਉਸੇ ਰਾਤ ਹੋਇਆ ਸੀ

ਉਸ ਨੂੰ ਸਵੇਰੇ ਸਿੰਘਾਂ ਨੇ ਜਾ ਕੇ ਖਬਰ ਕਰਾਈ ਤੇ ਉਸ ਨੇ ਅੰਗਰੇਜ਼ ਡਾਕਟਰ ਭੇਜਿਆ ਸੀ। ਜਿਸ ਨੇ ਇਲਾਜ ਕੀਤਾ ਤੇ ਗੁਰੂ ਜੀ ਰਾਜ਼ੀ ਹੋ ਗਏ ਸੀ। ਫਿਰ ਗੁਰੂ ਜੀ ਨੂੰ ੧੯ ਦਿਨਾਂ ਬਾਅਦ ਇਥੇ ਨਾਂਦੇੜ ਵਿਚ ਹੁੰਦਿਆਂ ਹੀ ਦੁਬਾਰਾ ਜ਼ਖਮ ਖੁਲ੍ਹ ਗਿਆ ਸੀ। ਦੀਵਾਲੀ ਤੋਂ ਬਾਅਦ, ਪੰਚਮੀ ਪੰਜ ਦਿਨ ਬਾਅਦ ਹੁੰਦੀ ਹੈ ਜਦੋਂ ਗੁਰੂ ਜੀ ਨੂੰ ਕੌਤਕ ਰਚਾ ਕੇ ਚੋਰੀ ਨਿਕਲ ਜਾਣ ਵਾਲਾ ਦਸਦਾ ਹੈ।

ਅਸੀਂ ਇਸ ਗੱਲ ਉਤੇ ਪਿਛੇ ਬਹੁਤ ਵਿਸਥਾਰ ਨਾਲ ਦਸਿਆ ਹੈ, ਪਰ ਕੀ ਕੀਤਾ ਜਾਏ ? ਉਕਤ—(ਐਮ. ਐਸ. ਚਾਵਲਾ) ਲੇਖਕ ਨੇ ਕੋਈ ਨਾ ਕੋਈ ਨਵੀਂ ਗਲ ਲਿਖ ਦਿਤੀ ਹੈ ਤੇ ਜਵਾਬ ਨਾ ਦੇਈਏ ਤਾਂ ਉਹਦਾ ਪੱਖ ਭਾਰੀ ਹੀ ਜਾਣਿਆਂ ਜਾਏਗਾ। ਇਸ ਵਾਸਤੇ ਪਾਠਕ ਖਿਮਾਂ ਕਰਨ ਤੇ ਜਵਾਬ ਵੀ ਪੜਦੇ ਜਾਣ।

ਪਾਠਕ ਸੋਚਣ ! ਕਿ ਉਸ ਵੇਲੇ ਜਦੋਂ ਕਿ ਡਾਕ ਤਾਰ ਨਹੀਂ ਸੀ। ਸਾਰੇ ਉਥੋਂ ਦੇ ਲੋਕਾਂ ਨੂੰ ਤੇ ਮੁਸਲਮਾਨ, ਪਿਛੇ ਰਹੇ ਹਾਕਮਾਂ ਨੂੰ ਪਤਾ ਸੀ ਕਿ ਗੁਰੂ ਜੀ ਦਾ ਬਹਾਦਰ ਸ਼ਾਹ ਨਾਲ ਮੇਲ-ਜੋਲ ਹੈ ਤਾਂ ਇਥੋਂ ਕੁਝ ਦਿਨਾਂ ਬਾਅਦ ਖਬਰ ਵੀ ਕਰਾਈ ਜਾਂਦੀ ਤਦ ਵੀ ਉਸ ਨੇ ਕੋਈ ਕਾਰਵਾਈ ਨਹੀਂ ਕਰਨੀ ਸੀ। ਅਗਰ ਐਸਾ ਹੁੰਦਾ ਵੀ ਉਥੋਂ ਚਲ ਕੇ ਗੁਰੂ ਜੀ ਨੇ ਦਿਲੀ ਜਾਂ ਰਾਜਿਸਥਾਨ ਵਿਚ ਹੋਣਾ ਸੀ। ਉਹ ਜਿਹਨਾਂ ਰਜਵਾੜਿਆਂ ਨੂੰ ਮਿਲਦੇ ਆਏ ਸਨ ਤੇ ਉਹਨਾਂ ਵਲ ਚਿਠੀਆਂ ਦੇ ਕੇ ਬੰਦੇ ਬਹਾਦਰ ਨੂੰ ਭੇਜਿਆ ਸੀ। ਉਹਨਾਂ ਨੂੰ ਖੁਦ ਮਿਲਦੇ ਅਤੇ ਕੋਈ ਕਾਰਵਾਈ ਕਰਦੇ।

ਅਗਰ ਬੰਦੇ ਬਹਾਦਰ ਬਾਬਤ ਬਾਬਾ ਵਿਨੋਦ ਸਿੰਘ ਜੀ ਨੇ ਪੰਜਾਬ ਦੇ ਸਿਖਾਂ ਨੂੰ ਯਕੀਨ ਕਰਾਇਆ ਸੀ ਕਿ ਇਹ ਜਥੇਦਾਰ ਬਣਾ ਕੇ ਗੁਰੂ ਜੀ ਨੇ ਭੇਜਿਆ ਹੈ ਤਾਂ ਸਿਖਾਂ ਨੇ ਸਾਥ ਦਿਤਾ ਸੀ ਤਦ ਗੁਰੂ ਜੀ ਦੇ ਖੁਦ ਆਇ ਵੇਲੇ ਉਹ ਸਾਰੇ ਕਿਉਂ ਨਾ ਖੁਸ਼ ਹੁੰਦੇ ਅਤੇ ਨਾਲ ਹੋ ਜਾਣਾ ਸੀ। ਇਹਨਾਂ ਗਲਾਂ ਦਾ ਕੋਈ ਜਵਾਬ ਨਾਮਧਾਰੀ ਵਿਸ਼ਵਾਸ਼ੀਆਂ ਪਾਸ ਨਹੀਂ ਹੈ ਕਿ ਉਹ ਗੁਰੂ ਜੀ ਦਾ ਉਥੋਂ ਚੋਰੀ ਨਿਕਲਣ ਦਾ ਕੋਈ ਕਾਰਨ ਦਸ ਦੇਣ ? ਪਰ ਕਲਮ ਜੋ ਉਹਨਾਂ ਨੇ ਫੜੀ ਹੈ, ਝੂਠ ਨੂੰ ਸਚ ਬਣਾ ਦਸਣਾ ਹੀ ਉਹ ਚਾਹੁੰਦੇ ਹਨ।

ਚਮਕੌਰ ਦੀ ਗੜੀ ਵਿਚੋਂ ਰਾਤ ਨੂੰ ਤਾੜੀ ਵਜਾ ਕੇ ਨਿਕਲੇ ਸਨ ਚਾਹੇ ਮਕੜੀ ਵਾਂਗੂੰ ਦਸ ਲੱਖ ਫੌਜੀ ਘੇਰਾ ਸੀ। ਮਾਛੀਵਾੜੇ ਤੋਂ ਭੇਸ ਵਟਾ ਕੇ ਨਿਕਲੇ ਕਿ ਉਥੇ ਪੰਜ ਹਜ਼ਾਰ ਮੁਗਲ ਤੇ ਪਹਾੜੀ ਫੌਜਾਂ ਨੇ ਪਿੰਡ ਦੇ ਚੌਤਰਫੀ ਨਾਕਾਬੰਦੀ ਕੀਤੀ ਹੋਈ ਸੀ ਫਿਰ ਨਿਕਲ ਗਏ ਸਨ। ਤਾਂ ਨਾਂਦੇੜ ਵਿਚ ਜਦੋਂ ਕਿ ਹਰ ਪਾਸੇ ਖੁਲ੍ਹ ਰਹੀ। ਕਦੀ ਹੀਰਾ ਘਾਟ (੬ ਮੀਲਾਂ ਦੀ ਵਿਥ ਸੀ) ਚਲੇ ਜਾਂਦੇ ਤੇ ਕਈ ਦਿਨ ਰਹਿੰਦੇ। ਕੋਈ ਪੁਛਦਾ ਨਹੀਂ ਸੀ ਕਿ ਕਿਥੇ ਗਏ ਤੇ ਕਿਉਂ ਗਏ ਹਨ ਤੇ ਹੁਣ ਉਹ ਕੁਝ ਸਿੰਘਾਂ ਸਮੇਤ ਪੰਜਾਬ ਵਲ ਜਾ ਸਕਦੇ ਸਨ। ਉਹ ਜਾ ਕੇ ਖੁਦ ਬੰਦੇ ਬਹਾਦਰ ਦੀ ਅਗਵਾਈ ਕਰਦੇ ਤੇ ਉਸ ਨੂੰ ਗੁਰੂ ਹੋ ਬੈਠਣ ਦੀ ਖਾਹਿਸ਼ ਹੀ ਨਾ ਉਪਜਦੀ ਤੇ ਨਾ ਹੀ ਪੰਥ ਨੇ ਸਾਥ ਛਡਣਾ ਸੀ। ਫਿਰ ਨਾ ਉਹ ਫੜਿਆ ਜਾਂਦਾ ਤੇ ਨਾ ਮਾਰਿਆ ਜਾਣਾ ਸੀ।

ਨਾਮਧਾਰੀ ਲਿਖਤ ਅਨੁਸਾਰ ਅਗਰ ਗੁਰੂ ਜੀ ਉਥੋਂ ਜਿੰਦੇ ਨਿਕਲੇ ਤੇ ਇਸ

ਵਾਸਤੇ ਨਿਕਲੇ ਕਿ ਉਹਨਾਂ ਨੇ ਹੋਰ ਪੈਂਤੜਾ ਬਦਲ ਕੇ ਦੁਸ਼ਮਣ ਤੇ ਵਾਰ ਕਰਨਾ ਹੈ ਤਾਂ ਦਸਿਆ ਜਾਏ ਕਿ ਕਿਥੇ ਅਤੇ ਕਦੋਂ ਵਾਰ ਕੀਤਾ ਨੇ ? ਜਿਸ ਬੰਦਾ ਜੀ ਨੂੰ ਭਰੋਸਾ ਦੇ ਟੋਰਿਆ ਹੋਵੇ, ਪ੍ਰਗਟ ਹੋ ਕੇ ਉਸ ਦਾ ਵੀ ਜਾਬ ਨਾ ਦਿਤਾ ਹੋਵੇ ਤਾਂ ਫਿਰ ਗੁਰੂ ਸਾਹਿਬ ਬਾਬਤ ਲੋਕਾਂ ਨੇ ਕੀ ਸੋਚਨਾ ਹੈ ?

ਜਿਸ ਗੁਰੂ ਸਾਹਿਬ ਨੂੰ ਉਹ ਖੁਦ ਵੀ ਸਮਰਥ ਮੰਨਦਾ ਹੈ ਤੇ ਉਹਨਾਂ ਦੇ ਉਥੋਂ ਐਸੀ ਵਡੀ ਫਰੇਬਕਾਰੀ ਨਾਲ ਨਿਕਲਣਾ ਦਸਦਾ ਹੋਇਆ, ਉਹ (ਚਾਤਰ ਲੇਖਕ) ਉਹਨਾਂ ਦੀ ਇਜ਼ਤ ਵਿਚ ਕੁਝ ਵਾਧਾ ਨਹੀਂ ਕਰ ਰਿਹਾ।, ਬਲਕਿ ਖੁਦ ਨੂੰ (ਆਪਣੇ ਲੇਖਕ ਹੋਣ ਨੂੰ) ਕਲੰਕਤ ਕਰ ਰਿਹਾ ਹੈ ਕਿਉਂਕਿ ਨਾਂਦੇੜ ਤੋਂ ੯੦ ਸਾਲ ਬਾਅਦ ਤੀਕ ਉਹਲੇ ਰਿਹਾ ਦਸਕੇ ਆਪਣੇ ਬਾਬਾ ਬਾਲਕ ਸਿੰਘ ਜੀ ਨੂੰ ਪੰਜ ਘੋੜ ਸਵਾਰਾਂ ਸਿੰਘ ਦੇ ਸਮੇਤ ਗੁਰੂ ਜੀ ਦੇ ਦਰਸ਼ਨ ਕਰਾਂਦਾ ਤੇ ਗੁਰਗ਼ਦੀ ਦਿਲਾਂਦਾ ਹੈ।

ਅੰਜਾਣਾ ਗਲ ਕਰੇ ਤੇ ਸਿਆਣਾ ਕਿਆਸ ਕਰੇ—ਕਹਾਵਤ ਹੈ। ਪਰ ਖੁਦ ਉਹ ਇਹ ਵੀ ਨਹੀਂ ਦਸਦਾ ਕਿ ਗੁਰੂ ਜੀ ਨੂੰ ਕਿਥੇ (ਸ੍ਰੀ ਬਾਲਕ ਸਿੰਘ ਦੇ ਉਦੋਂ) ਬੈਠਿਆਂ ਦੀ ਖਬਰ ਹੋਈ ਤੇ ਕਿਸ ਨੇ ਖਬਰ ਕਰਾਈ ਸੀ ਕਿ ਜਾ ਕੇ ਦਰਸ਼ਨ ਦਿਤੇ ਸਨ। ਜੇਕਰ ਉਹਨਾਂ ਨੂੰ (ਜ਼ਾਵਲਾ ਸਾਹਿਬ) ਅੰਤਰਯਾਮੀ ਮੰਨਦਾ ਹੈ ਅਤੇ ਗੁਪਤ ਪ੍ਰਗਟ ਹੋ ਜਾਣ ਦੀ ਸਮਰਥਾ ਰਖਦੇ ਸਮਝਦਾ ਹੈ ਤਦ ਫਿਰ ਇਹ ਕਿਉਂ ਨਹੀਂ ਮੰਨਦਾ ਕਿ ਉਹ ਨਾਂਦੇੜ ਤੋਂ ਵੀ ਸਣਦੇਹੀ ਪ੍ਰਲੋਕ ਸਿਧਾਰੇ ਸਨ ਤੇ ਗੁਪਤ ਪ੍ਰਗਟ ਹੋਏ ਹੋਇਆਂ ਹੀ ਉਹਨਾਂ ਨੇ ਕਈਆਂ ਨੂੰ ਦਰਸ਼ਨ ਦਿਤੇ ਸਨ।

ਫੇਰ ਜੇਕਰ ਸਮਝਦਾ ਕਿ ਉਹਨਾਂ ਨੇ ਸੰਮਤ ੧੮੯੯ ਵਿਚ ੯੦ ਸਾਲ ਬਾਅਦ ਬਾਬਾ ਬਾਲਕ ਸਿੰਘ ਨੂੰ ਪ੍ਰਗਟ ਹੋ ਕੇ ਦਰਸ਼ਨ ਦਿਤੇ ਸਨ ਤਾਂ ਉਸ ਵੇਲੇ ਸਗੋਂ ਪੰਜਾਬ ਵਿਚ ਮਿਸਲਾਂ ਦਾ ਰਾਜ ਸੀ ਤੇ ਲਾਹੌਰ ਕਿਲੇ ਅਤੇ ਸ਼ਹਿਰ ਵਿਚ ਭੰਗੀ ਮਿਸਲ ਦੇ ਸਰਦਾਰ ਸਾਹਿਬ ਸਿੰਘ ਗੁਜਰਾਤੀਏ ਦਾ ਕਬਜ਼ਾ ਸੀ ਕਿਉਂ ਨਾ ਪ੍ਰਗਟ ਹੋ ਕੇ ਪੰਥ ਦੀ ਅਗਵਾਈ ਕੀਤੀ ਨੇ ਤਾਂ ਮਤਲਬ ਇਕੋ ਇਹੋ ਹੈ ਕਿ ਨਾਂਦੇੜ ਦੀ ਸਾਖੀ ਦਾ ਸਹਾਰਾ ਪਾ ਕੇ ਹੀ ਨਾਮਧਾਰੀਆਂ ਨੇ ਗੁਰਗਦੀ ਦਾ ਆਪਣੇ ਨੂੰ ਵਾਰਸ ਸਾਬਤ ਕਰਨ ਵਾਸਤੇ ਹੀ ਇਤਨੇ ਪਾਪੜ ਵੇਲੇ ਹਨ ਕਿ ਜਦੋਂ ਤੀਕ ਗੁਰੂ ਗ੍ਰੰਥ ਜੀ ਦੀ ਗੁਰਿਆਈ ਨੂੰ ਖੰਡਨ ਨਾ ਕੀਤਾ ਜਾਏ, ਉਹਨਾਂ ਦੀ ਘਰੋਗੀ ਗ਼ਦੀ ਨੂੰ ਖਾਲਸਾ ਪੰਥ ਨੇ ਹਮੇਸ਼ਾ ਵਾਸਤੇ ਜਾਹਲੀ ਗੁਰਗਦੀ ਹੀ ਸਮਝਣਾ ਹੈ।

ਇਸੇ ਵਿਸ਼ੇ ਪਰ ਕਾਫੀ ਲਿਖਿਆ ਗਿਆ ਹੈ ਤੇ ਉਹਨਾਂ ਪਾਸ ਕੋਈ ਜਵਾਬ ਵੀ ਨਹੀਂ ਹੈ ਜੋ ਦਸਦੇ ਕਿ ਕਿਉਂ ਚੋਰੀ ਨਿਕਲੇ ? ਫਿਰ ੯੦ ਸਾਲ ਉਹ ਪਹਿਲੇ ਇਕਲੇ ਕਿਥੇ ਕਿਥੇ ਰਹੇ ? ਫਿਰ ਪੰਜੇ ਸਿੰਘ ਉਹਨਾਂ ਨਾਲ ਕਦੋਂ ਤੇ ਕਿਥੋਂ ਦੇ ਸ਼ਾਮਲ ਹੋਏ ਸਨ, ਜਿਹਨਾਂ ਸਮੇਤ ਉਹਨਾਂ ਨੇ ਜਾ ਕੇ ਬਾਬਾ ਬਾਲਕ ਸਿੰਘ ਨੂੰ ਦਰਸ਼ਨ ਦਿਤੇ ਸਨ। ਪਹਿਲੇ ਦਿਆਂ ਪੰਜਾਂ ਵਿਚੋਂ ਤਾਂ ਹੁਣ ਤੀਕ ਇਕ ਵੀ ਬਾਕੀ ਨਹੀਂ ਸੀ।

ਇਸ ਤੋਂ ਅਗੋ ਉਸ ਨੇ ਕੁਝ ਲੇਖਕਾਂ ਦੇ ਨਾਮ ਦਿਤੇ ਕਿ ਇਹਨਾਂ ਦੀਆਂ ਪੁਸਤਕਾਂ ਪੜੀਏ ਜਿਹਨਾਂ ਰਾਹੀਂ ਉਹ ਸਾਬਤ ਕਰਦਾ ਕਿ ਉਹਨਾਂ ਨੇ ਜੋ ਗੁਰੂ ਜੀ ਤੋਂ ਥੋਹੜੇ ਦਿਨਾਂ ਜਾਂ ਥੋਹੜੇ ਸਾਲਾਂ ਬਾਅਦ ਹੋਏ ਹਨ ਗ੍ਰੰਥ ਸਾਹਿਬ ਨੂੰ ਗੁਰਗਦੀ ਦੇਣਾ ਨਹੀਂ

ਲਿਖਿਆ ਤੇ ਜਿਸ ਤੋਂ ਸਾਬਤ ਹੈ ਕਿ ਬਾਅਦ ਵਿਚ ਪ੍ਰਗਟ ਹੋਕੇ ਗੁਰਗਦੀ ਸਤਿਗੁਰੂ ਬਾਲਕ ਸਿੰਘ ਨੂੰ ਦਿਤੀ ਹੈ।

ਫਿਰ ਅਗੇ ਉਹ ਇਕ "ਅਮਰ ਨਾਥ" ਢਾਡੀ ਦਾ ਜ਼ਿਕਰ ਲਿਖਦਾ ਹੈ ਕਿ ਉਹ ਗੁਰੂ ਜੀ ਪਾਸ ਉਥੇ ਕੀਰਤਨ ਕਰਦਾ ਸੀ (ਅਸੀਂ ਇਸ ਦਾ ਨਾਮ ਪਹਿਲੀ ਵੇਰ ਸੁਣਿਆ) ਉਹਦੀ ਫਾਰਸੀ ਵਿਚ ਲਿਖਤ ਪੇਸ਼ ਕਰਦਾ, ਜਿਸ ਤੋਂ ਇਹ ਦਸਣਾ ਚਾਹੁੰਦਾ ਕਿ ਇਸ ਦੀ ਲਿਖਤ ਵਿਚ ਇਸ਼ਾਰਾ ਵੀ ਨਹੀਂ ਹੈ ਕਿ—"ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ" "ਗੁਰੂ ਗ੍ਰੰਥ ਜੀ ਮਾਨਿਉ ਪ੍ਰਗਟ ਗੁਰਾਂ ਕੀ ਦੇਹ" ਹੈ।

ਹੁਣ ਪਾਠਕਾਂ ਪ੍ਰਤੀ ਫੇਰ ਉਹ ਪਿਛਲੇ ਦਿਤੇ ਸਬੂਤ ਸਾਨੂੰ ਪੇਸ਼ ਕਰਨੇ ਪਏ ਹਨ ਕਿਉਂਕਿ ਨਵੇਂ ਤੋਂ ਨਵੇਂ ਕਿਸੇ ਲੇਖਕ ਦੀ ਲਿਖਤ ਰਾਹੀਂ ਉਹ ਇਸ ਮਸਲੇ ਨੂੰ ਫੇਰ ਛੇੜ ਦਿੰਦਾ ਹੈ ਜਿਸ ਦਾ ਜਵਾਬ ਪਿਛੇ ਦੇ ਦਿਤਾ ਹੈ—ਹੁਣੇ ਫੇਰ ਵੀ ਦੇਣਾ ਹੈ।

ਉਸ ਨੇ "ਤਰਨ ਸਿੰਘ ਵਹਿਮੀ ਅਤੇ ਅਮਰ ਸਿੰਘ ਭਾਰਤੀ" ਦੀਆਂ ਲਿਖਤਾਂ ਪੜ੍ਹਨ ਦੀ ਪ੍ਰੇਰਨਾ ਕੀਤੀ। ਤੀਜੇ ਅਮਰ ਨਾਥ ਢਾਢੀ ਦੀ ਲਿਖਤ ਅਤੇ ਹੋਰ ਵੀ ਉਸ ਨੇ ਫ਼ਾਰਸੀ ਦੇ ਬਲਾਕ ਛਾਪੇ ਹੋਏ ੪-੫ ਗੈਰ-ਸਿਖਾਂ ਦੇ ਪੇਸ਼ ਕੀਤੇ ਸਾਰਿਆਂ ਦੀ ਲਿਖਤ ਤੋਂ ਇਹੋ ਸਾਬਤ ਕਰਦਾ ਹੈ ਕਿ ਇਹਨਾਂ ਨੇ ਸ੍ਰੀ ਗ੍ਰੰਥ ਨੂੰ ਜਾਂ ਖਾਲਸਾ ਪੰਥ ਨੂੰ ਗੁਰਗਦੀ ਦੇਣ ਦਾ ਕੋਈ ਜ਼ਿਕਰ ਨਹੀਂ ਕੀਤਾ ਜਿਸ ਤੋਂ ਸਾਫ਼ ਸਾਬਤ ਹੈ ਕਿ ਪਿਛੋਂ ਦੇ ਸਿੰਘ ਸਭੀਏ ਲਿਖਾਰੀਆਂ ਨੇ ਪੰਥ ਪ੍ਰਕਾਸ਼ ਆਦਿਕ ਗ੍ਰੰਥਾਂ ਵਿਚ ਅਖੇਪਕ ਕਾਰੀ ਕੀਤੀ ਹੈ।

ਇਸ ਦੇ ਉਤਰ ਵਿਚ ਇਹੋ ਕਹਿਣਾ ਹੈ ਕਿ ਨਾਮਧਾਰੀ ਲੇਖਕ ਨੇ ਅਗਰ ਇਸ ਤਰ੍ਹਾਂ ਦੇ ੯ ਗੈਰ-ਸਿਖਾਂ ਦੇ ਹਵਾਲੇ ਦਿਤੇ ਹਨ ਜੋ ਇਹਨਾਂ ਨੇ ਗੁਰੂ ਗ੍ਰੰਥ, ਪੰਥ ਦੀ ਗੁਰਗਦੀ ਦਾ ਜ਼ਿਕਰ ਨਹੀਂ ਕੀਤਾ ਤਾਂ ਅਸੀਂ ਨੌਹਲੇ ਪਰ ਦਹਿਲਾ ਵਾਂਗੂ ਗੁਰਗਦੀ ਦੇਣ ਦਾ ਇਕੋ ਵਡਾ ਸਬੂਤ "ਸ੍ਰੀ ਸਰਬ-ਲੋਹ" ਦਾ ਅਗੇ ਦਿਤਾ ਹੈ, ਜੋ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਕਲਮ ਤੋਂ ਲਿਖਿਆ ਹੈ। ਇਸ ਵਾਸਤੇ ਉਹ ਜ਼ਿਆਦਾ ਪ੍ਰਵਾਨੀਕ ਹੈ, ਨਾ ਕਿ ਦੂਜਿਆਂ ਦੀਆਂ ਲਿਖਤਾਂ ਪ੍ਰਵਾਨੀਕ ਹਨ।

ਫੇਰ ਉਸ ਨੇ ਗੁਰੂ ਜੀ ਨੂੰ ਇਕ ਢੋਂਗੀ (ਕੌਤਕ) ਰਚਾਕੇ ਚੋਰੀ ਨਿਕਲਣ ਵਾਲਾ ਦਸਿਆ ਹੈ—ਤਾਂ ਕਿਸੇ ਵੀ ਚੋਰ ਦੇ ਛੁੜਾਉਣ ਨੂੰ ੧੦੦ ਗਵਾਹ ਪੇਸ਼ ਕਰੀਏ, ਪਰ ਮੁਲਜ਼ਮ ਖੁਦ ਇਕਬਾਲ ਕਰੇ ਕਿ ਇਹ ਚੋਰੀ ਮੈਂਨੇ ਕੀਤੀ ਹੈ ਤਾਂ ਸਾਰੇ ਗਵਾਹਾਂ ਦੀ ਗਵਾਹੀ ਦਾ ਕੌਡੀ ਮੁਲ ਨਹੀਂ ਪੈਂਦਾ। ਇਸੇ ਤਰ੍ਹਾਂ ਜਦੋਂ ਕਿ ਗੁਰੂ ਜੀ ਦੀ ਆਪਣੀ ਲਿਖਤ ਸਾਡੇ ਪਾਸ ਮੌਜੂਦ ਹੈ ਕਿ ਉਹ ਖਾਲਸਾ ਪੰਥ ਨੂੰ ਅਤੇ ਗੁਰੂ ਗ੍ਰੰਥ ਦੋਨਾਂ ਰੂਪਾਂ ਵਿਚ ਗੁਰਗਦੀ ਸੌਂਪਦੇ ਹਨ ਤੇ ੧੨ ਭਾਨ ਪ੍ਰਗਟੇ ਇਕੋ ਰੂਪ ਦੋਨਾਂ ਨੂੰ ਮੰਨਦੇ ਅਤੇ ਲਿਖਦੇ ਹਨ ਤਦ ਬਾਕੀ ਦੇ ੧੦੦ ਗਵਾਹ ਨਾਵਾਕਫਾਂ ਨੂੰ ਨਾਮਧਾਰੀ ਪੇਸ਼ ਕਰਨਗੇ ਤਦ ਵੀ ਉਹਨਾਂ ਦੀ ਲਿਖਤ ਦਾ ਕੋਈ ਮੁਲ ਨਹੀਂ ਹੈ ਜਿਹਨਾਂ ਨੇ ਕੁਝ ਮਹੀਨੇ ਜਾਂ ਬਹੁਤ ਸਾਲਾਂ ਬਾਅਦ ਸੁਣੀ ਸੁਣਾਈ ਗਲ ਨੂੰ ਲਿਖਿਆ ਹੈ।

## ਸ੍ਰੀ ਸਰਬ-ਲੋਹ ਗ੍ਰੰਥ ਸਾਹਿਬ

ਹੁਣ ਅਸੀਂ ਪਹਿਲੇ ਸ੍ਰੀ ਸਰਬ-ਲੋਹ ਗ੍ਰੰਥ ਸਾਹਿਬ ਦੀ ਜਾਣਕਾਰੀ ਕਾਰਾਉਣ ਨੂੰ ਪਾਠਕਾਂ ਪ੍ਰਤੀ ਦਸਣਾ ਹੈ ਕਿ ਇਹ ਗ੍ਰੰਥ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਰਚਨਾ ਹੈ, ਜਿਸ ਦੇ ਪੜਨ ਤੋਂ ਪਤਾ ਲਗਦਾ ਹੈ ਅਤੇ ਗੁਰੂ ਜੀ ਨੇ ਇਸ ਵਿਚ ਦੋ ਪੁਰਾਤਨ ਗ੍ਰੰਥਾਂ ਦਾ ਹਵਾਲਾ ਵੀ ਦਿਤਾ ਹੈ ਕਿ ਉਸਦੇ ਆਧਾਰ ਤੇ ਬਹੁਤ ਕੁਝ ਅਨੁਵਾਦ ਕੀਤਾ ਤੇ ਆਪਣੀ ਕਮਾਲ ਦੀ ਕਾਵਿ ਛੰਦਾ ਬੰਦੀ ਵਿਚ ਲਿਖਿਆ ਹੈ। ਇਸ ਤੋਂ ਇਲਾਵਾ "ਗੁਰੂ ਗ੍ਰੰਥ ਸਾਹਿਬ" ਵਿਚ ਲਿਖੀ ਗੁਰਬਾਣੀ ਦੇ ਬੇ-ਸ਼ੁਮਾਰ ਸ਼ਬਦਾਂ ਦਾ ਆਪਣੀ ਭਾਸ਼ਾ ਤੇ ਛੰਦ ਚਾਲ ਵਿਚ ਟੀਕਾ ਲਿਖਿਆ ਹੈ। ਜਿਸ ਨੂੰ ਪੜਨ ਵੇਲੇ ਮੇਰੇ ਜੈਸਾ ਬੰਦਾ ਤਾਂ ਭ੍ਰਮ ਉਠਦਾ ਹੈ ਤੇ ਜਿਵੇਂ ਭਾਈ ਗੁਰਦਾਸ ਜੀ ਦੀ ਬਾਣੀ ਨੂੰ ਗੁਰੂ ਜੀ ਨੇ ਕੁੰਜੀ ਕਿਹਾ ਹੈ ਇਸ ਦੀ ਐਸੀ ਬਹੁਤੀ ਰਚਨਾ ਨੂੰ ਸ੍ਰੀ ਆਦਿ ਗੁਰੂ ਗ੍ਰੰਥ ਅਤੇ ਦਸਮ ਗ੍ਰੰਥ ਜੀ ਦੇ ਭੇਦ ਭਾਵ ਖੋਹਲਣ ਵਾਲੀ ਕੁੰਜੀ ਹੀ ਕਿਹਾ ਜਾਏ ਤਾਂ ਕੋਈ ਅਤਿਕਥਨੀ ਨਹੀਂ ਹੈ।

ਸਵਾਮੀ ਹਰਨਾਮ ਦਾਸ (ਮਹਾਂ ਵਿਦਵਾਨ) ਨੂੰ ਸ਼ਾਇਦ ਕੁਦਰਤ ਨੇ ਪੈਦਾ ਹੀ ਇਸੇ ਵਾਸਤੇ ਕੀਤਾ ਕਿ ਸਰਬ-ਲੋਹ ਜੋ ੨੦-੨੫ ਬੀੜਾਂ ਦੇ ਰੂਪ ਵਿਚ ਅਜੇ ਤੀਕ ਲਿਖਤੀ ਉਹਲੇ ਪਈਆਂ ਸਨ ਉਹ ਵਖ ਵਖ ਥਾਈਂ ਜਾ ਕੇ ਢੂੰਢ ਭਾਲ ਕਰੇ, ਉਹਨਾਂ ਦੇ ਫਰਕ ਨੂੰ ਦੇਖੇ ਤੇ ਟੀਕਾ ਵੀ ਕਰੇ। ਇਹ ਕਾਰਜ ਇਤਨਾ ਸੌਖਾ ਨਹੀਂ ਸੀ ਤੇ ਇਸ ਲਗਨ ਵਿਚ ੩੬ ਸਾਲ ਖਰਚ ਕਰਕੇ ਟੀਕਾ ਮੁਕੰਮਲ ਕੀਤਾ, ਜੋ ਗੁਰੂ ਕੀ ਲਾਡਲੀ ਫੌਜ ਦੇ "ਸੁਲਤਾਨ ਕਦਰਦਾਨ" ਸਿੰਘ ਸਾਹਿਬ ਸੰਤਾ ਸਿੰਘ ਜੀ ਜਥੇਦਾਰ ਬੁਢਾ ਦਲ ਵਾਲਿਆਂ ਨੇ ੩੬੦੦੦ ਹਜ਼ਾਰ ਵਿਚ ਖਰੀਦਿਆ ਤੇ ਛਾਪਿਆ ਸੀ।

ਸਵਾਮੀ ਹਰਨਾਮ ਦਾਸ ਨੇ ਬਹੁਤ ਸਾਲ ਪਹਿਲੇ ਖਾਲਸਾ ਪ੍ਰਕਾਸ਼ ਨਾਮ ਦੇ ਇਕ ਵਡੇ ਟਰੈਕਟ ਨੂੰ ਦੋ ਵੇਰ ਛਾਪਿਆ ਸੀ, ਜਿਸ ਦੀ ਦੂਜੀ ਐਡੀਸ਼ਨ ਵਿਚ ਉਹ ਦਸਦੇ ਕਿ ੨੪ ਬੀੜਾਂ ਦੇ ਲਿਖਤੀ ਰੂਪ ਦਰਸ਼ਨ ਤੇ ਪਾਠ ਉਸ ਨੇ ਪੰਜਾਬ, ਯੂ.ਪੀ. ਤੇ ਨਾਂਦੇੜ ਆਦਿ ਥਾਵਾਂ ਵਿਚ ਕੀਤੇ ਹਨ ਅਤੇ ਬਹੁਤ ਥਾਵਾਂ ਵਿਚ ੪ ਧਿਆਏ ਅਤੇ ਕਈ ਥਾਈਂ ਪੂਰਾ ਪੰਜ ਧਿਆਏ ਅਤੇ ਕਈ ਥਾਂ ਬਹੁਤ ਥੋਹੜਾ ਸੰਚੀ ਰੂਪ ਦੇਖਿਆ ਜੋ ਮੁਕੰਮਲ ਨਹੀਂ ਕੀਤਾ ਗਿਆ ਸੀ। ਫਿਰ ਜਿਥੇ ਜਿਥੇ ਉਹ ਬੀੜਾਂ ਸਨ ਸਾਰੀਆਂ ਥਾਵਾਂ ਦੇ ਨਾਮ ਪਤੇ ਵੀ ਦਿਤੇ। ਜੋ ਸ੍ਰੀ ਮੁਖ ਵਾਕ ਪਾਤਸ਼ਾਹੀ ੧੦ ਤੋਂ ਸ਼ੁਰੂ ਹੁੰਦਾ ਹੈ।

ਨਾਭੇ ਕੱਟੂ ਵਿਚ ਪਈ ਇਕ ਬੀੜ ਉਤੇ ਆਰੰਭ ਕਰਨ ਦਾ ਸੰਮਤ ਲੇਖਕ ਵਲੋਂ ੧੭੫੫ ਦਿਤਾ ਤੇ ਸੰਮਤ ੧੭੬੧ ਤੀਕ ਮੁਕਿਆ ਦਿਸਦਾ ਹੈ। ਫਿਰ ਇਹ ਮੁਕੰਮਲ ਸਰਬ-ਲੋਹ ਪੰਜ ਧਿਆਏ ਹੈ ਜੋ ਕਿਸੇ ਥਾਈਂ ੪ ਧਿਆਏ ਹੈ ਤੇ ਕਿਸੇ ਥਾਈਂ ਮੁਕੰਮਲ ਪੰਜ ਧਿਆਏ ਹੈ। ਹੁਣੇ ਜੋ ਛਪ ਚੁਕਾ ਹੈ ਉਹ ਦੋ ਜਿਲਦਾਂ ਵਿਚ ਹੈ। ਪਹਿਲੀ ਜਿਲਦ ਵਿਚ ਚਾਰ ਧਿਆਇ ਦੀ ਲਿਖਤ ਹੈ ਤੇ ਇਹ ਇਕ ਜਿਲਦ ਸ਼ਰੋਮਣੀ ਕਮੇਟੀ ਵਲੋਂ ਚਾਰ ਜਿਲਦਾਂ ਵਿਚ ਛਾਪੇ ਸ਼ਬਦਾਰਥ ਦੀ ਇਕ ਜਿਲਦ ਜਿਤਨੀ ਹੈ। ਪਰ ਪਵੇਂ ਧਿਆਏ ਦੀ ਦੂਜੀ ਜਿਲਦ ਪਹਿਲੀ ਨਾਲੋਂ ਵੀ ਵਡੀ ਹੈ ਤੇ ਦੋਹਾਂ ਵਿਚ ਗੁਰੂ ਜੀ ਦੀ ਅਮੋਲਕ ਕਾਵਿ ਰਚਨਾ ਦਾ ਭੰਡਾਰ ਭਰਿਆ ਪਿਆ ਹੈ।

ਇਸ ਗ੍ਰੰਥ ਬਾਬਤ ਵਧੇਰੇ ਜਾਣਕਾਰੀ ਇਸ ਵਾਸਤੇ ਕਰਾਉਣੀ ਹੈ ਕਿ ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਦੀ ਗੁਰਤਾ ਸਬੰਧੀ ਜੋ ਲਿਖਤ ਲਿਖੀ ਹੈ ਉਸ ਨੂੰ ਵੀ ਨਾਮਧਾਰੀ ਸੰਤ ਆਖੇਪਕਾਰੀ ਕੀਤੀ ਗਈ ਨਾਂ ਸਮਝੇ। ਇਸ ਵਾਸਤੇ ਇਸ ਦੇ ਟੀਕਾਕਾਰ ਸਵਾਮੀ ਹਰਨਾਮ ਦਾਸ ਜੀ ਦੇ ਵਿਚਾਰ ਥੋਹੜੇ ਪੇਸ਼ ਕਰਨੇ ਹਨ ਜੋ ਸਰਬ-ਲੋਹ ਵਿਚ ਦੇ ਉਹਨਾਂ ਅਨੇਕ ਭਰਪੂਰ ਗੁਣਾਂ ਦਾ ਜ਼ਿਕਰ ਵੀ ਕੀਤਾ ਹੈ, ਜੋ ਇਸ ਤਰ੍ਹਾਂ ਦਾ ਹੈ—

## ਸ੍ਰੀ ਸਰਬਲੋਹ ਬਾਬਤ ਉਦਾਸੀ ਸੰਤ ਸਵਾਮੀ ਹਰਨਾਮਦਾਸ ਦੇ ਵਿਚਾਰ

"ਇਹ ਗ੍ਰੰਥ ਸ੍ਰੀ ਗੁਰੂ ਜੀ ਦਾ ਉਹ ਵਿਦਿਅਕ ਕੇਂਦਰ ਹੈ, ਜਿਸ ਨੂੰ ਮੈਂ ਕਿਸੇ ਵੀ ਵਿਦਿਆ ਤੋਂ ਖਾਲੀ ਨਹੀਂ ਸਮਝ ਰਿਹਾ। ਕਿਉਂਕਿ ਇਸ ਵਿਚ ਸੰਗੀਤ, ਕਾਵਿ, ਪਿੰਗਲਾਂ, ਜਯੋਤਿਸ਼, ਵੈਦ੍ਯਕ, ਸੰਸਕ੍ਰਿਤ, ਅਰਬੀ, ਉਰਦੂ, ਹਿੰਦੀ, ਪੰਜਾਬੀ, ਪਸ਼ਤੂ ਫਾਰਸੀ, ਕੁਰਾਨ, ਉਪਨਿਸ਼ਦਾਂ, ਗੀਤਾਂ, ਰਾਮਾਇਣ, ਮਹਾਂ ਭਾਰਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿਕ—ਗ੍ਰੰਥਾਂ ਦਾ ਸਾਰ ਹੈ। ਸਿਧਾਂਤ ਕੀ ? ਕਿ ਮੇਰੀ ਨਿਗਾਹ ਥਾਈਂ ਕੋਈ ਵੀ ਅਜਿਹਾ ਗ੍ਰੰਥ ਨਹੀਂ ਲੰਘਿਆ ਜਿਹੜਾ ਕਿ ਸ੍ਰੀ ਸਰਬ-ਲੋਹ ਤੋਂ ਪਹਿਲਾਂ ਦਾ ਹੋਵੇ ਅਤੇ ਇਸ ਵਿਚ ਉਸ ਦੀ ਛਾਇਆ ਨਾ ਹੋਵੇ। ਇਹਨਾਂ ਸਾਰਿਆਂ ਹੀ ਪ੍ਰਕਰਣਾਂ ਤੇ ਲੇਖਾਂ ਲਈ ਜਿੰਨੀ ਵੀ ਯੋਜਨਾਂ ਕੀਤੀ ਜਾਵੇ ਥੋਹੜੀ ਹੈ। ਪ੍ਰੰਤੂ ਹੁਣ ਸ੍ਰੀ ਸਰਬਲੋਹ ਜੀ ਵਿਚੋਂ ਕੁਝ ਨਮੂਨੇ ਵੇਖੋ"

### ਬਿਸ਼ਨਪਦ ਰਾਗ ਦੀਪਕ ਕਰਨਾਟੀ ਮਕੱਦਰਾ

ਅਸਪਾ ਜੌਲਾਨ ਦੀਨੇ ਗੁਸਤਾਖ ਭੱਟ ਨਵੀਨੇ ॥
ਚਾਲਾਕ ਚੁਸਤ ਮੈਦਾ ਖੂੰਖਾਰ ਜੰਗ ਰੂਏ ॥
ਚਾਬਕ ਰਕਾਬ ਜੰਗੀ ਸੁਰ ਨਰ ਸਿਪਾਹ ਭੁਯੰਗੀ ॥
ਲਲਕਾਰ ਜੰਗ ਆਮਦ, ਵਰਧਾਮ ਸ਼ੇਰ ਖੂਏ ॥
ਅਲਕੈਂ ਸਿਆਹ ਨਾਗਨ, ਰੁਖਸਾਰ ਹਮਚੂੰ ਰਾਗਨ ॥
ਨਾਜ਼ਕ ਅਨੰਦ ਜੈਸੇ, ਗੁਲ ਰੰਗ ਖੂਬ ਰੂਏ ॥
ਦਲੇਰਾਂ ਚੀਰ ਦਸਤਾਂ ਚੂੰ ਸ਼ੇਰ ਪੀਲ ਮਸਤਾਂ ॥
ਸੁਰ ਨਰ ਮੁਸਾਫ ਆਮਦ, ਹਮਚੂੰ ਚੋਗਾਨ ਗੂਏ ॥
(ਧਿਆਏ ੪ ਸਫਾ ੧੭)

ਨਮੂਨਾ ਸੰਸਕ੍ਰਿਤ :

ਸਕਲਾਨਿ ਭੂਧਰਾਨਿ ਭਵੰਤ ਕਜਲ ਪਤ੍ਰਿ ਭਵੰਤਿ ਸਾਗਰਾ ॥
ਬ੍ਰਿਖਾਨਿ ਸਕਲਾਨਿ ਲੇਖਨਾ ਉਹਬੀਧੰ ਭਵਤਿ ਕਾਗਰਾ ॥
(ਧਿਆਇ ੫)

ਨਮੂਨਾ ਅਰਬੀ :

ਜਲ ਜਲਾਲ ਲਾ-ਯਜ਼ਾਲ ਨਾ-ਯਮੂਤ ॥ (ਧਿਆਏ ੫ ਸਫਾ ੧੭)

(ਸਵਾਮੀ ਜੀ ਦਸਦੇ) ਇਨ੍ਹਾਂ ਤੋਂ ਵਧ ਬੋਲੀਆਂ ਦਾ ਅਤੇ ਛੰਦਾਂ ਦਾ ਮਜ਼ਮੂਆ ਰਾਗਾਂ ਦੇ ਅਨੁਸਾਰ ਉਚਾਰਨ ਕੀਤਾ ਹੋਇਆ "ਗ੍ਰੰਥ ਸ੍ਰੀ ਸਰਬ-ਲੋਹ" ਹੈ, ਸਮਗਰ

ਅਰਥ ਅਤੇ ਵਿਆਖਿਆ ਚਾਹੀਏ ਆਪ ਉਸ ਪੂਰੀ ਬੀੜ ਤੋਂ ਪ੍ਰਾਪਤ ਕਰੀਏ" ਏਹ ਪ੍ਰੇਰਨਾ ਸਵਾਮੀ ਜੀ ਦੀ ਹੈ।

ਉਦਾਸੀ ਸਵਾਮੀ ਜੀ ਦਸਦੇ ਕਿ ਇਕ ਬੀੜ ਭਾਈ ਪ੍ਰਹਿਲਾਦ ਸਿੰਘ ਪਾਸ ਵੀ ਹੈਗੀ ਸੀ। ਐਸਾ ਉਹਨਾਂ ਦੇ ਰਹਿਤਨਾਮੇ ਤੋਂ ਪ੍ਰਗਟ ਹੁੰਦਾ ਹੈ ਕਿ ਇਸੇ 'ਸਰਬ-ਲੋਹ' ਦੇ ਨਾਲ ਬਹੁਤ ਮੇਲ ਖਾਂਦਾ ਹੈ—ਨਮੂਨਾ ਦੇਖੀਏ :

| ੧. **ਪ੍ਰਹਿਲਾਦ ਸਿੰਘ ਦੇ ਰਹਿਤਨਾਮੇ ਵਿਚੋਂ** | **— ਸ੍ਰੀ ਸਰਬ-ਲੋਹ ਗ੍ਰੰਥ ਵਿਚੋਂ** |
|---|---|
| ਅਕਾਲ ਪੁਰਖ ਕੀ ਮੂਰਤ ਦੇਹ ॥ | ੧. ਖਾਲਸਾ ਕਾਲ ਪੁਰਖ ਕੀ ਫੌਜ ॥ |
| ਪ੍ਰਗਟਯੋ ਆਪ ਖਾਲਸਾ ਦੇਹ ॥ | ਪ੍ਰਗਟਯੋ ਖਾਲਸਾ ਪਰਮਾਤਮ ਕੀ ਮੌਜ ॥ |
| ੨. ਮਮ ਰੰਚਕ ਮਿਥਿਆ ਨਹਿ ਭਾਖੀ ॥ | ੨. ਯਾਮੈ ਰੰਚ ਨ ਮਿਥਿਆ ਭਾਖੀ ॥ |
| ਗੁਰੂ ਨਾਨਕ ਗੁਰੂ ਅੰਗਦ ਸਾਖੀ ॥ | ਪਾਰਬ੍ਰਹਮ ਗੁਰੂ ਨਾਨਕ ਸਾਖੀ ॥ |

ਨਾਮਧਾਰੀ ਲੇਖਕ ਤਾਂ ਸਾਰੇ ਰਹਿਤਨਾਮਿਆਂ ਨੂੰ ਤੋੜ ਫੋੜ ਕਰਕੇ ਪਿਛੋਂ ਆਖੇਪਕਾਰ ਦਸਦਾ ਹੈ, ਪਰ ਅਸੀਂ ਦਸਿਆ ਸੀ ਕਿ ਰਹਿਤਨਾਮੇ ਦੇ ਲਿਖਾਰੀਆਂ ਬਹੁਤਾ ਸੁਣਿਆ ਸੁਣਾਇਆ ਲਿਖਿਆ ਹੈ ਤੇ ਵਖੋ ਵਖ ਲੇਖਕਾਂ ਪਾਸੋਂ ਇਕ ਮਜ਼ਮੂਨ ਵਿਚ ਲਿਖਦੇ ਹੋਇਆਂ 'ਫਰਕ' ਪੈ ਜਾਂਦਾ ਹੈ, ਪਰ ਅਸਲੀਅਤ ਹੈਗੀ ਸੀ ਤਦੇ ਸਾਰਿਆਂ ਨੇ ਲਿਖਿਆ, ਪਰ ਨਾਮਧਾਰੀ ਸੰਤ ਜੀ ਨੇ ਸਫਾ ੧੨੮ ਪਰ ਸਾਰਿਆਂ ਨੂੰ ਗੁਮਨਾਮੀਆ ਦੀ ਖੇਪਕ ਲਿਖਤ ਲਿਖਿਆ ਮੰਨਿਆ ਹੈ।

ਨਾਮਧਾਰੀ ਸੰਤ ਨੇ ਖਾਲਸ, ਅਤੇ ਖਾਲਸਾ ਪਦ ਵਿਚ ਫਰਕ ਸਮਝਿਆ ਅਤੇ ਖਾਲਸ ਦੇ ਲਿਖਣ ਵਾਲਿਆਂ ਨੂੰ ਸਹੀ ਤੇ ਖਾਲਸਾ ਲਿਖਦੇ ਹੋਇਆਂ ਨੂੰ ਘਟੀਆ ਅਤੇ ਗਲਤ ਦਸਦਾ ਹੈ, ਪਰ ਇਕ ਹੋਰ ਰਹਿਤਨਾਮੀਏ ਬਾਬਾ ਸੁਮੇਰ ਸਿੰਘ ਹੋਏ ਹਨ ਸਰਬ-ਲੋਹ ਉਹਨਾਂ ਪਾਸ ਵੀ ਹੈ ਸੀ ਤੇ ਉਸ ਦੇ ਅਧਾਰ ਤੇ ਹੀ ਉਹਨਾਂ ਵੀ ਰਹਿਤਨਾਮੇ ਵਿਚ ਲਿਖਿਆ ਹੈ—ਨਮੂਨਾ ਦੇਖੀਏ :

| **ਬਾਬਾ ਸੁਮੇਰ ਸਿੰਘ ਲਿਖਤ** | **ਸਰਬ-ਲੋਹ ਦੀ ਲਿਖਤ** |
|---|---|
| ੧. ਦਸ ਗ੍ਰਿਹਜ ਤਿਆਗੀ ਸੁਦੇਸ ॥ | ੧. ਦਸ ਗ੍ਰਾਹੀ ਦਸ ਤਿਆਗੀ ਐਸੋ |
| ਬ੍ਰਹਮ ਗਿਆਨ ਮਹਿ ਲੀਨ ॥ | ਤਾਹਿ ਖਾਲਸਾ ਕਥਤ ਸੁਜਾਨੰ ॥ |
| ੨. ਸਿੰਘ ਸੁਮੇਰੁ ਸੁ ਖਾਲਸਾ | ੨. ਅਸੁ ਖਾਲਸ ਖਾਲਸਾ ਪਦ ਪ੍ਰਾਪਤਿ |
| ਸਰਬ ਲਾਲਸਾ ਹੀਨਿ ॥੨੦॥ | ਨਿਰੰਕਾਰ ਸੁ ਸਰੂਪ ਮਹਾਨੰ ॥ |
| ੩. ਦਾਤਾ ਗਿਆਤਾ ਸੂਰਮਾ | ੩. ਦਯਾ ਦਾਨ ਤੁ ਛਿਮਾਂ ਸਨਾਨੰ ॥ |
| ਗਿਆਨੀ ਸਾਧੂ ਸਿੰਘ ॥ | ਸੀਲ ਸੁਚਿ ਸਤਧੰ ਸੰਭਾਨੰ ॥ |
| ੪. ਭਗਤ ਜੋਗ ਯੁਤ ਖਾਲਸਾ | ੪. ਸਾਧਨ ਸਿੱਧ ਸੂਰ ਗਤਿ ਮਾਨੰ ॥ |
| ਤਤ ਸੁਮੇਰੁ ਸੁ ਸਿੰਘ ॥੨੧॥ | ਦਸ ਗ੍ਰਾਹਜ ਆਸਤਕ ਪ੍ਰਮਾਨੰ ॥ |

ਨਾਮਧਾਰੀ ਸੰਤ ਨੇ ਬੇਦੀ ਸੋਢੀ ਸਾਹਿਬਜ਼ਾਦਿਆਂ ਦੀ ਨਿੰਦਾ ਕੀਤੀ ਹੈ ਅਤੇ ਆਪਣਿਆਂ ਨੂੰ ਵਡਿਆਇਆ ਹੈ, ਪਰ ਗੁਰੂ ਸਾਹਿਬ ਗੁਰੂ ਅੰਸਾ ਬਾਬਤ ਸਰਬ-ਲੋਹ ਵਿਚ ਤਾਰੀਫ ਕਰਦੇ ਹਨ। ਜੈਸਾ ਕਿ "ਖਾਲਸਾ ਪ੍ਰਕਾਸ਼" ਸਫਾ ੨੯ ਪਰ ਸਵਾਮੀ ਜੀ

ਨੇ ਲਿਖ ਦਸਿਆ—

ਚਤਰਬੰਸ ਸਤਿਗੁਰ ਕੇ ਨੀਕਾ ਸੁਭ ਬੰਸਨ ਬਰਨਤ ਜਸ ਟੀਕਾ ॥
ਬੇਦੀ ਤ੍ਰੇਹਨ ਭਲੇ ਸੋਢੀ ਭਨਿ ॥ ਚਤਰਬੰਸ ਗੁਰੂ ਬੰਸ ਸਿਰੋਮਨਿ ॥੪॥
ਚਾਰੋਂ ਮੁਕਤਿ ਚਾਰਹੁ ਬੰਸਾ ॥ਚਾਰ ਪਦਾਰਥ ਚਤਰ ਭੁਜੰਸਾ ॥
ਚਾਰ ਨਿਗਮ ਪੁਨਿ ਰੂਪ ਚਹੂ ਜੁਗ ॥
ਸਾਮ ਸ-ਯਜੁਰ, ਅਥਰਬਣ, ਅਥਰਬਣ ਔਰਿਗ ॥੫॥

ਫੇਰ ਸਫਾ ੩੦ ਉਤੇ—

ਚਾਰ ਪਦਾਰਥ ਲਾਭ ਤਿਸ ਹੋਵਤ ॥
ਚਤਰ ਬੰਸ ਸਤਿਗੁਰ ਜੋ ਸੇਵਤ ॥

ਅਗੇ ਸਫਾ ੪੬ ਪਰ ਖਾਲਸੇ ਦੀ ਉਤਪਤੀ ਦੇ ਸਬੰਧ ਵਿਚ ਸਰਬ-ਲੋਹ ਦੀ ਲਿਖਤ ਦਸਦੇ—ਨਮੂਨਾ ਦੇਖੀਏ :

ਜੋ ਜੋ ਅਸਰ ਪ੍ਰਭ ਸੰਤਨ ਦ੍ਰੋਹੀ ਹਰਿ ਮਾਰਗ ਮਹਿ ਬਿਘਨ ਕਰੰਤੇ ॥
ਤੇ ਤੇ ਦੁਸਟ ਪਛਾਰੇ ਸਤਿਗੁਰੂ ਮਨਾਇ ਭਗਵਤੀ ਸਿਮਰ ਭਗਵੰਤੇ ॥
ਭੂਸਰਗੋ ਦ੍ਰੋਹੀ ਜੋ ਦੁਸ਼ਟਨ ਧਰਮ ਜੁਧ ਕਰਿ ਅਸਰ ਦਲੰਤੇ ॥
ਸੋਧ ਸੁਧਾਰ ਬਰਨ ਆਸ਼ਰਮ ਕੋ ਮਥ ਕਰ ਤਤ ਖਾਲਸੇ ਬਦੰਤੇ ॥੩॥

ਸਰਬ-ਲੋਹ :

ਕਾਲ ਪੁਰਖ ਕੀ ਆਗਿਆ ਪ੍ਰਾਏ ਪ੍ਰਗਟ ਭਯੋ ਰੂਪ ਮੁਨਿਵਰ ਕੋਂ ॥
ਜਟਾ ਜੂਟ ਨਖ ਲਿਖ ਕਰ ਪਾਵਨ ਭਗਤਿ ਸੂਰ ਦ੍ਵੈ ਰੂਪਨਰ ਵਰ ਕੋਂ ॥

(ਸਫਾ ੪੬)

ਨੋਟ :—ਇਸ ਲਿਖਤ ਦਾ ਭਾਵ ਇਹੋ ਹੈ ਜੋ "ਆਗਿਆ ਭਈ ਅਕਾਲ ਕੀ ਦੋਹਿਰੇ ਦਾ ਹੈ" ਕਿ ਅਕਾਲ ਪੁਰਖ ਦੀ ਆਗਿਆ ਨਾਲ ਸਰੇਸ਼ਟ ਮੁਨੀਆਂ ਦਾ ਰੂਪ ਪ੍ਰਗਟ ਹੋਇਆ ਹੈ। ਜੋ ਪੈਰਾਂ ਦੇ ਨਖ (ਨੂੰਹ) ਤੋਂ ਸਿਖਰ ਸੀਸ ਦੇ ਕੇਸਾਂ ਤੀਕ ਜਟਾ ਜੂਟ ਭਗਤ ਵੀ ਅਤੇ ਸੂਰਮਾਂ ਵੀ ਦੋ ਰੂਪਾਂ ਵਿਚ (ਸੰਤ ਅਤੇ ਸਿਪਾਹੀ) ਹੈ।

ਫੇਰ ਦਸਿਆ ਹੈ :

ਚੌਦਵੇ ਪਦ ਦਾਤ ਧੁਰ ਪਾਯੋ ਧਰਮ ਰਾਜ ਭੁਜੰਤ ਗਿਰਵਰ ਕੋਂ ॥
ਉਦੇ-ਅਸਤ ਸਾਮੁੰਦ੍ਰ ਪ੍ਰਯੰਤ ਅਬਿਚਲ ਰਾਜ ਮਿਲਿਉ ਸੁਰ ਪੁਰ ਕੋਂ ॥
ਪੰਥ ਖਾਲਸਾ ਭਯੋ ਪੁਨੀਤਾ ਪ੍ਰਭ ਆਗਿਆ ਕਰ ਉਦਤ ਭਏ ॥
ਮਿਟੀ ਦਵੈਤ ਸੰਜੁਗਤ ਉਪਾਧਿਨਿ ਅਸਰ ਮਲੇਛਨ ਮੂਲ ਗਏ ॥
ਧਰਮ ਪੰਥ ਖਾਲਸ ਪ੍ਰਚੁਰ ਭਯੋ ਸਤ ਸਰੂਪ ਪੂੰਨ ਰੂਪ ਜਏ ॥
ਕੱਛ ਕੇਸ ਕਿਰਪਾਨ ਮੁੰਦ੍ਰਤ ਗੁਰ ਭਗਤਾ ਰਾਮਦਾਸ ਭਏ ॥
ਕਾਲ ਉਪਾਸਕ ਛਤ੍ਰਿਯਾ ਧਰਮਾਂ ਰਣਿ ਕਟਿ ਕਸਿ ਪ੍ਰਧਾਨ ਅਏ ॥
ਤਾਮਹਿ ਪੰਚ ਚਾਲਿਸ ਪ੍ਰਧਾਨਾਂ ਪੰਚ ਪ੍ਰਧਾਨ ਖਾਲਸਾ ਠਏ ॥

ਸ੍ਰੀ ਅਜੀਤ ਸਿੰਘ ਜੁਝਾਰ ਸਿੰਘ, ਜੋਰਾਵਰ ਸਿੰਘ ਫਤਹ ਸਿੰਘ ਪ੍ਰਿਏ ॥
ਪੰਚਮ ਖਾਲਸਾ ਸਤਿਗੁਰੂ ਪੂਰਾ ਜਿਨ ਏ ਪੰਥ ਸੁਪੰਥ ਪ੍ਰਗਟਏ ॥ (ਸਫਾ ੪੮

ਚਾਲਿਸ ਠਰ ਦੋ ਬੀਜ ਖਾਲਸਾ ਮੁਕਤੇ ਪਾਵਨ ਸਿੰਘ ਬਲੀ ॥
ਮਾਤ ਭਗਵਤੀ ਪਿਤਾ ਕਾਲ ਪੁਰਖ ਗੋਦ ਲੀਯੋਦੈ ਖਾਸ ਪਲੀ ॥
ਸਕਲ ਭਰਮ ਪਰਿ ਹਰ ਕਰਿ ਹਰਿਜਨ ਸਤਿਨਾਮ ਸੁਚਿ ਮੰਤ੍ਰ ਭਲੀ ॥
ਆਪ ਜਪਤਿ ਅਰੁ ਜਗਤਿ ਜਪਾਵਤਿ ਭਗਤਿ ਸਰੋਮਣ ਮਾਹਿ ਕਲੀ ॥੭॥
ਇਤਿ ਸ੍ਰੀ ਪੰਥ ਪ੍ਰਕਾਸ਼ ਸੁਭ ਬੰਸ ਸਤਿਗੁਰ ਪਾਤਸ਼ਾਹੀ ਬਰਨੰਨ ਸੁਭੰ ॥
(ਸਫਾ ੪੮)

ਅਗੇ ਗ੍ਰੰਥ ਅਸਥਾਪਨ ਮਹਾਤਮ ਸ੍ਰੀ ਸਤਿਗੁਰ ਬਿਗ੍ਰਹ ਕਥਤੋਂ=ਤੱਵਥਲਿ ਬਿਸਨਪਦ ਪੁਨਿਆ ਕੀ ।

ਨੋਟ :—ਇਹ ਲਿਖਤ ਪਿਛੇ ਵੀ ਇਕ ਦੋ ਥਾਏਂ ਲਿਖ ਆਏ ਹਾਂ—ਇਥੇ ਹੁਣ ਫੇਰ ਗੁਰੂ ਗ੍ਰੰਥ ਮਹਾਤਮ—ਜੋ ਸਰਬ ਲੋਹ ਵਿਚ ਹੈ ਲਿਖਿਆ ਹੈ ਕਿ ਪਾਠਕਾਂ ਨੂੰ ਚੇਤਾ ਬਣਿਆ ਰਹੇ ।

ਆਪਨ ਪੌ ਸ੍ਰੀ ਖਾਲਸੇ ਦੀਨਾਂ ਦੁਤਿਯ ਰੂਪ ਸਤਿਗੁਰੂ ਗ੍ਰੰਥਾ ॥
ਬੋਲਨੁ ਸਤਿਗੁਰ ਸਬਦ ਸੰਭਾਖਨ ਨਾਮ ਗੋਬਿੰਦ ਕੀਰਤਨ ਸੰਥਾ ॥

... ... ... ...

ਇਨ ਕੋ ਦਰਸ ਸਤਿਗੁਰ ਕੋ ਦਰਸਨ ਬੋਲਨ ਗੁਰੂ ਸ਼ਬਦ ਗੁਰੂ ਗ੍ਰੰਥਾ ॥
ਦਵਾਦਸ ਰੂਪ ਸਤਿਗੁਰ ਏ ਕਹੀਯਤ ਦਵਾਦਸ ਭਾਨ ਪ੍ਰਗਟ ਹਰਿ ਸੰਤਾ ॥
ਪ੍ਰਤਖਯ ਕਲਾ ਪਾਰਬ੍ਰਹਮ ਧਣੀਛੇ ਗ੍ਰੰਥ ਪੰਥ ਖਾਲਸ ਵਰਤੰਤਾ ॥
ਦਾਸ ਗੋਬਿੰਦ ਫਤਹ ਸਤਿਗੁਰ ਕੋ ਖਾਸ ਗ੍ਰੰਥ ਗੁਰੂ ਰੂਪ ਬਦੰਤਾ ॥
(ਦੁਪਦਾ ੧੭)

ਨੋਟ: —ਉਕਤ ਲਿਖਤ—ਖਾਲਸ—ਅਤੇ ਖਾਲਸਾ ਦੋਵੇਂ ਸ਼ਬਦ ਇਕੋ ਲਖਸ਼ ਪਰ ਉਚਾਰਤ ਹਨ । ਤੇ ਇਹ ਫਰਕ ਸਿਰਫ ਛੰਦ ਚਾਲ ਨੂੰ ਬਰਾਬਰ ਵਜ਼ਨ ਵਿਚ ਰਖਣ ਵਾਸਤੇ ਮਾਤਰਾ ਦਾ ਵਾਧਾ ਘਾਟਾ ਕੀਤਾ ਦਸਿਆ ਹੈ ।

ਇਥੇ ਪਾਠਕਾਂ ਦੀ ਜਾਣਕਾਰੀ ਵਾਸਤੇ ਇਹ ਵੀ ਦਸਦੇ ਹਾਂ ਕਿ ਉਕਤ ਵਾਕ ਦਮਦਮਾ ਥਾਂ ਤੇ ਉਚਾਰੇ ਗਏ ਦਿਸਦੇ ਹਨ । ਕਿਉਂਕਿ ਸੰਨ ੧੭੦੬-੧੪ ਜਨਵਰੀ (ਮੁਤਾਬਕ ਸੰਮਤ ੧੭੬੩--ਪਹਿਲੀ ਮਾਘ) ਦੀ ਸੰਗਰਾਂਦ ਨੂੰ ਖਿਦਰਾਣੇ ਦੀ ਢਾਬ ਪਰ ੪੦ ਸਿੰਘ ਸ਼ਹੀਦ ਹੋਏ ਸੀ ਜਿਹਨਾਂ ਨੂੰ ਮੁਕਤੇ ਪਦਵੀਪ੍ਰਾਪਤ ਹੋਈ ਸੀ ਤੇ ਇਥੋਂ ਫਿਰ ਸ੍ਰੀ ਦਮਦਮਾ ਅਸਥਾਨ ਪਰ ਜਾਕੇ ੯ ਮਹੀਨੇ ਤੇ ੯ ਦਿਨ ਰਹੇ ਸੀ । ਇਥੇ ਹੀ ਬੋਹੜਾ ਅਮਨ ਦਾ ਬੈਠਣਾ ਮਿਲਿਆ ਸੀ । ਗੁਰੂ ਸਾਹਿਬ ਨੇ ਨਵੇਂ ਸਿਰੇ ਗੁਰੂ ਗ੍ਰੰਥ ਜੀ ਦੀ ਲਿਖਾਈ ਵੀ ਕਰਾਈ ਅਤੇ ਚਾਰੇਂ ਸਾਹਿਬਜਾਦੇ ਤੇ ੪੦ ਮੁਕਤੇ ਜੋ ਸ਼ਹੀਦੀ ਪਾ ਚੁਕੇ ਸਨ ਉਹਨਾਂ ਨੂੰ ਸਤਿਕਾਰ ਦਿੰਦੇ ਹੋਇਆਂ ਸਤਿਕਾਰ ਹਿਤ ਯਾਦਗਾਰੀ ਵਾਸਤੇ ਸ੍ਰੀ ਸਰਬ-ਲੋਹ ਵਿਚ ਉਕਤ ਵਾਕ ਉਚਾਰ ਕੇ ਲਿਖਾਏ । ਜਿਸ ਤੋਂ ਇਹ ਵੀ ਠੀਕ ਹੀ

ਸਾਬਤ ਹੈ ਕਿ ਸ੍ਰੀ ਸਰਬ-ਲੋਹ ਗ੍ਰੰਥ ਜੀ ਦਾ ਪੰਜਵਾਂ ਧਿਆਇ ਇਥੇ ਹੀ ਉਚਾਰਨ ਕੀਤਾ ਸੀ ਤੇ ਇਸੇ ਕਰਕੇ ਦਮਦਮੇ (ਤਲਵੰਡੀ) ਬਾਬਤ ਲਿਖਿਆ ਸੀ--

"ਤਲਵੰਡੀ ਮੈ ਗੁਰ ਕੀ ਕਾਸ਼ੀ ਰਚੀ—ਜਿਹ ਬੈਲ ਪਢੈ ਹੋਇ ਬੁਧ ਉਦਾਰੋ ॥

ਹੁਣ ਪਾਠਕਾਂ ਨੇ ਵੇਖਿ ਲਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਤੇ ਖਾਲਸਾ ਪੰਥ ਨੂੰ ਗੁਰਤਾ ਦੀ ਬਖਸ਼ਿਸ਼ ਦਾ ਜ਼ਿਕਰ ਕਿਤਨਾ ਸਾਫ ਸ਼ਬਦਾਂ ਵਿਚ ਆਪਣੀ ਕਲਮ ਨਾਲ ਗੁਰੂ ਜੀ ਨੇ ਲਿਖਿਆ ਤੇ ਇਸ ਦੇ ਮੁਕਾਬਲੇ ਵਿਚ ਜੇਕਰ ਨਾਮਧਾਰੀ ਲੇਖਕ ੧੦੦ ਦੂਜੇ ਲਿਖਾਰੀਆਂ ਦੀਆਂ ਲਿਖਤਾਂ ਪੇਸ਼ ਕਰੇ ਤੇ ਆਪਣੀਆਂ ਹੁਜਤਾਂ ਭਰੀਆਂ ਦਲੀਲਾਂ ਨਾਲ ਗੁਰੂ ਗ੍ਰੰਥ ਅਤੇ ਪੰਥ ਦੀ ਗੁਰਤਾ ਦਾ ਖੰਡਨ ਕਰੇ ਤਾਂ ਕੌਡੀ ਮੁਲ ਨਹੀਂ ਹੈ। ਜਿਸ ਨੂੰ ਸਾਬਤ ਕਰਨ ਨੂੰ ਅਸੀਂ ਸਰਬ-ਲੋਹ ਤੋਂ ਇਲਾਵਾ ਇਤਿਹਾਸਕ ਸਬੂਤ, ਉਦਾਸੀ ਸੰਤ ਆਤਮ ਦਾਸ ਦੀ ਗੁਹਜ ਕਥਾ ਦਾ ਹਵਾਲਾ ਤੇ ਬਾਲੂ ਹਸਨ ਸਾਹਿਬ ਮੰਡਲੀ ਦਾ ਭਾਈ ਰਾਮ ਕੌਰ ਮਾਤਾਵਾਂ ਪ੍ਰਤੀ ਅਖੀਂ ਡਿਠੇ ਹਾਲ ਦਾ ਉਚਾਰਨ ਵੀ ਦਸਿਆ ਅਤੇ ਹੋਰ ਵੀ ਮੁਨਾਸਬ ਵਿਚਾਰਾਂ ਨਾਲ ਯੋਗ ਉਤਰ ਦਿਤੇ ਹਨ ਪਰ ਇਹ ਪੁਸਤਕ ਪੜ੍ਹੇ ਨਾਲ ਹੀ ਉਹਨਾਂ ਦੇ ਨਾਮਧਾਰੀ ਦਰਬਾਰ ਤੇ ਸਹਿਮਤ ਸ਼ਰਧਾਲੂਆਂ ਨੂੰ ਪਤਾ ਚਲੇਗਾ ਕਿ ਅਸਲੀਅਤ ਕੀ ਹੈ ?

ਐਮ. ਐਸ. ਚਾਵਲਾ (ਇਸੇ ਢੰਗ ਨਾਲ) ਉਹ ਸਾਰਿਆਂ ਨੂੰ ਚਿਠੀਆਂ ਲਿਖਦਾ ਰਿਹਾ ਹੈ ਤੇ ਅਸੀਂ ਵੀ ਚਾਵਲਾ (ਮੋਹਰ ਸਿੰਘ) ਸਾਹਿਬ ਬਾਬਤ ਇਹੋ ਦਸਣਾ ਹੈ ਕਿ ਜਿਸ ਨੇ ਇਤਨੇ ਹੁਕਮਨਾਮੇ, ਰਹਿਤਨਾਮੇ ਅਤੇ ਹੋਰ ਸਿਖ ਇਤਿਹਾਸ ਸਬੰਧੀ ਉਰਦੂ--ਪੰਜਾਬੀ ਅਤੇ ਅੰਗਰੇਜ਼ੀ ਦੀਆਂ ਬੇਸ਼ੁਮਾਰ ਪੁਸਤਕਾਂ ਪੜੀਆਂ ਅਤੇ ਉਹਨਾਂ ਵਿਚੋਂ ਆਪਣੇ ਪੱਖ ਪੂਰਤੀ ਲਈ ਹਵਾਲੇ ਦਿੰਦਾ ਰਿਹਾ ਹੈ ਉਸ ਨੇ ਸਰਬ-ਲੋਹ ਵੀ ਜ਼ਰੂਰ ਪੜਿਆ ਹੋਣਾ ਹੈ ਤੇ ਜਾਣ ਬੁਝ ਕੇ ਅਗਰ ਉਹ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਨੂੰ ਸ਼ਕੀ ਬਣਾ ਰਿਹਾ ਹੈ ਤੇ ਆਪਣੇ ਨਾਮਧਾਰੀ ਗੁਰੂ ਜੀ ਨੂੰ ਗੁਰੂ ਗ੍ਰੰਥ ਦੀ ਥਾਏਂ ਗੁਰਗਦੀ ਦਾ ਵਾਰਸ ਦਸਦਾਹੈ, ਤਦ ਉਹ ਜਾਣ ਬੁਝ ਕੇ ਗੁਰੂ ਗੋਬਿੰਦ ਸਿੰਘ ਜੀ ਤੋਂ ਬੇਮੁਖ ਤੇ ਉਹਨਾਂ ਦੀ ਲਿਖਤ (ਹੁਕਮਾਂ) ਦੀ ਹੁਕਮ ਅਦੂਲੀ ਕਰ ਰਿਹਾ ਹੈ ਤੇ ਇਹੋ ਜਿਹੇ ਹੁਕਮ ਅਦੂਲਣੇ ਫਰੇਬੀਆਂ (ਤੇ ਮੂੰਹ ਫੇਰਨ ਵਾਲੀਆਂ) ਵਾਸਤੇ ਗੁਰੂ ਗ੍ਰੰਥ ਜੀ ਦਾ ਇਹ ਫੁਰਮਾਨ ਹੈ—

ਜੋ ਗੁਰ ਗੋਪੇ ਆਪਣਾ ਸੁ ਭਲਾ ਨਾਹੀ
ਪੰਚਹੁ ਉਨਿਲਾਹਾ ਮੂਲ ਸਭ ਗਵਾਇਆ ॥ (੩੦੪)

ਫੇਰ— ਸਤਿਗੁਰ ਤੇ ਜੋ ਮੁਹ ਫੇਰੇ ਸੇਵੇ ਮੁਖ ਬੁਰੇ ਦਿਸਨ ।
ਅਨਦਿਨ ਬਧੇ ਮਾਰੀਅਨਿ ਫਿਰ ਵੇਲਾ ਨ ਲਹੰਨ । (੨੩੩)

ਅਤੇ ਜੇਕਰ ਉਸ ਨੇ ਉਕਤ ਸ੍ਰੀ ਸਰਬ-ਲੋਹ ਪੜਿਆ ਨਹੀਂ ਤਾਂ ਸਵਾਮੀ ਹਰਨਾਮ ਦਾਸ (ਕਪੂਰਥਲਾ) ਵਾਲੇ ਜੋ ਨਾਮਧਾਰੀ ਦਰਬਾਰ ਦੇ ਬਹੁਤ ਨੇੜੇ ਸਨ ਤੇ "ਪੁਰਖ ਗੁਰੂ" ਵਿਚ ਵੀ ਉਹਨਾਂ ਦਾ ਨਾਮ ਆਪੇ ਹੀ ਸਫਾ ੭੯ ਪਰ ਉਸ ਨੇ ਲਿਖਿਆ ਹੈ, ਉਹਨਾਂ ਨੂੰ ਮਿਲ ਕੇ ਤਸੱਲੀ ਕਰਦਾ, ਜਾਂ ਸਰਬ-ਲੋਹ ਗ੍ਰੰਥ ਲੈ ਕੇ ਪੜ੍ਹੇ ਅਤੇ ਅਪਣੇ ਹੱਠ ਨੂੰ ਛਡ ਕੇ ਗੁਰੂ ਹੁਕਮਾਂ ਨੂੰ ਮੰਨਣਾ ਕਰੇ । ਤਦ ਹੀ ਉਹ ਬੇਮੁਖਤਾ ਦੀ ਸਜ਼ਾ

Principal Project Investigator
U.G.C. Research Project on Sikhism
605, Sector 16, Chandigarh.

ਪਾਣ ਤੋਂ ਬਚ ਸਕਦਾ ਹੈ—ਗੁਰੂ ਗ੍ਰੰਥ ਸਾਹਿਬ ਦੀ ਮਹਿਮਾ ਅਪਰ ਅਪਾਰ ਹੈ। ਨਾਮਧਾਰੀ ਸੰਤ, ਗੁਰਬਾਨੀ ਅਨੁਸਾਰ ਹੀ ਜੀਵਣ ਬਿਤਾਣਾ ਚਾਹੁੰਦੇ, ਤਾਂ ਫਿਰ ਗੁਰੂ ਗ੍ਰੰਥ ਜੀ ਨੂੰ ਗੁਰੂ ਮੰਨਣ ਤੋਂ ਕਿਉਂ ਇਨਕਾਰ ਹੈ ? ਦਰਬਾਰ ਨੂੰ ਵਿਚਾਰ ਕਰਨੀ ਚਾਹੀਏ।

## ਡਾਕਟਰ ਗੰਡਾ ਸਿੰਘ ਤੇ ਗੁੱਸਾ

'ਪੁਰਖ ਗੁਰੂ' ਦੇ ਲੇਖਕ ਮੇਹਰ ਸਿੰਘ, (ਐਮ. ਐਸ. ਚਾਵਲਾ) ਜੀ ਦਾ ਮਾਨਸਿਕ ਉਬਾਲ ਬਾਰ ਬਾਰ ਡਾਕਟਰ ਗੰਡਾ ਸਿੰਘ ਜੀ ਤੇ ਡਿਗਦਾ ਹੈ, ਤੇ ਥਾਂ ਥਾਂ ਪਰ ਜਿਥੇ ਵੀ ਕਿਸੇ ਪੁਸਤਕ (ਗੁਰੂ ਸੋਭਾ ਆਦਿਕ) ਜਾਂ ਕਿਸੇ ਰਹਿਤਨਾਮੇ ਵਿਚੋਂ ਆਪਣੇ ਮਲਨ ਵਿਚਾਰ ਦੀ ਪੁਸ਼ਟੀ ਵਿਚ ਕੁਝ ਮਿਲੇ ਤਾਂ ਉਸ ਨੂੰ ਉਹ ਸਹੀ ਮੰਨਦਾ ਅਤੇ ਜੇਕਰ ਗੁਰੂ ਗ੍ਰੰਥ ਜੀ ਅਤੇ ਗੁਰੂ ਪੰਥ ਦੇ ਪੱਖ ਵਿਚ ਕੁਝ ਲਿਖਿਆ ਦਿਸੇ ਤਾਂ ਉਸ ਨੂੰ ਉਹ ਆਖੇਪਕਾਰੀ ਕੀਤੀ ਦਸਦਾ, ਅਤੇ ਡਾਕਟਰ ਗੰਡਾ ਸਿੰਘ ਜੀ ਜੋ ਉਸ ਲਿਖਤ ਨੂੰ ਸਹੀ ਮੰਨ ਕੇ ਪੇਸ਼ ਕਰਦੇ ਰਹੇ ਹਨ, ਇਸ ਵਾਸਤੇ ਉਹ ਇਹਨਾਂ ਨੂੰ ਤਰੋੜ ਮਰੋੜ ਕੇ ਅਰਥ ਲਿਖਣ ਵਾਲਾ ਦਸਦਾ ਕਿ ਇਸ ਨੇ ਹੀ ਸ੍ਰੀ ਗ੍ਰੰਥ ਸਾਹਿਬ ਅਤੇ ਪੰਥ ਖਾਲਸਾ ਨੂੰ ਗੁਰਗੱਦੀ ਮਿਲੀ ਦਸ ਕੇ ਸਾਧਾਰਨ ਜਨਤਾ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। ਹਾਲਾਂਕਿ ਗੁਮਰਾਹ ਕਰਨ ਦੀ ਹਦੋਂ ਵਧ ਕੋਸ਼ਿਸ਼ ਇਹ ਖੁਦ ਕਰਦਾ ਪਿਆ ਹੈ।

ਸਫਾ ੧੨੨ ਉਤੇ ਉਹ ਲਿਖਦਾ ਕਿ ਗੁਰੂ ਸੋਭਾ ਦਾ ਸੰਪਾਦਨ ਡਾਕਟਰ ਗੰਡਾ ਸਿੰਘ ਨੇ ਕੀਤਾ ਤੇ ਇਸ ਦੇ ਪੰਨਾ ਨੰਬਰ ੧੨੯ ਉਤੇ ਇਹਨਾਂ ਪੱਦਾਂ ਬਾਰੇ ਉਹ ਐਸਾ ਫੁਟ ਨੋਟ ਲਿਖਦੇ ਹਨ—

ਅੰਤ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਪ੍ਰਤੱਖ ਰੂਪ ਵਿਚ ਗੁਰੂ ਪੰਥ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਦਿਤੀ—"ਸਤਿਗੁਰੂ ਹਮਾਰਾ ਅਪਰ ਅਪਾਰਾ ਸ਼ਬਦ ਵਿਚਾਰਾ' ਫੇਰ—"ਬਖਸ਼ ਦੀਉ ਖਾਲਸ ਕੋ ਜਾਮਾਂ।"

ਅਥਵਾ—ਭਰਮ ਭੇਖ ਤੇ ਰਹਿਤ ਨਿਆਰਾ—ਸੋ ਖਾਲਸਾ ਸਤਿਗੁਰੂ ਹਮਾਰਾ॥ ਹੋਰ ਵੀ ਇਸ ਤਰ੍ਹਾਂ ਦੀਆਂ ਕਈ ਪੰਗਤੀਆਂ ਜੋ ਆਪਣੇ ਪੱਖ ਵਿਚ ਡਾਕਟਰ ਜੀ ਨੇ ਪੇਸ਼ ਕੀਤੀਆਂ ਹਨ, ਉਹ ਚਾਵਲਾ ਸਾਹਿਬ ਇਹਨਾਂ ਨੂੰ ਖੇਪਕ ਵੀ ਦਸਦੇ ਅਤੇ ਆਪਣੇ ਮਤਲਬ ਵਾਸਤੇ ਵੀ ਸਿਧ ਕਰਦੇ ਕਿ ਇਸ ਵਿਚ ਗੁਰੂ ਜੀ ਵਲੋਂ ਬਖਸ਼ ਦੀਉ ਖਾਲਸ ਕੋ ਜਾਮਾਂ—ਲਿਖਿਆ ਹੈ, ਖਾਲਸਾ ਪੰਥ ਕੋ ਨਹੀਂ ਲਿਖਿਆ—ਖਾਲਸ ਉਹੀ ਹੁੰਦਾ ਜੋ ਭਰਮ ਭੇਦ ਤੋਂ ਰਹਿਤ ਹੋਵੇ।

ਪਰ ਅਸੀਂ ਪਿਛੇ ਇਕ ਦੋ ਥਾਈਂ ਇਹ ਨਿਰਣਾ ਕਰ ਆਏ ਹਾਂ ਕਿ ਗੁਰੂ ਜੀ ਨੇ ਖੁਦ ਵੀ ਅਤੇ "ਗੁਰੂ ਸੋਭਾ" ਦੇ ਲੇਖਕ ਨੇ ਖੁਦ ਵੀ "ਖਾਲਸ ਅਤੇ ਖਾਲਸਾ" ਵਿਚ ਕੋਈ ਅਰਥ-ਭਾਵ ਦਾ ਫਰਕ ਰਖ ਕੇ ਐਸਾ ਨਹੀਂ ਲਿਖਿਆ—ਬਲਕਿ ਛੰਦ ਚਾਲ ਦੇ ਵਜਨ ਅਤੇ ਬਹਿਰ ਨੂੰ ਬਰਾਬਰ ਰਖਣ ਵਾਸਤੇ ਐਸਾ ਕਈ ਥਾਈਂ ਲਿਖਿਆ ਹੈ। ਜੈਸਾ ਕਿ ਪਿਛੇ ਵੀ ਅਸੀਂ ਸ੍ਰੀ ਸਰਬ-ਲੋਹ ਵਿਚੋਂ ਲਿਖਤ ਪੇਸ਼ ਕੀਤੀ ਹੈ। ਜਿਸ ਵਿਚ "ਖਾਲਸ-ਖਾਲਸੇ, ਖਾਲਸਾ ਅਤੇ ਖਾਲਸਹਿ" ਚਾਰ ਰੂਪਾਂ ਵਿਚ ਇਕੋ ਅਰਥ ਰਖਦੇ ਸ਼ਬਦ ਵਰਤੇ ਹਨ। ਫਰਕ ਇਤਨਾ ਹੈ ਕਿ ਇਕੋ ਲਖਸ਼ (ਗੁਰੂ ਖਾਲਸਾ—ਜਾਂ ਇਕੋ

ਵਿਅਕਤੀ) ਪ੍ਰਥਾਇ ਹੈ ਜਿਥੇਂ ਖਾਲਸੇ ਜਾਂ ਖਾਲਸਹਿ ਲਿਖਿਆ ਹੈ ਬਹੁ ਵਚਨ ਹੈ। ਬਹੁ-ਗਿਣਤੀ ਖਾਲਸਾ ਜੀ ਪ੍ਰਥਾਇ ਹੈ ਜਾਂ ਮਾਤਰਾ ਦੇ ਹਿਸਾਬ ਨਾਲ ਐਸਾ ਲਿਖਿਆ ਹੈ ਕਿ ਜੈਸਾ ਗੁਰੂ ਸੋਭਾ ਵਾਲੇ ਨੇ ਲਿਖਿਆ ਹੈ—"ਬਖਸ਼ ਦੀਉ ਖਾਲਸ ਕੋ ਜਾਮਾਂ।"

ਕਵੀ ਜੀ ਨੇ ਇਥੇ ਠੀਕ ਚੌਪਈ ਛੰਦ ਦੀਆਂ ੧੬ ਮਾਤਰਾ ਵਿਚ ਪੰਗਤੀ ਦਾ ਉਚਾਰਨ ਕੀਤਾ ਹੈ। ਅਗਰ ਐਸਾ ਲਿਖਦੇ—"ਬਖਸ਼ ਦੀਉ ਖਾਲਸਾ ਕੋ ਜਾਮਾ" ਤਦ ੧੭ ਮਾਤਰਾ ਵਿਚ ਪੰਗਤੀ ਦੀ ਵਜਨ ਚਾਲ ਵਧ ਕੇ ਬੇਢਬੀ ਹੋ ਜਾਣੀ ਸੀ। ਇਸ ਵਾਸਤੇ ਕਵੀ ਨੂੰ ਹੱਕ ਹੈ ਕਿ ਉਹ ਕਾਵਿ ਰੀਤ ਦੇ ਵਜ਼ਨ-ਚਾਲ ਨੂੰ ਸਹੀ ਰਖਣ ਵਾਸਤੇ ਸਮਝੇ ਤਾਂ ਮਾਤਰਾ ਨੂੰ ਵਧਾ ਘਟਾ ਕੇ ਲਿਖ ਸਕੇ ਤੇ ਅਰਥ ਭਾਵ ਵਿਚ ਫਰਕ ਨਾ ਪੈਣ ਦੇਵੇ। ਪਰ ਕਾਵਿ ਰੀਤ ਨੂੰ ਨਾ ਸਮਝਦਾ ਹੋਇਆ ਇਸ ਫਰਕ ਵਿਚੋਂ ਵੀ ਉਹ ਆਪਣਾ ਪੱਖ ਸਿਧ ਕਰਨਾ ਚਾਹੁੰਦਾ ਕਿ ਬਖਸ਼ ਦੀਉ ਖਾਲਸ ਕੋ ਜਾਮਾ—ਜਿਸ ਨੂੰ ਜਾਮੇ ਦੀ ਬਖਸ਼ਿਸ਼ ਹੋਈ ਹੈ—ਉਹ ਖਾਲਸ ਹੈ, ਭਰਮ ਭੇਦ ਤੋਂ ਰਹਿਤ ਜੋ ਹੋਵੇ ਉਹ ਖਾਲਸ ਹੁੰਦਾ ਹੈ।

ਪਾਠਕ ਵਿਚਾਰ ਕਰਨ ਕਿ ਉਹ ਕਿਹੜਾ ਹੋਰ ਵਿਅਕਤੀ ਸੀ ਜਿਸ ਨੂੰ ਖਾਲਸ ਸਮਝ ਕੇ (ਸਰੂਪ) ਦੀ ਬਖਸ਼ਿਸ਼ ਕੀਤੀ ਨੇ? ਪਿਛੇ ਦੇ ਪੰਨਿਆ ਵਿਚ ਅਸੀਂ ਦਸ ਆਏ ਹਾਂ ਕਿ ਸਰਬ-ਲੋਹ ਵਿਚ ਐਸਾ ਹੀ ਲਿਖਿਆ ਹੈ, ਗੁਰੂ ਜੀ ਫਰਮਾਂਦੇ ਹਨ--"ਆਪਨ ਪੌ ਖਾਲਸੇ ਦੀਨਾ ਦੁਤਿਯ ਰੂਪ ਸਤਿਗੁਰੂ ਗੂੰਥਾ' ਇਸ ਵਾਕ ਵਿਚ ਤੇ ਉਸ ਲਿਖਤ ਵਿਚ (ਬਖਸ਼ ਦੀਉ ਖਾਲਸ ਕੋ ਜਾਮਾ) ਕੀ ਫਰਕ ਹੈ? ਤਦ ਮੰਨਣਾ ਪਏਗਾ—ਕਿ ਇਹੋ ਗੁਰੂ ਖਾਲਸਾ, ਪੰਜ ਪ੍ਰਵਾਨ (ਪਿਆਰੇ ਖਾਲਸ) ਸਨ ਜਿਹਨਾਂ ਦੇ ਸੀਸ ਪ੍ਰਵਾਨ ਕਰਕੇ (ਭੇਟ ਲੈਕੇ) ਆਪਣੇ ਸਰੂਪ ਜਿਉ ਸਜਾ ਕੇ ਫੁਰਮਾਇਆ ਸੀ--

ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸਹਿ ਮਹਿ ਕਉ ਕਰਹੁ ਨਿਵਾਸ॥
ਖਾਲਸਾ ਮੇਰੋ ਮੁਖ ਹੈ ਅੰਗਿ॥ ਖਾਲਸੇ ਕੇ ਹਉ ਬਸਤਿ ਸਦ ਸੰਗਿ॥੧॥

ਇਸ ਤਰ੍ਹਾਂ ਦੇ ਖਾਲਸਾ ਜੀ ਪ੍ਰਤੀ ਉਪਮਾਂ ਭਰਪੂਰ ੯ ਚੌਪਈਆਂ ਉਚਾਰਨ ਕਰਕੇ ਦਸਵੀਂ ਵਿਚ ਗੁਰੂ ਜੀ ਐਸਾ ਲਿਖਦੇ—ਰੋਮ ਰੋਮ ਰਸਨਾ ਜੋ ਪਾਵਹੁੰ। ਤਦਯਪ ਨ ਖਾਲਸ ਜਸਹਿ ਤਰਾਵਹੁੰ॥ ਹੌਂ ਖਾਲਸੇ ਕਹੁ ਖਾਲਸਾ ਮੇਰੋ॥ ਉਤਪੋਤ ਸਾਗਰ ਬੂੰਦੇਰੋ॥੧੦॥ ਖਾਲਸਾ ਕਾਲ ਪੁਰਖ ਕੀ ਫੌਜ॥ ਪ੍ਰਗਟਯੋ ਖਾਲਸਾ ਪਰਮਾਤਮ ਕੀ ਮੌਜ॥

ਇਥੇ ਕਾਲ ਪੁਰਖ ਕੀ ਫੌਜ ਲਿਖਿਆ--ਮਾਤਰਾ ਵਧਾ ਕੇ ਅਗਰ "ਅਕਾਲ ਪੁਰਖ ਕੀ ਫੌਜ" ਲਿਖਦੇ ਵਜ਼ਨ ਵਧ ਜਾਣਾ ਸੀ।

ਉਕਤ ਲਿਖਤ ਵਿਚ ਇਕੋ ਲਖਸ਼ (ਖਾਲਸਾ) ਸ਼ਬਦ ਨੂੰ ਤਿੰਨ ਰੂਪਾਂ ਵਿਚ ਵਰਤਿਆ ਹੈ ਪਹਿਲੀ ਪੰਗਤੀ ਵਿਚ ਸ਼ੁਰੂ--'ਖਾਲਸਾ' ਮੇਰੋ ਰੂਪ ਹੈ ਖਾਸ'--ਲਿਖਿਆ ਦੂਜੀ ਪੰਗਤੀ ਵਿਚ "ਖਾਲਸਹਿ" ਅਤੇ ਅਖੀਰ ਦੀ ੧੦ਵੀਂ ਚੌਪਈ ਦੀ ਦੂਜੀ ਪੰਗਤੀ ਵਿਚ 'ਤਯਪ ਨ ਖਾਲਸ ਜਸਹਿ ਤਰਾਵਹੁ॥ (ਖਾਲਸ) ਲਿਖਿਆ ਹੈ।

ਹੁਣ ਪਾਠਕਾਂ ਨੇ ਫੈਸਲਾ ਦੇਣਾ ਹੈ ਕਿ ਇਹ ਤਿੰਨ ਚਾਰ ਰੂਪਾਂ ਵਿਚ ਖਾਲਸਾ ਸ਼ਬਦ ਦਾ ਵਰਨਣ ਇਕੋ ਲਖਸ਼ ਪਰ ਉਚਾਰਨ ਹੈ ਜਾਂ ਕਿ "ਖਾਲਸ" ਵਖ ਤੇ ਖਾਲਸਾ

ਕੋਈ ਹੋਰ ਹੋਵੇਗਾ ? ਤਾਂ ਤੇ ਐਸੇ ਲੇਖਕ (ਮੇਹਰ ਸਿੰਘ) ਪ੍ਰਭਾਇ--ਵਾਲ ਦੀ ਖੱਲ ਲਾਹੁਣ ਵਾਲਾ—ਹੁਜਤਬਾਜ਼ ਚਾਤਰ ਨਾ ਕਹਿਆ ਜਾਏ ਤਾਂ ਹੋਰ ਕੀ ਕਹਿਆ ਜਾਏ ? ਜੋ ਗੁਰੂ ਗ੍ਰੰਥ ਰੂਪ ਵਿਚ ਸੰਚਿਤ ਬਾਣੀ ਦੀ ਆਤਮਕ ਰੂਪਤਾ ਤੇ ਗੁਰੂ ਖਾਲਸਾ ਦੀ ਸਰੀਰਕ ਗੁਰਤਾ ਨੂੰ ਖੰਡਨ ਕਰਨ ਵਾਸਤੇ ਏੜੀ ਚੋਟੀ ਦਾ ਜ਼ੋਰ ਲਗਾ ਰਿਹਾ ਹੈ।

ਫਿਰ ਇਹ ਵੇਖੋ ! ਗੁਰੂ ਗ੍ਰੰਥ ਅਤੇ ਗੁਰੂ ਪੰਥ ਦੀ ਗੁਰਤਾ ਨੂੰ ਖੰਡਨ ਕਰਨ ਵਾਸਤੇ ਉਹ ਬਾਰ ਬਾਰ ਵਖੋ ਵਖ ਰੂਪਾਂ ਵਿਚ ਕਈ ਹੁਜਤਾਂ ਭਰੇ ਪ੍ਰਸ਼ਨ ਕਰੀ ਜਾਂਦਾ, ਤਾਂਕਿ ਉਹ ਬਾਬਾ ਬਾਲਕ ਸਿੰਘ ਨੂੰ ੧੧ਵਾਂ ਅਤੇ ਬਾਬਾ ਰਾਮ ਸਿੰਘ ਨੂੰ ਖਾਲਸਾ ਪੰਥ ਦਾ ੧੨ਵਾਂ ਸਤਿਗੁਰੂ (ਗੁਰਗੱਦੀ ਦਾ ਵਾਰਸ) ਸਾਬਤ ਕਰੇ। ਪਰ ਬਾਬਾ ਰਾਮ ਸਿੰਘ ਜੀ ਆਪ ਨੂੰ ਗੁਰੂ ਕਾ ਸਿਖ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਪ੍ਰਗਟਾਦੇ ਰਹੇ ਸਨ।

ਇਸ ਵਿਚ ਸ਼ੱਕ ਨਹੀਂ ਕਿ ਬਾਬਾ ਰਾਮ ਸਿੰਘ ਜੀ ਦੀ ਆਤਮ-ਰਸੀਆ ਸ਼ਖਸੀਅਤ ਅਤੇ ਅੰਮ੍ਰਿਤ ਪ੍ਰਚਾਰ ਦੀ ਲਹਿਰ ਚਲਾਉਣੀ ਤੇ ਸਿਖਾਂ ਵਿਚੋਂ ਸ਼ਰਾਬ ਕਬਾਬ ਅਤੇ ਹੋਰ ਕੁਰੀਤੀਆਂ ਦੇ ਹਟਾਉਣ ਦੇ ਯਤਨਾਂ ਕਰਕੇ ਹੀ ਆਪ ਦੀ ਮਾਨਤਾ ਬਹੁਤ ਵੱਧ ਗਈ ਸੀ। "ਸਚੇ ਮਾਰਗ ਚਲਦਿਆਂ ਉਸਤਤਿ ਕਰੇ ਜਹਾਨ" ਵਾਲੀ ਇਹ ਗਲ ਸੀ ਤੇ ਇਹਨਾਂ ਦੀ ਇਸ ਮਾਨਤਾ ਕਰਕੇ ਸਮੇਂ ਦੀ ਅੰਗਰੇਜ਼ ਹਕੂਮਤ ਨੂੰ ਕਈ ਸ਼ੱਕ ਪੈਦਾ ਹੋਏ ਸੀ ! ਉਹਨਾਂ ਨੇ ਇਹਨਾਂ ਪਰ ਕਈ ਪਾਬੰਦੀਆਂ ਲਾ ਦਿਤੀਆਂ ਸਨ। ਤਿਵੇਂ ਸਿਖਾਂ ਵਿਚੋਂ ਵੀ ਜੋ ਇਹਨਾਂ ਤੋਂ ਅੰਮ੍ਰਿਤ ਛਕਦੇ ਸੀ। ਉਹ ਸਾਰੇ ਨਾਮ ਅੰਮ੍ਰਿਤ ਪ੍ਰਾਪਤ ਕਰਨ ਵਾਲੇ ਇਹਨਾਂ ਨੂੰ ਗੁਰੂ ਮੰਨਦੇ ਸਨ, ਜਿਸ ਕਰਕੇ ਗੁਰੂ ਗ੍ਰੰਥ ਜੀ ਪਰ ਗੁਰੂ ਭਾਵਨਾ ਰਖਣ ਵਾਲੇ ਗੁਰੂ ਸਿਖਾਂ ਤੇ ਇਹਨਾਂ ਵਿਚ ਮਤਭੇਦ ਬਹੁਤ ਵਧ ਗਏ ਸਨ ਤੇ ਗੁਰੂ ਤਖਤਾਂ ਉਤੇ ਇਹਨਾਂ ਦੇ ਅਰਦਾਸੇ ਵੀ ਬੰਦ ਹੋ ਗਏ ਸਨ।

ਇਕ ਹੋਰ ਨਾਮਧਾਰੀ ਪੁਸਤਕ "ਜਗ ਪਲਟਾਊ ਸਤਿਗੁਰੂ" ਦੇ ਪੰਨਾ ੯੬ ਪਰ ਲਿਖਿਆ ਹੈ ਕਿ ਸੰਨ ੧੯੬੭ ਵਿਚ ਮਾਰਚ ਮਹੀਨੇ ਸਰਕਾਰ ਪਾਸੋਂ ਇਜਾਜ਼ਤ ਲੈ ਕੇ ਬਾਬਾ ਰਾਮ ਸਿੰਘ ਜੀ ਹੋਲੇ ਮਹਲੇ ਦੇ ਜੋੜ ਮੇਲੇ ਪਰ ੨੦ ਮਾਰਚ ਸ੍ਰੀ ਅਨੰਦਪੁਰ (ਤਖਤ ਸ੍ਰੀ ਕੇਸਗੜ) ਗਏ। ੨੫ ਰੁਪਏ ਤੇ ਪ੍ਰਸ਼ਾਦ ਭੇਟ ਕੀਤਾ। ਪੁਜਾਰੀਆਂ ਨੇ ਮਾਇਆ ਰਖ ਲਈ ਤੇ ਪ੍ਰਸ਼ਾਦ ਦੀ ਅਰਦਾਸ ਨਾ ਕੀਤੀ, ਜਿਸ ਤੇ ਬਾਬਾ ਬ੍ਰਹਮਾ ਸਿੰਘ ਨਾਮਧਾਰੀ ਸੂਬੇ ਨੇ ਅਰਦਾਸ ਕੀਤੀ ਤੇ ਬਾਬਾ ਰਾਮ ਸਿੰਘ ਜੀ ਨੇ ਪ੍ਰਸ਼ਾਦ ਆਪ ਖੁਦ ਵਰਤਾਇਆ ਸੀ।

ਡੇਰੇ ਆ ਕੇ ਫਿਰ ਉਸੇ ਦਿਨ ਬਾਬਾ ਜੀ ਨੇ ਤਖਤ ਸ੍ਰੀ ਕੇਸਗੜ ਦੇ ਪੁਜਾਰੀਆਂ ਨੂੰ ਇਕ ਚਿਠੀ ਲਿਖੀ--ਕੀ ਤੁਸੀਂ ਮੈਨੂੰ ਗੁਰੂ ਜੀ ਦਾ ਸਿਖ ਨਹੀਂ ਮੰਨਦੇ ? ਇਸ ਦਾ ਉਹਨਾਂ ਵਲੋਂ ਕੋਈ ਵੀ ਲਿਖਤੀ ਜਵਾਬ ਤਾਂ ਨਾ ਦਿਤਾ ਗਿਆ, ਪਰ ਜ਼ਬਾਨੀ ਜ਼ਬਾਨੀ ਜੋ ਮੁਨਾਸਬ ਸਮਝਿਆ, ਉਤਰ ਭਿਜਵਾ ਦਿਤਾ ਗਿਆ (ਇਥੇ ਨਾਮਧਾਰੀ ਲੇਖਕ ਨੇ ਨਹੀਂ ਲਿਖਿਆ--ਕਿ ਕੀ ਉਤਰ ਸੀ) ਜੋ ਬਾਬਾ ਰਾਮ ਸਿੰਘ ਜੀ ਨੂੰ ਸ਼ਾਇਦ ਪਸੰਦ ਨਹੀਂ ਆਇਆ ਤੇ ਤਾਹਨੇ ਦੀ ਸ਼ਕਲ ਵਿਚ ਐਸਾ ਮੋੜਵਾਂ ਜਵਾਬ ਦਿਤਾ ਕਿ-"ਆਪ ਸਿਖ ਧਰਮ ਦੇ ਅਸੂਲਾਂ ਤੇ ਅਮਲ ਕਰਨ ਵਾਲੇ ਹੁੰਦੇ ਤਾਂ ਮੇਰੀਆਂ ਸਿਖਿਆਵਾਂ ਦੀ

ਸ਼ਲਾਘਾ ਕਰਦੇ। ਪਰ ਤੁਸੀਂ ਗੁਰੂ ਗ੍ਰੰਥ ਸਾਹਿਬ ਦੇ ਵਿਰੁਧ ਮਾਸ ਖਾਂਦੇ, ਸ਼ਰਾਬਾਂ ਪੀਂਦੇ ਹੋ, ਝੂਠ ਬੋਲਦੇ ਹੋ।"

ਇਤਿਆਦਿਕ ਉਕਤ ਲਿਖਤ ਇਕ ਨਾਮਧਾਰੀ ਦੀ ਲਿਖੀ ਪੁਸਤਕ ਵਿਚੋਂ ਇਸ ਵਾਸਤੇ ਪੇਸ਼ ਕੀਤੀ ਕਿ ਜੇਕਰ ਬਾਬਾ ਰਾਮ ਸਿੰਘ ਆਪਣੇ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਸਿਖ ਨਾ ਸਮਝਦੇ ਹੁੰਦੇ ਤਾਂ ਉਹ ਐਸਾ ਕਦੀ ਨਾ ਲਿਖਦੇ। ਫਿਰ ਜੇਕਰ ਉਹ ਆਪਣੇ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਸਮਝਦੇ ਹੁੰਦੇ ਤਦ ਵੀ ਐਸਾ ਨਾ ਲਿਖਦੇ, ਪਰ ਇਹ ਤਾਂ "ਪੀਰਾਂ ਨੂੰ ਮੁਰੀਦ ਉਡਾਂਦੇ ਹਨ" ਵਾਲੀ ਗਲ ਹੈ ਕਿ ਇਕ ਐਸੀ ਸੁਧਾਰਕ ਵਿਅਕਤੀ ਨੂੰ "ਗੁਰੂ-ਗੁਰੂ" ਆਖ ਕੇ ਫਿਰ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਪ੍ਰਗਟਾਂਦੇ ਹੋਇਆਂ ਚੇਲਿਆਂ ਨੇ ਉਨ੍ਹਾਂ ਨਾਲ ਨੇਕੀ ਨਹੀਂ ਕੀਤੀ ਸਗੋਂ ਉਨ੍ਹਾਂ ਦੀ ਗੁਰਮੁਖਤਾ ਅਤੇ ਦੇਸ਼ ਭਗਤੀ ਦੀ ਸੁਗੰਧੀ ਨੂੰ ਇਕੋ ਨਾਮਧਾਰੀ ਦਰਬਾਰ ਦੇ ਹਾਤੇ ਵਿਚ ਸੁਕੇੜ ਕੇ ਰੱਖ ਦਿਤਾ ਹੈ । ਗੁਰੂ ਮਤਿ ਵਿਚ ਤਾਂ ਐਸੀ ਰੀਤ ਪ੍ਰਵਾਣੀਕ ਹੈ :—

"ਆਪਸ ਕਉ ਜੋ ਜਾਣੈ ਨੀਚਾ ॥ ਸੋਊ ਗਨੀਐ ਸਭ ਤੇ ਊਚਾ। (੨੬੬)

ਪਰ ਜਿਵੇਂ ਬਾਬੇ ਬੰਦੇ ਨੂੰ ਖੁਸ਼ਾਮਦੀਆਂ ਨੇ ਉਹਨੂੰ "ਗੁਰੂ ਗੁਰੂ" ਆਖਕੇ ਗੁਰੂ ਮਾਰਗ ਤੋਂ ਫਿਰਾਇਆ, ਭਰਮਾਇਆ ਤੇ ਵਡਿਆਇਆ ਸੀ ਇਧਰ ਵੀ ਐਸਾ ਹੀ ਦਿਸਿਆ ਕਿ ਉਹ ਗੁਰੂ ਮਤਿ ਨੂੰ ਸਮਝਦੇ ਅਤੇ ਆਪਣੇ ਨੂੰ ਸਿਖ ਮੰਨਦੇ ਹੋਇਆਂ ਵੀ ਗੁਰੂ ਹੋਣਾ ਪਸੰਦ ਕੀਤਾ ਸੀ। ਉਹ ਧੰਨ ਧੰਨ ਗੁਰੂ ਗੋਬਿੰਦ ਸਿੰਘ ਹੀ ਸਨ, ਜਿਨ੍ਹਾਂ ਨੂੰ ਵਿਦਵਾਨ ਕਵੀਆਂ ਨੇ "ਦੂਜੋ ਕਰਤਾਰ" ਕਿਹਾ ਤਾਂ ਉਨ੍ਹਾਂ ਨੇ ਡਾਂਟ ਕੇ ਆਖਿਆ ਸੀ "ਜੋ ਹਮਕੋ ਪਰਮੇਸਰ ਉਚਰਿ ਹੈ ॥ ਤੇ ਸਭ ਨਰਕ ਕੁੰਡ ਮਹਿ ਪਰ ਹੈਂ ॥" (ਬਚਿਤ੍ਰ-ਨਾਟਕ)

ਫਿਰ ਗੁਰੂ ਕੇ ਸਿਖ ਵੀ ਐਸੇ ਬਹੁਤ ਹੋਇ ਕਿ ਜਿਨ੍ਹਾਂ ਸਿੱਖ ਸੰਗਤਾਂ ਪਾਸੋਂ ਅਥਾਹ ਮਾਨ ਪਾਇਆ ਅਤੇ ਆਪਣੇ ਨੂੰ ਗੁਰੂ ਨਹੀਂ ਕਹਾਇਆ। ਬਲਕਿ ਗੁਰੂ ਕੀ ਕਾਰ ਕਰਦੇ ਹੋਇਆਂ ਗੁਰੂ ਕਾ ਕਰਿੰਦਾ ਜਾਣਿਆ ਹੈ।

ਸਹੀ ਗੁਰਮਤਿ ਨੂੰ ਤਾਂ ਐਸੇ ਲੋਕਾਂ ਹੀ ਸਮਝਿਆ। ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗਦੀ ਨਸ਼ੀਨ ਸਤਿਗੁਰੂ ਮੰਨਿਆ ਤੇ ਪੰਜ ਪਿਆਰੇ (ਗੁਰੂ ਖਾਲਸਾ) ਦੇਹ ਧਾਰੀ ਰੂਪ ਪਾਸੋਂ ਅੰਮ੍ਰਿਤ ਛਕਿਆ ਤੇ ਸਿੱਖ ਧਰਮ ਦੇ ਅਸੂਲਾਂ ਅਤੇ ਨਾਮ ਬਾਣੀ ਦਾ ਪ੍ਰਚਾਰ ਕਰਦੇ ਹੋਇਆਂ ਜਿਤਨੀ ਮਾਨਤਾ ਕਿਸੇ ਗੁਰਮੁਖ ਸੰਤ ਸਿਖ ਦੀ ਹੁੰਦੀ ਮੈਂ ਨੇ ਦੇਖੀ ਹੈ, ਐਸੀ ਕਿਸੇ ਵੀ ਆਪ ਹੁਦਰੇ ਗੁਰੂ ਬਣੇ ਦੀ ਨਹੀਂ ਦੇਖੀ। ਸ੍ਰੀਮਾਨ ਸੰਤ ਅਤਰ ਸਿੰਘ ਮਸਤੂਆਣਾ ਵਾਲੇ, ਸੰਤ ਨੰਦ ਸਿੰਘ ਕਲੇਰਾਂ ਵਾਲੇ, ਸੰਤ ਬਾਬਾ ਸੁੰਦਰ ਸਿੰਘ ਜੀ ਬੇਦੀ ਅਲੀਬੇਗ ਤੇ ਸੰਤ ਈਸ਼ਰ ਸਿੰਘ ਰਾੜਾ ਸਾਹਿਬ ਵਾਲਿਆਂ ਦੀਆਂ ਪ੍ਰਤੱਖ ਮਿਸਾਲਾਂ ਹਨ ਜੋ ਪ੍ਰਵਾਣੀਕ ਸਿੱਖ ਇਤਿਹਾਸ ਵਿਚ ਸਦਾ ਚਮਕਦੇ ਰਹਿਣਗੇ।

ਪੁਸਤਕ ਪੁਰਖ ਗੁਰੂ ਦੇ ਸਫਾ ੧੨੩-੨੪ ਉਤੇ ਉਹ ਫੇਰ ਡਾਕਟਰ ਗੰਡਾ ਸਿੰਘ ਨੂੰ ਕੋਸਦਾ ਕਿ "ਗੁਰੂ ਸੋਤਾ ਵਿਚ ਲਿਖੇ ਪਦਾਂ ਦੇ ਅਰਥ ਤੋੜ ਮਰੋੜ ਕੇ ਗ੍ਰੰਥ

ਨੂੰ ਤੇ ਪੰਥ ਨੂੰ ਗੁਰੂ ਸਿੱਧ ਕਰਨ ਦਾ ਜਤਨ ਕਰਦਾ ਹੈ। ਮਿਸਾਲ ਇਹ ਦਿੰਦਾ ਕਿ ਕਵੀ ਸੈਨਾ ਪਤ ਨੇ ਦਸ ਗੁਰੂ ਸਾਹਿਬਬਾਨ ਦੇ ਨਾਮ ਲਿਖੇ ਹਨ। ਅਗਰ ਗੁਰੂ ਜੀ ਨੇ ਗ੍ਰੰਥ ਨੂੰ ਤੇ ਪੰਥ ਨੂੰ ਗੁਰਿਆਈ ਦਿਤੀ ਹੁੰਦੀ ਤਾਂ ਉਹ ਵੀ ਲਿਖਦਾ ਪਰ ਇਨ੍ਹਾਂ ਨੂੰ ਗੁਰਆਈ ਨਹੀਂ ਮਿਲੀ ਸੀ ਤਦੇ ਨਹੀਂ ਲਿਖਿਆ ਸੀ।

ਇਸ ਦਾ ਉਤਰ ਤਾਂ ਇਤਨਾਂ ਹੀ ਹੈ ਕਿ ਉਸ ਵੇਲੇ ਤੀਕ ੧੦ ਗੁਰੂ ਸਾਹਿਬਾਨ ਦੇਹਧਾਰੀ ਸਰੀਰਾਂ ਵਿਚ ਵਰਤੇ ਸਨ ਤੇ ਉਹ ਲਿਖ ਦਿਤੇ ਸਨ। ਅਗੇ ਗੁਰਤਾ ਦੋ ਰੂਪਾਂ ਵਿਚ ਸੀ ਤੇ ਉਸਨੇ ਕਿਸੇ ਇਕ ਵਿਅਕਤੀ ਦੀ ਗੱਦੀ ਖਤਮ ਕੀਤੀ ਸਮਝੀ ਸੀ—ਤਦੇ ਲਿਖਿਆ ਸੀ ਕਿ "ਬਖਸ ਦੀਓ ਖਾਲਸ ਕੋ ਜਾਮਾ" ਇਹਦਾ ਪੂਰਾ ਨਿਰਨਾ ਪਿਛੇ ਦਸਿਆ ਹੈ—

### "ਰਹਿਤਨਾਮਾ ਭਾਈ ਨੰਦ ਲਾਲ ਜੀ"

ਫੇਰ ਅਗੇ ਜਾ ਕੇ ਚਾਵਲਾ ਸਾਹਿਬ ਲਿਖਦੇ ਕਿ ਗੁਰੂ ਕੇ ਦਰਬਾਰੀ ਕਵੀ ਭਾਈ ਨੰਦ ਲਾਲ ਹੋਏ ਤੇ ਇਨ੍ਹਾਂ ਦਾ ਰਹਿਤਨਾਮਾ ਜੋ ਦਸਦੇ ਹਨ ਉਹ ਇਨ੍ਹਾਂ ਕਦੀ ਨਹੀਂ ਲਿਖਿਆ। ਇਹ ਚੂੰਕਿ ਭਾਈ ਗੁਰਦਾਸ ਜੀ ਵਾਂਗੂ ਗੁਰੂ ਘਰ ਦੀ ਪ੍ਰਵਾਣੀਕ ਹਸਤੀ ਸਨ ਤੇ ਇਨ੍ਹਾਂ ਦੇ ਨਾਮ ਨਾਲ ਲਿਖਕੇ ਉਸ ਵਿਚ ਗ੍ਰੰਥ ਤੇ ਪੰਥ ਨੂੰ "ਗੁਰਗੱਦੀ" ਦਾ ਜ਼ਿਕਰ ਕਿਸੇ ਗੁੰਮ ਨਾਮੀ ਸਿੰਘ ਸਭਾਈ ਨੇ ਛਪਵਾ ਦਿਤਾ। ਭਾਈ ਨੰਦ ਲਾਲ ਦੇ ਰਹਿਤਨਾਮੇ ਵਿਚ ਐਸਾ ਲਿਖਿਆ ਹੈ ਜੋ ਗੁਰੂ ਜੀ ਵਲੋਂ ਸੁਣਿਆ ਤੇ ਲਿਖਿਆ ਨੇ—

ਦੋਹਿਰਾ—"ਤੀਨ ਰੂਪ ਹੈ ਮੋਹਿਕੇ ਸੁਣੋ ਨੰਦ ਚਿਤ ਚਿਤ ਲਾਇ।।<br>
ਨਿਰਗੁਣ ਸਰਗੁਣ, ਗੁਰ ਸ਼ਬਦ ਹੈ ਕਹੌ ਤੋਹਿ ਸਮਝਾਏ ॥

ਚੌਪਈ —"ਏਕ ਰੂਪ ਤਿਹ ਗੁਣ ਤੇ ਪਰੈ ॥ ਨੇਤ ਨੇਤ ਜਿਹ ਨਿਗਮ ਉਚਰੈ ॥<br>
ਦੂਸਰ ਰੂਪ ਗ੍ਰੰਥ ਜੀ ਜਾਨ ॥ ਉਨੇ ਅੰਗ ਮੇਰੇ ਕਰ ਮਾਨ ॥<br>
ਮੇਰੇ ਰੂਪ ਗ੍ਰੰਥ ਜੀ ਜਾਨ ॥ ਇਨ ਮੈ ਭੇਦ ਨਹੀ ਕਿਛੁ ਮਾਨ ॥

ਨਾਮਧਾਰੀ ਸੰਤ ਨੂੰ ਸ਼ਾਇਦ ਇਲਹਾਮ ਹੋਇਆ, ਜਾਂ ਭਾਈ ਨੰਦ ਲਾਲ ਦੀ ਆਤਮਾਂ ਨੇ ਰਾਤ ਕਿਤੇ ਸੁਪਨੇ ਵਿਚ ਦਸਿਆ ਤੇ ਉਹ ਲਿਖਦਾ ਕਿ ਇਹ ਰਹਿਤਨਾਮਾ ਜਾਂ ਤਨਖਾਹਨਾਮਾ ਲਿਖਤਾਂ ਤਾਂ ਭਾਈ ਨੰਦ ਲਾਲ ਦੀਆਂ ਨਹੀਂ ਹੈਨ, ਪਰ ਡਾਕਟਰ ਗੰਡਾ ਸਿੰਘ ਅਤੇ ਭਾਈ ਕਾਹਨ ਸਿੰਘ ਨਾਭਾ ਨੇ ਵੀ ਉਕਤ ਲਿਖਤ ਨੂੰ ਗ੍ਰੰਥ ਗੁਰੂ ਵਾਲੇ ਸਿਧਾਂਤ ਅਨੁਕੂਲ ਸਮਝ ਕੇ ਲਿਖਿਆ ਹੈ, ਜੋ ਠੀਕ ਨਹੀਂ ਹੈ।

ਉਹ ਦਸਦਾ ਹੈ ਕਿ "ਸੰਮਤ ਸਤਾਰਾ ਸਹਿਸ ਸੁ ਬਾਵਨ" ਲਿਖਿਆ ਤੇ ਛਪਿਆ ਹੈ ਇਸ ਵਾਸਤੇ ਇਹ ਖੇਪਕ ਹੈ ਤੇ ਖੇਪਕ ਲਿਖਣ ਵਾਲੇ ਨੇ (ਜੇ ਠੀਕ ਹੁੰਦਾ ਤਾਂ) ਠੀਕ ਲਿਖਣਾ ਸੀ।

ਇਸ ਦੇ ਜਵਾਬ ਵਿਚ ਅਸੀਂ ਇਹੋ ਹੀ ਦਸਣਾ ਹੈ ਕਿ ਭਾਈ ਨੰਦ ਲਾਲ ਜੈਸਾ ਆਲਮ ਇਤਨੀ ਭੁਲ ਨਹੀਂ ਕਰ ਸਕਦਾ ਸੀ। ਉਸ ਦੀ ਲਿਖਤ ਤਾਂ ਸੰਮਤ ੧੭੫੬ ਵਿਚ ਖਾਲਸਾ ਪੰਥ ਸਾਜੇ ਤੋਂ ਬਾਦ ੧੭੫੭ ਵਿਚ ਲਿਖੀ ਜਾਪਦੀ ਹੈ। ਇਹ ਗਲਤੀ ਤਾਂ ਉਸ ਕੰਪੋਜ਼ੀਟਰ ਜਾਂ ਪਰੂਫ ਦੇਖਣ ਵਾਲੇ (ਹਿਸਟਰੀ ਤੋਂ ਨਾਵਾਕਫ) ਦੀ

ਹੈ। ਅਸਲ ਲਿਖਤ ਤਾਂ ਐਸੀ ਹੋਣੀ ਹੈ—"ਸੰਮਤ ਸਤਰਾ ਸਹਿਸ ਸਤਾਵਨ"—ਜਿਸ ਨੂੰ ਕੰਮਪੋਜ਼ ਕਰਨ ਵਾਲੇ ਨੇ "ਸਤਾਵਨ" ਦੀ ਥਾਂ ਬਾਵਨ ਲਿਖਿਆ ਤੇ ਪਰੂਫ ਦੇਖਦੇ ਨੇ ਇਹੋ ਠੀਕ ਸਮਝਿਆ ਹੈ, ਰਹਿਣ ਦਿਤਾ ਤੇ ਗਲਤ ਹੀ ਛਪਿਆ ਹੈ। ਤਾਂਤੇ ਇਸ ਛਾਪੇ ਦੀ ਗਲਤੀ ਨੂੰ ਸਾਹਮਣੇ ਰਖ ਕੇ ਭਾਈ ਨੰਦ ਲਾਲ ਦੇ ਰਹਿਤਨਾਮੇ ਤੋਂ ਹੀ ਇਨਕਾਰ ਕਰਨਾ", ਬੇਇਨਸਾਫੀ ਹੈ। ਉਹ ਮਹਾਂ-ਵਿਦਵਾਨ ਸਨ, ਉਹ ਜੋ ਕੁਝ ਗੁਰੂ ਜੀ ਤੋਂ ਵੇਲੇ ਕੁਵੇਲੇ ਸੁਣਦੇ ਰਹੇ ਸੀ ਕਲਮਬੰਦ ਕੀਤਾ ਸੀ।

ਪਿਛੇ ਅਸੀਂ ਦੋ ਤਿੰਨ ਥਾਂਈ ਸ੍ਰੀ ਸਰਬਲੋਹ ਗ੍ਰੰਥ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਲਿਖਤ ਜੋ ਐਸੀ ਹੀ ਪੇਸ਼ ਕਰ ਆਏ ਹਾਂ ਤਾਂ ਉਸ ਦੇ ਨਾਲ ਮਿਲਦੀ ਜੁਲਦੀ ਲਿਖਤ ਨੂੰ ਕਿਸੇ ਗੁੰਮ ਨਾਮੀ ਸਿੰਘ ਸਭੀਏ ਵਲੋਂ ਖੇਪਕ ਲਿਖ ਕੇ ਛਾਪੀ ਕਿਵੇਂ ਮੰਨੀਏ ? ਜਦ ਕਿ ਸੰਨ ਸੰਮਤ ਦੀ ਗਲਤੀ ਛਾਪੇ ਵਿਚ ਛੱਪ ਗਈ ਹੋਵੇ—ਪਾਠਕ ਦੇਖਣ ਕਿ ਇਸੇ ਲਿਖਤ ਵਿਚ ਇਕ ਹੋਰ ਗਲਤੀ ਪਰੂਫ ਰੀਡਰ ਨੇ ਕੀਤੀ ਹੈ, ਉਤੇ ਛਾਪੀ ਪਈ ਹੈ, ਉਹ ਚੌਪਈ ਦੀ ਪਹਿਲੀ ਪੰਗਤੀ ਦੀ ਦੂਜੀ ਤੁੱਕ ਵਿਚ ਇਉਂ ਗਲਤ ਛਪੀ ਹੈ—

"ਏਕ ਰੂਪ ਤਿਹ ਗੁਣ ਤੇ ਪਰੈ ॥ ਨੀਤ ਨੀਤ ਜਿਹ ਨਿਗਮ ਉਚਰੈ ॥ (ਨੀਤ ਨੀਤ ਗਲਤ ਹੈ) ਅਤੇ ਅਸਲ ਪਾਠ ਇਉਂ ਹੈ :—

"ਏਕ ਰੂਪ ਤਿਹ ਗੁਣ ਤੇ ਪਰੈ ॥ ਨੇਤਿ ਨੇਤਿ ਜਿਹ ਨਿਗਮ ਉਚਰੇ ॥

ਇਸ ਦਾ ਮਤਲਬ ਹੈ (ਗੁਰੂ ਜੀ ਦਸਦੇ) ਕਿ ਮੇਰਾ ਇਕ ਨਿਰਗੁਣ ਜੋ ਆਤਮਕ ਸਰੂਪ ਹੈ ਉਹ ਰਜੋ, ਤਮੋ, ਸਤੋ ਤਿੰਨਾਂ ਗੁਣਾ ਤੋਂ ਪਰੇ ਹੈ ਜਿਸ ਨੂੰ ਵੇਦ (ਨਿਗਮ) ਵੀ ਬੇਅੰਤ ਬੇਅੰਤ (ਨਹੀਂ ਅੰਤ ਜਿਸਦਾ) ਉਚਾਰਨ ਕਰਦੇ ਹਨ। ਪਰ ਪਰੂਫ ਮੈਨ ਨੇ ਗਲਤ ਕੰਮਪੋਜ਼ ਕਰਕੇ "ਨੇਤਿ ਨੇਤਿ" ਦੀ ਥਾਂਏ "ਨੀਤ ਨੀਤ" ਲਿਖ ਛਾਪਿਆ ਹੈ। ਜਿਸ ਦਾ ਅਰਥ ਨਿਤ ਨਿਤ ਹੋ ਜਾਂਦਾ ਹੈ। (ਸਾਹਿਬ ਮੇਰਾ ਨੀਤ ਨਵਾਂ ਸਦਾ ਸਦਾ ਦਾਤਾਰ) ਤਾਂਤੇ ਪਰੂਫ ਦੀ ਗਲਤੀ ਕਾਰਨ ਸਾਰੀ ਲਿਖਤ ਨੂੰ ਗਲਤ ਨਾ ਮੰਨੀਏ।

ਤਿਵੇਂ ਹੀ ਉਤੇ ਦੀ ਲਿਖਤ ਵਿਚ ਵੀ ਅਨਜਾਣ ਕੰਮਪੋਜ਼ੀਟਰ ਨੇ "ਸੰਮਤ ਸਤਰਾ ਸਹਿਸ ਸਤਾਵਨ" ਦੀ ਥਾਵੇਂ ਬਾਵਨ ਛਾਪ ਦਿਤਾ ਭਾਸਦਾ ਹੈ। ਵਰਨਾ ਭਾਈ ਨੰਦ ਲਾਲ ਜੈਸੇ ਵਿਦਵਾਨ ਤੋਂ ਸੰਮਤ ਦੀ ਲਿਖਤ ਵਿਚ ਗਲਤੀ ਨਹੀਂ ਹੋ ਸਕਦੀ। ਤੇ ਉਕਤ ਗਲਤੀ ਨੂੰ ਸਾਹਮਣੇ ਰਖ ਕੇ ਸਾਰੇ ਰਹਿਤਨਾਮੇ ਨੂੰ ਗੁੰਮ ਨਾਮੀ ਸਿੰਘ ਸਭੀਏ ਵਲੋਂ ਖੇਪਕ ਲਿਖਿਆ ਦਸ ਕੇ ਇਸ ਹੋਂਦ ਤੋਂ ਇਨਕਾਰ ਕਰਨਾ ਭਾਰੀ ਬੇਇਨਸਾਫੀ ਤੇ ਹੱਠ ਧਰਮੀ ਹੈ।

## ਸ੍ਰੀ ਦਸਮੇਸ਼ ਜੀ ਦੇ ਹਜ਼ੂਰੀ ਸਿੱਖ

ਪੂਰਖ ਗੁਰੂ ਪੁਸਤਕ ਦੇ ਸਫਾ ੧੨੭ ਉਤੇ ਉਕਤ ਸਿਰਲੇਖ ਹੇਠਾਂ ਉਹ ਗੁਰੂ ਜੀ ਦੇ ਹਜ਼ੂਰੀ ਸਿੱਖ ਭਾਈ ਦਇਆ ਸਿੰਘ, ਭਾਈ ਨੰਦ ਲਾਲ, ਭਾਈ ਦੇਸਾ ਸਿੰਘ, ਭਾਈ ਪ੍ਰਹਿਲਾਦ ਸਿੰਘ, ਆਦਿਕ ਅਤੇ ਛੇਵਾਂ ਰਹਿਤਨਾਮਾ ਭਾਈ ਚੌਪਾ ਸਿੰਘ ਦਾ

ਦਸਦਾ ਹੋਇਆ—ਲਿਖਦਾ ਕਿ ਇਨ੍ਹਾਂ ਸਾਰਿਆਂ ਵਿਚ "ਸ੍ਰੀ ਗ੍ਰੰਥ ਸਾਹਿਬ" ਨੂੰ ਗੁਰੂ ਸਿੱਧ ਕਰਨ ਵਾਸਤੇ ਕੁਝ ਨਾ ਕੁਝ ਸ਼ਬਦ ਲਿਖ ਕੇ ਛਾਪਣ ਦਾ ਜਤਨ ਕੀਤਾ ਗਿਆ ਹੈ ਜੋ ਕਿ ਇਹ ਸਾਰੇ ਰਹਿਤਨਾਮੇ ਹੀ ਸਿੰਘ ਸਭਾ ਦੇ ਗੁੰਮਨਾਮ ਵਿਦਵਾਨਾਂ ਦੇ ਰਚੇ ਹੋਏ ਹਨ ਤੇ ਹਜ਼ੂਰੀ ਸਿੰਘਾਂ ਦੇ ਨਾਮ ਨਾਲ ਇਸ ਵਾਸਤੇ ਜੋੜੇ ਹਨ ਕਿ ਕਿਸੇ ਤਰ੍ਹਾਂ ਸਿੱਧ ਹੋ ਸਕੇ ਕਿ ਗ੍ਰੰਥ ਸਾਹਿਬ ਨੂੰ ਗੁਰਗੱਦੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਦਿਤੀ ਹੈ ਤੇ ਅਜ ਤੋਂ ਕਰੀਬਨ ੧੦੦ ਸਾਲ ਪਹਿਲਾਂ ਜਦੋਂ ਸਿੰਘ ਸਭਾ ਦੀ ਸ਼ੁਰੂ ਵਿਚ ਸਥਾਪਨਾ ਹੋਈ, ਤਦ ਸ੍ਰੀ ਗ੍ਰੰਥ ਸਾਹਿਬ ਨੂੰ ਗੁਰਗਦੀ ਮਿਲਨ ਵਾਲੇ ਪ੍ਰਚਾਰ ਦਾ ਆਰੰਭ ਹੋਇਆ ਸੀ।

ਇਸ ਉਕਤ ਲੇਖਕ ਦੀ ਕਈ ਰੂਪਾਂ ਵਿਚ ਇਕੋ ਗੱਲ ਦੇ ਵਰਨਣ ਕਰਨ ਨੂੰ ਤੇ ਮੇਰੀ ਵਲੋਂ ਨਾਲੋਂ ਨਾਲ ਉਤਰ ਦੇਣ ਦੀ ਰੀਤ ਨੇ ਸ਼ਾਇਦ ਪਾਠਕਾਂ ਨੂੰ ਵੀ ਉਕਤਾ ਦਿਤਾ ਹੋਣਾ ਹੈ, ਪਰ ਕੀ ਕੀਤਾ ਜਾਇ ? ਜਦੋਂ ਕਿ ਉਹ ਸਾਰੀਆਂ ਪੁਰਾਤਨ ਲਿਖਤਾਂ ਨੂੰ ਹੀ ਖੇਪਕ ਤੇ ਗੁੰਮਨਾਮੀ ਸਿੰਘ ਸਭੀਆਂ ਵਲੋਂ ਲਿਖਦਾ ਦਸਦਾ ਹੈ ਤਾਂ ਕਿ ਗੁਰੂ ਗ੍ਰੰਥ ਜੀ ਦੀ ਗੁਰਤਾ ਨੂੰ ਸ਼ੱਕੀ ਬਣਾਏ ਤੇ ਆਪਣੇ (ਲੋਕ ਪ੍ਰਲੋਕ ਦੇ ਸਹਾਇਕ) ਬਾਬਾ ਬਾਲਕ ਸਿੰਘ ਨੂੰ ੧੧ਵਾਂ ਅਤੇ ਬਾਬਾ ਰਾਮ ਸਿੰਘ ਨੂੰ ਗੁਰਗਦੀ ਦਾ ੧੨ਵਾਂ ਵਾਰਸ (ਸਤਿਗੁਰੂ) ਪ੍ਰਗਟਾਉਣ ਵਿਚ ਸਫਲ ਹੋ ਜਾਏ। ਐਸੀ ਮਲਨ ਨੀਯਤ ਰਖਦੇ ਲੇਖਕ ਮਿਹਰ ਸਿੰਘ ਤੇ ਨਾਲੇ ਸਹਿਮਤ ਲੋਕਾਂ ਦੇ ਸਮਝਾਉਣ ਵਾਸਤੇ ਹੀ ਮੈਨੂੰ ਇਤਨਾ ਲਿਖਣਾ ਪਿਆ ਹੈ ਕਿ ਅਸਲੀਅਤ ਤੋਂ ਜਾਣੂੰ ਹੋ ਜਾਣ।

ਉਕਤ ਲੇਖਕ ਦੀ ਮਨ ਭਾਵਦੀ ਲਿਖਤ ਦਾ ਇਕੋ ਉਤਰ ਹੈ ਕਿ ਇਹ ਸਾਰੇ ਦੇ ਸਾਰੇ ਹਜ਼ੂਰੀ ਸਿਖ ਜੋ ਵਿਦਵਾਨ ਸਨ। ਉਹ ਵੀ ਗੁਰੂ ਸਾਹਿਬ ਦੇ ਕਵੀ ਦਰਬਾਰ ਸਮੇਂ ਪਰ ਕਵੀਆਂ ਵਿਚਕਾਰ ਬੈਠੇ ਹੋਇਆਂ, ਕਈ ਕਵੀਆਂ ਵਲੋਂ ਕੀਤੇ ਪ੍ਰਸ਼ਨਾਂ ਦੇ ਉਤਰ ਸੁਣਿਆ ਕਰਦੇ ਸਨ। ਇਕ ਮਿਸਾਲ ਇਹ ਹੈ—

ਗੁਰੂ ਸਾਹਿਬ ਨੇ ੪੦੫ ਚਰਿਤ੍ਰ ਪਖਿਆਨੇ ਦੀ ਰਚਨਾ ਮੁਕਾ ਕੇ ਅਖੀਰ ਦੀ ਚੌਪਈ ਬੇਨਤੀ ਜਦੋਂ ਸੁਣਾਈ ਸੀ ਤਦ ਹੈਰਾਨ ਹੋ ਕੇ ਕਵੀਆਂ ਨੇ ਪੁਛਿਆ—ਕਿ ਇਸ ਅਸਚਰਜ ਤੇ ਪਿਆਰੀ ਰਚਨਾ ਨੂੰ ਅਜ ਪਹਿਲੀ ਵੇਰ ਸੁਣਿਆ ਹੈ, ਹਜ਼ੂਰ ਨੇ ਕਦੋਂ ਲਿਖਤ ਵਿਚ ਲਿਆਂਦਾ ਹੈ ? ਤਦ ਗੁਰੂ ਜੀ ਨੇ ਉਤਰ ਇਹ ਦਿਤਾ ਸੀ ਕਿ।

"ਕਿਰਪਾ ਕਰੀ ਹਮ ਪਰ ਜਗ ਮਾਤਾ ॥ ਗ੍ਰੰਥ ਕਰਾ ਪੂਰਨ ਸੁਭਰਾਤਾ ॥

ਭਾਵ—ਆਦਿ ਸ਼ਕਤੀ ਜਗ ਮਾਤਾ ਦੀ ਕਿਰਪਾ ਹੋਈ ਤੇ ਇਹ ਗ੍ਰੰਥ ਇਕੋ ਰਾਤ ਭਰ ਵਿਚ ਪੂਰਨ ਕਰ ਲਿਆ ਹੈ।

ਐਸੇ ਹੀ ਗੁਰੂ ਸਾਹਿਬ ਤੋਂ ਸਿਖਾਂ ਨੇ ਪੁਛ ਕੀਤੀ ਕਿ ਹਜ਼ੂਰ ਨੇ "ਰਹਿਤ ਪਿਆਰੀ ਮੋਹਿ ਕਉ ਸਿਖ ਪਿਆਰੋ ਨਾਹਿ ॥" ਜੋ ਫੁਰਮਾਇਆ ਹੈ—ਇਸ ਰਹਿਤ ਮਰਿਆਦਾ ਦਾ ਨਿਰਨਾ ਕੀ ਹੈ ਸਮਝਾਈਏ ? ਤਦ ਉਤਰ ਵਜੋਂ ਉਸੇ ਵੇਲੇ ਜਾਂ ਵਖ ਵਖ ਸਮਿਆਂ ਵਿਚ ਗੁਰੂ ਸਾਹਿਬ ਨੇ ਜੋ ਉਤਰ ਫੁਰਮਾਇਆ ਹੋਣਾ ਹੈ ਠੀਕ ਉਹ ਸ੍ਰੀ ਸਰਬ ਲੋਹ ਵਿਚ ਲਿਖੇ ਮੁਤਾਬਕ ਹੀ ਦਸਿਆ ਹੋਣਾ ਹੈ। ਪਰ ਕਵੀਆਂ ਨੇ ਆਪਣੀ

ਆਪਣੀ ਬਾਂਏ ਲਿਖਿਆ ਸੀ ਲਖਸ਼ (ਫੈਕਟ) ਉਹੀ ਪਰ ਸ਼ਬਦਾਵਲੀ ਵਿਚ ਫਰਕ ਪੈ ਜਾਣਾ ਜ਼ਰੂਰੀ ਸੀ। ਜਿਸ ਤੇ ਨਾਮਧਾਰੀ ਲੇਖਕ ਨੇ ਲਿਖਤ ਦੇ ਫਰਕ ਭੇਦ ਦੀ ਓਟ ਲੈ ਕੇ ਸਾਰਿਆਂ ਦੀਆਂ ਲਿਖਤਾਂ ਨੂੰ ਹੀ ਖੇਪਕ ਅਤੇ ਗੁੰਮਨਾਮੀ ਸਿੰਘ ਸਭੀਆਂ ਵਲੋਂ ਲਿਖਿਆ ਮੰਨਿਆ ਹੈ।

ਲੇਖਕ (ਸੰਤ) ਦੀ ਇਹ ਆਪਣੀ ਮਨੌਤ ਹੈ ਤੇ ਵਿਚਾਰਵਾਨ ਪਾਠਕਾਂ ਸਾਹਮਣੇ ਅਸੀਂ ਪਿਛੇ ਸਬੂਤ ਪੇਸ਼ ਕਰ ਆਏ ਹਾਂ ਕਿ ਉਕਤ ਸ੍ਰੀ ਸਰਬ ਲੋਹ ਦੀ ਲਿਖਤ (ਹਜ਼ੂਰੀ ਸਿਖਾਂ) ਰਹਿਤਨਾਮੇ ਦੇ ਲੇਖਕਾਂ ਨੇ ਜਾਂ ਉਸੇ ਵੇਲੇ ਗੁਰੂ ਜੀ ਤੋਂ ਸੁਣੀ ਤੇ ਯਾਦ ਰਹੀ ਲਿਖੀ ਹੈ ਜਾਂ ਫਿਰ ਉਨ੍ਹਾਂ ਪਾਸ ਵੀ "ਸਰਬ ਲੋਹ" ਦੀ ਸੈਂਚੀਆਂ ਦਾ ਉਤਾਰਾ ਹੈਗਾ ਸੀ ਤੇ ਉਸ ਨਾਲ ਮਿਲਦੇ ਜੁਲਦੇ ਸ਼ਬਦਾਂ ਵਿਚ ਲਿਖਿਆ ਨੇ। ਨਰੋਲ ਕਾਪੀ ਨਹੀਂ ਕੀਤੀ, ਇਸ ਵਾਸਤੇ ਸੰਤ ਮੇਹਰ ਸਿੰਘ ਨੂੰ ਇਹ ਭੁਲੇਖਾ ਨਹੀਂ ਹੋਣਾ ਚਾਹੀਏ ਕਿ ਸਾਰੇ ਰਹਿਤਨਾਮੇ ਖੇਪਕ ਹਨ ਤੇ ਸਿੰਘ ਸਭੀਆਂ ਦੇ ਲਿਖੇ ਹਨ। ਬਲਕਿ ਠੀਕ ਹਜ਼ੂਰੀ ਸਿਖਾਂ ਦੇ ਲਿਖੇ ਹਨ ਤੇ ਸਰਬ ਲੋਹ ਵਿਚ ਲਿਖੀ ਲਿਖਤ ਅਨੁਸਾਰ ਹੀ ਹਨ। ਸਹੀ ਹਨ।

## ਅਖਬਾਰਾਤ ਦਰਬਾਰੇ-ਮੁਅੱਲਾ

ਇਸ ਸਿਰਲੇਖ ਹੇਠਾਂ ਦੀ ਲਿਖਤ "ਪੁਰਖ ਗੁਰੂ" ਦੇ ਸਫਾ ੨੨੯ ਉਤੇ ਮਿਹਰ ਸਿੰਘ ਲਿਖਦਾ ਕਿ ਗੁਰੂ ਗੋਬਿੰਦ ਸਿੰਘ ਜੀ ਵਲੋਂ ਨੰਦੇੜ ਵਿਚ ੭ ਅਕਤੂਬਰ ਸੰਨ ੧੭੦੮ ਵਿਚ ਜੋ ਕੌਤਕ ਕੀਤਾ ਗਿਆ ਸੀ, ਇਸ ਗਲ ਦੀ ਖਬਰ ਨਾਂਦੇੜ ਤੋਂ ਕਰੀਬਨ ੧੦੦ ਮੀਲ ਦੂਰੀ ਪਰ ਬਿਦਰ ਵਿਚ ਬਹਾਦਰ ਸ਼ਾਹ ਨੂੰ ਮਿਲੀ ਤੇ ੩੦ ਅਕਤੂਬਰ ੧੭੦੮ ਵਿਚ ਉਸ ਨੇ ਹੁਕਮ ਦਿਤਾ ਕਿ ਉਨ੍ਹਾਂ ਦੀ ਮਾਤਮੀ ਖਿਲਅਤ ਗੁਰੂ ਗੋਬਿੰਦ ਸਿੰਘ (ਰਾਉ) ਨਾਨਕ ਪੰਥੀ ਦੇ ਪੁਤਰ ਨੂੰ ਦਿਤੀ ਜਾਏ।

ਗੁਰੂ ਗੋਬਿੰਦ ਸਿੰਘ ਜੀ ਦੇ ਇਹ ਪੁਤਰ ਬਾਬਾ ਅਜੀਤ ਸਿੰਘ ਸਨ, ਜੋ ਮਾਤਾ ਸੁੰਦਰੀ ਜੀ ਦੇ ਪਾਲਤੂ ਸਨ ਪਰ ਬਹਾਦਰ ਸ਼ਾਹ ਇਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪੁਤਰ ਹੀ ਸਮਝਦਾ ਸੀ। ਤੇ ਸਮੇਂ ਦੀ ਲੋੜ ਅਨੁਸਾਰ ਬਹਾਦਰ ਸ਼ਾਹ ਨੂੰ ਇਹ ਪਤਾ ਹੀ ਨਹੀਂ ਲਗਣ ਦਿਤਾ ਗਿਆ ਕਿ ਗੁਰੂ ਜੀ ਕਿਸੇ ਨੂੰ ਗੁਰਗੱਦੀ ਦਿਤੇ ਬਗੈਰ ਨਾਂਦੇੜ ਤੋਂ ਅਲੋਪ ਹੋ ਗਏ ਹਨ। ਇਸ ਵਾਸਤੇ ਬਾਬਾ ਅਜੀਤ ਸਿੰਘ ਨੂੰ ਸ੍ਰੀ ਦਸਮੇਸ਼ ਜੀ ਦਾ ਜਾਨਸ਼ੀਨ ਗੁਰੂ ਮੰਨਿਆ ਗਿਆ ਤੇ ਚੱਕ ਗੁਰੂ (ਸ੍ਰੀ ਅੰਮ੍ਰਿਤਸਰ) ਦੇ ਗਿਰਾਵਾਂ ਦੀ ਜਾਗੀਰ, ਜੋ ਗੁਰੂ ਅਰਜਨ ਦੇਵ ਦੇ ਵੇਲੇ ਤੋਂ ਜਹਾਂਗੀਰ ਨੇ ਜਬਤ ਕੀਤੀ ਸੀ, ਉਹ ੩੦ ਦਸੰਬਰ ਸੰਨ ੧੭੧੧ ਵਿਚ ਬਾਬਾ ਅਜੀਤ ਸਿੰਘ ਦੇ ਨਾਮ ਵਾ ਗੁਜਾਰ ਕਰ ਦਿਤੀ ਸੀ।

ਸੰਤ ਦੀ ਉਕਤ ਲਿਖਤ ਹੂ ਬਹੂ ਇਸ ਵਾਸਤੇ ਪੇਸ਼ ਕੀਤੀ ਹੈ ਕਿ ਵੇਖੀਏ। ਇਸ ਚਾਤਰ ਸੰਤ ਦੀ ਚਤਰਾਈ। ਕਿ ਇਸ ਲਿਖਤ ਰਾਹੀਂ ਇਕ ਇਹ ਸਾਬਤ ਕਰਨਾ ਚਾਹੁੰਦਾ ਹੈ, ਜੈਸਾ ਉਸ ਨੇ ਅਗੇਰੇ ਸਫੇ ਪਰ ਲਿਖਿਆ ਵੀ ਹੈ ਕਿ ਗੁਰੂ ਜੀ ਨੇ ਅਗਰ ਉਥੇ ਸ੍ਰੀ ਗ੍ਰੰਥ ਨੂੰ ਗੁਰਤਾ ਦਿਤੀ ਹੁੰਦੀ ਤਾਂ ਇਹ ਜਾਗੀਰ ਸ੍ਰੀ ਗ੍ਰੰਥ ਦੇ ਨਾਮ ਲਗਾਈ ਜਾਂਦੀ ਅਤੇ ਪੰਜ ਪਿਆਰੇ ਟਰਸਟੀ ਬਣਾਏ ਜਾਂਦੇ, ਪਰ ਉਥੇ ਉਸ ਵੇਲੇ ਸ੍ਰੀ ਗ੍ਰੰਥ ਜਾਂ

ਪੰਥ ਨੂੰ ਗੱਦੀ ਮਿਲਨ ਦਾ ਕੋਈ ਜ਼ਿਕਰ ਤਕ ਵੀ ਨਹੀਂ ਸੀ ਤੇ ਨਿਰਵਵਾਦ ਹੀ ਸਿਖਾਂ ਦੇ ਗੁਰੂ ਸਮਝ ਕੇ (ਬਾਦਸ਼ਾਹ ਬਹਾਦਰ ਸ਼ਾਹ ਨੇ) ਜਾਗੀਰ, ਗੁਰੂ ਚੱਕ ਦੀ ਬਾਬਾ ਅਜੀਤ ਸਿੰਘ ਦੇ ਨਾਮ ਵਾ ਗੁਜ਼ਾਰ ਕਰ ਦਿਤੀ ਸੀ। ਐਸਾ ਇਸ ਵਾਸਤੇ ਹੋਇਆ ਸੀ ਕਿ ਗੁਰਗੱਦੀ ਕਦੀ ਵੀ ਸ੍ਰੀ ਗ੍ਰੰਥ ਸਾਹਿਬ ਨੂੰ ਨਹੀਂ ਦਿਤੀ ਗਈ ਤੇ ਨ ਪੰਜ ਪਿਆਰਿਆਂ ਨੂੰ ਹੀ ਉਥੇ ਗੁਰੂ ਮੰਨਿਆ ਗਿਆ ਸੀ। (ਐਸਾ ਮਿਹਰ ਸਿੰਘ ਨੇ ਲਿਖਿਆ)।

ਪਰ ਉਕਤ ਲਿਖਤ ਸਿਰਲੇਖ ਦਰਬਾਰੇ ਮੁਅਲਾ ਨਾਲ ਅਗਰ ਇਹ ਪੁਸ਼ਟੀ ਕਰਦਾ ਹੈ ਕਿ ਅਜੀਤ ਸਿੰਘ ਨੂੰ ਗੁਰੂ ਕਾ ਜਾਨਸ਼ੀਨ ਗੁਰੂ ਮੰਨ ਕੇ ਗੁਰੂ ਚੱਕ ਦੀ ਜਾਗੀਰ ਇਹਦੇ ਹਕ ਵਿਚ ਕੀਤੀ ਸੀ ਅਤੇ ਸਿਖਾਂ ਤੇ ਹੋਰ ਸੇਵੀਆਂ ਨੇ ਕੋਈ ਇਤਰਾਜ਼ ਨਹੀਂ ਕੀਤਾ ਸੀ। ਨਿਰਵਿਵਾਦ ਐਸਾ ਹੋਇਆ, ਤਦ ਫਿਰ ਤੁਸਾਡੇ ਨਾਮਧਾਰੀ ਵਿਸ਼ਵਾਸ਼ਾਂ ਮੁਤਾਬਕ ੧੧ਵਾਂ ਗੁਰੂ ਇਹ ਹੋਇਆ ਕਿ ਜਿਸ ਨੂੰ ਬਾਦਸ਼ਾਹ ਨੇ ਅਤੇ ਹੋਰੀ ਸੇਵੀਆਂ ਨੇ ਵੀ ਪ੍ਰਵਾਨ ਕਰ ਲਿਆ ਸੀ। ਫਿਰ ਆਪ ਨੂੰ ਇਹ ਹੱਕ ਨਹੀਂ ਹੈ ਕਿ ੧੧ਵਾਂ ਗੁਰੂ ਤੁਸੀਂ ਬਾਬਾ ਬਾਲਕ ਸਿੰਘ ਨੂੰ ਮੰਨਦੇ ਰਹੋ! ਹੁਣ ਅਸੀਂ ਪਾਠਕਾਂ ਪ੍ਰਥਾਏ ਇਸ ਦਾ ਝੂਠ ਤੇ ਆਪਣੀ ਇਤਿਹਾਸਕ ਸਚਾਈ ਪੇਸ਼ ਕਰਨੀ ਹੈ, ਜੋ ਇਹ ਲਿਖਦਾ ਕਿ ਬਾਦਸ਼ਾਹ ਨੂੰ ਖਬਰ ਨਹੀਂ ਹੋਣ ਦਿਤੀ ਗਈ ਸੀ।

ਗੁਰੂ ਗੋਬਿੰਦ ਸਿੰਘ ਜੀ ਉਤੇ ਨੰਦੇੜ ਵਿਚ ਕਟਾਰ ਦਾ ਵਾਰ ਉਸੇ ਰਾਤ ਹੋਇਆ ਸੀ ਜਿਸ ਦਿਨ ਕਿ ਬਾਦਸ਼ਾਹ ਨੇ ਨਾਂਦੇੜ ਤੋਂ ਚਲ ਕੇ ਅਗਲਾ ਮੁਕਾਮ ਕੁਝ ਕੋਹਾਂ ਉਤੇ ਕੀਤਾ ਸੀ। ਇਸ ਗਲ ਦਾ ਕਿ ਉਹ ਨੇੜੇ ਹੈ, ਸਿੱਖ ਸੰਗਤ ਨੂੰ ਵੀ ਪਤਾ ਸੀ ਤੇ ਸਵੇਰ ਹੁੰਦਿਆਂ ਹੀ ਘੋੜ ਸਵਾਰ ਸਿਖਾਂ ਨੇ ਬਾਦਸ਼ਾਹ ਨੂੰ ਜਾ ਕੇ ਖਬਰ ਕਰਾਈ। ਬਾਦਸ਼ਾਹ ਨੇ ਆਪਣਾ ਨਿਜ਼ੀ ਡਾਕਟਰ (ਕੋਲ ਨਾਮ ਸੀ) ਭੇਜਿਆ। ਜਿਸ ਨੇ ਆ ਕੇ ਜ਼ਖਮ ਸੀਤਾ, ਇਲਾਜ ਕੀਤਾ ਤੇ ੧੯ ਦਿਨਾਂ ਬਾਹਦ ਠੀਕ ਹੋਏ ਪਰ ਗੁਰੂ ਜੀ ਨੇ ਉਸ ਨੂੰ ਸਿਰੋਪਾਉ ਦੇ ਵਿਦਾ ਕਰ ਦਿਤਾ ਸੀ।

ਗੁਰੂ ਜੀ ਨੂੰ ਸ਼ਸਤ੍ਰਾਂ ਦੀ ਬਹੁਤ ਸੰਭਾਲ ਤੇ ਸਤਿਕਾਰ ਕਰਦੇ ਸਨ। ਦੂਜੇ ਤੀਜੇ ਦਿਨ "ਦੀਪ ਮਾਲਾ ਤੇ ਖੁਦ ਵੀ ਇਸ਼ਨਾਨ ਕੀਤਾ, ਸ਼ਸਤ੍ਰਾਂ ਦੇ ਇਸ਼ਨਾਨ ਸਫਾਈ ਮਗਰੋਂ ਇਕ ਪਲੰਘ ਤੇ ਨੁਮਾਇਸ਼ੀ (ਧੂਪੇ ਧਰਾਏ ਸਨ) ਤੇ ਇਸੇ ਦਿਨ ਬਾਦਸ਼ਾਹ ਵਲੋਂ ਭੇਜੇ ਦੋ ਉਮਰਾਉ ਆਏ ਸਨ ਜਿਨ੍ਹਾਂ ਨੇ ਬਾਦਸ਼ਾਹ ਵਲੋਂ ਮਿਜ਼ਾਜ ਪੁਰਸੀ ਕੀਤੀ ਤੇ ਆਪ ਜੀ ਵਲੋਂ ਇਨ੍ਹਾਂ ਤਾਂਈ ਵੀ ਸਿਰੋਪਾਉ ਦੀ ਬਖਸ਼ਿਸ਼ ਹੋਈ ਸੀ। "ਪਰ ਕਾਰਣ ਕਰਤੇ ਵਸ ਹੈ।"

ਇਹਨਾਂ ਆਏ ਹੋਏ ਉਮਰਾਵਾਂ ਨੇ ਵੀ ਨੁਮਾਇਸ਼ ਵੇਖੀ, ਜਿਸ ਵਿਚ ਦੋ ਕਮਾਨਾਂ ਬਹੁਤ ਵਜ਼ਨੀ ਸਨ। ਇਹਨਾਂ ਹੈਰਾਨੀ ਵਿਚ ਕਿਹਾ—ਇਹ ਵਡੇ ਲੋਕਾਂ ਪਾਸ ਨੁਮਾਇਸ਼ੀ ਹੁੰਦੀਆਂ ਹਨ। ਇਹ ਖਿਚੀਆਂ ਨਹੀਂ ਜਾ ਸਕਦੀਆਂ। ਤਦ ਸੂਰਬੀਰ ਸਤਿਗੁਰੂ ਜੀ ਨੇ ਸੁਣਿਆ ਤੇ ਉਹਨਾਂ ਨੂੰ ਅਟਕਾ ਕੇ ਪਹਿਲੇ ਇਕ ਨੂੰ ਖਿਚ ਕੇ ਚਿਲਾ ਚੜਾਏ ਕੇ ਤੀਰ ਛਡਿਆ, ਫਿਰ ਦੂਜੀ ਵੇਰ ਐਸਾ ਦੂਜੀ ਨੂੰ ਖਿਚਿਆ ਸੀ, ਹੁਣ ਅੱਲਾ ਪਿਲਾ ਜ਼ਖਮ

ਫੇਰ ਫਟ ਗਿਆ ਤੇ ਹਾਹਾਕਾਰ ਮਚ ਗਈ ਸੀ। ਇਹ ਖਬਰ ਵੀ ਬਾਦਸ਼ਾਹ ਨੂੰ ਇਹਨਾਂ ਨੇ ਜਾ ਕੇ ਦਸ ਦਿਤੀ ਹੋਣੀ ਹੈ ਜ਼ਰੂਰ। ਤੇ ਬਾਦਸ਼ਾਹ ਵੀ ਉਸ ਵੇਲੇ ਬਹੁਤ ਦੂਰ ਜਾ ਚੁਕਾ ਸੀ।

ਮਸਿਆ ਦਾ ਦਿਨ ਬੀਤ ਗਿਆ। ਦੀਵਾਲੀ ਪਿਛੋਂ ਏਕਮ ਦੇ ਦਿਨ ਸਿਖਾਂ ਨੇ ਗੁਰੂ ਜੀ ਦੀ ਗੰਭੀਰ ਹਾਲਤ ਦੇਖ ਕੇ ਹੀ ਗੁਰਗੱਦੀ ਬਾਰੇ ਪੁਛਿਆ ਤੇ ਕਤਕ ਸੁਦੀ ਦੂਜ ਨੂੰ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜਿਸ ਰੀਤ ਨਾਲ ਗੁਰਗਦੀ ਸਥਾਪਤ ਦਸਵੇ ਹੋਇਆਂ ਪੂਰੀ ਰਸਮ ਨਾਲ ਪੂਜਨ ਕੀਤਾ ਸੀ ਇਕ ਦੋ ਵੇਰੀ ਪਿਛੇ ਲਿਖ ਦਸਿਆ ਹੈ। ਫਿਰ ਤੀਜੇ ਦਿਨ ਸ਼ਹਿਰੀ ਲੋਕਾਂ ਨੂੰ ਨਿਮੰਤ੍ਰਨ ਦਿਤਾ ਭਾਰੀ ਭੰਡਾਰਾ ਕੀਤਾ ਸੀ। ਚੌਥ ਨੂੰ ਖੁਲੇ ਦਰਸ਼ਨ ਦਿਦਾਰੇ ਦਿਤੇ ਤੇ ਪੰਚਮੀ ਨੂੰ ਰਾਤ ਸਮੇਂ ਜੋਤੀ ਜੋਤ ਸਮਾਏ ਜਾਣਾ ਸਭਨਾਂ ਨੂੰ ਦਸਿਆ ਸੀ।

ਫਿਰ ਐਸਾ ਸਮਾਂ ਆਏ ਤੋਂ ਪਹਿਲਾਂ ਚੰਦਨ ਚਿਖਾ ਰਚਾਏ ਕੇ ਅਤੇ ਕਨਾਤ ਤਨਾਏ ਕੇ ਦਸੇ ਸਮੇਂ ਅਨੁਸਾਰ ਆਖਰੀ ਦਰਸ਼ਨ ਦੀਦਾਰ ਦੇ ਕੇ ਚਿਖਾ ਉਤੇ ਜਾਏ ਬੈਠੇ ਚੁਤਰਫੀ ਕਨਾਤ ਦੇ ਮਸ਼ਾਲਾਂ ਜਗਾਏ ਪਹਿਰੇਦਾਰ ਖਲੋਤੇ ਸਨ। ਚਿਖਾ ਤਾਂ ਬਲ ਉਠੀ, ਪਰ ਸਿਖ ਵਿਸ਼ਵਾਸਾਂ—ਅਨੁਸਾਰ ਗੁਰੂ ਸਾਹਿਬ ਸ਼ਕਤ ਵਰਤੀ (ਗੁਰੂ ਨਾਨਕ ਦੇਵ ਵਾਂਗ) ਸਣਦੇਹੀ ਪਰਲੋਕ ਸਿਧਾਰ ਗਏ ਸਨ।

ਇਹ ਇਕ ਐਸਾ ਪ੍ਰਸ਼ਨ ਹੈ ਜੋ ਕਿ ਪੂਰਨ ਵਿਸ਼ਵਾਸ ਨਾਲ ਹੀ ਗੁਰਸਿਖਾਂ ਦੀ ਤਸੱਲੀ ਹੋ ਸਕਦੀ ਹੈ। ਇਸ ਵਾਸਤੇ ਕਿ ਜਿਸ ਅਕਾਲ ਪੁਰਖ ਨੇ ਆਪਣਾ ਸਪੁਤਰ ਬਣਾ ਕੇ ਪੰਥ ਸਾਜਨ ਨੂੰ (ਗੁਰੂ ਜੀ ਨੂੰ) ਭੇਜਿਆ ਸੀ ਉਸੇ ਸਕਤੀਮਾਨ ਨੇ ਆਪਨੀ ਅਪਾਰ ਸ਼ਕਤੀਆਂ ਵਿਚੋਂ ਗੁਪਤ ਪ੍ਰਗਟ ਹੋਣ ਦੀ ਸ਼ਕਤੀ ਸੰਪਨ ਕਰਕੇ ਹੀ ਭੇਜਿਆ ਸੀ। ਸ੍ਰੀ ਗੁਰੂ ਨਾਨਕ ਦੇਵ ਨਾਲ ਸਿਧਾਂ ਨੇ ਕਈ ਥਾਈਂ ਲੁਕਣ-ਮੀਚੀ ਕੀਤੀ ਤੇ ਉਧਰੋਂ ਵੀ ਐਸਾ ਹੀ ਉਤਰ ਮਿਲਦਾ ਰਿਹਾ ਸੀ, ਗੁਰੂ ਨਾਨਕ ਦੇਵ ਜੀ ਖੁਦ ਫਰਮਾਂਦੇ ਹਨ—ਹੇ ਨਿਰੰਕਾਰ ਜੀਉ !

ਗੁਪਤ ਪਰਗਟ ਹੋਇ ਬੈਠਾਂ ਲੋਕ ਰਾਖੈ ਭਾਉ ॥
ਮਤਿ ਦੇਖ ਭੂਲਾ ਵਿਸਰੈ ਤੇਰਾ ਚਿਤ ਨ ਆਵੈ ਨਾਉ।

ਇਹੋ ਸ਼ਕਤੀ—"ਗੁਰੂ ਨਾਨਕ ਗੋਬਿੰਦ ਰੂਪ" ਵਿਚ ਭਰਪੂਰ ਸੀ, ਪਰ ਕਦੀ ਪ੍ਰਯੋਗ ਨਹੀਂ ਸੀ ਕੀਤਾ। ਅਜ ਦਿਨ ਕਤਕ ਸੁਦੀ ਪੰਚਮੀ ਨੂੰ ਆਪ ਜੀ ਲੋਕਾਂ ਦੀ ਨਜ਼ਰ ਵਿਚ ਜੋਤੀ ਜੋਤ ਸਮਾਏ ਸਨ। ਤਦ ਵੀ ਉਹ ਨਾ ਦਿਸਦੇ ਹੋਇਆਂ ਸਮੇਤ ਘੋੜੇ ਦੇ ਪ੍ਰਵਾਜ਼ ਕਰ ਗਏ ਸੀ ਜਿਵੇਂ ਬਾਬਾ ਲਖਮੀ ਚੰਦ ਜੀ ਸਮੇਤ ਘੋੜੇ ਤੇ ਸੁਪਤਨੀ ਦੇ ਅਕਾਸ਼ ਵਿਚ ਉਡਾਰੀ ਲਾ ਕੇ ਪਰਲੋਕ ਗਮਨ ਕੀਤਾ ਸੀ।

ਜ਼ਮਾਨਾ ਤਰਕ ਬਾਜ਼ੀ ਦਾ ਹੈ। ਖਿਆਲ ਤੇ ਵਿਚਾਰ ਵੀ ਹਰ ਕਿਸੇ ਦੇ ਆਪਣੇ ਮੁਬਾਰਕ ਹੋਣ ! ਪਰ ਗੁਰੂ ਜੀ ਦੇ ਇਸ ਤਰ੍ਹਾਂ ਨਾਲ ਜੋਤੀ ਜੋਤ ਸਮਾਏ ਦੇ, ਜਾਂ ਸਣਦੇਹੀ ਪਰਲੋਕ ਗਮਨ ਦੀ ਇਸ ਰੀਤ ਦਾ ਸਹਾਰਾ ਪਾ ਕੇ ਚਿਰਾਂ ਤੋਂ ਨਾਮਧਾਰੀ ਦਰਬਾਰੀਆਂ ਨੇ ਪੂਰੇ ਵਿਸ਼ਵਾਸਾਂ ਨਾਲ ਇਹ ਪਰਚਾਰ ਜਾਰੀ ਕੀਤਾ ਕਿ ਗੁਰੂ ਜੀ ਨੇ

ਜਿਖਾ ਦਾ ਕੌਤਕ ਰਚਾ ਕੇ ਇਸ ਢੰਗ ਨਾਲ ਗੁਪਤੀ ਲੋਪ ਹੋਏ ਸਨ ਕਿ ਉਹ ਮੁੜ ਪੰਜਾਬ ਵਿਚ ਜਾ ਕੇ ਪੂਰੀ ਤਿਆਰੀ ਨਾਲ ਮੁਗਲ ਸ਼ਾਹੀ ਦੇ ਕੀਤੇ ਜ਼ੁਲਮਾਂ ਦਾ ਬਦਲਾ ਲੈਣਗੇ। ਇਸ ਵਾਸਤੇ ਹੀ ਨਾਂਦੇੜ ਵਿਚ ਸਮਾਏ ਨਹੀਂ ਸਨ।

ਫਿਰ ਨਾਲ ਹੀ ਦੂਜਾ ਪਰਚਾਰ ਤੇ ਵਿਸ਼ਵਾਸ਼ ਨਾਮਧਾਰੀਆਂ ਦਾ ਇਹ ਹੈ ਕਿ ੯੦ ਸਾਲ ਤੀਕ ਗੁਰੂ ਜੀ ਉਹਲੇ ਰਹੇ ਮਗਰੋਂ ਪ੍ਰਤੱਖ ਹੋ ਕੇ ਬਾਬਾ ਬਾਲਕ ਸਿੰਘ ਨੂੰ ਦਰਸ਼ਨ ਦਿਤੇ ਅਤੇ ਪੂਰੀ ਰਸਮ ਦੀ ਅਦਾਇਗੀ ਨਾਲ ਆਪਣੀ ਥਾਂ ੧੧ਵਾਂ ਸਤਿਗੁਰੂ ਥਾਪ ਕੇ ਫਿਰ ੧੨ਵੀਂ ਥਾਂ ਪੁਨਰ ਜਨਮ ਬਾਬਾ ਰਾਮ ਸਿੰਘ ਹੋ ਕੇ ਆਵਣਾ ਫਰਮਾਇਆ ਨੇ। ਇਹੋ ਨਾਮਧਾਰੀ ਦਰਬਾਰੀਆਂ ਦਾ ਪ੍ਰਚਾਰ ਤੇ ਵਿਸ਼ਵਾਸ ਹੈ ਤੇ ਇਹੋ ਹੀ ਪੁਸਤਕਾਂ ਰਾਹੀਂ ਜਾਂ ਜ਼ਬਾਨੀ ਜ਼ਬਨੀ ਦਾ ਪ੍ਰਚਾਰ ਹੈ। ਪਰ ਦੂਜੇ ਪਾਸੇ ਜਿਸ ਦਿਨ ਤੋਂ ਪੰਥ ਵਿਚ ਜਾਗ੍ਰਤੀ ਆਈ ਤੇ 'ਪਿਉ ਦਾਦੇ ਕਾ ਖੋਹਲ ਡਿਠਾ ਖਜ਼ਾਨਾ' ਅਤੇ ਗੁਰਦੁਆਰਿਆਂ ਵਿਚ 'ਗੁਰੂ ਮਾਨਿਉ ਗ੍ਰੰਥ' ਦਾ ਵਧੇਰੇ ਉਚਾਰਨ ਸ਼ੁਰੂ ਹੋਇਆ ਹੈ। ਨਾਮਧਾਰੀ ਸੰਤ ਮੇਹਰ ਸਿੰਘ ਨੂੰ ਤਾਂ ਮਰੋੜ ਸ਼ੁਰੂ ਹੋ ਚੁਕੇ ਹਨ ਤੇ ਇਸ ਪਰਚਾਰ ਨੂੰ ਰੋਕਨ ਵਾਸਤੇ ਜਾਂ ਬੇਅਸਰ ਕਰਨ ਵਾਸਤੇ ਹੀ ਉਸ ਨੇ "ਪੁਰਖ ਗੁਰੂ" ਨਾਮ ਦੀ ਪੁਸਤਕ ਲਿਖੀ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਅਤੇ ਪੰਜ ਪਿਆਰਿਆਂ ਦੀ ਪ੍ਰਭਤਾ ਨੂੰ ਸ਼ਕੀ ਬਣਾ ਸਕੇ, ਪਰ ਉਸ ਦਾ ਇਹ ਮਲਨ ਖਿਆਲ ਤੇ ਪੁਸਤਕ ਪ੍ਰਚਾਰ ਬੇਅਰਥ ਹੀ ਸਾਬਤ ਹੋਣਾ ਹੈ। ਅਗਲੇ ਵਿਚਾਰ ਪੜੀਏ।

"ਅਖਬਾਰਾਂਤੇ ਮੁਅਲਾ" ਦੀ ਲਿਖਤ ਮੁਤਾਬਕ ਜੋ ਖਿਲਅਤ ਅਜੀਤ ਸਿੰਘ ਨੂੰ ਭੇਜਿਆ ਗਿਆ ਸੀ—ਉਹ ਸ਼ਾਹ ਵਲੋਂ ਇਕ ਸਿਖਾਂ ਦੇ ਦਿਲ-ਪ੍ਰਚਾਵੇ ਵਾਸਤੇ ਸੀ ਕਿ ਜਿਸ ਸ਼ਾਹੀ ਸਾਜ਼ਸ ਨਾਲ ਗੁਰੂ ਜੀ ਉਤੇ ਕਾਤਲਾਨਾ ਵਾਰ ਹੋਇਆ ਸੀ ਉਹ ਬਾਦਸ਼ਾਹ ਦਾ ਪਰਦਾ ਨਾ ਫਾਹਸ਼ ਹੋਵੇ। ਪਰ ਇਸੇ ਅਖਬਾਰਾਤੇ ਮੁਅਲਾ ਨੇ ਇਹ ਪਰਦਾ ਵੀ ਫਾਹਸ਼ ਕਰ ਦਿਤਾ—ਕਿ ਨਾਲ ਦੇ ਨਾਲ ਹੀ ਦੂਸਰਾ (ਇਸ ਤੋਂ ਵੀ ਕੀਮਤੀ) ਖਿਲਅਤ ਗੁਰੂ ਜੀ ਉਤੇ ਵਾਰ ਕਰਨ ਵਾਲੇ ਦੇ ਪੁਤਰ ਨੂੰ ਸੂਬਾ ਵਜ਼ੀਦ ਖਾਨ ਸਰਹਿੰਦ ਵਾਲੇ ਰਾਹੀਂ ਭੇਜਿਆ ਸੀ। ਭਲਾ ਇਸ ਨੂੰ ਭੇਜਨ ਦੀ ਕੀ ਲੋੜ ਸੀ? ਬਾਦਸ਼ਾਹ ਵਲੋਂ ਇਸੇ ਕਰਕੇ ਐਸਾ ਕੁਝ ਕੀਤਾ ਗਿਆ ਸੀ ਕਿ ਗੁਰੂ ਜੀ ਉਤੇ ਵਾਰ ਕਰਕੇ ਮੁਕਾਉਣ ਬਦਲੇ ਇਸ ਨੂੰ ਜੋ ਸ਼ਾਹੀ ਇਨਾਮ ਇਕਰਾਰੀ ਮਿਲਣਾ ਸੀ, ਹੁਣ ਉਹ ਖੁਦ ਮਾਰਿਆ ਗਿਆ ਸੀ ਅਤੇ ਉਸ ਦੇ ਪੁਤਰ ਨੂੰ ਖਿਲਅਤ ਭੇਜ ਕੇ ਸ਼ਾਹ ਨੇ ਆਪਣਾ ਅਹਿਸਾਨ ਚੁਕਾਇਆ ਸੀ।

ਨੋਟ:—ਸ਼ਾਹੀ ਸਾਜ਼ਸ਼ਾਂ ਦਾ ਪੂਰੇ ਵਿਸਥਾਰ ਨਾਲ ਲਿਖਿਆ ਹਾਲ ਅਸੀਂ ਪੁਸਤਕ ਸਫਰਨਾਮਾ ਤੇ ਜ਼ਫਰਨਾਮਾ (ਗੁਰੂ ਗੋਬਿੰਦ ਸਿੰਘ ਜੀ) ਵਿਚ ਲਿਖਿਆ ਹੈ ਸਫਾ ੪੯੫ ਪਰ ਹੈ।

ਅਗੇ ਫੇਰ ਉਹ (ਚਾਵਲਾ ਸਾਹਿਬ) ਲਿਖਦਾ ਜੇ ਗੱਦੀ ਗ੍ਰੰਥ ਸਾਹਿਬ ਨੂੰ ਦਿਤੀ ਹੁੰਦੀ ਤਾਂ ਉਹ ੩੦ ਦਸੰਬਰ ੧੭੧੧ ਵਿਚ ਜ਼ਬਤ ਕੀਤੀ ਜਾਗੀਰ ਦੀ ਵਾ ਗੁਜ਼ਾਰੀ ਦਾ ਹੁਕਮ ਅਜੀਤ ਸਿੰਘ ਦੇ ਹੱਕ ਵਿਚ ਨਾ ਕਰਦਾ ਬਲਕਿ ਸ੍ਰੀ ਗ੍ਰੰਥ ਸਾਹਿਬ ਦੇ ਹੱਕ ਵਿਚ ਕਰਦਾ ਤੇ ਪੰਜ ਪਿਆਰੇ ਟਰੱਸਟੀ ਬਣਾਏ ਜਾਣੇ ਸਨ।

ਇਸ ਦੇ ਜਵਾਬ ਵਿਚ ਇਹੋ ਦਸਣਾ ਹੈ ਕਿ ਗੁਰੂ ਜੀ ਦੀ ਮਰਜ਼ੀ ਵਿਰੁਧ ਆਪਣੇ ਪੁਤਰ ਸਾਹਿਬਜ਼ਾਦਾ ਸ੍ਰੀ ਅਜੀਤ ਸਿੰਘ ਦੇ ਮੋਹ ਵਿਚ ਫਸੇ ਹੋਇਆਂ ਮਾਤਾ ਸੁੰਦਰੀ ਜੀ ਨੇ ਇਕ ਸੁਨਿਆਰੇ ਦੇ ਪੁਤਰ ਨੂੰ ਸਾਹਿਬਜ਼ਾਦੇ ਦੀ ਉਮਰ ਅਤੇ ਸ਼ਕਲ ਸੂਰਤ ਵਿਚ ਮਿਲਦਾ ਜੁਲਦਾ ਦੇਖ ਕੇ ਅਪਨਾਇਆ ਪਾਲਿਆ ਤੇ ਵਿਆਹਿਆ ਸੀ। ਜਿਸ ਤੋਂ ਦੂਰ ਨੇੜੇ ਦੇ ਵਸਨੀਕ ਸਿਖਾਂ ਤੇ ਆਮ ਜਾਣਕਾਰ ਲੋਕਾਂ ਨੂੰ ਇਹੋ ਯਕੀਨ ਹੋ ਚੁਕਾ ਸੀ ਕਿ ਗੁਰੂ ਜੀ ਦਾ ਮੁਤਬੰਨਾ (ਗੋਦ ਲਿਆ) ਸਾਹਿਬਜ਼ਾਦਾ ਹੈ ਤੇ ਚੱਕ ਗੁਰੂ ਕਾ (ਅੰਮ੍ਰਿਤਸਰ) ਦੀ ਜਗੀਰ ਗੁਰੂ ਕੀ ਜੱਦੀ ਵਰਾਸਤ ਸਮਝ ਕੇ ਮੁਤਬੰਨੇ ਅਜੀਤ ਸਿੰਘ ਦੇ ਨਾਮ ਕੀਤੀ ਗਈ ਸੀ। ਕਿਸੇ ਦੂਜੇ ਸੋਢੀ ਨੇ ਸ਼ਾਇਦ ਇਸੇ ਵਾਸਤੇ ਹੀ ਇਤਰਾਜ਼ ਨਾ ਕੀਤਾ ਹੋਵੇ ਕਿ ਇਸ ਦਾ ਕਾਨੂੰਨੀ ਵਾਰਸ ਇਹੋ ਹੀ ਹੈ ਕਿ ਮਾਤਾ ਸੁੰਦਰੀ ਜੀ ਦਾ ਗੋਦ ਲਿਆ ਹੈ।

ਦੂਜੀ ਗਲ ਇਹ ਹੈ ਕਿ ਗੁਰਗੱਦੀ ਦਾ ਸਬੰਧ ਜ਼ਾਤੀ ਜਾਇਦਾਦ ਨਾਲ ਨਹੀਂ ਜੋੜਿਆ ਗਿਆ ਸੀ। ਗੁਰੂ ਨਾਨਕ ਦੇਵ ਨੇ ਗੁਰਗੱਦੀ ਗੁਰੂ ਅੰਗਦ ਜੀ ਨੂੰ ਬਖਸ਼ੀ ਤੇ ਖਡੂਰ ਭੇਜ ਦਿਤਾ ਸੀ। ਜ਼ਾਤੀ ਜਾਇਦਾਦ ਬਾਬਾ ਸ੍ਰੀ ਚੰਦ ਸਾਹਬ ਤੇ ਲਖਮੀ ਚੰਦ ਜੀ ਪਾਸ ਰਹੀ ਸੀ। ਫਿਰ ਗੁਰੂ ਅੰਗਦ ਦੇਵ ਨੇ ਗੁਰਗੱਦੀ ਗੁਰੂ ਅਮਰਦਾਸ ਜੀ ਨੂੰ ਬਖਸ਼ੀ ਤੇ ਜ਼ਾਤੀ ਜਾਇਦਾਦ ਦੇ ਮਾਲਕ (ਦਾਤੂ ਤੇ ਦਾਸੂ ਜੀ) ਸਾਹਿਬਜ਼ਾਦੇ ਰਹੇ ਸੀ। ਤਿਵੇਂ ਹੀ ਗੁਰੂ ਅਮਰ ਦਾਸ ਨੇ ਗੁਰਗੱਦੀ ਦੀ ਬਖਸ਼ਸ਼ ਕਰਕੇ ਗੁਰੂ ਰਾਮਦਾਸ ਨੂੰ (ਚੱਕ ਗੁਰੂ) ਸ੍ਰੀ ਅੰਮ੍ਰਿਤਸਰ ਵਸਾ ਕੇ ਉਥੇ ਵਸਨ ਨੂੰ ਭੇਜ ਦਿਤਾ ਸੀ ਤੇ ਉਸ ਦਿਨ ਤੋਂ ਇਸ ਦੀ ਮਲਕੀਅਤ ਸੋਢੀਆਂ ਦੀ ਮੰਨੀ ਗਈ ਸੀ।

ਅਜੀਤ ਸਿੰਘ ਤਿੰਨ ਚਾਰ ਸਾਲਾਂ ਤੋਂ ਮਾਤਾ ਸੁੰਦਰੀ ਜੀ ਪਾਸ ਦਿਲੀ ਵਿਚ ਰਹਿੰਦਾ ਤੇ ਉਹਨਾਂ ਦੇ ਦਿਲ ਦਾ ਸਹਾਰਾ ਹੋ ਚੁਕਾ ਸੀ। ਦਿਲੀ ਦੇ ਵਸਨੀਕ ਸਿਖ ਸੇਵਕ ਵੀ ਇਸ ਨੂੰ "ਗੁਰੂ ਜੀ ਗੁਰੂ ਜੀ" ਆਖ ਕੇ ਬੁਲਾਂਦੇ ਅਤੇ ਸਤਿਕਾਰਦੇ ਹੁੰਦੇ ਸਨ। ਮਾਤਾ ਜੀ ਨੇ ਇਸ ਨੂੰ ਗੁਰੂ ਘਰ ਦਾ ਸਾਰਾ ਇਤਿਹਾਸ ਵੀ ਸ਼ੁਰੂ ਤੋਂ ਹੁਣ ਤੀਕ ਸੁਣਾ ਕੇ ਸਿਆਣਾ ਕੀਤਾ ਹੋਇਆ ਸੀ। ਇਸ ਨੂੰ ਮਾਤਾ ਜੀ ਨੇ ਗੁਰੂ ਘਰ ਦੀ ਜਿਥੇ ਕਿਤੇ ਵਿਰਾਸਤ ਹੈ ? ਇਹ ਵੀ ਜ਼ਰੂਰ ਸਮਝਾਇਆ ਹੋਇਆ ਸੀ ਕਿਉਂਕਿ ਮਾਤਾ ਜੀ ਨੂੰ ਇਸ ਉਤੇ ਹੀ ਬਹੁਤ ਆਸਾਂ ਉਮੀਦਾਂ ਸਨ ਤੇ ਇਹ ਵੀ ਜਵਾਨ ਸੀ।

ਸਾਹਿਬਜ਼ਾਦਾ ਅਜੀਤ ਸਿੰਘ ਜੀ ਪੂਰੇ ੧੮ ਸਾਲਾਂ ਦੇ ਸਨ ਜਦੋਂ ਉਹ ਸ਼ਾਹੀ ਦੁਸਮਣਾਂ ਨਾਲ ਲੜਦੇ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਏ ਸਨ ਤੇ ਉਹਨਾਂ ਦੀ ਉਮਰ ਅਤੇ ਸ਼ਕਲ ਵਿਚ ਮਿਲਦਾ ਜੁਲਦਾ ਅਜੀਤ ਸਿੰਘ ਜਾਣ ਕੇ ਮਾਤਾ ਸੁੰਦਰੀ ਜੀ ਨੇ ਅਪਨਾਇਆ ਸੀ। ਗੁਰੂ ਸਾਹਿਬ ਜੀ ੭ ਅਕਤੂਬਰ ੧੭੦੮ ਮੁਤਾਬਕ ਕਤਕ ਸੁਦੀ ਪੰਚਮੀ ੧੭੬੫ ਵਿਚ ਜੋਤੀ ਜੋਤ ਸਮਾਏ ਸਨ। ਇਸ ਵੇਲੇ ਤੀਕ ਇਸ ਅਜੀਤ ਸਿੰਘ ਦੀ ਉਮਰ ਵੀ ਕਰੀਬਨ ੨੨ ਸਾਲਾਂ ਦੀ ਹੋ ਚੁਕੀ ਸੀ। ਇਹ ਆਪਣੇ ਆਪ ਨੂੰ ਠੀਕ ਗੁਰੂ ਗੋਬਿੰਦ ਸਿੰਘ ਜੀ ਦਾ ਪੁਤਰ (ਸਾਹਿਬਜ਼ਾਦਾ) ਹੀ ਮੰਨ ਬੈਠਾ ਤੇ ਐਸਾ ਹੀ ਮਸ਼ਹੂਰ ਹੋ ਚੁਕਾ ਸੀ।

ਅਗੇ "ਅਖਬਾਰਾਤੇ ਦਰਬਾਰੇ ਮੁਅਲਾ" ਦੇ ਹਵਾਲੇ ਨਾਲ ਸੰਤ ਮੋਹਰ ਸਿੰਘ ਨੇ ਲਿਖਿਆ ਸੀ ਕਿ ੩੦ ਅਕਤੂਬਰ ਸੰਨ ੧੭੦੮ ਨੂੰ (ਗੁਰੂ ਜੀ ਦੇ ਚਲਾਣੇ ਦਾ) ਬਾਦਸ਼ਾਹ ਨੂੰ ਪਤਾ ਹੋਇਆ ਸੀ ਤਦ ਉਸ ਨੇ ਮਾਤਮੀ ਖਿਲਅਤ ਭੇਜਣ ਦਾ ਹੁਕਮ ਦਿਤਾ ਸੀ (ਅਜੀਤ ਸਿੰਘ ਇਸ ਵੇਲੇ ਦਿਲੀ ਸੀ)।

ਇਧਰ ਦੂਜੇ ਪਾਸੇ ਡਾਕਟਰ ਗੰਡਾ ਸਿੰਘ ਜੀ ਨੇ ਆਪਣੀ ਪੁਸਤਕ (ਸਿਖ ਇਤਿਹਾਸ ਬਾਰੇ) ਦੇ ਸਫਾ ੫੦-੫੧ ਉਤੇ "ਬਹਾਦਰ ਸ਼ਾਹ ਨਾਮਾ" ਦੇ ਹਵਾਲੇ ਨਾਲ ਲਿਖਿਆ ਕਿ ਗੁਰੂ ਜੀ ਦੇ ਜੋਤੀ ਜੋਤ ਸਮਾਏ ਦੇ ਇਕ ਮਹੀਨਾ ਮਗਰੋਂ (੫ ਰਮਜ਼ਾਨ ੧੧੨੦ ਹਿਜਰੀ) ੭ ਨਵੰਬਰ ੧੭੦੮ ਈਸਵੀ (ਪੁਰਾਣਾ ਢੰਗ) ਨੂੰ ਬਾਦਸ਼ਾਹ ਪਾਸ ਇਕ ਰਿਪੋਰਟ (ਮਨਕੂਲਾ ਜਾਇਦਾਦ) ਉਠਾਈ ਜਾਣ ਵਾਲੀ) ਸੰਪਤੀ (ਗੁਰੂ ਗੋਬਿੰਦ ਸਿੰਘ ਨਾਨਕ) ਬਾਬਤ ਪੇਸ਼ ਹੋਈ ਤੇ ਹੁਕਮ ਹੋਇਆ ਕਿ ਉਸ ਦੇ ਵਾਰਸਾਂ ਨੂੰ ਦਿਤੀ ਜਾਏ। (ਇਸ ਵਿਚ ਚੱਕ ਗੁਰੂ ਜਾਗੀਰ ਦਾ ਕੋਈ ਜ਼ਿਕਰ ਨਹੀਂ ਹੈ।

ਇਸ ਵੇਲੇ ਉਸ ਅਜੀਤ ਸਿੰਘ ਦੀ ਉਮਰ ੨੨ ਸਾਲਾਂ ਤੋਂ ਉਤੇ ਦੀ ਤੇ ਸ਼ਾਦੀ ਹੋ ਚੁਕੀ ਸੀ। ਫਿਰ ੭ ਨਵੰਬਰ ੧੭੦੮ ਤੋਂ ਸੰਨ ੧੭੧੧ ਦੇ ੩੦ ਦਸੰਬਰ ਵਿਚ ਜਦੋਂ ਕਿ ਚੱਕ ਗੁਰੂ ਦੀ ਜਾਗੀਰ ਇਸ ਦੇ ਨਾਮ ਵਾਗੁਜ਼ਾਰ ਹੋਈ ਦਸਦੇ ਹਨ, ਪੂਰੇ ਤਿੰਨ ਸਾਲ ਹੋ ਜਾਂਦੇ ਹਨ, ਤੇ ਇਹ ੨੫ ਸਾਲਾ ਦਾ ਸੀ। ਕੀ ਪਤਾ ਸੋਢੀਆਂ (ਪੁਜਾਰੀਆਂ) ਅੰਮ੍ਰਿਤਸਰੀਆਂ ਨੇ ਤਿੰਨ ਸਾਲ ਤੀਕ ਇਸ ਦੇ ਨਾਲ ਮੁਕਦਮਾ ਲੜਿਆ ਹੋਵੇ ਤੇ ਅਦਾਲਤ ਨੇ ਅਜੀਤ ਸਿੰਘ ਨੂੰ ਹੀ ਮੁਤਬੰਨਾ (ਵਾਰਸ) ਸਮਝਕੇ ਇਸ ਦੇ ਨਾਮ ਫੈਸਲਾ ਦੇ ਦਿਤਾ ਹੋਵੇ ? ਤਾਂ ਇਸ ਦਾ ਇਹ ਮਤਲਬ ਨਹੀਂ ਕਿ ਜਾਇਦਾਦ ਦਾ ਜੋ ਵਾਰਸ ਹੋਵੇ, ਉਹ ਗੁਰਗੱਦੀ ਦਾ ਵੀ ਵਾਰਸ ਹੋ ਜਾਵੇ। ਗੁਰੂ ਘਰ ਵਿਚ ਇਹ ਰੀਤ ਪ੍ਰਵਾਨ ਨਹੀਂ, ਚੜੀ ਸੀ।

ਸ਼ਾਦੀ ਕੀਤੇ ਮਗਰੋਂ ਉਕਤ ਅਜੀਤ ਸਿੰਘ ਦੇ ਪੁਤਰ ਪੈਦਾ ਹੋਇਆ ਸੀ ਜਿਸ ਦਾ ਨਾਮ ਹਠੀ ਸਿੰਘ ਰਖਿਆ ਸੀ। ਸਿਖ ਸੰਗਤਾਂ ਜੋ ਮਾਤਾ ਸੁੰਦਰੀ ਜੀ ਦੇ ਪਾਸ ਆਉਂਦੀਆਂ ਸੀ ਭੇਟਾ ਚੜਾਉਂਦੀਆਂ ਸਨ। ਇਹ ਖੁਲੇ ਦਿਲ ਐਸ਼ ਬਹਾਰਾਂ ਕਰਦਾ, ੪੦-੫੦ ਬੰਦੇ ਇਸ ਦੇ ਹਮਜੋਲੀ ਹੁੰਦੇ ਜੋ ਉਹ ਤਾਂ ਭਾਵਨਾਂ ਭਰੇ ਸਨ ਕਿ ਇਹ ਮਾਤਾ ਜੀ ਦਾ ਗੋਦ ਲਿਆ ਪੁਤਰ ਹੈ, ਪਰ ਇਸ ਦੀ ਆਪਣੀ ਹਉਮੈਂ ਬਹੁਤ ਵਧ ਗਈ ਸੀ। ਇਹ ਗੁਰਾਂ ਵਾਂਗੂ ਗਦੀ ਵਿਛਾ ਕੇ ਬੈਠਦਾ ਅਤੇ ਮਥੇ ਟਿਕਾ ਟਿਕਾ ਕੇ ਬਹੁਤ ਮਛੱਲ੍ਹ ਗਿਆ ਸੀ। ਸ੍ਰੀ ਮਾਤਾ ਜੀ ਹੁਣ ਪਛਤਾਂਦੇ ਸਨ। ਪਰ ਬੇਵੱਸ ਹੋ ਚੁਕੇ ਸਨ ਕਿ ਉਹ ੨੫-੨੬ ਸਾਲਾਂ ਦਾ ਚੰਗਾ ਜਵਾਨ ਤੇ ਕਰਤਾ ਧਰਤਾ ਸੀ।

ਇਸ ਅਜੀਤ ਸਿੰਘ ਵਿਚ ਹੁਣ ਇਹ ਖਾਹਸ਼ ਪੈਦਾ ਹੋ ਆਈ ਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਕੁਝ ਸ਼ਸਤਰ ਜੋ (ਸ੍ਰੀ ਸਾਹਿਬ ਦੇਵਾਂ ਜੀ ਨੂੰ ਨਾਂਦੇੜ ਤੋਂ ਸੰਭਾਲ ਰਖਣ ਵਾਸਤੇ ਦੇ ਟੋਰੇ ਸਨ) ਉਹ ਲੈਕੇ ਆਪਣੇ ਕਮਰ-ਕਸੇ ਵਿਚ ਸਜਾਏ ! ਗੁਰੂ ਬਣ ਬੈਠੇ। ਸ਼ਿਕਾਰ ਨੂੰ ਜਾਂ ਫਿਰ ਉਹ ਸੈਰ-ਸਪਾਟੇ ਨੂੰ ਜਾਇਆ ਕਰੇ। ਇਕ ਦਿਨ ਇਨ੍ਹਾਂ ਸ਼ਸਤ੍ਰਾਂ ਦੀ ਮੰਗ ਕੀਤੀ ਜੋ ਮਾਤਾ ਸੁੰਦਰੀ ਜੀ ਨੇ ਦੇਣ ਤੋਂ ਸਾਫ ਹੀ ਇਨਕਾਰ ਕਰ ਦਿਤਾ ਸੀ।

ਸ੍ਰੀ ਮਾਤਾ ਜੀ ਨੂੰ ਉਦਾਸੀ ਸੰਤ ਮੰਡਲੀ ਨੇ ਨਾਂਦੇੜ ਤੋਂ ਆ ਕੇ ਸਭ ਕੁਝ ਸੁਣਾਇਆ ਸੀ ਕਿ ਗੁਰਗੱਦੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਥਾਪਤ ਕੀਤਾ ਗਿਆ। ਇਸ ਵਾਸਤੇ ਮਾਤਾ ਜੀ ਨੇ ਹੁਣ ਇਸ ਨੂੰ ਗੱਦੀ ਵਿਛਾ ਬੈਠਣ ਤੋਂ ਅਤੇ ਸ਼ਸਤ੍ਰ ਦੇਣ ਤੋਂ ਇਨਕਾਰ ਕਰ ਦਿਤਾ ਸੀ ਜਿਸ ਪਰ ਗੁਸੇ ਵਿਚ ਹੋ ਕੇ ਇਸ ਨੇ ਮਾਤਾ ਜੀ ਪਰ ਕਟਾਰ ਦਾ ਕਾਤਲਾਨਾ ਹਮਲਾ ਕੀਤਾ ਤੇ ਸ਼ੋਰ ਪੈ ਜਾਣ ਕਰਕੇ ਸ੍ਰੀ ਮਾਤਾ ਸਾਹਿਬ ਦੇਵਾਂ ਤੇ ਹੋਰ ਨਿਕਟ ਵਰਤੀਆਂ ਨੇ ਬਚਾ ਲਿਆ ਸੀ।

ਇਸ ਅਕ੍ਰਿਤਘਣ ਦੀ ਐਸੀ ਕਰਤੂਤ ਪਰ ਮਾਤਾ ਜੀ ਕਲਪਦੇ ਹੋਇਆਂ ਸਰਾਪ ਦੇ ਦਿਤਾ ਸੀ ਅਤੇ ਇਸ ਨੇ ਉਹਨਾਂ ਦਾ ਦਿਲ ਦੁਖਾਣ ਨੂੰ ਸਿਰ ਮੁਨਾ ਲਿਆ ਤੇ ਜੀਤ ਮਲ ਬਣ ਗਿਆ ਸੀ। ਥੋਹੜਾ ਅਰਸਾ ਬੀਤੇ ਮਗਰੋਂ ਫਿਰ ਜਿਸ ਭੈੜੀ ਮੌਤੇ ਇਹ ਮੋਇਆ ਸੀ (ਰਬ ਦਏ ਤੇ ਬੰਦਾ ਸਹੇ) ਉਹ ਸਾਰਾ ਹਾਲ ਅਸੀਂ ਪਿਛੇ ਦਸਿਆ ਹੈ। ਪਰ ਨਾਮਧਾਰੀ ਮੇਹਰ ਸਿੰਘ ਨੂੰ ਇਹ ਸੋਭਦਾ ਨਹੀਂ ਕਿ ਐਸੇ ਇਕ ਅਕ੍ਰਿਤਘਣ ਹੋ ਚੁਕੇ ਆਪ ਹੁਦਰੇ ਗੁਰੂ ਦੀ ਮਿਸਾਲ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਨੂੰ ਝੁਠਲਾਂਦਾ ਰਹੇ।

ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਅਟੱਲ ਹੈ ਉਹ ਤਾਂ ਸ੍ਰੀ ਸਰਬ-ਲੋਹ ਵਿਚੋਂ ਗੁਰੂ ਜੀ ਦੀ ਆਪਣੀ ਲਿਖਤ ਅਤੇ ਰਹਿਤਨਾਮਿਆਂ ਰਾਹੀਂ ਕਾਫੀ ਸ਼ਹਾਦਤਾਂ ਮੌਜੂਦ ਹਨ। ਪਰ ਬਹਾਦਰ ਸ਼ਾਹ ਵਲੋਂ ਗੁਰੂ ਚੱਕ ਦੀ ਜਾਗੀਰ ਵਾਪਸੀ ਦਾ ਹੁਕਮ ਜੋ ਸੀ, ਉਹ ਤਾਂ ਗੁਰੂ ਜੀ ਦੇ ਚਲਾਣੇ ਦੀ ਖਬਰ ਸੁਣੇ ਨਾਲ ਉਸ ਨੇ ਵਾਰਸਾਂ ਦੇ ਹੱਕ ਵਿਚ ਜਾਰੀ ਕੀਤਾ ਸੀ। ਨਾਂਦੇੜ ਤੋਂ ੧੦੦ ਮੀਲ ਦੀ ਵਿਥ ਪਰ ਬੈਠੇ ਸ਼ਾਹ ਨੂੰ ਕੀ ਪਤਾ ਕਿ ਉਹਨਾਂ ਨੇ ਕਿਸ ਨੂੰ ਵਾਰਸ ਮੁਕਰਰ ਕੀਤਾ ਹੈ। ਫਿਰ ਉਸ ਨੇ ਅਜੀਤ ਸਿੰਘ ਦਾ ਨਾਮ ਪਤਾ ਵੀ ਨਹੀਂ ਲਿਖਿਆ ਸੀ।

ਇਹ ਤਾਂ ਬਹੁਤ ਅਰਸੇ ਬਾਅਦ ਦਿਲੀ ਵਿਚ ਬੈਠੇ ਮਾਤਾ ਸੁੰਦਰੀ ਜੀ ਨੂੰ ਜਦੋਂ ਪਤਾ ਹੋਇਆ ਹੋਣਾ ਤਦ ਅਜੀਤ ਸਿੰਘ (ਜੋ ਅਜੇ ਆਗਿਆਕਾਰੀ ਸੀ) ਨੂੰ ਭੇਜਿਆ ਤੇ ਉਸ ਨੇ ਆਪਣੇ ਨੂੰ ਮੁਤਬੰਨਾ (ਵਾਰਸ) ਸਾਬਤ ਕਰਕੇ ਸੰਨ ੧੭੧੧ ਵਿਚ ਤਿੰਨ ਸਾਲਾਂ ਬਾਅਦ ਜਾਗੀਰ ਨੂੰ ਹਾਸਲ ਕੀਤਾ ਹੋਣਾ ਹੈ ਤੇ ਇਤਨੀ ਗਲ ਦੇ ਨਾਲ ਉਹ ਗੁਰਗੱਦੀ ਦਾ ਵਾਰਸ ਨਹੀਂ ਬਣ ਗਿਆ ਸੀ ਅਤੇ ਨਾ ਹੀ ਕਿਸੇ ਨੇ ਉਸ ਨੂੰ ਗੁਰੂ ਮੰਨਿਆ ਸੀ। ਮੇਹਰ ਸਿੰਘ ਇਹ ਸਭ ਕੁਝ ਜਾਣਦਾ ਹੋਇਆ ਵੀ ਆਪਣੇ ਪੱਖ ਦੀ ਪੂਰਤੀ ਲਈ ਇਤਨੀ ਗਲਤ ਬਿਆਨੀ ਕਰਦਾ ਤੇ ਦੋਸ਼ ਦਾ ਭਾਗੀ ਬਣਿਆ ਹੈ :

ਮਨ ਜਾਨਤ ਸਭ ਬਾਤ ਜਾਨਤ ਹੀ ਔਗੁਣ ਕਰੈ
ਕਾਹੇ ਕੀ ਕੁਸਲਾਤ ਹਾਥ ਦੀਪ ਕੂਏ ਪਰੈ ॥ (੧੩੭੮)

## ਆਪਣੀ ਕੁਝ ਹੋਰ ਵਿਚਾਰ

ਚਾਤਰ ਲੇਖਕ ਨੇ ਆਪਣੀਆਂ ਹੁਜਤਾਂ ਭਰੀਆਂ ਦਲੀਲਾਂ ਨੂੰ ਸਹੀ ਸਾਬਤ ਕਰਨ ਵਾਸਤੇ ਪਿਛੇ ਕੁਝ ਮੁਸਲਮਾਨ ਲਿਖਾਰੀਆਂ ਦੀਆਂ ਲਿਖਤਾਂ ਵੀ ਪੇਸ਼ ਕੀਤੀਆਂ ਕਿ ਇਹਨਾਂ ਨੇ ਸ੍ਰੀ ਗੁਰੂ ਗ੍ਰੰਥ ਜੀ ਨੂੰ ਗੁਰਗੱਦੀ ਸਥਾਪਤੀ ਦਾ ਕੋਈ ਜ਼ਿਕਰ ਨਹੀਂ

ਕੀਤਾ। ਤਾਂ ਜਿਹਨਾਂ ਨੇ ਪੂਰੀ ਪੜਤਾਲ ਕਰਕੇ ਨਾ ਲਿਖਿਆ ਹੋਵੇ ਉਹਨਾਂ ਨੂੰ ਕੀ ਪਤਾ ਕਿ ਗੁਰੂ ਜੀ ਨੇ ਕਿਸ ਨੂੰ ਇਹ ਵਡਿਆਈ ਬਖਸ਼ੀ ਹੈ। ਹਾਂ ਇਕ ਜਾਂ ਦੋ ਮੁਸਲਮਾਨ ਪ੍ਰਸਿਧ ਇਤਿਹਾਸਕਾਰਾਂ ਨੇ ਪੂਰੇ ਨਿਰਣੇ ਨਾਲ ਲਿਖਿਆ ਹੈ, ਉਹ ਵੀ ਪੜ੍ਹੀਏ ਜੋ ਐਸਾਂ ਹੈ।

"ਤਵਾਰੀਖ ਮਿਰਾਤੁਲ ਅਹਿਵਾਲ ਜਹਾਨ ਨੁਮਾ" ਕਰਤਾ ਬਿਨ ਮੁਹੰਮਦ ਅਲੀ ਸਫ਼ਾ ੨੧੪ ਉਤੇ ਲਿਖਦਾ ਹੈ :

ਔਲਾਦੇ ਗੁਰੂ ਗੋਬਿੰਦ (ਸਿੰਘ)
ਮਜ਼ਕੂਰ ਕਰ ਜੰਗੇ ਆਲਮਗੀਰ ਕੁਸ਼ਤਾ ਸ਼ੁਦ।
ਬਾਹਦ ਅਜ਼ ਓ ਖਲੀਫ਼ਾ ਨੇਸਤ,
ਮਜ਼ੁਜ ਈਂ ਇਬਾਦਤੇ ਨ ਦਾਰੰਦ ॥

ਭਾਵ :—ਗੁਰੂ ਗੋਬਿੰਦ ਸਿੰਘ ਜੀ ਦੀ ਸੰਤਾਨ ਆਲਮਗੀਰ ਜੰਗ ਵਿਚ ਕਤਲ ਹੋ ਗਈ ਸੀ। ਉਹਨਾਂ ਤੋਂ ਪਿਛੋਂ ਕੋਈ ਖਲੀਫ਼ਾ (ਗੁਰੂ) ਨਹੀਂ ਹੈ, (ਉਸ ਦੇ ਸਿਖ) ਸਿਵਾਏ ਇਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੋਰ ਕਿਸੇ ਦੀ ਇਬਾਦਤ ਨਹੀਂ ਸਨ ਕਰਦੇ।

ਇਸ ਤੋਂ ਇਲਾਵਾ ਉਮਦਤਏ ਤਵਾਰੀਖ, ਸਫ਼ਾ ੬੫ ਉਤੇ ਅਹਿਮਦ ਸ਼ਾਹ ਬਟਾਲਵੀ ਐਸਾ ਲਿਖਦਾ ਹੈ—

ਵਕਤੇ ਨਜ਼ਅ ਸ਼ਖਸੇ ਅਜ ਨਿਆਜ਼ ਮੰਦਾ ਨੇ ਅਬੂਦੀਅਤ ਨਿਸ਼ਾ
ਅਰਜ਼ ਨਮੂਦ ਕਿ ਬਾਹਦ ਅਜ਼ ਇਨਤਹਾਜ਼ ਜ਼ਾਤੇ ਵਾਲਾ
ਸਫ਼ਾਤ ਅਜ਼ ਅਲਾਮੇਂ ਫ਼ਾਨੀ ਬਤਰਫ਼ ਜ਼ਹਾਨੇ ਜਾਂ ਵਿਦਾਨੀ
ਕੁਦਾਮ ਕਸ ਰਾ ਗੁਰੂ ਮੁਕਰਰ ਨਮੂਦਹ ਇਰਸ਼ਾਦ।
ਲਾਜ਼ਮ ਉਲ ਇਨਕਯਾਦ-ਜਲਵਾ ਈਯਾਦ ਯਾਫਤ ਕਿ ਗੁਰੂ ਗ੍ਰੰਥ ਜੀ ਅਸਤ
ਦਰਮਿਆਨੇ ਗ੍ਰੰਥ ਵ ਗੁਰੂ ਹੇਤ ਫਰਕੇ ਨੇਸਤ ਅਜ ਦੀਦਾਰੇ ਗ੍ਰੰਥ ਜੀ।
ਮੁਸ਼ਾਹਿਦਾ ਦੀਦਾਰੇ ਫਰਹਤ।*

ਭਾਵ ਅਰਥ—(ਗੁਰੂ ਜੀ ਦੇ) ਜੋਤੀ ਜੋਤ ਸਮਾਉਣ ਸਮੇਂ ਆਗਿਆਕਾਰੀ ਸਿਖਾਂ ਨੇ ਬੇਨਤੀ ਕੀਤੀ (ਹੇ ਸਚੇ ਪਾਤਸ਼ਾਹ) ਆਪ ਸਰਬ ਗੁਣਾਂ ਸੰਪੰਨ ਜੋਤ ਦੇ (ਪਰਮਜੋਤ ਵਿਚ) ਸਮਾ ਜਾਣ ਪਿਛੋਂ ਕਿਸ ਨੂੰ ਆਪ ਨੇ ਗੁਰੂ ਸਥਾਪਨ ਕੀਤਾ ਹੈ। ਤਦ ਰੱਬੀ ਜਲਵੇ ਵਾਲੇ ਗੁਰੂ (ਦਸਮੇਸ਼) ਜੀ ਸਾਹਿਬ ਨੇ ਹੁਕਮ ਕੀਤਾ—ਗੁਰੂ ਗ੍ਰੰਥ ਜੀ ਗੁਰੂ ਹਨ। ਗੁਰੂ ਤੇ ਗੁਰੂ ਗ੍ਰੰਥ ਸਾਹਿਬ ਵਿਚ ਭੇਦ ਨਹੀਂ। (ਗੁਰੂ) ਗ੍ਰੰਥ ਜੀ ਦੇ ਦਰਸ਼ਨ ਤੋਂ (ਤੁਹਾਨੂੰ) ਗੁਰੂ ਦੇ ਪ੍ਰਸੰਨਤਾ ਭਰੇ ਦੀਦਾਰ ਹੋਇਆ ਕਰਨਗੇ।

ਨੋਟ :—ਉਕਤ ਲਿਖਤ ਇਕ ਮੁਸਲਮਾਨ ਮਸ਼ਹੂਰ ਤਾਰੀਖ ਦਾਨ ਦੀ ਹੈ। ਇਸ ਨੇ ਉਹ ਜ਼ਿਕਰ ਵੀ ਵਿਸਥਾਰ ਨਾਲ ਲਿਖਿਆ ਹੈ ਜੋ ਤਾਰਆਜ਼ਮੀ ਨੂੰ ਮਾਰ ਕੇ ਬਹਾਦਰ ਸ਼ਾਹ ਨੂੰ ਸ਼ਾਹੀ ਤਖਤ ਦਾ ਮਾਲਕ ਬਨਾਣ ਵਿਚ ਜੋ ਗੁਰੂ ਜੀ ਨੇ

---

* "ਸੱਚਾ ਗੁਰੂ"—ਪੁਸਤਕ ਸਫ਼ਾ ੯੧—੯੨—ਕ੍ਰਿਤ ਗਿ: ਊਧਮ ਸਿੰਘ ਜੀ।

ਮਦਦ ਕੀਤੀ ਸੀ। ਉਸ ਦੇ ਬਦਲੇ ਬਾਦਸ਼ਾਹ ਨੇ ਆਗਰੇ ਕਿਲੇ ਵਿਚ ਗੁਰੂ ਜੀ ਦਾ ਜਿਵੇਂ ਸਤਿਕਾਰ ਕੀਤਾ ਸੀ, ਸੋਹਣੇ ਸ਼ਬਦਾਂ ਵਿਚ ਲਿਖਿਆ ਹੈ। ਕੀ ਨਾਮਧਾਰੀ ਲੇਖਕ ਉਕਤ ਲਿਖਤਾਂ ਨੂੰ ਵੀ ਖੇਪਕ ਸਮਝੇਗਾ ?

## ਇਕੋ ਭਾਵ ਦੀਆਂ ਹੇਠ ਲਿਖੀਆਂ ਲਿਖਤਾਂ

ਸੌ ਸਾਖੀ ਨੂੰ ਨਾਮਧਾਰੀ ਸਜਣ ਬਹੁਤ ਪ੍ਰਵਾਣੀਕ ਮੰਨਦੇ ਹਨ। ਉਸ ਵਿਚ ਅੰਕਤ ਸਫਾ ੭੮ ਪਰ ਐਸਾ ਲਿਖਿਆ ਹੈ—

ਦੋਹਿਰਾ : ਦਸ ਸਰੂਪ ਗੁਰ ਏਕ ਸਮ ਧੌਂ ਜਾਨੇ ਸੋ ਮੋਰ ॥

ਏਕਸ ਦਸਮੇ (੧੧ਵਾਂ) ਗੁਰੂ ਗ੍ਰੰਥ ਜੀ ਦੀ ਬਾਣੀ ਸਤਿਗੁਰੂ ਹੋਰ (ਸੌ ਸਾਖੀ)। ਐਸਾ ਮਹਿਮਾ ਪ੍ਰਕਾਸ਼ ਵਿਚ ਲਿਖਿਆ—

> ਸਿਖਾਂ ਨੇ ਪੂਛਾ ਅਬ ਦਰਸਨ ਕਹਾਂ ਕਰਹਿ ॥ ਸਤਿਗੁਰੂ ਦੀਨ ਦਿਯਾਲ ਬਚਨ ਕੀਆ ਜੋ ਦਸ ਸਰੂਪ ਹਮਾਰੇ ਸੰਪੂਰਨ ਭਏ ॥ ਅਬ ਮੇਰੀ ਜਾਹਗਾ ਸ੍ਰੀ ਗੁਰੂ ਗ੍ਰੰਥ ਸਾਹਿਬ ਕੋ ਜਾਣਨਾ ॥ ਜਿਸ ਨੇ ਮੇਰੇ ਸੇ ਬਾਤ ਕਰਨੀ ਹੋਏ ਆਦਿ ਗੁਰੂ ਗ੍ਰੰਥ ਸਾਹਿਬ ਕਾ ਪਾਠ ਕਰਨਾ ॥ ਮੇਰੇ ਸੇ ਬਾਤ ਹੋਏਗੀ।

ਗੁਰ ਬਿਲਾਸ ਪਾ: ੫ ਵਿਚੋਂ :

> ਗੁਰੂ ਦਰਸ਼ ਜਿਹ ਦੇਖਨਾ ਸ੍ਰੀ ਗ੍ਰੰਥ ਦਰਸਾਇ ॥
> ਬਾਤ ਕਰਨ ਗੁਰ ਸੌਂ ਚਹੈ ਪੜੇ ਗ੍ਰੰਥ ਮਨ ਲਾਇ ॥ (ਧਿਆਏ ੪)

ਇਸ ਤੋਂ ਇਲਾਵਾ ਬਾਬਾ ਰਾਮ ਸਿੰਘ ਜੀ ਵਲੋਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦਾ ਹਵਾਲਾ ਅਸੀਂ ਪਿਛੇ ਲਿਖਿਆ ਹੈ। ਉਹਨਾਂ ਦਾ ਇਕ ਹੋਰ ਹੁਕਮਨਾਮਾ ਨੰਬਰ ੫੭ ਐਸਾ ਹੀ ਪੜੀਏ :

> ਗੁਰੂਆਂ ਗੁਰੂ (ਸ੍ਰੀ ਗੁਰੂ) ਗ੍ਰੰਥ ਸਾਹਿਬ ਗੁਰੂ ਹੈ। ਜੋ ਸ਼ਬਦ ਗੁਰੂ—ਜਿਥੇ ਕੋਊ ਮੰਨੇਗਾ—ਉਸ ਦਾ ਉਥੇ ਭਲਾ ਹੋਵੇਗਾ। ਅਥਵਾ ਗੁਰੂ ਗ੍ਰੰਥ ਸਾਹਿਬ ਗੁਰੂ ਦੀ ਦੇਹ ਪ੍ਰਤੱਖ ਹੈ :

ਇਹ ਦੇ ਆਧਾਰ ਤੇ "ਸ਼ਹੀਦ ਬਿਲਾਸ" ਵਿਚ ਭਾਈ ਕਾਲਾ ਸਿੰਘ ਨਾਮਧਾਰੀ ਵਲੋਂ ਸਫਾ ੪ ਪਰ ਐਸਾ ਲਿਖਿਆ—

> ਗੁਰੂ ਗ੍ਰੰਥ ਜੀ ਬਾਝ ਨ ਹੋਰ ਪੂਜਨੇ ਜੋਗ ॥
> ਇਹੋ ਹੁਕਮ ਸਾਡਾ ਵਾਰ ਵਾਰ ਵਾਰ ਵਾਰੀ ॥

ਬਾਬਾ ਪ੍ਰਤਾਪ ਸਿੰਘ ਜੀ ਨਾਮਧਾਰੀ ਪ੍ਰਮੁਖ ਦੇ ਸਿਖਿਆ ਦਾਤਾ ਭਾਈ ਧਿਆਨ ਸਿੰਘ ਜੀ ਆਪਣੀ ਲਿਖਤ ਪੁਸਤਕ—"ਸ੍ਰੀ ਸਤਿਗੁਰੂ ਬਿਲਾਸ" ਵਿਚ ਐਸਾ ਲਿਖਦੇ ਹਨ :

> ਗੁਰੂ ਗ੍ਰੰਥ ਮੈ ਜੋਈ ਲਿਖਿਆ ॥ ਸੋਈ ਧਾਰੋ ਮਨ ਮੈ ਸਿਖਿਆ ॥

ਹੁਣ ਪਾਠਕਾਂ ਨੇ ਵਿਚਾਰਨਾ ਹੈ ਕਿ ਮੁਸਲਮਾਨ ਲਿਖਾਰੀਆਂ ਅਤੇ ਬਾਬਾ ਰਾਮ ਸਿੰਘ ਜੀ ਆਪੇ ਹੀ ਜੋ ਆਪਣੇ ਹੁਕਮਨਾਮਿਆਂ ਵਿਚ ਲਿਖ ਭੇਜਦੇ ਰਹੇ—ਕਿ 'ਗੁਰੂਆਂ ਗੁਰੂ"—ਗੁਰੂ ਗ੍ਰੰਥ ਸਾਹਿਬ ਹੈ ਅਤੇ "ਸ਼ਬਦ ਗੁਰੂ ਹੈ ਜਿਥੇ ਕੋਊ ਮੰਨੇਗਾ ਉਥੇ ਉਸ ਦਾ

ਭਲਾ ਹੋਏਗਾ।" ਫਿਰ ਇਸੇ ਹੁਕਮ ਦੇ ਆਧਾਰ ਤੇ ਨਾਮਧਾਰੀ ਕਾਲਾ ਸਿੰਘ ਦੀ ਲਿਖਤ ਨੂੰ ਪੜਿਆ ਜਾਏ ਤਾਂ ਗਿਆਨੀ ਗਿਆਨ ਸਿੰਘ ਦੀ ਲਿਖਤ ਨੂੰ ਕਿਵੇਂ ਖੇਪਕ ਮੰਨਿਆ ਜਾਏ। ਜੋ ਗਿਆਨੀ ਜੀ ਨੇ ਸ੍ਰੀ ਸਰਬ-ਲੋਹ ਗ੍ਰੰਥ, ਅਤੇ ਹਜ਼ੂਰੀ ਸਿਖਾਂ ਦੇ ਰਹਿਤਨਾਮੇ ਪੜੇ ਮਗਰੋਂ ਆਪਣੀ ਪਹਿਲੀ ਲਿਖਤ ਨੂੰ ਗਲਤ ਮੰਨਿਆ ਤੇ ਦੂਜੀ ਵੇਰ ਸਹੀ ਸਹੀ ਐਸਾ ਲਿਖਿਆ ਹੈ—

ਪੈਸੇ ਪੰਜ ਨਲੇਰ ਲੈ ਤਿਸ ਅਗਰ ਟਿਕਾਯੋ ॥
ਕਰ ਪਰਕਰਮਾ ਗੁਰੂ ਜੀ ਨਿਜ ਮਾਥ ਝੁਕਾਯੋ ॥
ਗੁਰੂ ਗ੍ਰੰਥ ਕੋ ਗੁਰੂ ਥਪਯੋ ਕੁਣਕਾ ਵਰਤਾਯੋ ॥
ਸ੍ਰੀ ਮੁਖ ਤੇ ਸਭ ਸਿਖਨ ਕੋ ਇਹ ਹੁਕਮ ਸੁਨਾਯੋ ॥

ਦੋਹਿਰਾ :—ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਯੋ ਗ੍ਰੰਥ ॥
ਗੁਰੂ ਗ੍ਰੰਥ ਜੀ ਮਾਨੀਉ ਪ੍ਰਗਟ ਗੁਰਾਂ ਕੀ ਦੇਹ ॥
ਜੋ ਪ੍ਰਭ ਕੋ ਮਿਲਬੋ ਚਾਹੈ ਖੋਜ ਸਬਦ ਮੈ ਲੇਹ ॥
ਸਬਦ ਗੁਰੂ ਪ੍ਰਗਟ ਭਏ ਪੂਰਨ ਹਰ ਅਵਤਾਰ ॥
ਜਗ ਮਗ ਜੋਤ ਬਿਰਾਜ ਹੀ ਸ੍ਰੀ ਗੁਰੂ ਗ੍ਰੰਥ ਮਝਾਰ ॥
ਜੋ ਦਰਸਯੋ ਚਹੈ ਗੁਰੂ ਕੋ ਸੋ ਦਰਸੋ ਗੁਰੂ ਗ੍ਰੰਥ ॥
ਪੜੈ ਸੁਨੈ ਸਾਰਥ ਲਹੈ ਪਰਮਾਰਥ ਕੋ ਪੰਥ ॥
ਵਾਹਿਗੁਰੂ ਗੁਰੂ ਗ੍ਰੰਥ ਜੀ ਉਭੈ ਜਹਾਜ਼ ਉਦਾਰ ॥
ਜੋ ਸਰਧਾ ਧਰ ਸੇਵ ਹੈ ਸੋ ਉਤਰੇ ਭਵ ਪਾਰ ॥

(ਪੰਥ ਪ੍ਰਕਾਸ਼ ਧਿਆਏ ੪੦)

ਹੋਰ ਵੀ ਲਿਖਿਆ ਹੈ :

ਗਿਆਨ ਬਗਯਾਨ ਅਕਾਲ ਕੇ ਗੁਰੂ ਗ੍ਰੰਥ ਤੇ ਹੋਤ ॥
ਪਤ ਪਾਦਕ ਪ੍ਰਤਿ ਪਾਦਯ ਜਗ ਰੂਪ ਅਕਾਲ ਉਦੋਤ ॥
ਪ੍ਰਤੱਖ ਗੁਰੂ ਉਪਦੇਸ਼ਟਾ ਗੁਰੂ ਸਰੂਪ ਪਛਾਨ ॥
ਇਸ਼ਟ ਦੇਵ ਗੁਰੂ ਗ੍ਰੰਥਯੋਂ ਰਾਖਿਉ ਨਿਸਚੈ ਮਾਨ ॥ (ਪੰਥ ਪ੍ਰਕਾਸ਼)

**ਸੂਰਜ ਪ੍ਰਕਾਸ਼ ਵਿਚੋਂ :**

ਸੰਗਤ ਆਪਣੀ ਸਗਲ ਉਧਾਰਨ ॥ ਗੁਰੂ ਗ੍ਰੰਥ ਗੁਰ ਕੀਨ ਉਚਾਰਨ ॥

(ਸੂਰਜ ਪ੍ਰਕਾਸ਼ ਰੁਤ ੨ ਅੰਸੂ ੩੦)

ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ :

ਅਕਾਲ ਪੁਰਖ ਕੇ ਹੁਕਮ ਸਿਉ ਪ੍ਰਗਟ ਚਲਾਇਉ ਪੰਥ ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਉ ਗ੍ਰੰਥ ॥ (ਅੰਕ ੨੬)

ਫੇਰ ਤਵਾਰੀਖੇ ਪੰਜਾਬ ਵਿਚ ਸਫਾ ਪ੨ ਉਤੇ ਪ੍ਰਸਿਧ ਇਤਿਹਾਸਕਾਰ ਲਾਲਾ ਘਨਈਆ ਲਾਲ ਲਿਖਦੇ :

"ਗੁਰੂ ਗੋਬਿੰਦ ਸਿੰਘ ਜੀ ਨੇ ਆਖਰੀ ਵਕਤ ਗ੍ਰੰਥ ਸਾਹਿਬ ਕੇ ਆਗੇ ਪਾਂਚ ਪੈਸੇ ਅਉਰ ਸ੍ਰੀ ਫਲ ਗੁਰਿਆਈ ਕਾ ਰਖਾ।"

ਉਕਤ ਸ੍ਰੀ "ਸਰਬ-ਲੋਹ ਗ੍ਰੰਥ" ਲਿਖਤ ਤੋਂ ਵਖਰੇ, ਫਾਰਸੀ ਲਿਖਤਾਂ, ਬਾਬਾ ਰਾਮ ਸਿੰਘ ਜੀ ਦਾ ਹੁਕਮਨਾਮਾ, ਗੁਰਬਿਲਾਸ, ਮਹਿਮਾ ਪ੍ਰਕਾਸ਼ ਅਤੇ ਸੌ ਸਾਖੀ ਵਿਚ ਵੀ ਤੇ ਗਿਆਨੀ ਗਿਆਨ ਸਿੰਘ ਆਦਿਕ ਲਿਖਤਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਬਾਬਤ ਇਕੋ ਭਾਵ ਹੈ। ਸਿਰਫ ਸ਼ਬਦਾਵਲੀ ਵਿਚ ਹੀ ਥੋਹੜਾ ਥੋਹੜਾ ਫਰਕ ਹੈ ਕਿ ਉਥੇ ਲਿਖਤ ਢੰਗ ਵਖੋ ਵਖਰਾ—ਪਰ ਭਾਵ ਇਕੋ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅੰਤ ਸਮੇਂ ਗੁਰੂ ਗ੍ਰੰਥ ਜੀ ਨੂੰ ਗੁਰਗੱਦੀ ਸਥਾਪਤ ਕੀਤਾ ਤੇ ਨਾਮ ਮੰਤ੍ਰ ਪ੍ਰਚਾਰਨ ਨੂੰ ਗੁਰੂ ਗ੍ਰੰਥ ਦੀ ਤਾਬਿਆਦਾਰੀ ਵਿਚ ਪੰਜ ਪਿਆਰੇ (ਗੁਰੂ ਖਾਲਸਾ) ਜੀ ਨੂੰ ਅਧਿਕਾਰ ਸੌਂਪੇ ਸਨ ਅਤੇ ਰਾਜ ਜੋਗ ਕਮਾਉਣਾ ਵੀ ਸਿਖਾਇਆ ਸੀ।

ਹੁਣ ਪਾਠਕਾਂ ਨੇ ਬੜੇ ਠਰੰਮੇ ਨਾਲ ਸੋਚਣਾ ਹੈ ਤੇ ਸਚਿਆਰ ਬਣ ਕੇ ਫੈਸਲਾ ਦੇਣਾ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰੂ ਗ੍ਰੰਥ ਜੀ ਨੂੰ ਗੁਰਗੱਦੀ ਸਥਾਪਤ ਕੀਤਾ ਸੀ ਕਿ ਅਖੌਤੀ (ਨਾਮਧਾਰੀ) ਲਿਖਤਾਂ ਅਨੁਸਾਰ ੯੦ ਸਾਲ ਬਾਅਦ (੧੩੨ ਸਾਲ ਦੀ ਉਮਰ ਦੇ ਹੋ ਕੇ) ਉਹਨਾਂ ਦੇ ਬਾਬਾ ਬਾਲਕ ਸਿੰਘ ਨੂੰ ਅਪਣੀ ਥਾਂਏ ੧੧ਵਾਂ ਸਤਿਗੁਰੂ ਸਥਾਪਤ ਕੀਤਾ ਸੀ? ਕੌਣ ਇਤਬਾਰ ਕਰ ਸਕਦਾ ਹੈ? ਪਰ ਲੇਖਕ ਮੋਹਰ ਸਿੰਘ ਚਾਵਲਾ ਨੂੰ ਸ਼ਾਂਤ ਨਹੀਂ ਹੈ। ਉਹ ਅਗੇ ਹੁਣ "ਭਾਈ ਮਨੀ ਸਿੰਘ ਜੀ" ਨਾਮ ਦੀ ਸੁਰਖੀ ਹੇਠਾਂ ਜੋ ਲਿਖਦਾ ਹੈ—ਪੜੀਏ :

## ਭਾਈ ਮਨੀ ਸਿੰਘ ਜੀ

ਉਕਤ ਲੇਖਕ (ਮੋਹਰ ਸਿੰਘ) ਲਿਖਦਾ ਕਿ ਭਾਈ ਮਨੀ ਸਿੰਘ ਜੀ ਨੂੰ ਮਾਤਾ ਸੁੰਦਰੀ ਜੀ ਨੇ ਸ੍ਰੀ ਹਰਿਮੰਦਰ ਵਿਚ ਗ੍ਰੰਥੀ ਥਾਪ ਕੇ ਭੇਜਿਆ ਸੀ। ਇਹ ਉਥੇ ਕਈ ਸਾਲ ਰਹੇ, ਅਤੇ ਸ੍ਰੀ ਦਸਮ ਗ੍ਰੰਥ ਲਿਖਿਆ ਸੀ ਜੋ ਭਾਈ ਰਣਧੀਰ ਸਿੰਘ ਜੀ ਰੀਸਰਚ ਸਕਾਲਰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਲਿਖਤ ਮੁਤਾਬਕ ਸੰਮਤ ੧੭੭੫ ਵਿਚ ਇਹ ਗ੍ਰੰਥ ਤਿਆਰ ਹੋਇਆ ਦਸਿਆ ਹੈ—

ਨੋਟ :—ਸ਼ਰੋਮਣੀ ਕਮੇਟੀ ਦੇ ਰੀਸਰਚ ਸਕਾਲਰ ਦੀ ਇਹ ਰਿਪੋਰਟ ਗਲਤ ਹੈ ਕਿ ਸੰਮਤ ੧੭੭੫ ਵਿਚ ਦਸਮ ਗ੍ਰੰਥ ਤਿਆਰ ਹੋਇਆ ਸੀ। ਬਲਕਿ ਇਹ ਬੀੜ ਭਾਈ ਮਨੀ ਸਿੰਘ ਜੀ ਵਲੋਂ ਤਿਆਰ ਕੀਤੀ ਲਿਖਤ ਹੁਣ ਤੀਕ ਦਿਲੀ ਵਿਚ ਮੌਜੂਦ ਹੈ, ਜੋ ਸਵਰਗੀ ਰਾਜਾ ਗੁਲਾਬ ਸਿੰਘ ਜੀ ਦੀ ਸੁਪਤਨੀ ਸ੍ਰੀਮਤੀ ਸ਼ੋਮਾਂਵੰਤੀ ਜੀ ਪਾਸ ਹੈ—ਤੇ ਉਸ ਦੇ ਅਖੀਰ ਵਿਚ ਸਮਾਪਤੀ ਦਾ ਸਮਾਂ ਐਸਾ ਲਿਖਿਆ ਹੈ—

ਦੋਹਿਰਾ :—ਖੜਗਪਾਨ ਕੀ ਕਿਰਪਾ ਤੇ ਪੋਥੀ ਰਚੀ ਬਿਚਾਰ ॥
ਭੂਲ ਹੋਇ ਜਹ ਤਹ ਸੁ ਕਬਿ ਪੜੀਅਹੁ ਸਭੈ ਸੁਧਾਰ ॥

ਪੋਥੀਆਂ ਕਾ ਉਤਾਰਾ ਕੀਏ ਸੰਚੀਯੋਂ ਕੋ ਜਮਾਂ ਕੀਏ ਬੜੀ ਮਿਹਨਤ ਸੇ ਲਿਖੇ ਹੈ। ਸੰਮਤ ੧੭੭੦ ਮੈ ਤਿਆਰ ਹੂਏ ਹੈ।

ਉਕਤ ਸ੍ਰੀ ਦਸਮ ਗ੍ਰੰਥ ਦੇ ਹਵਾਲੇ ਨਾਲ ਨਾਮਧਾਰੀ ਲੇਖਕ ਨੇ ਇਹ ਪੱਖ ਲਿਆ ਹੈ ਕਿ ਭਾਈ ਮਨੀ ਸਿੰਘ ਜਿਤਨੇ ਗੁਰੂ ਕੇ ਨਿਕਟ ਵਰਤੀ ਸਿਖ, ਅਤੇ ਲਿਖਾਰੀ ਵੀ ਸਨ ਇਹਨਾਂ ਨੇ ਇਸ (ਸ੍ਰੀ ਦਸਮ ਗ੍ਰੰਥ) ਵਿਚ ਕਿਤੇ ਇਕ ਵੇਰ ਵੀ ਸ੍ਰੀ ਗ੍ਰੰਥ ਜੀ ਨੂੰ ਗੁਰਗੱਦੀ ਸਥਾਪਤ ਦਾ ਹਾਲ ਨਹੀਂ ਹੈ ਲਿਖਿਆ, ਜਿਸ ਤੋਂ ਸਾਬਤ ਹੈ ਕਿ ਗਿਆਨੀ ਗਿਆਨ ਸਿੰਘ ਦੀ ਲਿਖਤ ਖੇਪਕ ਹੈ ਅਤੇ ੧੦੦ ਸਾਲ ਬਾਹਦ ਸਿੰਘ ਸਭਾਈ ਵਿਦਵਾਨਾਂ ਵਲੋਂ ਲਿਖੀ ਹੈ।

ਇਸ ਉਕਤ ਲਿਖਤ ਦੇ ਜਵਾਬ ਵਿਚ ਇਤਨਾ ਹੀ ਕਹਿਣਾ ਹੈ ਕਿ ਸ੍ਰੀਮਾਨ ਭਾਈ ਮਨੀ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਨੂੰ ਸੁਰਖਿਅਤ ਕਰਨ ਵਾਸਤੇ ਇਹ ਉਦਮ ਕੀਤਾ ਤੇ ਸੰਮਤ ੧੭੬੫ ਤੋਂ ੧੭੭੦ ਤੱਕ ਪੰਜ ਸਾਲਾਂ ਵਿਚ ਇਹ ਕਾਰਜ ਮੁਕਾਇਆ ਦਸਿਆ ਹੈ—ਇਸ ਗ੍ਰੰਥ ਵਿਚ ਸਿਵਾਏ ਗੁਰੂ ਦਸਮੇਸ਼ ਰਚਨਾਵਾਂ ਦੇ ਆਪਣੀ ਵਲੋਂ ਉਨ੍ਹਾਂ ਕੁਝ ਵੀ ਲਿਖਣਾ ਨਹੀਂ ਕੀਤਾ ਹੈ।

ਭਾਈ ਮਨੀ ਸਿੰਘ ਜੀ ਗੁਰੂ ਦੀ ਆਗਿਆ ਅਨੁਸਾਰ ਹੀ ਮਾਤਾ ਸੁੰਦਰੀ ਜੀ ਪਾਸ ਦਿਲੀ ਰਹੇ ਸੀ ਅਤੇ ਮਾਤਾ ਜੀ ਦੇ ਭੇਜੇ ਹੀ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦੀ ਸੇਵਾ ਵਾਸਤੇ ਗਏ ਸੀ, ਇਨ੍ਹਾਂ ਦੇ ਦਿਲੀ ਵਿਚ ਹੁੰਦੇ ਹੀ ਅਜੀਤ ਸਿੰਘ (ਅਖੌਤੀ ਪੁਤਰ) ਮਾਤਾ ਜੀ ਦੇ ਕੋਲ ਸੀ, ਅਤੇ ਬੰਦਾ ਸਿੰਘ ਬਹਾਦਰ ਨੇ ਵੀ ਪੰਜਾਬ ਵਿਚ ਮੱਲਾਂ ਮਾਰ ਕ ਮੁਗਲਾਂ ਤੋਂ ਬਦਲੇ ਲਏ ਸਨ। ਅਗਰ ਭਾਈ ਮਨੀ ਸਿੰਘ ਨੇ ਗੁਰੂ ਗ੍ਰੰਥ ਜੀ ਦੀ ਗੁਰਿਆਈ ਦਾ ਜ਼ਿਕਰ ਸ੍ਰੀ ਦਸਮ ਗ੍ਰੰਥ ਵਿਚ ਨਹੀਂ ਲਿਖਿਆ, ਤਦ ਇਹ ਵੀ ਤਾਂ ਨਹੀਂ ਲਿਖਿਆ ਜਾਂ ਪਰਚਾਰਿਆ ਕਿ ੧੧ਵਾਂ ਗੁਰੂ ਅਜੀਤ ਸਿੰਘ, ਜਾਂ ਬਾਹਰਵਾਂ ਬੰਦਾ ਬਹਾਦਰ ਬਣਿਆ ਹੈ।

ਭਾਈ ਮਨੀ ਸਿੰਘ ਜੀ ਨੇ ਸ੍ਰੀ ਸਰਬ-ਲੋਹ ਵਿਚ ਗੁਰੂ ਲਿਖਤਾਂ ਪਹਿਲੇ ਹੀ ਪੜੀਆਂ ਹੋਈਆਂ ਸੀ ਤੇ ਦਿਲੀ ਆਏ ਵੇਲੇ ਜੋ ਪਿਛੋਂ ਨਾਂਦੇੜ ਵਿਚ ਵਰਤੀ ਵਾਰਤਾ ਸੀ ਉਹ ਉਦਾਸੀ ਸੰਤਾਂ ਨੇ ਆ ਕੇ ਸੁਣਾਈ ਹੋਈ ਸੀ। ਇਸ ਵਾਸਤੇ ਭਾਈ ਮਨੀ ਸਿੰਘ ਜੀ ਨੂੰ ਪਤਾ ਸੀ ਕਿ ਗੁਰਤਾ ਗੁਰੂ ਗ੍ਰੰਥ ਜੀ ਅਤੇ ਤਾਬਿਆ ਵਿਚ ਗੁਰੂ ਪੰਥ ਨੂੰ ਹੈ।

ਵਿਚਾਰ ਦੀ ਗੱਲ ਹੈ ਕਿ ਗੁਰੂ ਸਾਹਿਬਾਂ ਦੇ ਵੇਲੇ ਜਿਥੇ ਸਰੀਰਧਾਰੀ ਗੁਰੂ ਵਸਦੇ ਰਹੇ ਸਨ ਉਹ ਗੁਰੂ ਕੇ ਮਹਲ ਮੰਨੇ ਜਾਂਦੇ ਸਨ ਅਤੇ ਪ੍ਰਚਾਰ ਅਸਥਾਨ ਧਰਮ ਸਾਲਾ ਸਨ। ਜਿਸ ਦਿਨ ਤੋਂ ਗੁਰੂ ਗ੍ਰੰਥ ਸਾਹਿਬ ਗੁਰੂ ਰੂਪ ਵਿਚ ਤਖ਼ਤ ਨਸ਼ੀਨ ਤੇ ਜਿਥੇ ਨਿਤ ਪ੍ਰਕਾਸ਼ੇ ਜਾਣ ਲਗੇ ਸਨ ਉਹ ਗੁਰੂ ਦਵਾਰੇ (ਗੁਰੂ ਕੇ ਘਰ) ਮੰਨੇ ਜਾਂਦੇ ਹਨ। ਇਸ ਤੋਂ ਵਧ ਕੇ ਹੋਰ ਕੀ ਸਬੂਤ ਹੋ ਸਕਦਾ ਹੈ?

ਇਸ ਤੋਂ ਅਗੇ ਮੋਹਰ ਸਿੰਘ ਨੇ ਕਈ ਗੈਰ-ਸਿਖ ਲਿਖਾਰੀਆਂ ਦੇ ਹਵਾਲੇ ਦਿਤੇ ਅਤੇ ਉਹਨਾ ਵਲੋਂ ਵੀ ਦਸਿਆ—ਕਿ ਕਿਸੇ ਨੇ ਗੁਰੂ ਗ੍ਰੰਥ ਹੋਣ ਦਾ ਜ਼ਿਕਰ ਨਹੀਂ ਲਿਖਿਆ ਹੈ। ਫਿਰ ਉਹ ਅਗੇ--"ਤਵਾਰੀਖੇ ਸਿਖਾਂ" ਮਿਨ ਤਸਨੀਫ ਖੁਸ਼ਵਕਤ ਰਾਏ ਦੇ ਹਵਾਲੇ ਨਾਲ (ਜਿਸ ਦਾ ਅਖੀਰ ਵਿਚ ਉਸ ਨੇ ਫਲਾਕ ਛਾਪਿਆ ਹੈ) ਲਿਖਦਾ ਹੈ ਅਤੇ ਐਸਾ ਹੀ--"ਤਵਾਰੀਖੇ ਹਿੰਦ" ਬਿਆਨੇ ਅਹਵਾਲ ਮੁਲਕੇ ਹਿੰਦ--ਵਾ ਮੁਲਕੇ ਆਂ ਅਜ ਜ਼ਮਾਨਾ ਕਦੀਮ ਤਾ ੧੨੩੩ ਹਿਜਰੀ, ਮੁਸੰਨਫਾ ਅਹਿਮਦ ਸ਼ਾਹ ਬਟਾਲਵੀ, ਦੇ

ਹਵਾਲੇ ਨਾਲ--ਜ਼ਿਕਰ ਗੁਰੂਆਂ ਲਿਖਦਾ ਹੈ, ਜੋ ਉਕਤ ਦੋਹਾਂ ਲਿਖਾਰੀਆਂ ਨੇ ਥੋੜੇ ਅਖਰਾਂ ਦੇ ਫਰਕ ਨਾਲ ਇਕੋ ਜਿਹਾ ਲਿਖਿਆ ਹੈ ਤਦ ਵੀ ਫਾਰਸੀ ਵਿਚ ਅਹਿਮਦਸ਼ਾਹ ਦੀ ਲਿਖਤ ਦਾ ਅਰਥ ਮੇਹਰ ਸਿੰਘ ਨੇ ਐਸਾ ਲਿਖਿਆ--

"ਹੁਕਮ ਕੀਤਾ ਕਿ ਉਹ ਕਮਾਨ ਲਿਆਉ। ਉਹ ਬਹੁਤ ਸਖਤ ਸੀ। ਉਸ ਨੂੰ ਬੜੇ ਜ਼ੋਰ ਨਾਲ ਚਿਲਾ ਚੜ੍ਹਾਇਆ, ਤਾਂ ਪੇਟ ਦਾ ਜ਼ਖਮ ਖੁਲ੍ਹ ਗਿਆ। ਖੂਨ ਨਿਕਲ ਆਇਆ, ਜਿਸ ਨਾਲ ਉਹ ਜੋਤੀ ਜੋਤ ਸਮਾ ਗਏ। ਇਹ ਘਟਨਾ ਬਹਾਦਰ ਸ਼ਾਹ ਬਾਦਸ਼ਾਹ ਵੇਲੇ ੧੭੬੫ ਬਿਕ੍ਰਮੀ ਵਿਚ ਨਾਂਦੇੜ ਸ਼ਹਿਰ ਵਿਚ ਘਟੀ। ਸਿੰਘ ਉਸ ਥਾਂ ਨੂੰ ਅਬਚਲ ਨਗਰ ਕਹਿੰਦੇ ਹਨ। ਕੁਝ ਸਿੰਘ ਉਥੇ ਰਹਿਣ ਲਗੇ। ਜਿਹਨਾਂ ਨੂੰ ਨਵਾਬ ਹੈਦਰਾਬਾਦ ਵਲੋਂ ਰੋਜ਼ੀਨਾ ਮੁਕਰਰ ਹੈ। ਹੁਣ ਮਹਾਰਾਜਾ ਰਣਜੀਤ ਸਿੰਘ ਬਹਾਦਰ ਉਥੇ ਮੰਦਰ ਤੇ ਲੋਕਾਂ ਦੀ ਆਬਾਦੀ ਲਈ ਕਾਫੀ ਭੇਟ ਕਰਦਾ ਹੈ। ਗੁਰਿਆਈ ਦੀ ਮੁਦਤ ੩੨ ਸਾਲ ੧੧ ਮਹੀਨੇ ਹੈ--

(ਮੇਹਰ ਸਿੰਘ ਲਿਖਦਾ) ਇਸ ਨੇ ਵੀ ਸ੍ਰੀ (ਗੁਰੂ) ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਬਾਰੇ ਕੋਈ ਇਸ਼ਾਰਾ ਨਹੀਂ ਕੀਤਾ।

ਪਾਠਕਾਂ ਪ੍ਰਤੀ ਇਸ ਚਾਤਰ ਲੇਖਕ ਨੇ ਚਤਰਾਈ ਨਾਲ ਇਹ ਤਾਂ ਲਿਖ ਦਸਿਆ ਕਿ ਇਸ ਲਿਖਤ ਵਿਚ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਦਾ ਜ਼ਿਕਰ ਨਹੀਂ ਕੀਤਾ ਪਰ ਇਸ ਗਲ ਤੇ ਯਕੀਨ ਨਹੀਂ ਕਰਦਾ ਕਿ ਗੁਰੂ ਜੀ ਉਥੇ ਜੋਤੀ ਜੋਤ ਸਮਾਏ ਸਨ। ਫਿਰ ਉਕਤ ਦੋਹਾਂ ਖੁਸ਼ਵਕਤਰਾਏ ਅਤੇ ਬਟਾਲਵੀ ਸਾਹਿਬ ਦੀ ਲਿਖਤਾਂ ਤੋਂ ਇਹ ਸਾਬਤ ਹੋ ਜਾਂਦਾ ਹੈ ਕਿ ਇਸ ਥਾਂ ਦਾ ਨਾਮ—ਸਿਖਾਂ ਨੇ "ਅਬਚਲ ਨਗਰ" ਰਖਿਆ ਹੈ। ਸੋ ਇਹ ਜ਼ਿਕਰ ਅਸੀਂ ਪਿਛੇ ਲਿਖਿਆ ਹੈ ਕਿ ਗੁਰੂ ਗ੍ਰੰਥ ਜੀ ਨੂੰ ਗੁਰਗੱਦੀ ਸਥਾਪਤ ਕੀਤੇ ਮਗਰੋਂ ਜਦੋਂ ਵਾਕ ਲਿਆ ਗਿਆ ਸੀ ਤਾਂ ਉਥੇ ਉਸੇ ਵੇਲੇ—"ਅਬਚਲ ਨਗਰ ਗੋਬਿੰਦ ਗੁਰੂ ਕਾ" ਵਾਕ ਆਇਆ ਸੀ ਤੇ ਖੁਸ਼ੀ ਵਿਚ ਜੈਕਾਰਿਆਂ ਦੀ ਗੂੰਜ ਨਾਲ ਗੁਰੂ ਜੀ ਨੇ ਖੁਦ ਇਸ ਥਾਂ ਦਾ ਨਾਮ—ਸ੍ਰੀ ਅਬਚਲ ਨਗਰ ਫੁਰਮਾਇਆ ਸੀ।

ਫਿਰ ਆਪਣੇ ਮਤਲਬ ਦੀ ਲਿਖਤ ਜਿਸ ਵਿਚ ਗੁਰੂ ਗ੍ਰੰਥ ਦੀ ਗੁਰਤਾ ਦਾ ਜ਼ਿਕਰ ਨਹੀਂ ਕੀਤਾ ਹੈ ਇਸ ਨੂੰ ਪੇਸ਼ ਕਰਦਾ ਹੈ। ਪਰ ਦੂਜੀ ਲਿਖਤਾਂ ਉਮਦਾਤ ਏ ਤਵਾਰੀਖ ਦੇ ਸਫਾ ੬੫ ਉਤੇ ਜੋ ਪੂਰੇ ਵਿਸਥਾਰ ਨਾਲ ਗੁਰੂ ਗ੍ਰੰਥ ਜੀ ਦੀ ਗੁਰਤਾ ਬਾਰੇ ਲਿਖਿਆ ਤੇ ਅਸੀਂ ਪਿਛੇ ਸਫਾ (੧੮੯) ਪਰ ਲਿਖ ਦਸਿਆ ਹੈ। ਇਸ ਨੂੰ ਉਹ ਪੇਸ਼ ਨਹੀਂ ਕਰਦਾ ਕਿਉਂਕਿ ਉਸਦੀ ਸਾਰੀ ਲਿਖਤ ਝੂਠੀ ਅਤੇ ਬੇਹੂਦਗੀ ਤੇ ਫਜ਼ੂਲ ਸਮਝੀ ਜਾਣੀ ਸੀ। ਜੋ ਆਪਣੇ ਮਤਲਬ ਦੀ ਲਿਖਦਾ ਤੇ ਸਚਾਈ ਨੂੰ ਛੁਪਾਂਦਾ ਪਿਆ ਹੈ। ਮਕਾਰੀ ਇਸੇ ਗਲ ਨੂੰ ਆਖਦੇ ਹਨ।

## ਨਾਮਧਾਰੀ ਸੰਤ ਦੀ ਚਤੁਰਾਈ ਤੇ ਕੁਟੱਲਤਾ

ਅਸੀਂ ਪਿਛੇ ਵੀ ਦਸਿਆ ਹੈ ਕਿ ਸੰਤ ਮੇਹਰ ਸਿੰਘ ਨੇ ਕਈ ਮੁਸਲਮਾਨਾਂ ਅਤੇ ਹਿੰਦੂ ਸਿਖਾਂ ਦੀਆਂ ਲਿਖਤਾਂ ਪੇਸ਼ ਕਰਕੇ ਇਹੋ ਸਿੱਟਾ ਕੱਢ ਦਿਤਾ ਹੈ ਕਿ ਉਕਤ ਸਾਰੇ

ਹੀ ਭਿਖਾਰੀਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਅੰਤ ਸਮੇਂ ਜਦੋਂ ਨਾਂਦੇੜ ਵਿਚੋਂ ਉਹ ਲੋਪ ਹੋਏ ਸੀ—ਸ੍ਰੀ ਗ੍ਰੰਥ ਸਾਹਿਬ ਨੂੰ ਗੁਰਗੱਦੀ ਦਿਤੇ ਦਾ ਜ਼ਿਕਰ ਕਿਸੇ ਵੀ ਨਹੀਂ ਲਿਖਿਆ। ਬਸ ਇਸ ਗਲ ਦਾ ਸਹਾਰਾ ਪਾ ਕੇ ਉਹ ਗੁਰੂ ਗ੍ਰੰਥ ਜੀ ਦੀ ਗੁਰਤਾ ਨੂੰ ਸ਼ੱਕੀ ਕਰਨ ਦਾ ਜਤਨ ਕਰਦਾ ਆਇਆ ਤੇ ਅਸੀਂ ਨਾਲ ਦੇ ਨਾਲ ਮਾਕੂਲ ਉਤਰ ਦਿੰਦੇ ਹੋਇਆਂ ਉਸਦੀ ਮਲਨ ਇਛਾ ਨੂੰ ਪ੍ਰਗਟ ਕੀਤਾ ਹੈ, ਉਹ ਅਜੇ ਹੋਰ ਬਹੁਤ ਕੁਝ ਇਸੇ ਤਰ੍ਹਾਂ ਦੀ ਚਤੁਰਾਈ ਨੂੰ ਵਰਤ ਰਿਹਾ ਸੀ—ਪਰ ਸਫਾ ੧੪੬-੪੭ ਉਤੇ ਹੋਰ ਪੈਂਤੜਾ ਬਦਲ ਲਿਆ ਤੇ ਲਿਖਦਾ ਹੈ।

"ਸੰਨ ੧੮੫੭ ਈਸਵੀ ਸਿਖਾਂ ਦੇ ਬਾਹਰਵੇਂ ਸਤਿਗੁਰੂ ਰਾਮ ਸਿੰਘ ਜੀ ਨੇ ਮੁਰਦਾ ਸਿਖੀ ਵਿਚ ਨਵੇਂ ਸਿਰੇਂ ਰੂਹ ਫੂਕਣ ਲਈ ਪੰਜ ਸਿਖਾਂ ਨੂੰ ਅੰਮ੍ਰਿਤ ਛਕਾ ਕੇ ਸੰਤ ਖਾਲਸੇ ਦੀ ਰਚਨਾ ਕੀਤੀ ਤੇ ਸਿਖਾਂ ਵਿਚ ਆ ਚੁਕੀਆਂ ਕੁਰੀਤੀਆਂ ਨੂੰ ਦੂਰ ਕਰਨ ਦੇ ਜਤਨ ਅਰੰਭ ਦਿਤੇ। ਉਨ੍ਹਾਂ ਦੀ ਅਲੌਕਿਕ ਆਕਰਖਣ ਸ਼ਕਤੀ ਕਾਰਨ ਲਖਾਂ ਦੀ ਗਿਣਤੀ ਵਿਚ ਸਿਖ ਉਨ੍ਹਾਂ ਦੇ ਸਤਿਯੁਗੀ ਝੰਡੇ ਤਲੇ ਇਕੱਤ੍ਰ ਹੋਣ ਲਗ ਪਏ।"

ਇਸ ਲਿਖਤ ਵਿਚ ਬਾਬਾ ਰਾਮ ਸਿੰਘ ਜੀ ਨੂੰ ਉਸ ਨੇ ਸਿੱਖਾਂ ਦਾ ਬਾਹਰਵਾਂ ਸਤਿਗੁਰੂ ਲਿਖ ਕੇ ਵਡਿਆਇਆ ਕਿ ਉਨ੍ਹਾਂ ਨੇ ਮੁਰਦਾ ਕੌਮ ਵਿਚ ਨਵੇਂ ਸਿਰੇਂ ਰੂਹ ਫੂਕੀ ਹੈ। ਮੇਹਰ ਸਿੰਘ ਨੇ ਇਹ ਨਹੀਂ ਦਸਿਆ ਕਿ ਉਸ ਵੇਲੇ ਸਿਖਾਂ ਦੀ ਕੇਹੜੀ ਸੰਸਥਾਂ ਵਲੋਂ ਕਿਥੇ ਸਾਰੇ ਪੰਥ ਨੇ ਇਕੱਠੇ ਹੋ ਕੇ ਬਾਬਾ ਰਾਮ ਸਿੰਘ ਨੂੰ ਸਿਖਾਂ ਦਾ ੧੨ਵਾਂ ਸਤਿਗੁਰੂ ਮੰਨਿਆ ਸੀ। ਪਰ ਕਲਮ ਉਸ ਦੇ ਹੱਥ ਸੀ—"ਆਪੇ ਹੀ ਮੈਂ ਬੁੱਢ ਸੁਹਾਗਨ ਤੇ ਆਪੇ ਹੀ ਮੇਰੇ ਬਚੇ ਜੀਣ" ਜੋ ਜੀ ਆਇ ਲਿਖਿਆ ਹੈ। ਉਨ੍ਹਾਂ ਦੀ ਨਾਮਧਾਰੀਆਂ ਵਲੋਂ ਇਸ ਤਰ੍ਹਾਂ ਦੀ ਕੀਤੀ ਵਡਿਆਈ ਕਾਰਨ ਹੀ ਤਖਤ ਸਾਹਿਬਾਨਾਂ ਉਤੇ ਉਨ੍ਹਾਂ ਦੇ ਅਰਦਾਸੇ ਹੋਣੇ ਵੀ ਬੰਦ ਹੋ ਗਏ ਸਨ। ਜਿਨ੍ਹਾਂ ਨੂੰ ਸਿੱਖਾਂ ਦਾ ਬਾਹਰਵਾਂ ਸਤਿਗੁਰੂ ਲਿਖਦਾ ਹੈ।

ਸ੍ਰੀ ਬਾਬਾ ਰਾਮ ਸਿੰਘ ਜੀ ਦੀਆਂ ਚਿਠੀਆਂ ਤੋਂ ਜਿਵੇਂ ਭਾਸਦਾ ਹੈ ਕਿ ਉਹ ਆਪਣੇ ਆਪ ਨੂੰ ਗੁਰੂ ਕਾ ਸਿਖ ਹੀ ਸਮਝਦੇ ਰਹੇ ਅਤੇ ਐਸੇ ਨਾਮ ਰਸੀਏ ਗੁਰੂ ਸਿਖ ਦੀ ਜਿਤਨੀ ਤਾਰੀਫ ਕੀਤੀ ਜਾਏ ਥੋੜੀ ਹੈ ਪਰ ਮਿਹਰ ਸਿੰਘ ਨੂੰ ਇਹ ਹੱਕ ਨਹੀਂ ਕਿ ਉਹ ਉਨ੍ਹਾਂ ਨੂੰ ਸਿਖਾਂ ਦਾ ਬਾਹਰਵਾਂ ਸਤਿਗੁਰੂ ਲਿਖੇ ਅਤੇ ਪ੍ਰਚਾਰਦਾ ਰਹੇ। ਫਿਰ ਜਿਨ੍ਹਾਂ ਨੂੰ "ਗੁਰੂ ਅੰਸ" ਹੋਣ ਦੇ ਨਾਤੇ ਲੋਕਾਂ ਗੁਰੂ ਮੰਨਿਆ ਤੇ ਸਿਖੀ ਦਾ ਉਨ੍ਹਾਂ ਨੇ ਵਧ ਤੋਂ ਵਧ ਪ੍ਰਚਾਰ ਕੀਤਾ, ਤੇ ਮਹਾਰਾਜਾ ਰਣਜੀਤ ਸਿੰਘ ਦੇ ਜਹਾਨ ਵਾਲੀ ਮੰਨਦਾ ਸੀ। ਐਸੇ ਬਾਬਾ ਸਾਹਿਬ ਸਿੰਘ ਜੀ ਬੇਦੀ ਉਨੇ ਵਾਲੇ ਸਨ ਜੋ ਬਾਬਾ ਰਾਮ ਸਿੰਘ ਤੋਂ ਪਹਿਲੇ ਸਿਖ ਰਾਜ ਵੇਲੇ ਹੋਏ ਪਰ ਉਨ੍ਹਾਂ ਦਾ ਜ਼ਿਕਰ ਨਹੀਂ ਕੀਤਾ।

ਬਾਬਾ ਸਾਹਿਬ ਸਿੰਘ ਜੀ ਗੁਰੂ ਨਾਨਕ ਦੇਵ ਦੀ ੧੧ਵੀਂ ਥਾਂ ਅੰਸ ਬੰਸ ਸਨ। ਜੋ ਗੁਰੂ ਗੋਬਿੰਦ ਸਿੰਘ ਜੀ ਤੋਂ ੪੮ ਸਾਲ ਬਾਹਦ ਸੰਮਤ ੧੮੧੩ ਵਿਚ ਪੈਦਾ ਹੋ ਕੇ ਇਤਨੇ ਪ੍ਰਮਾਣੀਕ ਤੇ ਪ੍ਰਸਿਧ ਹੋ ਚੁਕੇ ਸਨ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਗੁਰੂ ਹੋ ਕੇ ਸਰਪ੍ਰਸਤ ਬਣ ਰਹੇ। ਉਨ੍ਹਾਂ ਵੀ ਆਪਣੇ ਨੂੰ ਸਿੱਖਾਂ ਦਾ ੧੧ਵਾਂ ਜਾਂ ੧੨ਵਾਂ ਸਤਿਗੁਰੂ ਨਹੀਂ ਕਹਾਇਆ, ਬਲਕਿ ਪੂਰਨ ਵਿਦਵਾਨ ਹੋ ਕੇ ੧੮ ਸਾਲ ਦੀ ਉਮਰ

ਵਿਚ ਸ੍ਰੀ ਕੇਸ ਗੜ੍ਹ (ਅਨੰਦਪੁਰ) ਜਾ ਕੇ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਪਾਨ ਕੀਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰਗੱਦੀ ਨਸ਼ੀਨ ਗੁਰੂ ਮੰਨਿਆ ਸੀ।

ਮੇਹਰ ਸਿੰਘ ਲਿਖਦਾ ਕਿ ਇਨ੍ਹਾਂ ਦੇ (ਬਾਬਾ ਰਾਮ ਸਿੰਘ ਦੇ) ਵਧਦੇ ਪ੍ਰਚਾਰ ਨੂੰ ਰੋਕਣ ਵਾਸਤੇ ਅੰਗਰੇਜ਼ੀ ਸਰਕਾਰ ਨੇ ਇਨ੍ਹਾਂ ਦੇ ਪ੍ਰਚਾਰ ਦੌਰੇ ਬੰਦ ਕਰ ਦਿਤੇ ਸੀ। ਪਰ ਇਹ ਨਹੀਂ ਦਸਦਾ ਕਿ ਇਨ੍ਹਾਂ ਤੋਂ ਪਹਿਲੇ ਅੰਗਰੇਜ਼ੀ ਸਰਕਾਰ ਨੇ ਜਦੋਂ ਪੰਜਾਬ ਉਤੇ ਪੂਰਾ ਕਬਜ਼ਾ ਕਰ ਲਿਆ ਸੀ ਤਾਂ ਸ੍ਰੀ ਬਾਬਾ, ਸਾਹਿਬ ਸਿੰਘ ਜੀ ਦੇ ਛੋਟੇ ਸਾਹਿਬ-ਜ਼ਾਦੇ ਬਾਬਾ ਬਿਕਰਮ ਸਿੰਘ ਜੀ ਨੇ ਅੰਗਰੇਜ਼ਾ ਖਿਲਾਫ ਪਹਿਲੀ ਬਗ਼ਾਵਤ ਕੀਤੀ। ਇਨ੍ਹਾਂ ਦੇ ਸਾਥੀ ਕੁਝ ਪਹਾੜੀ ਸਟੇਟਾਂ ਦੇ ਰਾਜਿਆਂ ਨੂੰ ਦੇਸ ਬਦਰ ਕੀਤਾ ਅਤੇ ਬਾਬਾ ਸ੍ਰੀ ਬਿਕਰਮ ਸਿੰਘ ਜੀ ਨੂੰ ਪੰਜ ਸੌ ਘੋੜ ਸਵਾਰਾਂ ਦੇ ਰਸਾਲੇ ਦਾ ਘੇਰਾ ਪਾ ਕੇ ਹੁਸ਼ਿਆਰਪੁਰ ਵਿਚੋਂ ਫੜ ਕੇ ਸ੍ਰੀ ਅੰਮ੍ਰਿਤਸਰ ਨਜ਼ਰਬੰਦ ਕੀਤਾ ਸੀ। ਜਿਨ੍ਹਾਂ ਦਾ ਚਲਾਣਾ ਵੀ ੧੪ ਸਾਲ ਮਗਰੋਂ ਨਜ਼ਰਬੰਦੀ ਵਿਚ ਹੀ (ਕੁੜਿਆਂ ਵਾਲੀ ਗਲੀ ਵਿਚ ਹੀ) ਸ੍ਰੀ ਅੰਮ੍ਰਿਤਸਰ ਹੋਇਆ ਸੀ, ਅੰਗਰੇਜ਼ਾਂ ਨੇ ਊਨੇ ਦੇ ਕਿਲੇ ਨੂੰ ਤੋਪਾਂ ਨਾਲ ਢਾਹਿਆ ਤੇ ਬਾਬਾ ਜੀ ਦੀ ਜਾਗੀਰ ਵੀ ਜ਼ਬਤ ਕਰ ਲਈ ਸੀ। ਅੰਗਰੇਜ਼ਾਂ ਨੂੰ ਕੋਈ ਖਤਰਾ ਸੀ ਤਾਂ ਇਸ ਬੇਦੀ ਘਰਾਣੇ ਵਲੋਂ ਸੀ ਕਿ ਸਮੂਹ ਸਿਖਾਂ ਵਲੋਂ ਇਕ ਇਹੋ ਪੂਜਨੀਕ ਸਨ।

ਫਿਰ ਸੰਨ ੧੮੪੯ ਵਿਚ ਸਿਖ ਰਾਜ ਨੂੰ ਖਤਮ ਕਰਕੇ ਪੰਜਾਬ ਉਤੇ ਕਾਬਜ਼ ਹੋ ਚੁਕੇ ਅੰਗਰੇਜ਼ਾਂ ਨੂੰ ਪੂਰੇ ੮ ਸਾਲ ਹੋ ਚੁਕੇ ਸਨ, ਤੇ ਸਿਖਾਂ ਵਿਚ ਬਾਬਾ ਖੇਮ ਸਿੰਘ ਜੀ ਬੇਦੀ ਦਾ ਬਹੁਤ ਮਾਨ ਸਤਿਕਾਰ ਵਧ ਚੁਕਾ ਸੀ। ਇਸ ਵਾਸਤੇ ਕਿ ਇਨ੍ਹਾਂ ਪਾਸੋਂ ੨੫ ਪਾਠ ਸ੍ਰੀ ਜਪੁਜੀ ਸਾਹਿਬ ਦੇ ਰੋਜ਼ਾਨਾ ਨਿਤਨੇਮ ਦਾ ਪ੍ਰਣ ਲੈ ਕੇ ਬਾਬਾ ਬੀਰ ਸਿੰਘ ਨੌਰੰਗਾਬਾਦੀਏ ਜੀ ਨੇ ਇਨ੍ਹਾਂ ਨੂੰ ਅੰਮ੍ਰਿਤ ਛਕਾਇਆ ਤੇ ਨਾਮ ਅੰਮ੍ਰਿਤ ਪ੍ਰਚਾਰ ਨਾਲ ਸਿਖਾਂ ਵਿਚੋਂ ਮਾਯੂਸੀ ਦੂਰ ਕਰਨ ਦੀ ਸੇਵਾ ਸੌਂਪੀ ਸੀ ਤੇ ਇਸੇ ਕਰਕੇ ਪਸ਼ਾਵਰ ਤੋਂ ਪੋਠੋਹਾਰ ਤੀਕ ਇਨ੍ਹਾਂ ਦੀ ਮਾਨਤਾ ਵਧ ਚੁਕੀ ਤੇ ਅੰਗਰੇਜ਼ ਵੀ ਇਸ ਗਲ ਤੋਂ ਜਾਣੂ ਹੋ ਚੁਕੇ ਹਨ।

ਹੁਣ ਸੰਨ ੧੮੫੭ ਵੇਲੇ ਜਦੋਂ ਕਿ "ਨਾਮ ਧਾਰੀ ਸੰਤ" ਬਾਬਾ ਰਾਮ ਸਿੰਘ ਜੀ ਨੂੰ ਸਿਖਾਂ ਦਾ ੧੨ਵਾਂ ਸਤਿਗੁਰੂ ਪ੍ਰਗਟਾਂਦਾ ਅਤੇ ਉਨ੍ਹਾਂ ਦੇ ਪ੍ਰਚਾਰ ਦੇ ਗੀਤ ਗਾਂਦਾ ਹੈ ਉਸ ਵੇਲੇ ਤਾਂ ਅੰਗਰੇਜ਼ਾਂ ਨੂੰ ਆਪਣੇ ਬਚਾਓ ਦੀ ਲੋੜ ਸੀ। ਕਿਉਂਕਿ ੧੮੫੭ ਦੇ ਗਦਰ ਵੇਲੇ ਉਹ ਬਾਗੀਆਂ ਵਲੋਂ ਦਿਲੀ ਤਖਤ ਤੋਂ ਲਾਹੇ ਗਏ ਹਨ, ਤੇ ਬਹਾਦਰ ਸ਼ਾਹ ਜ਼ਫਰ ਨੂੰ ਤਿੰਨ ਮਹੀਨੇ ਤੋਂ ਦਿਲੀ ਦੇ ਤਖਤ ਪਰ ਬਿਠਾਇਆ ਹੋਇਆ ਤੇ ਸ਼ਹਿਨ ਸ਼ਾਹੇ ਹਿੰਦ ਮੰਨਿਆ ਹੋਇਆ ਸੀ। ਨਾਮਧਾਰੀ (ਸੰਤ ਦੀ ਲਿਖਤ ਮੁਤਾਬਕ) ਬਾਬਾ ਰਾਮ ਸਿੰਘ ਜੀ ਨੇ ਅਜੇ ਪੰਜਾਂ ਨੂੰ ਅੰਮ੍ਰਿਤ ਛਕਾ ਕੇ ਆਪਣੇ ਪਚਾਰ ਦੀ ਮਸਾਂ ਮਹੂਰਤ ਹੀ ਕੀਤੀ ਹੋਣੀ, ਪਰ ਬਾਬਾ ਖੇਮ ਸਿੰਘ ਬੇਦੀ ਜੀ ਨੇ ਪਸ਼ਾਵਰ ਤੋਂ ਪੋਠੋਹਾਰ ਸਾਰੇ ਵਿਚ ਸਿਖੀ ਦਾ ਪ੍ਰਚਾਰ ਅਤੇ ਨਾਮ ਅੰਮ੍ਰਿਤ ਸੰਚਾਰ ਕਰ ਰਖਿਆ ਸੀ ਜਿਸ ਤੇ ਮਾਨਤਾ ਬਹੁਤ ਵਧ ਚੁਕੀ ਸੀ।

ਉਕਤ ਬਾਬਾ ਖੇਮ ਸਿੰਘ ਜੀ ਬੇਦੀ, ਜੋ ਬਾਬਾ ਸਾਹਿਬ ਸਿੰਘ ਬੇਦੀ ਊਨੇ

ਸਾਹਿਬ ਵਾਲਿਆਂ ਦੇ ਪੜਪੋਤੇ ਅਤੇ ਗੁਰੂ ਨਾਨਕ ਦੇਵ ਜੀ ਦੇ ੧੪ਵੀਂ ਅੰਸ ਬੰਸ ਸਨ, ਅਤੇ ਜਵਾਨ ਉਮਰ ਦੇ ਬੜੇ ਸੂਝ ਬੂਝ ਵਾਲੇ ਨੀਤੀਵਾਨ ਵੀ ਸਨ। ਇਨ੍ਹਾਂ ਨੇ ਬੜੀ ਸਿਆਣਪ ਨਾਲ ਇਸ ਗਲ ਨੂੰ ਭਾਂਪ ਲਿਆ ਸੀ ਕਿ ਜਿਨ੍ਹਾਂ ਅੰਗਰੇਜ਼ਾਂ ਨੇ ਸਿਖਾਂ ਨੂੰ ਮਾਰ ਕੇ ਹਰਾਇਆ ਹੈ, ਅਗਰ ਹੁਣ ਅੰਗਰੇਜ਼ਾਂ ਨੂੰ ਮਾਰਕੇ ਮੁਗਲ ਰਾਜ ਮੁੜ ਪਕਾ ਹੋ ਜਾਏ ਤਾਂ ਉਨ੍ਹਾਂ ਨੇ ਚੁਣ ਚੁਣ ਕੇ ਸਿਖਾਂ ਨੂੰ ਮਾਰ ਮੁਕਾਣਾ ਹੈ ਕਿ ਜਿਨ੍ਹਾਂ ਨੇ ਮੁਗਲਾਂ ਨੂੰ ਮਾਰਿਆ ਤੇ ਸਿਖ ਰਾਜ ਕਾਇਮ ਕੀਤਾ ਸੀ। ਬਾਬਾ ਖੇਮ ਸਿੰਘ ਸੋਚਦੇ ਸਨ ਸਾਨੂੰ ਕੀ ਕਰਨਾ ਚਾਹੀਦੇ ?

ਉਧਰ ਅੰਗਰੇਜ਼ਾਂ ਉਤੇ ਹੁਣ ਸਖਤ ਮੁਸੀਬਤ ਦਾ ਸਮਾਂ ਸੀ। ਉਹ ਸ੍ਰੀ ਬਾਬਾ ਜੀ ਦੀ ਸਿਖਾਂ ਵਿਚ ਵਸ ਚੁਕੀ ਮਾਨਤਾ ਤੋਂ ਜਾਣੂ ਸਨ। ਉਨ੍ਹਾਂ ਨੂੰ ਸਿਖਾਂ ਪਰ ਇਤਬਾਰ ਵੀ ਨਹੀਂ ਸੀ ਕਿ ਇਨ੍ਹਾਂ ਪਾਸੋਂ ਹੀ ੭ ਸਾਲ ਪਹਿਲੋਂ ਰਾਜ ਭਾਗ ਖੋਹਿਆ ਸੀ ਪਰ ਇਤਬਾਰ ਕੀਤਾ ਤੇ ਬਾਬਾ ਸਾਹਬ ਤੋਂ ਮਦਦ ਦੀ ਮੰਗ ਕੀਤੀ ਕਿ ਉਹ ਸਿਖਾਂ ਨੂੰ ਬਾਗੀਆਂ ਨਾਲ ਮਿਲਣ ਤੋਂ ਰੋਕਣ ਅਤੇ ਸਾਡੀ ਇਮਦਾਦ ਕਰਨ। ਸਾਨੂੰ ਭਰੋਸਾ ਹੈ ਕਿ ਐਸਾ ਕਰੋਗੇ। ਇਹ ਕਮਿਸ਼ਨਰ ਰਾਵਲਪਿੰਡੀ ਨੇ ਬੁਲਾ ਕੇ ਕਿਹਾ ਸੀ।

ਬਾਬਾ ਜੀ ਨੇ ਮੰਨ ਲਿਆ। ਅੰਗਰੇਜ਼ਾਂ ਨੇ ਬਗਾਵਤ ਦਬਾ ਲੀਤੀ ਸੀ। ਉਨ੍ਹਾਂ ਦੇ ਸਿੱਖਾਂ ਉੱਤੋਂ ਸ਼ੱਕ ਦੂਰ ਹੋ ਗਏ ਸਨ। ਮਗਰੋਂ ਫਲ-ਸਰੂਪ ਸਿੱਖਾਂ ਨੂੰ ਫੌਜੀ ਭਰਤੀ ਵਿਚ ਪਹਿਲ ਮਿਲੀ। ਹੋਰ ਹਰ ਇਕ ਪਾਸੇ ਦੀਆਂ ਸਰਦਾਰੀਆ, ਠੇਕੇਦਾਰੀਆਂ, ਨਾਲ ਨਿਵਾਜੇ ਗਏ ਸਨ। ਚਾਹੇ ਪਰਅਧੀਨਤਾ ਹੀ ਸਹੀ, ਪਰ ਮਾਨ ਸਤਿਕਾਰ ਇਤਨਾ ਵਧਾਇਆ ਸੀ ਕਿ ਹੁਣ ਤੀਕ ਸਿਖਾਂ ਦੀ ਪੁਜ਼ੀਸ਼ਨ ਜੋ ਕਾਇਮ ਹੈ ਉਸ ਵੇਲੇ ਤੋਂ ਬਣੀ ਆਈ ਸਾਖ ਦੀ ਨਿਸ਼ਾਨੀ ਹੈ। ਅਗਰ ਉਸ ਵੇਲੇ ਬਾਬਾ ਖੇਮ ਸਿੰਘ, ਸਿਆਣਪ ਤੋਂ ਕੰਮ ਨਾ ਲੈਂਦੇ ਤਾਂ ਸਿਖਾਂ ਦੀ ਹਾਲਤ ਵੀ ਪੂਰਬੀ ਘਸਿਆਰਿਆਂ ਤੋਂ ਵਧੇਰੇ ਖਰਾਬ ਹੋ ਜਾਣੀ ਸੀ।

ਨਾਮਧਾਰੀ ਲੇਖਕ ਸੰਨ ੧੮੫੭ ਦੀ ਗੱਦਰ ਤਹਿਰੀਕ ਨੂੰ ਆਜ਼ਾਦੀ ਦੀ ਜੰਗ ਮੰਨਦਾ ਹੈ, ਜਿਹੜੀ ਕਿ ਭਾਰਤ ਦੀਆਂ ੫੦੦ ਤੋਂ ਵਧੀਕ ਸਟੇਟਾਂ ਵਿਚੋਂ ਸਿਰਫ ਪੰਜ ਕਿ ਛੇ ਸਟੇਟਾਂ ਦੇ ਬੇ-ਔਲਾਦ ਰਾਜਿਆਂ ਤੇ ਨਵਾਬਾਂ ਵਲੋਂ ਸ਼ੁਰੂ ਕੀਤੀ ਬਗਾਵਤ ਸੀ ਕਿ ਉਹਨਾਂ ਨੂੰ ਮਰਜ਼ੀ ਮੁਤਾਬਕ ਮੁਤਬੰਨੇ (ਰਾਜ ਦਾ ਵਾਰਸ) ਬਨਾਣ ਦਾ ਹੱਕ ਸਰਕਾਰ ਅੰਗਰੇਜ਼ੀ ਨੇ ਖੋਹ ਲਿਆ ਸੀ।

ਦੇਸ਼ ਦੀ ਅਤੇ ਆਪਣੇ ਰਾਜ ਦੀ ਅਖੰਡਤਾ ਵਾਸਤੇ ਯਤਨ ਕਰਨਾ ਹਰ ਸਮੇਂ ਦੀ ਸਰਕਾਰ ਦਾ ਫਰਜ਼ ਹੁੰਦਾ ਹੈ। ਮਹਾਰਾਜਾ ਰਣਜੀਤ ਸਿੰਘ ਨੇ ੧੨ ਟੁਕੜੇ ਛੋਟੀਆਂ ਸਟੇਟਾਂ ਸਿਖ ਮਿਸਲਾਂ ਦੇ ਮੇਟ ਕੇ ਸਾਰੇ ਪੰਜਾਬ ਨੂੰ ਇਕ ਰਾਜ ਅਧੀਨ ਕੀਤਾ ਸੀ। ਇਥੋਂ ਤੀਕ ਕਿ ਉਸ ਦੀ ਸੱਸ ਰਾਣੀ ਸਦਾ ਕੌਰ ਨੇ ਹੀਲ-ਹੁਜਤ ਕੀਤੀ ਸੀ ਤਾਂ ਉਸਨੂੰ ਵੀ ਨਜ਼ਰਬੰਦ ਕਰਕੇ ਇਲਾਕਾ ਸ਼ਾਮਲ ਕੀਤਾ ਸੀ।

ਆਪਣੀ ਭਾਰਤ ਸਰਕਾਰ ਨੇ ਸਾਰੀਆਂ ਸਟੇਟਾਂ ਤੋੜ ਕੇ ਭਾਰਤ ਦੀ ਅਖੰਡਤ ਨੁਹਰ ਬਣਾ ਦਿਤੀ ਹੈ। ਤਿਵੇਂ ਅੰਗਰੇਜ਼ ਚਾਹੁੰਦੇ ਸਨ ਕਿ ਬੇ-ਔਲਾਦ ਰਾਜਿਆਂ ਦੀ ਪਰਜਾ ਨੂੰ ਸੁਖੀ ਰਖਣ ਵਾਸਤੇ ਉਹਨਾਂ ਦੀਆਂ ਸਟੇਟਾਂ ਨੂੰ ਰਾਜ ਵਿਚ ਸ਼ਾਮਲ ਕਰ

ਲਿਆ ਜਾਏ। ਪਰ ਉਕਤ ਐਸੇ ਰਾਜਿਆਂ ਤੇ ਨਵਾਬਾਂ ਨੇ ਬਗਾਵਤ ਕੀਤੀ ਸੀ ਜਿਸ ਨੂੰ ਹੁਣ ਦੇ ਲੋਕਾਂ ਨੇ ਪਹਿਲੀ ਆਜ਼ਾਦੀ ਦੀ ਜੰਗ ਮੰਨ ਰਖਿਆ ਹੈ। ਅਸਲ ਵਿਚ ਬਗਾਵਤ ਸੀ।

ਡਾਕਟਰ ਸਰ ਜਾਦੂ ਨਾਥ ਸਰਕਾਰ, ਡਾਕਟਰ ਰਮੇਸ਼, ਸ੍ਰੀ ਮੌਜਮਦਾਰ, ਡਾਕਟਰ ਸੁਰਿੰਦਰ ਨਾਥ ਸੇਨ ਜੈਸੇ ਸਾਰੇ ਪ੍ਰਸਿਧ ਵਿਦਵਾਨ ਜੋ ਕਲਕੱਤਾ—ਢਾਕਾ ਅਤੇ ਦਿਲੀ ਦੀ ਯੂਨੀਵਰਸਿਟੀ ਦੇ ਸਕਾਲਰ (ਵਾਈਸ ਚਾਂਸਲਰ) ਰਹੇ, ਇਹਨਾਂ ਸਾਰਿਆਂ ਦੇ ਖਿਆਲਾਂ ਦੀ ਪੁਸ਼ਟੀ ਮੌਲਾਨਾ ਆਜ਼ਾਦ ਨੇ ਕੀਤੀ ਤੇ ਆਪਣੀ ਰਾਇ ਦਿੰਦੇ ਹੋਇਆਂ ਉਹ ਲਿਖਦੇ ਕਿ—"ਅਗਰ ੧੮੫੭ ਦੀ ਇਸ ਬਗਾਵਤ ਨੂੰ ਆਜ਼ਾਦੀ ਦੀ ਲਹਿਰ ਮੰਨਿਆ ਜਾਏ ਤਾਂ ਫਿਰ ਇਹੋ ਜਮਝੋ ਕਿ ਭਾਰਤ ਭਰ ਵਿਚ ਉਸ ਵੇਲੇ ਕੋਈ ਸੂਝਵਾਨ ਅਤੇ ਬਲਵਾਨ ਕੋਈ ਆਗੂ ਨਹੀਂ ਰਿਹਾ ਸੀ।"*

ਪਰ ਇਸ ਗਦਰ ਵਿਚੋਂ ਸਿੱਖਾਂ ਨੂੰ ਕਿਨਾਰੇ ਰਖ ਕੇ ਬਾਬਾ ਖੇਮ ਸਿੰਘ ਜੀ ਨੇ ਜੋ ਆਪਣੀ ਡੂੰਘੀ ਅਤੇ ਵਡਮੁਲੀ ਸੂਝਬੂਝ ਦਾ ਸਬੂਤ ਦਿਤਾ ਸੀ ਜਿਸ ਦਾ ਇਵਜ਼ਾਨਾ ਅੰਗਰੇਜ਼ਾਂ ਨੇ ਬਹੁਤ ਚੁਕਾਇਆ ਤੇ ਸਿਖਾਂ ਨੂੰ ਬਹੁਤ ਵਡਿਆਇਆ ਸੀ, ਪਰ ਨਾਮਧਾਰੀ ਸੰਤ ਨੇ ਇਸ ਨੀਤੀ ਨੂੰ ਸਿਖਾਂ ਦਾ ਅੰਗਰੇਜ਼ਾਂ ਦੇ ਹੱਥ-ਠੋਕੇ ਹੋ ਕੇ ਸਭ ਕੁਝ ਲੈਣਾ ਤੇ ਉਹਨਾਂ ਹੱਥ ਵਿਕ ਜਾਣਾ ਦਸਿਆ ਹੈ। ਇਹ ਉਸ ਦੀ ਆਪਣੀ ਸੁਕੜਵੀਂ ਸਮਝ ਦਾ ਵਡਾ ਸਬੂਤ ਹੈ।

ਸੋਚੋ ! ਅਗਰ ਸਿਖਾਂ ਨੇ ਉਸ ਵਕਤ ਦੀ ਵਰਤੀ ਦੂਰ-ਅੰਦੇਸ਼ੀ ਤੋਂ ਕੰਮ ਲਿਆ ਨਾ ਹੁੰਦਾ ਤਾਂ ਪੂਰਬੀ ਘਸਿਆਰਿਆਂ ਤੋਂ ਵੀ ਵਧ ਇਹਨਾਂ ਦੀ ਹਾਲਤ ਅੰਗਰੇਜ਼ਾਂ ਨੇ ਕਰਨੀ ਸੀ। ਜੇਕਰ ਬਾਗੀ ਜਿੱਤ ਜਾਂਦੇ ਤਾਂ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੇ ਸਾਰਾ ਹਿੰਦੁਸਤਾਨ ਹੀ ਹੁਣ ਵਰਗਾ ਪਾਕਿਸਤਾਨ ਬਣਾ ਦੇਣਾ ਸੀ ਕਿਉਂਕਿ ਵੋਟਾਂ ਦਾ ਰਾਜ ਨਹੀਂ ਬਲਕਿ ਉਹ ਇਸਲਾਮੀ ਮੁਗਲ ਰਾਜ ਮੁੜ ਪੱਕਾ ਹੋ ਜਾਣਾ ਸੀ। ਫਿਰ ਤਾਂ ਨਾ ਹੀ ਮਹਾਤਮਾ ਗਾਂਧੀ, ਨਾ ਪੰਡਤ ਨਹਿਰੂ ਨਾ ਮਾਸਟਰ ਤਾਰਾ ਸਿੰਘ ਜੈਸੇ ਲੀਡਰਾਂ ਨੇ ਪੰਗਰਨਾ ਸੀ ਤੇ ਨਾ ਹੀ ਅਜ ਤਕ ਭਾਰਤ ਨੇ ਆਜ਼ਾਦ ਹੋਣਾ ਸੀ।

ਅਜ ਦੇ ਮੋਤੀਆ ਬਿੰਦੀ ਨਜ਼ਰੀਆ ਰਖਦੇ ਨਹੀਂ ਸਮਝੇ ਪਰ ਦੀਰਘ ਦ੍ਰਿਸ਼ਟੀ ਰਖਦੇ ਤਾਂ ਸਮਝਣਗੇ ਕਿ ਹਿੰਦੂ ਸੰਸਕ੍ਰਿਤੀ ਦੇ ਨਾਸ਼ਕ—ਮੁਗਲ ਰਾਜ ਤੋਂ ਬਚਾਣ ਵਾਸਤੇ ਬਾਬਾ ਖੇਮ ਸਿੰਘ ਜੀ ਨੇ ਅੰਗਰੇਜ਼ਾਂ ਦੀ ਮਦਦ ਕਰਕੇ ਜੋ ਸਿਆਣਪ ਦਾ ਸਬੂਤ ਦਿਤਾ ਸੀ ਉਹ ਭਾਰੀ ਉਪਕਾਰ ਸੀ।

---

* ੬ ਅਕਤੂਬਰ ੧੯੫੭ ਦੀ ਟ੍ਰਿਬਿਊਨ ਅਖਬਾਰ ਵਿਚ ਡਾਕਟਰ ਗੰਡਾ ਸਿੰਘ ਜੀ ਦਾ ਮਜ਼ਮੂਨ ਇੰਗਲਿਸ਼ ਵਿਚ ਛਪਿਆ ਸੀ। ਜਿਸ ਦਾ ਪੰਜਾਬੀ ਅਨੁਵਾਦ ਸ: ਭਾਨ ਸਿੰਘ ਜੀ ਐਮ. ਏ., ਐਲ. ਐਲ. ਬੀ. ਨੇ ਫਰਵਰੀ ਸੰਨ ੧੯੫੭ ਦੇ ਰਸਾਲਾ "ਗੁਰਮਤਿ ਪ੍ਰਕਾਸ਼" ਵਿਚ ਛਾਪਿਆ ਅਤੇ ਧੰਨਵਾਦ ਸਹਿਤ ਇਥੇ ਲਿਖਿਆ ਹੈ।

ਨੋਟ :—ਸੰਤ ਮੋਹਰ ਸਿੰਘ ਆਪਣੇ ਮਜ਼ਮੂਨ ਤੋਂ ਲਾਂਭੇ ਖਿਸਕ ਗਿਆ ਸੀ, ਉਸ ਨੇ ਬਾਬਾ ਰਾਮ ਸਿੰਘ ਜੀ ਦੇ ਪ੍ਰਚਾਰ ਨੂੰ ਸੰਨ ੧੮੫੭ ਵਿਚ ਸ਼ੁਰੂ ਕੀਤਾ ਦਸ ਕੇ ਸਿਖਾਂ ਦਾ ਬਾਹਰਵਾਂ ਸਤਿਗੁਰੂ ਪ੍ਰਗਟਿਆ ਸੀ ਜਿਸ ਦੇ ਜਵਾਬ ਵਿਚ ਸਾਨੂੰ ਵੀ ਉਹਨਾਂ ਦੇ ਸਮਕਾਲੀ ਬਾਬਾ ਖੇਮ ਸਿੰਘ ਜੀ ਬੇਦੀ ਦਾ ਪਰਉਪਕਾਰ ਤੇ ਪ੍ਰਚਾਰ ਦਾ ਨਮੂਨਾ ਦਸਣਾ ਪਿਆ ਹੈ। ਪੂਰੇ ਹਾਲ (ਦਾਸ ਦੀ ਲਿਖੀ ਪੁਸਤਕ) "ਪੰਜਾਬ ਦਾ ਰਤਨ" (ਬਾਬਾ ਖੇਮ ਸਿੰਘ ਜੀ) ਵਿਚੋਂ ਪੜੀਏ। ਹੁਣ ਹੋਰ ਅਗੇਰੇ ਦੇ ਪੰਨਿਆਂ ਵਿਚ "ਪੁਰਖ ਗੁਰੂ" ਵਿਚ ਮੋਹਰ ਸਿੰਘ ਵਲੋਂ ਕੀਤੇ ਪ੍ਰਸ਼ਨਾਂ ਦਾ ਉਤਰ ਦੇਣਾ ਹੈ, ਉਹ ਵੀ ਪਾਠਕਾਂ ਨੇ ਵਿਚਾਰਨਾ ਹੈ।

"ਪੁਰਖ ਗੁਰੂ" ਪੁਸਤਕ ਦੇ ਕਈ ਸਫੇ ਚਾਵਲਾ ਜੀ ਨੇ ਉਹਨਾਂ ਪੁਸਤਕਾਂ ਅਤੇ ਤਵਾਰੀਖਾਂ ਦੇ ਹਵਾਲੇ ਦੇ ਕੇ ਭਰ ਦਿਤੇ ਹਨ, ਜੋ ਗੈਰ-ਸਿਖਾਂ ਦੀਆਂ ਲਿਖੀਆਂ ਅਤੇ ਗੁਰੂ ਜੀ ਤੋਂ ਬਹੁਤ ਸਾਲ ਬੀਤੇ ਪਿਛੋਂ ਲਿਖੀਆਂ ਸਨ। ਜਿਹਨਾਂ ਦੀ ਲਿਖਤ ਤੋਂ ਇਹੋ ਸਾਬਤ ਕਰਨਾ ਚਾਹੁੰਦਾ ਹੈ ਕਿ ਇਹਨਾਂ ਲੋਕਾਂ ਨੇ ਗੁਰੂ ਜੀ ਵਲੋਂ ਗੁਰੂ ਗ੍ਰੰਥ ਜੀ ਨੂੰ ਗੁਰਤਾ ਸਥਾਪਨ ਬਾਬਤ ਕੋਈ ਜ਼ਿਕਰ ਨਹੀਂ ਲਿਖਿਆ। ਇਸ ਬਾਬਤ ਅਸੀਂ ਪਿਛੇ ਦਸ ਆਏ ਹਾਂ ਕਿ ਇਹਨਾਂ ਲੋਕਾਂ ਨੂੰ ਕੀ ਲੋੜ ਸੀ ਕਿ ਉਹ ਬਹੁਤਾ ਅਰਸਾ ਪਹਿਲੇ ਦੀ ਹੋ ਬੀਤੀ ਵਾਰਤਾ ਨੂੰ ਸਮਝਣ ਵਾਸਤੇ ਨਾਂਦੇੜ ਜਾ ਜਾ ਕੇ ਉਥੋਂ ਦੇ ਲੋਕਾਂ ਪਾਸੋਂ ਸੁਣ ਸੁਣ ਕੇ ਲਿਖਦੇ ਰਹਿੰਦੇ।

ਚੂੰਕਿ ਗੁਰੂ ਜੀ ਦੇ ਜੋਤੀ ਜੋਤ ਸਮਾਏ ਦੀ ਤੇ ਅਗੇ ਦੇਹਧਾਰੀ ਗੱਦੀ ਖਤਮ ਹੋਈ ਬਾਬਤ ਤਾਂ ਲਿਖ ਦਿਤਾ, ਪਰ ਬਾਕੀ ਦਾ ਉਥੇ ਕੀ ਹੋਇਆ ਤੇ ਕੀਕੰ ਹੋਇਆ ਸੀ, ਨਹੀਂ ਲਿਖਿਆ, ਤਾਂ ਇਸ ਦਾ ਇਹ ਮਤਲਬ ਨਹੀਂ ਜੋ ਮੋਹਰ ਸਿੰਘ ਤੇ ਨਾਮਧਾਰੀ ਦਰਬਾਰ ਨੇ ਮੰਨ ਰਖਿਆ ਹੈ। ਇਹਨਾਂ ਦੇ ਇਸ ਮੰਨਣ ਖਿਆਲ ਨੂੰ ਰੱਦ ਕਰਨ ਵਾਸਤੇ (ਸੌ ਸੁਨਾਰ ਕੀ ਏਕ ਲੁਹਾਰ ਕੀ) ਵਾਂਗੂ ਸ੍ਰੀ ਸਰਬ-ਲੋਹ ਗ੍ਰੰਥ ਵਿਚੋਂ ਜੋ ਲਿਖ ਦਸਿਆ ਹੀ ਕਾਫੀ ਹੈ। ਇਸ ਨੂੰ ਖੇਪਕ ਆਖ ਦੇਣਾ ਇਸ ਦੇ ਵਾਸਤੇ ਮੁਸ਼ਕਿਲ ਹੈ।

ਹੁਣ ਇਸ ਤੋਂ ਅਗੇ ਉਹ ਆਦਿ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੀ ਤੁਲਨਾ ਦੀ ਵਾਰਤਾ ਫੇਰ ਛੇੜ ਬੈਠਾ ਹੈ। ਜਿਸ ਦਾ ਉਤਰ ਅਸੀਂ ਪਿਛਲੇ ਪੰਨਿਆਂ ਪਰ ਵਿਸਥਾਰ ਨਾਲ ਦੇ ਦਿਤਾ ਸੀ ਕਿ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਪਰਥਾਇ ਉਚਾਰਤ ਅਤੇ ਧੁਰਕੀ ਆਈ ਅਨੁਭਵੀ ਬਾਣੀ ਹੈ ਅਤੇ ਗੁਰੂ ਦਸਮ ਪਾਤਸ਼ਾਹ ਨੇ ਆਪਣੀ ਰਚਨਾ ਨਿਤਨੇਮ ਬਾਣੀ ਰਚੀ ਤੋਂ ਵਖਰੇ ਦੀ ਨੂੰ ਕਾਵਿ ਕਥਨ ਕੀਤਾ ਹੈ। ਉਹ ਵੀ ਸਾਡੇ ਪੜਨ ਵਾਸਤੇ ਹੈ, ਪਰ ਉਹ ਆਦਿ ਗੁਰਬਾਣੀ ਦੀ ਤੁਲਨਾ ਜੋਗ ਨਹੀਂ ਹੈ। ਇਸ ਵਾਸਤੇ ਇਸ ਬਹਿਸ ਨੂੰ ਇਥੇ ਤੀਕ ਹੀ ਲਿਖਿਆ ਹੈ, ਵਿਸਥਾਰ ਪਿਛੇ ਕੀਤਾ ਹੈ।

## ਕੁਝ ਫੁਟਕਲ ਚਰਚਾ

ਉਕਤ ਸਿਰ ਲੇਖ ਹੇਠਾਂ ਉਹ ਲਿਖਦਾ ਕਿ ਬਾਬਾ ਸਾਹਿਬ ਸਿੰਘ ਬੇਦੀ ਨੂੰ ਵੀ ਆਪਣੇ ਸਮੇਂ ਲੋਕੀਂ ਗੁਰੂ ਮੰਨਦੇ ਰਹੇ। ਉਹਨਾਂ ਨੂੰ ਕਿਸੇ ਨੇ ਕਿਉਂ ਨਾ ਦਸਿਆ ਕਿ

ਗੁਰਤਾ ਗੁਰੂ ਗ੍ਰੰਥ ਜੀ ਨੂੰ ਹੈ ਤੇ ਤੁਸੀਂ ਕਿਉਂ ਗੁਰੂ ਅਖਵਾਂਦੇ ਹੋ ? ਇਸ ਖ਼ਾਤਰ ਲੇਖਕ ਦੀ ਇਸ ਹੁਜਤ ਦਾ ਜਵਾਬ ਅਸੀਂ ਪਿਛੇ ਸਫ਼ਿਆਂ ਵਿਚ ਦੇ ਦਿਤਾ ਹੈ ਕਿ ਉਹਨਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹੋਇਆਂ ਹੀ ਸ੍ਰੀ ਕੇਸਗੜ੍ਹ ਅਸਥਾਨ ਪਰ ਜਾ ਕੇ ਤਾਬਿਆ ਵਿਚ "ਗੁਰੂ ਖ਼ਾਲਸਾ" ਰੂਪ (ਪੰਜ ਪਿਆਰਿਆਂ) ਤੋਂ ਅੰਮ੍ਰਿਤ ਛਕਿਆ ਸੀ ।*

ਠੀਕ ਹੈ ਕਿ ਉਹਨਾਂ ਨੂੰ ਗੁਰੂ ਨਾਨਕ ਜੀ ਦੀ ਬਿੰਦੀ ਅੰਸ਼ਬੰਸ ਸਮਝ ਕੇ ਲੋਕੀ ਗੁਰੂ ਸ਼ਬਦ ਨਾਲ ਸਤਿਕਾਰਦੇ ਰਹੇ ਸਨ, ਪਰ ਨਾਮਧਾਰੀ ਗੁਰੂਆਂ ਵਾਂਗੂ ਉਹਨਾਂ ਨੇ ਗੁਰਗੱਦੀ ਦਾ ਵਾਰਸ (੧੧ਵਾਂ ਗੁਰੂ ਜਾਂ ੧੨ਵਾਂ ਸਤਿਗੁਰੂ) ਆਪਣੇ ਨੂੰ ਨਹੀਂ ਸੀ ਮੰਨਿਆ । ਫਿਰ ਉਹਨਾਂ ਦੀ ਨਿਜੀ (ਇਹ ਬੇਦੀ ਬੰਸ ਦੀ) ਘਰੋਗੀ ਗੱਦੀ ਸੰਮਤ ੧੫੯੬ ਤੋਂ ਸ੍ਰੀ ਬਾਬਾ ਸ੍ਰੀ ਚੰਦ ਜੀ ਵਲੋਂ ਚਾਲੂ ਕੀਤੀ ਸੀ ਤੇ ਉਸ ਦਾ ਇਤਿਹਾਸ ਇਹ ਹੈ—

ਸ੍ਰੀ ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤਿ ਸਮਾਏ ਮਗਰੋਂ ੧੩ਵੀਂ ਨੂੰ ਗੁਰਸਿਖ ਸੰਗਤ, ਬੇਦੀ ਬਰਾਦਰੀ ਅਤੇ ਗੁਰੂ ਅੰਗਦ ਸਾਹਿਬ ਵਲੋਂ ਆ ਕੇ ਮਾਤ ਸੁਲਖਣੀ ਨੂੰ ਬਸਤਰ ਨਕਦੀ ਅਤੇ ਬਾਬਾ ਸ੍ਰੀ ਚੰਦ ਜੀ ਨੂੰ ਦਸਤਾਰਾਂ ਭੇਟ ਕੀਤੀਆਂ ਗਈਆਂ ਸਨ । ਉਸ ਵੇਲੇ ਗੁਰੂ ਅੰਗਦ ਜੀ ਵਲੋਂ ਭੇਟ ਕੀਤੀ ਦਸਤਾਰ ਨੂੰ ਪ੍ਰਵਾਨ ਕਰਕੇ ਬਾਬਾ ਸ੍ਰੀ ਚੰਦ ਜੀ ਨੇ (ਦਸਤਾਰ ਸਜਦੇ ਨਹੀਂ ਸਨ) ਪਹਿਲੇ ਆਪਣੇ ਸੀਸ ਪਰ ਰਖੀ ਫਿਰ ਸ੍ਰੀ ਬਾਬਾ ਲਖਮੀ ਚੰਦ (ਛੋਟੇ ਭਰਾਤਾ ਜੀ) ਨੂੰ ਦੇ ਕੇ ਸਭਨਾਂ ਪ੍ਰਥਾਇ ਸੁਣਾਇਆ ਕਿ ਅਜ ਤੋਂ ਲੈ ਕੇ ਇਸ ਕਰਤਾਰਪੁਰ ਧਰਮਸਾਲਾ ਦਾ ਗੱਦੀਦਾਰ ਸ੍ਰੀ ਲਖਮੀ ਚੰਦ ਨੂੰ ਥਾਪਿਆ ਜਾਂਦਾ ਹੈ । ਜੋ ਸਾਰਿਆਂ ਨੇ ਪ੍ਰਵਾਨ ਕੀਤਾ ਸੀ, ਤੇ ਸੀਸ ਨਿਵਾਇਆ ਸੀ ।

ਫਿਰ ਇਸੇ ਦਿਨ ਤੋਂ ਇਸ ਗੱਦੀ ਦਾ ਸਤਿਕਾਰ ਸਾਰੇ ਗੁਰਗੱਦੀ ਨਸ਼ੀਨ ਸਤਿਗੁਰਾਂ ਨੇ ਕੀਤਾ । ਬਲਕਿ ੫੦੦ ਰੁਪਿਆ ਨਕਦੀ ਅਤੇ ਪੁਸ਼ਾਕਾ ਘੋੜਾ ਵੀ ਬਾਬਾ ਸ੍ਰੀ ਚੰਦ ਜੀ ਨੂੰ ਸਾਲਾਨਾ ਭੇਜਦੇ ਰਹੇ ਸੀ । ਇਤਨਾ ਹੀ ਨਹੀਂ ਸਗੋਂ ਬਾਬਾ ਸ੍ਰੀ ਚੰਦ ਦੇ "ਅੰਮ੍ਰਿਤਸਰ" ਪਧਾਰੇ ਵੇਲੇ ਗੁਰੂ ਰਾਮਦਾਸ ਜੀ ਨੇ ਆਪਣੇ ਪਵਿਤਰ ਦਾਹੜੇ ਨਾਲ ਚਰਨ ਝਾੜੇ ਸੀ । ਗੁਰੂ ਅਰਜਨ ਦੇਵ ਨੇ ਬਾਣੀ ਪ੍ਰਾਪਤ ਕਰਨ ਵਾਸਤੇ ਬਾਰਠ ਸਾਹਿਬ ਜਾ ਕੇ ਸਤਿਕਾਰ ਕੀਤਾ ਸੀ । ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣਾ ਵਡਾ ਸਾਹਿਬਜ਼ਾਦਾ ਸ੍ਰੀ ਬਾਬਾ ਗੁਰਦਿਤਾ ਜੀ ਨੂੰ ਬਾਬਾ ਸ੍ਰੀ ਚੰਦ ਦੀ ਭੇਟ ਕਰ ਦਿਤਾ ਸੀ । ਇਸ ਤੋਂ ਵਧੇਰੇ ਇਤਿਹਾਸਕ ਪ੍ਰਵਾਨ ਮੌਜੂਦ ਹਨ ਜੋ ਸਿਖ ਇਤਿਹਾਸਾਂ ਵਿਚੋਂ ਕਢੇ ਨਹੀਂ ਜਾ ਸਕਦੇ ਕਿ ਬੇਦੀ ਬੰਸ ਦੇ ਇਸ ਘਰਾਣੇ ਦੀ ਗੱਦੀ ਨੂੰ ਬਹੁਤ ਮਹਾਨ ਹਸਤੀ (ਅਥਾਰਿਟੀ) ਬਾਬਾ ਸ੍ਰੀ ਚੰਦ ਜੀ ਨੇ ਚਾਲੂ ਕੀਤਾ ਸੀ । ਤਦ ਵੀ ਇਸ ਗੱਦੀ ਦੇ ਗੱਦੀਦਾਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰਾਂ ਸਿਰ (ਗੁਰੂ) ਸਤਿਗੁਰੂ ਮੰਨਿਆ ਤੇ ਹੁਣ ਤੀਕ ਮੰਨਦੇ ਆ ਰਹੇ ਹਨ ।

ਪੁਸਤਕ ਪੁਰਖ ਗੁਰੂ ਦੇ ਸਫ਼ਾ ੧੭੮ ਉਤੇ ਚਾਵਲਾ ਜੀ ਨੇ ਇਕ ਉਰਦੂ ਵਿਚ

* ਉਸ ਵੇਲੇ ਦੇ ਪੰਜ ਪਿਆਰਿਆਂ ਦੇ ਨਾਮ ਰਾਜਾ ਜੋਗੀ ਪੁਸਤਕ ਵਿਚ ਵੀ ਲਿਖੇ ਹਨ ।

ਬਾਬਾ ਨਿਹਾਲ ਸਿੰਘ ਕਲਸੀਆ (ਛਛਰੌਲੀ) ਵਲੋਂ ਲਿਖੀ ਗਈ ਪੁਸਤਕ "ਖੁਰਸ਼ੀਦ ਖਾਲਸਾ" ਦੇ ਹਵਾਲੇ ਨਾਲ ਦਸਿਆ ਕਿ ਇਸ ਪੁਸਤਕ ਵਿਚ ਬਾਬਾ ਰਾਮ ਸਿੰਘ ਨੂੰ ਗੁਰਗਦੀ ਨਸ਼ੀਨ ੧੨ਵਾਂ ਗੁਰੂ ਮੰਨਿਆ ਗਿਆ ਸੀ ਤੇ ਬਾਬਾ ਖੇਮ ਸਿੰਘ ਜੀ ਨੇ ਇਸ ਨੂੰ ਪ੍ਰਵਾਨ ਕੀਤਾ। ਫਿਰ ਜਦੋਂ ਸਿੰਘ ਸਭਾ ਵਲੋਂ ਇਸ ਪੁਸਤਕ ਦਾ ਬਾਈਕਾਟ ਕਰਕੇ ਵਿਰੋਧਤਾ ਕੀਤੀ ਤਾਂ ਬਾਬਾ ਜੀ ਨੇ ਇਸ ਦੀ ਹਮਾਇਤ ਕੀਤੀ ਸੀ।

ਇਸ ਦਾ ਉਤਰ ਇਹੋ ਹੈ ਕਿ ਬਾਬਾ ਖੇਮ ਸਿੰਘ ਜੀ ਨੂੰ ਵਾਹਿਗੁਰੂ ਨੇ ਜਿਥੇ ਅਨੁਭਵੀ ਗਿਆਨ ਤੇ ਰਾਜਨੀਤੀ ਗਿਆਨ ਪ੍ਰਦਾਨ ਕੀਤਾ ਸੀ ਉਥੇ ਉਹ ਅਖਰੀ ਤੌਰ ਪਰ ਨਾ ਪੰਜਾਬੀ ਅਤੇ ਨਾ ਹੀ ਉਰਦੂ ਪੜੇ ਸਨ। ਉਹਨਾਂ ਨੂੰ ਇਹ ਭੇਤ ਨਹੀਂ ਲਗਣ ਦਿਤਾ ਗਿਆ ਕਿ ਇਸ ਵਿਚ ਬਾਬਾ ਰਾਮ ਸਿੰਘ ਨੂੰ ੧੨ਵਾਂ ਸਤਿਗਰੂ ਲਿਖਿਆ ਹੈ, ਵਰਨਾ ਉਹ ਝਟ ਕੇ ਵਿਰੋਧਤਾ ਕਰਦੇ। ਕਿਉਂਕਿ ਉਹਨਾਂ ਦੇ ਆਪਣੇ ਵਿਚਾਰਾਂ ਨੂੰ ਉਹਨਾਂ ਦੇ ਪਿਆਰੇ ਇਕ ਮਹਾਂ ਵਿਦਵਾਨ ਸੇਵਕ ਸਰਦਾਰ ਅਵਤਾਰ ਸਿੰਘ ਵਹੀਰਿਆ ਨੇ "ਗੁਰ ਦੀਖਿਆ" ਨਾਮੀ ਪੁਸਤਕ ਵਿਚ ਸਫਾ ੧੦੭ ਉਤੇ ਲਿਖਿਆ ਹੈ—ਹੂ-ਬਹੂ ਉਤਾਰਾ ਇਹ ਹੈ।

"ਕਿ ਬਾਬਾ ਜੀ ਨੇ ਮੈਨੂੰ ਬੁਲਾ ਕੇ ਕਿਹਾ ਕਿ ਧਿਆਨ ਕਰਕੇ ਸਾਡਾ ਬਚਨ ਸੁਣ ਲੈ:

੧. ਸੋ ਬਚਨ ਇਹ ਹੈ ਕਿ ਜੋ ਕੁਝ ਤੈਨੂੰ ਦੀਖਿਆ ਦਿਤੀ ਹੈ ਤੇ ਸਭ ਤਰ੍ਹਾਂ ਦੇ ਭੇਦ ਆਸ਼ੇ ਗੁਰਮਤਿ ਦੇ ਸਮਝਾਏ ਹਨ। ਸੋ ਇਹ ਸਭ ਕੁਝ ਗੁਰੂ ਨਾਨਕ ਸਾਹਿਬ ਮਹਾਰਾਜ ਦਾ ਰਿਦਾ ਹੈ। ਜੋ ਉਹਨਾਂ ਨੂੰ ਵਾਹਿਗੁਰੂ ਅਕਾਲ ਪੁਰਖ ਜੀ ਪਾਸੋਂ—ਬੀਜ ਰੂਪ ਹੋ ਕੇ ਪ੍ਰਾਪਤ ਹੋਇਆ। ਅਸੀਂ ਗੁਰੂ ਨਹੀਂ ਹਾਂ। ਗੁਰੂ ਜੋ ਹੈ ਗੁਰੂ ਨਾਨਕ ਸਾਹਿਬ ਜੀ ਹੈਨ। ਅਤੇ ਉਹਨਾਂ ਦਾ ਰੂਪ ਦਸ ਪਾਤਸਾਹੀਆਂ ਤੇ ਉਹਨਾਂ ਦਾ ਰੂਪ ਹੁਣ ਗੁਰੂ ਗ੍ਰੰਥ ਸਾਹਿਬ ਜੀ ਤੇ ਜਿਤਨੀ ਗੁਰੂ ਘਰ ਦੀ ਸਿਖੀ ਹੈ ਇਹ ਸਾਰਾ ਗੁਰੂ ਨਾਨਕ ਸਾਹਿਬ ਦਾ ਵੱਗ ਹੈ। ਮਾਲਕ ਇਸ ਵੱਗ ਦੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਹੈਨ। ਤੇ ਅਸੀਂ ਵੱਗ ਦੇ ਛੇੜੂ ਹਾਂ।

ਗੁਰੂ ਨਾਨਕ ਜੀ ਆਦਿਕ ਦਸ ਪਾਤਸ਼ਾਹੀਆਂ ਅਤੇ ਉਹਨਾਂ ਦਾ ਰੂਪ ਗੁਰੂ ਗ੍ਰੰਥ ਸਾਹਿਬ ਜੀ ਨਾਲ ਸਾਡਾ ਗੁਲਾਮੀ ਦਾ ਤੇ ਸਿਖੀ ਦਾ ਦਾਅਵਾ ਹੈ। ਅਥਵਾ ਸ੍ਰੀ ਸਤਿਗੁਰੂ ਨਾਨਕ ਜੀ ਦਾ "ਸ਼ਬਦ ਲੰਗਰ" ਚਲ ਰਿਹਾ ਹੈ, ਯਥਾ ਗੁਰੂ ਗ੍ਰੰਥ ਜੀ ਦਾ ਬਚਨ ਹੈ—

ਲੰਗਰ ਚਲੈ ਗੁਰ ਸ਼ਬਦਿ ਹਰਿ ਤੋਟਿ ਨਾ ਆਵੀ ਖਟੀਐ ॥<br>
ਖਰਚੇ ਦਿਤਿ ਖਸਮ ਦੀ ਆਪ ਖਹਦੀ ਖੈਰਦਿ ਬਟੀਐ ॥

(ਬਾਬਾ ਜੀ ਨੇ ਫੇਰ ਕਿਹਾ) ਸੋ ਮਹਾਰਾਜ ਜੀ ਦੇ ਇਸ ਲੰਗਰ ਦੇ ਅਸੀਂ ਵਰਤਾਵੇ ਹਾਂ। ਖਸਮ ਜੋ ਗੁਰੂ ਨਾਨਕ ਜੀ ਹੈਨ ਉਹਨਾਂ ਦੀ ਸਿਲਸਿਲੇਵਾਰ ਬਖਸ਼ੀ ਹੋਈ ਦਿਤ ਨੂੰ ਅਸੀਂ ਖਰਚਦੇ ਅਰਥਾਤ ਵੰਡਦੇ ਹਾਂ। ਇਸ ਤੋਂ ਅਗੇ ਫੇਰ ਸਫ਼ਾ ੧੧੧ ਉਤੇ ਪੁਸਤਕ ਗੁਰ ਦੀਖਿਆ ਵਿਚ ਐਸਾ ਹੋਰ ਲਿਖਿਆ......

ਵਹੀਰਿਆ ਲਿਖਦੇ ਤਦ ਮੈਨੇ ਦਸਿਆ—"ਕਿ ਆਪ ਜੀ ਨੇ ਮੇਰੇ ਉਤੇ ਵਿਸ਼ੇਸ਼ ਕਿਰਪਾ ਕੀਤੀ ਹੈ। ਜੋ ਨਾਮ ਅੰਮ੍ਰਿਤ ਦੇ ਨਾਲ ਹੀ ਗੁਰਮਤਿ ਦੇ ਗੂਹੜ ਗਿਆਨ ਦੀ ਸੋਝੀ ਬਖਸ਼ੀ ਹੈ। ਇਸ ਖ਼ੁਸ਼ੀ ਵਿਚ ਖਹਿਬਲ ਹਾਂ--ਜਰ ਨਹੀਂ ਸਕਿਆ, ਤੇ ਪ੍ਰੇਮ ਨੇ ਅਖਾਂ ਰਾਹੀਂ ਬਾਹਰ ਉਛਾਲਾ ਖਾਧਾ ਹੈ। ਤਦ ਬਾਬਾ ਜੀ ਨੇ ਫਰਮਾਇਆ—ਜੋ ਜੈਸਾ ਅਧਿਕਾਰੀ ਹੁੰਦਾ ਹੈ—ਅਧਿਕਾਰ ਮੂਜਬ ਉਸ ਨੂੰ ਪ੍ਰਾਪਤੀ ਹੋ ਜਾਂਦੀ ਹੈ। ਜੋ ਭਾਂਡਾ ਛਟਾਂਕ ਵਸਤੂ ਪੈਣ ਵਾਲਾ ਹੈ—ਉਸ ਵਿਚ ਛਟਾਂਕੀ, ਤੇ ਸੇਰ ਵਾਲੇ ਵਿਚ ਸੇਰ, ਪੰਜ ਦਸ ਸੇਰ ਵਾਲੇ ਵਿਚ ਪੰਜ ਦਸ ਸੇਰ ਅਤੇ ਮਣ ਪੈਣ ਵਾਲੇ ਵਿਚ ਮਣ ਹੀ ਵਸਤੂ ਪੈ ਜਾਂਦੀ ਹੈ। ਗਾਹਕ ਨੂੰ ਸੌਦਾ ਮਿਲ ਜਾਂਦਾ ਹੈ। ਸੋ ਸਿਖਾਂ ਨੂੰ ਗਾਹਕ ਬਣਨਾ ਚਾਹੀਏ, ਹੋਰ ਜੋ ਕੁਝ ਅਸੀਂ ਤੈਨੂੰ ਸਮਝਾਇਆ ਹੈ—ਸਾਰੇ ਦਾ ਖੁਲਾਸਾ ਅਤੇ ਤੱਤ ਸਾਰ ਭੀ ਅਸੀਂ ਦਸ ਦਿੰਦੇ ਹਾਂ। "ਗੁਰੂ ਗ੍ਰੰਥ ਸਾਹਿਬ" ਵਿਚ ਗੁਰੂ ਸਾਹਿਬ ਜੀ ਦਾ ਸਰਬਤ ਸਿਖਾਂ ਲਈ ਹੁਕਮ ਹੈ। ਇਹ ਹੁਕਮ ਮਾਨੋ ਇਸ਼ਤਿਹਾਰ ਰੂਪ ਵਿਚ ਹਰ ਸਮੇਂ ਪ੍ਰਗਟ ਰਹਿਣ ਵਾਲਾ ਹੈ। ਯਥਾ ਬਚਨ (ਹੁਕਮ ਇਸ਼ਤਿਹਾਰ)

ਨਾਨਕ ਕਹਿਤੇ ਇਹ ਬਿਚਾਰਾ ਜੋ ਕਮਾਵੈ ਸੋ ਪਾਰ ਗਰਾਮੀ ॥
ਗੁਰ ਸੇਵਹੁ ਅਰੁ ਨਾਮ ਧਿਆਵਹੁ, ਤਿਆਗਹੁ ਮਨਹੁ ਗੁਮਾਨੀ ॥
(੨੧੬)

ਇਹ ਹਨ ਬਾਬਾ ਖੇਮ ਸਿੰਘ ਜੀ ਦੇ ਗੁਰਮਤਿ ਭਰਪੂਰ ਵਿਚਾਰ ਜੋ ਪਾਠਕਾਂ ਨੂੰ ਅਸੀਂ ਉਹਨਾਂ ਦੀ ਰਾਜਨੀਤੀ ਦੀ ਸੋਝੀ ਦਾ ਨਮੂਨਾ ਵੀ ਦਸਿਆ ਕਿ ੧੮੫੭ ਵਿਚ ਜੋ ਸਿਆਣਪ ਵਰਤੀ ਅਤੇ ਧਾਰਮਕ ਵਿਚਾਰ ਤੇ ਗੁਰੂ ਗ੍ਰੰਥ ਸਤਿਕਾਰ ਪ੍ਰਗਟਾਂਦੇ ਹੋਇਆਂ ਕਿਤਨੀ ਸਿਆਣਪ ਨਾਲ ਗੁਰਮਤਿ ਦੀ ਵਿਆਖਿਆ ਕੀਤੀ ਹੈ ਹਾਲਾਂਕਿ ਗੁਰੂ ਅੰਸ ਜਾਣ ਕੇ ਲੋਕੀ ਇਹਨਾਂ ਨੂੰ ਗੁਰੂ ਮੰਨਦੇ ਰਹੇ ਪਰ ਉਹ ਆਪਣੇ ਨੂੰ ਦਸਦੇ ਕਿ ਅਸੀਂ ਗੁਰੂ ਨਹੀਂ ਹਾਂ। ਗੁਰੂ ਸ਼ਬਦ ਦੇ ਵਰਤਾਵੇ ਹਾਂ।

ਉਹਨਾਂ ਦੀ ਉਸ ਵਕਤ ਦੀ ਮਾਨਤਾ ਦਾ ਸਬੂਤ ਇਤਨਾ ਹੀ ਕਾਫੀ ਹੈ ਕਿ ਉਹਨਾਂ ਦੀ ਸਾਰੇ ਮੰਨਦੇ ਵੀ ਸਨ ਅਤੇ ਸਿਖਾਂ ਨੂੰ ਉਸ ਗਦਰ ਪਾਰਟੀ ਵਿਚ ਸ਼ਾਮਲ ਹੋਣ ਤੋਂ ਰੋਕਿਆ ਸੀ ਤੇ ਉਹਦਾ ਫਲ ਮਿਲਿਆ ਉਹ ਵੀ ਦਸਿਆ ਹੈ। ਹੁਣ ਉਹਨਾਂ ਦੀ ਧਾਰਮਿਕ ਸੂਝ-ਬੂਝ ਦਾ ਵੀ ਪਾਠਕਾਂ ਨੇ ਅਨੁਮਾਨ ਲਾਉਣਾ ਹੈ ਕਿ ਬਾਬਾ ਖੇਮ ਸਿੰਘ ਜੀ ਪਾਸੋਂ ਦਸਾਂ ਪਾਤਸ਼ਾਹੀਆਂ ਦਾ ਸਰੂਪ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲੇ ਐਸੀ ਪੁਸਤਕ ਨੂੰ ਕਦੋਂ ਪ੍ਰਵਾਨ ਕਰ ਸਕਦੇ ਕਿ ਜਿਸ ਵਿਚ ਬਾਬਾ ਰਾਮ ਸਿੰਘ ਨੂੰ ੧੨ਵਾਂ ਸਤਿਗੁਰੂ ਮੰਨਿਆ ਹੋਵੇ।

ਫੇਰ ਸੋਚੀਏ ਕਿ ਬਾਬਾ ਖੇਮ ਸਿੰਘ ਤੇ ਬਾਬਾ ਰਾਮ ਸਿੰਘ ਸਮਕਾਲੀ ਸਨ। ਅਗਰ ਬਾਬਾ ਖੇਮ ਸਿੰਘ ਉਹਨਾਂ ਨੂੰ ਗੁਰੂ ਗੋਬਿੰਦ ਸਿੰਘ ਦਾ ਅਵਤਾਰ, ਜਾਂ ਗਿਆਰਵਾਂ ਬਾਬਾ ਬਾਲਕ ਸਿੰਘ ਤੇ ਫਿਰ ੧੨ਵਾਂ ਬਾਬਾ ਰਾਮ ਸਿੰਘ ਨੂੰ ਸਿਖ ਪੰਥ ਦਾ ਗੁਰੂ ਮੰਨਦੇ ਹੁੰਦੇ ਤਾਂ ਉਹਨਾਂ ਨੂੰ ਆਪਣੇ ਸੇਵਕ ਸ: ਅਵਤਾਰ ਸਿੰਘ ਵਹੀਰੀਏ ਨੂੰ ਤੇ ਹੋਰ ਵੀ ਨਿਕਟ-ਵਰਤੀਆਂ ਨੂੰ ਸਮਝਾ ਦੇਣਾ ਸੀ ਕਿ ਉਹ ਗੁਰੂ ਗ੍ਰੰਥ ਨੂੰ ਗੁਰੂ ਮੰਨਣ ਦੀ ਬਜਾਏ ਪ੍ਰਤੱਖ ਦੇਹਧਾਰੀ ਸਰੂਪ ਬਾਬਾ ਰਾਮ ਸਿੰਘ ਨੂੰ ਮੰਨਿਆ ਕਰਨ। ਇਸ ਵਾਸਤੇ ਜੋ ਕੁਝ

"ਖੁਰਸ਼ੀਦ ਖਾਲਸਾ" ਵਿਚ ਲਿਖਿਆ ਹੈ ਉਹ ਵੀ ਗਲਤ ਹੈ। ਸਹੀ ਸਮਾਚਾਰ ਅਸੀਂ ਪਾਠਕਾਂ ਸਾਹਮਣੇ ਜੋ ਰਖਿਆ ਹੈ ਕਿ ਉਹ (ਬਾਬਾ ਖੇਮ ਸਿੰਘ ਜੀ) ਸ੍ਰੀ ਗੁਰੂ ਗ੍ਰੰਥ ਜੀ ਨੂੰ ਹੀ ਦਸੋਂ ਪਾਤਸ਼ਾਹੀਆਂ ਦਾ ਸਰੂਪ ਅਤੇ ਗੁਰਗਦੀ ਨਸ਼ੀਨ (ਗੁਰੂ ਦਸਮੇਸ਼ ਵਲੋਂ ਸਥਾਪਤ) ਨੂੰ ਸ੍ਰੀ ਗੁਰੂ ਮੰਨਦੇ ਸਨ।

ਇਥੇ ਹੁਣ ਪਾਠਕਾਂ ਨੇ ਵਿਚਾਰਨਾ ਹੈ ਕਿ ਗੁਰੂ ਨਾਨਕ ਦੇਵ ਦੀ ਸੁਧ ਅੰਸ-ਬੰਸ ਵਿਅਕਤੀ ਜੋ ਕਿ ਬਾਬਾ ਸ੍ਰੀ ਚੰਦ ਜੀ ਅਥਾਰਿਟੀ ਵਲੋਂ ਸਥਾਪਤ ਕੀਤੀ ਵੰਸ਼ਕ ਗੱਦੀ ਦੇ ਵਾਰਸ ਅਤੇ ਹੱਕਦਾਰ ਸਨ ਅਤੇ ਸਾਰੇ ਗੁਰਗਦੀ ਨਸ਼ੀਨ ਸਤਿਗੁਰੂ ਵੀ ਇਸ ਬੇਦੀ ਬੰਸ ਦੀ ਗਦੀ ਦਾ ਸਤਿਕਾਰ ਕਰਦੇ ਰਹੇ ਹਨ। ਲੋਕੀ ਵੀ ਬਹੁਤੇ ਇਹਨਾਂ (ਬਾਬਾ ਜੀ) ਉੱਤੇ ਭਰਪੂਰ ਸ਼ਰਧਾ ਰਖਦੇ ਤੇ ਗੁਰੂ ਮੰਨਦੇ ਰਹੇ ਸਨ। ਅਗਰ ਉਹ ਆਪਣੇ ਨੂੰ ਖੁਦ ਗੁਰੂ ਨਹੀਂ ਮੰਨਦੇ ਅਤੇ ਆਪਣੇ ਨੂੰ ਕਾਰਿੰਦਾ ਸਮਝਦੇ ਤੇ ਸ਼ਬਦ ਗੁਰੂ ਦੇ ਵੰਡਣ ਵਾਲਾ ਮੰਨਦੇ, ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਸੋਂ ਪਾਤਸ਼ਾਹੀਆਂ ਦਾ ਸਰੂਪ ਗੁਰਗਦੀ ਨਸ਼ੀਨ ਸਤਿਗੁਰੂ ਸਮਝਦੇ ਹਨ ਤਾਂ ਮੇਹਰ ਸਿੰਘ ਜੈਸੇ ਹੋਰ ਨਾਮਧਾਰੀ ਵੀਰਾਂ ਨੂੰ ਇਹ ਹੱਕ ਨਹੀਂ ਹੈ ਕਿ ਉਹ ਬਾਬਾ ਬਾਲਕ ਸਿੰਘ ਨੂੰ ੧੧ਵਾਂ ਅਤੇ ਮਗਰੋਂ ਬਾਬਾ ਰਾਮ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਅਤੇ ਗੁਰਗਦੀ ਦਾ ਵਾਰਸ ੧੨ਵਾਂ ਸਤਿਗੁਰੂ ਮੰਨਣ ਜਾਂ ਲਿਖਣ ਅਤੇ ਪ੍ਰਚਾਰਨ ਦੀ ਦਲੇਰੀ ਕਰਨ। ਦਸ ਗੁਰੂ ਸਾਹਿਬਾਨ ਅਭੁੱਲ ਗੁਰੂ ਕਰਤਾਰ" ਸਨ ਤੇ ਇਹ ਉਹਨਾਂ ਦੀ (ਨਾਮਧਾਰੀ ਗੁਰੂ) ਕੋਈ ਤੁਲਤਾ ਨਹੀਂ ਪਾ ਸਕਦੇ।

ਸਫ਼ਾ ੨੧੩ ਉੱਤੇ ਹੀ ਫੇਰ ਮੇਹਰ ਸਿੰਘ ਲਿਖਦਾ ਕਿ ਬੰਦਾ ਸਿੰਘ ਬਹਾਦਰ ਨੂੰ ਜਦੋਂ ਕਈ ਸਿੱਖ ਗੁਰੂ ਮੰਨਣ ਲਗੇ ਤਾਂ ਉਸ ਵੇਲੇ ਇਹ ਦੋਹਿਰੇ (ਗੁਰੂ ਮਾਨਿਉ ਗ੍ਰੰਥ ਵਾਲੇ) ਕਿਉਂ ਨਾ ਸਾਹਮਣੇ ਆਏ।

ਦੇਖੋ ਐਸੇ ਚਾਤਰ ਨੂੰ ਜੋ ਸਮਝਦਾ ਬੁਝਦਾ ਵੀ ਗਲਤ-ਫਹਿਮੀ ਫੈਲਾਉਂਦਾ ਹੈ ਉਹਨੂੰ ਪਤਾ ਵੀ ਹੈ ਕਿ ਬੰਦਾ ਸਿੰਘ ਨੂੰ ਗੁਰੂ ਜੀ ਨੇ ਉਥੋਂ ਉਸ ਨੂੰ ਤਾਕੀਦ ਕਰਕੇ ਟੋਰਿਆ ਸੀ ਕਿ ਉਹ ਖਾਲਸੇ ਨਾਲ ਸੰਮਤੀ ਰਖੇ। ਉਹ ਸ਼ਾਦੀ ਨਾ ਕਰੇ ਅਤੇ ਗੁਰੂ ਨ ਅਖਵਾਏ ਤੇ ਆਇ ਸਿਖਾਂ ਨੂੰ ਵੀ ਇਸ ਗਲ ਦਾ ਪਤਾ ਸੀ ਅਤੇ ਉਕਤ ਦੋਹਿਰੇ ਗੁਰੂ ਸਾਹਿਬ ਦੀ ਤਰਜਮਾਨੀ ਕਰਦੇ ਸਨ--ਤਦੇ ਪੰਥ ਨੇ ਬਾਬਾ ਬੰਦਾ ਦਾ ਸਾਥ ਛਡ ਦਿਤਾ ਸੀ ਕਿਉਂਕਿ ਉਸ ਨੇ ਸ਼ਾਦੀ ਵੀ ਕੀਤੀ ਅਤੇ ਗੁਰੂ ਅਖਵਾਉਣ ਲਗਾ ਸੀ। ਜੋ ਬੇਮੁਖਤਾ ਸੀ। ਫਿਰ ਉਸ ਨੇ ਅੰਤ ਵੇਲੇ ਪਛੁਤਾਵਾ ਵੀ ਕੀਤਾ।

## ਗੁਰੂ ਅਤੇ ਸਿੱਖ ਦੀ ਪਰੰਪਰਾ

ਇਸ ਉਕਤ ਸਿਰਲੇਖ ਹੇਠਾਂ ਮੇਹਰ ਸਿੰਘ ਨੇ ਆਪਣੀ ਪੁਸਤਕ ਦੇ ਸਫ਼ਾ ੨੧੫ ਉਤੇ ਲਿਖਿਆ ਕਿ ਇਸ ਪਰੰਪਰਾ ਦਾ ਇਤਿਹਾਸ ਪੁਰਾਣਾ ਹੈ ਤੇ ਗੁਰੂ ਦੀ ਲੋੜ ਦਾ ਜ਼ਿਕਰ ਵੇਦਾਂ ਸ਼ਾਸਤਰਾਂ ਤੇ ਪ੍ਰਾਚੀਨ ਧਰਮ ਗ੍ਰੰਥਾਂ ਵਿਚ ਵਿਸਥਾਰ ਨਾਲ ਲਿਖਿਆ ਹੈ। ਇਸੇ ਸਬੰਧ ਵਿਚ ਉਹ ਦਸਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਗੁਰੂ ਵੀ ਕੋਈ ਦੇਹਧਾਰੀ ਗੁਰੂ ਸੀ ਜਿਸ ਤੋਂ ਉਹਨਾਂ ਨੇ ਗੁਰਮੰਤਰ ਲਿਆ ਸੀ। ਉਹ ਅਗੇ ਪੁਸਤਕ ਪੂਰਖ ਗੁਰੂ ਦੇ ਸਫ਼ਾ ੨੧੬ ਪਰ ਐਸਾ ਵੀ ਲਿਖਦਾ ਹੈ।

"ਸਤਿਗੁਰੂ ਨਾਨਕ ਦੇਵ ਨੇ ਉਸ ਸਮੇਂ ਦੀ ਪ੍ਰਚਲਤ "ਗੁਰੂ ਸਿਖ" ਵਾਲੀ ਧੁਮਲ ਹੋ ਚੁਕੀ ਪਰੰਪਰਾ ਅਨੁਸਾਰ ਹੀ ਕਿਸੇ ਮਨੁੱਖ ਦੇਹਧਾਰੀ ਪਾਸੋਂ ਨਾਮ ਗੁਰ ਮੰਤ੍ਰ ਲਿਆ ਸੀ। ਪਰ ਜਦੋਂ ਉਨ੍ਹਾਂ ਦਾ ਆਪਣਾ ਪ੍ਰਕਾਸ਼ ਸੂਰਜ ਸਮਾਨ ਹੋਇਆ ਤਾਂ ਸੁਭਾਵਕ ਹੀ ਸੀ ਕਿ ਤਾਰੇ ਛਿਪ ਜਾਂਦੇ। ਪਰ ਇਹ ਖੇਦ ਦੀ ਗਲ ਹੈ ਕਿ ਇਤਿਹਾਸ ਉਸ ਮਹਾਂ ਪੁਰਖ ਦਾ ਨਾਮ ਦਸਣ ਤੋਂ ਅਸਮਰਥ ਹੈ ਜਿਸ ਨੂੰ ਗੁਰੂ ਨਾਨਕ ਜੀ ਨੇ ਗੁਰੂ ਮੰਨਿਆ ਸੀ।

ਇਥੇ ਵੇਖੀਏ ਚਾਤਰ ਦੀ ਚਤਰਾਈ, ਇਸ ਤੋਂ ਪਹਿਲੇ ਆਪਣੀ ਪੁਸਤਕ ਦੇ ਸਫਾ ੫੪ ਉਤੇ ਲਿਖਦਾ ਕਿ "ਗੁਰੂ ਨਾਨਕ ਦੇਵ ਨੂੰ ਕਿਸੇ ਵੀ ਗੁਰਿਆਈ ਨਹੀਂ ਦਿਤੀ, ਤਦ ਵੀ ਉਹ ਗੁਰੂਤੱਵ ਦੇ ਮਾਲਕ ਹੋਣ ਕਰਕੇ ਜਗਤ ਗੁਰੂ ਪ੍ਰਸਿਧ ਹੋਏ।" ਅਤੇ ਉਕਤ ਲਿਖਤ ਸਫਾ ੨੧੬ ਉਤੇ ਹੁਣ ਲਿਖਦਾ ਕਿ ਉਨ੍ਹਾਂ ਕਿਸੇ ਮਨੁੱਖ ਦੇਹਧਾਰੀ ਪਾਸੋਂ ਹੀ ਨਾਮ ਮੰਤ੍ਰ ਲਿਆ ਸੀ, ਪਰ ਜਦੋਂ ਉਨ੍ਹਾਂ ਦਾ ਆਪਣਾ ਪ੍ਰਕਾਸ਼ ਸੂਰਜ ਸਮਾਨ ਹੋਇਆ ਤਾਂ ਸੁਭਾਵਕ ਸੀ ਕਿ ਤਾਰੇ ਛਿਪ ਜਾਂਦੇ।

ਇਥੇ ਪਾਠਕਾਂ ਨੇ ਚਾਤਰ ਮੋਹਰ ਸਿੰਘ ਦੀ ਚਤਰਾਈ ਨੂੰ ਮੰਨਣਾ ਹੈ ਕਿ ਉਸਦੀ ਸਮਝ ਉਤੇ ਹਾਸੀ ਕਰਨੀ ਹੈ ? ਇਕ ਤਾਂ ਗੁਰੂ ਨਾਨਕ ਦਾ ਗੁਰੂ ਕੋਈ ਮਨੁੱਖ ਮੰਨਦਾ ਅਤੇ ਫਿਰ ਗੁਰੂ ਨਾਨਕ ਦੇਵ ਦੇ ਉਸ ਮਨੁੱਖ ਗੁਰੂ ਨੂੰ ਤਾਰਿਆਂ ਜਿਤਨੀ ਥਮਕ ਵਾਲਾ ਦਸ ਕੇ ਸੂਰਜ ਸਮਾਨ ਚੇਲੇ ਅਗੇ ਛੁਪ ਗਿਆ ਦਸਦਾ ਹੈ। ਉਹ ਅਗੇ ਐਸਾ ਹੋਰ ਲਿਖਦਾ—"ਕਿ ਅਜ ਤੀਕ ਕਿਸੇ ਸਿਖ ਵਿਚ ਹਿੰਮਤ ਤਾਂ ਨਹੀਂ ਪਈ ਕਿ ਉਹ ਕਹਿ ਦੇਵੇ ਕਿ ਗੁਰੂ ਨਾਨਕ ਦਾ ਗੁਰੂ ਕੋਈ ਨਹੀਂ ਸੀ, ਕੋਈ ਕਹਿੰਦਾ ਉਨ੍ਹਾਂ ਦਾ ਗੁਰੂ ਸ਼ਬਦ ਸੀ ਕਿਉਂਕਿ ਉਨ੍ਹਾਂ ਨੇ ਆਪ ਸ਼ਬਦ ਗੁਰੂ ਦਸਿਆ ਹੈ, ਕੋਈ ਕਹਿੰਦਾ ਉਨ੍ਹਾਂਦਾ ਗੁਰੂ ਨਿਰੰਕਾਰ ਅਕਾਲ ਪੁਰਖ ਸੀ (ਐਸੀ ਲਿਖਤ ਸੰਤ ਚਾਵਲੇ ਦੀ ਹੈ)।

ਉਸ ਦੀ ਉਕਤ ਚਤਰਾਈ ਭਰੀਆਂ ਦਲੀਲਾਂ ਦਾ ਉਤਰ ਪਿਛੇ ਵੀ ਅਸੀਂ ਦਿਤਾ ਹੈ। ਹੁਣ ਉਸ ਨੇ ਗੁਰੂ ਨਾਨਕ ਦੇਵ ਦਾ ਗੁਰੂ ਕੋਈ ਦੇਹਧਾਰੀ ਮੰਨਿਆ— ਪਰ ਨਾਲ ਹੀ ਨਾਮ ਦਸਣ ਤੋਂ ਇਤਿਹਾਸ ਅਸਮਰਥ ਦਸਦਾ ਅਤੇ ਆਪ ਵੀ ਉਹ ਅਸਮਰਥ ਹੈ ਪਰ ਅਸੀਂ ਜੋ ਉਤਰ ਦੇਣਾ ਹੈ ਪਾਠਕਾਂ ਨੇ ਵਿਚਾਰ ਨਾਲ ਪੜ੍ਹਨਾ।

ਉਤਰ :—"ਗੁਰੂ ਨਾਨਕ ਦੇਵ ਤੋਂ ਪਹਿਲੇ ਦੀ ਚਲੀ ਆਈ (ਗੁਰੂ ਚੇਲੇ ਦੀ) ਪਰੰਪਰਾ, ਇਹ ਬਿਲਕੁਲ ਠੀਕ ਹੈ। ਪਰ ਸ੍ਰਿਸ਼ਟੀ ਰਚਨ ਕਾਲ ਤੋਂ ਪਹਿਲੇ ਜਦੋਂ—"ਅਰਬਦ ਨਰਬਦ ਧੁੰਧੂਕਾਰਾ" ਧਰਣਿ ਨ ਗਗਨਾ ਹੁਕਮ ਅਪਾਰਾ,"ਸੀ। ਉਸੇ ਦੇ ਹੁਕਮ ਵਿਚ ਤਿੰਨ ਦੇਵਤਿਆਂ ਦੀ ਰਚਨਾ ਹੋਈ—ਗੁਰੂ ਨਾਨਕ ਫੁਰਮਾਂਦੇ—ਏਕਾ ਮਾਈ ਜੁਗਤਿ ਵਿਆਈ ਤਿੰਨ ਚੇਲੇ ਪਰਵਾਣ ॥ ਤੱਦ ਨਾਮਧਾਰੀ ਹੀ ਦਸ ਦੇਣ ਕਿ ਉਨ੍ਹਾਂ ਦਾ ਗੁਰੂ ਕੌਣ ਸੀ ? ਜਿਸ ਨੇ ਇਨ੍ਹਾਂ ਨੂੰ ਵਖ ਵਖ ਤਰ੍ਹਾਂ ਦੇ ਜੀਅ ਜੰਤਾ ਨੂੰ ਪੈਦਾ ਕਰਨ ਦਾ ਢੰਗ ਸਿਖਾਇਆ ਸੀ ? ਫਿਰ ਵੇਦ ਉਚਾਰਨ ਦਾ ਗਿਆਨ, ਅਤੇ ਸੰਸਕ੍ਰਿਤ

ਦੇਵਨਾਗਰੀ ਲਿਖਣਾ ਕਿਸ ਨੇ ਸਮਝਾਇਆ ਸੀ ? ਚਲੋ ਜੇਕਰ ਐਸਾ ਅਨਦਿਸਦੀਆਂ ਰੂਹਾਂ ਬਾਬਤ ਨ ਮੰਨਿਆ ਜਾਏ ਤਾਂ ਇਹ ਦਸੀਏ ?

ਕਿ ਚੌਰਾਸੀ ਲਖ ਜੋਨਾਂ ਪੈਦਾ ਕੀਤੀਆਂ ਵਿਚੋਂ "ਮਾਨੁਖ ਕਉ ਪ੍ਰਭ ਦਈ ਬਡਾਈ" ਇਸ ਮਾਨੁਖ ਦੀ ਦੇਹੀ ਵਿਚੋਂ ਇਨ੍ਹਾਂ ਨੂੰ ਗਿਆਨ ਕਰਾਉਣ ਵਾਲਾ ਸਭ ਤੋਂ ਪਹਿਲਾਂ ਦੇਹਧਾਰੀ ਗੁਰੂ ਕੋਣ ਸੀ ? ਜਿਸ ਤੋਂ ਅਗੇ ਗੁਰੂ ਚੇਲੇ ਦੀ ਪਰੰਪਰਾ ਚਲੀ ਸੀ ? ਕੋਈ ਜਵਾਬ ਨਹੀਂ ਹੈ—ਤਦ ਮੰਨਣਾ ਪਏਗਾ ਕਿ ਗੁਰ ਕਰਤਾਰ ਨੇ ਹੀ ਸਰਬ ਮਨੁੱਖਾਂ ਦੇ ਵਿਚੋਂ "ਵਿਰਲੇ ਕਉ ਗੁਰਿ ਸ਼ਬਦ ਸੁਣਾਇਆ" ਸੀ, ਜਿਸ ਨੇ ਗੁਰੂ ਰੂਪ ਵਿਚ ਹੋ ਕੇ ਇਸ ਗੁਰੂ ਚੇਲੇ ਦੀ ਪਰੰਪਰਾ ਨੂੰ ਸ਼ੁਰੂ ਕੀਤਾ। ਤਦ ਹੁਣ ਵੀ ਐਸਾ ਹੀ ਮੰਨਣਾ ਪਵੇਗਾ, ਕਿ ਗੁਰੂ ਨਿਰੰਕਾਰ ਨੇ ਹੀ ਇਸ਼ਨਾਨ ਕਰਦੇ ਸ੍ਰੀ ਨਾਨਕ ਜੀ ਨੂੰ ਬੁਲਾਇਆ ਤੇ ਸਰਗੁਣ (ਸਾਕਾਰ) ਰੂਪ ਹੋਕੇ ਸ਼ਬਦ ਗੁਰੂ (ਨਾਮ ਅੰਮ੍ਰਿਤ) ਦੀ ਬਖਸ਼ਿਸ਼ ਨਾਲ ਜਗਤ ਗੁਰੂ ਥਾਪ ਕੇ ਮੋੜ ਭੇਜਿਆ ਸੀ। ਤਦੇ ਉਨ੍ਹਾਂ ਨੇ "ਗੁਰੂ ਆਦਿ ਪੁਰਖ ਹਰਿ ਪਾਇਆ" ਫੁਰਮਾਇਆ ਸੀ ਹੋਰ ਕੋਈ ਉਨ੍ਹਾਂ ਦਾ ਦੇਹਧਾਰੀ ਗੁਰੂ ਨਹੀਂ ਸੀ। ਜੇਕਰ ਉਨ੍ਹਾਂ ਦਾ ਹੋਰ ਕੋਈ ਗੁਰੂ ਹੁੰਦਾ ਤਦ ਉਸ ਦਾ ਨਾਮ ਪਤਾ ਜ਼ਰੂਰ ਦਸਦੇ। ਉਨ੍ਹਾਂ ਨੂੰ ਉਸ ਦਾ ਨਾਮ ਉਹਲੇ ਰਖਣ ਦੀ ਕੀ ਲੋੜ ਸੀ ? ਇਸ ਗਲ ਦਾ ਨਾਮਧਾਰੀ ਲੇਖਕ ਵੀ ਕੋਈ ਉਤਰ ਨਹੀਂ ਦੇ ਸਕਦੇ।

ਦੇਖੀਏ, ਵਡੇ ਘਰਾਣਿਆਂ ਦੀਆਂ, ਰਾਜੇ ਰਾਣਿਆਂ ਦੀ ਖਾਨਦਾਨੀ ਤੇ ਪੁਸ਼ਤੀਨੀ ਗਲਾਂ ਜੋ ਉਨ੍ਹਾਂ ਦੀਆਂ ਸੰਤਾਨਾਂ ਪਾਸ ਸੀਨੇ ਬਸੀਨੇ ਸੁਣੀਆਂ ਤੇ ਸੰਭਾਲੀਆਂ ਹੁੰਦੀਆਂ ਹਨ ਉਹ ਸਾਰੀਆਂ ਹੀ ਦੂਰ ਬੈਠੇ ਕਿਤਾਬੀ ਲਿਖਾਰੀਆਂ ਨੂੰ ਪਤਾ ਨਹੀਂ ਹੁੰਦੀਆਂ। ਤਿਵੇਂ ਹੀ ਬੇਦੀ ਬੰਸ ਘਰਾਣੇ ਦੇ ਇਕ ਮਹਾਂ ਵਿਦਵਾਨ ਦੀ ਸੰਭਾਲੀ ਲਿਖਤ ਮੈਨੂੰ ਮਿਲੀ ਤੇ ਉਸ ਦੇ ਆਧਾਰ ਤੇ ਪਿਛੇ ਦਸਿਆ ਹੈ ਕਿ ਵਈਂ ਵਿਚੋਂ ਨਿਕਲੇ ਪਰਵਾਰ ਨੂੰ ਮਿਲੇ ਗੁਰੂ ਨਾਨਕ ਨੂੰ ਬਚਿਆਂ ਨੇ ਗਲੇ ਨਾਲ ਚਿਮਟੇ ਹੋਇਆਂ ਪੁਛਿਆ ਸੀ—ਪਿਤਾ ਜੀ ਕਿਥੇ ਚਲੇ ਗਏ ਸੀ ? ਤਦ ਜਿਥੇ ਗਏ ਸੀ, ਕੀ ਹੋਇਆ ਤੇ ਕੀ ਮਿਲਿਆਂ ਸੀ ਸਭ ਕੁਝ ਸੁਣਾਇਆ ਸੀ। ਇਹੋ ਜ਼ਿਕਰ ਫਿਰ ਮੌਜ ਵਿਚ ਬੈਠਿਆਂ ਮਾਝ ਕੀ ਵਾਰ ਦੇ ਅਖੀਰ ਵਿਚ "ਸ਼ਬਦ ਰੂਪ" ਪ੍ਰਗਟ ਕੀਤਾ। ਭਾਵ ਕਿ ਤਿੰਨ ਦਿਨ ਗੁਰੂ ਨਿਰੰਕਾਰ ਪਾਸ ਰਹੇ, ਜੋ ਵਰਤਿਆ, ਡਿਠਾ ਅਤੇ ਸੁਣਿਆ ਸੀ ਦਸਿਆ। ਇਸ ਤੋਂ ਵਧ ਹੋਰ ਇਤਿਹਾਸ ਦਾ ਸਬੂਤ ਕੀ ਹੋਵੇ ? ਕਿ ਨਾਮਧਾਰੀ ਸੰਤ ਗੁਰੂ ਗ੍ਰੰਥ ਜੀ ਵਿਚ ਲਿਖੇ ਤੋਂ ਇਨਕਾਰ ਤੇ ਇਤਿਹਾਸ ਤੇ ਵਧੇਰੇ ਇਤਬਾਰ ਕਰਦਾ ਹੈਰਾਨੀ ਹੈ।

ਕੀ ਗੁਰੂ ਨਾਨਕ ਦੇਵ ਨੇ ਝੂਠ ਬੋਲਿਆ ਹੈ ? ਹਰਗਿਜ਼ ਨਹੀਂ, ਉਨ੍ਹਾਂ ਸੱਚ ਫੁਰਮਾਇਆ ਹੈ ਫਿਰ ਨਿਰੰਕਾਰ ਵਲੋਂ ਵੀ ਅਤੇ ਇਸਲਾਮੀਅਤ ਵਾਲੇ ਮੰਨਦੇ ਹਨ। ਬਗੈਰ ਦਿਸੇ ਦੇ ਕਈਆਂ ਨੂੰ ਭੂਤ ਪ੍ਰੇਤਾਂ ਅਤੇ ਅਮਰ ਆਤਮਾਂ ਦੀ ਆਵਾਜ਼ ਵੀ ਸੁਣਾਈ ਦਿੰਦੀਆਂ ਹਨ। ਮੇਰੇ ਆਪਣੇ ਨਾਲ ਐਸੀ ਬੀਤੀ ਵਾਰਤਾ ਦਾ ਜ਼ਿਕਰ ਕਰਨਾ ਇਥੇ ਮੁਨਾਸਬ ਨਹੀਂ ਹੈ, ਪਰ ਇਹ ਦਸਣਾ ਹੈ ਕਿ ਜਿਸ ਨਿਰੰਕਾਰ ਨੇ ਆਪਣੇ ਤੋਂ "ਕਈ ਕੋਟ ਖਾਣੀ ਅਰ ਖੰਡ ॥ ਕਈ ਕੋਟ ਆਕਾਸ ਬ੍ਰਹਮੰਡ ॥" ਪੈਦਾ ਕੀਤੇ ਹਨ ਉਨ ਗੁਰੂ ਨਾਨਕ ਦੇਵ ਜੀ ਨੂੰ ਸੰਸਾਰ ਭਲੇ ਵਾਸਤੇ ਕੋਲ ਬੁਲਾ ਕੇ ਸਰਗੁਣ ਸਰੂਪ ਵਿਚ

ਦਰਸ਼ਨ ਤੇ ਉਪਦੇਸ਼ ਦੇ ਸਕਦਾ ਹੈ ਅਤੇ ਸ਼ਬਦ (ਗੁਰ ਮੰਤ੍ਰ) ਦੀ ਬਖਸ਼ਿਸ਼ ਨਾਲ ਸਭ ਕੁਝ ਸਮਝਾ ਕੇ ਵਾਪਸ ਭੇਜ ਸਕਦਾ, ਕਿ ਇਨ੍ਹਾਂ ਨੇ ਇਸ ਗੁਰੂ ਜੋਤ ਸ਼ਕਤੀ ਨੂੰ ਪਿਛੋਂ ਦੇ ਗੁਰੂ ਸਰੀਰਾਂ ਵਿਚ ਕਿਵੇਂ ਤੇ ਕਿਸ ਮਰਿਆਦਾ ਨਾਲ ਟਿਕਾਣਾ ਹੈ। ਇਸ ਵਾਸਤੇ ਬਿਨਾਂ ਸ਼ੱਕ ਦੇ ਇਹੋ ਸਚਾਈ ਹੈ ਕਿ ਗੁਰੂ ਨਾਨਕ ਦੇਵ ਦਾ ਗੁਰੂ ਕੇਵਲ ਅਕਾਲ ਪੁਰਖ ਸੀ। ਹਠੀ ਮੰਤ ਨੂੰ ਯਕੀਨ ਨਹੀਂ ਹੈ ਤਾਂ ਫਿਰ ਉਸ ਨੂੰ ਪ੍ਰਤੱਖ ਹੋ ਕੇ ਗੁਰੂ ਆਪ ਵੀ ਯਕੀਨ ਨਹੀਂ ਕਰਾ ਸਕਦਾ।

ਇਹ ਕਿਤਨੇ ਅਨਰਥ ਦੀ ਗੱਲ ਹੋਵੇ ? ਕਿ ਗੁਰੂ ਨਾਨਕ ਦਾ ਗੁਰੂ ਕੋਈ ਹੋਰ ਸੰਤ ਮਹੰਤ ਦੇਹਧਾਰੀ ਹੋਵੇ, ਤੇ ਉਸ ਦਾ ਨਾਮ ਖੁਦ ਵੀ ਉਹਲੇ ਰਖਣਾ ਪਸੰਦ ਕਰਨ। ਫਿਰ ਕਿਸੇ ਦੇ ਪੁਛੇ ਉਤੇ—"ਸ਼ਬਦ ਗੁਰੂ" ਜਾਂ "ਅਪਰੰਪਰ ਪਾਰਬ੍ਰਹਮ ਪ੍ਰਮੇਸ਼ਰ ਨਾਨਕ ਗੁਰ ਮਿਲਿਆ ਸੋਈ" ਦਸ ਕੇ ਟਾਲ ਮਟੋਲਾ ਕਰਦੇ ਹੋਣ। ਇਹ ਯਕੀਨ ਕਰਨਾ ਤਾਂ ਕਿਤੇ ਰਿਹਾ—ਖਿਆਲ ਕਰਨਾ, ਮਹਾਂ ਪਾਪ ਹੈ ਪਰ ਨਾਮਧਾਰੀ ਲੇਖਕ ਦਾ ਇਹੋ ਮਨੋਤ ਹੈ।

ਅਗਰ ਭੂਤ ਪ੍ਰੇਤ ਅਤੇ ਦੇਵ ਆਤਮਾਂ ਵੀ ਸਰੀਰਧਾਰੀ ਹੋ ਕੇ ਗੱਲਾਂ ਬਾਤਾਂ ਕਰਨ ਮਗਰੋਂ ਲੋਪ ਹੋ ਸਕਦੀਆਂ ਹਨ ਤਾਂ ਕਰਤਾਰ ਸਿਰਜਨ ਹਾਰ ਵਾਸਤੇ ਐਸਾ ਕਰ ਵਖਾਣਾ ਕੀ ਮੁਸ਼ਕਿਲ ਹੈ ? ਉਸ ਨੇ ਸੰਤ ਪ੍ਰਹਿਲਾਦ ਨੂੰ ਤਪਦੇ ਥੰਮ ਵਿਚੋਂ ਪ੍ਰਗਟ ਹੋ ਕੇ ਦਰਸ਼ਨ ਦਿਤਾ ਸੀ। ਭਗਤ ਨਾਮ ਦੇਵ ਪਾਸੋਂ ਪ੍ਰਤੱਖ ਹੋ ਕੇ ਦੁੱਧ ਪੀਤਾ ਅਤੇ ਮੁਗਲ ਰੂਪ ਹੋ ਕੇ ਵੀ ਦਰਸ਼ਨ ਦਿਖਾਇਆ ਸੀ, ਹੋਰ ਕਈ ਮਿਸਾਲਾਂ ਹਨ।

"ਬਲ ਰਾਜੇ" ਨੂੰ ਆਪਣੇ ਦਾਨੀ ਹੋ ਜਾਣ ਦਾ ਬਹੁਤ ਅਭਿਮਾਨ ਹੋ ਗਿਆ ਸੀ। ਉਹਦਾ ਹੰਕਾਰ ਤੋੜਨ ਨੂੰ "ਬਾਵਨ ਰੂਪ" ਧਾਰ ਕੇ ਢਾਈ ਕਦਮ ਧਰਤੀ ਦੀ ਮੰਗ ਕੀਤੀ। ਉਹਨੇ ਦੇਣੀ ਮੰਨ ਲਈ ਤਾਂ ਸਰੀਰ ਵਧਾ ਕੇ ਦੋ ਕਰੂ ਵਿਚ ਚੜ੍ਹਦੇ ਲਹਿੰਦੇ ਤੀਕ ਮਾਪ ਲਈ ਤਾਂ ਉਹਨੇ ਲੰਮੇ ਪੈ ਕੇ ਅਧੇ ਕਰੂ ਥਾਂ ਸਰੀਰ ਭੇਟ ਕੀਤਾ। ਰੱਬ ਨੇ ਇਸ ਤਰ੍ਹਾਂ ਦੇ ਛਲ ਨਾਲ ਪਤਾਲ ਵਿਚ ਧੱਸਾ ਕੇ ਉਸ ਦਾ ਹੰਕਾਰ ਤੋੜਿਆ ਸੀ—ਗੁਰੂ ਜੀ ਨੇ ਵਾਕ ਉਚਾਰਨ ਕੀਤਾ ਹੈ :

"ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ ॥
ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲ ਰੂਪੁ ਪਛਾਨੈ ॥" (੧੩੪੪)

—o—

ਅਗਰ ਗੁਰੂ ਨਾਨਕ ਦੇਵ ਦੇ ਇਸ ਉਚਾਰਨ ਪਰ ਵਿਸ਼ਵਾਸ਼ ਹੈ ਤਾਂ ਮੰਨਣਾ ਪਏਗਾ ਕਿ ਜੋ ਨਿਰੰਕਾਰ ਤੋਂ ਸਾਕਾਰ ਹੋ ਕੇ ਬਾਵਨ ਰੂਪ ਵਿਚ ਬਲ ਰਾਜੇ ਨੂੰ ਛਲ ਸਕਦਾ ਤਾਂ ਉਹ ਸਾਕਾਰ "ਸਰਗੁਣ ਸਰੂਪ" ਸਤਿਗੁਰੂ ਰੂਪ ਵਿਚ ਗੁਰੂ ਨਾਨਕ ਦੇਵ ਜੀ ਤਾਈਂ ਵੀ ਨਾਮ ਅੰਮ੍ਰਿਤ ਦੀ ਬਖਸ਼ਿਸ਼ ਨਾਲ ਜਗਤ ਗੁਰੂ ਥਾਪ ਕੇ ਭੇਜ ਸਕਦਾ ਹੈ, ਸਮਰਥ ਹੈ। ਤਾਂ ਹੁਣ ਸਮਾਂ ਆਏ ਪਰ ਗੁਰ ਪਰਮੇਸ਼ਵਰ ਨੇ ਸ੍ਰੀ ਗੁਰੂ ਨਾਨਕ ਜੀ ਨੂੰ ਦੇਹਧਾਰੀ ਹੋ ਕੇ ਪ੍ਰਤੱਖ ਦਰਸ਼ਨ ਦਿਤੇ ਅਤੇ ਦਸ ਜਾਮੇ ਤੀਕ ਇਹਨਾਂ ਨੇ ਕਿਵੇਂ ਵਰਤਣਾ ਹੈ—ਕਿਥੇ ਜੋਤ ਸ਼ਕਤ ਨੂੰ ਸਮਰਪਣਾ ਹੈ ? ਸਭ ਕੁਝ ਸਿਖਾ ਕੇ ਸਮਝਾਇਕੇ ਮੋੜ ਭੇਜਿਆ ਸੀ। ਐਸਾ ਹੀ ਨਿਸਚਤ ਹੁੰਦਾ ਹੈ ਤੇ ਭਰਪੂਰ ਸਚਾਈ ਹੈ ਕਿ ਉਹਨਾਂ

ਦਾ ਗੁਰੂ ਨਿਰੰਕਾਰ ਹੈ ਤੇ ਉਸੇ ਨਿਰੰਕਾਰ ਦੇ ਸਿਖ ਹੋ ਕੇ "ਨਾਨਕ ਨਿਰੰਕਾਰੀ" ਕਹਾਏ ਸਨ ਜਿਵੇਂ ਪਿਛੋਂ ਦੇ ਸਤਿਗੁਰੂ ਸ਼ਾਹਿਬਾਨ ਨੇ ਸ਼ਬਦ ਬਾਣੀ ਖੁਦ ਉਚਾਰੀ ਹੈ, ਪਰ ਗੁਰੂ ਨਾਨਕ ਸਾਹਿਬ ਦੇ ਹੋ ਕੇ ਅਖੀਰ ਨੂੰ ਨਾਨਕ ਨਾਮ ਨਾਲ ਹੀ ਸ਼ਬਦ ਸੁਣਾਏ ਅਤੇ ਲਿਖਾਏ ਸਨ।

ਨਾਮਧਾਰੀ ਲੇਖਕ ਨੇ ਗੁਰੂ ਨਾਨਕ ਜੀ ਦੇ ਕਈ ਸ਼ਬਦਾਂ ਦੇ ਹਵਾਲੇ ਦੇ ਕੇ ਇਹ ਸਾਬਤ ਕਰਨਾ ਚਾਹਿਆ ਕਿ ਗੁਰੂ ਜੀ ਦਾ ਆਪਣਾ ਕੋਈ ਦੇਹਧਾਰੀ ਗੁਰੂ ਹੋਰ ਹੈਗਾ ਸੀ। ਜਿਸ ਨੇ ਇਹਨਾਂ ਨੂੰ ਬ੍ਰਹਮ ਵਿਖਾਇਆ ਸੀ—ਸਫਾ ੨੧੭ ਉਤੇ ਉਹ ਐਸੇ ਸ਼ਬਦ ਲਿਖਦਾ ਹੈ :

ਊਚਾ ਊਚਉ ਆਖੀਐ ਕਹਉ ਨ ਦੇਖਿਆ ਜਾਇ ॥
ਜਹ ਦੇਖਾ ਤਹ ਏਕ ਤੂ ਸਤਿਗੁਰ ਦੀਆ ਦਿਖਾਇ ॥
(ਸ੍ਰੀ ਰਾਗ ਮ: ੧, ਪੰਨਾ ੫੫)

ਫੇਰ :—ਹਉ ਨ ਮੂਆ ਮੇਰੀ ਮੁਈ ਬਲਾਇ ॥
ਓਹ ਨ ਮੂਆ ਜੋ ਰਹਿਆ ਸਮਾਇ ॥
ਕਹੁ ਨਾਨਕ ਗੁਰ ਬ੍ਰਹਮ ਦਿਖਾਇਆ ॥
ਮਰਤਾ ਜਾਤਾ ਨਦਰ ਨਾ ਆਇਆ ॥ (੧੫੨)

ਇਤਆਦਿਕ ਗੁਰੂ ਵਾਕਾਂ ਤੋਂ ਇਹ ਮਤਲਬ ਨਹੀਂ ਲੈਣਾ ਕਿ ਗੁਰੂ ਜੀ ਦਾ ਕੋਈ ਹੋਰ ਗੁਰੂ ਸੀ। ਜਿਸ ਨੇ ਉਹਨਾਂ ਨੂੰ ਬ੍ਰਹਮ ਦਿਖਾਇਆ ਹੈ। ਬਲਕਿ ਇਹ ਭਾਵ ਹੈ ਕਿ "ਬ੍ਰਹਮ ਗੁਰੂ" ਨਿਰੰਕਾਰ ਨੇ ਸਾਕਾਰ ਹੋ ਕੇ ਆਪਣਾ ਬ੍ਰਹਮ ਸਰੂਪ (ਸਰਬ-ਵਿਆਪੀ) ਸਮਝਾਇਆ ਹੈ। ਅਥਵਾ ਸਿਖ ਰੂਪ ਵਿਚ ਹੋ ਕੇ ਉਹਨਾਂ ਨੇ ਆਪਣੇ "ਗੁਰ ਪਰਮੇਸ਼ਰ" ਤੋਂ ਜੋ ਕੁਝ ਪ੍ਰਾਪਤ ਕੀਤਾ ਸੀ—ਉਹ ਜਗਤ ਜੀਵਾਂ ਜਾਂ ਆਪਣੇ ਗੁਰਸਿਖਾਂ ਨੂੰ "ਸ਼ਬਦ ਗੁਰੂ" ਜਾਂ ਫਿਰ ਬਾਅਦ ਦੀਆਂ ਹੋਣ ਵਾਲੀਆਂ ਗੁਰੂ ਵਿਅਕਤੀਆਂ ਉਤੇ ਭਰੋਸਾ ਤੇ ਵਿਸ਼ਵਾਸ ਵਿਵਸਥਾ ਵਧਾਉਣ ਨੂੰ ਫੁਰਮਾਇਆ ਹੈ।

ਅਗਰ ਐਸਾ ਨਹੀਂ ਹੈ ਤਾਂ ਇਹ ਦਸਿਆ ਜਾਏ ਕਿ ਗੁਰੂ ਨਾਨਕ ਦੇਵ ਨਾਲ ਸਿੱਧ ਜਦੋਂ ਚਰਚਾ ਕਰਨ ਨੂੰ ਆਏ ਤਾਂ ਗੁਰੂ ਸਾਹਿਬ ਕੋਲ ਉਸ ਵੇਲੇ ਕਿਹੜਾ ਦੇਹਧਾਰੀ ਗੁਰੂ ਬੈਠਾ ਸੀ ਕਿ ਜਿਸ ਤੋਂ ਇਹ ਮੰਗ ਕੀਤੀ ਸੀ ਕਿ ਇਹਨਾਂ ਸਿੱਧਾਂ ਜੋਗੀਆਂ ਪਾਸੋਂ ਨਿਸਚੇ ਹੀ (ਚਰਚਾ ਵਿਚ ਜਿੱਤ ਦੀ) ਵਡਿਆਈ ਦੇਵੇ—ਐਸਾ ਸ਼ਬਦ ਫੁਰਮਾਇਆ ਹੈ—

ਰਾਮਕਲੀ ਮਹਲਾ ੧

ਹਮ ਡੋਲਤ ਬੇੜੀ ਪਾਪ ਭਰੀ ਹੈ ਪਵਣੁ ਲਗੈ ਮਤੁ ਜਾਈ ॥
ਸਨਮੁਖ ਸਿਧ ਭੇਟਣ ਕਉ ਆਏ ਨਿਹਚਉ ਦੇਹਿ ਵਡਿਆਈ ॥
"ਗੁਰ ਤਾਰ ਤਾਰਣਹਾਰਿਆ ॥"
ਦੇਹਿ ਭਗਤਿ ਪੂਰਨ ਅਵਿਨਾਸੀ ਹਉ ਤੁਝ ਕਉ ਬਲਿਹਾਰਿਆ ॥ (੮੭੮)

ਭਾਵ—ਹੇ ਗੁਰੂ ਪਰਮੇਸਰ ਜੀਉ (ਗੁਰੂ ਜੀ ਪ੍ਰਾਰਥਨਾ ਕਰਦੇ) ਇਹ ਸਰੀਰਕ

ਬੇੜੀ ਪਾਪਾਂ ਨਾਲ ਭਰੀ ਪਈ ਹੈ। ਸਿੱਧਾਂ ਜੋਗੀਆਂ ਨੇ ਕਰਾਮਾਤਾਂ ਦੀ (ਅਥਵਾ ਚਰਚਾ ਦੀ) ਪਵਨ ਝੁਲਾਣੀ ਹੈ। ਇਸ ਨਾਲ ਮਤਾਂ ਡੋਲ ਨ ਜਾਇ। ਹੇ ਗੁਰੂ ਪਰਮੇਸ਼ਰ ਜੀ ਮੈਨੂੰ ਤਾਰ ਲੈਣਾ, ਤੁਸੀਂ ਤਾਰਣ ਹਾਰੇ ਹੋ ਅਤੇ ਇਸ ਸਿੱਧ ਮੰਡਲੀ ਤੋਂ (ਜਿੱਤ ਦੀ) ਵਡਿਆਈ ਨਿਹਚਉ ਹੀ ਦੇਵੋ (ਜਰੂਰ ਹੀ ਵਡਿਆਈ ਮਿਲੇ) ਮੈਨੂੰ। ਹੇ ਪੂਰਨ ਅਬਿਨਾਸ਼ੀ (ਗੁਰੂ) ਆਪਣੀ ਭਗਤੀ ਦੇਵੋ। (ਇਹ ਨਿਰੋਲ ਗੁਰੂ ਪਰਮੇਸ਼ਵਰ ਤੋਂ ਮੰਗ ਕੀਤੀ ਹੈ)।

ਨੋਟ :—ਨਿਸਚੇ ਹੀ ਇਹ ਵਡਿਆਈ ਗੁਰੂ ਜੀ ਨੂੰ ਪ੍ਰਾਪਤ ਹੋਈ ਸੀ ਤੇ ਸੀਨੇ ਬਸੀਨੇ ਸੁਣੀ ਵਾਰਤਾ ਨੂੰ ਭਾਈ ਗੁਰਦਾਸ ਜੀ ਨੇ ਐਸਾ ਲਿਖਿਆ——

"ਸ਼ਬਦ ਜਿਤੀ ਸਿਧ ਮੰਡਲੀ ਕੀਤੋ ਨੇ ਅਪਨਾ ਪੰਥ ਨਿਰਾਲਾ ॥

ਸਿੱਧਾਂ ਨੇ ਫੇਰ ਪੁਛਿਆ—ਸਪਸ਼ਟ ਦਸੀਏ, ਤੁਸੀਂ ਕੌਣ ਗੁਰੂ ਧਾਰਨ ਕੀਤਾ ਤਾਂ ਉਤਰ ਦਿਤਾ। ਇਉਂ ਦਸਿਆ—

"ਗੁਰੂ ਆਦਿ ਪੁਰਖੁ ਹਰਿ ਪਾਇਆ ॥" (ਰਾਮਕਲੀ ਮ: ੧, ੯੦੯)

ਫੇਰ ਫੁਰਮਾਇਆ—

ਤੱਤ ਨਰਿੰਜਨ ਜੋਤੁ ਸਬਾਈ ਸੋਹੰ ਭੇਦ ਨ ਕੋਈ ਜੀਉ ॥
ਅਪਰੰਪਰ ਪਾਰਬ੍ਰਹਮ ਪਰਮੇਸ਼ਰ ਨਾਨਕ ਗੁਰ ਮਿਲਿਆ ਸੋਈ ਜੀਉ ॥
(ਸੋਰਠ ਮ: ੧)

ਫੇਰ ਫੁਰਮਾਇਆ—

ਗੁਰ ਪਰਮੇਸਰ ਨਾਨਕ ਭੇਟਿਉ ਸਾਚੈ ਸਬਦਿ ਨਿਬੇਰਾ ॥ (ਮ: ੧-੯੦੮)

ਗੁਰੂ ਜੀ ਹੋਰ ਫੁਰਮਾਇਆ—

ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤ ਲਾਗਿ ਰਹੀ ॥
ਕੋਇਲੇ ਪਾਪ ਪੜੇ ਤਿਸੁ ਊਪਰਿ ਮਨ ਜਲਿਆ ਸੰਨੀ ਚਿੰਤ ਭਈ ॥
ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥
ਏਕ ਨਾਮ ਅੰਮ੍ਰਿਤੁ ਓਹ ਦੇਵੈ ਤਉ ਨਾਨਕ ਤ੍ਰਿਸਟਸ ਦੇਹਾ ॥
(ਮਹਲਾ ੧—੯੯੦)

ਇਥੇ ਨਾਮਧਾਰੀ ਸੰਤ ਹੀ ਦਸ ਦੇਣ ਕਿ ਕਿਹੜੇ ਗੁਰੂ ਵਲ ਇਸ਼ਾਰਾ ਕਰਦੇ ਗੁਰੂ ਜੀ ਸਮਝਾਂਦੇ ਹਨ ? ਕਿ ਉਹ "ਨਾਮ ਅੰਮ੍ਰਿਤ" ਦੇਵੇ ਤਾਂ ਸਰੀਰ ਸੰਤੁਸ਼ਟ ਹੋਵੇ। ਸਵਸੁਤ ਪਵਿਤਰ ਹੋਵੇ ? ਤਾਂ ਮੰਨ ਜਾਈਏ ਕਿ ਜਿਸ ਗੁਰੂ ਪ੍ਰਮੇਸ਼ਰ ਤੋਂ ਉਹਨਾਂ ਨੇ ਨਾਮ ਅੰਮ੍ਰਿਤ ਪ੍ਰਾਪਤ ਕੀਤਾ ਸੀ, ਉਸੇ ਵਲ ਇਸ਼ਰਾ ਹੈ। ਅਗੇ ਹੋਰ ਦੇਖੀਏ। ਭਾਈ ਗੁਰਦਾਸ ਜੀ ਨੇ ਵਾਰ ਪਹਿਲੀ ਪਉੜੀ ੨੪ ਵਿਚ ਲਿਖਿਆ ਹੈ—

ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋਂ ਦੇ ਫਿਰਿ ਘਾਲ ਕਮਾਈ ॥
......ਬਾਬਾ ਪੈਧਾ ਸਚਿ ਖੰਡਿ ਨਉਨਿਧਿ ਨਾਮੁ ਗਰੀਬੀ ਪਾਈ ॥

ਭਾਵ—ਉਹ ਵੇਈਂ ਨਦੀ ਵਿਚੋਂ ਲੋਪ ਹੋ ਕੇ ਸਚਖੰਡ ਪੁਜੇ ਤੇ ਉਥੋਂ ਪਹਿਲੇ ਹੀ ਬਖਸ਼ ਨਾਮ ਅੰਮ੍ਰਿਤ ਦੀ ਪ੍ਰਾਪਤ ਕੀਤੀ ਅਤੇ ਘਾਲ ਕਮਾਈ ਨੌਨਿਧ ਨਾਮ

ਦੀ ਤੇ ਗਰੀਬੀ ਦੀ ਵਰਤੋਂ ਪਿਛੋਂ ਕੀਤੀ ਅਤੇ ਐਸੀ ਘਾਲ ਕਰਨੀ ਆਪਣੇ ਸਿਖਾਂ ਨੂੰ ਸਿਖਾਈ।

ਇਸ ਤੋਂ ਵਧ ਕੇ ਗੁਰੂ ਨਾਨਕ ਦੇਵ ਦੇ "ਗੁਰੂ ਅਕਾਲ ਪੁਰਖ" ਹੋਣ ਦਾ ਹੋਰ ਕੀ ਸਬੂਤ ਹੋ ਸਕਦਾ ਹੈ। ਫਿਰ ਉਕਤ ਲਿਖੇ ਵਾਕਾਂ ਤੋਂ ਇਹ ਭਾਵ ਵੀ ਲਿਆ ਜਾ ਸਕਦਾ ਹੈ ਕਿ ਉਹ ਆਪਣੇ ਸਿਖ ਸੇਵਕਾਂ ਨੂੰ ਪਏ ਸਮਝਾਂਦੇ ਹਨ ਕਿ ਮੈਂ ਨਾਨਕ (ਗੁਰੂ) ਤੋਂ ਬਾਅਦ ਦੇ ਜੋਤ ਸਰੂਪੀ ਸਤਿਗੁਰਾਂ ਪਾਸੋਂ ਨਾਮ ਮੰਤਰ ਦੀ ਪ੍ਰਾਪਤੀ ਨਾਲ ਹੀ ਅਧਿਆਤਮਕ ਅਤੇ ਸਰੀਰਕ ਸੰਤੁਸ਼ਟਤਾ ਮਿਲੇਗੀ।

ਵਿਚਾਰ ਦੀ ਗੱਲ ਹੈ। ਅਗਰ ਗੁਰੂ ਅੰਗਦ ਸਾਹਿਬ ਨੇ ਬਾਰ ਬਾਰ ਗੁਰੂ ਨਾਨਕ ਸਾਹਿਬ ਦਾ ਨਾਮ ਲੈ ਕਰਕੇ ਵਡਿਆਇਆ ਹੈ ਕਿ ਗੁਰੂ ਨਾਨਕ ਤੋਂ ਇਹਨਾਂ ਨੂੰ ਇਤਨੀ ਪਦਵੀ ਪ੍ਰਾਪਤ ਹੋਈ ਹੈ, ਅਤੇ ਹੋਰ ਪਿਛੋਂ ਦੇ ਸਾਰੇ ਸਤਿਗੁਰਾਂ ਨੇ ਐਸਾ ਹੀ ਕੀਤਾ ਤਾਂ ਫਿਰ ਨਾਮਧਾਰੀ ਮੇਹਰ ਸਿੰਘ ਦੇ ਵਿਚਾਰਾਂ ਵਿਚ ਇਕੋ ਗੁਰੂ ਨਾਨਕ ਹੀ ਐਸਾ ਅਹਿਸਾਨ ਫਰਾਮੋਸ਼ ਸੀ—ਕਿ ਜਿਸ ਨੇ ਜਿਸ ਗੁਰੂ (ਸਤਿਗੁਰੂ) ਤੋਂ ਇਤਨਾ ਕੁਝ ਪਾਇਆ ਹੋਇਆ ਸੀ ਤੇ ਉਸ ਦੇ ਨਾਮ ਨੂੰ ਛੁਪਾਇ ਰਖਿਆ ਹੈ। ਐਸਾ ਕੌਣ ਮੰਨ ਸਕਦਾ ਹੈ ? ਉਹਨਾਂ ਦਾ ਗੁਰੂ (ਸਤਿਗੁਰੂ) ਕੇਵਲ ਅਕਾਲ ਪੁਰਖ ਸੀ। ਜਿਸ ਤੋਂ ਉਹਨਾ ਨੂੰ ਨਾਮ ਅੰਮ੍ਰਿਤ ਪ੍ਰਾਪਤ ਹੋਇਆ ਸੀ ਤੇ ਇਸ ਗਲ ਦਾ ਪ੍ਰਗਟਾਉ ਉਨ੍ਹਾਂ ਬਾਣੀ ਵਿਚ ਕਈ ਥਾਈਂ ਕੀਤਾ ਹੈ।

ਜੇਕਰ ਗੁਰੂ ਨਾਨਕ ਦੇਵ ਦਾ ਗੁਰੂ ਕੋਈ ਹੋਰ ਕਿਸੇ ਥਾਂ ਦਾ ਸੰਤ ਮਹੰਤ ਹੁੰਦਾ ਤਾਂ ਉਹਨਾਂ ਨੇ ਉਸ ਦੇਹਧਾਰੀ ਗੁਰੂ ਦਾ ਨਾਮ—ਉਸ ਦੇ ਪਿੜਾ ਪਿਤਾਮਾ ਦੇ ਦਾਦਾ ਗੁਰੂ ਦਾ ਨਾਮ ਵੀ ਗੁਰੂ ਅੰਗਦ ਜੀ ਨੂੰ ਦਸਣਾ ਸੀ ਤੇ ਫੇਰ ਗੁਰੂ ਗੋਬਿੰਦ ਸਿੰਘ ਜੀ ਤੀਕ ਪਤਾ ਹੁੰਦਾ। ਤਾਂ ਉਹਨਾਂ ਜਿਥੇ ਆਪਣੇ ਵਡੇ ਵਡੇਰੇ (ਲਉ ਤੇ ਕੁਸੂ) ਤੋਂ ਬੇਦੀ ਸੋਢੀ ਬੰਸ ਦਾ ਅਰੰਭ ਦਸਿਆ ਸੀ। ਉਹਨਾਂ ਨੇ ਇਸ ਗੁਰੂ ਪ੍ਰਨਾਲੀ ਨੂੰ ਸ਼ੁਰੂ ਤੋਂ ਲਿਖਣ ਵਿਚ ਫਰਕ ਨਹੀਂ ਕਰਨਾ ਸੀ।

ਤਾਂਤੇ ਬਿਨਾਂ ਸੰਸਾ ਕੀਤੇ ਮੰਨਣਾ ਪਵੇਗਾ ਕਿ ਗੁਰੂ ਨਾਨਕ ਦੇਵ ਤੋਂ ਪਹਿਲੇ ਵੀ ਤਾਰਿਆਂ ਜਿਵੇਂ ਕੁਝ ਚਮਕਣ ਵਾਲੇ (ਥੋਹੜੀ ਗਿਆਨ ਸ਼ਕਤੀ ਰਖਦੇ) ਗੁਰੂ ਪੀਰ ਵੀ ਹੈਗੇ ਸਨ। ਪਰ ਮਹਾਨ ਭਿਆਨਕ ਕਲਜੁਗ ਵਿਚ ਦੰਭੀ ਪਖੰਡੀ ਕਲਜੁਗੀ ਜੀਵਾਂ ਦੇ ਉਧਾਰ ਵਾਸਤੇ ਸੂਰਜ ਰੂਪ ਪ੍ਰਕਾਸ਼ਨ ਵਾਲੇ ਦੀ ਲੋੜ ਸੀ। ਤਦੇ ਹੀ ਪੂਰਨ ਸ਼ਕਤੀ-ਵਾਨ ਭਗਵਾਨ ਨੇ ਪੂਰਨ ਸ਼ਕਤੀ ਸੰਪੰਨ ਕਰਕੇ ਸ੍ਰੀ ਨਾਨਕ ਜੀ ਨੂੰ ਗੁਰੂ ਅਵਤਾਰ ਬਣਾ ਭੇਜਿਆ ਸੀ।

ਉਹ ਪੂਰਨ ਸਮਰਥ ਵੀ ਸਨ, ਅਤੇ ਬਾਲਪਨ ਵੇਲੇ ਹੀ ਉਹਨਾਂ ਦੇ ਕਈ ਚਮਤਕਾਰਾਂ ਨੇ ਲੋਕਾਂ ਨੂੰ ਉਹਨਾਂ ਪਰ ਪ੍ਰਭਾਵਤ ਕੀਤਾ ਸੀ। ਉਹਨਾਂ ਲੋਕ ਗੀਤ ਅਨੁਸਾਰ ਪੰਡਤਾਂ ਪਾਂਧਿਆਂ ਪਾਸੋਂ ਪੜ੍ਹਨਾ ਵੀ ਕੀਤਾ ਸੀ। ਪਰ ਅਸਲ ਵਿਚ ਇਸੇ ਬਹਾਨੇ ਉਹਨਾਂ ਨਾਲ ਗਿਆਨ ਚਰਚਾ ਕਰਕੇ ਉਹਨਾਂ ਤਾਈਂ ਬਹੁਤ ਬਿਸਮਾਇਆ ਸੀ। ਤਦ ਵੀ ਅਜੇ ਤੀਕ ਗੁਰੂ ਰੂਪ ਹੋ ਕੇ ਕਿਸੇ ਇਕੋ ਨਾਮ ਮੰਤਰ ਦਾ ਉਪਦੇਸ਼ ਕਿਸੇ ਨੂੰ ਨਹੀਂ ਸੁਣਾਇਆ ਸੀ।

ਇਹ ਸ਼ੁਭ ਕਾਰ ਉਸ ਦਿਨ ਤੋਂ ਆਪ ਜੀ ਨੇ ਅਰੰਭ ਕੀਤੀ ਸੀ ਕਿ ਜਿਸ ਦਿਨ ਜਗਤ ਗੁਰੂ ਪਦਵੀ ਪ੍ਰਾਪਤ ਕਰਕੇ ਵੇਈਂ ਨਦੀ ਵਿਚੋਂ ਪਰਤ ਕੇ ਨਿਕਲੇ ਸਨ। ਤਦ ਆਪਣੇ ਨਾਮ ਮੰਤਰ ਦਾ ਉਪਦੇਸ਼ ਪਹਿਲੇ ਗੁਰੂ ਰੂਪ ਵਿਚ ਆਪਣੇ ਪ੍ਰਵਾਰ ਪ੍ਰਤੀ ਸੁਣਾਇਆ। ਫਿਰ ਹੋਰ ਨਿਕਟ ਵਰਤੀ ਲੋਕਾਂ ਨੂੰ ਬਖਸ਼ਿਆ ਤੇ ਮੋਦੀ ਖਾਨੇ ਦੀ ਕਾਰ ਤਿਆਗ ਕੇ ਆਪਣੇ ਨੂੰ "ਗੁਰੂ ਰੂਪ" ਵਿਚ ਪ੍ਰਗਟਾਇਆ ਸੀ।

ਇਹ ਸਭ ਕੁਝ ਉਸੇ ਅਕਾਲ ਪੁਰਖ ਦੇ ਹੁਕਮ ਵਿਚ ਕਾਰ ਵਰਤ ਰਹੀ ਸੀ। ਉਹ ਹਰ ਕਿਸੇ ਤੋਂ ਸਭ ਕੁਝ ਕਰਾਂਦਾ ਹੋਇਆ ਵੀ "ਜਿਨ ਉਪਾਈ ਰੰਗ ਰਵਾਈ ਬੈਠਾ ਵੇਖੈ ਵਖ ਇਕੇਲਾ" ਨਿਰਲੇਪ ਹੋ ਕੇ ਵੇਖ ਰਿਹਾ ਸੀ। ਸਮਾਂ ਆਉਣ ਪਰ ਫਿਰ "ਸਤਿਗੁਰ ਵਿਚ ਆਪਿ ਰਖਿਓਨ" ਉਸ ਨੇ ਗੁਰੂ ਨਾਨਕ ਜੀ ਦੇ ਸਰੀਰ ਵਿਚ 'ਸ਼ਬਦ ਗੁਰੂ ਦਾ ਨਿਵਾਸ ਕਰਾਇਆ ਤੇ ਇਸੇ ਸ਼ਬਦ ਗੁਰੂ (ਨਾਮ ਅੰਮ੍ਰਿਤ) ਦੀ ਖੁਲ੍ਹੇ-ਦਿਲ ਬਖਸ਼ਿਸ਼ ਕਰਦਿਆਂ ਨੂੰ ਦੇਖ ਦੇਖ ਕੇ ਹੀ ਮੋਦੀ ਨਾਨਕ ਜੀ ਨੂੰ ਫਿਰ "ਗੁਰੂ ਨਾਨਕ" ਮੰਨ ਕੇ ਲੋਕਾਂ ਨੇ ਸੀਸ ਨਿਵਾਇਆ ਸੀ। ਇਹੋ ਅਸਚਰਜ ਸੀ ਤੇ ਗੁਰੂ ਕਰਤਾਰ ਦੇ ਹੁਕਮ ਵਿਚ ਹੀ ਗੁਰੂ ਨਾਨਕ ਦੇਵ ਨੇ ਨਵੀਨ ਰੂਪ ਦਾ ਨਿਰਮਲ ਪੰਥ ਚਲਾਇਆ ਸੀ।

ਸਭ ਤੋਂ ਵਡੀ ਨਵੀਨਤਾ ਇਹ ਸੀ ਕਿ ਪੁਰਾਤਨ ਅਵਤਾਰਾਂ, ਰਿਸ਼ੀਆਂ ਮੁਨੀਆਂ ਮਹਾਤਮਾਂ ਨੇ ਆਪਣੇ ਚਰਨ ਸੇਵਕਾਂ ਨੂੰ ਚੇਲੇ ਹੀ ਬਣਾਇਆ ਸੀ ਉਹ ਆਪਣੇ ਜਿਹਾ ਸਮਰਥ ਤੇ ਜੋਤ ਸ਼ਕਤ ਸੰਪੰਨ ਕਿਸੇ ਨੂੰ ਨਹੀਂ ਕਰ ਸਕੇ, ਪਰ ਗੁਰੂ ਨਾਨਕ ਦੇਵ ਨੇ ਚੇਲੇ ਨੂੰ (ਲਹਿਣਾ ਜੀ ਨੂੰ) ਸਵੈ-ਸਰੂਪ ਸਤਿਗੁਰੂ ਬਣਾ ਕੇ ਉਸ ਅਗੇ ਨਿਮਸਕਾਰ ਕਰ ਦਿਤੀ ਨੋਂ ਇਹ ਵੀ ਅਸਚੰਰਜ ਹੀ ਸੀ।

ਇਸ ਭਾਰਤ ਭੂਮੀ ਵਿਚ ਪਹਿਲੇ ਤੋਂ ਕਈ ਮਤ ਮਤਾਂਤਰੀ ਪੰਥ ਚਾਲੂ ਸਨ। ਉਹਨਾਂ ਦੇ ਆਪਣੇ ਆਪਣੇ ਮਤ ਵਿਚਾਰ ਤੇ ਵਰਤੋਂ ਵਿਹਾਰ ਵਖੋ ਵਖਰੇ ਸਨ। ਵੇਦ ਗਿਆਨ ਦੇ ਅਧਿਕਾਰੀ ਸਿਰਫ ਛਤਰੀ ਬ੍ਰਹਮਨ ਹੀ ਮੰਨੇ ਗਏ ਸਨ। ਮੁਸਲਮਾਨਾਂ ਵਿਚ ਵਖ ਵਖ ਅਕੀਦੇ ਦੇ ਲੋਕ ਸਨ। ਪਰ ਗੁਰੂ ਨਾਨਕ ਦੇਵ ਜੀ ਨੇ ਗੁਰ ਪਰਮੇਸ਼ਰ ਦੇ ਪੈਦਾ ਕੀਤੇ ਸਾਰੇ ਬੰਦਿਆਂ ਨੂੰ ਭਾਈ ਕਰਕੇ ਜਾਣਿਆ ਤੇ "ਸ਼ਬਦ ਗੁਰੂ" (ਨਾਮ ਮੰਤ੍ਰ) ਉਪਦੇਸ਼ ਚੌਹਾਂ ਵਰਨਾ ਨੂੰ ਸੁਣਾਇਆ ਤੇ ਭਰਾਵਾਂ ਵਾਂਗੂੰ ਪਿਆਰ ਨਾਲ ਮਿਲ ਕੇ ਰਹਿਣਾ ਸਿਖਾਇਆ ਸੀ। ਉਪ੍ਰੰਤ ਨੌਂ ਸਰੀਰਾਂ ਵਿਚ ਜੋਤ ਸ਼ਕਤੀ ਵਰਤਾਇਕੇ ਕਹਿਣੀ ਨੂੰ ਕਰਣੀ ਵਿਚ ਕਰ ਵਿਖਾਇਆ, ਤੇ ਸਿਖਾਂ ਨੂੰ ਐਸੇ ਹੀ "ਸਿਖੀ ਸਿਖਿਆ ਗੁਰ ਵੀਚਾਰ" ਦਾ ਗਿਆਨ ਕਰਾਕੇ ਪਰਉਪਕਾਰੀ ਬਣਾਇਆ ਸੀ।

ਗੁਰੂ ਅਰਜਨ ਦੇਵ ਜੀ ਨੇ ਇਸ ਨਿਰਮਲ ਪੰਥ ਦੀ ਸਮਾਨਤਾ ਨੂੰ ਹੋਰ ਵਧਾਣਾ ਕੀਤਾ ਕਿ ਵਖੋ ਵਖ ਜਾਤੀਆ ਦੇ (ਅਖੌਤੀ ਅਛੂਤ) ਭਗਤਾਂ ਦੀ ਬਾਣੀ ਨੂੰ ਅਪਨਾਇਆ ਤੇ ਗੁਰੂ ਗ੍ਰੰਥ ਜੀ ਵਿਚ ਲਿਖਾਇਆ ਸੀ। ਭਾਵ—ਜਿਵੇਂ ਆਪਣਾ ਗੁਰੂ ਉਪਦੇਸ਼ ਚੌਹਾਂ ਵਰਨਾਂ ਲਈ ਸਾਂਝਾ ਕੀਤਾ—ਤਿਵੇਂ ਉਹਨਾਂ ਭਗਤਾਂ ਦੀ ਉੱਤਮ ਬਾਣੀ ਨੂੰ ਬਿਨਾਂ ਵਿਤਕਰੇ ਦੇ ਸਿਖਾਂ ਪ੍ਰਤੀ ਪੜ੍ਹਨਾ ਸਿਖਾਇਆ ਸੀ। ਫਿਰ ਗੁਰੂ ਗੋਬਿੰਦ ਸਿੰਘ ਰੂਪ ਦਸਵੇਂ ਜਾਮੇ ਵਿਚ ਹੋ ਕੇ ਅਕਾਲ ਪੁਰਖ ਦੇ ਹੁਕਮ ਨਾਲ ਹੀ ਨਿਰਮਲ ਪੰਥ ਦੇ ਪੰਥੀਆਂ ਦਾ ਤੇ ਚਰਨਾਮ੍ਰਿਤ ਦੀ ਰੀਤ ਨੂੰ ਬਦਲਕੇ ਵਖ ਵਖ ਪ੍ਰਦੇਸ਼ਾਂ ਦੇ ਵਖੋ ਵਖ ਜਾਤੀਆਂ ਦੇ

ਪੰਜ ਪਿਆਰਿਆਂ ਨੂੰ ਇਕੋ ਬਾਟੇ ਵਿਚ ਖੰਡੇ ਦਾ ਅੰਮ੍ਰਿਤ ਛਕਾਇਕੇ ਨਿਰਮਲ ਪੰਥ ਨੂੰ "ਖਾਲਸਾ ਪੰਥ" ਰੂਪ ਪ੍ਰਗਟਾਇਆ ਦਸਿਆ ਸੀ।

ਸੰਮਤ ੧੭੫੬ ਦੀ ਵਿਸਾਖੀ ਦਾ ਇਹੋ ਸ਼ੁਭ ਦਿਨ ਸੀ ਜਿਸ ਦਿਨ ਖਾਲਸਾ ਪੰਥ ਦਾ ਜਨਮ ਹੋਇਆ ਤੇ ਪੰਜ ਪਿਆਰਿਆਂ ਨੂੰ "ਗੁਰੂ ਖਾਲਸਾ" ਦੀ ਪਦਵੀ ਦਿੰਦੇ ਹੋਇਆਂ ਉਹਨਾਂ ਤੋਂ ਗੁਰੂ ਜੀ ਨੇ ਖੁਦ ਅੰਮ੍ਰਿਤਪਾਨ ਕੀਤਾ ਤੇ "ਗੁਰੂ ਨਾਨਕ" ਵਾਂਗੂ ਹੀ ਚੇਲਿਆਂ ਨੂੰ ਸਵੈ-ਸਰੂਪਤਾ ਦੇ ਕੇ ਸੀਸ ਨਿਵਾਇਆ ਸੀ। ਐਸਾ ਦੇਖ ਕੇ ਭਾਈ ਗੁਰਦਾਸ ਜੀ ਨੇ ਇਕ ਵਾਰ ਲਿਖੀ ਤੇ "ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰਚੇਲਾ" ਸੁਣਾਇਆ ਸੀ।

ਇਉਂ ਸਮਾਂ ਆਏ ਪਰ ਫਿਰ ਵੇਦ ਫੁਰਮਾਣ, ਭਵਿਖਤ ਪੁਰਾਣ ਦੀ ਲਿਖਤ ਮੁਤਾਬਿਕ ਦਸਮੇਂ ਜਾਮੇਂ ਤਕ ਸਰੀਰਕ ਗੁਰਤਾ ਨੂੰ ਕਾਇਮ ਰਖਿਆ ਅਤੇ ਮਗਰੋਂ ਦੋ ਸਰੀਰਕ ਅਧਿਕਾਰ ਗੁਰੂ ਖਾਲਸੇ ਨੂੰ ਸੌਂਪ ਕੇ ਆਤਮਕ ਜੋਤ ਸ਼ਬਦ ਸਹਿਤ (ਮੌਨੀ) ਸਰੂਪ ਗੁਰੂ ਗ੍ਰੰਥ ਸਾਹਿਬ ਨੂੰ ਗੁਰਗਦੀ ਸਥਾਪਤ ਕੀਤਾ ਸੀ। ਫਿਰ ਪਹਿਲੇ ਦੇ ਨਿਰਮਲ ਪੰਥ ਦੀ ਇਸ ਭਾਰੀ ਤਬਦੀਲੀ ਵਿਚ ਨਾਮ ਮੰਤਰ "ਸ਼ਬਦ ਗੁਰੂ" ਉਪਦੇਸ਼ ਉਹੀ ਰਖਿਆ, ਪਰ ਜੁਗਤਿ ਵਿਚ ਸਮੇਂ ਅਨੁਸਾਰ ਤਬਦੀਲੀ ਕਰਕੇ ਗੁਰੂ ਨਾਨਕ ਨਾਮ ਲੇਵਾ ਖਾਲਸਾ ਪੰਥ ਵਾਸਤੇ—ਇਕੋ ਦੇਹਧਾਰੀ ਗੁਰਤਾ ਨੂੰ ਖਤਮ ਕਰਕੇ-ਪੰਜ ਵਿਅਕਤੀ "ਗੁਰੂ ਖਾਲਸਾ" ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਨਾਮ ਅੰਮ੍ਰਿਤ ਪਰਚਾਰਨ ਦਾ ਹੁਕਮ ਕੀਤਾ ਸੀ।

## ਸਿੰਘ ਸਭਾ ਲਾਹੌਰ ਉਤੇ ਕਰੋਧ

ਨਾਮਧਾਰੀ ਲੇਖਕ ਨੇ ਸ਼ੁਰੂ ਤੋਂ ਅਖੀਰ ਤਕ "ਗੁਰੂ ਗ੍ਰੰਥ ਸਾਹਿਬ" ਦੀ ਗੁਰਿਆਈ ਨੂੰ ਮੰਨਣ ਵਾਲੀਆਂ ਪੁਸਤਕਾਂ—ਰਹਿਤਨਾਮਿਆਂ ਅਤੇ ਗੁਰ ਬਿਲਾਸਾਂ ਦੀਆਂ ਲਿਖਤਾਂ ਨੂੰ ਸਿੰਘ ਸਭਾ ਲਾਹੌਰ ਵਲੋਂ ਬਾਅਦ ਵਿਚ ਖੇਪਕ ਚੜ੍ਹਾਈਆਂ ਲਿਖਤਾਂ ਹੀ ਦਸਿਆ ਹੈ। ਫਿਰ ਬਹੁਤ ਕੋਸਦਾ ਆਇਆ ਹੈ ਅਤੇ ਅਸੀਂ ਮੁਕੰਮਲ ਇਤਿਹਾਸਕ ਸਬੂਤਾਂ ਨਾਲ ਉਸ ਦੀਆਂ ਹੁਜਤਾਂ ਭਰੀਆਂ ਦਲੀਲਾਂ ਨੂੰ ਖੰਡਨ ਕੀਤਾ ਹੈ। ਪਰ ਸਾਡੀ ਵਿਚਾਰ ਦਾ ਇਸ ਪੁਸਤਕ ਦੇ ਛਪੇ ਮਗਰੋਂ ਪੜ੍ਹ ਨਾਲ ਹੀ ਉਸ ਨੂੰ ਪਤਾ ਲਗੇਗਾ ਕਿ ਅਸਲੀਅਤ ਕੀ ਹੈ? ਅਤੇ ਉਹ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਤੋਂ ਇਨਕਾਰ ਕਰਦਾ ਤੇ ਲੋਕਾਂ ਨੂੰ ਅਸ਼ਰਧਕ ਬਣਾਂਦਾ ਹੋਇਆ ਕਿਤਨਾ ਘੋਰ ਅਪਰਾਧ ਦਾ ਭਾਗੀ ਸਾਬਤ ਹੋ ਰਿਹਾ ਹੈ।

ਵਿਚਾਰ ਆਪਣੇ ਆਪਣੇ ਹੁੰਦੇ ਹਨ। ਪਰ ਉਹਨਾਂ ਨੂੰ ਯੋਗ ਥਾਏਂ ਸਮੇਂ ਅਨੁਸਾਰ ਪ੍ਰਗਟ ਕਰਨਾ ਹੀ ਅਕਲਮੰਦੀ ਹੁੰਦੀ ਹੈ। ਅਜ ਤੋਂ ੧੦੦ ਸਾਲ ਪਹਿਲੇ ਦੀ ਸਿੰਘ ਸਭਾ ਲਾਹੌਰ ਨੂੰ ਨਾਮਧਾਰੀ ਲੇਖਕ ਨੇ ਬਹੁਤ ਕੋਸਿਆ ਹੈ। ਉਸ ਵਕਤ ਦੀ ਸਿੰਘ ਸਭਾ ਦੇ ਕੀਤੇ ਕਈ ਫੈਸਲੇ ਸ਼ਾਇਦ ਮੈਨੂੰ (ਦਾਸ ਲੇਖਕ ਨੂੰ) ਵੀ ਪਸੰਦ ਨਹੀਂ ਹਨ। ਪਰ ਨਾਮਧਾਰੀ ਲੇਖਕ ਨੇ ਆਪਣੇ ਪੱਖ ਦੀ ਪੁਸ਼ਟੀ ਵਾਸਤੇ ਆਪਣੀ ਪੁਸਤਕ ਦੇ ਸਫਾ ੧੯੧ ਉਤੇ ਮਹਾਰਾਜਾ ਦਲੀਪ ਸਿੰਘ ਵਲੋਂ ਲੰਡਨ ਤੋਂ (ਪੰਜਾਬ) ਦੇਸ਼ ਵਾਸੀਆਂ

ਵਲ ਇਕ ਚਿਠੀ ਲਿਖੀ ਛਾਪੀ ਜਿਸ ਵਿਚ ਉਸ ਨੇ ਪਰਤ ਕੇ ਸਿਖ ਧਰਮ ਮੁੜ ਗ੍ਰਹਿਣ ਕਰਨ ਦੀ ਇਛਾ ਪ੍ਰਗਟ ਕੀਤੀ ਸੀ।

ਇਸ ਚਿਠੀ ਦੇ ਜਵਾਬ ਵਿਚ ਸਿੰਘ ਸਭਾ ਲਾਹੌਰ ਨੇ ਉਸ ਨੂੰ ਜੋ ਮੋੜਵਾਂ ਉਤਰ ਦਿਤਾ ਸੀ ਤੇ ਪੰਜਾਬ ਵਿਚ ਵਾਪਸ ਆਉਣ ਤੋਂ ਰੋਕਣਾ ਕੀਤਾ ਸੀ ਉਹ ਨਾਵਾਜਬ ਫੈਸਲਾ ਸੀ, ਮੈਨੂੰ ਵੀ ਐਸਾ ਦਿਤਾ ਉਤਰ ਪਸੰਦ ਨਹੀਂ ਆਇਆ ਸੀ। ਪਰ ਉਸ ਵੇਲੇ ਦੇ ਨਾਵਾਜਬ ਉਤਰ ਨੂੰ ਸਾਹਮਣੇ ਲਿਆ ਕੇ ਇਸ ਨਾਮਧਾਰੀ (ਚਾਵਲਾ ਜੀ) ਦਾ ਇਹੋ ਮਤਲਬ ਹੈ ਕਿ ਉਹ ਸਿੰਘ ਸਭਾ ਲਾਹੌਰ ਨੂੰ ਘਟੀਆ ਜਤਾਏ, ਤਦੇ ਇਸ ਵਲੋਂ ਖੇਪਕ ਲਿਖਤਾਂ ਦੇ ਇਲਜ਼ਾਮ ਜੋ ਲਾਏ ਗਏ ਹਨ ਉਹ ਸਾਰੇ ਸਚੇ ਸਮਝੇ ਜਾਣਗੇ। ਤਾਂਤੇ ਐਸਾ ਖਿਆਲ ਕਰਨਾ ਉਸ ਦਾ ਬਿਅਰਥ ਹੈ। ਸਿੰਘ ਸਭਾਈਆਂ ਨੇ ਕੋਈ ਖੇਪਕ ਨਹੀਂ ਲਿਖਿਆ ਬਲਕਿ ਜਿਸ ਕਿਸੇ ਰਹਿਤਨਾਮੀਏ ਵੀ ਲਿਖਿਆ ਹੈ ਉਹ ਸਰਬ-ਲੋਹ ਵਿਚ ਲਿਖਤ ਦੇ ਆਧਾਰ ਤੇ ਲਿਖਿਆ ਹੈ, ਜਿਹਨਾਂ ਤੇ ਸਿੰਘ ਸਭਾ ਨੂੰ ਬਾਰ ਬਾਰ ਕੋਸਨਾ ਠੀਕ ਨਹੀਂ ਹੈ।

ਉਕਤ ਸਿੰਘ ਸਭਾ ਲਾਹੌਰ ਦਾ ਕਰਤਾ ਧਰਤਾ ਪ੍ਰਮੁੱਖ ਉਸ ਵੇਲੇ ਭਾ: ਗੁਰਮੁਖ ਸਿੰਘ ਜਿਸ ਨੂੰ ਉਹ ਕੰਵਰ ਬਿਕ੍ਰਮ ਸਿੰਘ ਦੇ ਖਾਨਸਾਮੇ ਦਾ ਪੁਤਰ ਦਸ ਕੇ ਆਪਣੇ ਮਨ ਦੀ ਭੜਾਸ ਕਢ ਰਿਹਾ ਹੈ ਕਿ—"ਆਗਿਆ ਭਈ ਅਕਾਲ ਕੀ" ਵਾਲਾ ਦੋਹਿਰਾ ਪੰਥ ਪ੍ਰਕਾਸ਼ ਵਿਚ ਚੜਾਏ ਦੀ ਜ਼ਿੰਮੇਵਾਰੀ ਗੁਰਮੁਖ ਸਿੰਘ ਤੇ ਥੋਪਦਾ ਹੈਕਿ ਗਿਆਨੀ ਗਿਆਨ ਸਿੰਘ ਨੇ ਇਸ ਦੇ ਕਹੇ ਮੁਤਬਕ ਇਸ ਦੂਜੀ ਕਿ ਤੀਜੀ ਐਡੀਸ਼ਨ ਵਿਚ ਛਾਪਿਆ ਹੈ।

ਸੰਤ ਮੋਹਰ ਸਿੰਘ ਸਫਾ ੧੯੩ ਪਰ ਲਿਖਦਾ ਕਿ ਇਸ ਕੁਕਰਮ ਦੀ ਜ਼ਿੰਮੇਵਾਰੀ ਗਿਆਨੀ ਗਿਆਨ ਸਿੰਘ ਨੇ ਆਪਣੇ ਸਿਰੋਂ ਲਾਹ ਕੇ ਗੁਰਮੁਖ ਸਿੰਘ ਦੇ ਸਿਰ ਪਾ ਦਿਤੀ ਹੈ। ਹੁਣ ਪਾਠਕ ਖਿਆਲ ਕਰਨ ਕਿ ਇਸ ਮੰਦ-ਵਿਚਾਰ ਰਖਦੇ ਮੋਹਰ ਸਿੰਘ ਨੂੰ ਗੁਰੂ ਗ੍ਰੰਥ ਜੀ ਦੀ ਗੁਰਤਾ ਸਿੱਧ ਹੋਣ ਵਿਚ ਕਿਤਨੀ ਨਫਰਤ ਹੈ ਕਿ ਜਿਸ ਦੋਹਿਰੇ ਵਿਚ—"ਆਗਿਆ ਭਈ ਅਕਾਲ ਕੀ—ਅਤੇ—ਗੁਰੂ ਮਾਨਿਓ ਗ੍ਰੰਥ ਲਿਖਿਆ ਹੈ—ਇਸਦੇ ਪੰਥ ਪ੍ਰਕਾਸ਼ ਵਿਚ ਲਿਖੇ ਜਾਣ ਨੂੰ "ਕੁਕਰਮ" ਸਮਝਦਾ ਹੈ, ਤੇ ਜਿਸ ਵਿਚ ਲਿਖੀ ਗੁਰਬਾਣੀ ਦਾ ਸਹਾਰਾ ਪਾ ਕੇ ਉਹ ਦੇਹਧਾਰੀ ਗੁਰੂ ਦਾ ਮੰਡਨ ਕਰਦਾ ਹੈ ਉਸੇ ਹੀ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਲਿਖਣ ਦੇ ਕਰਮ ਨੂੰ ਕੁਕਰਮ ਸਮਝਦਾ ਹੈ। ਹੈਰਾਨੀ ਹੈ, ਐਸੀ ਨੀਯਤ ਰਖਦੇ ਪਰ।

## ਸੌ ਸਾਖੀਆਂ ਦੇ ਹਵਾਲੇ

ਪੁਸਤਕ ਪੁਰਖ ਗੁਰੂ ਦੇ ਲੇਖਕ ਮੋਹਰ ਸਿੰਘ (ਐਮ.ਐਸ.) ਚਾਵਲਾ ਨੇ ਜਿਤਨੇ ਸਿਰਲੇਖਾਂ ਹੇਠ ਮਜ਼ਮੂਨ ਲਿਖੇ ਹਨ ਉਹਨਾਂ ਸਾਰਿਆਂ ਵਿਚ ਉਸ ਨੇ ਕਈ ਤਰ੍ਹਾਂ ਦੀਆਂ ਹੁਜਤਾਂ ਭਰੀਆਂ ਦਲੀਲਾਂ ਨਾਲ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਦਾ ਖੰਡਨ ਕੀਤਾ ਅਤੇ ਅਸੀਂ ਪੂਰੇ ਵਿਸਥਾਰ ਨਾਲ "ਸ੍ਰੀ ਗੁਰੂ ਗ੍ਰੰਥ ਸਾਹਿਬ" ਦੀ ਗੁਰਤਾ ਸਥਾਪਨ ਸਬੰਧੀ ਸ੍ਰੀ ਮੁਖਵਾਕ ਪਾਤਸ਼ਾਹੀ ਦਸਵੀਂ' (ਸ੍ਰੀ ਸਰਬ-ਲੋਹ) ਵਿਚੋਂ ਅਤੇ ਹੋਰ ਕਈ ਇਤਿਹਾਸਕ ਤੇ ਵਿਚਾਰ ਕਸਵਟੀ ਉਤੇ ਪਰਖੀਆਂ ਦਲੀਲਾਂ ਨਾਲ ਸਾਬਤ ਕੀਤਾ ਹੈ ਕਿ ਸਿਖ ਪੰਥ ਦਾ

ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਜੋ ਸ੍ਰੀ ਸਰਬ-ਲੋਹ ਗ੍ਰੰਥ ਸਾਹਿਬ ਵਿਚ ਗੁਰੂ ਦਸਮੇਸ਼ ਜੀ ਨੇ ਆਪਣੇ ਤੋਂ ਬਾਹਦ ਗੁਰਗਦੀ ਦਾ ਵਾਰਸ "ਸਤਿਗੁਰੂ ਗ੍ਰੰਥ" ਸਥਾਪਨਾ ਕੀਤਾ ਲਿਖਿਆ ਹੈ ਤੇ ਇਉਂ ਦਸਿਆ ਹੈ—"ਆਪਨ ਪੌ ਸ੍ਰੀ ਖਾਲਸੇ ਦੀਨਾ—ਦੁਤਿਯ ਰੂਪ ਸਤਿਗੁਰੂ ਗ੍ਰੰਥ" ? ਭਾਵ—ਦਸ ਪਾਤਸ਼ਾਹੀਆਂ ਸਰੀਰਧਾਰੀ ਹੋ ਕੇ ਇਕੋ ਇਕ ਰੂਪ ਵਿਚ ਵਰਤੀਆਂ ਹਨ। ਹੁਣ "ਆਪਨ ਪੌ" ਮੈਨੇ (ਸਰੀਰਕ ਅਧਿਕਾਰ) "ਸ੍ਰੀ ਖਾਲਸੇ" (ਪੰਜ ਪਿਆਰਿਆਂ) ਨੂੰ ਦਿਤਾ। ਦੂਜਾ ਆਤਮਕ ਜੋਤ "ਸ਼ਬਦ ਗੁਰੂ" "ਸਤਿਗੁਰੂ ਗ੍ਰੰਥ" ਫੁਰਮਾਇਆ ਤੇ ਇਸ ਤਰ੍ਹਾਂ ਨਾਲ ਦਸ ਪਹਿਲੇ ਸਰੀਰਧਾਰੀ—ਅਤੇ ਦੋ ਸਰੂਪੀ ਇਹ ਸਤਿਗੁਰੂ ਵੀ ਇਕੋ ਜੋਤ ਸਰੂਪ ਦਸਦੇ ਹੋਇਆਂ ੧੨ ਭਾਨ (ਸੂਰਜ) ਪ੍ਰਗਟੇ ਫੁਰਮਾਇਆ ਹੈ।

ਪਿਛਲੇ ਲੇਖ ਵਿਚ ਚਾਵਲਾ ਮੇਹਰ ਸਿੰਘ ਨੇ ਗਿਆਨੀ ਗਿਆਨ ਸਿੰਘ ਨੂੰ ਕੋਸਿਆ ਹੈ ਕਿ ਉਸ ਨੇ "ਗੁਰੂ ਮਾਨਿਓ ਗ੍ਰੰਥ" ਵਾਲਾ ਦੋਹਿਰਾ ਲਿਖਣ ਦੇ ਕੁਕਰਮ ਦੀ ਜਿੰਮੇਵਾਰੀ ਗੁਰਮੁਖ ਸਿੰਘ ਤੇ ਪਾ ਦਿਤੀ। ਉਸ ਨੂੰ ਇਹ ਵੀ ਦਸਣਾ ਚਾਹੀਏ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਗੁਰੂ ਗ੍ਰੰਥ ਜੀ ਨੂੰ ਗੁਰਤਾ ਦਿਤੀ ੧੨ਵਾਂ ਸੂਰਜ ਲਿਖਿਆ ਹੈ, ਕੀ ਨਾਮਧਾਰੀ ਦੇ ਖਿਆਲ ਵਿਚ ਇਹ ਵੀ ਕੁਕਰਮ ਕੀਤਾ ਹੈ ?

ਮੇਹਰ ਸਿੰਘ ਨੇ ਆਪਣੀ ਕਲਮ ਨਾਲ "ਪੁਰਖ ਗੁਰੂ ਪੁਸਤਕ" ਵਿਚ ਜਿਥੇ ਵੀ ਲਿਖਿਆ ਹੈ—ਗ੍ਰੰਥ ਸਾਹਿਬ ਜਾਂ ਸ੍ਰੀ ਗ੍ਰੰਥ ਸਾਹਿਬ ਲਿਖਿਆ। ਪਰ ਗੁਰੂ ਵਿਸ਼ੇਸ਼ਣ ਨਾਲ "ਗੁਰੂ ਗ੍ਰੰਥ ਸਾਹਿਬ" ਲਿਖਣ ਵਾਲੇ ਨੂੰ ਉਹ "ਕੁਕਰਮ" ਕਰਦਾ ਦਸ ਰਿਹਾ ਹੈ ਫਿਰ ਐਸਾ ਕੁਕਰਮ ਤਾਂ ਬਾਬਾ ਰਾਮ ਸਿੰਘ ਨੇ ਵੀ ਕੀਤਾ ਹੈ। ਉਹਨਾਂ ਨੇ ਰੰਗੂਨ ਤੋਂ ਭੇਜੇ ਹੁਕਮਨਾਮੇ ਵਿਚ ਦੋ ਤਿੰਨ ਵੇਰ "ਸ੍ਰੀ ਗੁਰੂ ਗ੍ਰੰਥ ਸਾਹਿਬ" ਐਸਾ ਲਿਖਿਆ :

> "ਗੁਰੂ ਗ੍ਰੰਥ ਸਾਹਿਬ ਦਾ ਭੋਗ ਪਾਉਣਾ...ਨੇਮ ਨੀਤੀ ਵਿਚ ਜੋ ਚਲੇਗਾ, ਭਾਈ ਖਾਲਸਾ ਜੀ, ਉਸ ਨੂੰ ਦੁਖ ਨਹੀਂ ਹੋਵੇਗਾ—ਪਤ੍ਰਕਾ ੧—ਬਾਬਾ ਰਾਮ ਸਿੰਘ ਜੀ (ਸਿੰਘ ਸਭਾ ਪਤ੍ਰਕਾ ਸਫਾ ੮੩)

ਪਰ ਮੇਹਰ ਸਿੰਘ ਸੰਤ ਜੀ ਇਹੋ ਸਾਬਤ ਕਰਦਾ ਹੈ ਕਿ ਸਿਵਾਏ ਉਸ ਦੇ ਹੋਰ ਜਿਤਨੇ ਲੋਕੀ ਸੰਤ ਮਹੰਤ ਜਾਂ ਸੰਪ੍ਰਦਾਇਕ ਪ੍ਰਮੁਖਾਂ ਨੇ "ਗੁਰੂ ਗ੍ਰੰਥ ਸਾਹਿਬ" ਲਿਖਿਆ ਤੇ ਮੰਨਿਆ ਹੈ, ਬਾਕੀ ਦੇ ਸਾਰੇ ਕੁਕਰਮੀ ਹਨ।

"ਪੁਰਖ ਗੁਰੂ" ਦੀ ਭੂਮਿਕਾ ਵਿਚ ਲਿਖਿਆ ਹੈ ਕਿ ਸੰਤ ਮੇਹਰ ਸਿੰਘ ਨੇ ਅਸੁਖਾਵਾਂ ਸ਼ਬਦ ਕੋਈ ਨਹੀਂ ਵਰਤਿਆ ਹੈ। ਹੁਣ ਮਾਸਟਰ ਜੀ ਖੁਦ ਵੀ ਸੋਚਣ ਕਿ "ਸ੍ਰੀ ਗ੍ਰੰਥ ਸਾਹਿਬ" ਲਿਖੇ ਦੀ ਬਜਾਏ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਦੇ ਜਾਂ ਬੋਲਦੇ ਹਨ ਕੀ ਉਹ ਕੁਕਰਮੀ ਹਨ ? ਐਸੀ ਬੁਧੀ ਰਖਦੇ ਨਾਮਧਾਰੀ ਲੇਖਕ ਅਤੇ ਪ੍ਰਧਾਨ ਜੀ ਦੀ ਇਹੋ ਖਾਹਿਸ਼ ਹੈ, ਅਤੇ ਲਿਖਤੀ ਜਾਂ ਜ਼ਬਾਨੀ ਪ੍ਰਚਾਰਦੇ ਪਏ ਹਨ ਕਿ ਜਿਵੇਂ ਤਿਵੇਂ ਹੋਵੇ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਨੂੰ ਸ਼ੱਕੀ ਦਰਸਾਇਕੇ ਆਪਣੇ ਨਾਮਧਾਰੀ (ਬਾਬਾ ਰਾਮ ਸਿੰਘ) ਨੂੰ ਗੁਰਗਦੀ ਦਾ ਸਹੀ ਵਾਰਸ ੧੨ਵਾਂ ਸਤਿਗੁਰੂ ਪ੍ਰਗਟਾਇਆ ਜਾਏ।

ਬੱਸ ! ਇਹਨਾਂ ਨੂੰ ਆਪਣੇ ਮੱਲਨ ਮਨੋਰਥ ਦੀ ਸਫਲਤਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਦਾ ਪ੍ਰਚਾਰ ਹੀ ਵਡੀ ਰੁਕਾਵਟ ਦਿਸਦੀ ਹੈ। ਇਹਨਾਂ ਨੂੰ ਦੁਖ

ਹੈ ਕਿ ਹੁਣ ਤੋਂ ਕੁਝ ਸਾਲ ਪਹਿਲੋਂ ਹਰ ਇਕ ਗੁਰਦੁਆਰੇ ਵਿਚ 'ਗੁਰੂ ਮਾਨਿਓ ਗ੍ਰੰਥ" ਦਾ ਦੋਹਿਰਾ ਰੋਜ਼ ਨਹੀਂ ਸਨ ਪੜ੍ਹਦੇ ਤੇ ਹੁਣ ਕਿਉਂ ਐਸਾ ਕਰਨ ਲਗੇ ਹਨ। ਪਰ ਇਹਨਾਂ ਨੂੰ ਪਤਾ ਹੋਵੇ ਕਿ ਜਦੋਂ ਘਰ ਨੂੰ ਸੰਨ੍ਹਾਂ ਲਾਉਣ ਵਾਲੇ ਚੋਰ ਬਹੁਤ ਹੋ ਜਾਂਦੇ ਹਨ ਤਾਂ ਘਰ ਦੀ ਰਾਖੀ ਵਾਸਤੇ ਪਹਿਰਾ ਦੇਣਾ ਜ਼ਰੂਰੀ ਹੋ ਜਾਂਦਾ ਹੈ।

ਹੁਣ ਉਹ ਸੌ ਸ਼ਾਖੀ ਦੀਆਂ ਕਈ ਤਰ੍ਹਾਂ ਦੀ ਪੋਥੀਆਂ ਵਿਚੋਂ ਕੁਝ ਐਸੇ ਸਬੂਤ ਪੇਸ਼ ਕਰਕੇ ਸਿਖਾਂ ਨੂੰ ਯਕੀਨ ਕਰਾਉਣਾ ਚਾਹੁੰਦਾ ਹੈ ਕਿ ਬਾਬਾ ਰਾਮ ਸਿੰਘ ਜੀ ਗੁਰੂ ਗੋਬਿੰਦ ਸਿੰਘ ਦਾ ਹੀ ਅਵਤਾਰ ਹਨ ਤੇ ੧੨ਵਾਂ ਸਤਿਗੁਰੂ ਗੱਦੀ ਦੇ ਮਾਲਕ ਵੀ ਇਹੀ ਹਨ। ਇਸ ਦੇ ਜਵਾਬ ਵਿਚ ਹੁਣ ਵਿਸਥਾਰ ਨਾਲ ਅਸੀਂ ਦਸਣਾ ਹੈ।

ਗੁਰੂ ਨਾਨਕ ਦੇਵ ਤੋਂ ਗੁਰੂ ਗੋਬਿੰਦ ਸਿੰਘ ਜੀ ਤੀਕ ਜੋ ਕੁਝ ਕਿਸੇ ਲਿਖਿਆ ਹੈ ਉਹ ਪੁਰਾਤਨ ਸਮੇਂ ਅਨੁਸਾਰ ਹਰ ਇਕ "ਜੀਵਨ ਸਮਾਚਾਰ" ਨੂੰ ਸਾਖੀ ਹੀ ਕਿਹਾ ਜਾਂਦਾ ਸੀ ਤੇ ਹਰ ਲਿਖਤ ਦੇ ਲਿਖਾਰੀ ਨੇ ਆਪਣਾ ਨਾਮ ਵੀ ਦਸਿਆ ਤੇ ਬਹੁਤੇ ਲੇਖਕਾਂ ਨੇ ਕਾਰਨ ਅਤੇ ਸਮਾਂ ਵੀ ਦਸਿਆ ਹੈ। ਜਿਵੇਂ ਗੁਰੂ ਨਾਨਕ ਜੀ ਦੇ ਜੀਵਨ ਸਮਾਚਾਰ ਨੂੰ ਜਨਮ ਸਾਖੀ ਕਿਹਾ ਹੈ।

ਉਸ ਤੋਂ ਬਾਅਦ ਭਾਈ ਬੁਢਾ ਸਾਹਿਬ ਨੇ ਜੋ ਕੁਝ ਲਿਖਿਆ ਸੀ ਉਹ ਵੀ ਸਾਖੀਆਂ ਹੀ ਸਨ ਤੇ ਉਹਨਾਂ ਤੋਂ ਭਾਈ ਸਾਹਿਬ ਰਾਮ ਕੌਰ ਜੀ ਨੇ ਲਿਖਿਆ ਤੇ ਇਹਨਾਂ ਦੀ ਲਿਖਤ ਦੇ ਆਧਾਰ ਤੇ ਪਹਿਲੇ ਸਾਹਿਬ ਸਿੰਘ ਨਾਮ ਦੇ ਕਿਸੇ ਲਿਖਾਰੀ ਨੇ ਫਿਰ ਭਾਈ ਸੰਤੋਖ ਸਿੰਘ ਜੀ ਕਵੀ ਨੇ ਸੂਰਜ ਪ੍ਰਕਾਸ਼ ਲਿਖਿਆ ਅਤੇ ਪਤਾ ਦਿਤਾ ਨੇ ਕਿ ਮੈਨੇ ਸਾਹਿਬ ਸਿੰਘ ਦੀ ਲਿਖਤ ਅਨੁਸਾਰ ਲਿਖਿਆ ਹੈ।

ਉਕਤ ਜਨਮ ਸਾਖੀ ਜੋ ਗੁਰੂ ਅੰਗਦ ਸਾਹਿਬ ਨੇ ਲਿਖਵਾਈ ਸੀ ਉਹਦੀ ਖੁਦ ਵੀ ਅਤੇ ਪਿਛੋਂ ਵੀ ਗੁਰੂ ਅਮਰ ਦਾਸ ਅਤੇ ਗੁਰੂ ਰਾਮਦਾਸ ਦੇ ਦਰਬਾਰ ਵਿਚ ਸ਼ਾਮ ਨੂੰ ਕਥਾ ਹੋਇਆ ਕਰਦੀ ਸੀ ਉਹ ਅਸਲ ਕਾਪੀ ਗੁਰੂ ਰਾਮ ਦਾਸ ਜੀ ਤੋਂ ਬਾਅਦ ਪ੍ਰਿਥੀ ਚੰਦ ਜੀ ਦੇ ਪਾਸ ਤੇ ਇਹਨਾਂ ਦੇ ਸਾਹਿਬਜ਼ਾਦੇ ਮਿਹਰਬਾਨ ਜੀ ਪਾਸ ਰਹੀ, ਤੇ ਇਹਨਾਂ ਨੇ ਅਸਲ ਕਾਪੀ ਉਹਲੇ ਰਖ ਕੇ ਨਵੀਨ ਲਿਖਾਈ ਕੀਤੀ। ਜਿਸ ਵਿਚ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ "ਕਤਕ ਪੂਰਨਮਾਸ਼ੀ" ਦਾ ਬਦਲ ਕੇ ਵਿਸਾਖ-ਸੁਦੀ ਤੀਜ ਦਾ ਇਨ੍ਹਾਂ ਨੇ ਜਿਸ ਮਤਲਬ ਵਾਸਤੇ ਐਸਾ ਕੀਤਾ ਸੀ ਵਿਸਥਾਰ ਨਾਲ ਅਸੀਂ ਆਪਣੀ ਪਹਿਲੋਂ ਲਿਖੀ "**ਵਿਸਾਖ ਨਹੀਂ—ਕਤਕ**" ਨਾਮੀ ਪੁਸਤਕ ਵਿਚ ਗੁਰੂ ਨਾਨਕ ਜਨਮ ਕਤਕ ਦਾ ਹੀ ਸਾਬਤ ਕੀਤਾ ਹੈ।

ਦੂਜੀ ਵੇਰ ਭਾਈ ਹਿੰਦਾਲ ਦੇ ਪੁਤਰ ਨੇ ਜਨਮ ਸਾਖੀ ਜੋ ਸੁਣਦੇ ਰਹੇ ਸੀ ਨਾਲੋ ਨਾਲ ਘਰ ਲਿਖਾਈ ਜਾਰੀ ਰਖੀ, ਜਿਸ ਵਿਚ ਉਸ ਨੇ ਆਪਣੇ ਪਿਤਾ ਭਾਈ ਹਿੰਦਾਲ ਨੂੰ ਬਹੁਤ ਵਡਿਆਇਆ ਤੇ ਗੁਰੂ ਨਾਨਕ ਦੀ ਇਕ (ਨਾਜਾਇਜ਼) ਸ਼ਾਦੀ ਕਰਾਈ ਵੀ ਲਿਖੀ। ਐਸਾ ਹੀ ਹੋਰ ਕਈਆਂ ਨੇ ਕੀਤਾ ਹੋਣਾ ਹੈ।

ਕਵੀ ਸੰਤੋਖ ਸਿੰਘ ਲਿਖਦੇ ਹਨ ਕਿ ਅਸੀਂ ਜਦੋਂ ਸ੍ਰੀ ਨਾਨਕ ਪ੍ਰਕਾਸ਼ ਅਤੇ ਬਾਅਦ ਵਿਚ ਸੂਰਜ ਪ੍ਰਕਾਸ਼ ਲਿਖਣ ਵਾਸਤੇ ਭਾਈ ਸਾਹਿਬ ਸਿੰਘ ਤੋਂ ਅਤੇ ਹੋਰ ਵੀ

ਜਿਥੋਂ ਕਿਤੋਂ ਕੁਝ ਲਿਖਿਆ ਮਿਲਿਆ ਸੀ, ਉਸ ਵਿਚੋਂ ਮਖਣ ਵਾਂਗੂ ਜੋ ਅਸਲੀਅਤ ਸਮਝੀ ਲਿਖ ਲਈ ਤੇ ਬਾਕੀ ਸਾਜ-ਸਮਾਨ ਤਜ ਦਿਤਾ ਸੀ। ਉਸ ਤੋਂ ਸਾਬਤ ਹੁੰਦਾ ਹੈ ਕਿ ਭਾਈ ਬੁਢਾ ਸਾਹਿਬ ਅਤੇ ਭਾਈ ਰਾਮ ਕੌਰ ਨੇ ਜੋ ਕੁਝ ਲਿਖਿਆ ਠੀਕ ਹੋਣਾ, ਪਰ ਭਾਈ ਸਾਹਿਬ ਸਿੰਘ ਨੇ ਵੀ ਕੁਝ ਨਾ ਕੁਝ ਜਰੂਰ ਮਨ ਮਰਜ਼ੀ ਵਰਤੀ ਤੇ ਆਪਣੇ ਮੱਤ ਸਿਧਾਂਤ ਅਨੁਸਾਰ ਹੀ ਕੁਝ ਵਧ ਘਟ ਕਰਕੇ ਲਿਖਿਆ ਹੋਣਾ। ਜੋ ਭਾਈ ਸੰਤੋਖ ਸਿੰਘ ਨੇ ਅਯੋਗ ਜਾਣਿਆ ਤੇ ਛਡਦੇ ਰਹੇ।

ਇਹ ਤਾਂ ਜਨਮ ਸਾਖੀਆਂ ਦਾ ਹਾਲ ਹੈ ਤੇ ਪਹਿਲੇ ਵੇਲਿਆਂ ਵਿਚ ਮਿਹਰਬਾਨ ਸੋਢੀ ਨੇ ਹੋਰ ਆਪਣੀ ਰਚੀ ਬਾਣੀ ਰਲਾ ਕੇ ਨਵਾਂ ਗ੍ਰੰਥ ਵੀ ਲਿਖਿਆ ਅਤੇ ਕਈਆਂ ਹੋਰ ਲਿਖਾਰੀਆਂ ਨੇ ਵੀ ਕੋਲੋਂ ਨਾਨਕ ਨਾਮ ਦੀ ਕਵਿਤਾ (ਸ਼ਬਦ) ਚੜ੍ਹਾਏ ਗਏ ਬੀੜਾਂ ਮੌਜੂਦ ਹਨ। ਤਾਂ ਸੌ ਸਾਖੀਆਂ ਲਿਖਣ ਵਾਲੇ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਜ਼ਬਾਨੀ ਦਸ ਕੇ ਜੋ ਚਾਹਿਆ ਨੇ ਲਿਖਿਆ ਹੋਣਾ ਹੈ ਕੌਣ ਰੋਕਣ ਵਾਲਾ ਸੀ ?

ਇਹੋ ਜਹੀਆਂ ਕਈ ਲਿਖੀਆਂ ਜਨਮ ਸਾਖੀਆਂ ਨੂੰ ਬਹੁਤ ਪੁਰਾਣੀਆਂ ਤੇ ਸਚੀਆਂ ਮੰਨ ਕੇ ਉਕਤ ਜਨਮ ਸਾਖੀਆਂ, ਜਾਂ ੧੦੦ ਸਾਖੀਆਂ ਵਿਚੋਂ ਇਕ ਦਾ ਹਵਾਲਾ ਦਿੰਦੇ ਸੰਤ ਚਾਵਲਾ ਜੀ ਨੇ ਆਪਣੀ ਪੁਸਤਕ ਪੁਰਖ ਗੁਰੂ ਦੇ ਸਫਾ ੨੨੨ ਤੇ ਲਿਖਿਆ ਕਿ ਸਤਿਗੁਰੂ ਰਾਮ ਸਿੰਘ ਜੀ ਢਾਈ ਸੌ ਸਾਲ ਤੀਕ ਦੇਹ ਵਿਚ (ਸਰੀਰ ਵਿਚ) ਰਹਿਣਗੇ। ਉਹ ਇਸ ਜ਼ਿਕਰ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਜ਼ਬਾਨੀ ਦਾ ਹੀ ਲਿਖਿਆ ਦਸਦਾ ਅਤੇ ਨਾਲ ਹੀ ਇਹ ਵੀ ਲਿਖਦਾ ਹੈ :

> "ਇਹ ਗਲ ਜ਼ਰੂਰ ਮੰਨਣੀ ਪਵੇਗੀ ਕਿ ਕਿਸੇ ਸ਼ਰਧਾਹੀਨ ਵਿਅਕਤੀ ਵਾਸਤੇ ਦਸਮੇਸ਼ ਜੀ ਦੇ ਇਹਨਾਂ ਸ੍ਰੀ ਮੁਖ ਵਾਕਾਂ ਨੂੰ (ਨਸਮਝੀ ਕਾਰਨ) ਮੰਨ ਲੈਣਾ ਬਹੁਤ ਹੀ ਮੁਸ਼ਕਲ ਹੈ।"

ਹੁਣ ਪਾਠਕ ਖੁਦ ਹੀ ਵਿਚਾਰਨ ਕਿ ਇਹ ਸੌ ਸਾਖੀਆਂ ਕਿਥੋਂ ਤੀਕ ਮੰਨਣ-ਯੋਗ ਹਨ ? ਅਤੇ ਇਹਨਾਂ ਵਿਚੋਂ ਸ੍ਰੀ ਦਸਮੇਸ਼ ਜੀ ਦੇ ਸ੍ਰੀ ਮੁਖਵਾਕ ਦਸ ਰਿਹਾ ਹੈ। ਹਾਲਾਂ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਜੋ ਵੀ ਕਾਵਿ ਰਚਨਾ (ਸ੍ਰੀ ਜਾਪ ਸਾਹਿਬ ਅਕਾਲ ਉਸਤਤ ਆਦਿਕ) ਨਿਤਨੇਮ ਬਾਣੀ ਹੈ ਇਸ ਨੂੰ ਛਡ ਕੇ ਬਾਕੀ ਦੀ ਸ੍ਰੀ ਦਸਮ ਗ੍ਰੰਥ ਵਿਚ ਕਾਵਿ ਨੂੰ ਸਿਯਾਮ, ਜਾਂ ਰਾਮ, ਜਾਂ ਦਾਸ ਤਖਲਸ ਨਾਲ ਲਿਖ ਮੁਕਾਇਆ ਅਤੇ ਸ੍ਰੀ ਸਰਬ-ਲੋਹ ਵਿਚ ਆਈ ਰਚਨਾ ਨੂੰ ਦਾਸ ਗੋਬਿੰਦ, ਫਤੇ ਸਤਿਗੁਰੂ ਜੀ ਆਦਿਕ ਜਾਂ "ਸ਼ਾਹ ਗੋਬਿੰਦ ਫਤਹ ਸਤਿਗੁਰ ਕੀ" ਐਸਾ ਲਿਖ ਕੇ ਛੰਦ ਖਤਮ ਕੀਤਾ ਹੈ।

ਉਕਤ ਸੌ ਸਾਖੀਆਂ ਦੀ ਨਾ ਚਾਲ ਗੁਰੂ ਜੀ ਦੀ ਨਾਲ ਮਿਲਦੀ ਨਾ ਲਿਖਾਰੀ ਦਾ ਨਾਮ ਪਤਾ ਹੈ। ਫਿਰ ਕਿਸ ਤਰ੍ਹਾਂ ਮੰਨਿਆ ਜਾਏ ਕਿ ਇਹ ਦਸਮੇਸ਼ ਸ੍ਰੀ ਮੁਖਵਾਕ ਹੈ ? ਜੋ ਬਚਨ ਸ੍ਰੀ ਮੁਖਵਾਕ ਉਸ ਵੇਲੇ ਦੇ ਕਵੀ ਲਿਖਾਰੀ ਸੁਣਦੇ ਰਹੇ ਸੀ ਉਹਨਾਂ ਰਹਿਤਨਾਮੇ ਰੂਪ ਲਿਖ, ਤੇ ਆਪਣਾ ਨਾਮ ਪਤਾ ਦਿਤਾ ਹੈ। ਪਰ ਜਿਹਨਾਂ ਸੌ ਸਾਖੀਆਂ (੧੦੦ ਕਥਾਵਾਂ) ਦਾ ਹਵਾਲਾ ਇਹ ਦਿੰਦਾ ਹੈ ਇਹਨਾਂ ਦਾ ਨਾਂ ਕੋਈ ਸਿਰ ਹੈ ਨਾ ਪੈਰ ਹੈ। ਜਿਵੇਂ ਜਨਮ ਸਾਖੀਆਂ ਵਿਚ ਵਾਧਾ ਘਾਟਾ ਕੀਤਾ ਗਿਆ ਹੈ ਤਿਵੇਂ ਜੇਕਰ ਕੋਈ

ਕੁਝ ਸਾਖੀਆਂ ਸਹੀ ਵੀ ਹੈ ਸਨ, ਤਾਂ ਉਹਨਾਂ ਵਿਚ ਵੀ ਬਹੁਤ ਕੁਝ ਘਸੋੜਿਆ ਗਿਆ ਹੈ।

ਇਸ ਵਾਸਤੇ ਉਕਤ ੧੦੦ ਸਾਖੀ ਪੁਸਤਕ ਵਿਚ ਲਿਖੀਆਂ ਪੇਸ਼ੀਨਗੋਈਆਂ ਨੂੰ ਵਿਅਰਥ ਜਾਂ ਖੇਪਕ ਹੀ ਮੰਨਿਆ ਜਾਏਗਾ। ਜਿਸ ਵਿਚ ਲਿਖਾਰੀ ਦਾ ਨਾਂ ਨਾਮ ਹੈ ਨਾ ਪਤਾ ਹੈ। ਉਹ ਵੀ ਇਕ ਦਾ ਸੰਮਤ ੧੯੦੦ ਅਤੇ ਦੂਜੀ ਦੀ ਲਿਖਤ ਦਾ ਸੰਮਤ ੧੯੫੬ ਦਸਦਾ ਹੈ। ਜੋ ਪਹਿਲੀ ਗੁਰੂ ਜੀ ਦੇ ਜੋਤੀ ਜੋਤ ਸਮਾਏ ਮਗਰੋਂ ੩੫ ਸਾਲ ਬਾਅਦ ਤੇ ਦੂਜੀ ੯੧ ਸਾਲ ਬਾਅਦ ਦੀ ਹੈ। ਹੁਣ ਪਾਠਕ ਖੁਦ ਹੀ ਵਿਚਾਰ ਕਰਨ ਕਿ ਬਾਬਾ ਰਾਮ ਸਿੰਘ ਜੀ ਦੀ ਉਮਰ ਵਾਈ ਸੌ ਸਾਲ ਦਸੀ ਠੀਕ ਸਾਬਤ ਹੋਈ ਹੈ, ਜਾਂ ਇਹ ਲਿਖਤ ਗਲਤ ਨਿਕਲੀ ਹੈ। ਐਸੇ ਹੀ ਹੋਰ ਜਾਣੀਏ।

ਮਾਲੂਮ ਇਉਂ ਹੁੰਦਾ ਕਿ ਬਾਬਾ ਰਾਮ ਸਿੰਘ ਦੇ ਮੰਨਣ ਵਾਲਿਆਂ ਨੇ ਉਹਨਾਂ ਦੀ ਗੁਰਮੁਖਤਾ ਤੇ ਪ੍ਰਭਤਾ ਨੂੰ ਫੈਲਦੀ ਦੇਖ ਕੇ ਇਸ ਤਰ੍ਹਾਂ ਦੀਆਂ ਪੇਸ਼ੀਨਗੋਈਆਂ ਨੂੰ ਪਿਛਲੀਆਂ ਤਾਰੀਖਾਂ ਨਾਲ ਲਿਖਿਆ ਤੇ ਅਜ ਦੇ ਨਾਮਧਾਰੀ ਭਗਤਾਂ ਨੇ ਆਪਣੇ ਬਾਬਾ ਜੀ ਨੂੰ ਸ੍ਰੀ ਦਸਮੇਸ਼ ਜੀ ਦਾ ਸਹੀ ਅਵਤਾਰ ਤੇ ਉਹਨਾਂ ਦੀ ਗੁਰਗੱਦੀ ਦਾ ੧੨ਵਾਂ ਸਤਿਗੁਰੂ ਪ੍ਰਚਾਰਨ ਦਾ ਸਾਧਨ ਬਣਾ ਲਿਆ ਹੈ।

ਮੇਰੇ ਖਿਆਲ ਵਿਚ ਜਿਤਨੀ ਬੇਇਨਸਾਫੀ ਤੇ ਅਨਿਆਏ ਬਾਬਾ ਜੀ ਵਾਸਤੇ ਐਸਾ ਪ੍ਰਚਾਰ ਕਰਕੇ ਉਹਨਾਂ ਦੇ ਸਾਦਕਾਂ ਨੇ ਕੀਤਾ ਹੈ ਕੋਈ ਹੋਰ ਨਹੀਂ ਕਰ ਸਕਦਾ। ਅਗਰ ਉਹਨਾਂ ਨੂੰ ਦਸਮੇਸ਼ ਦਾ ਅਵਤਾਰ ਅਤੇ ੧੨ਵਾਂ ਸਤਿਗੁਰ ਨ ਮੰਨਦੇ ਤਾਂ ਐਸੇ ਸੁਧਾਰਕ ਅਤੇ ਸਹੀ ਰੂਪ ਵਿਚ ਸਿਖੀ ਜੀਵਨ ਜੀਉਣ ਦੀ ਜਾਚ ਦਸਣ ਵਾਲੇ ਬਾਬਾ ਰਾਮ ਸਿੰਘ ਜੀ ਦਾ ਪਵਿਤਰ ਜੀਵਨ ਹਰ ਇਕ ਸਿਖ ਪ੍ਰਚਾਰਕ ਵਾਸਤੇ ਧਰਮ ਪ੍ਰਚਾਰ ਦਾ ਸਾਧਨ ਬਣਿਆ ਹੁੰਦਾ ਤੇ ਸਿਖ ਲੇਖਕਾਂ ਨੂੰ ਇਕ ਐਸੀ ਗੁਰਮੁਖ ਜੀਵਨੀ ਨੂੰ ਲਿਖਣ ਦਾ ਸਦਾ ਚਾਉ ਚੜਿਆ ਰਹਿੰਦਾ, ਪਰ ਉਹਨਾਂ ਦੇ ਪੂਜਕਾਂ ਨੇ ਉਹਨਾਂ ਨੂੰ ਗੁਰੂ ਕਾ "ਆਤਮ ਰਸੀਆ ਖਾਲਸਾ" ਰੂਪ ਨਹੀਂ, ਸਗੋਂ ੧੨ਵਾਂ ਸਤਿਗੁਰੂ ਦਸ ਕੇ ਅਨਰਥ ਕੀਤਾ ਹੈ, ਜਿਹਨਾਂ ਨੇ ਸੂਰਜ ਸਮਾਨ ਪੰਥ ਵਿਚ ਚਮਕਣਾ ਸੀ, ਪਰ ਝੂਠੇ ਪ੍ਰਚਾਰ ਦੀ ਅੰਧੇਰੀ ਝੁਲਾ ਕੇ ਢੱਕ ਦਿਤਾ ਹੈ।

ਪਿਆਰੇ ਪਾਠਕਾਂ ਨੂੰ ਸਚਿਆਰ ਬਣ ਕੇ ਵਿਚਾਰਨਾ ਚਾਹੀਦੇ ਕਿ ਜਿਵੇਂ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀਆਂ ਦੇ ਦੂਜੇ ਦੇਸ਼ਾਂ ਵਾਸਤੇ ਦੌਰੇ ਛੇ ਮਹੀਨੇ ਅਤੇ ਸਾਲ ਸਾਲ ਪਹਿਲੇ ਹੀ ਮਿਥੇ ਜਾਂਦੇ ਹਨ। ਤਿਵੇਂ ਗੁਰੂ ਅਵਤਾਰਾਂ ਜਾਂ ਅਵਤਾਰਾਂ ਦੇ ਸੰਸਾਰ ਵਿਚ ਪ੍ਰਗਟਾਉਣ ਦੇ ਭਵਿਖਤ ਵਾਕ ਪਹਿਲੇ ਹੀ ਦਿੱਬ ਦ੍ਰਿਸ਼ਟੀ ਵਾਲਿਆਂ ਵਲੋਂ ਉਚਾਰੇ ਜਾਂਦੇ ਹਨ। ਬਾਬਾ ਜੀ ਬਾਬਤ ਕੋਈ ਪ੍ਰਮਾਣੀਕ ਵਾਕ ਨਹੀਂ।

ਰਿਸ਼ੀ ਬਾਲਮੀਕ ਨੇ ਹਜ਼ਾਰਾਂ ਸਾਲ ਪਹਿਲੋਂ ਹੀ ਸ੍ਰੀ ਰਾਮ ਚੰਦਰ ਅਵਤਾਰ ਦਾ ਹੋਣਾ ਦਸਿਆ ਸੀ। ਰਾਮਾਇਣ ਬਾਲਮੀਕੀ ਪ੍ਰਤੱਖ ਪ੍ਰਮਾਣ ਹੈ। ਗੋਤਮ ਤੱਪੇ ਨੇ ਆਪਣੀ ਇਸਤਰੀ ਅਹਿਲਿਆ ਨੂੰ ਅਚੇਤ ਦੋਸ ਬਦਲੇ ਸੈਲ ਪੱਥਰ ਹੋ ਜਾਣ ਦਾ ਸਰਾਪ ਦਿਤਾ ਸੀ। ਉਸ ਦੀ ਮਿੰਨਤ ਪਰ ਉਹਨਾਂ ਦਸਿਆ ਕਿ ਤ੍ਰੇਤੇ ਵਿਚ ਰਾਮ ਅਵਤਾਰ ਤੇਰਾ ਉਧਾਰ ਕਰਨਗੇ। ਐਸਾ ਹੀ ਹੋਇਆ ਸੀ—

ਕੰਸ ਰਾਜੇ ਨੇ ਭੈਣ ਦੀ ਸ਼ਾਦੀ ਕਰਕੇ ਡੋਲਾ ਤੋਰਿਆ ਤਾਂ ਇਕ ਜੋਤਸ਼ੀ ਰਿਸ਼ੀ ਨੇ ਦਸਿਆ ਸੀ ਇਸ ਦੇ ਪੇਟ ਤੋਂ ਅਠਵਾਂ ਬੱਚਾ ਤੇਰਾ ਕਾਲ ਸਾਬਤ ਹੋਵੇਗਾ। ਉਹ ਐਸਾ ਹੀ ਹੋਇਆ ਸੀ। ਕੰਸ ਨੇ ਭੈਣ ਭਣਵਈਏ ਨੂੰ ਨਜ਼ਰਬੰਦ ਕਰ ਦਿਤਾ ਤੇ ਸਮੇਂ ਸਮੇਂ ੭ ਬਚੇ ਇਹਨਾਂ ਦੇ ਹੋਏ ਜੋ ਕੰਸ ਨੇ ਮਾਰ ਮੁਕਾਏ ਤੇ ਅਠਵੇਂ ਸ੍ਰੀ ਕ੍ਰਿਸ਼ਨ ਜੀ ਨੂੰ ਮਾਰ ਨਾ ਸਕਿਆ ਤੇ ਇਹਨਾਂ ਹਥੋਂ ਉਹਦਾ ਕਾਲ ਹੋਇਆ ਸੀ।

ਗੁਰੂ ਨਾਨਕ ਦੇਵ (ਗੁਰ ਅਵਤਾਰ) ਦੇ ਪ੍ਰਗਟਾਉਣ ਦੀ ਪੇਸ਼ੀਨਗੋਈ ਭਵਿਖਤ ਪੁਰਾਨ ਵਿਚ ਪਹਿਲੇ ਹੀ ਲਿਖੀ ਸੀ। ਗੁਰੂ ਪ੍ਰਗਟਾਏ ਅਤੇ ਉਸੇ ਲਿਖਤ ਮੁਤਾਬਕ ੧੦ ਜਾਮੇ ਧਾਰਨ ਕੀਤੇ ਸੀ। ਫਿਰ ਗੁਰੂ ਨਾਨਕ ਦੇਵ ਨੇ ਦਸਮੇਂ ਜਾਮੇ ਵਿਚ ਪ੍ਰਗਟਾਏ ਕੇ "ਮੂਲੇ ਕਰਾੜ" ਦੀ ਗਤੀ ਕਰਨ ਦਾ ਭਵਿਖਤ ਵਾਕ ਕੀਤਾ ਤੇ ਨਾਂਦੇੜ ਵਿਚ ਸਾਹੇ ਦੀ ਜੂਨ ਪਏ ਮੂਲੇ ਦਾ ਉਧਾਰ ਕੀਤਾ ਸੀ। ਇਹ ਜ਼ਿਕਰ ਇਤਿਹਾਸਕ ਹਨ। ਪਰ ਸੌ ਸਾਖੀ ਦਾ ਕੋਈ ਇਤਿਹਾਸ ਨਹੀਂ ਕਿ ਕਦੋਂ ਤੇ ਕਿਸ ਵੇਲੇ ਗੁਰੂ ਜੀ ਨੇ ਇਹ ਸਾਖੀਆਂ ਲਿਖੀਆਂ ਜਾ ਲਿਖਵਾਈਆਂ ਸਨ। ਫਿਰ ਇਸ ਗਲ ਦੀ ਸਚਾਈ ਕਿਵੇਂ ਹੋਵੇ ਕਿ ਗੁਰੂ ਜੀ ਬਾਬਾ ਰਾਮ ਸਿੰਘ ਰੂਪ ਵਿਚ ਪੁਨਰ ਜਨਮ ਪਾਇਆ ਤੇ ੧੨ਵੇਂ ਰੂਪ ਵਿਚ ਆਪਣੀ ਗੁਰਗਦੀ ਨੂੰ ਮੁੜ ਸੰਭਾਲਿਆ ਸੀ। ਅਗਰ ਇਹ ਨਾਮਧਾਰੀਆਂ ਵਲੋਂ ਨਾਵਲ ਲਿਖਿਆ ਜਾਂ ਪ੍ਰਚਾਰਿਆ ਨਹੀਂ ਗਿਆ ਤਾਂ ਫਿਰ ਗੁਰੂ ਦਸਮੇਸ਼ ਜੀ ਦੀ ਉਸ ਵਕਤ ਦੀ ਆਤਮ ਸ਼ਕਤੀ ਮਨੋ ਬੱਲ ਅਤੇ ਬਾਬਾ ਰਾਮ ਸਿੰਘ ਜੀ ਦੀ ਆਤਮਕ ਸ਼ਕਤੀ ਤੇ ਮਨੋ ਬੱਲ ਤਾਈਂ ਹੁਣ ਉਹਨਾਂ ਦੇ ਜੀਵਨ ਚਰਿਤਰਾਂ ਦੇ ਮੁਕਾਬਲੇ ਨਾਲ ਹੀ ਪਰਖਣਾ ਹੈ।

ਇਹ ਸੌ ਫੀਸਦੀ ਦਰੁਸਤ ਹੈ ਕਿ ਕੋਈ ਕਾਰੀਗਰ—ਲੇਖਕ ਜਾਂ ਦਰਜੀ ਕੋਈ ਆਪਣਾ ਆਪਣਾ ਕੰਮ ਕਰਦਾ ਸੌਂ ਜਾਏ ਤਾਂ ਜਾਗੋ ਵੇਲੇ ਉਹੀ ਕੰਮ ਕਰੇਗਾ ਜੋ ਕਰਦਾ ਸੀ। ਤਿਵੇਂ ਹੀ ਜਿਸ ਬਿਰਤੀ ਦਾ ਕੋਈ ਸਾਧਾਰਨ ਬੰਦਾ ਵੀ ਮੌਤ ਦੀ ਵਡੀ ਨੀਂਦ ਸੌਂ ਜਾਏ ਤਾਂ ਪੁਨਰ ਜਨਮ ਪਾ ਕੇ ਉਸੇ ਬਿਰਤੀ ਵਿਚ ਵਰਤਨਾ ਸ਼ੁਰੂ ਕਰ ਦੇਵੇਗਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਾਈਂ ਲੇਖਕ ਮੋਹਰ ਸਿੰਘ ਵੀ ਸਫਾ ੨੧੯ ਪਰ ਲਿਖਦਾ ਆਇਆ ਕਿ ਗੁਰੂ ਸਵਾਮੀ ਅੰਤਰਯਾਮੀ ਤੇ ਸਰਬ ਸਮਰਥ ਹੋਣ ਕਾਰਨ ਅਡੋਲ ਸਨ। ਇਹ ਠੀਕ ਹੈ ਕਿ ਉਹ ਅੰਤਰਯਾਮੀ ਸਨ ਤਦੇ ਉਹਨਾਂ ਨੇ ਬਚਿਤਰ ਨਾਟਕ ਚੋਧਵੇਂ ਧਿਆਇ ਵਿਚ ਉਹਨਾਂ ਆਪਣੇ ਪੂਰਬਲੇ ਕਈ ਜਨਮ ਧਾਰੇ ਦਾ ਪਤਾ ਦਿਤਾ ਸੀ। ਸਭ ਤੋਂ ਪਹਿਲਾਂ ਸਤਿਜੁਗ ਦਾ ਦਸਿਆ ਤੇ ਉਹ ਸਤਜੁਗ ਵੇਲੇ ਦਾ ਤੱਪ ਅਸਥਾਨ ਨਾਂਦੇੜ ਪ੍ਰਗਟਾਇਆ ਸੀ। ਫਿਰ ਇਸ ਹੁਣ ਦੇ ਜਨਮ ਤੋਂ ਪਹਿਲਾਂ ਹੇਮਕੁੰਟ ਉਤੇ ਸਪਤਸਿੰਗ ਪਰਬਤ ਵਿਚਾਲੇ "ਦੁਸ਼ਟ ਦਮਨ" ਰੂਪ ਵਿਚ ਤਪੱਸਿਆ ਕੀਤੀ ਦਸਿਆ ਤੇ ਉਹ ਅਸਥਾਨ ਠੀਕ ਸਾਬਤ ਹੋਇਆ, ਤੇ ਉਹਨਾਂ ਫੁਰਮਾਇਆ ਹੈ—

ਜੋ ਜੋ ਜਨਮ ਪੂਰਬਲੋ ਭਯੋ ॥ ਸੋ ਸੋ ਸਭ ਸਿਮਰਣ ਕਰਦਯੋ ॥
ਮੋ ਕੋ ਇਤੀ ਹੁਤੀ ਕਹ ਸੁਧੀ ॥ ਜੱਸ ਪ੍ਰਭ ਦਈ ਕ੍ਰਿਪਾ ਕਰ ਬੁਧੀ ॥
...ਪ੍ਰਥਮੇ ਸਤਿਜੁਗ ਜਿਹ ਬਿਧਿ ਲਹਾ ॥ ਪ੍ਰਥਮੇ ਦੇਬਿ ਚਰਿਤ੍ਰ ਕੋ ਕਹਾ ॥

ਗੁਰੂ ਜੀ ਨੇ ਇਸ ਜਨਮ ਤੋਂ ਪਹਿਲਾਂ ਵੀ ਦੁਸ਼ਟਾਂ ਦਾ ਨਾਸ਼ ਕੀਤਾ ਹੋਣਾ ਹੈ ਤਦੇ "ਦੁਸ਼ਟ ਦਮਨ" ਨਾਮ ਪ੍ਰਸਿਧ ਹੋਇਆ ਸੀ ਤੇ ਉਹੀ ਬਿਰਤੀ ਕਾਇਮ ਰਹੀ ਨੇ

ਤਦੋ ਉਹਨਾਂ ਨੇ ਦਸਿਆ ਕਿ ਮੇਰੇ ਆਵਨ ਦਾ ਕਾਰਨ ਮੇਰਾ ਪ੍ਰਯੋਜਨ ਇਹ ਹੈ ਧਿਆਏ ੬ ਵਿਚ ਲਿਖਿਆ :

"ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥ ੪੩੦ ॥

ਦੇਖੋ ! ਅਗਰ ਐਸੇ ਗੁਰੂ ਗੋਬਿੰਦ ਸਿੰਘ ਅੰਤਰਜਾਮੀ ਦੀ ਆਤਮਾ ਬਾਬਾ ਰਾਮ ਸਿੰਘ ਨਾਮੀ ਸਰੀਰ ਵਿਚ ਪ੍ਰਗਟਾਈ ਹੁੰਦੀ ਤਾਂ ਉਹ ਵੀ ਆਪਣੇ ਬੀਤੇ ਜਨਮ ਦਾ ਤੇ ਫਿਰ ਹੋਣ ਵਾਲੇ ਸਮਾਚਾਰ ਦਾ ਕੁਝ ਅਤਾ ਪਤਾ ਹੀ ਜ਼ਰੂਰ ਦਿੰਦੇ। ਪਰ ਉਹਨਾਂ ਨੇ ਦੁਸ਼ਟਾਂ ਨੂੰ ਮਾਰਨ ਦਾ ਯਤਨ ਕੀ ਕਰਨਾ ਸੀ ? ਸੰਤ ਸਿਪਾਹੀਆਂ ਤੋਂ ਸਿਪਾਹੀ ਪੁਣਾ ਛੁਟ ਗਿਆ ਤੇ ਮਾਲਾ ਫੇਰਨੀ ਸਿਖਾਏ ਕੇ ਪਹਿਲੇ ਜ਼ਮਾਨੇ ਵਾਂਗ ਸੰਤ ਜ਼ਰੂਰ ਬਣਾਇਆ ਸੀ।

ਕੌਣ ਨਹੀਂ ਜਾਣਦਾ ਕਿ ਗੁਰੂ ਕੇ ਬਾਗ ਦੇ ਮੋਰਚੇ ਵੇਲੇ ਅਤੇ ਜੈਤੋ ਦੇ ਮੋਰਚੇ ਵੇਲੇ ਅੰਗਰੇਜ਼ੀ ਸਰਕਾਰ ਵਲੋਂ ਸਿਖਾਂ ਉਤੇ ਕੀ ਕੀ ਜ਼ੁਲਮ ਨਹੀਂ ਢਾਏ ਗਏ। ਸੈਂਕੜੇ ਗੋਲੀਆਂ ਨਾਲ ਭੁੰਨੇ ਗਏ ਸੀ। ਪੁਲਸ ਦੀਆਂ ਡਾਂਗਾਂ ਤੇ ਘੋੜਿਆਂ ਦੇ ਖੁਰਾਂ ਹੇਠ ਮਿਧੇ ਜਾਂਦੇ ਭਰਾਵਾਂ ਨੂੰ ਦੇਖ ਕੇ ਫੌਜੀ ਪੈਨਸ਼ਨਰਾਂ ਤੇ ਨਿਰਮਲੇ ਸੰਤਾਂ ਦੀ ਅਣਖ ਵੀ ਜਾਗੀ, ਉਹਨਾਂ ਦੇ ਜਥੇ ਵੀ ਗਏ ਸੀ। ਜਲ੍ਹਿਆਂਵਾਲੇ ਬਾਗ ਵਿਚ ਸੈਂਕੜੇ ਦੇਸ਼ ਭਗਤ ਸਿਖ ਵੀ ਸ਼ਹੀਦ ਹੋਏ ਸੀ, ਪਰ ਨਾਮਧਾਰੀ ਸੰਤ ਕਿਸੇ ਦੀ ਸਰੋਤ ਨਹੀਂ ਸੁਣੀ ਕਿ ਉਹ ਵੀ ਗੁਰੂ ਕੇ ਬਾਗ ਜਾਂ ਜੈਤੋਂ ਵਿਚ ਕੈਦ ਹੋਇਆ ਕਿ ਸ਼ਹੀਦ ਹੋਇਆ ਹੋਵੇ।

ਗੁਰੂ ਗੋਬਿੰਦ ਸਿੰਘ ਜੀ ਨੇ ਬਾਲ ਉਮਰੇ ਹੀ ਹਾਕਮਾਂ (ਨਵਾਬ ਪਟਨਾ) ਨੂੰ ਬਾਜ਼ਾਰੋਂ ਲੰਘਦੇ ਨੂੰ ਚਿੜਾਇਆ ਤੇ ਬਾਲਕਾਂ ਦੀਆਂ ਟੋਲੀਆਂ ਬਣਾ ਕੇ ਲੜਾਇਆ ਸੀ। ਅਗਰ ਬਾਬਾ ਰਾਮ ਸਿੰਘ ਸਰੀਰ ਵਿਚ ਗੁਰੂ ਗੋਬਿੰਦ ਸਿੰਘ ਦੀ ਆਤਮਾਂ ਹੁੰਦੀ ਤਾਂ ਪੁਲਿਸ ਚੌਕੀਆਂ ਕਾਇਮ ਹੋਣ ਵੇਲੇ ਦੋ ਦੋ ਹੱਥ ਕਰਕੇ ਬਾਲਾ ਪ੍ਰੀਤਮ ਜੀ ਵਾਂਗੂ ਉਹ ਵੀ ਅਣਖ ਦਾ ਸਬੂਤ ਦਿੰਦੇ। ਅੰਗਰੇਜ਼ੀ ਹਾਕਮਾਂ ਦੇ ਬੁਲਾਵੇ ਪਰ ਝਟਪਟ ਥਾਣਿਆਂ ਵਿਚ ਹਾਜ਼ਰ ਨਾ ਹੁੰਦੇ।

ਗੁਰੂ ਸਾਹਿਬ ਨੂੰ ਔਰੰਗਜ਼ੇਬ ਨੇ ਮਿਲਣ ਦੀ ਖਾਹਿਸ਼ ਵਿਚ ਚਿਠੀਆਂ ਲਿਖੀਆਂ ਤਾਂ ਜ਼ਫ਼ਰਨਾਮੇ ਵਿਚ ਉਸ ਨੂੰ ਜੋ ਖਰੀਆਂ ਸੁਣਾਈਆਂ ਸਨ, ਹੁਣ ਤੀਕ ਜ਼ਫਰਨਾਮਾ ਮੌਜੂਦ ਹੈ। ਇਤਿਹਾਸ ਗਵਾਹ ਹੈ, ਪਰ ਬਾਬਾ ਰਾਮ ਸਿੰਘ ਜੀ ਨੂੰ ਜਿਸ ਵੇਲੇ ਡਿਪਟੀ ਕਮਿਸ਼ਨਰ ਲੁਧਿਆਣਾ ਨੇ ਬੁਲਾਇਆ—ਤਤਕਾਲ ਜਾਂਦੇ ਰਹੇ। ਅਗਰ ਗੁਰੂ ਆਤਮਾਂ ਇਹਨਾਂ ਵਿਚ ਹੁੰਦੀ ਤਾਂ ਉਹ ਹਾਕਮਾ ਦੇ ਬੁਲਾਵੇ ਦਾ ਜ਼ਰੂਰ ਮੁਨਾਸਬ ਉਤਰ ਦਿੰਦੇ।

ਸ੍ਰੀ ਬਾਬਾ ਜੀ ਸੁਧਾਰਕ ਜ਼ਰੂਰ ਸਨ, ਸੰਤ ਗੁਰਸਿਖ ਸਨ। ਉਹਨਾਂ ਖੁਦ ਸ੍ਰੀ ਤਖਤ ਸਾਹਿਬ ਦੇ ਪੁਜਾਰੀ ਸਿੰਘਾਂ ਨੂੰ ਲਿਖਿਆ—ਕੀ ਤੁਸੀਂ ਮੈਨੂੰ ਗੁਰੂ ਜੀ ਦਾ ਸਿਖ ਨਹੀਂ ਸਮਝਦੇ ? ਇਹ ਜ਼ਿਕਰ ਪਿਛੇ ਲਿਖਿਆ ਹੈ। ਐਸੀ ਹਾਲਤ ਵਿਚ ਉਹਨਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਮੰਨਣਾ ਤੇ ਪ੍ਰਚਾਰਨਾਂ ਮਹਾਂ ਪਾਪ ਹੈ, ਕੁਫਰ ਹੈ। ਗਲਤ ਬਿਆਨੀ ਅਤੇ ਅਨਹੋਣੀ ਨਹੀਂ ਤਾਂ ਹੋਰ ਕੀ ਹੈ ?

ਗੁਰੂ ਗੋਬਿੰਦ ਸਿੰਘ ਤਾਂ ਸ੍ਰੀ ਅਕਾਲ ਪੁਰਖ ਦੇ ਪੁਤਰ ਹੋਣ ਦੀ ਸੰਨਦ ਪ੍ਰਾਪਤ ਕਰਕੇ ਆਏ ਸਨ। ਉਹਨਾਂ ਦੇ ਦਾਦਾ ਗੁਰੂ ਹਰਿਗੋਬਿੰਦ ਸਾਹਿਬ ਮੀਰੀ ਪੀਰੀ ਦੇ

ਪਾਤਸ਼ਾਹ ਸਨ। ਪਿਤਾ ਗੁਰੂ ਤੇਗ ਬਹਾਦਰ ਜੀ ਗੁਰੂ ਨਾਨਕ ਦੇਵ ਦੀ ਨੌਵੀਂ ਜੋਤ ਸ਼ਕਤ ਸੰਯੁਕਤ ਸਨ। ਜੋ ਸਮੁੰਦਰਾਂ ਵਿਚ ਡੁਬੇ ਜਹਾਜ਼ਾਂ ਨੂੰ ਬਕਾਲੇ ਵਿਚ ਹੁੰਦਿਆਂ ਸ਼ਕਤ ਵਰਤਾ ਕੇ ਬਾਹਰ ਕਢਣ ਦੀ ਸ਼ਕਤੀ ਰਖਦੇ ਸਨ। ਤਦ ਇਉਂ ਸਮਝੋ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਉਦਰ ਵਿਚ ਰਖਣ ਵਾਲੀ ਸਿਰਫ ਇਕੋ ਹੀ ਮਾਤਾ ਗੁਜਰੀ ਜੀ ਨੂੰ ਰੱਬ ਨੇ ਪੈਦਾ ਕੀਤਾ ਸੀ ਜਿਸ ਨੇ ਸ਼ਾਦੀ ਹੋਏ ਮਗਰੋਂ ਵੀ ਪਤੀ ਪਰਮੇਸ਼ਰ ਦੇ ਨਾਲ ਹੀ ੨੫ ਸਾਲ ਬ੍ਰਹਮਚਾਰੀ ਰਹਿਕੇ ਤੇ ਸੇਵਾ ਸਿਮਰਨ ਅਰਾਧਨਾ ਕਰਦੇ ਹੋਇਆਂ ਸਰੀਰ ਨੂੰ ਇਤਨਾ ਸਵੱਛ ਤੇ ਪਵਿਤਰ ਕਰ ਲਿਆ ਸੀ ਕਿ ਜਿਸ ਉਦਰ ਵਿਚ ਸ੍ਰੀ ਅਕਾਲ ਪੁਰਖ ਦੇ ਕਲਾਵਾਨ ਸਪੁਤਰ ਦੀ ਆਤਮਾਂ ਨੇ ਨਿਵਾਸ ਕਰਨਾ ਸੀ। ਹੋਰ ਕਿਸੇ ਮਾਤਾ ਦੀ ਤੁਲਨਾ ਨਹੀਂ ਦਿਤੀ ਜਾ ਸਕਦੀ। ਗੁਰੂ ਨੇ ਖੁਦ ਫੁਰਮਾਇਆ ਹੈ :

ਤਾਤ ਮਾਤਪੁਰ ਅਲਖ ਅਰਾਧਾ ॥ ਬਹੁਬਿਧ ਜੋਗ ਸਾਧਨਾ ਸਾਧਾ ॥
ਤਿਨ ਜੋ ਕਰੀ ਅਲਖ ਕੀ ਸੇਵਾ ॥ ਤਾਂਤੇ ਭਏ ਪ੍ਰਸੰਨ ਗੁਰਦੇਵਾ ॥
(ਬਚਿਤਰ ਨਾਟਕ ਧਿਆਇ)

ਅਗਰ ਉਹਨਾਂ ਨੇ ਫੇਰ ਕਿਤੇ ਜਨਮ ਪਾਣਾ ਹੁੰਦਾ ਤਦ ਅਤਾ ਪਤਾ ਜ਼ਰੂਰ ਦਸਦੇ ਉਹਨਾਂ ਨੂੰ ਕੋਈ ਡਰ ਨਹੀਂ, ਝਾਕਾ ਨਹੀਂ ਸੀ।

ਇਕ ਕਹਾਵਤ ਹੈ ਕਿ ਸ਼ੇਰਨੀ ਦਾ ਦੁਧ ਸੋਨੇ ਦੇ ਕਟੋਰੇ ਬਿਨਾਂ ਰਹਿ ਨਹੀਂ ਸਕਦਾ। ਫੱਟ ਜਾਂਦਾ ਹੈ—ਤਿਵੇਂ ਐਸੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਫਰਜ਼ੀ ਢਕੋਂਸਲੇ ਤੇ ਮਨਘੜਤ ਦਲੀਲਾਂ ਦੇ ਆਧਾਰ ਤੇ ਕਿਸੇ ਹੋਰ ਮਾਤਾ ਦੇ ਉਦਰ ਵਿਚ ਨਿਵਾਸ ਕਰਾਣਾ ਤੇ ਬਾਬਾ ਰਾਮ ਸਿੰਘ ਨਾਮ ਨਾਲ ਉਹਨਾਂ ਦਾ ਅਵਤਾਰ ਪ੍ਰਗਟਾਣਾ ਇਕ ਐਸਾ ਅਪਰਾਧ ਹੈ ਕਿ ਜਿਸ ਦੀ ਮੁਆਫੀ ਸ਼ਾਇਦ ਅਕਾਲ ਪੁਰਖ ਵੀ ਨਾ ਦੇਵੇ ? ਕਿ ਜਿਸ ਅਕਾਲ ਪੁਰਖ ਦੇ ਸਪਤਰ ਨੂੰ ਨਾਮਧਾਰੀ ਲੇਖਕ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸਿਪਾਹੀ ਬਣਾ ਕੇ ਪੇਸ਼ ਵੀ ਕਰਦੇ, ਜਰਨਲ ਵੰਤੂਰੇ ਵਲੋਂ ਸਿਖਲਾਈ ਵੇਲੇ ਪਤਾ ਨਹੀਂ ਉਹ ਕੀ ਕੀ ਬੋਲ ਸੁਣਦੇ ਰਹੇ, ਤੇ ਉਹਨਾਂ ਨੂੰ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਅਤੇ ੧੨ਵਾ ਸਤਿਗੁਰੂ ਤੇ ਗੁਰੂ ਜੀ ਦੀ ਇਸ ਗੁਰਗਦੀ ਦਾ ਵਾਰਸ ਪਏ ਦਸਦੇ ਹਨ। ਅਜਬ ਤਮਾਸ਼ਾ ਹੈ ਕਿਤਨੀ ਬੇਸਿਦਕੀ ਦਾ ਸਬੂਤ ਹੈ ?

ਇਹੋ ਮੰਨਣਾ ਹੈ ਕਿ ਪਲਟਨ ਵਿਚ ਜਿਥੇ ਮੋਟੀ ਬੁੱਧ ਖਰਮਸਤੀਆਂ ਕਰਦੇ ਅਯਾਸ਼ ਸਿਪਾਹੀ ਬਹੁਤ ਹੁੰਦੇ ਹਨ, ਉਥੇ ਰਬ ਦੇ ਪਿਆਰੇ ਨਾਮ ਰਸੀਏ, ਸੰਤ ਭਗਤ ਵੀ ਹੋਏ ਹਨ। ਸੰਤ ਬਾਬਾ ਬੀਰ ਸਿੰਘ ਨੁਰੰਗਾਬਾਦੀਏ ਵੀ ਪਹਿਲਾਂ ਸਿਖ ਫੌਜ ਵਿਚ ਸਿਪਾਹੀ ਰਹੇ ਸੀ। ਇਹ ਬਾਬਾ ਰਾਮ ਸਿੰਘ ਵੀ ਸੰਤ ਸਰੂਪ ਗੁਰਮੁਖ ਸੁਭਾਉ ਦੇ ਹੀ ਸਨ। ਫਿਰ ਵੀ ਸਹਿਆਰ ਪਾਠਕਾ ਨੇ ਸੋਚਣਾ ਹੈ ਕਿ ਗੁਰਗਦੀ ਨੂੰ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਜੋ ਨਾਮਧਾਰੀ ਵੀਰ ਖਾਲੀ ਦਸਦੇ ਅਤੇ ੧੧ਵੀਂ ਥਾਂ ਬਾਬਾ ਬਾਲਕ ਸਿੰਘ, ਫਿਰ ੧੨ਵੀਂ ਥਾਂ ਉਕਤ ਬਾਬਾ ਰਾਮ ਸਿੰਘ ਨੂੰ ਗੁਰੂ ਅਵਤਾਰ ਮੰਨਦੇ ਗੁਰਗਦੀ ਸਥਾਪਤ ਹੋਣਾ ਦਸਦੇ ਇਹ ਕਿਵੇਂ ਮੰਨਿਆ ਜਾਏ ?

ਇਹ ਗੁਰਗਦੀ ! ਕਿਸੇ ਦੁਨੀਆਂਦਾਰੀ ਵਿਚ ਫਸੇ ਜਾਂ ਫਿਰ ਕਿਸੇ ਸੰਪਰਦਾਇ ਦੇ ਮੁਖੀ ਡੇਰੇਦਾਰ ਮਹੰਤ ਵਲੋਂ ਚਾਲੂ ਕੀਤੀ ਨਹੀਂ। ਬਲਕਿ ਸਚਖੰਡਵਾਸੀ ਸ੍ਰੀ

ਅਕਾਲਪੁਰਖ ਸਤਿਗੁਰੂ ਜੀ ਨੇ ਸ੍ਰੀ ਨਾਨਕ ਜੀ ਨੂੰ "ਸ਼ਬਦ ਗੁਰੂ" ਦੀ ਦਾਤ ਨਾਲ ਜਗਤ ਗੁਰੂ ਥਾਪ ਕੇ ਗਦੀ ਸੌਂਪੀ ਤੇ ਜਿਸ ਪੁਰਖ ਵਿਚ ਫੇਰ ਗੁਰੂ ਜੋਤ ਸ਼ਕਤੀ ਸੌਂਪਣੀ ਸੀ—ਧੁਰ ਤੋਂ ਸਿਖਾਏ ਸਮਝਾਏ ਭੇਜਿਆ ਸੀ।

ਇਹੋ ਵਜਾ ਸੀ ਕਿ ਬਾਬਾ ਸ੍ਰੀ ਚੰਦ ਮਹਾਂ ਤਪੱਸਵੀ ਅਤੇ ਸਾਹਿਬਜ਼ਾਦੇ ਲਖਮੀ ਚੰਦ ਦੇ ਹੁੰਦਿਆਂ ਫਿਰ ਭਾਈ ਬੁਢਾ ਜੀ ਤੇ ਪਾਰੋ ਜੀ ਜੁਲਕਾ ਜੈਸੇ ਪਹਿਲੇ ਆਏ ਸਿੱਖਾਂ ਦੇ ਹੁੰਦਿਆਂ ਵੀ ਦੋ ਸਾਲ ਪਿਛੋਂ ਆਏ ਸ੍ਰੀ ਲਹਿਣਾ ਜੀ ਨੂੰ ਆਉਂਦੇ ਹੀ ਕਿਹਾ ਸੀ "ਤੇ ਲਹਿਣਾ ਹੈ ਅਸੀਂ ਦੇਣਾ ਹੈ।" ਉਹ ਦੇਣਾ ਹੀ ਦਿਤਾ ਸੀ।

ਫੇਰ ਦਸਵੇਂ ਜਾਮੇ ਤੀਕ ਅਕਾਲ ਪੁਰਖ ਦੇ ਹੁਕਮ ਅਨੁਸਾਰ ਹੀ ਜਿਸ ਜਿਸ ਸਰੀਰ ਵਿਚ ਜੋਤ ਟਿਕਾਣੀ ਸੀ ਉਥੇ ਹੀ ਟਿਕਾਈ, ਤੇ ਅੰਤ ਨੂੰ ਦਸਮੇਸ਼ ਜੀ ਨੇ ਇਸ ਅਮਾਨਤ (ਜੋਤ ਸ਼ਕਤ) ਨੂੰ "ਸ਼ਬਦ ਗੁਰੂ" ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮਰਪਿਤ ਕਰਕੇ ਪਿਤਾ ਪਰਮੇਸ਼ਰ ਨਾਲ ਅਭੇਦ ਹੋਏ ਸਨ। ਭਾਵ ਉਸੇ ਨੇ ਪੰਥ ਚਲਾਵਣ ਵਾਸਤੇ ਅਤੇ ਦੁਸ਼ਟ ਖਪਾਉਣ ਵਾਸਤੇ ਭੇਜਿਆ ਸੀ—ਉਸ ਕਾਰ ਨੂੰ ਕਰਦੇ ਹੋਏ, ਅਤੇ ਸਾਜੇ ਨਿਵਾਜੇ ਖਾਲਸਾ ਜੀ ਨੂੰ "ਸ਼ਬਦ ਗੁਰੂ" ਦੀ ਸਿੱਖਿਆ ਅਨੁਸਾਰ ਸਿੱਖੀ ਸਿਦਕ ਨਿਭਾਉਣਾ ਸਿਖਾਇਕੇ ਪਰਲੋਕ ਸਿਧਾਰੇ ਸਨ।

ਇਸ ਵਾਸਤੇ ਕਿਸੇ ਐਸੇ ਵਿਅਕਤੀ ਨੂੰ ਇਸ ਗੁਰਗੱਦੀ ਦਾ ਵਾਰਸ ਦਸਣਾ, ਜਾਂ ਜਿਸ ਨੂੰ ਇਹਨਾਂ ਨੇ ਵਾਰਸ ਪ੍ਰਗਟਾਇਆ ਹੋਵੇ, ਤੇ ਉਸ ਨੇ ਵੀ ਆਪਣੇ ਨੂੰ ਇਸ ਦਾ ਅਧਿਕਾਰੀ ਸਮਝ ਲਿਆ ਹੋਵੇ ਤਾਂ ਜ਼ਿੰਦਗੀ ਦਾ ਸਭ ਤੋਂ ਵਡਾ ਧੋਖਾ ਉਸ ਨੂੰ ਉਸ ਵੇਲੇ ਸਾਬਤ ਹੋਵੇਗਾ ਜਦੋਂ ਕਿ ਉਹ ਸਰੀਰ ਰਹਿਤ ਹੋ ਕੇ ਉਸ ਦਰਗਾਹ ਵਿਚ ਜਾਵੇਗਾ ਤੇ 'ਅਗੈ ਵਸਤ ਸਿਆਣੀਐ' ਵਾਲਾ ਵਾਕ ਉਸ ਤੇ ਵਰਤਾਇਆ ਜਾਏਗਾ। ਪਰ ਦੂਜੇ ਪਾਸੇ ਉਹ ਲੋਕ ! ਜੋ 'ਆਪ ਜਪੈ ਅਵਰਹਿ ਨਾਮ ਜਪਾਵੈ' ਦੀ ਕਾਰ ਕਰਦੇ ਹੋਇਆਂ ਗੁਰੂ ਕੀ ਚਾਕਰੀ ਨਿਭਾਉਂਦੇ ਉਥੇ ਪੁਜਣਗੇ ਤਾਂ ਉਹਨਾਂ ਨੂੰ ਧਰਮ ਰਾਜਾ ਵੀ ਆਖੇਗਾ, "ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ—ਕੀਤੇ ਨੇ ਭਵਨ ਪੁਨੀਤ।"

ਹੁਣ ਫੇਰ "ਪੁਰਖ ਗੁਰੂ" ਪੁਸਤਕ ਦੇ ਸਫ਼ਾ ੨੨੪ ਉਤੇ ਸੰਤ ਚਾਵਲਾ ਜੀ ਨੇ ਸੂਰਜ ਪ੍ਰਕਾਸ਼ ਵਿਚ ਲਿਖਿਆ, ਦਸਮੇਸ਼ ਜੀ ਦਾ ੧੧ਵਾਂ ਜਾਮਾਂ ਗੁਪਤ ਦਸਿਆ ਜੋ ੧੦੦ ਸਾਖੀ ਦੇ ਆਧਾਰ ਤੇ ਲਿਖਿਆ ਦਸਦਾ ਹੈ—

੧—"ਬੇਰ ਗਿਆਰਵੀਂ ਹਮ ਚਲ ਆਵਹਿ ॥ ਤਾਂਤੇ ਕੋ ਇਕ ਹਮ ਲਖ ਪਾਵਹਿ ॥
ਪੰਥ ਖਾਲਸਾ ਖੇਤੀ ਮੇਰੀ ॥ ਕਰੂੰ ਸੰਭਾਲਨ ਮੈ ਤਿਸ ਬੇਰੀ ॥

ਭਾਵ—ਅਸੀਂ ਗਿਆਰਵੀਂ ਵੇਰ ਫੇਰ ਆਵਾਂਗੇ। ਕੋਈ ਕੋਈ ਸਾਨੂੰ ਜਾਣ ਸਕੇਗਾ। ਖਾਲਸਾ ਪੰਥ ਮੇਰੀ ਖੇਤੀ ਹੈ। ਆ ਕੇ ਸੰਭਾਲ ਕਰਾਂਗਾ। ਇਸ ਤੋਂ ਅਗੇ ਇਕ ਹੋਰ ਟੂਕ ਪੇਸ਼ ਕਰਦਾ।

੨—"ਸੈ ਪੂਰਨ ਜਬ ਹੋਇ ਅਠਾਰਾਂ ॥ ਹਮ ਬਪ ਆਨ ਚਾਲੀਸਾ ਧਾਰਾਂ ॥
ਇਸ ਦਾ ਭਾਵ ਅਰਥ ਇਉਂ ਲਿਖਦਾ—ਜਦੋਂ ਸੰਮਤ ਬਿਕਰਮੀ ੧੮੪੦ ਤੀਕ ਬੀਤ ਜਾਵੇਗਾ ਤਾਂ ਮੈਂ (ਦਸਮੇਸ਼ ਜੀ) ਹੋਰ ਅਵਤਾਰ (ਯਾਰਵਾਂ ਅਵਤਾਰ)

ਲਵਾਂਗਾ। ਅਤੇ ਸਤਿਗੁਰੂ ਬਾਲਕ ਸਿੰਘ ਦਾ ਅਵਤਾਰ ੧੯੪੧ ਵਿਚ ਹੋਇਆ ਸੀ। (ਇਸ ਮੇਹਰ ਸਿੰਘ ਨੇ ਲਿਖਿਆ) ਇਸ ਤੋਂ ਅਗੇ ਇਸੇ ਸਾਖੀ ਵਿਚ ਹੋਰ ਐਸਾ ਲਿਖਿਆ—

ਰਿਲ ਪੁਰ ਬੀਚ ਬਾਢੀ ਸੁਤ ਹੋਈ ॥ ਬਲੂਆ ਰਾਜ ਕਰੇਗਾ ਸੋਈ ॥

ਅਰਥ ਭਾਵ ਇਉਂ ਲਿਖਦਾ—ਸਤਿਗੁਰੂ ਜੀ ਦਾ ਜਨਮ (ਬਾਬਾ ਰਾਮ ਸਿੰਘ ਜੀ ਦਾ) ਭੈਣੀ ਸਾਹਿਬ ਦੇ ਨਾਲ ਲਗਦਾ ਪਿੰਡ ਰਾਇਆ ਵਿਚ ਹੋਇਆ ਸੀ ਤੇ ਇਸ ਪਿੰਡ ਵਾਲਿਆਂ ਦੀ ਗੋਤ ਰਿੱਲ ਹੈ। ਤੇ ਸਤਿਗੁਰੂ ਜੀ ਦੇ ਪਿਤਾ ਜੱਸਾ ਸਿੰਘ ਬਾਢੀ ਭਾਵ ਤਰਖਾਣ ਸਨ। (ਅਗਲੀ ਤੁਕ 'ਬਲੂਆ ਰਾਜ ਕਰੇਗਾ ਸੋਈ' ਇਸ ਦਾ ਅਰਥ ਉਸ ਨੇ ਨਹੀਂ ਦਸਿਆ ਕਿ ਕੌਣ ਬਲੂਆ ਹੈ, ਜੋ ਰਾਜ ਕਰੇਗਾ)

ਉਤਰ—੧. ਉਕਤ ਨੰਬਰ ਇਕ ਦੀਆਂ ਸਤਰਾਂ ਵਿਚ 'ਸੂਰਜ ਪ੍ਰਕਾਸ਼' ਦਾ ਹਵਾਲਾ ਦਿੰਦਾ ਜੋ ਲਿਖਿਆ ਹੈ—ਦਾਸ (ਲੇਖਕ) ਨੇ ਕਿਤੇ ਨਹੀਂ ਪੜਿਆ ਤੇ ਜੇਕਰ ਕਿਤੇ ਲਿਖਿਆ ਵੀ ਹੈ—ਤਦ ਉਸ ਨੇ ਕਿਸੇ "ਰਾਸ ਜਾਂ ਅੰਸੂ" ਦਾ ਹਵਾਲਾ ਨਹੀਂ ਦਿਤਾ। ਜਿਸ ਤੋਂ ਸ਼ੱਕੀ ਹੈ ਮੰਨਣਜੋਗ ਨਹੀਂ ਹੈ। ਪਰ ਫਿਰ ਵੀ ਅਗਰ ਉਹ ਠੀਕ ਹੀ ਇਸ ਨੂੰ ਮੰਨਦਾ ਹੈ ਤਾਂ ਇਹਨਾਂ ਪੰਗਤੀਆਂ ਵਿਚ ੧੧ਵੀਂ ਵੇਰ ਆਵਣਾ ਇਸ ਵਾਸਤੇ ਦਸਿਆ—ਕਿ ਖਾਲਸਾ ਪੰਥ ਮੇਰੀ ਖੇਤੀ ਹੈ, ਇਸ ਵੇਰ ਸੰਭਾਲਾਂਗਾ।

ਉਤਰ—੨. ਫਿਰ ਨੰਬਰ ਦੋ ਵਿਚ ਲਿਖੇ ਦਾ ਅਰਥ ਇਉਂ ਦਸਦਾ ਹੈ ਕਿ ਸੰਮਤ ੧੯੪੦ ਬੀਤ ਜਾਣ ਪਰ (ਮੈਂ ਦਸਮੇਸ਼ ਜੀ) ਗਿਆਰਵਾਂ ਅਵਤਾਰ ਲਵਾਂਗਾ ਤੇ ਉਹ ਸਤਿਗੁਰੂ ਬਾਲਕ ਸਿੰਘ ਦਾ ਸੰਮਤ ੧੯੪੧ ਵਿਚ ਅਵਤਾਰ ਹੋਇਆ ਹੈ (ਭਾਵ ਯਾਰਵਾਂ ਅਵਤਾਰ ਵੀ ਦਸਮੇਸ਼ ਜੀ ਹੋਏ) ਉਹ ਐਸਾ ਹੀ ਨਿਸਚਾ ਕਰਦਾ ਹੈ।

ਹੁਣ ਪਾਠਕਾਂ ਨੇ ਬੜੇ ਗਹੁ ਨਾਲ ਵਿਚਾਰਨਾ ਹੈ ਕਿ ਇਸ ਸਾਖੀ ਦਾ ਲਿਖਾਰੀ ਭੌਂਦਲਿਆ ਹੋਇਆ ਕੋਈ ਪੱਕਾ ਨਾਮਧਾਰੀ ਹੈ ਜੋ ਪਿਛਲੀਆਂ ਤਾਰੀਖਾਂ ਦੀ ਲਿਖਤ ਵਿਚ ਲਿਖ ਕੇ ਪੂਰਾ ਯਕੀਨ ਕਰਾਣਾ ਚਾਹਿਆ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਮੁਖ ਵਾਕ ਹਨ ਤੇ ਬਾਬਾ ਬਾਲਕ ਸਿੰਘ ਨੂੰ ਵੀ ਗੁਰੂ ਗੋਬਿੰਦ ਸਿੰਘ ਦਾ ਗਿਆਰਵਾਂ ਅਵਤਾਰ ਹੋਇਆ ਹੀ ਦਸਦਾ ਹੈ। ਫਿਰ ਨਾਲ ਹੀ ਅਗਲੀ ਪੰਗਤੀ ਵਿਚ ਰਿੱਲ ਗੋਤ ਦੇ ਰਾਈਆ ਪਿੰਡ ਵਿਚ—ਤਰਖਾਣ (ਬਾਢੀ) ਜਸਾ ਸਿੰਘ ਜੀ ਦੇ ਘਰ ਬਾਬਾ ਰਾਮ ਸਿੰਘ ਨੂੰ ਬਾਹਰਵਾਂ ਅਵਤਾਰ ਵੀ ਗੁਰੂ ਦਸਮੇਸ਼ ਦਾ ਹੋਇਆ ਦਸਦਾ।

ਇਸ ਦਾ ਮਤਲਬ ਇਹ ਹੋਇਆ ਕਿ ਨਾਮਧਾਰੀ ਦਰਬਾਰ ਦੀ ਗੁਰਗਦੀ ਪ੍ਰਗਟਾਉਣ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੇ ਠੇਕਾ ਲਿਆ ਹੋਇਆ ਹੈ। ਉਹਨਾਂ ਨੂੰ ਆਪਣੇ ਹਥੀਂ ਸ੍ਰੀ ਸਰਬ-ਲੋਹ ਵਿਚ ਲਿਖੀ "ਗੁਰੂ ਗ੍ਰੰਥ ਸਥਾਪਤੀ" ਦੀ ਲਿਖਤ ਭੁਲ ਗਈ ਤੇ ਦੋ ਵਾਰ (ਬਾਬਾ ਬਾਲਕ ਸਿੰਘ ਤੇ ਬਾਬਾ ਰਾਮ ਸਿੰਘ) ਦੇ ਰੂਪਾਂ ਵਿਚ ਇਕੋ ਸਮੇਂ ਆ ਕੇ ਮੁੜ ਗੁਰਗਦੀ ਨੂੰ ਸੰਭਾਲਣਾ ਕੀਤਾ ਨੇ ਅਸਚਰਜ ਹੈ—

ਉਹ ਗੁਰੂ ਗੋਬਿੰਦ ਸਿੰਘ ! ਜੋ ਪਹਿਲੇ ਜਨਮ ਧਾਰੇ ਵੇਲੇ ਵੀ ਦੁਸ਼ਟਾਂ ਦੋਖੀਆਂ ਨੂੰ ਮਾਰ ਕੇ ਦੁਸ਼ਟ ਦਮਨ ਨਾਮ ਨਾਲ ਪ੍ਰਸਿਧ ਹੋਏ ਤੇ ਹੁਣ ਉਹ ਥਕੇਵਾ ਲਾਹੁਣ ਨੂੰ

ਹੇਮਕੁੰਡ ਪਰਬਤ ਉਤੇ ਬੈਠੇ ਇਕਾਗਰ ਚਿਤ ਸਿਮਰਨ ਕਰਦੇ, ਆਤਮਕ ਅਨੰਦ ਮਾਣਦੇ ਸਨ। ਉਹਨਾਂ ਨੂੰ ਜਿਉਂ ਤਿਉਂ ਕਰਕੇ ਪਿਤਾ ਪਰਮੇਸ਼ਰ ਨੇ ਪਲੋਸਿਆ ਤੇ ਪੁਨਰਜਨਮ ਧਾਰਨ ਨੂੰ ਮੁਸ਼ਕਿਲ ਨਾਲ ਰਜ਼ਾਮੰਦ ਕੀਤਾ ਸੀ। ਹੁਣ ਉਹਨਾਂ ਨੂੰ ਕੀ ਔੜ ਪਈ ਸੀ ਤੇ ਕਿਸ ਨੇ ਮਜਬੂਰ ਕੀਤਾ ਸੀ ਕਿ ਪਹਿਲੇ ਬਾਲਕ ਸਿੰਘ ਰੂਪ ਤੇ ਨਾਲ ਹੀ ਦੂਜਾ ਬਾਬਾ ਰਾਮ ਸਿੰਘ ਰੂਪ ਧਾਰ ਕੇ ਪੈਦਾ ਹੋਣ! ਫਿਰ ਇਹ ਵੀ ਦਸਿਆ ਜਾਇ ਕਿ ਉਨ੍ਹਾਂ ਨੇ ਆ ਕੇ ਆਪਣੀ ਖੇਤੀ (ਖਾਲਸਾ ਪੰਥ) ਦੀ ਕਿਥੇ ਸੰਭਾਲ ਕੀਤੀ ਤੇ ਕਿਵੇਂ ਕੀਤੀ, ਜਦੋਂ ਕਿ ਉਹ ਦੁਕਾਨਦਾਰੀ ਤੋਂ ਵਿਹਲ ਪਾ ਕੇ ਭਜਨ ਸਿਮਰਨ ਵਿਚ ਲੀਨ ਹੁੰਦੇ ਸਨ ਤੇ ਸਿਖ ਰਾਜ ਵੇਲੇ ਸਗੋਂ ਆਪਣੇ ਨੂੰ ਫੋਜ ਵਿਚ ਭਰਤੀ ਕਰਵਾ ਲਿਆ ਸੀ।

ਫਿਰ ਆਪਣੇ ਗਿਆਰਵੇਂ ਅਵਤਾਰ ਬਾਬਾ ਬਾਲਕ ਸਿੰਘ ਤੋਂ ਬਾਅਦ ਅਗਰ ਬਾਹਰਵਾਂ ਅਵਤਾਰ ਦਸਮੇਸ਼ ਜੀ ਦਾ (ਬਾਬਾ ਰਾਮ ਸਿੰਘ ਜੀ) ਮੰਨਦੇ, ਤਦ ਵੀ ਕੋਈ ਢੁਕਵੀਂ ਗੱਲ ਸੀ। ਪਰ ਇਕੋ ਵਕਤ ਵਿਚ ਦੋ ਰੂਪਾਂ ਵਿਚ (ਗਿਆਰਵਾਂ ਤੇ ਬਾਹਰਵਾਂ) ਪ੍ਰਗਟਾ ਕੇ ਦਸਣਾ ਇਹ ਸੌ ਸਾਖੀ ਦੇ ਉਸ ਭੌਂਦਲੇ ਲੇਖਕ ਦਾ ਅਤੇ ਉਦਾਹਰਣ ਵਜੋਂ ਪੇਸ਼ ਕਰਤਾ ਸੰਤ ਚਾਵਲਾ ਜੀ ਦਾ ਹੀ ਕਮਾਲ ਹੈ।

## ਬਾਬਾ ਬਾਲਕ ਸਿੰਘ ਦਾ ਜਨਮ

ਸੰਤ ਚਾਵਲਾ ਜੀ ਨੇ ਬਾਬਾ ਬਾਲਕ ਸਿੰਘ ਜੀ ਦਾ ਜਨਮ (ਅਵਤਾਰ) ਸੰਮਤ ੧੮੪੧ ਦੇ ਫਗਣ ਸੁਦੀ ੧੫ ਨੂੰ ਹੋਇਆ ਦਸਿਆ ਤੇ ਬਾਲਪਨ ਦੇ ਕੌਤਕ ਗੁਰੂ ਨਾਨਕ ਵਰਗੇ ਦਸੇ। ਪਰ ਇਹ ਨਹੀਂ ਦਸਿਆ ਕਿ ਇਹਨਾਂ ਨੇ ਕਿਹੜੇ ਪੰਡਤ ਮੌਲਵੀ ਨੂੰ ਗਿਆਨ ਕਰਵਾਇਆ ਸੀ ਹੋਰ ਵੀ ਲੇਖਕ ਨੇ (ਚਾਹੇ ਕੋਲ ਨਹੀਂ ਸੀ) ਉਹਨਾਂ ਬਾਬਤ ਆਪਣੇ ਲਿਖਣ ਹੁਨਰ ਨੂੰ ਆਪਣੀ ਸੋਝੀ ਮੁਤਾਬਕ ਸੋਹਣਾ ਲਿਖਿਆ ਹੈ ਤੇ ਦਸਿਆ ਕਿ ਆਪਣੇ ਮਾਤਾ ਪਿਤਾ ਜੀ ਪਾਸੋਂ ਗੁਰੂ ਗੋਬਿੰਦ ਸਿੰਘ ਜੀ ਦਾ ਨਾਂਦੇੜ ਤੋਂ ਨਿਕਲ ਜਾਣਾ ਸੁਣ ਕੇ ਪਿਆਰ ਜਾਗਿਆ ਤੇ ਸੁਰਤ ਸੰਭਾਲੇ ਤੋਂ ਹੀ ਗੁਰੂ ਜੀ ਦੀ ਮੂਰਤੀ ਦਾ ਧਿਆਨ ਧਰਦੇ ਤੇ ਖਾਹਿਸ਼ ਰਖਦੇ ਕਿਵੇਂ ਗੁਰੂ ਜੀ ਦੇ ਦਰਸ਼ਨ ਹੋਵਣ! (ਇਉਂ ਚਾਵਲਾ ਜੀ ਲਿਖਦੇ)

ਫੋਟੂ ਤਾਂ ਨਹੀਂ ਸਨ। ਮੂਰਤੀ ਕੋਈ ਦਸਤੀ ਤਸਵੀਰ ਹੀ ਇਹਨਾਂ ਦੇ ਘਰ ਹੋਣੀ ਸੀ ਜੋ ਅਨੰਦਪੁਰ ਵੇਲੇ ੩੫-੩੬ ਸਾਲ ਦੀ ਜਵਾਨ ਉਮਰ ਸੰਮਤ ੧੭੫੮ ਦੀ ਕਾਲੇ ਦਾਹੜੇ ਦੀ ਉਸ ਵੇਲੇ ਮਨਮੋਹਣੀ ਸੂਰਤ ਦੀ ਹੋਣੀ ਹੈ, ਜਿਸ ਦਾ ਧਿਆਨ ਧਰਦੇ ਸੀ, ਪਰ ਸੰਮਤ ੧੮੬੯ ਦੇ ਵੈਸਾਖ ਸੁਦੀ ੧੭ਵੀਂ ਨੂੰ ਜਦੋਂ ਕਿ ਬਾਲਕ ਸਿੰਘ ਜੀ ੨੮ ਸਾਲਾਂ ਦੇ ਸਨ ਉਥੇ ਨਦੀ ਕਿਨਾਰੇ ਗੁਰੂ ਧਿਆਨ ਵਿਚ ਮਗਨ ਬੈਠੇ ਸਨ ਤਦ ਗੁਰੂ ਗੋਬਿੰਦ ਸਿੰਘ ਜੀ ਪੰਜਾਂ ਸਿੰਘਾਂ ਸਮੇਤ ਘੋੜੇ ਤੇ ਸਵਾਰ ਆਣ ਪਹੁੰਚੇ। ਬਾਲਕ ਸਿੰਘ ਜੀ ਨੇ ਵਾਗਾਂ ਫੜੀਆਂ। ਆਪ ਉਤਰ ਕੇ ਆਸਨ ਤੇ ਬਿਰਾਜਮਾਨ ਹੋਏ (ਇਹ ਵੀ ਚਾਵਲਾ ਜੀ ਨੇ ਲਿਖਿਆ)

"ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਤਕਿਆ ਕਿ ਬਾਲਕ ਸਿੰਘ ਅਖਾਂ ਮੀਟਦਾ ਤੇ ਖੋਹਲਦਾ ਹੈ। ਫਿਰ ਮੀਚਦਾ ਤੇ ਫਿਰ ਖੋਹਲਦਾ ਵੇਖਿਆ ਤਾਂ ਦਸਮੇਸ਼ ਜੀ ਨੇ

ਮੁਸਕਰਾ ਕੇ ਪੁਛਿਆ—ਬਾਲਕ ਸਿੰਘ ਜੀ ਇਹ ਕੀ ਕਰਦੇ ਹੋ ? ਤਾਂ ਅਗੋਂ ਉਹਨਾਂ ਜਵਾਬ ਦਿਤਾ ਕਿ ਮੈਨੂੰ ਇਸ ਤਰ੍ਹਾਂ ਜਾਪਦਾ ਹੈ ਕਿ ਤੁਸੀਂ ਉਹੋ ਹੀ ਹੋ ਕਿ ਜਿਹਨਾਂ ਦੀ ਮੂਰਤ ਮੇਰੇ ਹਿਰਦੇ ਵਿਚ ਵਸੀ ਹੋਈ ਹੈ। ਤੇ ਆਪ ਕਿਰਪਾ ਕਰਕੇ ਸਪਸ਼ਟ ਕਰੋ ਕਿ ਆਪ ਹੀ ਦਸਮੇਸ਼ ਪਿਤਾ ਕਲਗੀਆਂ ਵਾਲੇ ਗੁਰੂ ਗੋਬਿੰਦ ਸਿੰਘ ਜੀ ਹੋ ਨਾ ? ਮੇਰੇ ਮਨ ਵਿਚ ਵਸੀ ਮੂਰਤ ਅਨੁਸਾਰ ਤਾਂ ਠੀਕ ਆਪ ਉਹੋ ਹੋ ! ਪਰ ਫਿਰ ਵੀ ਕਿਰਪਾ ਕਰਕੇ ਦਸੋ ਆਪ ਕੌਣ ਹੋ ? ਕਿਥੇ ਤੇ ਕਿਵੇਂ ਵਿਚਰ ਰਹੇ ਹੋ, ਸਪਸ਼ਟ ਕਰਕੇ ਨਿਵਾਜੋ ਜੀ" (ਐਸਾ ਵੀ ਚਾਵਲਾ ਜੀ ਨੂੰ ਸ਼ਾਇਦ ਸੁਪਨੇ ਵਿਚ ਹੀ ਉਹਨਾਂ ਨੇ ਦਸਿਆ ਅਤੇ ਲਿਖਾਇਆ ਹੈ)। ਹਾਲਾਂ ਕਿ ੧੧ਵਾਂ ਅਵਤਾਰ ਵੀ ਇਨ੍ਹਾਂ ਨੂੰ ਮੰਨਦਾ ਹੈ।

(ਐਸਾ ਸੁਣਕੇ) "ਗੁਰੂ ਜੀ ਨੇ ਫੁਰਮਾਇਆ ਕਿ ਮੈਂ ਠੀਕ ਉਹੋ ਹੀ ਹਾਂ, ਜਿਸਦੀ ਤੁਸੀਂ ਉਡੀਕ ਕਰਦੇ ਸੀ। ਪਰ ਮੈਂ ਹੁਣ ਵਿਸ਼ੇਸ਼ ਕਾਰਜ ਵਾਸਤੇ ਆਇਆ ਹਾਂ। ਹੁਣ ਤਕ ਅਲੋਪ ਹੋ ਕੇ ਗੁਪਤ ਵਿਚਰਿਆ ਹਾਂ, ਜਿਸਦੀ ਸਾਖੀ ਪੁਛਣ ਦੀ ਲੋੜ ਨਹੀਂ ਅਤੇ ਆਪ ਹੁਣ ਆਸਣ ਪਰ ਬੈਠੋ ਤੇ ਵਸਤ ਸੰਭਾਲੋ ! ਇਸ ਤਰ੍ਹਾਂ ਕਹਿੰਦੇ ਦਸਮੇਸ਼ ਜੀ ਨੇ ਉਨ੍ਹਾਂ ਨੂੰ ਸਿੰਘਾਸਨ ਤੇ ਬਿਠਾ ਕੇ ਪੰਜ ਪੈਸੇ ਤੇ ਨਾਰੀਅਲ ਉਨ੍ਹਾਂ ਅਗੇ ਰਖ ਕੇ ਮਥਾ ਟੇਕਿਆ ਤੇ ਫੁਰਮਾਇਆ ਕਿ ਬਾਹਰਵੇਂ ਜਾਮੇਂ ਵਿਚ ਮੈਂ ਆਪ ਪਾਸ ਫੇਰ ਆਵਾਂਗਾ ਤੇ ਆਪਣੀ ਅਮਾਨਤ ਆਪ ਪਾਸੋਂ ਸੰਭਾਲ ਲਵਾਂਗਾ। "ਰਾਮ ਸਿੰਘ ਮੇਰੋ ਹੋਇ ਨਾਮਾ ॥ ਬਾਢੀ ਸੁਤ ਭੈਣੀ ਕੋ ਧਾਮਾ।" ਭਾਵ ਮੇਰਾ ਨਾਮ ਰਾਮ ਸਿੰਘ ਹੋਵੇਗਾ ਤੇ ਮੈਂ ਭੈਣੀ ਵਿਚ ਤਰਖਾਣ ਦੇ ਘਰ ਪ੍ਰਗਟ ਹੋਵਾਂਗਾ। ਤਦ ਤਕ ਗੁਰਗਦੀ ਨੂੰ ਸੰਭਾਲੋ ਤੇ ਸਿਖੀ ਦੀ ਰਖਵਾਲੀ ਕਰੋ।"

ਇਸ ਜ਼ਿਕਰ ਨੂੰ ਪੁਸਤਕ ਪੁਰਖ ਗੁਰੂ ਦੇ ਸਫਾ ੨੫੮ ਉਤੋਂ ਹੂ-ਬਹੂ ਇਥੇ ਅਸੀਂ ਲਿਖਿਆ। ਅਗੇ ਉਹ ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਸੰਮਤ ੧੯੪੬ ਵਾਲੀ ਐਡੀਸ਼ਨ ਵਿਚ ਲਿਖੇ ਦਾ ਹਵਾਲਾ ਦਿੰਦਾ, ਸ਼ਾਇਦ ਸਫਾ ੨੦੯ ਉਤੇ ਲਿਖਿਆ ਜੋ ਦਸਦਾ ਹੈ ਉਹ ਤਾਂ ਗਿਆਨੀ ਗਿਆਨ ਸਿੰਘ ਨੇ ਖੁਦ ਗਲਤ ਗਲਾਂ ਲਿਖੀਆਂ ਗਈਆਂ ਸਮਝੀਆਂ ਤੇ ਦੂਜੀ ਵੇਰ ਦੇ ਪੰਥ ਪ੍ਰਕਾਸ਼ ਵਿਚ ਨਹੀਂ ਛਾਪੀਆਂ ਸਨ। ਪਰ ਚਾਵਲਾ ਜੀ ਨੇ ਜਿਸ ਲਿਖਤ ਨੂੰ ਸਚਾ ਮੰਨ ਕੇ ਉਦਾਹਰਣ ਪੇਸ਼ ਕਰਦੇ ਲਿਖਿਆ ਹੈ—ਤਦ ਵੀ ਹੁਣ ਉਸ ਲਿਖਤ ਨੂੰ ਸਚਾਈ ਦੀ ਕਸਵਟੀ ਪਰ ਪਾਠਕਾਂ ਨੇ ਪਰਖਣਾ ਹੈ ਕਿ ਕਿਥੋਂ ਤੀਕ ਮਿਤ ਚਾਵਲਾ ਨੇ ਉਹ ਸੱਚਾ ਲੇਖ ਲਿਖਿਆ ਹੈ ? ਜਿਸ ਵਿਚ ਗੁਰੂ ਜੀ ਵਲੋਂ ਬਾਲਕ ਸਿੰਘ ਨੂੰ ਇਹ ਵੀ ਕਿਹਾ ਗਿਆ ਕਿ ਹੁਣ ਤੀਕ ਅਸੀਂ ਜਿਥੇ ਅਲੋਪ (ਗੁਪਤ) ਰਹੇ ਹਾਂ ਪੁਛਣ ਦੀ ਲੋੜ ਨਹੀਂ।

ਸੋਚੀਏ ! ਗੁਰੂ ਜੀ ਨੇ ਤਾਂ ਸਿਖਾਂ ਨੂੰ ਇਹ ਖੁਲ੍ਹ ਦਿਤੀ ਰਖੀ ਸੀ ਕਿ ਉਹ ਦਾਦੂ ਦੇਹਰੇ ਨੂੰ ਤੀਰ ਨਾਲ ਸਲਾਮ ਕਰਨ ਵੇਲੇ ਗੁਰੂ ਜੀ ਨੂੰ ਪੁੱਛ ਸਕਦੇ ਕਿ ਤੁਸੀਂ ਐਸਾ ਕਿਉਂ ਕੀਤਾ ਤਾਂ ਇਥੇ ਪੁੱਛ ਕਰਦੇ ਨੂੰ ਕਿਉਂ ਰੋਕਦੇ ?

ਪਹਿਲੀ ਗਲ ਤਾਂ ਇਹ ਹੈ ਕਿ ਕੋਈ ਵਿਅਕਤੀ ਜਦੋਂ ਸਰੀਰ ਛੱਡ ਜਾਵੇ ਤਦੋ ਉਹਦੀ ਆਤਮਾ ਫੇਰ ਪੁਨਰ ਜਨਮ ਪਾ ਸਕਦੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਨਾਂਦੇੜ ਵਿਚ ਜੋਤੀ ਜੋਤ ਸਮਾਉਣਾ ਇਹ ਚਾਵਲਾ ਜੀ ਮੰਨਦੇ ਹੀ ਨਹੀਂ ਤਾਂ ਫਿਰ

੧੧ਵਾਂ ਬਾਬਾ ਬਾਲਕ ਸਿੰਘ ਹੋਕੇ ਸੰਮਤ ੧੯੪੧ ਵਿਚ ਕਿਵੇਂ ਅਵਤਾਰ ਲਿਆ ਜਦੋਂ ਕਿ ਅਜੇ ਜਿੰਦੇ ਸਨ। ਜਿਵੇਂ ਪਿਛੇ ਸਫਿਆਂ ਵਿਚ ਸੌ ਸਾਖੀ ਤੇ ਸੂਰਜ ਪ੍ਰਕਾਸ਼ ਦੀ ਲਿਖਤਾਂ ਨੂੰ ਉਸ ਪੇਸ਼ ਕੀਤਾ ਹੈ ਤਾਂ ਇਕੋ ਗੱਲ ਮੰਨਣੀ ਪਵੇਗੀ ਯਾ ਸੌ ਸਾਖੀ ਝੂਠੀ ਤੇ ਜਾਂ ਚਾਵਲਾ ਜੀ ਦੀ ਇਹ ਜੋ ਲਿਖਤ ਝੂਠੀ ਕਿ ਪੰਜਾਂ ਸਿੰਘਾਂ ਸਮੇਤ ਆ ਕੇ ਬਾਲਕ ਸਿੰਘ ਜੀ ਨੂੰ ਦਰਸ਼ਨ ਤੇ ਗੁਰਗੱਦੀ ਦਿਤੀ ਨੇ।

ਫਿਰ ਹੋਰ ਸੋਚੀਏ ? ਕਿ ਗੁਰੂ ਘਰ ਵਿਚ ਇਹ ਮਰਯਾਦਾ ਸੀ—ਜੋ ਜਿਸ ਵਿਅਕਤੀ ਨੂੰ ਗੁਰਗੱਦੀ ਦੀ ਬਖਸ਼ਿਸ਼ ਹੁੰਦੀ ਪੰਜ ਪੈਸੇ ਭੇਟਾ ਨਾਲ ਨਿਮਸਕਾਰ ਗੁਰੂ ਜੀ ਖੁਦ ਕਰਦੇ ਪਰ ਮਸਤਕ ਵਿਚ ਕੇਸਰ ਦਾ ਤਿਲਕ ਪਹਿਲੇ ਭਾਈ ਬੁਢਾ ਜੀ ਅਤੇ ਫੇਰ ਇਹਨਾਂ ਦੀ ਸੰਤਾਨ ਹਥੀਂ ਕਰਾਇਆ ਜਾਂਦਾ ਸੀ। ਅਜ ਗੁਰੂ ਗੋਬਿੰਦ ਸਿੰਘ ਨੂੰ ਬਾਲਕ ਸਿੰਘ ਜੀ ਅਗੇ ਭੇਟਾ ਰਖਾ ਕੇ ਮਥਾ ਟਿਕਾਂਦੇ ਤਾਂ ਦਸਿਆ ਹੈ, ਪਰ ਉਸ ਵੇਲੇ ਨਾਲ ਦੇ ਪੰਜਾਂ ਸਿੰਘਾਂ ਵਿਚੋਂ ਕਿਸੇ ਹਥੀਂ ਤਿਲਕ ਕਰਾਂਦੇ ਵੀ ਲਿਖਦੇ ਤਾਂ ਚਾਵਲਾ ਦੀ ਲਿਖਤ ਵਧੇਰੇ ਤਸੱਲੀ ਬਖਸ਼ ਮੰਨੀ ਜਾਣੀ ਸੀ। ਕਿਉਂਕਿ ਪੰਜ ਪੈਸੇ ਤੇ ਨਾਰੀਅਲ ਅਗਰ ਉਹ ਅਪਣੇ ਨਾਲ ਲਿਆਏ ਸਨ ਤਾਂ ਕੇਸਰ ਵੀ ਲਿਆ ਸਕਦੇ ਸਨ।

ਇਕ ਵੇਰ ਹੋਰ ਸੋਚੀਏ ! ਕਿ ਉਕਤ ਸਾਰੀ ਵਿਆਖਿਆ—ਜੋ ਬਾਲਕ ਸਿੰਘ ਜੀ ਅਤੇ ਗੁਰੂ ਜੀ ਵਿਚਾਲੇ ਹੋਈ ਹੈ—ਇਸ ਨੂੰ ਕੌਣ ਸੁਣਦਾ ਸੀ ? ਅਗਰ ਬਾਲਕ ਸਿੰਘ ਜੀ ਨੇ ਘਰ ਆ ਕੇ ਖੁਦ ਕਿਸੇ ਨੂੰ ਦਸਿਆ ਸੀ ਜਾਂ ਆਪਣੇ ਸ਼ਰਧਾਲੂਆਂ ਨੂੰ ਪਿਛੋਂ ਕਦੀ ਦਸਿਆ ਹੋਵੇ ਅਤੇ ਉਹਨਾਂ ਲਿਖ ਲਿਆ ਹੋਵੇ ਤਾਂ ਇਸ ਗਲ ਦਾ ਕੀ ਸਬੂਤ ਹੈ ਕਿ ਉਹਨਾਂ ਨੇ ਸੱਚ ਦਸਿਆ ਹੈ, ਜਾਂ ਅਜ ਕਲ ਦੇ ਗੁਰੂਆਂ ਵਾਂਗ ਗਿਆਰਵਾਂ ਸਤਿਗੁਰੂ ਪ੍ਰਗਟਾਉਣ ਦੀ ਖਾਹਿਸ਼ ਵਿਚ ਇਉਂ ਵਿਉਂਤ ਬਣਾ ਕੇ ਪ੍ਰਗਟਾਈ ਹੋਵੇ ?

ਇਹ ਝੁਠਲਾਏ ਜਾਣ ਵਾਲੀ ਗਲ ਨਹੀਂ, ਕਿਉਂਕਿ ਅਜ ਤੋਂ ਬਹੁਤ ਸਾਲ ਪਹਿਲੇ ਵੀ ਇਸ ਗੁਰਗਦੀ ਦੀ ਪ੍ਰਾਪਤੀ ਵਾਸਤੇ ਗੁਰੂ ਅੰਸਾਂ ਵਿਚੋਂ ਵੀ ਕਈਆਂ ਨੇ ਤਰਲੇ ਕੀਤੇ ਸੀ। ਉਹ ਸਫਲ ਨਹੀਂ ਹੋਏ। ਫਿਰ ਵੀ ਆਪਣੀਆਂ ਵਖਰੀਆਂ ਗਦੀਆਂ ਚਲਾਂਦੇ ਹੀ ਰਹੇ ਸੀ। ਧੀਰਮਲ, ਪ੍ਰਿਥੀਏ ਦੀ ਸੰਤਾਨ ਅਤੇ ਰਾਮਰਾਈਏ ਦੀਆਂ ਗਦੀਆਂ ਵੀ ਚਲੀਆਂ, ਪਰ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਦੇੜ ਤੋਂ (ਗੁਰੂ ਨਾਨਕ ਜੀ ਵਾਂਗੂ) ਸਣਦੇਹੀ ਪ੍ਰਲੋਕ ਗਮਨ ਕੀਤੇ ਜਾਣ ਦੀ ਸਾਖੀ ਨੇ ਇਸ ਵੇਲੇ ਹਜ਼ਰੋ ਡੇਰੇ ਦੇ ਮਹੰਤ ਬਾਲਕ ਸਿੰਘ ਜੀ ਨੂੰ (ਜਦੋਂ ਮਾਨਤਾ ਵਧ ਚੁਕੀ ਸੀ) ਸਫਲ ਹੋ ਜਾਣ ਦਾ ਹੌਂਸਲਾ ਬੰਧਾਇਆ, ਤਦ ਉਹਨਾਂ ਨੇ ਗਿਆਰਵਾਂ ਸਤਿਗੁਰੂ ਅਵਤਾਰ ਹੋਣ ਦਾ ਦਾਅਵਾ ਕੀਤਾ ਹੋਣਾ ਹੈ। ਠੀਕ ਅਸਲੀਅਤ ਨੂੰ ਉਹੀ ਜਾਣਦੇ ਹੋਣਗੇ, ਪਰ ਭਾਸਦਾ ਇਹੋ ਹੀ ਹੈ।

ਇਥੋਂ ਅਸੀਂ ਹੁਣ ਚਾਵਲਾ ਜੀ ਦੀ ਲਿਖਤ ਦੀ ਸਚਾਈ ਨੂੰ ਦਲੀਲ ਨਾਲ ਪਰਖਣਾ ਹੈ ਕਿ ਉਹ ਗੁਰੂ ਜੀ ਦਾ ਨਾਂਦੇੜ ਤੋਂ ਸੰਮਤ ੧੭੬੫ ਵਿਚ ਚੁਪਕੇ ਨਿਕਲ ਜਾਣਾ ਦਸਦੇ। ਉਸ ਵੇਲੇ ਗੁਰੂ ਜੀ ਦੀ ਉਮਰ ਭਰ ਜਵਾਨੀ ਦੀ ੪੨ ਸਾਲਾਂ ਦੀ ਸੀ ਦਾਹੜਾ ਵੀ ਕਾਲਾ ਸੀ। ਜਿਸ ਕਿਸੇ ਨੇ ਕੋਈ ਫੋਟੂ ਉਥੇ ਦਸਤੀ ਬਣਾਈ ਹੋਣੀ ਜਾਂ ੩੮ ਸਾਲ ਦੀ ਉਮਰ ਵੇਲੇ ਜਦੋਂ ਅਨੰਦਪੁਰ ਛਡਿਆ ਸੀ ਉਸ ਵੇਲੇ ਤੋਂ ਪਹਿਲੇ ਦੀ

ਕਿਸੇ ਪਾਸ ਮੂਰਤੀ ਹੋਣੀ ਤੇ ਉਸ ਦੀ ਕਾਪੀ ਦਰ ਕਾਪੀ ਸ਼ਾਇਦ ਬਾਲਕ ਸਿੰਘ ਜੀ ਦੇ ਮਾਤਾ ਪਿਤਾ ਨੇ ਸੰਭਾਲੀ ਹੋਣੀ ਹੈ, ਇਹਨਾਂ ਨੇ (ਪੁਤਰ ਨੂੰ) ਦਸਿਆ ਹੋਣਾ ਕਿ ਇਹ ਮੂਰਤੀ ਗੁਰੂ ਗੋਬਿੰਦ ਸਿੰਘ ਜੀ ਦੀ ਹੈ ਤੇ ਉਸੇ ਦਾ ਅੰਤਰ ਮੁਖ ਧਿਆਨ ਧਰਦੇ ਸ਼ਾਇਦ ਬਾਲਕ ਸਿੰਘ ਜੀ ਨੇ ਅਭਿਆਸ ਪਕਾਇਆ ਹੋਇਆ ਸੀ। ਹੋਰ ਪ੍ਰਤੱਖ ਤਾਂ ਕਦੀ ਵੇਖੇ ਹੀ ਨਹੀਂ ਸਨ ਕਿਉਂਕਿ ਗੁਰੂ ਜੀ ਦੇ ਨਾਂਦੇੜ ਹੁੰਦਿਆਂ ਤੀਕ ਇਹ ਅਜੇ ਜਨਮੇ ਹੀ ਨਹੀਂ ਸਨ।

ਹੁਣ ਜਦੋਂ ਸੰਮਤ ੧੯੬੯ ਵਿਚ ਬਾਲਕ ਸਿੰਘ ੨੮ ਸਾਲਾਂ ਦੇ ਸਨ, ਤੇ ਗੁਰੂ ਮੂਰਤੀ ੩੭-੩੮ ਸਾਲ ਦੀ ਉਮਰ ਵਿਚ ਦੀ ਕਾਲੀ ਸਿਆਹ ਦਾਹੜੀ ਵਾਲੇ ਨੂਰਾਨੀ ਮੁਖੜੇ ਦਾ ਧਿਆਨ ਧਰੀ ਬੈਠੇ ਸਨ, ਤਦ ਚਾਵਲਾ ਜੀ ਦੀ ਲਿਖਤ ਮੁਤਾਬਕ ੧੮੬੯ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ੧੪੬ ਸਾਲ ਦੀ ਹੋਣੀ ਹੈ। ਇਸ ਤਰ੍ਹਾਂ ਕਿ ਸੰਮਤ ੧੭੨੩ ਵਿਚ ਪੋਹ ਸੁਦੀ ਸਤਮੀ ਨੂੰ ਗੁਰੂ ਗੋਬਿੰਦ ਸਿੰਘ ਜੀ ਪਟਨੇ ਪ੍ਰਗਟਾਏ ਸਨ ਤੇ ਹੁਣ ਸੰਮਤ ੧੮੬੯ ਵਿਚ ਬਾਲਕ ਸਿੰਘ ਜੀ ਨੂੰ ਦਿਸੇ ਸਨ ਜਿਵੇਂ ਚਾਵਲਾ ਜੀ ਲਿਖਦੇ। ਤਦ ਇਸ ਵੇਲੇ ਪੂਰੇ ੧੪੬ ਸਾਲ ਦੀ ਉਮਰ ਸੀ ਜਦੋਂ ਆਏ ਹੋਣੇ, ਜਿਹਨਾਂ ਦਾ ਦਾਹੜ ਵੀ ਸਫੈਦ, ਮੁਖ ਮਸਤਕ ਉਤੇ ਝੁਰੀਆਂ ? ਭਰਮਟੇ ਵੀ ਚਿਟੇ ਹੋਣਗੇ। ਸ਼ਾਇਦ ਚਸ਼ਮੇਵੀ ਲਾਏ ਹੋਣੇ ਕਿ ਬੁਢੇ ਸਨ। ਫਿਰ ਬਾਲਕ ਸਿੰਘ ਨੇ ਕਿਵੇਂ ਪਛਾਣ ਲਿਆ ਸੀ ਤੇ ਪੁਛਿਆ ਕਿ ਜਿਸ ਮੂਰਤੀ ਦਾ ਧਿਆਨ ਧਰਦਾ ਹਾਂ ਤੁਸੀਂ ਉਹੀ ਤਾਂ ਨਹੀਂ ? ਕਿਸੇ ਨੇ ਠੀਕ ਹੀ ਕਿਹਾ ਹੈ,ਅਵਾਣਾ ਗਲ ਕਰੇ, ਸਿਆਣਾ ਕਿਆਸ ਕਰੇ।

ਸੋਚੀਏ ! ਅਗਰ ਕਿਸੇ ਨੇ ੩੭-੩੮ ਸਾਲ ਦੇ ਜਵਾਨ ਬੰਦੇ ਨੂੰ ਵੇਖਿਆ ਹੋਵੇ। ਫਿਰ ਹੋਰ ੧੦੮ ਸਾਲ ਬਾਅਦ ੧੪੬ ਸਾਲ ਦੀ ਉਮਰ ਹੋਏ ਵੇਲੇ ਉਸ ਨੂੰ ਵੇਖੇ ਤਦ ਵੀ ਪਹਿਚਾਣ ਮੁਸ਼ਕਲ ਹੈ ਪਰ ਬਾਲਕ ਸਿੰਘ ਜੀ ਨੇ ਗੁਰੂ ਜੀ ਨੂੰ ਪ੍ਰਤੱਖ ਕਦੀ ਡਿਠਾ ਨਹੀਂ ਸੀ ਤੇ ਜਵਾਨੀ ਵੇਲੇ ਦੀ ਮੂਰਤੀ ਹੀ ਡਿਠੀ ਹੋਣੀ ਹੈ, ਉਹ ਇਤਨੀ ਬਿਰਧ ਉਮਰ ਵਿਚ ਫਿਰ ਘੋੜੇ ਦੇ ਸਵਾਰ ਗੁਰੂ ਜੀ ਨੂੰ ਕਿਵੇਂ ਪਹਿਚਾਨ ਸਕਦਾ ਤੇ ਕਿਵੇਂ ਪੁਛਣਾ ਕਰੇ ਕਿ ਤੁਸੀਂ ਉਹੋ ਗੁਰੂ ਜੀ ਹੋ। ਜਿਹਨਾਂ ਦਾ ਮੈਂ ਧਿਆਨ ਧਰ ਬੈਠਦਾ ਹਾਂ ? ਕੀ ਇਹ ਚਾਵਲਾ ਜੀ ਜੈਸੇ—ਕਿਸੇ ਪਹਿਲੇ ਲੇਖਕ ਦੀ ਮਨਘੜਤ ਕਹਾਣੀ ਨਹੀਂ ? ਕਿ ਜਿਸ ਦੇ ਅਧਾਰ ਤੇ ਚਾਵਲਾ ਜੀ ਨੇ ਲਿਖਿਆ ਹੈ—

ਫੇਰ ਦਸਦੇ ਕਿ ਪੰਜ ਪਿਆਰੇ ਨਾਲ ਸਨ ਤੇ ਗੁਰੂ ਜੀ ਘੋੜੇ ਉਤੇ ਸਵਾਰ ਆਏ ਸੀ। ਉਹਨਾਂ ਦੇ ਪੰਜ ਪਿਆਰੇ ਜੋ ਸੀਸ ਭੇਟ ਲੈਕੇ ਸਾਜੇ ਸਨ, ਨਾਂਦੇੜ ਵਿਚੋਂ ਭਾਣਾ ਵਰਤਾਏ ਵੇਲੇ ਸਿਰਫ ਇਕੋ ਭਾਈ ਧਰਮ ਸਿੰਘ ਜੀ ਜਿੰਦੇ ਸਨ। ਉਹਨਾਂ ਨੂੰ ਉਥੇ ਹੀ ਲੰਗਰ ਚਲਾਣ ਨੂੰ ਟਿਕਾਇਆ ਸੀ। ਚਾਵਲਾ ਜੀ ਗੁਰੂ ਜੀ ਦਾ ਉਥੋਂ ਇਕੱਲੇ ਹੀ ਲੋਪ ਹੋ ਜਾਣਾ ਦਸਦੇ। ਫਿਰ ਉਥੇ ਪੰਜ ਸਿੰਘ ਉਹਨਾਂ ਦੇ ਨਾਲ ਹੋਰ ਕਿਹੜੇ ਸਨ ਤੇ ਕਿਥੋਂ ਦੇ ਸਨ ? ਕੀ ਉਹਨਾਂ ਨੇ ਕਿਤੇ ਕਿਸੇ ਨੂੰ ਦਸਿਆ ਸੀ ਕਿ ਗੁਰੂ ਜੀ ਨੇ ਗਿਆਰਵੀਂ ਥਾਂ ਦੀ ਗੁਰਗਦੀ ਬਾਲਕ ਸਿੰਘ ਜੀ ਨੂੰ ਦਿਤੀ। ਜੇਕਰ ਇਹਨਾਂ ਸਾਰੀਆਂ ਗਲਾਂ ਦਾ ਕੋਈ ਇਤਿਹਾਸਕ ਸਬੂਤ ਜਾਂ ਇਤਬਾਰੀ ਗਵਾਹੀ ਨਹੀਂ ਹੈ ਤਾਂ ਫਿਰ ਨਾਮਧਾਰੀ ਮਨੌਤਾਂ ਨੂੰ ਨਾਵਲ ਨਾ ਸਮਝਿਆ ਜਾਵੇ ਤਾਂ ਕੀ ਮੰਨਿਆ ਜਾਏ ?

ਕੀ ਗੁਰੂ ਜੀ ਵਾਸਤੇ ਬਾਲਕ ਸਿੰਘ ਜੀ ਨੇ ਪਹਿਲੋਂ ਹੀ ਆਸਨ ਵਿਛਾਇਆ ਹੋਇਆ ਸੀ, ਬਿਠਾਇਆ। ਫਿਰ ਗੁਰੂ ਜੀ ਨੇ ਪਤਾ ਨਹੀਂ ਕਿਹੜੀ ਦੁਕਾਨ ਤੋਂ ਖ਼ੁਦ ਨਾਰੀਅਲ ਖਰੀਦਿਆ ਜਾਂ ਉਹਨਾਂ ਪੰਜਾਂ ਸਿੱਖਾਂ ਵਿਚੋਂ ਕਿਸੇ ਹਥੋਂ ਕਿਹੜੇ ਪਿੰਡ ਸ਼ਹਿਰ ਤੋਂ ਮੰਗਵਾਇਆ ਸੀ ਤੇ ਪੰਜ ਪੈਸਿਆਂ ਸਮੇਤ ਮਥਾ ਟੇਕਿਆ ਤੇ ਕਿਹਾ ਤੁਹਾਨੂੰ ਗੁਰਗਦੀ ਦਿਤੀ ਹੈ ਸੰਭਾਲ ਰਖੀਉ। ਅਸੀਂ ੧੨ਵੇਂ ਜਾਮੇ ਵਿਚ ਰਾਮ ਸਿੰਘ ਨਾਮ ਬਾਢੀ ਸੁਤ ਹੋਕੇ ਫੇਰ ਸੰਭਾਲਾਂਗੇ। ਐਸਾ ਦਸ ਕੇ ਉਹ ਚਲੇ ਗਏ, ਤੇ ਦਸਿਆ ਨਹੀਂ—ਜੇ ਕਿਥੇ ਜਾਣਾ ਹੈ। ਕਿਥੇ ਨਿਵਾਸ ਹੈ ? ਕਿਆ ਅਜਬ ਤਮਾਸ਼ਾ ਹੈ ਤੇ ਪ੍ਰਭਤਾ ਦੀ ਖ਼ਾਤਰ ਧਾਰਮਕ ਲੋਕ ਵੀ ਕੀ ਕੁਝ ਨਹੀਂ ਕਰ ਸਕਦੇ।

ਇਸ ਗੁਰੂਗੱਦੀ ਨੂੰ ਸ੍ਰੀ ਅਕਾਲ ਪੁਰਖ ਤੋਂ ਪਾ ਕੇ ਸਿਖਾਂ ਦੀ ਪ੍ਰੀਖਿਆ ਕੀਤੀ ਤੇ ਸਾਰਿਆਂ ਤੋਂ ਵਧ ਅਧਿਕਾਰੀ ਸ੍ਰੀ ਲਹਿਣਾ ਜੀ ਨੂੰ ਦੇਖ ਕੇ ਗੁਰੂ ਨਾਨਕ ਜੀ ਨੇ ਇਹਨਾਂ ਨੂੰ ਗੁਰਗਦੀ ਬਖਸ਼ੀ ਸੀ। ਗੁਰੂ ਅੰਗਦ ਦੇਵ ਨੇ ਪੁਤਰਾਂ ਨੂੰ ਛਡਿਆ ਤੇ ੧੨ ਸਾਲਾਂ ਦੀ ਘਾਲ ਤੇ ਪੂਰਨ ਹੋ ਕੇ ਗੁਰੂ ਅਮਰ ਦਾਸ ਨੂੰ ਇਹ ਗਦੀ ਬਖਸ਼ੀ ਸੀ। ਅਜ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਗਟਾਇ ਕੇ ਸ੍ਰੀ ਬਾਲਕ ਸਿੰਘ ਦੀ ਕਿਹੜੀ ਘਾਲ ਨੂੰ ਸਾਹਮਣੇ ਰਖ ਕੇ ਗੁਰੂ ਜੀ ਵਲੋਂ ਇਹਨਾਂ ਨੂੰ ਗਦੀ ਦਿਤੀ ਜੋ ਚਾਵਲਾ ਨੇ ਲਿਖਿਆ ਹੈ।

ਕੀ ਇਹ ਬਾਜ਼ਾਰੋਂ ਖਰੀਦਿਆ ਨਾਰੀਅਲ ਸੀ ਕਿ ਅਜ ਇਕ ਪ੍ਰੇਮੀ ਸੇਵਕ ਨੂੰ ਦਿਤੇ ਪਿਛੋਂ ਹੋਰ ਮੰਗਵਾ ਕੇ ਦੂਜਿਆਂ ਨੂੰ ਪ੍ਰਸ਼ਾਦ ਦਿਤਾ ਜਾ ਸਕਦਾ ਹੈ ? ਐਸਾ ਨਹੀਂ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰੀਖਿਆ ਕੀਤੀ ਤਾਂ ਇਕ ਨਹੀਂ—ਪੰਜ ਸਿਖਾਂ ਦੇ ਸੀਸ ਭੇਟ ਲਏ ਮਗਰੋਂ ਉਹਨਾਂ ਨੂੰ "ਗੁਰੂ ਖਾਲਸਾ" ਕਿਹਾ ਸੀ—ਇਹ ਸਰੀਰਕ ਅਧਿਕਾਰ ਬਖਸ਼ ਦਾ ਸਬੂਤ ਸੀ ਕਿ ਉਹਨਾਂ ਪਾਸੋਂ ਖ਼ੁਦ ਅੰਮ੍ਰਿਤ ਛਕਿਆ ਤੇ "ਖ਼ਾਲਸਾ ਮੇਰੋ ਸਜਨ ਸੂਰਾ—ਖ਼ਾਲਸਾ ਮੇਰੋ ਸਤਿਗੁਰ ਪੂਰਾ" ਫੁਰਮਾਇਆ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਐਸਾ ਦ੍ਰਿਸ਼ ਦਰਸਾਇਆ ਸੀ ਕਿ ਆਪਣੇ ਚੇਲਿਆਂ ਨੂੰ ਹੀ "ਖ਼ਾਲਸਾ ਮੇਰੋ ਸਤਿਗੁਰ ਪੂਰਾ" ਫੁਰਮਾਇਆ ਸੀ ਤਦੋਂ ਇਸੇ ਦ੍ਰਿਸ਼ ਨੂੰ ਦੇਖਦੇ ਹੋਇਆਂ ਦਰਬਾਰੀ ਕਵੀ ਭਾਈ ਗੁਰਦਾਸ ਜੀ ਨੇ ਵਾਰ ਲਿਖੀ ਤੇ ਸਮਸਿਆ ਇਹ ਸੀ—"ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।"

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਾਜੇ ਨਿਵਾਜੇ ਖ਼ਾਲਸਾ ਜੀ ਨੂੰ ਕੇਸ ਰਖਣ ਦੀ ਤਾਕੀਦ ਕੀਤੀ, ਪਰ ਨਾਲ ਹੀ ਫੁਰਮਾਇਆ ਸੀ :

ਧਰੇ ਕੇਸ ਪਾਹੁਲ ਬਿਨਾਂ ਭੇਖੀ ਮੂਰਖ ਸਿਖ ॥
ਮੇਰਾ ਦਰਸਨ ਨਾਹਿ ਤਿਸ ਪਾਪੀ ਤਿਆਗੇ ਭਿਖ ॥

ਇਹ ਇਕ ਬਹੁਤ ਹੀ ਪ੍ਰਸਿਧ ਫੁਰਮਾਣ ਹੈ ਤੇ ਪਾਹੁਲ (ਅੰਮ੍ਰਿਤ ਛਕੇ ਵੇਲੇ ਹੀ) ਨਾਲੋਂ ਮੂਲ ਮੰਤਰ ਅਤੇ ਗੁਰ ਮੰਤਰ ਦਾ ਉਚਾਰਨ ਸੁਣਨਾ ਪੈਂਦਾ ਹੈ ਤੇ ਕਿਸੇ ਵੀ ਗੁਰਮੰਤਰ ਹੀਣਸ ਸਿਖ ਬਾਬਤ ਗੁਰੂ ਅਰਜਨ ਦੇਵ ਜੀ ਦੇ ਇਹ ਸਪਸ਼ਟ ਵਾਕ ਹਨ :

ਗੁਰਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥ (੧੩੫੭)

ਸ੍ਰੀ ਮੇਹਰ ਸਿੰਘ ਚਾਵਲਾ ਨੇ ਆਪਣੇ ਸਤਿਗੁਰੂ ਬਾਲਕ ਸਿੰਘ ਦਾ ਨਾਹੀ ਕਿਸੇ ਪਾਸੋਂ ਅੰਮ੍ਰਿਤ ਛਕਣਾ ਦਸਿਆ ਤੇ ਨਾ ਹੀ ਕਿਸੇ ਹੋਰ ਦੇਹਧਾਰੀ ਪਾਸੋਂ ਗੁਰਮੰਤ੍ਰ ਲੈਕੇ ਨਾਮਧਾਰੀ ਹੋਣਾ ਦਸਿਆ ਹੈ। ਫਿਰ ਕਿਵੇਂ ਯਕੀਨ ਕੀਤਾ ਜਾਏ ਕਿ ਕਿਸੇ (ਬਗੈਰ ਪਾਹੁਲ ਲਏ) ਸਿੱਖ ਨੂੰ ਗੁਰੂ ਜੀ ਨੇ ਦਰਸ਼ਨ ਦਿਤੇ ਹੋਣਗੇ। ਅਤੇ ਪੰਜ ਪੈਸੇ ਨਾਰੀਅਲ ਰਖ ਕੇ ਮੱਥਾ ਟੇਕਿਆ ਅਤੇ ਇਉਂ ਗੁਰਗਦੀ ਦੀ ਸੌਂਪਣਾ ਕੀਤੀ ਹੋਵੇ। ਫਿਰ ਹੈਰਾਨੀ ਤਾਂ ਇਸ ਗਲ ਦੀ ਹੈ ਕਿ ਚਾਵਲਾ ਜੀ ਨੇ ਸੌ ਸਾਖੀ ਦੇ ਹਵਾਲੇ ਨਾਲ ਪਿਛੇ ਦਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ ਸੀ—

ਬੇਰ ਗਿਆਰਵੀਂ ਹਮ ਚਲ ਆਵਹਿ ॥
ਤਿਸ ਤੇ ਕੋਇਕ ਹਮ ਲਖ ਪਾਵਹਿ ॥ (ਪੁਰਖ ਗੁਰੂ ਸਫਾ ੨੫੯)

ਤਾਂਤੇ ਉਕਤ ਸੌ ਸਾਖੀ ਮੁਤਾਬਕ ਅਗਰ ਗੁਰੂ ਗੋਬਿੰਦ ਸਿੰਘ ਨੇ ਜਿਨ ਨੂੰ ਆਕੇ ਦਰਸ਼ਨ ਦਿਤੇ ਅਤੇ ਗਦੀ ਵੀ ਇਹਨਾ ਨੂੰ ਬਖਸ਼ੀ ਸੀ ? ਸ਼ੁਕਰ ਹੈ ਕਿ ਚਾਵਲਾ ਜੀ ਨੇ ਇਹ ਭੁਲੇਖਾ ਵੀ ਦੂਰ ਕੀਤਾ ਤੇ ਦਸਿਆ ਕਿ ਸੰਮਤ ੧੮੬੯ ਵਿਚ ਇਧਰ ਬਾਲਕ ਸਿੰਘ ਜੀ ਨੂੰ ਗਦੀ ਦਿਤੇ ਮਗਰੋਂ ਥੋੜੇ ਦਿਨਾਂ ਬਾਅਦ ਹੀ ਨਾਭੇ ਵਿਚ ਬਾਬਾ ਅਜਾਪਾਲ ਸਿੰਘ ਜੇਠ ਸੁਦੀ ਪੰਚਮੀ ਨੂੰ ਜੋਤੀ ਜੋਤ ਸਮਾਏ ਸੀ ਤੇ ਇਧਰ ਸਤਿਗੁਰੂ ਬਾਲਕ ਸਿੰਘ ਜੀ ਨੇ ਸਿਖੀ ਦੀ ਸੇਵਾ ਸੰਭਾਲਣੇ ਦੀ ਜ਼ਿੰਮੇਵਾਰੀ ਸੰਭਾਲ ਲਈ ਸੀ।

ਕੁਰਬਾਨ ਜਾਈਏ—ਐਸੀ ਲਿਖਤ ਦੇ ਲਿਖਾਰੀ ਤੋਂ। ਫਿਰ ਇਉਂ ਕਹੋ ਕਿ ਬਾਲਕ ਸਿੰਘ ਜੀ ਨੂੰ ਸ੍ਰੀ ਅਜਾਪਾਲ ਸਿੰਘ ਜੀ ਦੇ ਦਰਸ਼ਨ ਹੋਏ ਤ ਉਹਨਾਂ ਦੇ ਡੇਰੇ ਦੀ (ਜਿਥੇ ਨਾਭੇ ਰਹਿੰਦੇ ਰਹੇ) ਗੱਦੀ ਮਹੰਤੀ ਦੀ ਦਿਤੀ ਜਾਣੀਏ—ਨਾ ਕਿ ਗੁਰੂ ਗੋਬਿੰਦ ਜੀ ਵਲੋਂ ਦਿਤੀ ਮੰਨਿਆ ਜਾਏ। ਇਸ ਦਾ ਮਤਲਬ ਇਹ ਹੋਇਆ ਕਿ ਸ੍ਰੀ ਨਾਮਧਾਰੀ ਦਰਬਾਰ ਵਾਲੇ ਬਾਬਾ ਅਜਾਪਾਲ ਸਿੰਘ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਹੀ ਇਥੇ ਲੁਕਿਆ ਛਿਪਿਆ ਅਤੇ ਉਕਤ ਨਾਮ ਨਾਲ ਨਾਭੇ ਵਿਚ ਵਸਿਆ ਮੰਨਦੇ ਹਨ।

ਨਾਮਧਾਰੀਆਂ ਦਾ ਇਹ ਵਿਸ਼ਵਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ—ਮਹਾਂਬਲੀ ਦੀ ਸ਼ਖਸੀਅਤ ਉਤੇ ਭਿਆਨਕ ਚੋਟ ਹੈ ਕਿ ਉਹ ਸੱਚ ਦੇ ਪੁਜਾਰੀ ਹੁੰਦੇ ਹੋਏ ਇਉਂ ਫੁਰਮਾਂਦੇ ਰਹੇ ਸੀ :

ਜਬ ਆਵ ਕੀ ਅਉਧ ਨਿਧਾਨ ਬਨੈ ਅਤਿ ਹੀ ਰਣਿ ਮਹਿ ਤਬ ਜੂਝ ਮਰੌਂ ॥

ਉਸ ਗੁਰੂ ਗੋਬਿੰਦ ਸਿੰਘ ਜੀ ਦੇ ਸੰਮਤ ੧੭੬੫ ਵਿਚ ਭਾਣਾ ਵਰਤਾਏ ਮਗਰੋਂ ਨਾਮਧਾਰੀ ਮਨੌਤਾਂ ਅਨੁਸਾਰ ਅਗਰ ਉਥੋਂ ਨਿਕਲ ਆਏ ਤੇ ਹੁਣ ਸੰਮਤ ੧੯੬੯ ਤੀਕ ਪੂਰੇ ੧੦੪ ਸਾਲ ਓਹਲੇ ਨਾਭੇ ਵਿਚਾ ਡੇਰੇਦਾਰ ਮਹੰਤ ਹੋਕੇ ਬੈਠੇ ਰਹੇ ਤਾ ਉਹਨਾਂ ਦੀ ਸਚਾਈ ਪਰ ਕੌਣ ਇਤਬਾਰ ਕਰੇਗਾ ? ਜਦੋਂ ਕਿ ਇਸ ਅਰਸੇ ਵਿਚ ਸਿਖ ਪੰਥ ਉਤੇ ਕਈ ਘਲੂਘਾਰੇ ਵਰਤੇ। ਉਹ ਕਿਸੇ ਵੇਲੇ ਪ੍ਰਗਟ ਹੋ ਕੇ ਜੂਝ ਮਰਨ ਦੇ ਖਿਆਲ ਨਾਲ ਪੰਥਕ ਬਿਪਤਾ ਵੇਲੇ ਯੋਧਿਆ ਨਾਲ ਸ਼ਾਮਲ ਹੋ ਕੇ ਕਿਉਂ ਨਾ ਲੜੇ ?

ਹੁਣ ਤਾ ਪੰਜਾਬ ਵਿਚ ਸਿਖ ਰਾਜ ਹੋ ਚੁਕਾ ਸੀ ਕਿਉਂ ਨਾ ਪ੍ਰਗਟ ਹੋ ਕੇ ਨਾਭੇ ਦੇ ਨੇੜੇ ਬਾਗੜੀਆਂ ਦੇ ਭਾਈ ਖਾਨਦਾਨ ਪਾਸੋਂ ਆਪਣੀਆਂ ਦਿਤੀਆ ਨਿਸ਼ਾਨੀਆਂ ਦਾ ਅਤਾ

ਪਤਾ ਦਸ ਕੇ ਉਥੋਂ ਦੇ ਲੋਕਾਂ ਨੂੰ ਵਿਸ਼ਵਾਸ ਕਰਾਇਆ ਕਿ ਅਸੀਂ ਹੀ ਗੁਰੂ ਗੋਬਿੰਦ ਸਿੰਘ ਹਾਂ। ਫਿਰ ਕਿਉਂ ਨਾ ਆਪਣੇ ਗੁਰਸਿਖ ਮਹਾਰਾਜਾ ਰਣਜੀਤ ਸਿੰਘ ਨੂੰ ਹਥੀਂ ਤਿਲਕ ਲਗਾ ਕੇ ਤਖਤ ਸ਼ਾਹੀਂ ਪਰ ਬਿਠਾਇਆ ? ਇਹਨਾਂ ਸਭ ਗਲਾਂ ਦਾ ਜਵਾਬ ਨਾਮਧਾਰੀ ਦਰਬਾਰ ਨਹੀਂ ਦੇ ਸਕਦਾ ਤਾਂ ਆਪਣੇ ਗਲਤ ਅਕੀਦੇ ਨੂੰ ਬਦਲ ਲਵੇ।

ਫੇਰ ਨਾਮਧਾਰੀ ਲੇਖਕ ਨੇ ਪਿਛੋਂ ਦੋ ਤਿੰਨ ਵੇਰ ਆਪਣੀ ਪੁਸਤਕ ਵਿਚ ਲਿਖਿਆ ਹੈ ਕਿ ਗੁਰੂ ਨੇ ਜੋ ਨਾਂਦੇੜ ਤੋਂ ਇਸ ਵਾਸਤੇ ਕੌਤਕ ਰਚਾ ਕੇ ਨਿਕਲਣਾ ਕੀਤਾ ਸੀ ਕਿ ਇਸ ਵੇਲੇ ਮੁਗਲ ਸ਼ਾਹੀ ਨਾਲ ਦੁਬਾਰਾ ਟਕਰ ਲੈਣ ਵਾਸਤੇ ਉਹਨਾਂ ਪਾਸ ਤਿਆਰੀ ਨਹੀਂ ਸੀ ਤੇ ਮੌਕਾ ਪਾ ਕੇ ਪੂਰੀ ਤਿਆਰੀ ਮਗਰੋਂ ਉਨ੍ਹਾਂ ਦਾ ਮੁਕਾਬਲਾ ਕਰਨਾ ਸੀ। ਪਰ ਚਾਵਲਾ ਸਾਹਿਬ ਨੇ ਇਤਨੀ ਵਡੀ ਲਿਖੀ ਪੁਸਤਕ ਵਿਚ ਕਿਤੇ ਇਕ ਥਾਂ ਵੀ ਨਹੀਂ ਦਸਿਆ ਕਿ ਗੁਰੂ ਜੀ ਨੇ ਇਹ ਪੂਰੀ ਤਿਆਰੀ ਕਦੋਂ ਤੇ ਕਿਥੇ ਕੀਤੀ ਸੀ ਅਤੇ (ਅਜਾਪਾਲ ਸਿੰਘ ਰੂਪ ਵਿਚ ਸਹੀ) ਕਿਹੜੇ ਮੋਰਚੇ ਵਿਚ ਮੁਗਲਾਂ ਨਾਲ, ਜਾਂ ਅੰਗਰੇਜਾਂ ਤੇ ਸਿਖਾਂ ਦੀ ਲੜਾਈ ਵੇਲੇ ਲੜੇ ਸਨ। ਕੋਈ ਇਤਿਹਾਸਕ ਜਾਂ ਜ਼ਬਾਨੀ ਦਾ ਸਬੂਬ ਨਹੀਂ ਹੈ। ਨਾ ਨਾਮਧਾਰੀ ਦਰਬਾਰ ਦਸ ਸਕਦਾ ਹੈ। ਉਹਨਾਂ ਇਤਨਾ ਹੀ ਦਸਿਆ ਕਿ ਅਜਾਪਾਲ ਸਿੰਘ ਰੂਪ ਵਿਚ ਗੁਰੂ ਜੀ ਨੇ ਬਾਲਕ ਸਿੰਘ ਜੀ ਨੂੰ ਗੱਦੀ ਦਿਤੀ ਤੇ ਉਹਨਾਂ ਵੀ ਸਿਖੀ ਦੀ ਜ਼ਿੰਮੇਵਾਰੀ ਸੰਭਾਲੀ। ਪਰ ਲੇਖਕ ਚਾਵਲਾ ਨੇ ਇਹ ਵੀ ਨਹੀਂ ਦਸਿਆ ਕਿ ਪਿਛੋਂ ਕੀ ਕੀ ਫਰਜ਼ ਨਿਭਾਏ ਨੇ। ਉਹਨਾਂ ਦੇ ਆਪਣੇ ਅੰਮ੍ਰਿਤ ਛਕੇ ਦਾ ਜ਼ਿਕਰ ਵੀ ਇਸ ਨੇ ਨਹੀਂ ਲਿਖਿਆ ਤੇ ਦੂਜਿਆਂ ਨੂੰ ਕਿਵੇਂ ਛਕਾਇਆ ਹੋਣਾ ਹੈ। ਹਾਂ ਨਾਮ ਜਪਾਣਾ ਹਰ ਸਿਖ ਦਾ ਫਰਜ਼ ਹੈ ਜ਼ਰੂਰ ਉਹਨਾਂ ਵੀ ਐਸਾ ਕੀਤਾ ਸੀ ਤੇ ਪ੍ਰਸਿਧ ਹੋਏ ਸਨ।

## ਅਜਾਪਾਲ ਸਿੰਘ ਜੀ ਦੇ ਸਬੰਧ ਵਿਚ

ਦਾਸ ਲੇਖਕ (ਨਾਰਾ) ਦੀ ਸਾਰੀ ਜ਼ਿੰਦਗੀ ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਪੜ੍ਹਨ ਤੇ ਵਿਚਾਰਨ ਵਿਚ ਖਰਚ ਹੋਈ ਹੈ। ਕਿਤੇ ਐਸਾ ਨਹੀਂ ਪੜ੍ਹਿਆ ਕਿ ਨਾਂਦੇੜ ਤੋਂ ਨਿਕਲ ਆਏ ਅਜਾਪਾਲ ਸਿੰਘ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਲੁਕਵੇਂ ਤੌਰ ਤੇ ਸਮਾਂ ਬਿਤਾਇਆ ਸੀ, ਪਰ ਸੰਨ ੧੯੨੪ ਵਿਚ ਜੈਤੋਂ ਦੇ ਮੋਰਚੇ ਵੇਲੇ (ਸ਼੍ਰੋਮਣੀ ਕਮੇਟੀ ਨੇ) ਜਿਸ ਦੇ ਮੈਂਬਰ ਅੰਡਰ ਗਰਾਊਂਡ ਕੰਮ ਕਰਦੇ ਸਨ ਮੈਨੂੰ ਵੀ ਅੰਡਰ ਗਰਾਊਂਡ ਰਖ ਕੇ ੬ ਜ਼ਿਲਿਆਂ ਦੇ ਇਤਿਹਾਸਕ ਗੁਰਦੁਆਰਿਆਂ ਦੀ ਰਿਪੋਰਟ ਲਿਖਣ ਵਾਸਤੇ ਭੇਜਿਆ ਤੇ ਮੈਨੂੰ ਵੀ ਨਾਭੇ ਜਾ ਕੇ ਕਿਲੈ ਅੰਦਰ ਸ਼ੀਸ਼ ਮਹਲ ਦੇਖਣ ਦਾ ਮੌਕਾ ਮਿਲਿਆ ਸੀ। ਉਸ ਵੇਲੇ ਹੀ ਸ਼ਾਇਦ ਇਹ ਸਰੋਤ ਸੁਣੀ ਸੀ ਕਿ ਇਥੇ ਬਾਬਾ ਅ...ਜਾਪਾਲ ਸਿੰਘ ਹੋਏ, ਜਿਹਨਾਂ ਦੀ ਵੱਖੀ ਵਿਚ ਜ਼ਖਮ ਮਿਲਿਆ ਨਿਸ਼ਾਨ ਸੀ ਤੇ ਉਸ ਕਰਕੇ ਲੋਕਾਂ (ਉਹਨਾਂ ਦੇ ਸੇਵਕਾਂ) ਦਾ ਵਿਸ਼ਵਾਸ ਜੋ ਕਿ ਉਹ ਨਿਸ਼ਾਨ ਉਸ ਕਟਾਰ ਦਾ ਵਾਰ ਹੈ, ਜੋ ਕਿ ਗੁਰੂ ਗੋਬਿੰਦ ਸਿੰਘ ਜੀ ਉਤੇ ਪਠਾਣ ਦੇ ਪੁਤਰ ਨੇ ਨਾਂਦੇੜ ਵਿਚ ਵਾਰ ਕੀਤਾ ਸੀ (ਇਹ ਵੀ ਇਨ੍ਹਾਂ ਖੁਦ ਦਸਿਆ ਹੋਣਾ ਹੈ)।

ਉਸੇ ਵੇਲੇ ਅਤੇ ਬਾਅਦ ਵਿਚ ਵੀ ਐਸਾ ਸੁਣਿਆ ਸੀ—ਪਰ ਮੇਰੇ ਜੈਸੇ ਨੂੰ ਇਹ ਯਕੀਨ ਕਿਵੇਂ ਆਵੇ ਕਿ ਉਹ ਗੁਰੂ ਗੋਬਿੰਦ ਸਿੰਘ ਹੀ ਸਨ ਤੇ ਇਥੇ ਆ ਕੇ ਬਾਕੀ

ਦੀ ਜ਼ਿੰਦਗੀ ਗੁਜ਼ਾਰੀ ਨੇ । ਹਾਂ ਨਾਮਧਾਰੀ ਦਰਬਾਰ ਦੇ ਮੋਢੀਆਂ ਨੇ ਆਪਣੀ ਗੁਰਗਦੀ ਦੀ ਬੁਨਿਆਦ ਇਸੇ ਮਨੌਤ ਪਰ ਰਖ ਲਈ ਹੈ, ਤੇ ਸੱਚਾ ਮੰਨ ਲਿਆ ਨੇ । ਭਾਵੇਂ ਨਿਸ਼ਾਨ ਜ਼ਖਮ ਨਾਲ ਤੇ ਫੋੜੇ ਫਿਨਸੀਆਂ ਨਾਲ ਵੀ ਬਣ ਜਾਂਦੇ ਨੇ, ਕਈ ਲੋਕਾਂ ਦੇ ਵਖੀ ਜਾਂ ਪੇਟ ਵਿਚ ਛੁਰੇ ਅਜ ਕਲ ਵੀ ਵਜਦੇ ਤੇ ਨਿਸ਼ਾਨ ਜ਼ਖਮ ਦੇ ਹਮੇਸ਼ਾ ਟਿਕੇ ਰਹਿੰਦੇ ਦਿਲੀ ਵਿਚ ਸ਼ਸਤ੍ਰ ਪਏ ਸਨ ਉਹ ਕਿਉਂ ਨਹੀਂ ਦਸੇ ? ਇਹ ਵੀ ਕੋਈ ਦਲੀਲ ਹੈ ਕਿ ਅਜਾਪਾਲ ਸਿੰਘ ਜੀ ਨੂੰ ਵੱਖੀ ਵਿਚ ਨਿਸ਼ਾਨ ਸੀ ਜਿਸ ਤੇ ਉਹ ਗੁਰੂ ਗੋਬਿੰਦ ਸਿੰਘ ਸਨ ।

ਭਾਈ ਨੰਦ ਲਾਲ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸੁੰਦਰ ਮੁਖੜੇ ਦੀ ਇਕ ਪਾਸੇ ਦੀ ਗਲ੍ਹ ਉਤੇ ਕਾਲਾ ਤਿਲ ਦੇਖਿਆ ਤਾਂ ਫਾਰਸੀ ਵਿਚ ਸ਼ਿਅਰ ਲਿਖ ਸੁਣਾਇਆ ਸੀ ਤੇ ਗੁਰੂ ਜੀ ਨੂੰ ਮੁਸਕਰਾਇਆ ਸੀ—

ਪੰਜਾਬੀ ਟੀਕਾ : ਕਾਲਾ ਤਿਲ ਮੁਖ ਸੋਹਣੇ ਵਾਲਾ ਜੇਕਰ ਬੇਚੇ ਬਾਰੇ ॥
ਸਭ ਸੰਸਾਰ ਬਦਲ ਵਿਚ ਦੇਸਾਂ ਨਕਦੋ ਨਕਦ ਪਿਆਰੇ ॥
(ਪ੍ਰੇਮ ਪਟਾਰੀ ਗਜ਼ਲ ੨੫)

੧, ਗਲ ਹਾਸੇ ਦੀ ਹੈ । ਮੇਰਾ ਛੋਟਾ ਪੋਤਰਾ (ਪ੍ਰਿਤਪਾਲ ਸਿੰਘ) ਇਸ ਵੇਲੇ ਸਾਢੇ ਛੇ ਸਾਲ ਦਾ ਹੈ, ਗੁਰੂ ਉਸ ਨੂੰ ਉਮਰ ਬਖਸ਼ੇ ਖੂਬਸੂਰਤ ਵੀ ਹੈ ਤੇ ਖਬੇ ਪਾਸੇ ਦੀ ਗਲ੍ਹ (ਖਾਖ) ਉਤੇ ਮਾਸ਼ ਦੇ ਦਾਣੇ ਜਿਤਨਾ ਕਾਲਾ ਤਿਲ ਵੀ ਹੈ, ਤੇ ਸੋਹਣਾ ਲਗਦਾ ਹੈ, ਜੇ ਨਾਮਧਾਰੀਆਂ ਵਾਂਗੂ ਮੈਂ ਵੀ ਉਸ ਬਾਬਤ ਕੁਝ ਅਰਥੇ ਲਾਵਾਂ ਤਾਂ ਮੇਰੇ ਜੈਸਾ ਮੂਰਖ ਕੌਣ ਹੋ ਸਕਦਾ ਹੈ ? ਇਹ ਤਾਂ ਸਹਿਜੇ ਹੀ ਐਸਾ ਹੋ ਜਾਂਦਾ ਹੈ ।

੨. ਮੇਰੀ ਛੋਟੀ ਬੇਟੀ ਦੀ ਰਿਹਾਇਸ਼ ਟੁੰਡਲੇ (ਜ਼ਿਲਾ ਆਗਰੇ ਵਿਚ) ਹੈ । ਕਰੀਬਨ ੪ ਸਾਲ ਹੋਏ ਹਨ । "ਕਤਕ ਪੂਰਨਮਾਸ਼ੀ" ਨੂੰ ਰਾਤ ਬਾਰਾਂ ਵਜੇ ਗੁਰਦੁਆਰੇ ਵਿਚ ਦੀਵਾਨ ਗੁਰਪੁਰਬ ਦਾ ਸਜਿਆ ਕੀਰਤਨ ਹੁੰਦਾ ਪਿਆ ਸੀ । ਉਧਰ ਨੇੜੇ ਹੀ ਮੇਰੀ ਬੇਟੀ ਉਤਮ ਕੌਰ ਦੇ ਘਰ ਪੋਤਰੇ ਦਾ ਜਨਮ ਹੋਇਆ, ਤੇ ਜਨਮਦਾਤੀ ਮਾਤਾ ਦਾ ਨਾਮ ਵੀ ਤ੍ਰਿਪਤ ਕੌਰ ਸੀ । ਲੋਕਾਂ ਨੇ ਸੁਣਿਆ ਤੇ ਰਾਤ ਨੂੰ ਹੀ ਗੁਰਦੁਆਰੇ ਤੋਂ ਉਠਕੇ ਮੁਬਾਰਕਾਂ ਦੇਣ ਆਏ । ਬੱਚੇ ਨੂੰ ਵਾਹਿਗੁਰੂ ਜੀ ਉਮਰ ਬਖਸ਼ੇ—ਉਹ ਵੀ ਭਾਗਸ਼ੀਲ ਤੇ ਸੋਹਣਾ ਹੈ । ਇਹ ਸਹਿਵਨ ਹੋਣ ਵਾਲੀਆਂ ਗਲਾਂ ਹਨ । ਗੁਰਪੁਰਬਾਂ ਵਾਲੇ ਦਿਨ ਵੀ ਕਈਆਂ ਦੇ ਜਨਮ ਹੁੰਦੇ ਤੇ ਉਲਟੇ ਕਿਆਸ ਕਰਨੇ ਚੰਗੀ ਗਲ ਨਹੀਂ ਹੈ ।

ਸਿੱਖ ਰਾਜ ਵੇਲੇ ਦਾ ਉਹ ਜ਼ਮਾਨਾ ਹੀ ਐਸਾ ਸੀ ਜਿਸ ਵੇਲੇ ਸਿੱਖਾਂ ਵਿਚ ਵੱਡੇ ਵੱਡੇ ਜੋਧੇ ਨੀਤੀਵਾਨ ਵੀ ਪੈਦਾ ਹੋਏ ਤੇ ਸਾਧੂ ਸੰਤ ਮਹਾਤਮਾਂ ਵੀ ਸੰਤ ਬਾਬਾ ਬੀਰ ਸਿੰਘ ਜੀ ਆਦਿਕ ਪੈਦਾ ਹੋਏ ਸਨ । ਪਰ ਆਮ ਜਨਤਾ ਵਿਚ ਸਿੱਖ ਸਿਪਾਹੀ ਵੀ ਐਸੇ ਬਹੁਤੇ ਹੁੰਦੇ ਰਹੇ ਕਿ ਜਿਹਨਾਂ ਨੂੰ ਸਿਵਾਏ ਲੜਨ ਭਿੜਨ ਤੇ ਲੁਟ ਮਾਰ ਕਰਨ ਦੇ ਹੋਰ ਸੁਝ ਬੂਝ ਨਹੀਂ ਸੀ । ਇਕ ਤਵਾਰੀਖੀ ਜ਼ਿਕਰ ਹੈ ।

ਗੁਰ ਬਿਲਾਸ ਬੀਰ ਮ੍ਰਿਗੇਸ਼ ਦੇ ਲਿਖਾਰੀ ਪੰਡਤ ਸ਼ੇਰ ਸਿੰਘ ਨੇ ਲਿਖਿਆ ਕਿ ਸ੍ਰੀ ਕੇਸਗੜ੍ਹ ਤੋਂ ਜਦੋਂ ਬਾਬਾ ਸਾਹਿਬ ਸਿੰਘ ਬੇਦੀ ਜੀ ਨੇ ਪੰਜ ਪਿਆਰਿਆਂ ਪਾਸੋਂ ਸਨਿਮਰ ਮੰਗ ਕੇ ਅੰਮ੍ਰਿਤ ਪਾਨ ਕੀਤਾ ਤਦ ਬਹੁਤ ਵੈਰਾਗ ਅਤੇ ਗੁਰੂ ਪ੍ਰੇਮ ਵਿਚ ਭਰੇ

ਹੋਇਆ ਘੋੜੇ ਉਤੇ ਸਵਾਰ ਹੋ ਕੇ ਕਿਤੇ ਚੁਪਕੇ ਹੀ ਚਲੇ ਗਏ ਸੀ। ਉਤਰ ਪ੍ਰਦੇਸ਼ ਨੂੰ ਜਾਂਦਿਆਂ ਇਹਨਾਂ ਨੂੰ ਸਰਦਾਰ ਨਥਾ ਸਿੰਘ ਨਾਮੀ ਇਕ ਸਿਖ ਨੇ ਘਰ ਲਿਜਾ ਕੇ ਬਹੁਤ ਸੇਵਾ ਕੀਤੀ ਤੇ ਚਲਦੇ ਵੇਲੇ ਇਹਨਾਂ ਦੇ ਨਾਲ ਹੀ ਟੁਰ ਪਿਆ। ਥੋਹੜਾ ਅਗੇ ਜਾ ਕੇ ਬੁਢਾ ਦਲ ਨਿਹੰਗ ਸਿੰਘਾਂ ਦਾ ਜਥਾ ਮਿਲਿਆ ਜੋ ਕੈਂਦੋਸੀ ਸ਼ਹਿਰ ਨੂੰ ਫਤਹਿ ਕਰਨ ਨੂੰ ਜਾ ਰਿਹਾ ਸੀ। ਉਹ ਕੈਂਦੋਸੀ ਸ਼ਹਿਰ ਵਿਚ ਦਾਖਲ ਹੋਏ ਤੁਰਕਾਂ ਨੂੰ ਮਾਰਦੇ ਰਹੇ। ਪਰ ਘਰਾਂ ਤੋਂ ਉਹਨਾਂ ਦਾ ਰੁਪਿਆ ਪੈਸਾ ਤੇ ਸੋਨਾ ਚਾਂਦੀ ਕਪੜਾ ਨਾ ਲੁਟਿਆ ਅਤੇ ਹੀਰੇ ਜਵਾਹਰਾਤ ਮੋਤੀਆਂ ਦੇ ਥੈਲੇ ਭਰ ਲਏ। ਪਰ ਬਾਬਾ ਸਾਹਿਬ ਸਿੰਘ, ਸਰਦਾਰ ਨਥਾ ਸਿੰਘ ਤੇ ੧੧ ਹੋਰ ਨਿਹੰਗ ਸਿੰਘਾਂ ਨੇ ਐਸਾ ਨਾ ਕੀਤਾ। ਇਸ ਸ਼ਹਿਰ ਤੋਂ ਬਾਹਰ ਹੀ ਖਲੋਤੇ ਰਹੇ ਸੀ।

ਫਿਰ ਲੁਟੇ ਮਾਲ ਨੂੰ ਬਾਹਰ ਲਿਆ ਕੇ ਹਲਵਾਈਆਂ ਅਗੇ ਰਖਿਆ ਕਿ ਮੋਤੀਆਂ ਦੀ ਗਿਣਤੀ ਜਿਤਨੇ ਸਾਨੂੰ ਮੋਤੀ ਚੂਰ ਦੇ ਲੱਡੂ ਦੇ ਦਿਓ ਤਦ ਉਹਨਾਂ ਦੀ ਭੋਲੇਪਨ ਬਿਰਤੀ ਨੂੰ ਦੇਖ ਕੇ ਉਨ੍ਹਾਂ ਆਖਿਆ ਕਿ ਜਿਤਨੇ ਲੱਡੂ ਲਿਆਂਗੇ—ਦੂਣੇ ਮੋਤੀ ਤੇ ਹੀਰੇ ਲਵਾਂਗੇ, ਤਦ ਐਸਾ ਹੀ ਕੀਤਾ ਤੇ ਲੱਖਾਂ ਦਾ ਕੀਮਤੀ ਮਾਲ ਦੇ ਕੇ ਲੱਡੂ ਖਾ ਲਏ ਸਨ। ਬਾਬਾ ਜੀ ਨੇ ਇਹਨਾਂ ਨੂੰ ਬਾਅਦ ਵਿਚ ਬਹੁਤ ਸਮਝਾਇਆ ਕਿ ਤੁਸੀਂ ਇਹ ਬਹੁਤ ਅਨਰਥ ਕੀਤਾ ਹੈ ਕਿ ਜਿਹਨਾਂ ਲੋਕਾਂ ਨੇ ਬੜੀ ਮਿਹਨਤ ਨਾਲ ਇਹ ਧਨ ਜੋੜਿਆ ਸੀ ਤੁਸੀਂ ਲੁਟ ਮਾਰ ਕਰਕੇ ਚੰਗਾ ਨਹੀਂ ਕੀਤਾ। ਬਾਬਾ ਸਾਹਿਬ ਜੀ ਨੇ ਅਗੇ ਵਾਸਤੇ ਡਾਂਟਿਆ ਤੇ ਇਹ ਗੁਰ ਵਾਕ ਪੜ੍ਹ ਸੁਣਾਇਆ ਸੀ :

ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਏ ॥
ਗੁਰ ਪੀਰ ਹਾਮਾਂ ਤਾਂ ਭਰੇ ਜਾਂ ਮੁਰਦਾਰ ਨ ਖਾਏ ॥

ਇਥੋਂ ਬਾਬਾ ਸਾਹਿਬ ਸਿੰਘ ਨੇ ਇਹਨਾਂ ਦਾ ਸਾਥ ਛਡ ਦਿਤਾ ਤੇ ਸਰਦਾਰ ਨਥਾ ਸਿੰਘ ਸਮੇਤ ਮੁੜ ਆ ਕੇ ਸ੍ਰੀ ਅਨੰਦਪੁਰ ਹੀ ਟਿਕੇ ਸੀ।

ਨੋਟ :—ਬਾਬਾ ਜੀ ਨੇ ਸਰਦਾਰ ਨਥਾ ਸਿੰਘ ਦੀ ਸੇਵਾ ਉਤੇ ਖੁਸ਼ ਹੋ ਕੇ ਪੁਤਰ ਦਾ ਵਰਦਾਨ ਦਿਤਾ ਸੀ, ਜੋ ਸਮਾਂ ਪਾ ਕੇ "ਬਾਬਾ ਖੁਦਾ ਸਿੰਘ" ਨਾਮੀ ਮਹਾਨ ਤਪੱਸਵੀ ਪੁਤਰ ਪੈਦਾ ਹੋਇਆ ਸੀ।

ਉਕਤ ਸਾਖੀ ਨੂੰ ਇਸ ਵਾਸਤੇ ਸਾਹਮਣੇ ਕੀਤਾ ? ਪਾਠਕਾਂ ਪ੍ਰਤੀ ਪਤਾ ਹੋਵੇ ਕਿ ਸਾਧਾਰਨ ਸਿਖਾਂ ਵਿਚ ਕਿਤਨੀ ਅਲਪਗਤਾ ਸੀ ਅਤੇ ਕੋਈ ਵੀ ਸੰਤ ਮਹੰਤ ਜੋ ਸੂਝਵਾਨ ਹੁੰਦਾ ਸੀ, ਆਪਣੇ ਨੂੰ ਉਹ ਕੁਝ ਵੀ ਪ੍ਰਗਟਾਏ ਤਾਂ ਲੋਕੀ ਇਤਬਾਰ ਕਰ ਜਾਂਦੇ ਸਨ। ਅਜਾਪਾਲ ਸਿੰਘ ਨੇ ਵੀ ਨਿਸ਼ਾਨ ਨਾਲ ਆਪੇ ਨੂੰ ਪ੍ਰਸਿੱਧ ਕੀਤਾ।

ਅਜ ਕਲ ਜਦੋਂ ਸਾਇੰਸ ਦੇ ਚਮਤਕਾਰ ਅਤੇ ਹਰ ਤਰ੍ਹਾਂ ਧਾਰਮਿਕ ਵਿਦਿਆ ਪ੍ਰਚਾਰ ਸਿਖਰਾਂ ਤੇ ਹੋ ਰਿਹਾ ਹੈ, ਫਿਰ ਵੀ ਕੋਈ ਹਨੇ ਦਾ ਕੋਈ ਥੰਨੇ ਦਾ ਪੁਜਾਰੀ, ਕੋਈ ਨਕਲੀ ਨਿਰੰਕਾਰੀਆਂ ਤੇ ਰਾਧਾ ਸਵਾਮੀਆਂ ਦਾ ਚੇਲਾ ਹੈ। ਤਦ ਉਸ ਵੇਲੇ ਦੇ ਸਿਖਾਂ (ਸਾਧਾਰਨਾ) ਵਿਚ ਜ਼ਖਮ ਦੀ ਨਿਸ਼ਾਨੀ ਦਸ ਕੇ ਅਜਾਪਾਲ ਸਿੰਘ ਜੀ ਨੂੰ ਗੁਪਤ ਬੈਠਾ ਗੁਰੂ ਗੋਬਿੰਦ ਸਿੰਘ ਨਾਮ ਨਾਲ ਪ੍ਰਗਟਾਣਾ ਮੁਸ਼ਕਿਲ ਨਹੀਂ ਸੀ। ਤੇ ਇਹਨਾਂ ਪਾਸੋਂ ਬਾਬਾ ਬਾਲਕ ਸਿੰਘ ਨੂੰ ਗੁਰਗਦੀ ਦਿਲਾਣਾ ਤੇ ਫੇਰ ੧੨ਵਾਂ ਸਤਿਗੁਰੂ ਰਾਮ

ਸਿੰਘ ਹੋ ਕੇ ਵਾਪਸ ਆਪਣੀ ਗੁਰਗਦੀ ਨੂੰ ਲੈਣਾ ਤੇ ਜੁਗੋ ਜੁਗ ਪੀਹੜੀ ਗੁਰੂ ਚਲੰਦੀ ਦਸ ਕੇ ਸਿਖਾਂ ਨੂੰ ਭਰਮਾਣਾ—ਇਕ ਬੜੀ ਦਾਨਾਈ ਜਾਂ ਚਤੁਰਾਈ ਦਾ ਕੰਮ ਹੈ ।

ਗੁਰੂ ਨਾਨਕ ਦੇਵ ਤੋਂ ਲੈ ਕੇ ਸ੍ਰੀ ਦਸਮੇਸ਼ ਜੀ ਤੀਕ ਆਪਣੇ ਤੋਂ ਬਾਅਦ ਦੇ ਵਾਸਤੇ ਅਸਥਾਪਤ ਸਤਿਗੁਰੂਆਂ ਨੂੰ ਸੰਗਤਾਂ ਵਿਚ ਖੁਦ ਪ੍ਰਗਟਾਂਦੇ ਰਹੇ ਮਥੇ ਟੇਕੇ ਅਤੇ ਸਿਖ ਸੰਗਤਾਂ ਪਾਸੋਂ ਹੁਕਮ ਦੇ ਕੇ ਮਥੇ ਟਿਕਾਂਦੇ ਰਹੇ । ਸ੍ਰੀ ਮੋਹਰੀ ਪੁਤਰ ਜੀ ਨੂੰ ਗੁਰੂ ਅਮਰ ਦਾਸ ਜੀ ਨੇ ਖੁਦ ਆਖ ਕੇ ਗੁਰੂ ਰਾਮਦਾਸ ਜੀ ਦੇ ਪੈਰੀਂ ਮੱਥਾ ਟਿਕਾਇਆ ਸੀ ਮੋਹਣ ਜੀ ਨਹੀਂ ਨਿਵੇਂ ਸੀ, ਫਿਰ ਉਹਨਾਂ ਨੂੰ ਵੀ ਆਖ ਕੇ ਮਨਾਇਆ ਸੀ :

ਸਤਿਗੁਰੂ ਪ੍ਰਤੱਖ ਹੋਦੈ ਬਹਿ ਰਾਜ ਆਪਿ ਟਿਕਾਇਆ ॥
ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀਂ ਪਾਇਆ ॥ (੯੨੨)

ਜਦ ਗੁਰੂ ਸਾਹਿਬ ਖੁਦ ਜਿਸ ਨੂੰ ਗਦੀ ਬਿਠਾਂਦੇ ਅਤੇ ਆਪਣੇ ਨਾਲ ਹੀ ਸਿਖਾਂ ਪੁਤਰਾਂ ਨੂੰ ਨਿਵਾਂਦੇ ਰਹੇ ਸੀ—ਤਦ ਗੁਰੂ ਗੋਬਿੰਦ ਸਿੰਘ ਜੀ ਨੇ (ਚਾਵਲਾ ਜੀ ਦੀ ਲਿਖਤ ਮੁਤਾਬਕ) ਜਦੋਂ ਸ੍ਰੀ ਬਾਲਕ ਸਿੰਘ ਅਗੇ ਮਥਾ ਟੇਕਿਆ ਸੀ ਤਾਂ ਨਾਲ ਦੇ ਪੰਜਾਂ ਸਿੰਘਾਂ ਨੂੰ ਕਿਉਂ ਨਾ ਇਨ੍ਹਾਂ ਅਗੇ ਮਥਾ ਟਿਕਾ ਕੇ ਨਿਵਾਇਆ ? ਐਸਾ ਲਿਖ ਦਸਣ ਨਾਲ ਚਾਵਲਾ ਦੀ ਲਿਖਤ ਹੋਰ ਵਜ਼ਨਦਾਰ ਹੋ ਜਾਣੀ ਸੀ ।

ਪੁਰਾਤਨ ਰਾਜਸੀ ਮਰਯਾਦਾ ਮੁਤਾਬਕ ਦੁਨੀਆਦਾਰੀ ਦੀ ਤਖਤ ਨਸ਼ੀਨੀ (ਤਾਜਪੋਸ਼ੀ) ਵੇਲੇ ਤਾਂ ਸਰਦਾਰ ਰਣਜੀਤ ਸਿੰਘ ਨੂੰ ਵਿਸਾਖੀ ਦੇ ਦਿਨ ਸ਼ਾਹੀ ਤਖਤ ਪਰ ਬਿਠਾ ਕੇ ਸਾਰਿਆਂ ਹੀ ਰਾਜ ਦਰਬਾਰੀਆਂ ਅਤੇ ਪੰਥਕ ਹਿਤਕਾਰੀਆਂ ਵਲੋਂ ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਕੇਸਰ ਦਾ ਤਿਲਕ ਲਾ ਕੇ ਐਲਾਨ ਕੀਤਾ ਸੀ ਕਿ ਅਜ ਤੋਂ ਸਰਦਾਰ ਰਣਜੀਤ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਮੰਨਿਆ ਅਤੇ ਪੁਕਾਰਿਆ ਜਾਏਗਾ । ਇਹ ਇਕ ਪ੍ਰਸਿੱਧ ਤਵਾਰੀਖੀ ਜ਼ਿਕਰ ਹੈ :

ਪਰ ਜੋ—"ਨਾਨਕ ਰਾਜ ਚਲਾਇਆ ਸਚ ਕੋਟ ਸਤਾਣੀ ਨੀਵਦੈ ॥
ਤੇ ਏਹ ਜੋ—"ਹਰ ਸਚੇ ਤਖਤ ਰਚਾਇਆ ਸਤਿਸੰਗਤ ਮੇਲਾ ॥

ਇਸ ਸਚ ਦੇ ਰਾਜ ਵਿਚ ਜਿਸ ਪਾਸ ਸੱਚ ਦਾ ਹੀ ਕਿਲ੍ਹਾ ਹੈ, ਅਤੇ ਸੱਚ ਦੀ ਸਤਾਣੀ (ਬਲਵਾਨ) ਹੀ ਜਿਸ ਦੀ ਬੁਨਿਆਦ ਹੈ, ਅਤੇ ਜਿਸ ਸਚੇ ਤਖਤ ਨੂੰ ਸਚੇ ਅਕਾਲ ਪੁਰਖ ਦੇ ਹੁਕਮ ਵਿਚ ਹੀ ਰਚਾਇਆ ਗਿਆ ਹੈ—ਇਸ ਸੱਚੇ ਤਖਤ ਪਰ ਹਜਰੇ ਵਿਚ ਬੈਠੇ ਇਕ ਗੁਮਨਾਮ ਮਹੰਤ ਸ੍ਰੀ ਬਾਲਕ ਸਿੰਘ ਜੀ ਨੂੰ (ਇਕ ਮਨਘੜਤ ਝੂਠੀ ਕਹਾਣੀ ਘੜ ਕੇ) ਗੁਰੂ ਗੋਬਿੰਦ ਸਿੰਘ ਜੀ ਵਲੋਂ ਸਚੇ ਤਖਤ ਦਾ ੧੧ਵਾਂ ਵਾਰਸ (ਸਤਿਗੁਰੂ ਸਥਾਪਤ ਕੀਤਾ) ਲਿਖਣਾ ਤੇ ਪ੍ਰਚਾਰਨਾ ਕੇਵਲ ਨਾਮਧਾਰੀ ਦਰਬਾਰ ਦੀ ਦਲੇਰੀ ਅਤੇ ਚਿੱਟੀ ਸਚਾਈ ਦਾ ਸਬੂਤ ਹੈ ।

ਇਸ ਵਾਸਤੇ ਕਿ ਅਜ ਤੀਕ ਕਿਸੇ ਨੇ ਪੁਛਿਆ ਨਹੀਂ ਜੋ ਕਿਹੜੀ ਸੰਗਤ ਦੇ ਸਾਹਮਣੇ, ਕਿਹੜੇ ਸ਼ੁਭ ਦਿਹਾੜੇ ਗੁਰੂ ਜੀ ਨੇ ਸਮੂਹ ਸਿੱਖ ਜਗਤ ਨੂੰ ਸੁਣਾਇਆ ਸੀ ਕਿ ਹੁਣ ਤੋਂ ਸਾਡੇ ਬਾਅਦ ਇਹ ਗਿਆਰਵੇਂ ਸਤਿਗੁਰੂ ਹੋਣਗੇ, ਕੋਈ ਸਬੂਤ ਨਹੀਂ ਹੈ । ਸਿਰਫ ਬਾਬਾ ਬਾਲਕ ਸਿੰਘ ਦੇ ਆਪਣੇ ਹੀ ਦਸੇ ਮੁਤਾਬਕ ਉਹਨਾਂ ਦੇ ਪ੍ਰੇਮੀਆਂ ਨੇ ਸੱਚ ਮੰਨ ਲਿਆ ਤੇ ਲਿਖ ਕੇ ਪ੍ਰਚਾਰਿਆ ਹੈ ।

ਇਹ ਵੀ ਸੱਚ ਹੈ ਕਿ ਉਸ ਸਮੇਂ ਦੇ ਸਿਆਣੇ ਗੁਰਸਿਖਾਂ ਨੇ ਇਹਨਾ ਦੇ ਪ੍ਰਚਾਰ ਨੂੰ ਸੱਚਾ ਨਹੀਂ ਮੰਨਿਆਂ ਸੀ ਤੇ ਇਸੇ ਕਰਕੇ ਇਹਨਾਂ (ਬਾਣੀ ਪੜਦਿਆਂ, ਤੇ ਰਹਿਤਾਂ ਰਖਦਿਆਂ) ਦੀਆਂ ਅਰਦਾਸਾਂ ਵੀ ਸ੍ਰੀ ਤਖ਼ਤਾਂ ਉਤੇ ਬੰਦ ਕੀਤੀਆਂ ਗਈਆਂ ਸਨ ਕਿ ਇਹਨਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਚੀ ਗੁਰਿਆਈ ਦੀ ਬਜਾਏ ਆਪਣੇ ਨੂੰ "ਗਿਆਰਵਾਂ ਤੇ ਬਾਹਰਵਾਂ" ਸਤਿਗੁਰੂ ਮੰਨ ਲਿਆ ਸੀ।

ਅਗਰ ਦੂਜੀਆਂ ਸੰਪਰਦਾਵਾਂ ਵਾਂਗੂ ਨਾਮਧਾਰੀ ਦਰਬਾਰ ਵੀ ਆਪਣੇ ਨਾਮ ਅੰਮ੍ਰਿਤ ਦਾਤੇ ਗੱਦੀਦਾਰ ਨੂੰ ਗੁਰੂ ਮੰਨਦਿਆਂ ਵੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਦੇ ਵਿਸ਼ਵਾਸ਼ੀ ਹੁੰਦੇ ਗੁਰਾਂ ਸਿਰ ਗੁਰੂ ਮੰਨਦੇ, ਤਦ ਮੈਨੂੰ ਕੋਈ ਇਤਰਾਜ਼ ਨਹੀਂ ਸੀ, ਤੇ ਕਿਸੇ ਹੋਰ ਨੂੰ ਵੀ ਕੋਈ ਇਤਰਾਜ਼ ਨਾ ਹੁੰਦਾ, ਪਰ ਨਾਮਧਾਰੀ ਲੇਖਕ ਨੇ ਹੱਦਾਂ ਹੀ ਟੱਪ ਦਿਤੀਆਂ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ "ਗੁਰੂ ਮਾਨਿਓ ਗ੍ਰੰਥ" ਲਿਖਣਾ ਤੇ ਪ੍ਰਚਾਰਨਾ ਕੁਕਰਮ ਦਸਿਆ ਹੈ। ਅੰਧੇਰ ਹੈ—

ਉਕਤ ਨਾਮਧਾਰੀ ਲੇਖਕ ਨੂੰ ਪਤਾ ਹੋਣਾ ਚਾਹੀਏ ਕਿ ਸ੍ਰੀ ਗ੍ਰੰਥ ਸਾਹਿਬ ਨੂੰ ਜੇਕਰ "ਸ੍ਰੀ ਗੁਰੂ ਗ੍ਰੰਥ ਸਾਹਿਬ" ਲਿਖਣਾ ਕੁਕਰਮ ਹੈ—ਤਦ ਐਸਾ ਕੁਕਰਮ ਗਿਆਨੀ ਨਾਹਰ ਸਿੰਘ ਐਮ. ਏ. ਜੀ ਪਾਸੋਂ ਬਹੁਤ ਵੇਰ ਹੋਇਆ ਹੈ ਕਿ ਉਹਨਾਂ ਨੇ ਨਾਮਧਾਰੀ ਇਤਿਹਾਸ ਜੋ ਲਿਖਿਆ ਹੈ ਉਸ ਵਿਚ ਬਹੁਤ ਥਾਈਂ ਜਿਥੇ ਮੁਨਾਸਬ ਜਾਣਿਆ ਬੜੇ ਸਤਿਕਾਰ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਲਿਖਿਆ ਅਤੇ ਇਸ ਦੇ ਲਿਖਣ ਵਿਚ ਸ੍ਰੀ ਬਾਬਾ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਉਸ ਦੀ ਬਹੁਤ ਸ਼ਲਾਘਾ ਤੇ ਮਦਦ ਕੀਤੀ (ਗਿਆਨੀ ਨਾਹਰ ਸਿੰਘ ਜੀ ਨੇ) ਨਾਮਧਾਰੀ ਇਤਿਹਾਸ ਹਿੱਸਾ ਪਹਿਲਾ ਸਫ਼ਾ ੪ ਪਰ ਖ਼ੁਦ ਐਸਾ ਲਿਖਿਆ ਹੈ :

> "ਇਹ ਪੁਸਤਕ ਕਦੀ ਵੀ ਇਸ ਰੂਪ ਵਿਚ ਨਾ ਲਿਖੀ ਜਾਂਦੀ ਜੇਕਰ ਸਮੇਂ ਦੇ ਨਾਮਧਾਰੀ ਆਗੂ "ਗੁਰੂ ਪ੍ਰਤਾਪ ਸਿੰਘ" ਜੀ ਆਪਣੇ ਪੁਸਤਕਾਲਯ ਦੀਆਂ ਸਾਰੀਆਂ ਛਪੀਆਂ ਅਤੇ ਅਣਛਪੀਆਂ ਪੁਸਤਕਾਂ ਬਗੈਰ ਕਿਸੇ ਸ਼ਰਤ ਦੇ ਲੇਖਕ ਦੇ ਹਵਾਲੇ ਨਾ ਕਰ ਦਿੰਦੇ।"

ਹੁਣ ਪਾਠਕ ਹੀ ਵਿਚਾਰ ਕਰਨ ਕਿ ਜਿਹਨਾਂ ਨੂੰ ਉਹ ਗੁਰੂ ਮੰਨ ਰਿਹਾ ਹੈ, ਉਹਨਾਂ ਨੂੰ ਤਾਂ (ਸ੍ਰੀ ਗੁਰੂ ਗ੍ਰੰਥ ਸਾਹਿਬ) ਲਿਖਤ ਪਰ ਕੋਈ ਇਤਰਾਜ਼ ਨਹੀਂ ਹੋਇਆ ਤੇ ਉਹਨਾਂ ਨੇ ਇਸ ਲਿਖਤ ਵਾਲੇ ਨਾਮਧਾਰੀ ਇਤਿਹਾਸ ਨੂੰ ਸ਼ਲਾਘਾ ਸਹਿਤ ਪ੍ਰਵਾਨ ਕੀਤਾ ਪਰ ਸੰਤ ਮੇਹਰ ਸਿੰਘ ਚਾਵਲਾ (ਕਾਹਨਪੁਰੀਆ) ਜੀ ਨੇ ਪੰਥ ਪ੍ਰਕਾਸ਼ ਵਿਚ ਲਿਖੇ ਲਿਖਾਏ ਨੂੰ ਕੁਕਰਮ ਸਮਝਿਆ ਹੈ।

**ਪ੍ਰਾਰਥਨਾ :** ਇਥੇ ਮੈਂ (ਲੇਖਕ) ਸਨਿਮਰ ਹੀ ਇਕ ਪ੍ਰਾਰਥਨਾ ਕਰਨੀ ਚਾਹੁੰਦਾ ਹਾਂ ਕਿ ਮੈਨੂੰ ਐਸਾ ਕੋਈ ਹੱਕ ਨਹੀਂ ਕਿ ਪਹਿਲੇ ਹੋ ਬੀਤੇ ਸਮੇਂ ਦੀ ਕਿਸੇ ਮਾਨਯਵਰ ਪ੍ਰਸਿਧ ਅਤੇ ਪੂਜ ਵਿਅਕਤੀ ਉਤੇ ਟੀਕਾ ਟਿਪਣੀ ਕਰਾਂ, ਪਰ ਨਾਮਧਾਰੀ ਦਰਬਾਰ ਵਲੋਂ ਆਪਣੀ ਇਸ ਗੱਦੀ ਨੂੰ "ਗੁਰੂ ਗੱਦੀ" ਪ੍ਰਗਟਾਉਣ ਨੂੰ ਜੋ ਲਿਖਤੀ ਪ੍ਰਚਾਰ ਸ਼ੁਰੂ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਨੂੰ ਖੰਡਨ ਕਰਨ ਵਿਚ "ਪੁਰਖ

ਗੁਰੂ" ਪੁਸਤਕ ਰਾਹੀਂ ਪੂਰਾ ਜ਼ੋਰ ਲਾਇਆ ਹੈ—ਇਸ ਗਲ ਨੇ ਮੈਨੂੰ ਮਜਬੂਰ ਕੀਤਾ ਕਿ ਉਕਤ ਪੁਸਤਕ ਦਾ ਢੁਕਵਾਂ ਉੱਤਰ ਦੇਣ ਨੂੰ ਇਸ ਦਰਬਾਰ ਦੀਆਂ ਨੀਹਾਂ (ਬੁਨਿਆਦਾਂ) ਰਖਣ ਵਾਲਿਆਂ ਦੇ ਮਨੋਰਥਾਂ ਉੱਤੇ ਖੁਲ੍ਹੀ ਵਿਚਾਰ ਨੂੰ ਵਿਦਵਾਨਾਂ ਤੇ ਸਚਿਆਰਾਂ ਅਗੇ ਪੇਸ਼ ਕਰਾਂ।

ਨਾਮਧਾਰੀ ਲੇਖਕ ਨੇ ਜਿਹਨਾਂ ਸਿਰਲੇਖਾਂ ਹੇਠ ਆਪਣੇ ਹੁਜਤ ਭਰੇ ਪ੍ਰਸ਼ਨ ਕੀਤੇ ਹਨ ਪੂਰੇ ਸਬੂਤਾਂ ਨਾਲ ਉੱਤਰ ਦਿੰਦੇ ਆਏ ਹਾਂ, ਜੋ ਪਾਠਕਾਂ ਨੇ ਪੜ੍ਹੇ ਹਨ। ਸਚਾਈ ਸਚਿਆਰ ਪਾਠਕਾਂ ਨੇ ਲਭਣੀ ਹੈ, ਕਿ ਜਿਹਨਾਂ ਆਪਦੇ ਦੋਹਾ ਸਤਿਗੁਰਾਂ) ਨੂੰ "ਗੁਰੂ ਨਾਨਕ ਦੇਵ" ਦੀ ਗੁਰਗਦੀ ਦਾ (ਗੁਰੂ ਦਸਮੇਸ਼ ਜੀ ਮਗਰੋਂ) ਉਹ ਵਾਰਸ ਸਾਬਤ ਕਰਨਾ ਚਾਹੁੰਦੇ ਹਨ, ਉਹਨਾਂ ਦੋਹਾਂ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਦਸਦੇ ਹਨ। ਉਹ ਵੀ ਜ਼ਬਾਨੀ ਨਹੀਂ (ਬਨਾਉਟੀ) ਕਿਸੇ ਸੌ ਸਾਖੀ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦੀ ਰਸਨਾ ਤੋਂ ਇਹ ਕਹਾਂਦੇ ਹਨ ਕਿ ਮੈਂ ਗਿਆਰਵੀਂ ਥਾਂ ਪ੍ਰਗਟ ਹੋ ਕੇ ਆਵਾਂਗਾ, ਕੋਈ ਕੋਈ ਹੀ ਜਾਣ ਸਕੇਗਾ।

ਬੇਰ ਗਿਆਰਵੀਂ ਹਮ ਚਲ ਆਵਹਿ ॥ ਤਾਂਤੇ ਕੋ ਇਕ ਹਮ ਲਖ ਪਾਵੈ ॥

ਨਾਮਧਾਰੀ ਲੇਖਕ ਨੇ ਇਸ ਗਿਆਰਵੀਂ ਥਾਂ ਵਿਚ ਵੀ ਬਾਲਕ ਸਿੰਘ ਜੀ ਨੂੰ ਗੁਰੂ ਅਵਤਾਰ ਹੀ ਮੰਨਿਆ ਹੈ। ਫਿਰ ਬਾਲਕ ਸਿੰਘ ਰੂਪ ਵਿਚ (ਗਿਆਰਵੇਂ ਗੁਰੂ ਅਵਤਾਰ ਨੂੰ) ਅਜਾਪਾਲ ਸਿੰਘ ਰੂਪ ਵਿਚ ਗੁਪਤ ਹੋ ਬੈਠ—"ਗੁਰੂ ਗੋਬਿੰਦ ਸਿੰਘ" ਮੰਨ ਕੇ ੧੧ਵੇਂ ਰੂਪ ਵਿਚ ਬੈਠੇ ਬਾਲਕ ਜੀ ਨੂੰ ਉਹਨਾਂ ਦੇ ਦਰਸ਼ਨ ਵੀ ਕਰਾਂਦਾ, ਮਥੇ ਟਿਕਾਂਦਾ ਤੇ ਗੁਰਗੱਦੀ ਦਿਲਾਂਦਾ ਹੈ। ਫਿਰ ਬਾਹਰਵੇਂ ਰੂਪ ਤਰਖਾਣ (ਬਾਢੀ) ਦੇ ਘਰ ਬਾਬਾ ਰਾਮ ਸਿੰਘ ਹੋ ਕੇ ਇਹ ਅਮਾਨਤ ਦਿਤੀ (ਗੁਰਗੱਦੀ) ਮੋੜ ਲੈਣ ਦੀ ਪੇਸ਼ੀਨਗੋਈ ਕਰਾਂਦਾ ਹੈ।

ਭਾਵ ਇਕੋ ਗੁਰੂ ਗੋਬਿੰਦ ਸਿੰਘ ਗੁਪਤ ਹੋ ਕੇ (ਅਜਾਪਾਲ ਸਿੰਘ ਨਾਮ ਨਾਲ) ਨਾਭੇ ਵਿਚ ਵੀ ਬੈਠੇ ਸਨ। ਫਿਰ ਦੂਜੀ ਥਾਂ (ਬਾਲਕ ਸਿੰਘ ਰੂਪ ਵਿਚ) ਆਪਣੀ ਹੀ ਮੂਰਤੀ ਦਾ ਧਿਆਨ ਧਰ ਨਦੀ ਕਿਨਾਰੇ ਬੈਠੇ ਨੂੰ ਦਰਸ਼ਨ ਦਿਖਾਤੇ ਅਤੇ ਤੀਜੀ ਥਾਂ ਪੰਜਾਂ ਪਿਆਰਿਆ ਸਮੇਤ ਆਪਣੇ ਹੀ ੧੧ਵੇਂ ਰੂਪ ਨੂੰ ਆ ਕੇ ਗੁਰਗਦੀ ਦੀ ਬਖਸ਼ਸ਼ ਵੀ ਕੀਤੀ ਨੇ ਕੀ ਇਹ ਸਚਿਆਈ ਹੈ?

ਨਾਮਧਾਰੀ ਦਰਬਾਰ ਵਲੋਂ ਛਾਪੀ ਇਸ ਪੁਸਤਕ ਦੀ ਸਚਿਆਈ ਨੂੰ ਸਮਝਾਣ ਵਾਸਤੇ ਹੀ ਮੈਨੂੰ ਉਕਤ ਟੀਕਾ ਟਿਪਣੀ ਕਰਨੀ ਪਈ ਹੈ। ਤਾਂ ਕਿ ਮੇਰੀ ਵਿਚਾਰ ਅਤੇ ਪੇਸ਼ ਕੀਤੀਆਂ ਦਲੀਲਾਂ ਤੋਂ ਵਖਰੇ ਇਤਿਹਾਸਕ ਉਦਾਹਰਣਾਂ ਨੂੰ ਜੇ ਕਰ ਸੱਚਾ ਮੰਨਿਆ ਜਾਏ—ਤਦ ਨਾਮਧਾਰੀ ਨਿਸਚਿਆਂ ਤੇ ਮਨੌਤਾਂ ਰੂਪੀ ਕੂੜ ਦੀ ਪਾਲ-ਟੁਟ ਜਾਣ ਨਾਲ, ਨਾਮਧਾਰੀ ਵੀਰਾਂ ਦੀ ਸਾਦਗੀ ਤੇ ਪਵਿਤਰਤਾ ਭਰੀ ਸੰਸਥਾ ਦੀ "ਖਾਲਸਾ ਪੰਥ" ਨਾਲ ਮਾਨਸਿਕ ਅਤੇ ਇਸ਼ਟ ਏਕਤਾ ਹੋਏ ਵੇਲੇ ਅਪਾਰ ਪ੍ਰਸਿਧੀ ਹੋ ਸਕਦੀ ਹੈ। ਹੁਣ ਇਸ ਤੋਂ ਅਗੇ ਉਹਨਾਂ ਦੇ ੧੨ਵੇਂ ਸਤਿਗੁਰੂ ਰਾਮ ਸਿੰਘ ਜੀ ਬਾਬਤ ਵਿਚਾਰ ਪੇਸ਼ ਕਰਨੀ ਹੈ, ਪੜ੍ਹੀਏ।

## ਕੁਝ ਫੁਟਕਲ ਵਿਚਾਰਾਂ

ਨਾਮਧਾਰੀ ਦਰਬਾਰ ਅਤੇ ਦਰਬਾਰ ਨਾਲ ਸਬੰਧਤ ਸਿਖ ਪ੍ਰਵਾਰ ਪੂਰੇ ਨਿਸਚੇ ਨਾਲ ਬਾਬਾ ਰਾਮ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪੁਨਰ ਅਵਤਾਰ ਅਤੇ ੧੨ਵਾਂ ਗੁਰਗਦੀ ਦਾ ਵਾਰਸ ਮੰਨਦੇ ਹਨ। ਇਸੇ ਮਨੌਤ ਨੂੰ ਮਨਾਣ ਵਾਸਤੇ "ਗੁਰੂ ਗ੍ਰੰਥ" ਜੀ ਦੀ ਗੁਰਤਾ ਦਾ ਖੰਡਨ ਅਤੇ ਆਪਣੀ ਘਰੋਗੀ (ਨਾਮਧਾਰ) ਗਦੀ ਦੇ ਮੰਡਨ ਵਿਚ ਲਿਖਤੀ ਅਤੇ ਜ਼ਬਾਨੀ ਬਹੁਤ ਪ੍ਰਚਾਰ ਵਧਾਇਆ ਹੈ ਤੇ ਉਹਨਾਂ ਦੀ ਇਸੇ ਮਨੌਤ ਦੀ ਅਸਲੀਅਤ ਨੂੰ ਸਮਝਣ ਵਾਸਤੇ ਹੀ ਅਸੀਂ ਇਸ ਪੁਸਤਕ ਨੂੰ ਲਿਖਣਾ ਚਾਹਿਆ ਹੈ।

ਅਸਲੀਅਤ ਇਹ ਹੈ ਕਿ ਸ੍ਰੀ ਬਾਲਕ ਸਿੰਘ ਜੀ ਦਾ ਜਨਮ ਸੰਮਤ ੧੮੪੧ (ਸੰਨ ੧੭੮੪) ਵਿਚ ਹੋਇਆ ਸੀ ਪੂਰਬਲੇ ਸੰਸਕਾਰ ਨਿਰਮਲੇ ਸਨ ਤੇ ਸੁਰਤ ਸੰਭਾਲਣ ਵੇਲੇ ਤੋਂ ਆਪਣੇ ਗੁਰਮੁਖ ਪਿਤਾ ਮਾਤਾ ਦੀ ਪਵਿਤਰ ਤੇ ਧਾਰਮਕ ਜ਼ਿੰਦਗੀ ਦਾ ਇਨ੍ਹਾਂ ਤੇ ਪ੍ਰਭਾਉ ਪੈਣਾ ਜ਼ਰੂਰੀ ਸੀ। ਸਿਮਰਨ ਦੀ ਸ਼ੌਕ ਵੀ ਅਤੇ ਪਿਤਾ ਨਾਲ ਦੁਕਾਨਦਾਰੀ ਵੀ ਨਿਭਾਉਂਦੇ ਸਨ, ਪਰ ਵਧੇਰੇ ਲਗਨ ਸਿਮਰਨ ਭਗਤੀ ਵਲ ਵਧ ਰਹੀ ਸੀ। ੪੪ ਸਾਲ ਦੀ ਉਮਰ ਹੋਦੇ ਵੇਲੇ ਵੈਰਾਗ ਬਹੁਤ ਵਧ ਗਿਆ ਤੇ ਘਰ ਦਰ ਛਡ ਕੇ ਫਿਰਦੇ ਫਿਰਾਂਦੇ ਹਜ਼ਰੋ ਚਲੇ ਗਏ ਸਨ।

ਨਾਮਧਾਰੀ ਲੇਖਕ ਨੇ ਲਿਖਿਆ ਹੈ ਕਿ ਸੰਮਤ ੧੮੬੯ ਵਿਚ ਇਹਨਾਂ ਨੂੰ ਅਜਾਪਾਲ ਸਿੰਘ ਰੂਪ ਵਿਚ ਗੁਰੂ ਗੋਵਿੰਦ ਸਿੰਘ ਜੀ ਨੇ ਦਰਸ਼ਨ ਦਿਤੇ ਜਦੋਂ ਬਾਲਕ ਸਿੰਘ ਜੀ ੨੮ ਸਾਲਾਂ ਦੇ ਆਪਣੇ ਪਿੰਡ ਸਰਾਲਾ ਵਿਚ ਸਨ ਅਤੇ ਗੁਰੂ ਜੀ ਨੇ ਇਹਨਾਂ ਨੂੰ ਗਦੀ ਦਿਤੀ ਤੇ ਆਖਿਆ—"ਬਾਹਰਵੇਂ ਜਾਮੇ ਵਿਚ ਮੈਂ ਆਪ ਪਾਸ ਆਵਾਂਗਾ—ਤਦ ਤੀਕ ਆਪ ਗੁਰਗਦੀ ਨੂੰ ਸੰਭਾਲੋ ਤੇ ਸਿਖੀ ਦੀ ਰਖਵਾਲੀ ਕਰੋ।"

(ਪੁਰਖ ਗੁਰੂ ਪੰਨਾ ੨੫੯)

ਇਸ ਵੇਲੇ ੨੮ ਸਾਲ ਦੀ ਉਮਰ ਤੋਂ ੪੪ ਸਾਲ ਦੀ ਉਮਰ ਵੇਲੇ ਤੀਕ (ਜਦੋਂ ਹਜ਼ਰੋ ਗਏ) ੧੬ ਸਾਲ ਦਾ ਇਤਨਾ ਅਰਸਾ ਉਹ ਘਰ ਵਿਚ ਰਹੇ ਤੇ ਕਾਰੋਬਾਰ ਕਰਦੇ ਰਹੇ। ਸੰਤ ਚਾਵਲਾ ਦੀ ਲਿਖਤ ਮੁਤਾਬਕ ਅਗਰ ਉਸ ਵੇਲੇ ਗੁਰੂ ਜੀ ਨੇ ਹੁਕਮ ਕੀਤਾ, ਜੋ ਸਿਖੀ ਦੀ ਰਖਵਾਲੀ ਕਰੋ। ਤਾਂ ਚਾਵਲਾ ਜੀ ਨੂੰ ਇਹ ਵੀ ਦਸਣਾ ਚਾਹੀਦਾ ਸੀ ਕਿ ਉਸ ਵੇਲੇ ਪੰਥ ਪਰ ਕੀ ਕੁਝ ਮੁਸੀਬਤ ਬਣੀ ਸੀ, ਅਤੇ ਘਰੋਗੀ ਕੰਮ ਕਾਜ ਛਡ ਕੇ ਬਾਲਕ ਸਿੰਘ ਜੀ ਨੇ ਕਿਹੜੀ ਥਾਂ ਮੋਢੇ ਨਾਲ ਮੋਢਾ ਡਾਹ ਕੇ ਸਿਖੀ ਦੀ ਰਖਵਾਲੀ ਕੀਤੀ ਸੀ? ਇਸ ਵੇਲੇ ਜਦੋਂ ਕਿ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹਰ ਪਾਸੇ ਪਕਾ ਸੀ ਤੇ ਅੰਗਰੇਜ਼ ਸੋਚੀਂ ਪਏ ਸਨ ਤੇ ਸਿੱਖ ਰਾਜ ਨਾਲ ਸੰਧੀ ਕਰਨੀ ਚਾਹੁੰਦੇ ਸਨ:

ਇਸੇ ਅਰਸੇ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਜਦੋਂ ਪੰਜਾਬ ਦੀ ੧੨ ਮਿਸਲਾਂ ਅਤੇ ਹੋਰ ਕੁਝ ਸਟੇਟਾਂ ਦੇ ਇਲਾਕੇ ਕਬਜ਼ੇ ਵਿਚ ਕਰ ਲਏ ਸਨ ਤਾਂ—"ਜੀਂਦ, ਕੈਥਲ ਅਤੇ ਮਹਾਰਾਜਾ ਪਟਿਆਲਾ ਨੇ ਅੰਗਰੇਜ਼ੀ ਸਰਕਾਰ ਪਾਸ ਦਰਖਾਸਤ ਦਿਤੀ ਕਿ ਲਾਹੌਰ ਦਰਬਾਰ ਦੀ ਬਜਾਏ ਅਸੀਂ ਦਿਲੀ ਸਰਕਾਰ ਦੀ ਸਰਪ੍ਰਸਤੀ ਹੇਠਾਂ ਰਹਿਣਾ

ਪਸੰਦ ਕਰਾਂਗੇ। ਦਰਖਾਸਤ ਮਨਜ਼ੂਰ ਕੀਤੀ ਜਾਏ। ਪਰ ਅੰਗ੍ਰੇਜ਼ੀ ਸਰਕਾਰ (ਈਸਟ ਇੰਡੀਆ ਕੰਪਨੀ) ਨੇ ਲਾਹੌਰ ਦਰਬਾਰ ਨਾਲ ਇਤਨਾ ਛੇਤੀ ਛੇਤੀ ਬਿਗਾੜ ਪਾ ਕੇ ਬੇਰਸੀ ਨੂੰ ਵਧਾਣਾ ਪਸੰਦ ਨਾ ਕੀਤਾ ਸੀ। ਦੋ ਤਿੰਨ ਮਹੀਨੇ ਤੀਕ ਕੋਈ ਜਵਾਬ ਨਹੀਂ ਦਿਤਾ ਸੀ ਤਦ ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਲਖਨੌਰ ਦੇ ਮੁਕਾਮ ਪਰ ਉਕਤ ਰਾਜਿਆਂ ਦੀ ਇਕ ਕਾਨਫ੍ਰੰਸ ਬੁਲਾਈ ਸਮੇਂ--ਪ੍ਰਧਾਨਗੀ ਕਰਦੇ ਹੋਇਆਂ ਸਾਰਿਆਂ ਨੂੰ ਸਮਝਾ ਬੁਝਾ ਕੇ ਰਾਜੀਨਾਮਾਂ ਕਰਾ ਦਿਤਾ ਸੀ। "ਰਾਜਗਾਨੇ ਪੰਜਾਬ" ਲਿਖਤ ਇਹ ਰਾਜੀਨਾਮਾ ੪ ਨਵੰਬਰ ੧੮੦੪ (ਸੰਮਤ ੧੮੬੧) ਵਿਚ ਹੋਇਆ।

ਨਾਮਧਾਰੀ ਮੇਹਰ ਸਿੰਘ ਦੀ ਲਿਖਤ ਦਸਦੀ ਹੈ ਕਿ ਬਾਬਾ ਬਾਲਕ ਸਿੰਘ ਨੂੰ ਹੋਰ ੮ ਸਾਲ ਬਾਹਦ ਸੰਮਤ ੧੮੬੯ ਵਿਚ ਦਰਸ਼ਨ ਤੇ ਗੱਦੀ ਦਿਤੀ ਨੇ। ਜਦੋਂ ਹਰ ਪਾਸੇ ਸਿਖ ਰਾਜ ਬੇਖਟਕਾ ਸੀ, ਜਿਸ ਵਿਚ ਬਾਬਾ ਸਾਹਿਬ ਸਿੰਘ ਜੀ ਬੇਦੀ ਅਤੇ ਅਕਾਲੀ ਫੂਲਾ ਸਿੰਘ ਜੈਸੀਆਂ ਮਹਾਨ ਹਸਤੀਆਂ ਮੌਜੂਦ ਸਨ ਤੇ ਸਿੱਖ ਪੰਥ ਦੀ ਰਖਵਾਲੀ ਵਾਸਤੇ ਜਾਨਾਂ ਤੀਕ ਕੁਰਬਾਨ ਕਰਨ ਨੂੰ ਤਿਆਰ ਰਹਿੰਦੀਆਂ ਸਨ, ਜਿਨ੍ਹਾਂ ਨੇ ਨਾਲ ਹੋ ਕੇ ਕਈ ਮੋਰਚੇ ਫਤਹ ਕਰਾਏ ਸਨ। ਕਈ ਤਵਾਰੀਖੀ ਮਿਸਾਲਾਂ ਮੌਜੂਦ ਹਨ। ਐਸੀ ਹਾਲਤ ਵਿਚ ਤਵਾਰੀਖ ਕੋਈ ਗਵਾਹੀ ਨਹੀਂ ਦਿੰਦੀ ਕਿ ਸੰਮਤ ੧੮੬੯ ਤੋਂ ਲੈਕੇ ਸੰਮਤ ੧੯੮੫ ਤੀਕ ਜਦੋਂ ਕਿ ਆਪ ਹਜ਼ਰੋ ਆਇ ਸੀ ਬਾਲਕ ਸਿੰਘ ਜੀ ਨੇ ਸਿਖੀ ਦੀ ਸੰਭਾਲ ਦਾ ਰਾਜਸੀ ਜਾਂ ਧਾਰਮਿਕ ਕੋਈ ਕਾਰਨਾਮਾ ਕਰ ਵਖਾਇਆ ਹੋਵੇ।

ਬਾਬਾ ਸਾਹਿਬ ਸਿੰਘ ਬੇਦੀ ਜੀ ਪਹਿਲੇ ਖੁਦ ਅੰਮ੍ਰਿਤ ਛਕਿਆ ਫਿਰ ਰਾਜੇ ਮਹਾਰਾਜਿਆਂ ਨੂੰ ਛਕਾਇਆ ਤੇ ਪੰਜ ਸਿਖਾਂ ਨੂੰ ਅੰਮ੍ਰਿਤ ਛਕਾਏ ਮਗਰੋਂ ਪ੍ਰਸ਼ਾਦ ਛਕਦੇ ਸਨ। ਬਾਲਕ ਸਿੰਘ ਜੀ ਬਾਬਤ ਨਾਮਧਾਰੀ ਇਤਹਾਸ ਕੋਈ ਪਤਾ ਨਹੀਂ ਦਿੰਦਾ ਕਿ ਇਨ੍ਹਾਂ ਨੇ ਖੁਦ ਕਿਤੇ ਅੰਮ੍ਰਿਤ ਛਕਿਆ ਤੇ ਕਿਸੇ ਇਲਾਕੇ ਵਿਚ ਪ੍ਰਚਾਰ ਕੀਤਾ ਹੋਵੇ, ਜਿਸ ਤੇ ਇਹੋ ਸਮਝਣਾ ਚਾਹੀਏ ਕਿ ਨਾਮਧਾਰੀ ਲੇਖਕਾਂ ਦੇ ਹੱਥ ਕਲਮ ਸੀ। ਜੋ ਚਾਹਿਆ ਨੇ ਲਿਖ ਵਖਾਇਆ ਨੇ ਇਸ ਵਾਸਤੇ ਕਿ ਕੋਈ ਪੁੱਛ ਗਿੱਛ ਕਰਨ ਵਾਲਾ ਨਹੀਂ ਦੇਖਿਆ ਸੀ ਤੇ ਆਪਣੀ ਨਾਮਧਾਰੀ ਬਰਾਦਰੀ ਪਾਸੋਂ ਵਾਹ ਵਾਹ ਕਰਾਂਦੇ ਰਹੇ ਸੀ।

ਜ਼ਰਾ ਸੋਚੀਏ : ਕਿ ਜਿਸ ਵਿਅਕਤੀ ਨੂੰ ਪ੍ਰਤੱਖ ਹੋ ਕੇ (ਨਾਮਧਾਰੀ ਲਿਖਤਾਂ ਮੁਤਾਬਕ) ਦਸਮੇਸ਼ ਜੀ ਨੇ ਦਰਸ਼ਨ ਦਿਤੇ ਹੋਣ! ਫਿਰ ਇਤਬਾਰੀ ਜਾਣ ਕੇ ਗੁਰਗੱਦੀ ਦੀ ਸੰਪੂੰਣੀ ਨਾਲ ਆਗਿਆ ਕੀਤੀ ਹੋਵੇ ਕਿ ਸਿਖੀ ਦੀ ਸੰਭਾਲ ਕਰੀਏ, ਤਾਂ ਫਿਰ ਇਸ ਤੋਂ ਵੱਧ ਕੇ ਹੁਕਮ ਅਦੂਲੀ ਦੀ ਹੋਰ ਕੀ ਹੱਦ ਹੋ ਸਕਦੀ ਹੈ ਕਿ ਗੁਰਗੱਦੀ ਤਾਂ ਸੰਭਾਲ ਲੀਤੀ ਪਰ ਸਿਖੀ ਦੀ ਸੰਭਾਲ (ਧਰਮ ਪ੍ਰਚਾਰ) ਤੋਂ ਗਾਫਲ ਹੋ ਕੇ ਸੰਮਤ ੧੮੬੯ ਤੋਂ ੧੯੮੫ ਤੀਕ ਦੁਕਾਨਦਾਰੀ ਕਰਦੇ ਰਹੇ ਸੀ ਤੇ ਬਾਹਦ ਦੀ ਸੰਭਾਲ ਦਾ ਵੀ ਕੋਈ ਕਾਰਨਾਮਾ ਨਹੀਂ ਹੈ।

ਹੁਕਮ ਗੁਰੂ ਗੋਬਿੰਦ ਸਿੰਘ ਜੀ ਦਾ ਸੁਣ ਕੇ ਪੰਜ ਸਿਖਾਂ ਨੇ ਸੀਸ ਭੇਟ ਕਰ ਦਿਤੇ। ਫਿਰ ਅੰਤ ਪ੍ਰਯੰਤ ਸਾਥ ਨਿਭਾਇਆ। ਭਾਈ ਜੈਤਾ ਸਿੰਘ ਨੇ ਵਿਆਹ ਵੇਲੇ ਦੋ ਲਾਵਾਂ ਛਡ ਕੇ ਗੁਰੂ ਹੁਕਮ ਦਾ ਪਾਲਨ ਕਰ ਵਿਖਾਇਆ—ਭਲੇ ਰਾਜਪੂਤ ਪਾਸੋਂ

ਬੰਦੂਕ ਦਾ ਨਿਸ਼ਾਨਾ ਪਰਖਣ ਵਾਸਤੇ ਇਕ ਜਵਾਨ ਦੀ ਮੰਗ ਕੀਤੀ । ਪਰ ਉਹ ਢਿਲਾ ਪੈ ਗਿਆ ਸੀ । ਫਿਰ ਦੂਰ ਖਲੋਤੇ ਸਿਖਾਂ ਵਿਚੋਂ ਇਕ ਨੂੰ ਬੁਲਾ ਭੇਜਿਆ ਤਾਂ ਦੋਵੇਂ ਨਿਸ਼ਾਨੇ ਅਗੇ ਆਏ ਖਲੋਤੇ ਸੀ, ਬਹੁਤ ਮਿਸਾਲਾਂ ਇਤਿਹਾਸ ਵਿਚੋਂ ਦਿਤੀਆਂ ਜਾ ਸਕਦੀਆਂ ਹਨ । ਪਰ ਇਕੋ ਨਾਮਧਾਰੀ ਸਤਿਗੁਰੂ ਦੀ ਮਿਸਾਲ ਹੈ, ਕਿ ਗੁਰਗਦੀ ਮਿਲੀ ਦੀ ਗਲ ਕੋਲੋਂ ਬਣਾਕੇ ਆਪਣੇ ਹਜ਼ਰੋ ਦੇ ਵਸਨੀਕ ਪ੍ਰੇਮੀਆਂ ਨੂੰ ਯਕੀਨ ਕਰਾ ਦਿਤਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਨੂੰ ਗਿਆਰਵਾਂ ਸਤਿਗੁਰੂ ਬਣਾਇਆ ਹੈ ਪਰ ਇਹ ਨਹੀਂ ਦਸਿਆ—ਕਿ ਸਿਖੀ ਦੀ ਸੰਭਾਲ ਕਰਨ ਦਾ ਵੀ ਹੁਕਮ ਹੋਇਆ ਹੈ । ਜੇ ਦਸਦੇ ਤਾਂ ਲੋਕਾਂ ਨੇ ਪੁਛਣਾ ਸੀ ੧੬ ਸਾਲ ਕੀ ਕੀਤਾ ਹੈ ?

ਪਾਕਿਸਤਾਨ ਬਣੇ ਤੋਂ ਪਹਿਲੇ ਦੇ ਪੰਜਾਬ ਵਿਚ "ਨੌਦ ਹਾੜ" ਸ਼ਹਿਰ ਦੇ ਵਸਨੀਕ ਇਕ ਕਾਰੋਬਾਰੀ ਪੰਜਾਬ ਸਿੰਘ ਸਨ । ਸੰਮਤ ੧੭੬੩ ਵਿਚ ਸ੍ਰੀ ਦਮਦਮੇਂ ਸਾਹਿਬ ਜਾ ਕੇ ਗੁਰੂ ਜੀ ਤੋਂ ਇਨ੍ਹਾਂ ਨੇ ਅੰਮ੍ਰਿਤ ਪਾਨ ਕੀਤਾ ਤੇ ਗੁਰੂ ਜੀ ਨੇ ਇਨ੍ਹਾਂ ਨੂੰ ਪ੍ਰਚਾਰ ਦਾ ਹੁਕਮ ਕੀਤਾ ਸੀ । ਇਨ੍ਹਾਂ ਨੇ ਹੁਕਮ ਮੰਨਿਆ ਘਰ ਬਾਰ ਛੱਡ ਕੇ ਹਜ਼ਰੋ ਅਤੇ ਪੁਣਛ ਕਸ਼ਮੀਰ ਤੀਕ ਪ੍ਰਚਾਰ ਕੀਤਾ ਸੀ । ਇਨ੍ਹਾਂ ਬਾਬਤ ਗਿਆਨੀ ਗਿਆਨ ਸਿੰਘ ਨੇ "ਪੰਥ ਪ੍ਰਕਾਸ਼ ਵਿਚ ਐਸਾ ਲਿਖਿਆ ਹੈ—

"ਸਿੰਘ ਪੰਥ ਜਬ ਗੁਰੂ ਚਲਾਇਓ ॥
ਤਬ ਇਸ ਕੋ ਬੀ ਅੰਮ੍ਰਿਤ ਛਕਾਇਓ ॥
ਤਬ ਤੇ ਇਹ ਪੰਜਾਬ ਸਿੰਘ ਥੀਓ ॥
ਰੋਚਾ ਸਿੰਘ ਚੇਲਾ ਇਨ ਕੀਓ ॥
ਕਸ਼ਮੀਰ ਅਰ ਪਠੋਹਾਰਹਿ ॥
ਸੇਵਕ ਲੋਕ ਭਏ ਤਹ ਸਾਰਹਿ ॥

ਇਨ੍ਹਾਂ ਤੋਂ ਬਾਹਦ ਇਨ੍ਹਾਂ ਦੇ ਚੇਲੇ ਰੋਚਾ ਸਿੰਘ ਜੀ ਨੇ ਵੀ ਗੁਰੂ ਜੀ ਪਾਸੋਂ ਦਮਦਮੇ ਸਾਹਿਬ ਜਾ ਕੇ ਸੰਮਤ ੧੭੬੩ ਵਿਚ ਹੀ ਅੰਮ੍ਰਿਤ ਛਕਿਆ । ਆਪ ਤਾਂਈ ਵੀ ਅੰਮ੍ਰਿਤ ਛਕਾਇ ਮਗਰੋਂ ਗੁਰੂ ਜੀ ਨੇ ਫੁਰਮਾਇਆ ਸੀ ਕਿ ਆਪਣੇ ਇਲਾਕੇ ਵਿਚ ਜਾ ਕੇ ਆਪਣੀ ਬ੍ਰਹਮਣ ਬਰਾਦਰੀ ਵਿਚ ਅੰਮ੍ਰਿਤ ਪ੍ਰਚਾਰ ਕਰੀਏ । ਤਦ ਇਸ ਹੁਕਮ ਨੂੰ ਪਾ ਕੇ ਆਪਨੇ ੧੮ ਸਾਲਾਂ ਦੀ ਉਮਰ ਵੇਲੇ ਤੋਂ ਲੈ ਕੇ ੧੧੬ ਸਾਲ ਦੀ ਉਮਰ ਹੋਣੇ ਤੀਕ ਪੁਨਛ ਕਸ਼ਮੀਰ ਤੇ ਜ਼ਿਲਾ ਹਜ਼ਾਰਾ ਵਿਚ ਦੋ ਢਾਈ ਸੌ ਸਿੰਘਾਂ ਦੇ ਜਥੇ ਸਮੇਤ ਪ੍ਰਚਾਰ ਕੀਤਾ । ਪਹਾੜੀ ਇਲਾਕੇ ਦੀ ਕੇਸਾਧਾਰੀ ਸਿਖੀ ਉਨ੍ਹਾਂ ਵਲੋਂ ਸਜਾਏ ਸਿੰਘਾਂ ਦੀਆਂ ਸੰਤਾਨਾਂ ਹਨ । ਪੰਥ ਪ੍ਰਕਾਸ਼ ਵਿਚ ਇਨ੍ਹਾਂ ਬਾਬਤ ਵੀ ਜ਼ਿਕਰ ਹੈ—

"ਸਿੰਘ ਪੰਜਾਬ ਜਗਤ ਵਿਚ ਤਾਨਾ ॥ ਸੰਪ੍ਰਦਾਤਿਹ ਚਲੀ ਮਹਾਨਾ ॥
ਰੋਚਾ ਸਿੰਘ ਤਿਹਕੇ ਹੈਂ ਚੇਲੇ ॥ ਸਿੰਘ ਦੋ ਇਕ ਸੈ ਨਿਜ ਮੇਲੇ ॥
ਕਸ਼ਮੀਰ ਅਰ ਪਠੋਹਾਰਹਿ ॥ ਜ਼ਬਰਨ ਸਿੰਘ ਸਜਾਏ ਸਾਰਹਿ ॥
(ਪੁਰਾਣਾ ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਸਫਾ ੮੬੮)

ਐਸੇ ਹੀ ਭਾਈ ਜੋਗਾ ਸਿੰਘ ਜੀ ਨੂੰ ਪ੍ਰਚਾਰ ਕਰਨ ਦਾ ਹੁਕਮ ਦੇ ਕੇ ਪਸ਼ਵਾਰ

ਭੇਜ ਦਿਤਾ ਸੀ ਤੇ ਉਥੇ ਉਨ੍ਹਾਂ ਨੇ ਵੀ ਹਜ਼ਾਰਾਂ ਨੂੰ ਅੰਮ੍ਰਿਤ ਛਕਾਇਆ। ਮੁਸਲਮਾਨਾਂ ਤਾਈ ਵੀ ਸ਼ਰਧਾਲੂ ਬਣਾਇਆ ਤੇ ਉਨ੍ਹਾਂ ਨੇ ਇਨ੍ਹਾਂ ਨੂੰ ਭਾਈ "ਜੋਗਨ ਸ਼ਾਹ" ਨਾਮ ਨਾਲ ਪ੍ਰਸਿਧ ਕਰ ਦਿਤਾ ਸੀ। ਪਰ ਬਾਬਾ ਬਾਲਕ ਸਿੰਘ ਜੀ ਨੂੰ ਅਗਰ ਸਚ ਮੁਚ ਕਦੀ ਸੁਪਨੇ ਵਿਚ ਵੀ ਦਰਸ਼ਨ ਹੁੰਦੇ ਅਤੇ ਪ੍ਰਚਾਰ ਦਾ ਹੁਕਮ ਹੁੰਦਾ ਤਾਂ ਉਨ੍ਹਾਂ ੧੬ ਸਾਲ ਘਰ ਵਿਚ ਨਹੀਂ ਸੀ ਰਹਿਣਾ ਤੇ ਪ੍ਰਚਾਰ ਦਾ ਕੰਮ ਕਰਨਾ ਸੀ ਪਰ ਨਾਮਧਾਰੀ ਲੇਖਕ ਨੇ "ਸਿੱਖੀ ਸੰਭਾਲਣ" ਦੀ ਗਲ ਲਿਖੀ। ਪਰ ਦਸਿਆ ਨਹੀਂ ਕਿ ਕਿਥੇ ਕਿਥੇ ਸਿਖੀ ਦੀ ਖੇਤੀ ਉਜੜੀ ਦੇਖੀ ਤੇ ਜਾ ਜਾ ਕੇ ਸੰਭਾਲ ਕੀਤੀ ਨੇ, ਸਿਰਫ ਉਸ ਵੇਲੇ ਦੇ ਬੇਦੀਆਂ ਸੋਢੀਆਂ ਨੂੰ ਕੋਸਨਾ ਕਿ ਇਹ ਗੁਰੂ ਅਖਵਾਂਦੇ ਤੇ ਪੁਜਵਾਂਦੇ ਸਨ ਤਾਂ ਇਨ੍ਹਾਂ ਨੂੰ ਬਦਨਾਮ ਕਰਕੇ ਖੁਦ ਸਤਿਗੁਰੂ ਬਣ ਜਾਣਾ ਹੀ ਇਸ ਤਰ੍ਹਾਂ ਦੀ ਸੰਭਾਲ ਕੀਤੀ ਨੇ ਅਸੀਂ ਮੰਨ ਸਕਦੇ ਹਾਂ।

ਸਚੀ ਗਲ ਤਾਂ ਇਹ ਹੈ ਕਿ ਘਰ ਵਿਚ ਕਿਰਤਕਾਰ ਕਰਦਿਆਂ (ਬਾਲਕ ਸਿੰਘ ਜੀ) ਨੂੰ ਜਦੋਂ ਅੱਤ ਤੋਂ ਵੈਰਾਗ ਹੋ ਆਇਆ ਸੀ । ਤੇ "ਪ੍ਰਭ ਮਿਲਬੇ ਕਉ ਪ੍ਰੀਤ ਮਨ ਲਾਗੀ" ਕਾਰਨ ਘਰ ਦਾ ਸਭ ਕੁਝ ਤਿਆਗ ਕੇ ਫਿਰਦੇ ਤੁਰਦੇ ਹਜਰੋ ਜਾਇ ਟਿਕੇ ਸਨ। ਚਾਹੇ ਕਿਤਨਾ ਕੋਈ ਵੈਰਾਗੀ ਤਿਆਗੀ ਹੋਵੇ ਪਰ ਉਸ ਨੂੰ ਪ੍ਰਸ਼ਾਦਾ ਅਤੇ ਰਾਤ ਬਿਸਰਾਮ ਵਾਸਤੇ ਥਾਉਂ ਤਾਂ ਜ਼ਰੂਰ ਚਾਹੀਏ। ਇਥੇ ਹਜ਼ਰੋ ਵਿਚ ਕਿਸੇ ਸੰਤ ਮਹਾਂਪੁਰਸ਼ ਦਾ ਡੇਰਾ ਸੀ ਉਥੇ ਹੀ ਕੁਝ ਦਿਨ ਟਿਕੇ ਨਾਲ ਦਿਲਾਂ ਦਾ ਮੇਲ ਹੋਇਆ ਤੇ ਇਨ੍ਹਾਂ ਪਾਸੋਂ ਹੀ ਸ਼ਾਇਦ ਨਾਮ ਨਾਲ ਅੰਮ੍ਰਿਤ ਪ੍ਰਾਪਤ ਇਥੇ ਹੀ ਕੀਤਾ ਹੋਵੇ ਤੇ ਅਧਿਕਾਰੀ ਜਾਣ ਕੇ ਉਨ੍ਹਾਂ ਟਿਕਾ ਲਿਆ ਹੋਵੇ। ਫਿਰ ਸੇਵਾ ਸਿਮਰਨ ਕਰਦੇ ਇਨ੍ਹਾਂ ਨੇ ਨਗਰ ਵਾਸੀਆਂ ਨੂੰ ਮੋਹ ਲਿਆ ਸੀ, ਜਿਸ ਤੇ ਆਪ ਦੀ ਸੋਭਾ ਸੁਗੰਧੀ ਵੀ ਦੂਰ ਨੇੜੇ ਪਸਰ ਚੁਕੀ ਅਤੇ ਇਥੋਂ ਦੇ ਪਕੇ ਵਸਨੀਕ ਹੋ ਗਏ ਸਨ। "ਸਚੈ ਮਾਰਗ ਚਲਦਿਆਂ ਉਸਤਤਿ ਕਰੇ ਜਹਾਨ" ਤੇ ਐਸੀ ਉਸਤਤ ਦੇ ਪਾਤਰ ਹੋ ਚੁਕੇ ਸਨ।

ਇਹ ਅਵਸਥਾ ਇਕ ਐਸੀ ਹੁੰਦੀ ਕਿ ਜਿਸ ਵੇਲੇ ਬਹੁਤੇ ਲੋਕੀਂ ਸ਼ਰਧਾਲੂ ਹੋ ਜਾਂਦੇ ਅਤੇ ਨਾਮ ਸਿਮਰਨ ਦੀਆਂ ਜੁਗਤੀਆਂ ਪੁਛਦੇ ਜਾਂ ਗੁਰਮੰਤ੍ਰ ਪ੍ਰਾਪਤੀ ਵਾਸਤੇ ਸੰਤਾਂ ਮਹੰਤਾਂ ਪਾਸੋਂ ਖਾਹਸ਼ ਵੀ ਰਖਦੇ ਹਨ। ਥਾਉਂ ਥਾਈਂ ਕੋਈ ਪੰਜ ਪਿਆਰੇ ਉਸ ਵੇਲੇ (ਰਹਿਤਵਾਨ) ਮਿਲਦੇ ਨਹੀਂ ਸਨ ਤੇ ਜਿਸ ਕਿਸੇ ਸੰਤ ਤੋਂ ਲੋਕੀਂ ਗੁਰਮੰਤ੍ਰ ਜਾਂ ਨਾਮ ਸਿਮਰਨ ਦੀ ਜੁਗਤੀ ਸਿਖਦੇ ਹੁੰਦੇ ਉਹਨੂੰ ਗੁਰੂ ਹੀ ਮੰਨਦੇ ਸਨ।

ਬਾਬਾ ਬਾਲਕ ਸਿੰਘ ਵੀ ਨਾਮ ਰਸੀਏ ਸਨ ਤੇ ਇਨ੍ਹਾਂ ਦੇ ਵਿਸ਼ਵਾਸੀ ਵੀ ਬਹੁਤ ਹੋ ਚੁਕੇ ਸਨ। ਚਾਹੇ ਅਜੇ ਗੁਰੂ ਅਖਵਾਣ ਦੀ ਖਾਹਸ਼ ਨਾ ਜਾਗੀ ਹੋਵੇ ਪਰ ਦੂਰ ਨੇੜੇ ਦੇ ਲੋਕੀਂ ਜੋ ਨਾਮਦਾਨ ਮੰਗਦੇ ਹੁੰਦੇ ਸਨ, ਇਸੇ ਕਾਰਨ ਆਪ ਵਿਚ ਸੂਖਮ ਹਉਮੈਂ ਦੇ ਅੰਕੁਰ ਫੁੱਟ ਪਏ ਸਨ ਤੇ ਜਿਉਂ ਜਿਉਂ ਲੋਕੀਂ ਵਧੇਰੇ ਵਿਸ਼ਵਾਸ਼ੀ ਹੁੰਦੇ ਗਏ ਤਿਉਂ-ਤਿਉਂ ਪ੍ਰਤੱਖ ਗੁਰੂ ਹੋ ਕੇ ਪ੍ਰਗਟਾਉਣ ਦੀ ਖਾਹਸ਼ ਨੇ ਆਪ ਜੀ ਨੂੰ ਕਿਸੇ ਲੰਮੀ ਸੋਚ ਵਿਚਾਰ ਵਿਚ ਲੀਨ ਕਰ ਦਿਤਾ ਸੀ।

ਆਪ ਜੀ ਨੇ ਆਪਣੇ ਪਿਤਾ ਜੀ ਪਾਸੋਂ ਇਹ ਤਾਂ ਸੁਣਿਆ ਹੋਇਆ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਤੋਂ ਸਣਦੇਹੀ ਸਚਖੰਡ ਨੂੰ ਪਿਯਾਨਾ ਕੀਤਾ ਸੀ।

ਇਸ ਸਾਖੀ ਨੂੰ ਆਪ ਜੀ ਨੇ ਆਧਾਰ ਬਣਾਇਆ ਕਿ ਗੁਰੂ ਜੀ ਨੂੰ ਅਜੇ ਤੀਕ ੧੦੪ ਸਾਲ ਉਹਲੇ (ਗੁਪਤ) ਰਹੇ ਦਸਿਆ ਜਾਏ ਤੇ ਸੰਮਤ ੧੮੬੯ ਵਿਚ ਇਨ੍ਹਾਂ ਨੂੰ ਦਰਸ਼ਨ ਦੇ ਕੇ ੧੧ਵੀਂ ਥਾਂ ਦੀ ਗੁਰਗੱਦੀ ਦਿਤੀ ਅਤੇ ਸਿਖੀ ਨੂੰ ਸੰਭਾਲਣ ਦੀ ਤਾਕੀਦ ਕਰ ਗਏ ਸਨ, ਪ੍ਰਗਟਾਇਆ ਜਾਏ। ਐਸੇ ਵਿਚਾਰ ਬਣਾਏ ਨੇ—

ਪਾਠਕਾਂ ਨੇ ਵਿਚਾਰਨਾ ਹੈ ਕਿ ਅਜ ਕਲ ਜਦੋਂ ਕਿ ਹਰ ਪਾਸੇ ਸਿਖੀ ਪ੍ਰਚਾਰ ਕਥਾ ਤੇ ਕੀਰਤਨ ਰਾਹੀਂ ਹੋ ਰਿਹਾ ਹੈ, ਪੜ੍ਹੀ ਲਿਖੀ ਸਿਖ ਜੰਤਾ ਹੈ, ਫਿਰ ਵੀ ਸਿਖੀ ਸ਼ਕਲ ਦੇ ਲੋਕੀਂ ਕੋਈ ਤਾਂ ਰਾਧਾ ਸਵਾਮੀ ਤੇ ਕੋਈ ਨਕਲੀ ਨਿਰੰਕਾਰੀਆਂ ਨੂੰ ਗੁਰੂ ਮੰਨਦੇ ਪੂਜਦੇ ਹਨ, ਤਾਂ ਉਸ ਵਕਤ ਦੇ ਸਾਦੀ ਸਿਖ ਜੰਤਾ ਨੂੰ ਸਿਆਣੇ ਅਤੇ ਪ੍ਰਮਾਣੀਕ ਸੰਤ ਜੀ ਵਲੋਂ ਆਪਣੇ ਗੁਰੂ ਹੋਣ ਦਾ ਵਿਸ਼ਵਾਸ ਕਰਾ ਦੇਣਾ ਮੁਸ਼ਕਿਲ ਨਹੀਂ ਸੀ। ਸੰਤ ਬਾਬਾ ਬਾਲਕ ਸਿੰਘ ਜੀ ਨੇ ਆਪਣੇ ਨੂੰ ਸਿਰਫ ਇਕ ਸੰਪ੍ਰਦਾਏ ਦਾ ਗੁਰੂ ਹੋਣ ਦਾ ਨਹੀਂ—ਬਲਿਕੇ ਆਪਣੇ ਨੂੰ "ਗੁਰੂ ਗੋਬਿੰਦ ਸਿੰਘ ਜੀ" ਵਲੋਂ ਗੁਰਗੱਦੀ ਨਸ਼ੀਨ "ਗਿਆਰਵਾਂ ਸਤਿਗੁਰੂ" ਹੋਣ ਦਾ ਸ਼ਰਧਾਲੂਆਂ ਪ੍ਰਤੀ ਯਕੀਨ ਕਰਾ ਦਿਤਾ ਸੀ। ਕੌਣ ਪੁਛਣ ਵਾਲਾ ਸੀ ਕਿ ਇਸ ਸਚਿਆਈ ਦਾ ਕੀ ਸਬੂਤ ਹੈ ?

ਸ਼ਾਇਦ ਪਿਛੇ ਵੀ ਲਿਖਿਆ ਹੈ ਤੇ ਫਿਰ ਲਿਖਦੇ ਹਾਂ ਕਿ ਬਾਬਾ ਸਾਹਿਬ ਸਿੰਘ ਬੇਦੀ ਜੀ ਨੇ ਛੋਟੀ ਉਮਰ ਦੇ ਮਹਾਰਾਜਾ ਰਣਜੀਤ ਸਿੰਘ ਨੂੰ ਸਰਦਾਰ ਮਹਾਂ ਸਿੰਘ ਦੀ ਮੌਤ ਪਿਛੋਂ ਜਦੋਂ ਸਰਦਾਰੀ ਦੀ ਦਸਤਾਰ ਬੰਦੀ ਕਰਾਈ ਅਤੇ ਬਾਦਸ਼ਾਹ ਹੋਣ ਦਾ ਵਰਦਾਨ ਦਿਤਾ ਸੀ ਤਦ ਇਸ ਨੂੰ ਨਾਲ ਲਿਜਾ ਕੇ ਸ੍ਰੀ ਨਨਕਾਣਾ ਸਾਹਿਬ ਦੀ ਯਾਤਰਾ ਕਰਾਈ ਅਤੇ ਪ੍ਰੇਰਨਾ ਕਰਕੇ ਕਈ ਹਜ਼ਾਰ ਏਕੜ ਜ਼ਮੀਨ ਗੁਰੂ ਕੇ ਲੰਗਰ ਵਾਸਤੇ ਉਥੇ ਜਨਮ ਅਸਥਾਨ ਦੇ ਨਾਮ ਲਵਾਈ ਸੀ। ਵਾਪਸੀ ਪਰ ਆਪ ਜੀ ਨੇ ਚੂਹੜਕਾਣੇ (ਖਰੇ ਸੌਦੇ) ਗੁਰਦਵਾਰੇ ਦੀ ਯਾਤਰਾ ਕੀਤੀ। ਤਦ ਇਥੋਂ ਦੇ ਲੋਕਾਂ ਨੇ ਐਸਾ ਦਸਿਆ :—

ਬਾਬਾ ਜੀ ! ਇਥੇ ਇਕ ਨਾਗਾ (ਉਦਾਸੀ ਸੰਤ ਸਰਦੀਆਂ ਗਰਮੀਆਂ ਸਹਿੰਦਾ ਤੇ ਦਸਦਾ ਕਿ ਮੈਂ ਨੇ ਹੀ ਪਹਿਲੇ ਗੁਰੂ ਨਾਨਕ ਰੂਪ ਵਿਚ ਜਗਤ ਯਾਤਰਾ ਕੀਤੀ ਤੇ ਹੁਣ ਵੀ ਉਹੀ ਹਾਂ, ਪਰ ਲੋਕੀਂ ਸਮਝੇ ਨਹੀਂ, ਫਿਰ ਲੋਕਾਂ ਨੇ ਇਹ ਵੀ ਦਸਿਆ ਕਿ ਇਸ ਦੀ ਤਪਸਿਆ ਤੇ ਸਰਦੀ ਗਰਮੀ ਸਹਿੰਦੇ ਦੀ ਘਾਲ ਤੋਂ ਡਰਦੇ ਅਸੀਂ ਕੁਝ ਕਹਿੰਦੇ ਨਹੀਂ। ਸੁਣ ਕੇ ਚੁਪ ਰਹਿੰਦੇ ਹਾਂ ਪਰ ਦਿਲ ਤੋਂ ਦੁਖਦੇ ਜ਼ਰੂਰ ਹਾਂ। ਤਦ ਬਾਬਾ ਜੀ ਨੇ ਉਹਨੂੰ ਬੁਲਾਇਕੇ ਪੁਛਣਾ ਚਾਹਿਆ ਪਰ ਉਹ ਆਉਣ ਤੋਂ ਇਨਕਾਰੀ ਹੋਇਆ, ਕਿ "ਹਮੇਂ ਕਿਆ ਲੈਣਾ ਹੈ ਜਾਕੇ। ਹੁਣ ਸ੍ਰੀ ਬਾਬਾ ਸਾਹਿਬ ਨੇ ਪਕੜ ਮੰਗਵਾਇਆ ਤੇ ਗੁਰਦਵਾਰੇ ਦੇ ਡੂੰਘੇ ਖੂਹ ਵਿਚ ਸੁਟਵਾ ਦਿਤਾ ਤੇ ਪਾਣੀ ਬਹੁਤਾ ਠੰਡਾ ਸੀ।

ਹੁਣ ਗੋਤੇ ਖਾਂਦੇ ਨੇ ਗਿੜਗਿੜਾਂਦੇ ਨੇ ਵਾਸਤੇ ਪਾਏ ਕਿ ਮੈਨੂੰ ਕਿਉਂ ਸੁਟਿਆ ਹੈ, ਬਾਹਰ ਕਢਿਆ ਜਾਏ। ਸ੍ਰੀ ਬਾਬਾ ਜੀ ਨੇ ਬਾਹਰ ਕਢਵਾਇਆ ਤੇ ਆਖਿਆ—ਤੂੰ ਆਪਣੇ ਆਪ ਨੂੰ ਗੁਰੂ ਨਾਨਕ ਪ੍ਰਗਟਾਇਆ ਦਸਦਾ ਹੈਂ। ਉਹ ਤਾਂ ਤਿੰਨ ਦਿਨ ਵਈਂ ਨਦੀ ਵਿਚ ਰਹੇ ਸੀ ਤੂੰ ਤਿੰਨ ਪਹਿਰ ਤਾਂ ਖੂਹ ਵਿਚ ਟਿਕਦਾ। ਤਦ ਉਸ ਨੇ ਮੁਆਫੀ ਮੰਗਦੇ ਹੋਇਆਂ ਪਛਤਾਵਾ ਕੀਤਾ ਤੇ ਸ਼ਰਮਸਾਰ ਹੋ ਕੇ ਡੇਰੇ ਗਿਆ ਸੀ।

ਠੀਕ ਇਸੇ ਤਰ੍ਹਾਂ ਨਾਲ ਬਾਬਾ ਬਾਲਕ ਸਿੰਘ ਜੀ ਦੀ ਸੇਵਾ ਸਿਮਰਨ (ਘਾਲ ਕਮਾਈ) ਤੋਂ ਲੋਕੀਂ ਪ੍ਰਭਾਵਿਤ ਸਨ। ਕਿਸੇ ਨੂੰ ਇਹ ਪੁਛਣ ਦਾ ਹੀਆ ਨਹੀਂ ਸੀ ਪੈਂਦਾ ਕਿ ਬਾਬਾ ਜੀਉ! ਸੰਮਤ ੧੭੬੫ ਤੋਂ ਹੁਣ ਸੰਮਤ ੧੮੬੯ ਤੀਕ ਪੂਰੇ ੧੦੪ ਸਾਲ ਬਾਹਦ ਸਿਰਫ ਆਪ ਜੀ ਨੂੰ ੧੪੬ ਸਾਲ ਦੀ ਬਿਰਧ ਉਮਰ ਵਾਲੇ ਗੁਰੂ ਜੀ ਨੇ ਜੋ ਆ ਕੇ ਦਰਸ਼ਨ ਦਿਤੇ ਗਿਆਰਵਾਂ ਸਤਿਗੁਰੂ ਬਣਾਇਆ ਨੇ—ਕੀ ਸਬੂਤ ਹੈ ? ਤਾਂ ਕੀ ਦਸਦੇ ?

## "ਬਾਬਾ ਰਾਮ ਸਿੰਘ ਦਾ ਜਨਮ"

ਨਾਮਧਾਰੀ ਲੇਖਕ ਨੇ ਐਸਾ ਲਿਖਿਆ ਕਿ "ਹਰੋ ਨਦੀ" ਕਿਨਾਰੇ ਬੈਠੇ ਬਾਬਾ ਬਾਲਕ ਸਿੰਘ ਜੀ ਨੂੰ ਸੰਮਤ ੧੮੬੯ ਦੀ ਵਿਸਾਖ ਸੁਦੀ ੧੦ਵੀਂ ਗੁਰੂ ਜੀ ਨੇ ਦਰਸ਼ਨ ਦਿਤੇ ਗੱਦੀ ਸੰਭਾਲਣ ਦੀ ਸੌਂਪ ਸੰਪੂਰਣੀ ਕੀਤੀ ਮਗਰੋਂ ਵਾਪਸ ਗਏ ਸੀ। ਫਿਰ ੨੫ ਦਿਨਾਂ ਬਾਹਦ ਨਾਭੇ ਪੁਜਕੇ (ਸੰਮਤ ੧੮੬੯ ਹੀ ਸੀ) ਜੇਠ ਸੁਦੀ ਪੰਚਮੀ ਨੂੰ ਅਜਾਪਾਲ ਸਿੰਘ ਰੂਪ ਵਿਚ (ਗੁਰੂ ਗੋਬਿੰਦ ਸਿੰਘ) ਜੋਤੀ ਜੋਤ ਸਮਾਏ ਸਨ ਤੇ ਉਥੋਂ ਆਉਂਦੇ ਹੋਇਆਂ ਬਾਲਕ ਸਿੰਘ ਨੂੰ ਕਹਿ ਆਏ ਸਨ ਕਿ ੧੨ਵੀਂ ਥਾਂਏ ਰਾਮ ਸਿੰਘ ਹੋ ਕੇ ਅਮਾਨਤ ਲਵਾਂਗੇ।

ਉਕਤ ਵਾਕ—(ਗੁਰੂ ਜੀ ਦੀ ਜ਼ਬਾਨੀ) ਚਾਵਲਾ ਮੋਹਰ ਸਿੰਘ ਨੇ ਲਿਖੇ ਅਤੇ ਇਹ ਵੀ ਦਸਿਆ ਕਿ ਨਾਭੇ ਵਿਚ ਅਜਾਪਾਲ ਸਿੰਘ ਦੇ ਜੋਤੀ ਜੋਤ ਸਮਾਏ ਮਗਰੋਂ ਸੰਮਤ ੧੮੭੨ ਦੀ ਮਾਘ ਸੁਦੀ ਪੰਚਮੀ (ਬਸੰਤ ਪੰਚਮੀ) ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਜ਼ਿਲਾ ਲੁਧਿਆਣਾ ਦੇ ਭੈਣੀ ਪਿੰਡ ਵਿਚ ਹੋਇਆ ਸੀ। ਭਾਵ ਕਿ ਗੁਰੂ ਗੋਬਿੰਦ ਸਿੰਘ ਜੀ ਜੋ ੧੪੬ ਸਾਲ ਦੀ ਬਿਰਧ ਉਮਰ ਤੀਕ ਨਾਭੇ ਵਿਚ ਡੇਰੇਦਾਰ ਮਹੰਤ ਬਣ ਕੇ ਬੈਠ ਰਹੇ। ਫਿਰ ਇਥੋਂ ਹੀ ੮੦੦ ਕਿਲੋ ਮੀਟਰ ਦੀ ਦੂਰੀ ਉਤੇ ਨਦੀ ਕਿਨਾਰੇ ਬੈਠੇ ਬਾਲਕ ਸਿੰਘ ਜੀ ਨੂੰ ਜਾ ਕੇ ਦਰਸ਼ਨ ਦਿਤੇ, ਗੁਰਗੱਦੀ ਬਖਸ਼ੀ ਤੇ ਹੋਰ ਪੰਜੀ ਦਿਨ ਦਾ ਵਾਪਸੀ ਸਫਰ ਕਟ ਕੇ ਨਾਭੇ ਵਿਚ ਆਏ, ਸਮਾਏ ਸਨ।

ਹੁਣ ਸਿਆਣੇ ਪਾਠਕਾਂ ਨੇ ਸੋਚਣਾ ਹੈ ਕਿ ਵਿਚਾਲੇ ਦੇ ੨੪ ਦਿਨਾਂ ਵਿਚ ਕਰੀਬਨ ੮੦੦ ਕਿਲੋ ਮੀਟਰ ਦਾ ਸਫਰ ਉਸੇ ਹਾਲਤ ਵਿਚ ਕਟਿਆ ਜਾ ਸਕਦਾ ਹੈ ਜਦੋਂ ਕਿ ੩੩-੩੪ ਕਿਲੋਮੀਟਰ ਫਿਰ ਪਹਾੜੀ ਰਸਤਿਆਂ ਵਿਚ ਰੋਜ਼ਾਨਾ ਚਲਿਆ ਜਾਏ, ਤੇ ਉਹ ਵੀ ਰਾਹ ਵਿਚ ਰਾਤ ਨੂੰ ਬਿਸਰਾਮ ਕਰਕੇ ਪ੍ਰਭਾਤ ਨੂੰ ਫੇਰ ਤੁਰਿਆ ਜਾਏ। ਫਿਰ ੧੪੬ ਸਾਲ ਦੀ ਬਿਰਧ ਉਮਰ ਦੇ ਹੁੰਦਿਆਂ ਹੋਇਆ ਪਹਾੜੀ ਰਸਤਿਆਂ ਤੇ ਜੰਗਲਾਂ ਵਿਚ ਘੋੜੇ ਦੀ ਸਵਾਰੀ ਪਰ ਇਕ ਰਸ ਬੈਠਣਾ ਹੋਰ ਵੀ ਮੁਸ਼ਕਿਲ ਹੁੰਦਾ ਹੈ। (ਇਹ ਬਿਖੜੇ ਰਸਤੇ ਲੇਖਕ ਨੇ ਕਈ ਵੇਰ ਦੇਖੇ ਹਨ)

ਫਿਰ ਨਾਲ ਦੇ ਪੰਜ ਸਿੰਘ ਜੋ ਗਏ ਸਨ ਹੋ ਸਕਦਾ ਹੈ ਉਹ ਜਵਾਨ ਹੋਵਨ ਪਰ ਉਹਨਾਂ ਨੂੰ ਘੋੜੇ ਉਤੇ ਸਵਾਰੀ ਕੀਤੇ ਨਹੀਂ ਦਸਿਆ ਨੇ। ਉਨ੍ਹਾਂ ਵਾਸਤੇ ਵੀ ਰੋਜ਼ਾਨਾ ੩੪ ਕਿਲੋ ਮੀਟਰ ਪੈਦਲ ਸਫਰ ਕਰਨਾ ਮੁਸ਼ਕਿਲ ਸੀ, ਜੇ ਸਵਾਰ ਸਨ ਤਦ ਵੀ ਔਖੀ ਗਲ ਸੀ। ਕਿਉਂਕਿ ਅਜ ਕਲ ਵਾਂਗੂ ਨਾ ਜਰਨੈਲੀ ਸੜਕਾਂ ਸਨ ਤੇ ਨਾ "ਟੂਰਿਸਟ ਹਾਊਸ" ਬਣੇ ਹੋਏ ਸਨ ਤੇ ਇਸੇ ਤਰ੍ਹਾਂ ਨਾਭੇ ਤੋਂ ਉਥੇ ਜਾਂਦਿਆਂ ਤੀਕ ਅਤੇ ਵਾਪਸ

੨੫ ਦਿਨਾਂ ਦਾ ਸਫਰ ਕਟ ਕੇ ਆਉਂਦਿਆਂ ਨੂੰ ਭਾਰੀ ਥਕਾਵਟ ਕਾਰਨ ਸ਼ਾਇਦ ਅੰਤਮ ਚਲਾਣਾ ਹੋਇਆ ਹੋਵੇ, ਇਸ ਗਲ ਨੂੰ ਉਹੀ ਜਾਣਦੇ ਸਨ।

ਲੇਖਕ ਮਿਹਰ ਸਿੰਘ ਨੇ ਜਜ਼ਬਾਤ ਵਿਚ ਆਪਣੇ ਸਤਿਗੁਰੂਆਂ ਬਾਬਤ ਹੋਰ ਵੀ ਬਹੁਤ ਕੁਝ ਵਧਾ ਕੇ ਲਿਖਿਆ ਹੈ। ਪਰ ਇਹ ਨਹੀਂ ਦਸਿਆ ਕਿ ਉਹ ਨਾਲ ਦੇ ਪੰਜ ਸਿੰਘ : ਅਜਾਪਾਲ ਸਿੰਘ ਰੂਪ ਵਿਚ ਗੁਰੂ ਜੀ ਦੇ ਜੋਤੀ ਜੋਤ ਸਮਾਏ ਮਗਰੋਂ ੧੩ਵੀਂ ਤੀਕ ਵੀ ਰਹੇ ਸਨ ਕਿ ਇਨ੍ਹਾਂ ਨੂੰ ਨਾਭੇ ਛਡ ਕੇ ਘਰੋਂ ਘਰੀਂ ਉਹ ਕਿਥੇ ਕਿਥੇ ਚਲੇ ਗਏ ਸਨ : ਇਹ ਨਿਰਣਾ ਵੀ ਨਹੀਂ ਦਸਿਆ! ਫਿਰ ਸੰਮਤ ੧੮੬੯ ਦੀ ਜੇਠ ਸੁਦੀ ਪੰਚਮੀ ਨੂੰ ਨਾਭੇ ਵਿਚ ਜੋਤੀ ਜੋਤ ਸਮਾਣਾ ਦਸ ਕੇ ੧੮੭੨ ਦੀ ਬਸੰਤ ਪੰਚਮੀ ਨੂੰ ਬਾਬਾ ਰਾਮ ਸਿੰਘ ਦਾ ਅਵਤਾਰ ਹੋਇਆ ਵੀ ਲਿਖਦੇ।

ਹੁਣ ਸੋਚੀਏ : ਕਿ ਅਜਾਪਾਲ ਸਿੰਘ ਦੇ ਜੋਤੀ ਜੋਤ ਸਮਾਏ, ਅਤੇ ਬਾਬਾ ਰਾਮ ਸਿੰਘ ਜੀ ਦੇ ਰੂਪ ਵਿਚ ਅਵਤਾਰ ਧਾਰੇ ਤੀਕ ਦਾ ਵਿਚਲਾ ਸਮਾਂ ਪੂਰੇ ਦੋ ਸਾਲ ਅਤੇ ੧੦ ਮਹੀਨੇ ਦਾ ਹੈ। ਅਸੀਂ ਪੁਛਣਾ ਹੈ ਕਿ ਇਸ ਅਰਸੇ ਵਿਚ (ਨਾਮਧਾਰੀ ਲਿਖਤ ਮੁਤਾਬਕ) ਗੁਰੂ ਆਤਮਾਂ ਦਾ ਨਿਵਾਸ ਕਿਥੇ ਰਿਹਾ ਸੀ ? ਇਹ ਗਲ ਵੀ ਉਹ ਨਹੀਂ ਦਸ ਸਕਦੇ। ਅਗਰ ਚਾਰ ਛੇ ਮਹੀਨੇ ਦੀ ਵਿਥ ਬਾਹਦ ਬਾਬਾ ਰਾਮ ਸਿੰਘ ਦਾ ਅਵਤਾਰ ਦਸਦੇ ਤਦ ਸੰਸਾ ਵੀ ਇਤਨਾ ਨਾ ਹੁੰਦਾ। ਕਿਉਂਕਿ ਬਿਰਧ ਮਾਈਆਂ ਅਤੇ ਡਾਂਕਟਰ ਹਕੀਮ ਵੀ ਦਸਦੇ ਕਿ ਛੇ ਮਹੀਨੇ ਤਕ ਮਾਤਾਵਾਂ ਦੇ ਪੇਟ ਵਿਚ ਸਰੀਰਕ ਢਾਂਚਾ ਮੁਕੰਮਲ ਹੋਏ ਨਾਲ ਜੀਵ ਆਤਮਾ ਦਾ ਨਿਵਾਸ ਹੁੰਦਾ ਤੇ ਹਿਲਜੁਲ ਮਾਲੂਮ ਹੋਣ ਲਗਦੀ ਹੈ। ਤਾਂਤੇ ਜੇਕਰ ਉਹ ਅਜਾਪਾਲ ਸਿੰਘ ਸਰੀਰ ਤੋਂ ਨਿਕਲੀ ਗੁਰੂ ਆਤਮਾ ਹੀ ਮੰਨਦੇ ਹਨ ਤਦ ਹੋਰ ਢਾਈ ਸਾਲ ਵੀ ਉਸੇ ਸਰੀਰ ਵਿਚ ਵਸ ਸਕਦੇ ਸਨ, ਜਿਸ ਵਿਚ ੧੪੬ ਸਾਲ ਰਹੇ ਹੋਏ ਸਨ।

## ਹੋਰ ਖੁਲ੍ਹੀ ਵਿਚਾਰ

ਗਿਆਨੀ ਨਾਹਰ ਸਿੰਘ ਜੀ ਨੇ ਤਾਂ ਆਪਣੀ ਪੁਸਤਕ ਦੇ ਸਫਾ ੮-੯ ਪਰ ਲਿਖਿਆ ਹੈ ਕਿ ਨਾਮਧਾਰੀ ਪ੍ਰਮੁਖ ਆਗੂ (ਗੁਰ ਪ੍ਰਤਾਪ ਸਿੰਘ) ਜੀ ਨੇ ਆਪਣੀਆਂ ਛਪੀਆਂ ਤੇ ਅਣਛਪੀਆਂ ਪੁਸਤਕਾਂ ਦਿਤੀਆਂ ਤੇ ਉਨ੍ਹਾਂ ਦੇ ਆਧਾਰ ਤੇ ਇਹ ਇਤਿਹਾਸ ਲਿਖਿਆ ਗਿਆ ਹੈ। ਪਰ ਸੰਤ ਮੇਹਰ ਸਿੰਘ ਨੇ ਆਪਣੀ (ਪੁਰਖ ਗੁਰੂ) ਪੁਸਤਕ ਦੇ ਸਫਾ ੧੬੦ ਪਰ ਵਧਾ ਚੜ੍ਹਾ ਕੇ ਇਉਂ ਲਿਖਿਆ :-

> "ਸੰਨ ੧੮੪੧ (ਸੰਮਤ ੧੮੯੮) ਵਿਚ ਇਨ੍ਹਾਂ ਦੀ ਪਲਟਨ ਕਿਸੇ ਸਰਕਾਰੀ ਕੰਮ ਲਈ ਪਸ਼ੌਰ ਗਈ। ਰਸਤੇ ਵਿਚ ਹਜ਼ਰੋ ਵਿਚ ਠਹਿਰੇ। ਇਥੇ ਸ੍ਰੀ ਸਤਿ-ਗੁਰੂ ਬਾਲਕ ਸਿੰਘ ਜੀ ਦਾ ਜਸ ਸੁਣ ਕੇ ਦਰਸ਼ਨਾਂ ਨੂੰ ਗਏ, ਤਾਂ ਅਗੋ ਸਤਿਗੁਰੂ ਜੀ "ਠਾਕਰ ਤੁਮ ਸਰਣਾਈ ਆਇਆ ਉਤਰ ਗਿਆ ਮੇਰੇ ਮਨ ਕਾ ਸੰਸਾ ਜਬ ਤੇਰਾ ਦਰਸਨ ਪਾਇਆ॥" ਸ਼ਬਦ ਦੀ ਵਿਆਖਿਆ ਕਰ ਰਹੇ ਸਨ। ਸਤਿਗੁਰੂ ਰਾਮ ਸਿੰਘ ਜੀ ਨੂੰ ਆਂਵਦੇ ਵੇਖ ਕੇ ਸਤਿਗੁਰੂ ਬਾਲਕ ਸਿੰਘ ਜੀ ਉਠ ਕੇ ਅਗੋਂ ਵਾਲੀ ਦੀ ਜੱਫੀ ਪਾ ਕੇ ਮਿਲੇ ਤੇ ਕਹਿਣ ਲਗੇ—ਆਉ ਠਾਕਰ ਜੀ ਅਸੀਂ ਆਪ ਦੀ ਹੀ ਇੰਤਜ਼ਾਰ ਕਰ ਰਹੇ ਸੀ।"

"ਸਤਿਗੁਰੂ ਰਾਮ ਸਿੰਘ ਜੀ ਦੇ ਨਾਲ ਕੋਈ ਪੰਜੀ ਸਾਥੀ ਹੋਰ ਸਨ, ਜਿਨ੍ਹਾਂ ਸਭ ਨੂੰ ਸਤਿਗੁਰੂ ਬਾਲਕ ਸਿੰਘ ਜੀ ਨੇ ਗੁਰਮੰਤਰ ਦਿਤਾ ਅਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰਮੰਤਰ ਦੇਣ ਉਪਰੰਤ ਸਿੰਘਾਸਨ ਤੇ ਬਿਠਾ ਕੇ "ਗੁਰਗੱਦੀ" ਅਰਪਨ ਕਰ ਦਿਤੀ ਤੇ ਮਰਯਾਦਾ ਅਨੁਸਾਰ ਪੰਜ ਪੈਸੇ ਤੇ ਨਾਰੀਅਲ ਮਥਾ ਟੇਕਿਆ। ਨਾਲ ਹੀ ਕਿਹਾ ਆਪ ਆਪਣੀ ਅਮਾਨਤ ਸੰਭਾਲੋ ਤੇ ਹੁਣ ਪ੍ਰਗਟ ਹੋ ਕੇ ਧਰਮ ਦੀ ਰਖਵਾਲੀ ਕਰੋ। ਇਸ ਤਰ੍ਹਾਂ ਕਰਦਿਆਂ ਸਤਿਗੁਰੂ ਬਾਲਕ ਸਿੰਘ ਜੀ ਨੇ ਸੰਗਤਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਜਾਣਕਾਰੀ ਕਰਵਾਈ ਤੇ ਦਸਿਆ ਕਿ ਇਹ ਆਪ ਦੀ ਅਮਾਨਤ ਹੀ ਮੇਰੇ ਪਾਸ ਹੈਗੀ ਸੀ ਜੋ ਇਹਨਾਂ ਨੇ ਦਸਵੇਂ ਜਾਮੇ ਵਿਚ ਮੈਨੂੰ ਸੌਂਪੀ ਸੀ।"

ਹੁਣ ਪਾਠਕ ਵਿਚਾਰ ਕਰਨ ਕਿ ਇਹ ਕਹਾਵਤ ਇਥੇ ਕਿਤਨੀ ਸੋਹਣੀ ਢੁਕਦੀ ਹੈ ਕਿ ਜਿਵੇਂ—"ਆਪੇ ਹੀ ਮੈਂ ਬੁਢ ਸੁਹਾਗਣ ਤੇ ਆਪ ਹੀ ਮੇਰੇ ਬਚੇ ਜੀਣ।" ਲੇਖਕ ਮੋਹਰ ਸਿੰਘ ਇਉਂ ਇਤਨਾ ਲਿਖ ਰਿਹਾ ਹੈ ਜਿਵੇਂ ਇਹ ਕਲੇ ਬੈਠਾ ਸਭ ਕੁਝ ਅਖੀਂ ਵੇਖਦਾ ਤੇ ਸੁਣਦਾ ਰਿਹਾ ਸੀ। ਅਗਰ ਉਸ ਨੇ ਆਪਣੀ ਚਤਰ ਬੁਧੀ ਅਤੇ ਕਲਮ ਦਾ ਕਮਾਲ ਨਹੀਂ ਵਿਖਾਇਆ, ਅਤੇ ਜੇਕਰ ਕਿਸੇ ਪਹਿਲੀ ਲਿਖਤ ਅਨੁਸਾਰ ਲਿਖ ਰਿਹਾ ਹੈ ਤਦ ਵੀ ਉਕਤ ਲਿਖਤ ਦਾ ਅਪਰੇਸ਼ਨ ਕਰਨਾ ਜ਼ਰੂਰੀ ਹੈ ਜੋ ਸਚਿਆਰ ਪਾਠਕਾਂ ਨੇ ਹੀ ਸਚ ਝੂਠ ਨਿਤਾਰਨਾ ਹੈ। ਪੂਰੇ ਧਿਆਨ ਨਾਲ ਪੜ੍ਹੀਏ।

ਸੋਚੀਏ, ਬਾਬਾ ਰਾਮ ਸਿੰਘ, ਅਗਰ ਦਸਮੇਸ਼ ਜੀ ਦੀ ਆਤਮਾ ਹੁੰਦੀ ਤਾਂ ਉਹ ਨਾਂਦੇੜ ਵਿਚ ਵਾਪਰੇ ਹਾਲ ਨੂੰ ਖੁਦ ਲਿਖਦੇ ਜਾਂ ਲਿਖਵਾਂਦੇ ਜਾਂ ਸੁਣਾਂਦੇ ਰਹਿਣਾ ਸੀ। ਇਹ ਗੁਣ ਤਾਂ ਅਜ ਕਲ ਦੇ ਕਈ ਥਾਂ ਸਾਧਾਰਨ ਬਚਿਆਂ ਵਿਚ ਵੀ ਪ੍ਰਤਖ ਸ਼ਾਬਤ ਹੋਇਆ ਹੈ, ਉਨ੍ਹਾ ਨੇ ਪਿਛਲੇ ਜਨਮ ਦੇ ਹਾਲ ਦਸਕੇ ਹੈਰਾਨ ਕੀਤਾ ਹੈ।

ਹੋਰ ਦੇਖੀਏ : ਸੰਮਤ ੧੮੬੯ ਵਿਚ "ਹਰੋ ਨਦੀ" ਕਿਨਾਰੇ ਬੈਠੇ ਬਾਲਕ ਸਿੰਘ ਜੀ ਨੂੰ ਗੁਰਗਦੀ ਮਿਲੇ ਦਾ ਤੇ ਸੰਭਾਲ ਰਖੇ ਦਾ ਜ਼ਿਕਰ ਚਾਵਲਾ ਲੇਖਕ ਨੇ ਲਿਖਿਆ ਹੈ, ਪਰ ਉਸ ਵੇਲੇ ਦੇ ਅਜਾਪਾਲ ਸਿੰਘ ਰੂਪ ਵਲੋਂ ਗੁਰਗਦੀ ਦਿਤੇ ਨਾਲ ਬਾਲਕ ਸਿੰਘ ਜੀ ਨੂੰ ਗੁਰਮੰਤਰ ਦੇਣਾ ਨਹੀਂ ਲਿਖਿਆ। ਤਾਂ ਫਿਰ ਅਜ ਹਜ਼ਰੋ ਵਿਚ ਬੈਠੇ ਬਾਲਕ ਸਿੰਘ ਜੀ ਨੇ ੨੯ ਸਾਲਾਂ ਪਿਛੋਂ ਸੰਮਤ ੧੮੯੮ ਵਿਚ ਕਿਵੇਂ ਬਾਬਾ ਰਾਮ ਸਿੰਘ ਨੂੰ ਪਹਿਚਾਨ ਲਿਆ ਕਿ ਇਨ੍ਹਾਂ ਨੇ ਹੀ ਮੈਨੂੰ ਉਥੇ ਗਿਆਰਵਾਂ ਸਤਿਗੁਰੂ ਬਣਾਇਆ ਸੀ : ਫਿਰ ਗੁਰਗਦੀ ਤਾਂ ਇਨ੍ਹਾਂ ਦੀ ਅਮਾਨਤ ਸੀ ਸੰਭਾਲ ਰਖੀ ਤੇ ਜ਼ਰੂਰੀ ਦੇਣੀ ਸੀ ਪਰ ਇਸ ਵੇਲੇ ਸਾਰਿਆਂ ਸਾਹਮਣੇ ਗੁਰਮੰਤਰ ਦੇ ਕੇ ਉਸੇ ਗਦੀ ਦੇ "ਦਾਤੇ ਗੁਰੂ" ਨੂੰ ਚੇਲਾ ਬਨਾਣ ਦੀ ਕਿਉਂ ਲੋੜ ਸਮਝੀ ਗਈ, ਜਦੋਂ ਕਿ ਇਨ੍ਹਾਂ ਨੇ ਉਥੇ ਨਦੀ ਕਿਨਾਰੇ ਬੈਠੇ ਨੂੰ ਗੁਰ ਮੰਤਰ ਨਹੀਂ ਦਿੱਤਾ ਸੀ।

ਫਿਰ ਜੇਕਰ ਉਹ ਦਿੱਬ ਦ੍ਰਿਸ਼ਟੀ ਰਖਦੇ ਸਨ ਤੇ ਇਸੇ ਕਰਕੇ ਆਉਂਦੇ ਹੀ ਭਾਈ ਰਾਮ ਸਿੰਘ ਜੀ ਨੂੰ ਸਿਪਾਹੀ ਰੂਪ ਹੁੰਦਿਆਂ ਵੀ ਪਹਿਚਾਨ ਲਿਆ ਸੀ ਤਦ ਉਹਨਾਂ ਨੂੰ ਇਹ ਵੀ ਤਾਂ ਪਤਾ ਹੋਣਾ ਚਾਹੀਦੇ ਸੀ ਕਿ ਇਨ੍ਹਾਂ ਨੇ ਬਾਬਾ ਜਵਾਹਰ ਸਿੰਘ ਪਾਸੋਂ ਖੰਡੇ ਦਾ ਅੰਮ੍ਰਿਤ ਛਕਿਆ ਹੈ ਅਤੇ ਰਹਿਤ ਦਾ ਧਾਰਨੀ ਹੋਣਾ ਅਤੇ ਕੁਰਹਿਤਾ ਦੇ

ਤਿਆਗ ਦਾ ਪ੍ਰਣ ਕੀਤੇ ਨਾਲ ਮੂਲ ਮੰਤ੍ਰ ਅਤੇ ਗੁਰ ਮੰਤ੍ਰ ਨਿਰਣਾ ਵੀ ਸੁਣਿਆ ਹੋਣਾ ਹੈ। ਤਦ ਫਿਰ ਸਿਰਫ਼ ਰਹਿਣੀ ਵਿਚ ਰਹਿਣ ਦੀ ਤੇ ਨਾਮ ਸਿਮਰਨ ਦੀ ਹੀ ਤਾਕੀਦ ਕਰਨੀ ਬਣਦੀ ਸੀ। ਪਰ ਇਸ ਵੇਲੇ ਅਜ ਬਾਲਕ ਸਿੰਘ ਜੀ ਨੇ—ਉਸ ਵੇਲੇ ਦੇ ਸਤਿਗੁਰੂ ਜੀ ਨੂੰ ਕਿਉਂ ਨਿਗੁਰਾ ਜਾਣਿਆ, ਤੇ ਚੇਲਾ ਬਣਾ ਕੇ ਗੁਰਮੰਤ੍ਰ ਸੁਣਾਇਆ ਸੀ? ਤਦ ਸਮਝਣਾ ਚਾਹੀਦੇ ਕਿ ਗੁਰਮੰਤ੍ਰ ਦੀ ਵਿਆਜ ਨਾਲ ਸ਼ਾਇਦ ਸੰਭਾਲੀ ਗੁਰਗਦੀ ਨੂੰ ਵਾਪਸ ਕੀਤਾ ਹੋਵੇ। ਦਿਆਦਨਦਾਰੀ ਦਾ ਭਾਰੀ ਸਬੂਤ ਹੈ।

ਇਹ ਜ਼ਿਕਰ ਸੰਮਤ ੧੯੯੮ (ਮੁਤਾਬਕ ਸੰਨ ੧੯੪੧) ਦਾ ਹੈ ਤੇ ਇਥੋਂ ਹੀ ਸਾਰੇ ਸਾਥੀਆਂ ਦੇ ਸਮੇਤ ਬਾਬਾ ਰਾਮ ਸਿੰਘ ਜੀ ੧੨ਵੇਂ ਸਤਿਗੁਰੂ ਬਣ ਕੇ ਪਸ਼ਾਵਰ ਨੂੰ ਚਲੇ ਗਏ ਸਨ ਤੇ ਕਰੀਬਨ ੪ ਸਾਲ ਤੀਕ ਹੋਰ ਉਥੇ ਰਹਿ ਕੇ ਸਿਪਾਹੀ ਰੈਂਕ ਵਿਚ ਨੌਕਰੀ ਕਰਦੇ ਰਹੇ ਸਨ, ਤਾਂ ਸੋਚੀਏ ਕਿ ਜੇਕਰ ਇਨ੍ਹਾਂ ਨੇ ਬਾਬਾ ਬਾਲਕ ਸਿੰਘ ਨੂੰ ਠੀਕ (ਗੁਰਗੱਦੀ ਦਾ) ੧੧ਵਾਂ ਸਤਿਗੁਰੂ ਮੰਨ ਲਿਆ ਹੁੰਦਾ, ਅਤੇ ਆਪਣੇ ਨੂੰ ਵੀ ੧੨ਵਾਂ ਸਤਿਗੁਰੂ (ਗੁਰੂ ਗੋਬਿੰਦ ਸਿੰਘ ਦਾ ਅਵਤਾਰ) ਹੀ ਸਮਝ ਲਿਆ ਹੁੰਦਾ ਤਦ ਜਾਂਦਿਆਂ ਹੀ ਨੌਕਰੀ ਛੱਡ ਕੇ (ਹੁਣ ਦੇ ਗੁਰੂ ਬਾਲਕ ਸਿੰਘ ਦਾ ਹੁਕਮ ਪਾਲਦੇ) ਪ੍ਰਚਾਰ ਦਾ ਕੰਮ ਸ਼ੁਰੂ ਕਰ ਦੇਣਾ ਸੀ। ਕਿਉਂਕਿ ਗੁਰੂ ਗੋਬਿੰਦ ਸਿੰਘ ਕੀ, ਤੇ ਪਰ ਅਧੀਨਤਾ ਦੀ ਨੌਕਰੀ ਕਰਨੀ ਗੁਰੂ ਜੋਤ ਦੀ ਸ਼ਾਨ ਦੇ ਵਿਰੁੱਧ ਗੱਲ ਸੀ।

ਗੁਰੂ ਨਾਨਕ ਦੇਵ ਜੀ ਨੇ ਮੋਦੀ ਖਾਨੇ ਦੀ ਨੌਕਰੀ ਨਹੀਂ ਕੀਤੀ, ਠੇਕਾ ਸੀ, ਰਾਸ ਮੂੜੀ ਦੌਲਤ ਖਾਨ ਲੋਧੀ ਦੀ ਅਤੇ ਮੁਨਾਫ਼ੇ ਵਿਚ ਹਿੱਸਾ ਇਨ੍ਹਾਂ ਦਾ ਸੀ। ਤਨਖਾਹ ਨਹੀਂ ਸੀ ਤੇ ਹਿਸਾਬ ਮਗਰੋਂ ਮੁਨਾਫ਼ਾ ਲੈਂਦੇ ਰਹੇ ਸੀ। ਪਰ ਜਦੋਂ ਸ੍ਰੀ ਅਕਾਲ ਪੁਰਖ ਵਲੋਂ "ਸ਼ਬਦ ਗੁਰੂ" ਦੀ ਬਖਸ਼ਿਸ਼ ਨਾਲ ਜਗਤ ਗੁਰੂ ਥਾਪ ਕੇ ਭੇਜੇ ਗਏ ਸਨ ਤਦ ਮੋਦੀ ਖਾਨੇ ਦੀ ਕਾਰ ਵੀ ਤਿਆਗ ਦਿਤੀ ਤੇ ਸੰਸਾਰ ਦੇ ਉਧਾਰ ਵਾਸਤੇ ਗੁਰੂ ਰੂਪ ਵਿਚ ਚਾਲੇ ਪਾਏ ਸਨ।

ਹੋਰ ਸੋਚੀਏ ਕਿ ਇਹ ਕੋਈ ਸਾਧਾਰਨ ਗਲ ਨਹੀਂ ਸੀ ਕਿ ਕਿਸੇ ਨੇ ਦੋਹਾਂ ਧਿਰਾਂ ਵਿਚਾਲੇ ਦੀ ਗਲ ਸੁਣੀ ਹੋਵੇ ਤੇ ਅਣਸੁਣੀ ਕਰ ਦੇਵੇ। ਉਹ ਗੁਰਸਿਖ! ਜੋ ਵਿਛੜੇ ਗੁਰੂ ਦੀ ਲੱਖੀ ਜੰਗਲ ਵਿਚ ਸੂਤ ਸੁਣਦੇ ਸਾਰ ਉਠ ਦੌੜੇ ਸਨ, ਤੇ ਬੂੰਬਾਂ ਮਾਰਦੇ ਜਾ ਕੇ ਦਰਸ਼ਨ ਕੀਤੇ ਸਨ। ਅਜ ਭਾਈ ਰਾਮ ਸਿੰਘ ਦੇ ਸਾਥੀਆਂ ਨੇ ਅਗਰ ਪਲਟਨ ਵਿਚ ਜਾ ਕੇ ਦਸਿਆ ਹੁੰਦਾ ਕਿ ਇਹ ਤਾਂ ਗੁਰੂ ਗੋਬਿੰਦ ਸਿੰਘ ਪ੍ਰਗਟਾਏ ਹਨ, ਤਦ ਧਾਂਕ ਪੈ ਜਾਂਦੀ ਅਤੇ ਲਹੌਰ ਵੀ ਖਬਰਾਂ ਪੁਜ ਜਾਂਦੀਆਂ ਤਾਂ ਫਿਰ ਕਈ ਮਨਚਲੇ ਸਿਪਾਹੀਆਂ ਨੇ ਕੀ ਕੁਝ ਕਹਿਣਾ ਸੀ ਅਤੇ ਸਿਆਣੇ ਅਫਸਰਾਂ ਦੀ ਨਜ਼ਰ ਅਤੇ ਪਰਤਾਵੇ ਵਿਚ ਉਨ੍ਹਾਂ ਨੂੰ ਕੁਝ ਵੀ ਕਰਾਮਾਤ ਦੀ ਸਦਾਈ ਭਾਸਦੀ ਤਦ ਉਨ੍ਹਾਂ ਨੇ ਗੁਰੂ ਆਤਮਾ ਦਾ (ਜਾਂ ਬਖਸ਼ੀਸ਼ਾਂ) ਦਾ ਇਨ੍ਹਾਂ ਨੂੰ ਪਾਤਰ ਬਣਿਆ ਸਮਝ ਕੇ ਨਿਵਾਇਦਾਂ ਨਹੀਂ ਕਰਾਣੀਆਂ ਸਨ। ਸਗੋਂ ਨਿਮਸਕਾਰਾਂ ਕਰਦੇ ਅਤੇ ਸਤਿਕਾਰ ਸਹਿਤ ਵਾਪਸ ਘਰ ਨੂੰ ਭੇਜਣਾ ਸੀ।

ਅਸਲ ਗਲ ਤਾਂ ਇਹੋ ਭਾਸਦੀ ਹੈ ਕਿ ਬਾਬਾ ਰਾਮ ਸਿੰਘ ਜੀ ਦੀ ਧਾਰਮਿਕ

ਬਿਰਤੀ ਅਤੇ ਸਿਮਰਨ ਭਜਨ ਦੀ ਸ਼ੌਕ ਕਾਰਨ ਸ਼ੁਰੂ ਤੋਂ ਹੀ ਸਾਰੀ ਪਲਟਨ ਵਿਚ ਵੀ ਸਾਥੀਆਂ ਪਾਸੋਂ ਸਤਿਕਾਰ ਦੀ ਨਜ਼ਰ ਨਾਲ ਵੇਖੇ ਜਾਂਦੇ ਸਨ। ਦੋਵੇਂ ਵੇਲੇ ਗੁਰਦਵਾਰੇ ਵਿਚ ਸੇਵਾ ਸਤਿਸੰਗ ਕਰਦੇ ਵੇਖ ਕੇ ਹੀ (ਨਾਮਧਾਰੀ ਇਤਿਹਾਸ ਮੁਤਾਬਕ) ਇਨ੍ਹਾਂ ਨੂੰ ਉਥੇ "ਭਾਈ ਰਾਮ ਸਿੰਘ" ਜੀ ਕਹਿੰਦੇ ਬੁਲਾਂਦੇ ਸਨ। ਹੁਣ ਹਜ਼ਰੋ ਵਿਚ ਵੀ ਕਥਾ ਪ੍ਰਚਾਰ ਹੁੰਦੇ ਦਾ ਜ਼ਿਕਰ ਸੁਣਿਆ ਸੀ ਤੇ ਗਏ ਸਨ। ਜਿਸ ਤੇ ਬਾਬਾ ਬਾਲਕ ਸਿੰਘ ਜੀ ਨੇ ਇਨ੍ਹਾਂ ਨੂੰ ਪ੍ਰੇਮੀ ਜਾਣਿਆ ਅਤੇ ਵਿਚਾਰ ਵਟਾਂਦਰਾ ਕੀਤਾ, ਮਗਰੋਂ ਅਧਿਕਾਰੀ ਜਾਣਕੇ ਅਪਣਾਇਆ ਤੇ ਆਪਣੀ ਥਾਂ ਦੀ ਗੱਦੀ ਸੌਂਪ ਦਿਤੀ ਹੋਣੀ ਹੈ। ਜਿਸ ਨੂੰ ਕਿ ਨਾਂਦੇੜ ਦੀ ਸਾਖੀ ਦਾ ਆਧਾਰ ਬਣਾ ਕੇ ਆਪੇ ਨੂੰ ਪਹਿਲੇ ਪ੍ਰਗਟਾਇਆ ਹੋਇਆ ਸੀ।

ਹੁਣ ਬਾਕੀ ਰਹੀ ਗਦੀ ਦੇਣ ਦੀ ਗਲ! ਜੇ ਵਧੇਰੇ ਸੋਚੀਏ ਤਾਂ ਇਸ ਜ਼ਿਕਰ ਨੂੰ ਬਾਹਦ ਵਿਚ ਹੀ ਸਚਾ ਮੰਨ ਕੇ ਨਾਮਧਾਰੀ ਦਰਬਾਰ ਨੇ ਪ੍ਰਚਾਰਿਆ ਅਤੇ ਪੁਸਤਕਾਂ ਵਿਚ ਵੀ ਲਿਖਵਾਇਆ ਹੈ। ਪਰ ਅਸਲ ਵਿਚ ਇਹਦੀ ਉਪਜ ਤਾਂ ਬਾਬਾ ਬਾਲਕ ਸਿੰਘ ਦੀ ਪਰਾ ਬਾਣੀ ਤੋਂ ਸੂਖਮ ਉਪਜੀ ਤੇ ਨਾਂਦੇੜ ਤੋਂ ਗੁਰੂ ਜੀ ਦੇ ਅਕਾਸ਼ ਗੰਮਨ ਦੀ ਸਾਖੀ ਦੇ ਸਹਾਰੇ ਬੈਖਰੀ ਰੂਪ ਵਿਚ ਉਹਨਾਂ ਨੇ ਹੀ ਪ੍ਰਗਟਾਇਆ ਤੇ ਪ੍ਰੇਮੀਆਂ ਅਤੇ ਸ਼ਰਧਾਲੂਆਂ ਨੇ ਆਪ ਦੀ ਸੰਤਤਾਈ ਪਰ ਪੂਰਾ ਇਤਬਾਰ ਕੀਤਾ, ੧੧ਵਾਂ ਸਤਿਗੁਰੂ ਮੰਨਿਆ ਤੇ ਨਾਮਧਾਰੀ ਲੇਖਕਾਂ ਨੇ ਲਿਖਿਆ ਅਤੇ ਜ਼ਬਾਨੀ ਵੀ ਬਹੁਤ ਪ੍ਰਚਾਰਿਆ ਹੈ।

ਇਹੋ ਵਜ੍ਹਾ ਸੀ ਕਿ ਗਿਆਨੀ ਗਿਆਨ ਸਿੰਘ ਨੇ ਜਦੋਂ ਪੰਥ ਪ੍ਰਕਾਸ਼ ਲਿਖਣਾ ਚਾਹਿਆ ਸੀ ਤਾਂ ਉਹਨਾ ਨੇ ਬਹੁਤ ਥਾਈਂ ਜਾ ਕੇ ਅਤੇ ਸਿਖ ਸੰਪਰਦਾਵਾਂ ਦੇ ਮੁਖੀਆਂ ਪਾਸੋਂ ਵੀ ਸੁਣੇ ਹਾਲ ਲਿਖੇ ਸਨ, ਪਰ ਜਦੋਂ ਨਾਮਧਾਰੀ ਆਗੂਆਂ ਨੂੰ ਮਿਲੇ ਤਾਂ ਉਹਨਾਂ ਨੇ ਬਾਬਾ ਬਾਲਕ ਸਿੰਘ ਦੀ ਜ਼ਬਾਨੀ ਗੁਰੂ ਦਸਮੇਸ਼ ਜੀ ਦਾ ਪੁਨਰ ਜਨਮ ਬਾਬਾ ਰਾਮ ਸਿੰਘ ਰੂਪ ਦਸਿਆ। ਲੇਖਕ ਨੂੰ ਰੀਝਾਇਆ ਤੇ ਉਹਨਾਂ ਨੇ ਪਹਿਲੀ ਵੇਰ ਲਿਖਿਆ ਸੀ ਫਿਰ ਗਲਤ ਸਮਝਿਆ ਤੇ ਕਟ ਦਿਤਾ ਅਤੇ ਸਰਬ-ਲੋਹ ਲਿਖਤ ਜਿਉ—"ਗੁਰੂ ਮਾਨਿਉ ਗ੍ਰੰਥ" ਵਾਲਾ ਦੋਹਿਰਾ ਲਿਖਿਆ ਸੀ। ਜਿਸ ਨੂੰ ਨਾਮਧਾਰੀ ਲੇਖਕ ਕੁਕਰਮ ਕੀਤਾ ਦਸਦੇ ਹਨ।

ਨੋਟ :—(ਗਿਆਨੀ ਗਿਆਨ ਸਿੰਘ ਅਤੇ ਬਾਬਾ ਜੀ ਦਾ ਜ਼ਿਕਰ ਅਗੇ ਫੇਰ ਲਿਖਾਂਗੇ)

ਨਾਮਧਾਰੀ ਲੇਖਕਾਂ ਨੇ ਇਤਨਾਂ ਹੀ ਨਹੀਂ ਬਲਕਿ ਸੌ ਸਾਖੀ ਦੇ ਨਾਮ ਨਾਲ ਪ੍ਰਸਿਧ ਹੋਈ ਕਿਸੇ ਪੁਸਤਕ ਵਿਚ ਵੀ ਆਪਣੀ ਮਨੌਤ ਨੂੰ ਸਿੱਧ ਕਰਨ ਵਾਸਤੇ ਐਸੇ ਹੀ ਸਬੰਧਿਤ ਛੰਦ ਲਿਖੇ ਲਿਖਾਏ ਸਨ, ਜਿਹਨਾਂ ਦੀ ਅਸਲੀਅਤ ਨੂੰ ਪਿਛਲੇ ਪੰਨਿਆ । ਚ ਖੋਹਲ ਕੇ ਲਿਖਿਆ ਹੈ। ਹੁਣ ਅਸੀਂ ਫਿਰ ਇਸ ਜ਼ਿਕਰ ਨੂੰ ਲੈਂਦੇ ਹਾਂ ਕਿ ਬਾਬਾ ਬਾਲਕ ਸਿੰਘ ਨੇ ਆਪਣੇ ਬਾਬਤ ਜੋ ਲੋਕਾਂ ਨੂੰ ਦਸਿਆ ਤੇ ਯਕੀਨ ਕਰਵਾ ਦਿਤਾ ਸੀ ਕਿ ਇਹਨਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਤੱਖ ਹੋਕੇ ਦਰਸ਼ਨ ਦਿਤੇ ਅਤੇ ਦਸਿਆ ਕਿ ਅਸੀਂ ੧੧ਵੀਂ ਥਾ ਦੀ ਗੁਰਗੱਦੀ ਅਜ ਤੁਹਾਨੂੰ ਦਿਤੀ ਹੈ, ਅਤੇ ਬਾਹਰਵੀ ਥਾਂ ਉਹ ਖੁਦ ਆ ਕੇ ਰਾਮ ਸਿੰਘ ਰੂਪ ਵਿਚ ਆਪਣੀ ਹੀ ਦਿਤੀ ਇਸ ਅਮਾਨਤ ਨੂੰ ਸੰਭਾਲਣਗੇ। ਨਾਮਧਾਰੀ ਲੇਖਕ ਅਨੁਸਾਰ ਉਹ ਐਸਾ ਕਰਕੇ ਅਤੇ ਕਹਿ ਕੇ ਚਲੇ ਗਏ ਸਨ ਤੇ ਪੂਰ ਵੇ

ਸਾਲ ਤੇ ੧੦ ਮਹੀਨੇ ਬੀਤੇ ਮਗਰੋਂ ਸੰਮਤ ੧੮੭੨ ਵਿਚ ਬਾਬਾ ਰਾਮ ਸਿੰਘ ਜੀ ਦਾ ਜਨਮ ਹੋਇਆ ਸੀ ਜਿਵੇਂ ਕਿ ਪਿਛੇ ਨਿਰਨੇ ਨਾਲ ਦਸਿਆ ਹੈ।

## ਸਿਖ ਫੌਜ ਦੀ ਨੌਕਰੀ

ਪਿਛੇ ਦਸਿਆ ਹੈ ਕਿ ਬਾਬਾ ਰਾਮ ਸਿੰਘ ਜੀ ਦਾ ਜਨਮ ਸੰਮਤ ੧੮੭੨ (ਸੰਨ ੧੮੧੫) ਵਿਚ ਹੋਇਆ ਸੀ। ਆਪ ਜੀ ਨੇ ੨੧ ਸਾਲ ਦੀ ਉਮਰ ਹੋਣ ਵੇਲੇ ਤੀਕ ਘਰੋਗੀ ਕੰਮ ਕਾਜ (ਤਰਖਾਣਾ ਸੀ) ਆਪਣੇ ਪਿਤਾ ਜੀ ਨਾਲ ਮਿਲ ਕੇ ਕੀਤਾ। ਪਿਤਾ ਜੀ ਆਪ ਦੇ ਧਾਰਮਿਕ ਖਿਆਲਾਂ ਦੇ ਸਨ। ਇਹਨਾਂ ਦੀ ਅਸ਼ੀਰਵਾਦ ਪਾ ਕੇ ਭਣਵਈਏ ਇਕਬਾਲ ਸਿੰਘ ਜੀ ਨਾਲ ਲਾਹੌਰ ਜਾ ਕੇ ਕੰਵਰ ਨੌਨਿਹਾਲ ਸਿੰਘ ਨਾਮ ਦੀ ਪਲਟਣ ਵਿਚ ਭਰਤੀ ਹੋ ਗਏ ਸਨ। ਇਸ ਵੇਲੇ ਪੂਰੇ ੨੧ ਸਾਲਾਂ ਦੇ ਸੋਹਣੇ ਜਵਾਨ ਸਨ।

ਨਾਮਧਾਰੀ ਇਤਿਹਾਸ (ਗਿਆਨੀ ਨਾਹਰ ਸਿੰਘ ਕ੍ਰਿਤ) ਸਫਾ ੬੧ ਪਰ ਨਿਰਨੇ ਨਾਲ ਉਥੇ ਇਹ ਲਿਖਿਆ ਹੈ ਕਿ—"ਫੌਜਾਂ ਵਿਚ ਖੰਡੇ ਦੀ ਪਾਹੁਲ ਸਿਖ ਸਿਪਾਹੀਆਂ ਨੂੰ ਦਿਤੀ ਜਾਂਦੀ ਸੀ।" ਤਾਂ ਸਾਬਤ ਹੈ ਕਿ ਐਸੀ ਪਾਹੁਲ ਆਪ ਨੂੰ ਵੀ ਦਿਤੀ ਹੋਵੇਗੀ ਤੇ ਦੇਸ ਰਖਿਆ ਵਾਸਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪ੍ਰਣ ਵੀ ਲਏ ਗਏ ਹੋਣੇ। ਇਹ ਜ਼ਰੂਰੀ ਗਲ ਸੀ। ਕਿਉਂਕਿ ਸਿਖ ਰਾਜ ਤੋਂ ਬਾਹਦ ਅੰਗਰੇਜ਼ਾਂ ਨੇ ਵੀ ਇਸ ਪਿਰਤ ਨੂੰ ਜਾਰੀ ਰਖਿਆ ਸੀ। ਇਸੇ ਕਰਕੇ ਹਰ ਇਕ ਸਿਖ ਰੰਗਰੂਟ ਨੂੰ ਅੰਮ੍ਰਿਤ ਛਕਾਇਆ ਜਾਂਦਾ ਸੀ, ਤਦ ਇਸੇ ਤਰ੍ਹਾਂ ਸਿਖ ਰਾਜ ਵੇਲੇ ਫੌਜ ਵਿਚ ਭਰਤੀ ਹੋਏ ਵੇਲੇ ਸਿਪਾਹੀ ਰਾਮ ਸਿੰਘ ਜੀ ਨੇ ਸਿਖ ਸਰਕਾਰ ਦੀ ਵਫਾਦਾਰੀ ਦਾ ਹਲਫ ਉਠਾਕੇ ਪਲਟਨ ਦੀ ਨੌਕਰੀ ਸ਼ੁਰੂ ਕੀਤੀ ਸੀ।

ਆਪ ਜੀ ਕਰੀਬਨ ੯ ਸਾਲ ਤੀਕ ਪਲਟਨ ਵਿਚ ਨੌਕਰੀ ਕਰਦੇ ਰਹੇ, ਕੁਝ ਸਾਲਾਂ ਬਾਹਦ ਆਪ ਦੀ ਰਜਮੈਂਟ ਨੂੰ ਲਾਹੌਰ ਤੋਂ ਪਿਸ਼ਾਵਰ ਜਾਣਾ ਪਿਆ ਤੇ ਆਪ ਜੀ ਦੇ ਨਾਲ ੨੫-੩੦ ਲਗਪਗ ਹੋਰ ਸਾਥੀ ਸਿਪਾਹੀ ਵੀ ਸਨ। ਪਿਸ਼ਾਵਰ ਜਾਂਦਿਆਂ ਨੂੰ ਹਜ਼ਰੋ ਪਾਸੋਂ ਲੰਘਣਾ ਪੈਂਦਾ ਤੇ ਬਹੁਤ ਵੇਰੀ ਸਰਕਾਰੀ ਜਾਂ ਗੈਰ-ਸਰਕਾਰੀ ਲੋਕ ਹਜ਼ਰੋ ਵਿਚ ਦੋ ਚਾਰ ਦਿਨਾਂ ਦੇ ਮੁਕਾਮ ਕੀਤੇ ਮਗਰੋਂ ਅਗੇ ਜਾਇਆ ਕਰਦੇ ਸਨ। ਭਾਈ ਰਾਮ ਸਿੰਘ ਵੀ ਆਪਣੇ ਸਾਥੀਆਂ ਸਮੇਤ ਹਜ਼ਰੋ ਆਏ ਤੇ ਮੁਕਾਮ ਕੀਤਾ ਸੀ। ਆਪ ਦੀ ਧਾਰਮਕ ਲਗਨ ਸੀ। ਪਤਾ ਲਗਾ ਕਿ ਇਥੇ ਇਕ ਸੰਤ ਬਾਬਾ ਬਾਲਕ ਸਿੰਘ ਰਹਿੰਦੇ ਹਨ—ਜਾ ਕੇ ਦਰਸ਼ਨ ਕੀਤੇ ਤੇ ਮਨ ਪ੍ਰਸੰਨ ਹੋ ਗਿਆ ਸੀ।

ਕੋਈ ਸ਼ੱਕ ਨਹੀਂ ਕਿ ਆਪ ਨੂੰ ਪਲਟਨ ਵਿਚ ਭਰਤੀ ਹੋਏ ਵੇਲੇ ਗੁਰੂ ਗ੍ਰੰਥ ਜੀ ਦੇ ਸਾਹਮਣੇ ਮਰਿਯਾਦਾ ਮੁਤਾਬਕ ਨਾਮ (ਗੁਰਮੰਤ੍ਰ ਉਪਦੇਸ਼) ਰਹਿਤਾਂ ਕੁਰਹਿਤਾਂ ਦੇ ਨਿਰਨੇ ਦਸ ਕੇ ਅੰਮ੍ਰਿਤ ਛਕਾਇਆ ਹੋਣਾ। ਪਰ ਨਾਮ ਸਿਮਰਨ ਅਭਿਆਸ ਦੀ ਵਿਧੀ ਉਸੇ ਵੇਲੇ ਨਹੀਂ ਸਮਝਾਈ ਜਾਂਦੀ, ਇਹੋ ਘਾਟ ਹੁੰਦੀ ਹੈ। ਅਜ ਭਾਈ ਰਾਮ ਸਿੰਘ ਨੇ ਸਿਮਰਨ ਅਭਿਆਸ ਦੀ ਵਿਧੀ ਨੂੰ ਸਮਝਨ ਵਾਸਤੇ ਜਦੋਂ ਖਾਹਿਸ਼ ਪ੍ਰਗਟਾਈ ਨੇ ਤਦ ਬਾਬਾ (ਸੰਤ ਬਾਲਕ ਸਿੰਘ) ਜੀ ਨੂੰ ਖੁਸ਼ੀ ਹੋਈ ਕਿ ਐਸਾ ਅਭਿਲਾਖੀ ਗਾਹਕ ਮਿਲਿਆ ਹੈ:

**ਭਾਵ—ਕੋਈ ਆਇ ਮਿਲੈਗੋ ਗਾਹਕੀ ਲਏਗਾ ਮਹਿਗੇ ਮੋਲ॥**

ਤਦ ਬਾਬਾ ਜੀ ਨੇ ਬਖਸ਼ਿਸ਼ ਕੀਤੀ। ਜਿਸ ਨੂੰ ਨਾਮਧਾਰੀ ਇਤਿਹਾਸ ਦੇ ਲੇਖਕ ਨੇ ਸਫ਼ਾ ੧੧੭ ਪਰ ਲਿਖਿਆ ਕਿ "ਆਪ ਜੀ ਦੇ ਨਾਲ ੨੦-੩੦ ਹੋਰ ਸਿੰਘਾਂ ਨੇ ਵੀ ਇਸ ਸਮੇਂ ਉਥੇ ਬਾਬਾ ਬਾਲਕ ਸਿੰਘ ਜੀ ਪਾਸੋਂ ਭਜਨ ਬੰਦਗੀ ਦੀ ਦੀਖਿਆ ਲਈ ਸੀ।"

ਨੋਟ :—ਇਸ ਨਾਮਧਾਰੀ ਇਤਿਹਾਸ ਦੇ ਲੇਖਕ (ਗਿਆਨੀ ਨਾਹਰ ਸਿੰਘ) ਨੇ ਇਹ ਨਹੀਂ ਲਿਖਿਆ ਕਿ ਬਾਲਕ ਸਿੰਘ ਜੀ ਨੇ ਬਾਬਾ ਰਾਮ ਸਿੰਘ ਨੂੰ ਘੁਟ ਕੇ ਛਾਤੀ ਨਾਲ ਲਾਇਆ ਤੇ ਗੁਰਗਦੀ ਦੀ ਅਮਾਨਤ ਸੰਭਾਲੀ ਦੇ ਕੇ ੧੨ਵਾਂ ਸਤਿਗੁਰੂ ਬਣਾਇਆ ਸੀ। ਸਿਰਫ ਇਤਨਾ ਲਿਖਿਆ ਕਿ ਇਹਨਾਂ ਦੀਖਿਆ ਲਈ ਸੀ। ਤੇ ਉਹਨਾਂ ਨੇ ਦੀਖਿਆ ਦਿਤੀ ਹੋਣੀ।

ਪਲਟਨ ਦੀ ਨੌਕਰੀ ਦੇ ਅਖੀਰ ਦੇ ਸਾਲ ਵਿਚ ਸਿਖਾਂ ਤੇ ਅੰਗਰੇਜ਼ਾਂ ਦੀ ਪਹਿਲੀ ਜੰਗ ਦਾ ਮੁੱਢ ਸੰਨ ੧੮੪੫ ਵਿਚ ਬੱਝਾ ਸੀ। ਇਸ ਲੜਾਈ ਵਿਚ ਲੜਨ ਵਾਸਤੇ ਆਪ ਦੀ ਇਸ ਸਿਖ ਰਜਮੈਂਟ ਨੂੰ ਜਾਣ ਦਾ ਹੁਕਮ ਵੀ ਹੋਇਆ ਸੀ। ਐਸੀ ਲੜਾਈ ਦੇ ਲੜਨ ਵਾਸਤੇ ਹੀ ਫੌਜਾਂ ਨੂੰ ਭਰਤੀ ਕੀਤਾ ਜਾਂਦਾ ਸੀ। ਤੇ ਹਰ ਇਕ ਸਿਪਾਹੀ ਨੂੰ ਰੰਗਰੂਟ ਭਰਤੀ ਕਰਨ ਤੋਂ ਪਹਿਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਪ੍ਰਣ ਲਿਆ ਜਾਂਦਾ ਸੀ ਕਿ ਉਹ ਮੌਤ ਤੋਂ ਨਾ ਡਰਦਾ ਹੋਇਆ ਸਦਾ ਜਿੱਤ ਦੀ ਖਾਹਸ਼ ਵਿਚ ਅਖੀਰ ਦਮ ਤੀਕ ਲੜੇਗਾ। ਪ੍ਰਣ ਪਤ੍ਰ ਦੀ ਇਹੋ ਰੀਤ ਅੰਗਰੇਜ਼ੀ ਰਾਜ ਵੇਲੇ ਵੀ ਰਹੀ।

ਹੁਣ ਇਸ ਲੜਾਈ ਵਿਚ ਲੜਨ ਵਾਸਤੇ ਵੀ ਜਾਣਾ ਸੀ। ਅਰਦਾਸਾ ਆਪ ਪਾਸੋਂ ਹੀ ਕਰਾਇਆ ਗਿਆ ਸੀ। (ਨਾਮਧਾਰੀ ਇਤਿਹਾਸ ਸਫ਼ਾ ੯੯ ਮੁਤਾਬਕ) ਉਸ ਵੇਲੇ ਆਪ ਨੂੰ ਅਨੁਭਵ ਹੋਇਆ, ਕਿ ਲੜਾਈ ਵਿਚ ਜਾਣ ਤੋਂ ਘਬਰਾਏ ਤੇ ਖਲੋਤੇ ਹੀ ਡਿਗ ਪਏ। ਫਿਰ ਸੰਭਲ ਕੇ ਉਠ ਖਲੋਤੇ ਤੇ ਦਸਿਆ ਨੇ—ਇਸ ਲੜਾਈ ਵਿਚ ਸਿਖਾਂ ਦੀ ਜਿਤ ਨਹੀਂ ਹੋਣੀ। ਐਵੇਂ ਮੌਤ ਦੇ ਮੂੰਹ ਵਿਚ ਜਾਂਦੇ ਪਏ ਨੇ।

ਸੋਚੀਏ ! ਕਿ ਐਸਾ ਕਹਿਣਾ ਇਹਨਾਂ ਦਾ ਬਣਦਾ ਸੀ ? ਅੰਗਰੇਜ਼ ਫੌਜਾਂ ਜੋ ਪੰਜਾਬ ਉਤੇ ਪੂਰੀ ਤਰ੍ਹਾਂ ਕਬਜ਼ਾ ਕਰਨ ਨੂੰ ਆ ਰਹੀਆਂ ਸਨ, ਕੀ ਇਹਨਾਂ ਦਾ ਮੁਕਾਬਲਾ ਨਹੀਂ ਕਰਨਾ ਸੀ ? ਕੀ ਬਿਨਾਂ ਲੜੇ ਮੌਤ ਦੇ ਮੂੰਹ ਪਏ ਬਗੈਰ ਹੀ ਪੰਜਾਬ ਹਵਾਲੇ ਕਰਦੇ ਤਾਂ ਚੰਗਾ ਸੀ ? ਅਣਖੀ ਕੌਮਾਂ ਤੋਂ ਇਹ ਉਮੀਦ ਨਹੀਂ ਹੋ ਸਕਦੀ। ਫਿਰ ਅਖੀਰ ਨੂੰ ਹਰੀ ਕੇ ਪਤਨ ਵਲ ਪਲਟਨ ਗਈ ਤੇ ਸਿਪਾਹੀ ਰਾਮ ਸਿੰਘ ਵੀ ਨਾਲੇ ਸਨ ਪਰ ਦਰਿਆਏ ਸਤਲੁਜ ਦੇ ਕਿਨਾਰੇ ਪੁਜ ਕੇ ਆਪ ਜੀ ਨੇ ਆਪਣੀ ਬੰਦੂਕ ਦਰਿਆ ਵਿਚ ਸੁਟ ਦਿਤੀ ਤੇ ਪਰਤ ਕੇ ਪਹਿਲੇ ਲੁਧਿਆਣੇ ਚਲੇ ਗਏ ਤੇ ਕੁਝ ਦਿਨਾਂ ਬਾਹਦ ਵਾਪਸ ਆਪਣੇ ਘਰ (ਭੈਣੀ) ਚਲੇ ਆਏ ਸਨ।

ਇਥੋਂ ਪਾਠਕਾਂ ਨੇ ਵਿਚਾਰਨਾ ਹੈ ਕਿ—ਸਿਪਾਹੀ ਰਾਮ ਸਿੰਘ ਵਿਚ ਇਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਦੀ ਆਤਮਾ ਹੁੰਦੀ ਤਾਂ ਐਸਾ ਕਦੀ ਨਹੀਂ ਕਰਨਾ ਸੀ। ਸ੍ਰੀ ਕ੍ਰਿਸ਼ਨ ਭਗਵਾਨ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਇਸ ਸਬੰਧ ਵਿਚੋਂ ਇਕੋ ਆਸ਼ਾ ਹੈ। ਜਿਤ ਦੇ ਚਾਉ ਨਾਲ ਛੱਤ੍ਰੀ ਨੂੰ ਆਪਣੇ ਕਰਤਵ ਦੀ ਪਾਲਣਾ ਕਰਨੀ ਚਾਹੀਏ। ਜਿੱਤ

ਹਾਰ ਦਾ ਫੈਸਲਾ ਅਕਾਲ ਪੁਰਖ ਦੇ ਹੱਥ ਹੈ। ਉਹ ਕਿਸੇ ਨੂੰ ਜਿੱਤ ਦੇਵੇ, ਜਾਂ ਹਾਰ ਦੇਵੇ, ਪਰ ਛੱਤਰੀ ਧਰਮ ਹੈ ਜੂਝ ਪਵੇ। ਜਿੱਤ ਜਾਏ ਤਾਂ ਰਾਜ ਭੋਗੇ ਜੂਝ ਮਰੇ ਤਾਂ ਸੁਰਮਗਤੀ ਪਾਏ।

ਹੁਣ ਦੇਖਣਾ ਇਹ ਹੈ ਕਿ ਆਪਣੀ ਹੀ ਕੀਤੀ ਹੋਈ ਅਰਦਾਸ ਦੀ ਬਾਬਾ ਰਾਮ ਸਿੰਘ ਜੀ ਨੇ ਕਿਤਨੀ ਕੁਝ ਪਾਲਨਾ ਕੀਤੀ ਹੈ ? ਨਾਮਧਾਰੀ ਲੇਖਕ ਤਾਂ ਉਨ੍ਹਾਂ ਦੀ ਇਸ ਕਾਰਵਾਈ ਨੂੰ ਉਤਮ ਮੰਨਦੇ ਪਰ ਭਰਤੀ ਹੋਏ ਵੇਲੇ ਦੇ ਪ੍ਰਣ ਪੱਤਰ ਨੂੰ (ਲਿਖਤੀ) ਹਲਫ ਉਠਾਏ ਨੂੰ ਵੀ ਚੇਤੇ ਨਹੀਂ ਸੀ ਰਖਿਆ ਤੇ ਇਸ ਗੁਰੂ ਵਾਕ ਦੀ ਪਾਲਣਾ ਵੀ ਨਹੀਂ ਕੀਤੀ।

ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤੁ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥ (੧੧੦੫)

ਐਸਾ ਹੀ ਭਾਈ ਗੁਰਦਾਸ ਜੀ ਫੁਰਮਾਂਦੇ, ਵਾਰ ੩੦ ਪਉੜੀ ੧੪ ਵਿਚ ਲਿਖਿਆ ਨੇ :

ਲੂਣ ਸਾਹਿਬ ਦਾ ਖਾਇ ਕੈ ਰਣ ਅੰਦਰ ਲੜ ਮਰੈ ਸੁ ਜਾਪੈ ॥
ਸਿਰ ਵਢੈ ਹਥਿਆਰ ਕਰ ਵਰਿਆਮਾਂ ਵਰਿਆਮ ਸਿਞਾਪੈ ॥

ਭਾਵ—ਸੂਰਮੇ (ਸਿਪਾਹੀ) ਦਾ ਕੰਮ ਹੈ--ਆਪਣੇ ਮਾਲਕ (ਸਾਹਿਬ ਜਾਂ ਸਰਕਾਰ) ਦਾ ਲੂਣ ਖਾ ਕੇ ਜੁਧ ਵਿਚ ਲੜ ਮਰੇ ਤਾਂ ਚੰਗਾ ਮੰਨਿਆ ਜਾਏਗਾ। ਫੇਰ ਹਥਿਆਰ ਫੜ ਕੇ ਦੁਸ਼ਮਣਾਂ ਦਾ ਸਿਰ ਵੱਢੇ ਤਦ ਉਹ ਬਹਾਦਰਾਂ ਵਿਚੋਂ ਚੰਗਾ ਬਹਾਦਰ ਸਮਝਿਆ ਜਾਏਗਾ ਪਰ ਬਾਬਾ ਰਾਮ ਸਿੰਘ ਨੇ ਸਿਪਾਹੀ ਹੁੰਦੇ ਹੋਇਆਂ ਐਸਾ ਨਹੀਂ ਕੀਤਾ, ਸਗੋਂ ੯ ਸਾਲ ਤੀਕ ਸਿਖ ਸਰਕਾਰ ਦਾ ਲੂਣ ਖਾ ਕੇ ਲੜਨ ਵੇਲੇ ਰਣ-ਤੱਤੇ ਵਿਚੋਂ ਭੱਜਕੇ ਭਗੌੜੇ ਦੋਸ਼ੀ ਬਣੇ ਤੇ ਇਸ ਵਾਕ ਨੂੰ ਆਪਣੇ ਪਰ ਵਰਤਾਏ ਦਸਿਆ :

ਸਾਹਿਬ ਸੰਕਟ ਵੈ ਸੇਵਕ ਭਜੈ ॥
ਚਿਰੰਕਾਰ ਨ ਜੀਵੈ ਦੋਊ ਕੁਲਲਜੈ ॥ (੧੧੯੫)

ਫਿਰ ਇਤਨਾ ਹੀ ਬਸ ਨਹੀਂ ਸਰਕਾਰੀ ਬੰਦੂਕ ਵੀ ਦਰਿਆਏ ਸਤਲੁਜ ਵਿਚ ਸੁਟ ਕੇ ਸਾਰੇ ਸਾਥੀਆਂ ਤਾਂਈ ਨਿਰਾਸਤਾ ਵਿਚ ਡੋਬ ਦਿਤਾ ਨੇ। ਉਨ੍ਹਾਂ ਦੇ ਦਿਲ ਵਿਚ ਇਸ ਵੇਲੇ ਇਨ੍ਹਾਂ ਬਾਬਤ ਕੀ ਕੀ ਖਿਆਲ ਉਠੇ ਹੋਣੇ ਹਨ। ਪਰ ਸ਼ਾਬਾਸ਼ ਹੈ ਉਨ੍ਹਾਂ ਸਾਥੀਆਂ ਨੂੰ ਜਿਨ੍ਹਾਂ ਨੇ ਮੂੰਹ ਨਹੀਂ ਮੋੜਿਆ, ਤੇ ਆਪਣੇ ਰਾਜ ਦੀ ਰਖਿਆ ਵਾਸਤੇ ਲੜੇ ਸਨ। ਇਹ ਲੜਾਈ ਮੁਦਕੀ ਦੇ ਮੁਕਾਮ ਪਰ ੧੮ ਦਸੰਬਰ ੧੮੪੫ ਵਿਚ ਹੋਈ ਸੀ। ਦੂਜੇ ਫੌਜੀ ਗੁਰੂ ਨਹੀਂ ਸਨ। ਸੰਤ ਵੀ ਨਹੀਂ ਸਨ, ਭਾਈ ਵੀ ਨਹੀਂ ਸਨ ਬਲਕਿ ਪੂਰੇ ਗੁਰਸਿਖ ਸਾਬਤ ਹੋਏ ਸਨ। ਅਰਦਾਸ ੧੨ਵੇਂ ਸਤਿਗੁਰੂ ਬਣ ਕੇ ਭਾਈ ਰਾਮ ਸਿੰਘ ਨੇ ਕੀਤੀ। ਪਰ ਆਪਣੇ ਪ੍ਰਣ ਪੱਤਰ ਭਰੇ ਦੀ ਪਾਲਨਾ ਦੂਜੇ ਸਾਥੀ ਸਿਪਾਹੀਆਂ ਨੇ ਕੀਤੀ। ਕੁਝ ਜੰਗ ਵਿਚ ਜੂਝੇ, ਜੋ ਬਚੇ ਸੀ ਪਿਛੇ ਨੂੰ ਮੁੜੇ ਤੇ ਇਸ ਵਾਕ ਨੂੰ ਸਫਲਾ ਕੀਤੀ—

"ਨਿਮਕ ਹਲਾਲ ਖਸਮ ਕਾ ਕਰੀਏ ॥
ਮਰਣ ਜੀਣ ਅਸਧੁਜ ਪੈ ਧਰੀਏ ॥"

ਇਹ ਤਾਂ ਮਸ਼ਹੂਰ ਕਹਾਵਤ ਹੈ—"ਤਪ ਤੋਂ ਰਾਜ ਤੇ ਰਾਜ ਤੋਂ ਨਰਕ"। ਸਿਖ ਰਾਜ ਦੇ ਕੁਝ ਦਰਬਾਰੀਆਂ ਵਿਚ ਗਿਰਾਵਟ ਤੇ, ਪ੍ਰਭਤਾ ਪਾਣ ਦੀ ਖਾਹਿਸ਼ ਕਾਰਣ ਦੁਬਿਧਾ ਵਧੀ—ਤੇ ਇਸ ਫੁੱਟ ਤੋਂ ਲਾਭ ਉਠਾਣ ਨੂੰ ਅੰਗ੍ਰੇਜ਼ਾਂ ਨੇ ਹਮਲਾ ਕੀਤਾ। ਫਿਰ ਦੂਜੀ ਗਲ ਕਿ ਸ਼ਰਾਬੀ ਕਬਾਬੀ ਅਚਰਣਹੀਨ ਹੋਇਆਂ ਤੇ ਸਾਜ਼ਸ਼ੀ ਡੋਗਰੇ ਭਰਾਵਾਂ ਨੂੰ ਅੰਗ੍ਰੇਜ਼ਾਂ ਨੇ ਵਸੀਕਾਰ ਕਰ ਲਿਆ ਸੀ। ਪਰ ਜਿਸ ਮਤਲਬ ਨੂੰ ਫੌਜਾਂ ਨੂੰ ਪਾਲਦੇ ਰਹੇ ਕਿ ਵੇਲੇ ਸਿਰ ਦੇਸ਼ ਦੀ ਰਾਖੀ ਕਰਨਗੇ, ਸਿਪਾਹੀ ਰਾਮ ਸਿੰਘ ਵੀ ਨਾਲ ਹੋਕੇ ਲੜਦੇ, ਤਦ ਮਰਨਾ ਨਹੀਂ ਸੀ—ਕਿ "ਦੇਸ ਕਾਲ ਵਸਤੂ" ਇਥੇ ਨਹੀਂ ਸੀ। ਉਹ ਥਾਂ ਰੰਗੂਨ ਵਿਚ ਸੀ ਤੇ ਜਿਵੇਂ ਹੋਰ ਸਿਪਾਹੀ ਲੜੇ ਮਰੇ ਤੇ ਹਾਰੇ ਪਿਛੇ ਮੁੜੇ ਸਨ, ਇਹ ਵੀ ਉਨ੍ਹਾਂ ਨਾਲ ਮੁੜਦੇ ਹੋਏ ਬੰਦੂਕ ਜਮਾਂ ਕਰਾਂਦੇ ਤੇ ਅਸਤੀਫਾ ਦੇ ਕੇ ਨੌਕਰੀ ਛਡਦੇ ਤਦ ਕੋਈ ਉਲਾਹਮਾਂ ਨਹੀਂ ਸੀ। ਪਰ ਸਚੇ ਗੁਰੂ (੧੨ਵੀਂ ਪਾਤਸ਼ਾਹੀ) ਨਹੀਂ ਸਨ, ਜੇ ਅੰਤਰ-ਯਾਮੀ ਹੁੰਦੇ ਤੇ ਭਵਿਖਤ ਨੂੰ ਜਾਣ ਸਕਦੇ ਕਿ ਅਜੇ ਮਰਨਾ ਨਹੀਂ ਹੈ ਜ਼ਰੂਰ ਲੜਦੇ।

੧. ਅਕਾਲੀ ਫੂਲਾ ਸਿੰਘ ਜਥੇਦਾਰ ਸਨ (ਉਹ ਗੁਰੂ ਨਹੀਂ ਸਨ) ਆਪਣੀ ਕੀਤੀ ਅਰਦਾਸ ਦੀ ਕਦਰ ਉਨ੍ਹਾਂ ਨੇ ਕੀਤੀ। ਲੜੇ ਸਨ ਤੇ ਸ਼ਹੀਦ ਹੋ ਗਏ ਸਨ। ਜੂਝ ਮਰਨ ਦੀ ਖਾਹਸ਼ ਵਿਚ ਅਰਦਾਸ ਕੀਤੀ ਸੀ, ਉਹ ਸਫਲ ਹੋਏ ਤੇ ਜਿੱਤ ਖਾਲਸੇ ਦੀ ਹੋਈ ਸੀ। ਨੁਸ਼ਹਿਰੇ ਦੀ ਇਹ ਲੜਾਈ ਪ੍ਰਸਿਧ ਤਵਾਰੀਖੀ ਜ਼ਿਕਰ ਹੈ ਕਿ ਮਹਾਰਾਜਾ ਰਣਜੀਤ ਸਿੰਘ ਰੋਕਦੇ ਰਹੇ ਸੀ ਤਦ ਵੀ ਨਹੀਂ ਰੁਕੇ ਸਨ ਕਿ ਅਰਦਾਸ ਨੂੰ ਭੰਗ ਨਹੀਂ ਕਰਨਾ ਹੈ।

੨. ਫਿਰ ਵੀਹਵੀਂ ਸਦੀ ਦੇ ਪ੍ਰਸਿਧ ਲੀਡਰ ਸਰਦਾਰ ਦਰਸ਼ਨ ਸਿੰਘ (ਫੇਰੂਮਾਨ) ਨੇ ਕੀਤੀ ਅਰਦਾਸ ਨੂੰ ਸੁਫਲਾ ਕਰ ਵਿਖਾਇਆ ਸੀ, ਦੋ ਤਿੰਨ ਮਹੀਨੇ ਦੀ ਭੁਖ ਹੜਤਾਲ ਨਾਲ ਪ੍ਰਾਣ ਤਿਆਗੇ। ਪਰ ਪ੍ਰਣ ਤੋੜ ਨਿਭਾਇਆ ਸੀ।

ਨੋਟ : ਦਾਸ (ਲੇਖਕ) ਨੂੰ ਕੋਈ ਹੱਕ ਨਹੀਂ ਕਿ ਕਿਸੇ ਹੋ ਬੀਤੀ ਪ੍ਰਸਿਧ ਵਿਅਕਤੀ ਉਤੇ ਟੀਕਾ ਟਿਪਣੀ ਕਰਾਂ, ਪਰ ਐਸਾ ਪਿਛੇ ਵੀ ਲਿਖਿਆ ਹੈ। ਪ੍ਰੰਤੂ ਨਾਮ-ਧਾਰੀ ਲੇਖਕ ਨੇ ਗੁਰੂ ਗ੍ਰੰਥ ਸਾਹਿਬ ਦੀ ਬਜਾਏ ਸਿਖ ਪੰਥ ਦਾ ੧੨ਵਾਂ ਸਤਿਗੁਰੂ ਬਾਬਾ ਰਾਮ ਸਿੰਘ ਨੂੰ ਪ੍ਰਗਟਾਣਾ ਚਾਹਿਆ ਹੈ। ਜਿਸ ਤੇ ਮਜਬੂਰ ਹੋ ਕੇ ਮੈਨੂੰ ਉਨ੍ਹਾਂ ਦੀ ਮਨੌਤ ਦੇ ੧੧ਵੇਂ ਅਤੇ ੧੨ਵੇਂ ਸਤਿਗੁਰੂ ਜੀ ਦੀ ਗੁਰਤਾ ਦਾ ਤਾਣਾ ਪੇਟਾ ਦਸਣਾ ਪਿਆ ਹੈ ਕਿ ਅਸਲੀਅਤ ਕੀ ਹੈ? ਗੁਰੂ ਅਰਜਨ ਸਾਹਿਬ ਫੁਰਮਾਂਦੇ—"ਜੇ ਸੂਰਾ ਤਿਸ ਹੀ ਹੋਇ ਮਰਣਾ ਜੋ ਭਾਗੈ ਤਿਸ ਜੋਨੀ ਫਿਰਨਾਂ"
—(੧੦੧੯)

ਪੱਕਾ ਪਹਿਲਵਾਨ ਉਹੀ ਹੁੰਦਾ ਜੋ ਹਾਰ ਜਿਤ ਦੀ ਪ੍ਰਵਾਹ ਨਾ ਕਰਦਾ ਹੋਇਆ ਅਖਾੜੇ ਵਿਚ ਕੁੱਦ ਪੈਂਦਾ ਹੈ। ਸਿਖ ਨੂੰ ਗੁਰੂ ਜੀ ਨੇ ਸੰਤ ਸਿਪਾਹੀ ਬਣਾਇਆ ਹੈ। ਸੰਗਤਿ ਪੰਗਤਿ ਵਿਚ ਸੇਵਾ ਸਿਮਰਨ ਕਰਦਾ ਸੰਤ ਹੈ ਅਤੇ ਜੁਧ ਵਿਚ ਜੂਝ ਮਰਨ ਤੋਂ ਨਾ ਡਰਦਾ ਹੋਇਆ ਕੁੱਦ ਪਵੇ ਤਦ ਉਹ ਸੂਰਾ ਸਿਪਾਹੀ ਹੈ। ਪਰ ਸਿਪਾਹੀ ਭਾਈ ਰਾਮ ਸਿੰਘ ਜੀ ਸਿਪਾਹੀ ਪੁਣੇ ਵਿਚ ਵੀ ਪੂਰੇ ਨਹੀਂ ਉਤਰੇ ਸੀ। ਉਹ ਮੁਦਕੀ ਦੇ ਮੁਕਾਮ

ਤੋਂ ਭਜ ਨਿਕਲੇ ਸੀ ; ਹੋਰ ਦੇਖੀਏ ਨਾਮਧਾਰੀ ਇਤਿਹਾਸ ਸਫਾ ੯੭ ਪਰ ਗਿਆਨੀ ਨਾਹਰ ਸਿੰਘ ਨੇ ਸਿਪਾਹੀ ਰਾਮ ਸਿੰਘ ਵਲੋਂ ਐਸਾ ਲਿਖਿਆ ਕਿ ਜੰਗ ਵਿਚ ਜਾਣ ਤੋਂ ਪਹਿਲੇ ਉਹ ਐਸੇ ਬੋਲ ਵੀ ਬੋਲਿਆ ਕਰਦੇ ਹੁੰਦੇ ਸਨ :

''ਜਾਏ ਵੜਾਂਗੇ ਉਨ੍ਹਾਂ ਦੇ ਸੰਤਰਖਾਨੇ ਚੁੱਕ ਲਿਆਵਾਂਗੇ ਉਨ੍ਹਾਂ ਦੀਆਂ ਗੋਰੀਆਂ ਨੂੰ।'' ਇਸ ਤਰ੍ਹਾਂ ਦੇ ਬੋਲ ਬੋਲਦਿਆਂ ਨੂੰ ਰੋਕਣ ਵਾਸਤੇ ਇਨ੍ਹਾਂ ਦੇ ਭਣਵਈਏ ਕਾਬਲ ਸਿੰਘ ਨੇ ਤੋਪ ਨਾਲ ਬੰਨ੍ਹ ਦਿਤਾ ਸੀ ਪਰ ਮੈਂ ਗਿਆਨੀ ਜੀ ਦੀ ਉਕਤ ਲਿਖਤ ਨਾਲ ਸਹਿਮਤ ਨਹੀਂ ਹਾਂ। ਐਸਾ ਬੋਲ ਬਜ਼ਾਰਾ ਕਿਸੇ ਲਫੰਗੇ ਸਿਪਾਹੀ ਵਲੋਂ ਤਾਂ ਮੰਨਿਆ ਜਾ ਸਕਦਾ, ਬਾਬਾ ਰਾਮ ਸਿੰਘ ਜੀ ਬਾਬਤ ਲਿਖਣਾ ਉਨ੍ਹਾਂ ਦੀ ਤੌਹੀਨ ਕਰਨ ਦੇ ਬਰਾਬਰ ਹੈ। ਭਲਾ ਗੋਰੀਆਂ ਨੂੰ ਚੁਕ ਲਿਜਾ ਕੇ ਉਨ੍ਹਾਂ ਕੀ ਕਰਨਾ ਸੀ ? ਬਾਬਾ ਰਾਮ ਸਿੰਘ ਨੇ ਐਸਾ ਨਹੀਂ ਕਿਹਾ ਹੋਣਾ।

ਹਾਂ ਉਨ੍ਹਾਂ ਦਾ ਮੈਦਾਨੇ ਜੰਗ ਵਿਚੋਂ ਭੱਜ ਜਾਣਾ ਦੋਹਾਂ ਲੇਖਕਾਂ ਨੇ ਲਿਖਿਆ ਹੈ। ਜੇਕਰ ਉਹ ਅਰਦਾਸ ਤੋਂ ਪਹਿਲਾਂ ਭੱਜ ਜਾਂਦੇ, ਜਾਂ ਜਾਣ ਤੋਂ ਇਨਕਾਰੀ ਹੁੰਦੇ ਤਦ ਵੀ ਉਨ੍ਹਾਂ ਨੂੰ ਸਜਾ ਮਿਲਣੀ ਸੀ। ਇਸ ਗਲ ਤੋਂ ਡਰਦੇ ਜੇਕਰ ਅਰਦਾਸ ਕਰ ਬੈਠੇ ਸੀ, ਤਾਂ ਇਹਨਾਂ ਵਾਕਾਂ ਨੂੰ ਚੇਤੇ ਕਰਦੇ—''ਡਗ ਮਗ ਛਾਡ ਰੇ ਮਨ ਬਉਰਾ। ਅਬ ਤਉ ਜਰੇ ਮਰੇ ਸਿਧ ਪਾਈਐ ਲੀਨੋ ਹਾਥ ਸੰਧਉਰਾ।'' ਪਰ ਐਸਾ ਨਹੀਂ ਸੋਚਿਆ ਤੇ ਭੱਜ ਨਿਕਲੇ ਸੀ।

ਇਹ ਕੋਈ ਸਹਿਜ ਸੁਭਾਏ ਦਾ ਸਾਧਾਰਨ ਜੁਰਮ ਨਹੀਂ ਹੈ, ਦੂਹਰਾ ਜੁਰਮ ਹੈ : ਆਮ ਪ੍ਰਚਲਤ ਕਹਾਵਤ ਹੈ ਜਿਸ ਦਾ ਖਾਈਏ ਉਸ ਦਾ ਗੀਤ ਗਾਈਏ।'' ਕਿਸੇ ਹੋਰ ਕੌਮ ਦਾ ਰਾਜ ਹੋਵੇ ਅਤੇ ਉਸ ਦੀ ਕਈ ਸਾਲ ਤਨਖਾਹ ਲੈ ਕੇ ਟੱਬਰ ਪਾਲਿਆ ਹੋਵੇ ? ਅਤੇ ਜੇਕਰ ਸਮੇਂ ਸਿਰ ਉਸ ਦੇ ਕੰਮ ਨਾ ਆਇਆ ਜਾਏ ਤਾਂ ਇਹ ਇਖਲਾਕੀ ਜੁਰਮ ਹੈ। ਫਿਰ ਆਪਣੀ ਹੀ ਸਿਖ ਫੌਜ ਵਿਚ ਦੇਸ ਰਾਖੀ ਕਰਨ ਦੀ ਸੁਗੰਧ ਚੁਕੀ ਅਤੇ ਪੂਰੇ ੯ ਸਾਲ ਤਨਖਾਹ ਪਾਈ ਹੋਵੇ, ਅਤੇ ਆਪਣੇ ਹੀ ਦੇਸ ਉਤੇ ਦੁਸ਼ਮਨ ਜੇਕਰ ਚੜ੍ਹ ਕੇ ਆਏ ਤੇ ਉਹਦਾ ਮੁਕਾਬਲਾ ਕਰਨ ਦੀ ਬਜਾਏ ਜਿਹੜਾ ਸਿਪਾਹੀ ਮੋਰਚੇ ਵਿਚੋਂ ਨੱਸ ਜਾਏ ਤਾਂ ਉਸ ਦਾ ਇਹ ਸਹਿਜ ਸੁਭਾਏ ਦਾ (ਅਚੇਤ) ਪਾਪ ਨਹੀਂ ਹੈ— ਦੂਹਰਾ ਜੁਰਮ ਹੈ। ਜਿਸ ਤੋਂ ਐਸਾ ਹੋਇਆ ਹੋਵੇ ਉਸ ਵਿਅਕਤੀ ਨੂੰ ਕਿਸੇ ਸੰਤ ਸੰਪ੍ਰਦਾਇਕ ਸੰਸਥਾ ਦਾ ਗੁਰੂ ਵੀ ਨਹੀਂ ਹੋਣਾ ਚਾਹੀਏ।

ਇਕ ਤਾਂ ਨਾਲ ਦੇ ਸਾਥੀਆਂ ਦਾ ਦਿਲ ਤੋੜਨਾ ਹੈ। ਦੂਜਾ ਕੀਮਤੀ ਬੰਦੂਕ ਨੂੰ ਅਜਾਈ ਦਰਿਆ ਵਿਚ ਸੁਟ ਦੇਣਾ ਕਾਇਰਤਾ ਅਤੇ ਅਮਾਨਤ ਵਿਚ ਖਿਆਨਤ ਹੈ। ਇਹੋ ਬੰਦੂਕ ਅਗਰ ਕਿਸੇ ਦੂਜੇ ਸਿਪਾਹੀ ਹੱਥ ਵਾਪਸ ਕਰਦੇ ਹੋਏ ਜਾਂਦੇ ਤਦ ਕਈ ਦੁਸ਼ਮਨਾਂ ਦੇ ਮਾਰਨ ਦੇ ਕੰਮ ਆਉਂਦੀ ਪਰ ਐਸਾ ਨਹੀਂ ਕੀਤਾ। ਜਿਸ ਤੇ ਦੂਹਰਾ ਕਸੂਰ ਮੰਨਿਆ ਜਾਏਗਾ ਤੇ ਇਸ ਤਰ੍ਹਾਂ ਦੇ ਦੂਹਰੇ ਜੁਰਮ ਦੀ ਸਜ਼ਾ (ਜੰਗ ਵਿਚੋਂ ਭਗੌੜੇ ਸਿਪਾਹੀ ਵਾਸਤੇ) ਜੋ ਹੁੰਦੀ ਹੈ ਫੌਜੀ ਅਫਸਰ ਹੀ ਜਾਣਦੇ ਹਨ।

ਮੇਰੇ ਇਕ ਦਾਦੇ ਪੋਤਰੇ ਭਰਾ ਨੇ ਸੰਨ ੧੯੩੯-੪੦ ਦੀ ਦੂਜੀ ਵੱਡੀ ਜੰਗ

ਵੇਲੇ ਇਹੋ ਕੰਮ ਕੀਤਾ ਸੀ। ਜੰਗ ਖਤਮ ਹੋਏ ਵੇਲੇ ਉਹਦੇ ਬਿਲਾ ਜ਼ਮਾਨਤ ਵਾਰੰਟ ਕਈ ਵੇਰ ਜਾਰੀ ਹੋਏ ਤੇ ਮੇਰੇ ਸ੍ਰੀ ਚਾਚਾ ਜੀ (ਉਸਦੇ ਪਿਤਾ ਜੀ) ਨੂੰ ਥਾਣੇ ਦੇ ਸਿਪਾਹੀਆਂ ਨੇ ਬਾਰ ਬਾਰ ਘਰ ਆ ਕੇ ਤੰਗ ਕੀਤਾ ਅਤੇ ਪਤਾ ਪੁਛਦੇ ਰਹੇ। ਪਰ ਠੀਕ ਹੈ ਕਿ ਸਾਨੂੰ ਕਿਸੇ ਨੂੰ ਕੋਈ ਪਤਾ ਨਹੀਂ ਸੀ ਕਿ ਉਹ ਕਿਥੇ ਹੈ ਫਿਰ ਦੇਸ਼ ਵੰਡ ਬਾਹਦ ਉਸ ਦੇ ਦਰਸ਼ਨ ਹੋਏ ਸੀ ਤੇ ਅਜ ਕਲ ਉਹ ਜਗਾਧਰੀ ਵਿਚ ਪ੍ਰਸਿਧ ਧਨੀ ਚੰਗਾ ਕਾਰੋਬਾਰੀ ਹੈ। ਚੂੰਕਿ ਸਿਖ ਰਾਜ ਖਤਮ ਹੋ ਗਿਆ ਸੀ। ਸਿਪਾਹੀ ਰਾਮ ਸਿੰਘ ਜੀ ਦੇ ਵਾਰੰਟ ਨਹੀਂ ਨਿਕਲੇ ਸੀ।

ਨੋਟ :—ਮੈਂ ਇਥੇ ਨਾਮਧਾਰੀ ਇਤਿਹਾਸ ਦੇ ਲੇਖਕ ਗਿਆਨੀ ਨਾਹਰ ਸਿੰਘ ਦੀ ਸ਼ਲਾਘਾ ਕੀਤੇ ਬਿਨਾਂ ਨਹੀਂ ਰਹਿ ਸਕਦਾ, ਕਿ ਉਨ੍ਹਾਂ ਨੇ ਇਕ ਸੁਚੱਜੇ ਅਤੇ ਸਚਿਆਰ ਲੇਖਕ ਵਾਂਗ ਬਾਬਾ ਰਾਮ ਸਿੰਘ ਜੀ ਦਾ ਇਤਿਹਾਸ ਲਿਖਿਆ ਹੈ। ਗੁਰੂ ਅਵਤਾਰਾਂ ਤੋਂ ਬਿਨਾਂ ਹਰ ਕਿਸੇ ਛੋਟੇ ਵੱਡੇ ਬੰਦੇ ਵਿਚ ਕਮਜ਼ੋਰੀਆਂ ਹੁੰਦੀਆਂ ਤੇ ਸਿਫਤਾਂ ਵੀ ਹੁੰਦੀਆਂ ਹਨ। ਗਿਆਨੀ ਨਾਹਰ ਸਿੰਘ ਜੀ ਨੇ ਕਮਜ਼ੋਰੀਆਂ ਉਤੇ ਬਹਿਸ ਨਹੀਂ ਕੀਤੀ ਪਰ ਜ਼ਰੂਰ ਲਿਖੀਆਂ ਹਨ ਅਤੇ ਬਾਬਾ ਜੀ ਦੀਆਂ ਸਿਫਤਾਂ ਵੀ ਅਪਾਰ ਦਸੀਆਂ ਹਨ।

ਗਿਆਨੀ ਜੀ ਨੇ ਜਿਥੇ ਆਪ ਦੀਆਂ ਕਮਜ਼ੋਰੀਆਂ ਦੇ ਦੂਸ਼ਨ ਨੂੰ ਭੂਸ਼ਨ ਦੇ ਚੰਗੇ ਰੂਪ ਵਿਚ ਪ੍ਰਗਟ ਕੀਤਾ ਹੈ ਨਾਲ ਹੀ ਜਿਥੇ ਲੋੜ ਸਮਝੀ ਗੁਰੂ ਗ੍ਰੰਥ ਸਾਹਿਬ ਨੂੰ (ਸਤਿਕਾਰ ਸਹਿਤ) ਸ੍ਰੀ ਗੁਰੂ ਗ੍ਰੰਥ ਸਾਹਿਬ" ਲਿਖਿਆ ਹੈ। ਫਿਰ ਆਪ ਦੀ ਇਸ ਲਿਖਤ ਨੂੰ (ਨਾਮਧਾਰੀ ਗੁਰੂ) ਮਹਾਂ ਵਿਦਵਾਨ ਬਾਬਾ ਪ੍ਰਤਾਪ ਸਿੰਘ ਜੀ ਨੇ ਪ੍ਰਵਾਨ ਕੀਤਾ ਹੈ ਜੋ ਨਾਮਧਾਰੀ ਗੱਦੀ ਨਸ਼ੀਨ ਗੁਰੂ ਮੰਨੇ ਜਾਂਦੇ ਰਹੇ ਸੀ। ਪਰ ਮੈਨੂੰ ਤਾਂ ਸੰਤ ਚਾਵਲਾ ਜੀ ਦੀ ਲਿਖਤ (ਪਰਖ ਗੁਰੂ ਪੁਸਤਕ) ਨੇ ਮਜਬੂਰ ਕੀਤਾ ਕਿ ਉਸ ਦੀ ਕੋੜੀ ਲਿਖਤ ਅਤੇ ਪੁਛਾਂ ਦੇ ਜਵਾਬ ਵਿਚ ਪੂਰੇ ਨਿਰਨੇ ਨਾਲ ਦਸਿਆ ਜਾਏ ਕਿ ਕੀ ਇਹੋ ਜਹੀਆਂ ਕਮਜ਼ੋਰੀਆਂ ਤੇ ਭੁਲਾਂ ਕਿਸੇ ਗੁਰੂ ਜੋਤ ਵਿਚ ਹੋ ਸਕਦੀਆਂ ਹਨ ? ਭਾਈ ਰਾਮ ਸਿੰਘ ਨੂੰ ਜੋ 'ਗੁਰੂ ਦਸਮੇਸ਼" ਦਾ ਅਵਤਾਰ ਮੰਨਦੇ ਹਨ ? ਮੇਰੀ ਇਸ ਬਹਿਸ ਉਤੇ ਵਿਚਾਰ ਪਾਠਕਾਂ ਨੇ ਕਰਨੀ ਹੈ—ਅਗੇ ਹੋਰ ਵੀ ਪੜ੍ਹੀਏ।

ਪਿਛੇ ਦਸਿਆ ਹੈ ਕਿ ਸਿਪਾਹੀ ਰਾਮ ਸਿੰਘ ਜੀ ਬੰਦੂਕ ਨੂੰ ਦਰਿਆ ਵਿਚ ਸੁਟਕੇ ਪਹਿਲੇ ਲੁਧਿਆਣੇ ਆਏ। ਫੇਰ ਆਪਣੇ ਘਰ ਭੈਣੀ ਚਲੇ ਗਏ ਸਨ। ਭਜਨ ਸਿਮਰਨ ਦਾ ਸੁਭਾਓ ਸੀ ਨਿਤਨੇਮ ਵੀ ਕਰਦੇ, ਤੇ ਸਾਲ ਭਰ ਘਰ ਦੀ ਦੇਖ ਭਾਲ ਵਿਚ ਰਹੇ। ਖੇਤੀਬਾੜੀ ਵੀ ਕੀਤੀ ਫਿਰ ਫਿਰੋਜ਼ਪੁਰ ਜਾ ਕੇ ਉਥੇ ਆਪਣੇ ਮਾਮੇ ਹਰੀ ਸਿੰਘ (ਸਰਕਾਰੀ ਠੇਕੇਦਾਰ) ਨਾਲ ਕਿਲੇ ਦੀ ਉਸਾਰੀ ਵਿਚ ਦੇਖ ਭਾਲ ਵੀ ਕੀਤੀ ਤੇ ਫੇਰ ਸੰਨ ੧੮੫੦ ਵਿਚ, ਜਿਸ ਵੇਲੇ ਸਾਰੇ ਪੰਜਾਬ ਵਿਚ ਅੰਗਰੇਜ਼ੀ ਰਾਜ ਵੀ ਪੱਕਾ ਹੋ ਗਿਆ ਸੀ। ਵਾਪਸ ਭੈਣੀ ਆ ਕੇ ਖੇਤੀਬਾੜੀ ਸ਼ੁਰੂ ਕੀਤੀ, ਚਰਸਾ ਫੜਦੇ ਖੇਤਾਂ ਨੂੰ ਪਾਣੀ ਵੀ ਦਿੰਦੇ ਰਹੇ ਸੀ। ਨਾਮਧਾਰੀ ਇਤਿਹਾਸ ਸਫਾ ੧੦੨ ਪਰ ਲਿਖਿਆ—"ਕਮਾਦ ਬੀਜਦੇ, ਪੀੜਦੇ ਤੇ ਗੁੜ ਸ਼ਕਰ ਵੀ ਬਨਾਂਦੇ ਸਨ। ਫੇਰ ਦੁਕਾਨਦਾਰੀ ਵੀ ਕੀਤੀ ਸਫਾ ੧੧੨ ਪਰ ਐਸਾ ਲਿਖਿਆ :—

"ਪੰਜ ਛੇ ਮਣ ਬੇਰੜਾ ਸੀ। ਸਾਢੇ ਚਾਰ ਮਣ ਕਣਕ ਸੀ ਅਠ ਸੇਰ ਘਿਉ ਬਾ—ਲੋਹਾ ਕਪੜਾ ਪ੍ਰਚੂਨ—ਅਨਾਜ, ਮਿਠੇ ਅਤੇ ਕਪੜੇ ਦਾ ਵਪਾਰ ਚੰਗਾ ਚਲ ਪਿਆ ਆਲੇ ਦੁਆਲੇ ਦੇ ਪਿੰਡਾਂ ਦੇ ਸੌਦਾ ਲੈਣ ਵਾਲਿਆਂ ਦੀ ਭੀੜ ਲਗੀ ਰਹਿੰਦੀ। ਆਪ ਜੀ ਦਾ ਸਮਾਂ ਭਜਨ ਬੰਦਗੀ ਵਿਚ ਅਤੇ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸਮ ਪਾਤਸ਼ਾਹ ਦੇ ਗ੍ਰੰਥ ਸਾਹਿਬ ਦੇ ਪਾਠਾਂਵਿਚ ਲੰਘਦਾ। ਫੇਰ ਸਫਾ ੧੧੭ ਪਰ ਐਸਾ ਲਿਖਿਆ ਹੈ—

"ਇਸੇ ਤੋਂ ਆਪ ਜੀ ਦੇ ਦਿਲ ਅੰਦਰ ਨਿਰੋਲ ਗੁਰਸਿਖੀ ਫੈਲਾਉਣ ਦੀ ਅਤੇ ਖੰਡੇ ਦਾ ਅੰਮ੍ਰਿਤ ਪ੍ਰਚਾਰ ਕਰਨ ਦੀ—ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਣੀਆਂ ਨੂੰ ਆਮ ਪਿੰਡਾਂ ਵਿਚ ਅਤੇ ਨਗਰਾਂ ਵਿਚ ਰਹਿਣ ਵਾਲੀ ਪੇਂਡੂ ਜੰਤਾ ਵਿਚ ਪ੍ਰਚਾਰ ਕਰਨ ਦੀ ਤੀਬਰ ਇੱਛਾ ਹੋਈ।"

"ਇਨ੍ਹਾਂ ਮਹਾਨ ਕਾਰਜਾਂ ਨੂੰ ਸਿਰੇ ਚੜ੍ਹਾਨ ਲਈ ਆਪ ਜੀ ਨੇ ਬੜੀ ਦਲੇਰੀ ਅਤੇ ਦ੍ਰਿੜਤਾ ਨਾਲ ਪਹਿਲਾ ਕਦਮ ਚੁਕਿਆ। ਆਪ ਜੀ ਨੇ ਬਾਬਾ ਜਵਾਹਰ ਸਿੰਘ ਜੀ ਪਾਸੋਂ ਖੰਡੇ ਦਾ ਅੰਮ੍ਰਿਤ ਛਕਿਆ, ਤੇ ਆਪਣੀ ਰਹਿਤ ਮਰਯਾਦਾ ਦੀ ਸੁਧਾਈ ਕੀਤੀ। ਟੱਬਰ ਦੇ ਸਭ ਜੀਆਂ ਨੂੰ ਰਹਿਤ ਮਰਯਾਦਾ ਵਿਚ ਪੱਕਾ ਰਹਿਣ ਦਾ ਹੁਕਮ ਦਿਤਾ ਅਤੇ ਆਪਣੇ ਘਰ ਨੂੰ ਇਕ ਆਦਰਸ਼ਕ ਸਿਖ ਪ੍ਰਵਾਰ ਦੀ ਸ਼ਕਲ ਦਿਤੀ।"

ਨੋਟ :—ਨਾਮਧਾਰੀ ਇਤਿਹਾਸ ਦੀ ਉਕਤ ਲਿਖਤ ਤੋਂ (ਜੋ ਗਿਆਨੀ ਜੀ ਨੇ) ਪਹਿਲੇ ਦੇ ਕਿਸੇ ਲਿਖੇ (ਸਤਿਗੁਰ ਬਿਲਾਸ, ਦੇ ਆਧਾਰ ਤੇ ਲਿਖਿਆ) ਸਾਬਤ ਹੈ ਕਿ ਆਪ ਜੀ ਨੇ ਇਕ ਸਿਖ ਦੀ ਹੈਸੀਅਤ ਵਿਚ (ਸ਼ਾਇਦ ਘਰ ਆ ਕੇ) ਦੁਬਾਰਾ ਅੰਮ੍ਰਿਤ ਛਕ ਕੇ ਰਹਿਤ ਮਰਯਾਦਾ ਦੀ ਸੁਧਾਈ ਕੀਤੀ ਹੋਵੇ।

ਪੁਰਖ ਗੁਰੂ ਪੁਸਤਕ ਵਿਚ ਮੇਹਰ ਸਿੰਘ ਦੀ ਲਿਖਤ ਮੁਤਾਬਕ ਅਗਰ ਇਨ੍ਹਾਂ ਨੂੰ ਬਾਬਾ ਬਾਲਕ ਸਿੰਘ ਨੇ ੧੨ਵਾਂ ਸਤਿਗੁਰੂ (ਗੁਰ ਅਵਤਾਰ ਦਸ ਕੇ) ਗੱਦੀ ਨਸ਼ੀਨ ਕੀਤਾ ਹੁੰਦਾ, ਤੇ ਉਨ੍ਹਾਂ ਵੀ ਐਸਾ ਮੰਨ ਲਿਆ ਹੁੰਦਾ ਤਾਂ ਪਲਟਨ ਦੀ ਨੌਕਰੀ ਛਡਣ ਤੋ ੧੨ ਸਾਲ ਬਾਹਦ ਸੰਨ ੧੮੪੫ ਤੋਂ ੧੮੫੭ ਤੀਕ ਘਰ ਆ ਕੇ ਨੌਕਰੀ ਅਤੇ ਦੁਕਾਨਦਾਰੀ ਨਾ ਕਰਦੇ, ਜੇਕਰ ਗੁਰੂ ਗੋਬਿੰਦ ਸਿੰਘ ਦਾ ਪੁਨਰ ਜਨਮ ਹੁੰਦਾ ਅਪਣੇ ਨੂੰ ਮੰਨਦੇ ਤਾਂ ਸੁਪਨੇ ਵਿਚ ਵੀ ਐਸਾ ਖਿਆਲ ਨਾ ਕਰਦੇ।

ਕੀ ਗੁਰੂ ਗੋਬਿੰਦ ਸਿੰਘ ਦੀ ਆਤਮਾਂ ਪਾਸੋਂ ਇਹ ਉਮੀਦ ਹੋ ਸਕਦੀ ਹੈ ਕਿ ਉਹ ਸਰਕਾਰੀ ਕਿਲੇ ਦੀ ਉਸਾਰੀ ਦੀ ਨਿਗਰਾਨੀ ਕਰਦੇ ? ਜਾਂ ਖੇਤੀ ਬਾੜੀ ਵੇਲੇ ਚਰਸਾ ਫੜਦੇ, ਖੇਤੀ ਨੂੰ ਪਾਣੀ ਦਿੰਦੇ, ਕਮਾਦ ਬੀਜਦੇ ਤੇ ਪੀੜਕੇ ਹੋਏ ਗੁੜ ਸ਼ਕਰ ਬਣਾ ਕੇ ਦੁਕਾਨਦਾਰੀ ਕਰਦੇ ਵੇਚਦੇ ? ਇਹ ਅਨਹੋਣੀਆਂ ਗਲਾਂ ਹਨ ਜੋ ਕਿਸੇ ਹਾਲਤ ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਅਮਰ ਆਤਮਾਂ ਪਾਸੋਂ (ਪੁਨਰ ਜਨਮ ਪਾ ਕੇ) ਐਸਾ ਹੋਣਾ ਸੱਚ ਨਹੀਂ ਮੰਨਿਆ ਜਾ ਸਕਦਾ। ਇਹ ਨਾਮਧਾਰੀਆਂ ਦੀਆਂ ਮਨੌਤਾਂ ਹਨ ਜੋ ਐਸੀ ਕਾਰ ਕਰਦੇ ਬਾਬਾ ਰਾਮ ਸਿੰਘ ਨੂੰ ਗੁਰੂ ਦਸਮੇਸ਼ ਜੀ ਦਾ ਅਵਤਾਰ ਤੇ ਉਨ੍ਹਾਂ ਦਾ ਜਾਨਸ਼ੀਨ ੧੨ਵਾਂ ਸਤਿਗੁਰੂ ਮੰਨ ਬੈਠੇ ਹਨ।

ਗੁਰੂ ਜੀ ਨੇ ੧੦ ਸਾਲ ਦੀ ਉਮਰ ਵੇਲੇ ਆਪਣੇ ਪਿਤਾ ਗੁਰੂ ਤੇਗ ਬਹਾਦਰ

ਜੀ ਨੂੰ ਧਰਮ ਰਖਿਆ ਵਾਸਤੇ ਦਿਲੀ ਜਾ ਕੇ ਕੁਰਬਾਨ ਹੋ ਜਾਣ ਦੀ ਪ੍ਰੇਰਨਾ ਕੀਤੀ ਸੀ। ਹੁਣ ਉਹ ਸਿਪਾਹੀ ਹੁੰਦਿਆਂ ਬਾਬਾ ਬਾਲਕ ਸਿੰਘ ਪਾਸੋਂ ਅਗਰ ੧੨ਵੀਂ ਸਤਿਗੁਰੂ ਪੱਦਵੀ ਪਾ ਕੇ ਆਏ ਹੁੰਦੇ ਤਾਂ ਉਨ੍ਹਾਂ ਇਸ ਵੇਲੇ ਪੂਰੇ ੬੨ ਸਾਲ ਤੀਕ ਘਰੋਗੀ ਜੀਵਨ ਤੇ ਲੂਣ ਤੇਲ ਨਹੀਂ ਵੇਚਣਾ ਸੀ ਸਗੋਂ ਅਨੋਖੇ ਕਈ ਚਮਤਕਾਰ ਵਿਖਾਕੇ ਆਪਣੇ ਨੂੰ ਪੰਥ ਵਿਚ ਪ੍ਰਗਟਾਣਾ ਸੀ। ਕਈ ਥਾਂ ਬਖਸ਼ੇ ਸ਼ਸਤ੍ਰਾਂ ਦਾ ਪਤਾ ਦੇਣਾ ਸੀ।

ਸੋਚੀਏ ! ਸੰਮਤ ੧੭੨੩ ਵਿਚ ਸ਼ਹਿਰ ਪਟਨੇ ਅੰਦਰ ਪ੍ਰਗਟਾ ਕੇ ਸੰਮਤ ੧੭੬੫ ਤੀਕ (ਪੂਰੇ ੬੨ ਸਾਲ) ਉਨ੍ਹਾਂ ਨੇ ਉਹ ਕਾਰਨਾਮੇ ਕਰ ਵਿਖਾਏ ਸਨ ਜਿਨ੍ਹਾਂ ਦੀ ਕੋਈ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਨਹੀਂ ਹੈ। ਉਸ ਅਕਾਲ ਪੁਰਖ ਦੇ ਸਾਜੇ ਨਿਵਾਜੇ ਮਹਾਂ ਬਲੀ ਸਪੁਤ੍ਰ ਨੂੰ ਉਨ੍ਹਾਂ ਦੇ ਨੰਦੇੜ ਵਿਚ ਚਲਾਣੇ ਦੀ ਸਾਖੀ ਦੇ ਸਹਾਰੇ—ਇਕ ਪੇਂਡੂ ਕਿਰਤੀ (ਬਾਬਾ ਜੱਸਾ ਸਿੰਘ ਤਰਖਾਣ) ਦੇ ਘਰ ਬੇਲੋੜਾ ਪੁਨਰ ਜਨਮ ਪਾਣਾ ਦਸ ਕੇ ਉਨ੍ਹਾਂ ਦੀ ਮਹਾਨ ਆਤਮਾਂ ਦਾ ਮਖੌਲ ਉਡਾਣਾ ਜਾਂ ਤੌਹੀਨ ਕਰਨੀ ਨਹੀਂ ਹੈ ਤਾਂ ਹੋਰ ਕੀ ਹੈ ?

ਗੁਰੂ ਗੋਬਿੰਦ ਸਿੰਘ ਜੋ ਕੁਝ ਹੈਸਨ ਉਹ ਆਪਣੀ ਬਾਬਤ ਐਸਾ ਦਸਦੇ ਭਏ :—

"ਛਤ੍ਰੀ ਕੋ ਪੂਤ ਹਉ ਬਾਮਣ ਕੋ ਨਾਹਿ ਕੈ ਤਪ ਆਵਤ ਹੈ ਜੋ ਕਰੂੰ ॥

ਅਖੀਰ ਕਿਹਾ :—

"ਜਬ ਆਵ ਕੀ ਅਉਧ ਨਿਧਾਨ ਬਨੇ ਅਤ ਹੀ ਰਣਿ ਮੈ ਤਬ ਜੂਝ ਮਰੂੰ ॥"

ਤਦ ਐਸੇ ਗੁਰੂ ਗੋਬਿੰਦ ਸਿੰਘ ਨੂੰ ਬਾਬਾ ਰਾਮ ਸਿੰਘ ਰੂਪ ਵਿਚ ਪ੍ਰਗਟਾਏ ਕੇ ਨੌਕਰੀ ਅਤੇ ੧੨ ਸਾਲ ਭੈਣੀ ਪਿੰਡ ਵਿਚ ਬਿਠਾ ਕੇ ਦੁਕਾਨਦਾਰੀ ਕਰਾਈ ਲਿਖਣਾ ਨਾਮਧਾਰੀਆਂ ਦਾ ਹੀ ਕੰਮ ਹੈ।

ਜਿਸ ਗੁਰੂ ਗੋਬਿੰਦ ਸਿੰਘ ਜੀ ਦੇ ਨਕੜਦਾਦਾ "ਸੋਢੀ ਸੁਲਤਾਨ" ਗੁਰੂ ਰਾਮਦਾਸ—ਪੜਦਾਦਾ—ਸ਼੍ਰੋਮਣੀ ਸ਼ਹੀਦ ਗੁਰੂ ਅਰਜਨ ਦੇਵ, ਦਾਦਾ ਸੱਚਾ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਪਿਤਾ ਗੁਰੂ ਤੇਗ ਬਹਾਦਰ, ਜੋ ਹਿੰਦੂਆਂ ਦੀ ਪਤ ਪ੍ਰਤੀਤ ਦੇ ਰਾਖੇ (ਹਿੰਦ ਦੀ ਚਾਦਰ) ਮੰਨੇ ਗਏ ਹੋਣ। ਫਿਰ ਸਰਬ ਪਿਤਾ ਸ੍ਰੀ ਅਕਾਲ ਪੁਰਖ ਨੇ ਮਸਾਂ ਤੌਸ ਪ੍ਰਤੋਸ ਕੇ ਮਨਾਇਆ ਅਤੇ ਅਨੰਤਕਲਾ ਦੀ ਬਖਸ਼ਸ਼ ਨਾਲ ਸਪੁਤਰ ਨਿਵਾਜ ਕੇ ਭੇਜਿਆ ਹੋਵੇ, ਉਸ ਮਹਾਂ ਬਲੀ ਗੁਰੂ ਗੋਬਿੰਦ ਸਿੰਘ ਜੀ ਨੂੰ (ਸਿਰਫ ਨਾਮਧਾਰੀ ਗੱਦੀ ਦੀ ਪ੍ਰਸਿਧੀ ਵਾਸਤੇ) ਬਾਬਾ ਰਾਮ ਸਿੰਘ ਰੂਪ ਵਿਚ ਜਨਮ ਪਾਇਆ ਦਸ ਕੇ ਜੋ ਹੱਤਕ ਤੇ ਅਨਰਥ ਨਾਮਧਾਰੀ ਦਰਬਾਰ ਨੇ ਕੀਤਾ ਤੇ ਕਰਦੇ ਪਏ ਹਨ, ਸ਼ਾਇਦ ਹੀ ਬਖਸ਼ੇ ਜਾਣ।

## ਨਾਮਧਾਰੀ ਅੰਮ੍ਰਿਤ ਪ੍ਰਚਾਰ ਦਾ ਅਰੰਭ

ਇਸ ਵਿਚ ਸ਼ੱਕ ਨਹੀਂ ਕਿ ਸੰਨ ੧੮੫੭ ਵਿਚ ੬੨ ਸਾਲ ਦੀ ਉਮਰ ਦੇ ਬਾਬਾ ਰਾਮ ਸਿੰਘ ਹੋਏ ਵੇਲੇ—ਹੁਣ ਉਹਨਾਂ ਦੀ ਉਦਾਰਤਾ, ਨਾਮ ਸਿਮਰਨ ਭਗਤੀ ਦੇ ਨਾਲ ਨਾਲ ਸੁਥਰੀ ਤੇ ਸੱਚ ਤੋਲਣ ਦੀ ਦੁਕਾਨਦਾਰੀ ਨੇ ਉਸ ਚਰਚਾ ਨੂੰ ਦਬਾ ਲਿਆ ਸੀ

ਜਿਹੜੀ ਦੁਸ਼ਮਣ ਨਾਲ ਲੜਕੇ ਤੋਂ ਮੂੰਹ ਮੋੜ ਕੇ ਚਲੇ ਆਏ ਤੇ ਲੋਕਾਂ ਵਿਚ ਚਰਚਾ ਚਲੀ ਸੀ। ਕਿਉਂਕਿ ਭੈਣੀ ਵਿਚ ਆਪ ਨੇ ਗੁਰਦੁਆਰਾ ਬਣਾ ਲਿਆ ਸੀ। ਰਾਹ ਜਾਂਦੇ ਆਉਂਦੇ ਮੁਸਾਫਰਾਂ ਨੂੰ ਪ੍ਰਸ਼ਾਦਾ ਵੀ ਮਿਲਦਾ ਤੇ ਰਾਤ ਬਿਸਰਾਮ ਵੀ ਕਰ ਲੈਂਦੇ ਸਨ। ਇਹਨਾਂ ਗੁਣਾਂ ਕਰਕੇ ਨੇੜੇ ਤੇੜੇ ਦੇ ਵਸਨੀਕਾਂ ਵਿਚ ਹੁਣ ਆਪ ਦੀ ਪ੍ਰਸਿਧੀ ਹੋ ਗਈ ਸੀ ਤੇ ਖਾਹਿਸ਼ ਹੋਈ ਜੋ ਅੰਮ੍ਰਿਤਧਾਰੀ ਜਥਾ ਤਿਆਰ ਕਰਕੇ ਆਪਣੇ ਧਾਰਮਿਕ ਵਿਚਾਰਾਂ ਦਾ ਖੁਲ੍ਹਾ ਪ੍ਰਚਾਰ ਕੀਤਾ ਜਾਏ ਤੇ ਅੰਮ੍ਰਿਤਧਾਰੀ ਰਹਿਤਵਾਨ ਬਣਾ ਕੇ ਲੋਕਾਂ ਤੋਂ ਕੁਰਹਿਤਾਂ ਦਾ ਤਿਆਗ ਕਰਾਇਆ ਜਾਏ।

"ਪੁਰਖ ਗੁਰੂ" ਪੁਸਤਕ ਅਤੇ ਨਾਮਧਾਰੀ ਇਤਿਹਾਸ ਸਫਾ ੧੨੩ ਮੁਤਾਬਕ ਬਾਬਾ ਰਾਮ ਸਿੰਘ ਜੀ ਨੇ ੧ ਵਿਸਾਖ ਸੰਮਤ ੧੯੧੪ (ਸੰਨ ੧੮੫੭) ਵਿਚ ਆਪਣੇ ਪਿੰਡ ਭੈਣੀ ਅੰਦਰ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ ਤੇ ਭਾਈ ਕਾਨ ਸਿੰਘ ਨਿਹੰਗ, ਲਾਭ ਸਿੰਘ ਰਾਗੀ, ਭਾਈ ਆਤਮਾ ਸਿੰਘ, ਭਾਈ ਲੈਣਾ ਸਿੰਘ ਅਤੇ ਭਾਈ ਸੁਧ ਸਿੰਘ—ਇਹਨਾਂ ਪੰਜਾਂ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਸਿਖ ਧਰਮ ਦੇ ਨਿਯਮਕ ਸਿਧਾਂਤਾਂ ਸਿਖੀ ਰਹਿਤ ਮਰਯਾਦਾ ਅਤੇ ਸਿਖੀ ਆਚਰਣ ਤੇ ਦ੍ਰਿੜ ਰਹਿ ਕੇ ਜੀਵਨ ਬਤੀਤ ਕਰਨ ਦੀਆਂ ਹਦਾਇਤਾਂ ਕੀਤੀਆਂ।

ਬਾਬਾ ਰਾਮ ਸਿੰਘ ਜੀ ਵਲੋਂ ਇਹ ਚੰਗਾ ਪ੍ਰੋਗਰਾਮ ਸੀ, ਪਰ ਇਹ ਨਹੀਂ ਦਸਿਆ ਕਿ ਆਪ ਦੇ ਨਾਲ ਹੋਰ ਕਿਹੜੇ ਨਾਮ ਦੇ ਕਿਹੜੀ ਥਾਂ ਦੇ ਚਾਰ ਸਿੰਘ ਸ਼ਾਮਲ ਸਨ ਜੋ ਪੰਜ ਪਿਆਰਿਆਂ ਦੇ ਰੂਪ ਵਿਚ ਅੰਮ੍ਰਿਤ ਤਿਆਰ ਕਰਕੇ ਉਕਤ ਅਭਿਲਾਖੀਆਂ ਨੂੰ ਛਕਾਇਆ ਗਿਆ ਸੀ। ਤਾਂ ਇਉਂ ਭਾਸਦਾ ਹੈ ਕਿ—ਬਾਬਾ ਬਾਲਕ ਸਿੰਘ ਨੇ ਇਹਨਾਂ ਨੂੰ (ਗੁਰੂ ਗੋਬਿੰਦ ਸਿੰਘ ਰੂਪ ਪ੍ਰਗਟ ਹੋ) ਇਉਂ ਦਸ ਕੇ ਵਿਦਾ ਕੀਤਾ ਸੀ, ਉਸੇ ਨਿਸਚੇ ਮੁਤਾਬਕ ਇਹਨਾਂ ਵੀ ਅਕੇਲੇ ਹੀ ਅੰਮ੍ਰਿਤ ਤਿਆਰ ਕਰਕੇ ਪੰਜਾਂ ਨੂੰ ਛਕਾਇਆ ਹੋਣਾ ਹੈ—ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਅਕੇਲੇ ਹੀ ਤਿਆਰ ਕਰਕੇ ਪ੍ਰੀਖਿਆ ਵਿਚ ਨਿਤਰੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਸੀ।

ਹੈਰਾਨੀ ਇਸ ਗਲ ਦੀ ਹੈ ਕਿ ਉਸ ਵੇਲੇ ਤਾਂ ਪਹਿਲੇ ਪਹਿਲ ਦੀ ਨਵੀਂ ਗਲ ਸੀ, ਤਦ ਵੀ ਮੁਗਲਾਂ ਦੀ ਖੁਫੀਆ ਰਪੋਟਾਂ ਮੁਤਾਬਕ ਬਾਅਦ ਵਿਚ (ਵੀਹ ਹਜ਼ਾਰ) ਹੋਰ ਸਿਖਾ ਨੇ ਅੰਮ੍ਰਿਤ ਛਕਿਆ ਤੇ ਸਿੰਘ ਰੂਪ (ਖਾਲਸਾ) ਸਜ ਕੇ ਘਰਾਂ ਨੂੰ ਗਏ ਸਨ। ਪਰ ਅਜ ਦੀ ਵਿਸਾਖੀ ਨੂੰ ਭੈਣੀ ਵਿਖੇ ਪੰਜਾਂ ਸਿੰਘਾਂ ਤੋਂ ਇਲਾਵਾ ਹੋਰ ਕਿਸੇ ਇਕ ਅਧੇ ਦਾ ਨਾਮ ਜਾਂ ਬਗੈਰ ਨਾਮ ਦਸੇ ਦੇ ਅੰਮ੍ਰਿਤ ਛਕੇ ਦਾ ਜ਼ਿਕਰ ਨਹੀਂ ਦਸਿਆ ਤਾਂ ਇਹੋ ਸਮਝਣਾ ਚਾਹੀਏ ਕਿ ਇਹਨਾਂ ਦੇ ਅੰਮ੍ਰਿਤ ਦੀ ਵਿਧੀ ਅਤੇ ਸ੍ਰੀ ਤਖਤ ਸਾਹਿਬਾਂ, ਪਰ ਤਿਆਰ ਕੀਤੇ ਅਤੇ ਛਕਾਏ ਦੀ ਵਿਧੀ ਵਿਚ ਕੁਝ ਜ਼ਰੂਰ ਫਰਕ ਭਾਸਿਆ ਹੋਣਾ ਹੈ, ਤੇ ਹੋਰ ਕੋਈ ਨਹੀਂ ਨਿਤਰਿਆ ਸੀ।

ਮੈਨੂੰ ਨਹੀਂ ਪਤਾ ਕਿ ਅਜ ਤੀਕ ਭੈਣੀ ਸਾਹਿਬ ਦੇ ਪ੍ਰਮੁਖ (ਗੁਰੂ ਸਾਹਿਬ) ਵਲੋਂ ਇਕੱਲੇ ਹੀ ਅੰਮ੍ਰਿਤ ਤਿਆਰ ਕਰਕੇ ਛਕਾਂਦੇ ਜਾਂ ਪੰਜ ਪਿਆਰਿਆਂ ਰੂਪ ਵਿਚ ਛਕਾਂਦੇ ਹਨ। ਪਰ ਇਹ ਤਾਂ ਜ਼ਰੂਰੀ ਹੈ ਕਿ ਉਹ ਅੰਮ੍ਰਿਤ ਛਕਾਏ ਮਗਰੋਂ ਦੀਖਿਆ (ਗੁਰ ਮੰਤ੍ਰ) ਵਖਰੇ ਹੀ ਕੰਨਾਂ ਰਾਹੀਂ ਉਹਨਾਂ ਨੂੰ ਧਾਰਣ ਕਰਾਂਦੇ ਹੋਣਗੇ, ਜਿਸ ਤੋਂ ਉਹ

ਅਭਿਲਾਖੀ, ਆਪਣੀ ਅਭਿਲਾਖਾ ਪੂਰੀ ਹੋਈ ਸਮਝ ਕੇ ਖੁਦ ਨੂੰ ਨਾਮਧਾਰੀ—ਸਿਖ ਸਮਝਦਾ, ਅਤੇ ਨਾਮਧਾਰੀ ਦਰਬਾਰ ਨਾਮ ਦੀ ਸੰਸਥਾ ਨਾਲ ਜੁੜ ਜਾਂਦਾ ਹੈ। ਉਸ ਦਿਨ ਤੋਂ ਹੀ ਉਹ ਆਪਣੇ ਨੂੰ ਚੇਲਾ ਅਤੇ ਨਾਮ ਦਾਤੇ ਜੀ ਨੂੰ ਦੇਹਧਾਰੀ ਸਤਿਗੁਰੂ ਮੰਨਦਾ ਹੈ।

ਸ਼ਾਇਦ ਇਹੋ ਵਿਲੱਖਣਤਾ ਸੀ ਕਿ ਨਾਮਧਾਰੀ ਗੁਰੂ ਬਾਬਾ ਰਾਮ ਸਿੰਘ ਜੀ ਵਲੋਂ ਇਸ ਤਰ੍ਹਾਂ ਦੇ ਅੰਮ੍ਰਿਤ ਪ੍ਰਚਾਰ ਨੂੰ ਪੁਰਾਤਨ (ਤਖਤ ਸਾਹਿਬਾਂ ਦੀ ਮਰਿਯਾਦਾ ਦੇ ਉਲਟ ਸਮਝਿਆ ਗਿਆ ਤੇ ਬੁਨਿਆਦੀ ਮਤਭੇਦ ਕਾਰਨ ਹੀ ਤਖਤਾਂ ਉਤੇ ਇਹਨਾਂ ਦੇ ਅਰਦਾਸੇ ਵੀ ਬੰਦ ਕੀਤੇ ਗਏ ਸਨ। ਪਰ ਵੇਖਣਾ ਇਹ ਹੈ ਕਿ ਇਨ੍ਹਾਂ ਨੇ ਐਸਾ ਹੋਣ ਤੋਂ ਬਾਅਦ ਵੀ ਕਦੀ ਇਸ ਗਲ ਦੀ ਲੋੜ ਨਹੀਂ ਸਮਝੀ ਕਿ ਪੰਥਕ ਵਿਦਵਾਨਾਂ ਨਾਲ ਜਾਂ ਬਾਬਾ ਖੇਮ ਸਿੰਘ ਸਾਹਿਬ ਬੇਦੀ ਪ੍ਰਸਿਧ ਵਿਅਕਤੀ ਸਨ। ਵਿਚਾਰ ਵਟਾਂਦਰਾ ਕੀਤਾ ਜਾਏ ਕਿ ਐਸਾ ਕਿਉਂ ਹੋਇਆ? ਪਰ ਬਾਬਾ ਬਾਲਕ ਸਿੰਘ ਨੇ ਜੋ ਸਮਝਾਇਆ ਸੀ, ਤੁਸੀਂ ਹੀ ਗੁਰੂ ਅਵਤਾਰ ਹੋ ਤੇ ਆਪਣੀ ਅਮਾਨਤ ਸੰਭਾਲੋ! ਫਿਰ ਤਾਂ ਇਹਨਾਂ ਹੋਰ ਕਿਸੇ ਨਾਲ ਵਿਚਾਰ ਵਟਾਂਦਰੇ ਦੀ ਲੋੜ ਨਹੀਂ ਸਮਝੀ ਨੇ ਤੇ ਮਨ ਮਰਜ਼ੀ ਦਾ ਪ੍ਰਚਾਰ ਕਰਦੇ ਰਹੇ ਸੀ।

ਸੰਨ ੧੮੫੭ ਨੂੰ ਜਦੋਂ ਪਹਿਲੀ ਵੇਰ ਪੰਜ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਤੇ ਆਜ਼ਾਦੀ ਦਾ ਝੰਡਾ ਝੁਲਾਇਆ ਦਸਿਆ—ਭਾਵ ਕਿ ਪਹਿਲੀ ਵੇਰ ਮੁਗਲ ਸਾਮਰਾਜ ਵਿਰੁਧ ਸੰਮਤ ੧੭੫੬ ਦੀ ਵਿਸਾਖੀ ਨੂੰ ਪਹਿਲੇ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਸਾਜਿਆ ਤੇ ਆਜ਼ਾਦੀ ਦਾ ਪੰਥਕ ਝੰਡਾ ਝੁਲਾਇਆ ਸੀ। ਹੁਣ ਪੂਰੇ ੧੫੮ ਸਾਲ ਦੇ ਬਾਹਦ (ਨਾਮਧਾਰੀ ਮਨੌਤਾਂ ਦੇ) ਦੂਜੇ ਗੁਰੂ ਗੋਬਿੰਦ ਸਿੰਘ ਨੇ ਬਾਬਾ ਰਾਮ ਸਿੰਘ ਰੂਪ ਵਿਚ ਅੰਗਰੇਜ਼ੀ ਸਾਮਰਾਜ ਦੇ ਖਿਲਾਫ ਨਾਮਧਾਰੀ ਪੰਜਾਂ ਪਿਆਰਿਆਂ ਦੀ ਸਾਜਨਾ ਨਾਲ ਆਜ਼ਾਦੀ ਦਾ ਝੰਡਾ ਝੁਲਾਇਆ ਸੀ।

ਗੁਰੂ ਗੋਬਿੰਦ ਸਿੰਘ ਜੀ (ਪਹਿਲੇ) ਦੇ ਵੇਲੇ ਹਿੰਦੂ ਧਰਮੀ ਰਾਜੇ ਵੀ ਮੌਜੂਦ ਸਨ ਅਤੇ ਉਸ ਮੁਗਲ ਰਾਜ ਵੇਲੇ ਇਸ ਵੇਲੇ ਨਾਲੋਂ ਗਊ-ਕਸ਼ੀ ਵੀ ਕਈ ਗੁਣਾਂ ਵਧ ਹੁੰਦੀ ਸੀ। ਫਿਰ ਵੀ ਗੁਰੂ ਜੀ ਨੇ ਗਊ ਮਾਰਦੇ ਬੁਚੜਾਂ ਨੂੰ ਨਿਸ਼ਾਨਾ ਨਹੀਂ ਬਣਾਇਆ ਸੀ। ਬਲਕਿ—ਚੋਰ ਦੀ ਮਾਂ ਨੂੰ ਮਾਰਨਾ ਕੀਤਾ ਕਿ ਚੋਰ ਬਚੇ ਜਣਨੇ ਬੰਦ ਹੋ ਜਾਣ। ਗੁਰੂ ਜੀ ਨੇ ਮੁਗਲ ਹਕੂਮਤ ਨੂੰ ਮਾਰਨਾ ਚਾਹਿਆ ਕਿ ਜਿਸ ਦੇ ਰਾਜ ਵਿਚ ਸਿਰਫ ਗਊਆਂ ਨਹੀਂ ਸਗੋਂ ਬੇਸ਼ੁਮਾਰ ਬਹੂ-ਬੇਟੀਆਂ ਦੀ ਪੱਤ ਲੁਟਦੀ ਤੇ ਇਨਕਾਰ ਕਰਦੀਆਂ ਨੂੰ ਕਤਲ ਕੀਤਾ ਜਾਂਦਾ ਸੀ। ਪਰ ਨਾਮਧਾਰੀ ਰੂਪ ਦੇ (ਦੂਜੇ) ਗੁਰੂ ਗੋਬਿੰਦ ਸਿੰਘ ਦੇ ਸਿਖਾਂ ਨੇ ਪਹਿਲੇ ਬੁਚੜਾਂ ਨੂੰ ਮਾਰਨਾ ਚਾਹਿਆ ਸੀ।

ਚਾਹੀਦਾ ਇਹ ਸੀ ਕਿ ਗਊ-ਕਸ਼ੀ ਦੀ ਕਾਨੂੰਨੀ ਖੁਲ੍ਹ ਦੇਣ ਵਾਲੇ ਅੰਗਰੇਜ਼ ਅਫਸਰਾਂ ਦੀਆਂ ਕੋਠੀਆਂ ਵਿਚ ਜਾ ਕੇ ਉਹਨਾ ਨੂੰ ਮਾਰਦੇ ਹੋਏ ਗਜ-ਵਜ ਇਕਬਲੀ ਹੁੰਦੇ, ਫਾਂਸੀ ਚੜ੍ਹਦੇ ਤਦ ਸਿਖ ਪੰਥ ਅਤੇ ਸਾਰੇ ਭਾਰਤ ਵਿਚ ਉਹਨਾਂ ਦੀ ਕੁਰਬਾਨੀ ਦੇ ਗੀਤ ਗਾਏ ਜਾਂਦੇ। ਜਿਵੇਂ ਚੋਟੀ ਦੇ ਅੰਗਰੇਜ਼ ਜ਼ਾਲਮ ਅਫਸਰਾਂ ਨੂੰ ਸਰਦਾਰ ਭਗਤ

ਸਿੰਘ ਤੇ ਸਰਦਾਰ ਊਧਮ ਸਿੰਘ ਨੇ ਮਾਰਿਆ ਤੇ ਗਜ ਵਜ ਕੇ ਇਕਬਾਲੀ ਹੋ ਕੇ ਸ਼ਹੀਦ ਹੋਏ ਸਨ ਤੇ ਉਹਨਾਂ ਦੇ ਗੀਤ ਗਾਏ ਜਾਂਦੇ ਹਨ। ਉਹ ਅਮਰ ਹੋਏ ਹਨ।

ਪਰ ਇਹਨਾਂ ਨਾਮਧਾਰੀ ਸਿਖਾਂ ਨੇ ਰਾਤੀ ਜਾ ਕੇ ਬੁਚੜਖਾਨੇ ਦੀਆਂ ਕੰਧਾਂ ਟਪੀਆਂ ਤੇ ਸੁਤਿਆਂ ਪਿਆਂ ਨੂੰ ਮਾਰ ਕੇ ਕਈ ਮਹੀਨੇ ਛੁਪਦੇ ਰਹੇ ਤੇ ਇਹਨਾਂ ਦੀ ਥਾਵੇਂ ਬੇਗੁਨਾਹ ਫੜੇ ਗਏ, ਪੁਲਿਸ ਹਥੋਂ ਬੇਇਜ਼ਤ ਹੋਏ ਸਖਤ ਮਾਰਾ ਸਹਿ ਸਹਿ ਕੇ ਜਦੋਂ ਫਾਸੀਆਂ ਚੜਾਏ ਜਾਣ ਲਗੇ ਸੀ ਤਦ ਬਾਬਾ ਜੀ ਦਾ ਹੁਕਮ ਮੰਨ ਕੇ ਸਾਹਮਣੇ ਆਏ ਜੇ ਕਰ ਪਹਿਲੇ ਇਕਬਾਲੀ ਹੁੰਦੇ ਤਦ ਬੇਗੁਨਾਹਾਂ ਨੂੰ ਇਤਨੇ ਕਸ਼ਟ ਨਾ ਸਹਾਰਨੇ ਪੈਂਦੇ ਜੋ (ਕਰੇ ਕੋਈ ਭਰੇ ਕੋਈ) ਇਹ ਕਹਾਵਤ ਉਹਨਾਂ ਉਤੇ ਵਰਤੀ ਸੀ। ਨਾਮਧਾਰੀ ਸਿਖਾਂ ਦਾ ਇਹ ਪਹਿਲਾ ਕਾਰਨਾਮਾ ਅੰਮ੍ਰਿਤਸਰ ਦੇ ਬੁਚੜਾਂ ਨੂੰ ਕਤਲ ਕਰਨਾ ਸੀ ਜੋ ਸੰਨ ੧੮੭੧ ਦੇ ਜੂਨ ਦਾ ਹੈ ਅਤੇ ਸਜ਼ਾਵਾਂ ਉਹਨਾਂ ਨੂੰ ਬਾਹਦ ਵਿਚ ਹੋਈਆਂ ਸਨ।

## ਦੂਜਾ ਕਾਰਨਾਮਾ ਰਾਏਕੋਟ ਦਾ

ਅਸੀਂ ਪਾਠਕਾਂ ਪ੍ਰਤੀ ਇਹ ਦਸਣਾ ਹੈ ਕਿ ਉਹਨਾਂ 'ਨਾਮਧਾਰੀ' ਸਿਖਾਂ ਦੀ ਧਰਮ ਰਖਿਆ ਵਾਸਤੇ ਭਾਵਨਾ ਤਾਂ ਚੰਗੀ ਸੀ ਪਰ ਸੰਭਲ ਕੇ ਸਮਾਂ ਵਿਚਾਰ ਕੇ ਉਸ ਭਾਵਨਾਂ ਨੂੰ ਵਰਤਿਆ ਜਾਂਦਾ ਤਾਂ ਬਹੁਤ ਚੰਗਾ ਹੁੰਦਾ। ਜੇਕਰ ਇਹ ਹੁੰਦਾ ਕਿ ਗਊ-ਕਸ਼ੀ ਦੀ ਖੁਲ੍ਹ ਦੇਣ ਵਾਲੇ ਅੰਗਰੇਜ਼ਾਂ ਅਫਸਰਾਂ ਨੂੰ ਸਾਹਮਣੇ ਹੋ ਕੇ ਮਾਰਦੇ ਤਦ ਬਾਕੀ ਦੇ ਬੇਗੁਨਾਹਾਂ ਨੂੰ ਬੁਰੀ ਤਰ੍ਹਾਂ ਮਾਰ ਕੁਟਾਈਆਂ ਨਾਲ ਇਕਬਾਲੀ ਨਹੀਂ ਕਰਾਣਾ ਸੀ, ਜੋ ਬਾਹਦ ਵਿਚ ਅਸਲ ਕਾਤਲ ਖੁਦ ਸਾਹਮਣੇ ਹੋਏ ਤੇ ਬੇਗੁਨਾਹ ਛੋੜੇ ਗਏ ਸਨ।

ਫਿਰ ਇਹ ਦੇਖਣਾ ਹੈ ਕਿ ਦੋ ਚਾਰ ਥਾਂ ਦੇ ਬੁਚੜਾਂ ਨੂੰ ਚੋਰੀ ਛੁਪੇ ਮਾਰ ਦੇਣ ਨਾਲ ਸਾਰੇ ਪੰਜਾਬ ਦੇ ਬੁਚੜ ਤਾਂ ਖਤਮ ਨਹੀਂ ਹੋਏ ਸਨ ਜੈਸਾ ਕਿ ਨਾਮਧਾਰੀ ਇਤਿਹਾਸ ਸਫਾ ੩੧੪ ਪਰ ਇਉਂ ਲਿਖਿਆ ਹੈ—

> "ਪੰਜਾਬ ਵਿਚ ਅੰਗਰੇਜ਼ਾਂ ਦੀ ਹਕੂਮਤ ਕਾਇਮ ਹੋਣ ਅਤੇ ਮੁਸਲਮਾਨਾਂ ਨੂੰ ਗਊ-ਕਸ਼ੀ ਦੀ ਖੁਲ੍ਹੀ ਇਜਾਜ਼ਤ ਦੇਣ ਤੇ ਸ਼ਹਿਰਾਂ ਤੋਂ ਬਗੈਰ-ਮੁਸਲਮਾਨ ਆਬਾਦੀ ਦੇ ਛੋਟੇ ਵਡੇ ਕਸਬਿਆਂ ਵਿਚ ਵੀ ਬੁਚੜਖਾਨੇ ਖੁਲ੍ਹ ਗਏ ਸਨ। ਜ਼ਿਲਾ ਲੁਧਿਆਣੇ ਦੇ ਮਸ਼ਹੂਰ ਕਸਬੇ (ਰਾਏ ਕੋਟ) ਵਿਚ ਵੀ ਸੰਨ ੧੮੫੬ ਵਿਚ ਜ਼ਿਲੇ ਦੇ ਅਫਸਰ "ਮਿਸਟਰ ਰਿਕਟਸ" ਦੇ ਹੁਕਮ ਨਾਲ ਸ਼ਹਿਰ ਦੀ ਚਾਰਦੀਵਾਰੀ ਤੋਂ ਬਾਹਰ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਦੁਆਰੇ ਵਾਲੇ ਪਾਸੇ ਬੁੱਚੜਖਾਨਾ ਖੋਲ੍ਹਿਆ ਗਿਆ।"

ਸੋਚਿਆ ਜਾਏ ਕਿ ਅੰਗਰੇਜ਼ੀ ਸਰਕਾਰ ਜੋ ਪੰਜਾਬ ਪਰ ਪੱਕੀ ਤਰ੍ਹਾਂ ਕਾਬਜ਼ ਹੋ ਚੁਕੀ ਸੀ ਉਹਨਾਂ ਨੇ ਦੋ ਚਾਰ ਥਾਂ ਦੇ ਬੁਚੜਾਂ ਨੂੰ ਮਾਰ ਦੇਣ ਨਾਲ ਡਰਨਾ ਨਹੀਂ ਸੀ। ਤੇ ਪੇਸ਼ਾ ਵਰ ਥੋਹੜ ਬੰਦਿਆਂ ਨੂੰ ਮਾਰ ਕੇ ਆਪਣੇ ਕਈ ਦਰਜਨਾਂ ਨੂੰ ਮਰਵਾ ਲੈਣਾ ਚੰਗੀ ਸਿਆਣਪ ਨਹੀਂ। ਹਾਲਾਂਕਿ ਬੁਚੜਖਾਨਿਆਂ ਪਰ ਹੱਲਾ ਬੋਲੇ ਵੇਲੇ ਅਧੀ ਰਾਤ ਨੂੰ ਰਾਏ ਕੋਟ ਦੇ ਬੁਚੜਾਂ ਕੋਲ ਮਹਿਮਾਨ ਆਏ ਸੁਤੇ ਸਨ, ਉਹ ਵੀ ਮਾਰੇ ਗਏ ਸੀ।

ਸਫ਼ਾ ੧੬ ਨਾਮਧਾਰੀ ਇਤਿਹਾਸ ਪਰ ਐਸਾ ਲਿਖਿਆ ਹੈ—

> ੧੫ ਜੁਲਾਈ ਸੰਨ ੧੮੭੧ ਨੂੰ ਰਾਏਕੋਟ ਦੇ ਬੁਚੜਖਾਨੇ ਤੇ ਹਮਲਾ ਹੋਇਆ, ਜਿਸ ਵਿਚ ਬੁਚੜਖਾਨੇ ਵਿਚ ਸੁਤਿਆਂ ਦੋ ਦੀਆਂ ਮੌਤਾਂ ਹੋਈਆਂ ਤੇ ੭ ਸਖਤ ਜ਼ਖਮੀ ਹੋਏ ਸੀ।

ਅਗੇ ਸਫ਼ਾ ੨੧੭ ਪਰ ਅਣਛਪੇ (ਸਤਿਗੁਰ ਬਿਲਾਸ) ਅਨੁਸਾਰ ਲਿਖਿਆ... "ਬੁਚੜਾਂ ਉਤੇ ਹੱਲਾ ਕਰਨ ਨੂੰ ਕੂਕੇ ਸਿੰਘ ਤੁਰੇ ਸੀ ਤਾਂ ਹਵਨ ਕੀਤਾ, ਕੜਾਹ ਪ੍ਰਸ਼ਾਦ ਦੇ ਗਫੇ ਲਾਏ। ਕੜਾਹ ਪ੍ਰਸ਼ਾਦਿ ਬੂਟਾ ਰਾਮ ਦੇ ਡੇਰੇ ਤਾਜਪੁਰ ਕੀਤਾ। ਅਰਦਾਸਾ ਕੀਤਾ, ਸਿੰਘ ਸ਼ੇਰਾਂ ਦੀ ਤਰ੍ਹਾਂ ਚਲੇ ਬਾਰਸ਼ ਪੈਂਦੀ ਸੀ। ਪਾਣੀ ਲੰਘ ਕੇ ਬੁਚੜਖਾਨੇ ਦੇ ਦਰਵਾਜ਼ੇ ਅਗੇ ਆਏ ਤਾਂ ਬੁਚੜਾਂ ਪੁਛਿਆ ਕੌਣ ਹੋ ? ਤਾਂ ਸਿੰਘਾਂ ਨੇ ਕਿਹਾ—ਅਸੀਂ ਉਠਾਂ ਵਾਲੇ ਹਾਂ—"ਹੁਕੇ ਤੇ ਅੱਗ ਧਰਨੀ ਹੈ।" ਬੁਚੜਾਂ ਨੇ ਝਟ ਦਰਵਾਜ਼ਾ ਖੋਹਲ ਦਿਤਾ। ਸੌਣ ਕੀ ਸੰਗਰਾਂਦ ਕੋ ਬਾਰਾਂ ਵਜੇ ਰਾਤ ਕੋ ਰਾਏਕੋਟ ਦੇ ਬੁਚੜਖਾਨੇ ਮੈਂ ਪਹਿਲੇ ਗਊਆਂ ਦੇ ਰਸੇ ਵਢ ਕੇ ਬਾਹਰ ਕਢ ਦਿਤੀਆਂ ਫੇਰ ਬੁਚੜਾਂ ਕੇ ਸਿਰ ਵਢ ਵਢ ਕੇ ਜੈਕਾਰੇ ਗਜਾਈ ਜਾਣ। ਤਿੰਨ ਸਿੰਘ ਅੰਦਰ ਕਤਲ ਕਰਦੇ ਜਾਣ ਤੇ ਬਾਕੀ ਪਹਿਰੇ ਤੇ ਖੜੇ ਸੀ।

ਸਫ਼ਾ ੩੧੮ ਪੁਰ ਲਿਖਿਆ—"ਦਸੌਂਧੀ ਗੁੱਜਰ ਅਤੇ ਉਸ ਦੀ ਔਰਤ ਬੱਸੀ ਜੋ ਇਸ ਹੱਲੇ ਵਿਚ ਮੋਏ ਬੁਚੜਾਂ ਪਾਸ ਪ੍ਰਾਹੁਣੇ ਆਏ ਹੋਏ ਸਨ। ਦਸੌਂਧੀ ਦੀ ਵਡੀ ਧੀ ਰਹਿਮਤੀ ਅਤੇ ਦੋ ਛੋਟੇ ਬਚਿਆਂ ਨੂੰ ਭੀ ਫੱਟ ਲਗੇ।"

ਇਥੇ ਇਹਨਾਂ ਕੂਕੇ ਸਿੰਘਾਂ ਦੀ ਧਰਮ ਭਾਵਨਾ ਨੂੰ ਵਿਚਾਰਨਾ ਹੈ ਕਿ ਅਰਦਾਸਾ ਕਰਕੇ ਚਲਨਾ ਫਿਰ "ਹੁਕੇ ਤੇ ਅੱਗ ਧਰਨੀ ਹੈ"—ਝੂਠ ਬੋਲ ਕੇ ਦਰਵਾਜ਼ਾ ਖੁਲ੍ਹਾ ਕੇ ਦੋਹਾਂ ਜਿਹਨਾਂ ਨੂੰ ਮਾਰਿਆ ਉਹ ਤਾਂ ਬੁਚੜ ਨਹੀਂ ਸਨ, ਇਹਨਾਂ ਦੇ ਘਰ ਆਏ ਮਹਿਮਾਨ ਗੁੱਜਰ ਸਨ। ਜਿਹਨਾਂ ਦੀਆਂ ਧੀਆਂ ਵੀ ਜ਼ਖਮੀ ਹੋਈਆਂ। ਇਸ ਕਾਰਨਾਮੇ ਦੀ ਤਫਤੀਸ਼ ਹੋਈ ਤੇ ਕੁਝ ਬੇਗੁਨਾਹ ਵੀ ਕੁਹੇ ਗਏ। ਬਾਹਦ ਵਿਚ ਅਸਲੀ ਕਾਤਲ ਵੀ ਫੜ ਕੇ ਫਾਂਸੀਆਂ ਤੇ ਲਟਕਾਏ ਗਏ ਸਨ। ਕੀ ਉਹਨਾਂ ਗਊਆਂ ਨੂੰ ਫਿਰ ਨਹੀਂ ਕਤਲ ਕੀਤਾ ਹੋਣਾ ਨੇ ?

ਇਸ ਉਕਤ (ਰਾਏ ਕੋਟ ਦੀ ਕਾਰਵਾਈ) ਕੇਸ ਦੀ ਤਫਤੀਸ਼ ਵੇਲੇ ਬਾਬਾ ਰਾਮ ਸਿੰਘ ਜੀ ਨੂੰ ਵੀ ਬੁਲਾਨ ਨੂੰ ਬੰਦੇ ਭੇਜੇ। (ਸਤਿਗੁਰ ਬਿਲਾਸ ਦੇ ਹਵਾਲੇ ਨਾਲ ੩੩੪ ਸਫ਼ਾ ਇਤਿਹਾਸ ਪਰ ਐਸਾ ਲਿਖਿਆ ਹੈ) :

> "ਸ਼ੁਤਰ ਅਸਵਾਰ ਆਇਆ। ਪ੍ਰਵਾਨਾ ਦਿਖਾਇਆ। ਆਪ ਕੋ ਬਸੀਆਂ ਯਾਦ ਕੀਤਾ ਹੈ। ਦੋ ਅਖੰਡ ਪਾਠ ਧਰਾਏਕੇ ਦੀਨਾ ਨਾਥ ਜੀ ਟੁਰੇ, ਅਰਦਾਸਾ ਕਰਕੇ। ਜਾਂ ਗੁੱਜਰਵਾਲ ਮੈ ਆਏ ਤਾਂ ਬਚਨ ਕੀਤਾ—"ਅੱਜੀ, ਸੌ ਸਿੰਘ ਧਰਮ ਹੇਤ ਲਗ ਜਾਣ ਤਾਂ ਕੀ ਬਹੁਤ ਹੈ, ਜੇ ਧਰਮ ਰਹਿ ਜਾਏ ? "ਬਸੀਏ ਆਏ ਤਾਂ ਫਰੰਗੀ ਨੇ ਪੁਛਿਆ—ਬਾਬਾ ਰਾਮ ਸਿੰਘ, ਤੁਸਾਂ ਨੇ ਬੁਚੱੜ ਵਢਣ ਦਾ ਹੁਕਮ ਦਿਤਾ ਹੈ ਸਿੰਘਾਂ ਨੂੰ। ਮੁਕਬਲ ਕਹਿੰਦੇ ਹੈਨ ਤੁਸੀਂ ਆਪ ਹੁਕਮ

ਦੀਆ ਹੈ ।—ਗੁਰੂ ਜੀ ਬਚਨ ਕੀਤਾ ਮੈਂ ਇਨ੍ਹਾਂ ਨੂੰ ਕਾਸ ਨੂੰ ਹੁਕਮ ਦਿਤਾ ਹੈ । ਆਪੇ ਆਪ ਜਾਏ ਕੇ ਵੱਢਦੇ ਫਿਰਦੇ ਹੈਨ । ਸਾਨੂੰ ਕੁਝ ਖਬਰ ਨਹੀਂ ਹੈ ।"

ਨੋਟ :—ਦਾਸ ਨੇ ਪੁਰਖ ਗੁਰੂ ਵਿਚ ਲਿਖੇ ਪ੍ਰਸ਼ਨਾਂ ਦਾ ਉਤਰ ਦਿਤਾ ਤੇ ਕੁਝ ਹੋਰ ਦੇਣਾ ਹੈ । ਫਿਰ ਉਕਤ ਮਜ਼ਮੂਨ ਦਾ ਇਸ ਉਤਰ ਪ੍ਰਸ਼ਨ ਨਾਲ ਕੋਈ ਸਬੰਧ ਨਹੀਂ । ਬੁੱਚੜ ਮਾਰੇ ਤੇ ਕਿਵੇਂ ਮਾਰੇ ਤੇ ਕਿਉਂ ਮਾਰੇ ? ਲਿਖਣ ਦੀ ਲੋੜ ਨਹੀਂ ਸੀ-ਸਿਰਫ ਇਸ ਵਾਸਤੇ ਇਸ ਜ਼ਿਕਰ ਨੂੰ ਲਿਖਿਆ ਹੈ ਕਿ ਨਾਮਧਾਰੀ ਲੇਖਕ ਜਿਸ ਬਾਬਾ ਰਾਮ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪੁਨਰ ਜਨਮ ਹੋਇਆ ਅਤੇ ੧੨ਵਾਂ ਗੁਰ ਅਵਤਾਰ ਮੰਨਦੇ ਹਨ (ਇਸ ਗੁਰੂ ਗੋਬਿੰਦ ਸਿੰਘ ਜੀ ਦਾ ਅਤੇ ਜਿਸ ਗੁਰੂ ਗੋਬਿੰਦ ਸਿੰਘ ਜੀ (ਅਸਲੀ ਦਾ) ਉਨ੍ਹਾਂ ਨੂੰ ਅਵਤਾਰ ਮੰਨਦੇ ਹਨ ਦੋਹਾਂ ਦੀ ਆਤਮ ਜੋਤ ਅਤੇ ਆਤਮਕ ਸ਼ਕਤੀ ਦਾ ਥੋੜਾ ਨਮੂਨਾ ਦਸਿਆ ਜਾਏ ਤਾਂਕਿ ਪਾਠਕਾਂ ਨੂੰ ਪਤਾ ਲਗ ਜਾਇ ਕਿ ਅਸਲੀਅਤ ਕੀ ਹੈ ? ਅਤੇ ਕੀ ਫਿਰ ਸਾਰੇ ਪਾਸੇ ਗਊਕਸ਼ੀ ਬੰਦ ਕਰਾ ਦਿਤੀ ਨੇ ?

ਗੁਰੂ ਗੋਬਿੰਦ ਸਿੰਘ ਜੀ ਸਾਹਿਬ ਸਭ ਕੁਝ ਕੁਰਬਾਨ ਕਰਕੇ ਦੀਨੇ ਆਏ ਟਿਕੇ ਸਨ ਤਾਂ ਇਨ੍ਹਾਂ ਵਲੋਂ ਪਹਿਲੀ ਇਕ ਚਿਠੀ ਭੇਜੀ ਦੇ ਜਵਾਬ ਵਿਚ ਔਰੰਗਜ਼ੇਬ ਨੇ ਕੁਝ ਵਧੇਰੇ ਵਜ਼ਾਹਤ ਚਾਹੀ ਅਤੇ ਲਿਖਿਆ ਕਿ ਆਪ ਦੇ ਨਾਲ ਇਨਸਾਫ ਕੀਤਾ ਜਾਏਗਾ ਆਪ ਜੀ ਜ਼ਰੂਰ ਔਰੰਗਾਬਾਦ ਨੇੜੇ (ਅਹਿਮਦਨਗਰ) ਛਾਵਣੀ ਵਿਚ ਆ ਕੇ ਮਿਲੀਏ । ਤਦ ਬੇਸਰੋ ਸਾਮਾਨ ਅਤੇ ਇਕੱਲੇ ਹੁੰਦਿਆਂ ਵੀ ਉਸ ਨੂੰ (ਜ਼ਫਰ ਨਾਮਾ) ਲਿਖਤ ਰਾਹੀਂ ਠੋਕਵਾਂ ਉਤਰ ਦਿਤਾ ਸੀ ਕਿ ਅਸੀਂ ਨਹੀਂ ਆ ਸਕਦੇ । ਤੂੰ ਝੂਠਾ ਮੱਕਾਰ ਹੈਂ । ਤੇਰਾ ਕੋਈ ਇਤਬਾਰ ਨਹੀਂ : ਹਾਂ ! ਅਗਰ ਸਾਡੇ ਪਾਸ ਤੂੰ ਖੁਦ ਆਕੇ ਮੁਲਾਕਾਤ ਕਰਨੀ ਚਾਹੁੰਦਾ ਤਾਂ ਬਰਾੜ ਕੌਮ ਸਾਡੀ ਆਗਿਆ ਵਿਚ ਹੈ ਤੈਨੂੰ ਇਨ੍ਹਾਂ ਪਾਸੋਂ ਡਰ ਨਹੀਂ ਹੋਣਾ ਚਾਹੀਦੇ । ਹੋਰ ਬਹੁਤ ਕੁਝ ਕਰੜੇ ਜਵਾਬ ਲਿਖਤੀ ਦੇ ਕੇ ਭਾਈ ਦਇਆ ਸਿੰਘ ਨੂੰ ਉਸ ਪਾਸ ਭੇਜਿਆ, ਤਦ ਉਸ ਨੇ ਗੁਰੂ ਜੀ ਦੇ ਖਿਲਾਫ ਸਾਰੇ ਜਾਰੀ ਹੁਕਮ ਵਾਪਸ ਲੈ ਲਏ ਸੀ ।

ਪਰ ਇਧਰ ੧੨ਵੇਂ ਸਤਿਗੁਰੂ ਬਾਬਾ ਰਾਮ ਸਿੰਘ ਜੀ ਨੂੰ ਪੜਤਾਲੀਆ ਹਾਕਮ ਬੁਲਾਂਦਾ ਹੈ ਤਦ ਅਖੰਡ ਪਾਠ ਰਖਾਕੇ ਜਾਂਦੇ ਕਿ ਖਰਾਂਵੇ ਵਾਪਸ ਆਈਏ । ਨਾਲ ਜਾਣ ਵੇਲੇ ਇਹ ਵੀ ਆਖਦੇ ਕਿ—ਔਜੀ ਸੈ ਸਿੰਘ ਧਰਮ ਹੇਤ ਲਗ ਜਾਏ ਤਾਂ ਕੋਈ ਵੱਡੀ ਗੱਲ ਨਹੀਂ ਹੈ । ਫਿਰ ਜਦੋਂ ਹਾਕਮ ਫਰੰਗੀ ਨੇ ਪੁਛਿਆ—ਬਾਬਾ ਰਾਮ ਸਿੰਘ—ਮੁਖਬਰ ਦਸਦੇ ਕਿ ਤੁਸੀਂ ਹੁਕਮ ਦਿਤਾ ਸੀ ਤਦ ਤੁਸਾਡੇ ਸਿੰਘਾਂ ਨੇ ਬੁਚੜ ਵੱਢੇ ਹਨ । ਤਬ ਬਾਬਾ ਜੀ ਨੇ ਕਿਹਾ—ਅਸੀਂ ਕਾਹਨੂੰ ਹੁਕਮ ਦੇਣਾ ਸੀ ਸਾਨੂੰ ਕੁਝ ਖਬਰ ਨਹੀਂ ।"

ਪਾਠਕਾਂ ਨੇ ਵਿਚਾਰਨਾ ਹੈ ਕਿ ਅੰਮ੍ਰਿਤਸਰ ਦੇ ਬੁਚੜਾਂ ਨੂੰ ਵੱਢਣ ਦਾ ਕਾਰਨਾਮਾ ਹੋਏ ਵੇਲ ਤਾ ਬੇਗੁਨਾਹਾਂ ਨੂੰ ਛੁਡਾਵਨ ਵਾਸਤੇ ਆਪਨੇ ਹੁਕਮ ਕੀਤਾ ਕਿ ਕਾਤਲ ਇਕਬਾਲੀ ਹੋਣ । ਤਦ ਬੇਗੁਨਾਹ ਛੁਟੇ ਸਨ ਕੀ ਉਸ ਤੋਂ ਬਾਹਦ ਅਗਰ ਆਪ

ਦੀ ਅਸ਼ੀਰਵਾਦ ਤੋਂ ਬਗੈਰ ਰਾਏ ਕੋਟ ਵਿਚ ਬੁਚੜਾਂ ਪਰ ਹੱਲਾ ਹੋਇਆ ਸੀ ਤਾਂ ਇਹ ਨਾ ਕਹਿੰਦੇ ਕਿ ੯੦-੧੦੦ ਸਿੰਘ ਧਰਮ ਹੇਤ ਲਗ ਜਾਏ ਤਾਂ ਕੋਈ ਵੱਡੀ ਗਲ ਨਹੀਂ। ਫਿਰ ਫਰੰਗੀ ਪਾਸ ਬਿਆਨ ਦਿਤੇ ਸਾਨੂੰ ਕੋਈ ਖਬਰ ਨਹੀਂ, ਤਦ ਇਹ ਸਾਬਤ ਹੈ ਕਿ ਉਨ੍ਹਾਂ ਨੇ ਆਪਣੇ ਬਚਾਉ ਦੀ ਖਾਤਰ ਫਰੰਗੀ ਪਾਸ ਕਿਹਾ ਕਿ ਸਾਨੂੰ ਕੋਈ ਖਬਰ ਨਹੀਂ। ਸਤਿਗੁਰੂ ਕਹਾਉਣ ਵਾਲੇ ਨੂੰ ਐਸੀ ਕਾਰਵਾਈ ਤੋਂ ਮੁਕਰ ਜਾਣਾ ਕੋਈ ਸ਼ੋਭਾ ਦੀ ਗਲ ਨਹੀਂ।

ਉਹ ੧੨ਵੇਂ ਸਤਿਗੁਰੂ ਤਾਂ ਅਖਵਾਂਦੇ ਰਹੇ, ਪਰ ਹੈਗੇ ਨਹੀਂ ਸਨ। ਅਗਰ ਇਸ ਸਾਰੇ ਕਾਰਨਾਮੇ ਵਿਚ ਆਪ ਦੀ ਸੰਮਤੀ ਅਤੇ ਅਸ਼ੀਰਵਾਦ ਨਾ ਹੁੰਦੀ ਤਾਂ ਖੁਲ੍ਹਾ ਐਲਾਨ ਕਰਨਾ ਚਾਹੀਦਾ ਸੀ ਕਿ ਐਸਾ ਕਰਨਾ ਬੰਦ ਕੀਤਾ ਜਾਏ ਕਿਉਂਕਿ ਸੁਤੇ ਵਿਚ ਬੇਗੁਨਾਹ ਫੜੇ ਜਾਂਦੇ ਤੇ ਦੁਖ ਪਾਂਦੇ ਹਨ। ਤਦ ਅਗੇ ਮਲੇਰਕੋਟਲੇ ਦਾ ਵਾਕਿਆ ਨਾ ਹੁੰਦਾ। ਜਿਸ ਵਿਚ ਬੁਚੜ ਤੇ ਦੂਜੇ ਸਿਰਫ ੭ ਮਰੇ, ਅਤੇ ੭੦ ਦੇ ਕਰੀਬ ਕੀਮਤੀ ਜਾਨਾਂ ਨੂੰ ਤੋਪਾਂ ਨਾਲ ਉਡਾਇਆ ਗਿਆ ਸੀ। ਫਿਰ ਵੀ ਕੋਈ ਗਊ ਕਸ਼ੀ ਬੰਦ ਨਹੀਂ ਸੀ ਹੋਈ। ਅਤੇ ਅਗਲੇ ਪੰਨਿਆਂ ਵਿਚ ਨਿਰਨੇ ਨਾਲ ਹੋਰ ਪੜ੍ਹੋਗੇ।

ਸ੍ਰੀ ਅੰਮ੍ਰਿਤਸਰ ਅਤੇ ਰਾਏ ਕੋਟ ਵਿਚ ਹੋਏ ਕਾਰਨਾਮਿਆਂ ਤੋਂ ਬਾਹਦ ਅੰਗ੍ਰੇਜ਼ੀ ਸਰਕਾਰ ਬਹੁਤ ਚੌਕਸ ਹੋ ਗਈ ਸੀ—ਨਾਮਧਾਰੀਆਂ ਦੀਆਂ ਸਰਗਰਮੀਆਂ ਨੂੰ ਸਮਝਣ ਤੇ ਰੋਕਣ ਨੂੰ ਹਰ ਪਾਸੇ ਆਡਰ ਜਾਰੀ ਕਰ ਦਿਤੇ ਸਨ। ਐਸੇ ਆਰਡਰ ਜਾਰੀ ਹੋਏ ਨਾਲ ਕਈ ਲੋਕਾਂ ਨੇ ਆਪਣੀਆਂ ਦੁਸ਼ਮਣੀਆਂ ਬਦਲੇ, ਜਾਂ ਲਾਲਚੀ ਲੋਕਾਂ ਨੂੰ ਪੁਲਸ ਵਾਲਿਆਂ ਨੇ ਖਰੀਦ ਕੇ ਮਿਸਲਾਂ ਦੇ ਪੇਟ ਪੂਰੇ ਕਰਾਕੇ ਬੇਗੁਨਾਹਾਂ ਨੂੰ ਫਾਂਸੀਆਂ ਤੇ ਚੜਾਇਆ ਸੀ।

ਨਾਮਧਾਰੀ ਇਤਿਹਾਸ ਸਫਾ ੩੪੬ ਅਨੁਸਾਰ ਬਾਬਾ ਰਤਨ ਸਿੰਘ ਤੇ ਬਾਬਾ ਗਿਆਨ ਸਿੰਘ ਨੂੰ ਸਿਰਫ ਇਸ ਜੁਰਮ ਵਿਚ ਫਸਾ ਕੇ (ਝੂਠੇ ਗਵਾਹਾਂ ਦੀਆਂ ਗਵਾਹੀਆਂ ਤੇ ਯਕੀਨ ਕੀਤਾ) ਤੇ ਫਾਂਸੀਆਂ ਦਿਤੀਆਂ।

ਇਤਿਹਾਸ ਵਿਚ ਐਸਾ ਲਿਖਿਆ—"ਬਾਬਾ ਗਿਆਨ ਸਿੰਘ ਨੂੰ ਲਾਲੀਆਂ ਦਗਦੀਆਂ ਹਨ। ਫਰੰਗੀ ਬੇਗੁਨਾਹਾਂ ਨੂੰ ਫਾਂਸੀ ਦੇਣ ਲਗੇ ਹੈ। ਕਿਉਂਕਿ ਕਤਲ ਵਿਚ ਨਾ ਸੇ—(ਮੁਖਬਰਾਂ ਦੇ ਕਹੇ ਕਹਾਏ, ਇਹ ਬੇਗੁਨਾਹ ਸਨ, ਸ਼ਬਦ ਪੜ੍ਹਦੇ ਭਾਣਾ ਮਨ ਫਾਂਸੀ ਚੜ ਗਏ ਸੀ।

ਇਥੇ ਪਾਠਕਾਂ ਨੇ ਇਸ ਤੋਂ ਇਹੋ ਸਮਝਣਾ ਹੈ ਕਿ ਅਗਰ ਕਾਤਲ ਲੋਗ (ਕੂਕੇ) ਸਾਹਮਣੇ ਹੋਕੇ ਮਾਰਦੇ ਅਤੇ ਖੁਦ ਪੇਸ਼ ਹੋਕੇ ਇਕਬਾਲੀ ਹੁੰਦੇ ਰਹਿੰਦੇ ਤਦ ਬੇਗੁਨਾਹਾਂ ਨੂੰ ਫਾਸੀਆਂ ਨਾ ਮਿਲਦੀਆਂ। ਕੂਕਿਆ ਦਾ ਇਹ ਵੀ ਸੁਭ ਕਾਰਨਾਮਾ ਸੀ ਕਿ ਦੋ ਗਊਆਂ ਨੂੰ ਬਚਾ ਲਿਆ ਪਰ ਤਿੰਨ ਬੰਦਿਆਂ ਨੂੰ ਮਾਰਨ ਬਦਲੇ ਤਿੰਨ ਕਾਤਲ ਕੂਕੇ ਮਰੇ ਅਤੇ ਦੋ ਬੇਗੁਨਾਹਾਂ ਸਿਖਾਂ ਨੂੰ ਫਾਂਸੀਆਂ ਤੇ ਚੜ੍ਹਾ ਕੇ ਮਰਵਾ ਦਿਤਾ ਗਿਆ ਸੀ।

ਸਰਕਾਰ ਅੰਗ੍ਰੇਜ਼ੀ ! ਜਿਸ ਨੇ ਬੜੀ ਮਕਾਰੀ ਨਾਲ ਡੋਗਰੇ ਭਰਾਵਾਂ ਦੀ ਮਦਦ ਪਾ ਕੇ ਸਿਖਾਂ ਦੇ ਰਾਜ ਨੂੰ ਖਤਮ ਕੀਤਾ ਸੀ—ਅਗਰ ਸਿਖ ਲੀਡਰ ਜਾਂ ਪੰਥਕ ਜਥੇਦਾਰ

ਦੀ ਹੈਸੀਅਤ ਵਿਚ ਬਾਬਾ ਜੀ ਵਲੋਂ ਅੰਗਰੇਜ਼ੀ ਸਰਕਾਰ ਦੇ ਵਿਰੁਧ ਕੋਈ ਕਦਮ ਚੁਕਿਆ ਹੁੰਦਾ ਤਾਂ ਕੋਈ ਵਜ੍ਹਾ ਨਹੀਂ ਸੀ ਕਿ ਸਿਵਾਏ ਥੋੜੇ ਸਰਕਾਰੀ ਖੁਸ਼ਾਮਦੀਆਂ ਦੇ ਸਿਖ ਜੰਨਤਾ ਆਪ ਦੇ ਨਾਲ ਹੁੰਦੀਆਂ, ਪਰ ਆਪ ਜੀ ਦੇ ਸੇਵਾ ਸਿਮਰਨ ਭਗਤੀ ਉਤੇ ਰੀਝ ਕੇ ਲੋਕੀਂ ਬਹੁਤ ਵਿਸ਼ਵਾਸੀ ਹੋ ਗਏ ਸਨ ਤਦੋਂ ਆਪਣੇ ਨੂੰ ੧੨ਵਾਂ ਸਤਿਗੁਰ ਪ੍ਰਗਟਾਉਣਾ ਸ਼ੁਰੂ ਕੀਤਾ ਸੀ ਜਿਸ ਕਰਕੇ ਗੁਰ ਦੀਖਿਆ ਲੈਣ ਵਾਲੇ ਆਪ ਦੇ ਨਾਮਧਾਰੀ ਕੂਕੇ ਹੀ ਆਪ ਦੇ ਨਾਲ ਰਹੇ।

ਉਕਤ ਰਾਇਕੋਟ ਅਤੇ ਅੰਮ੍ਰਿਤਸਰ ਦੀਆਂ ਘਟਨਾਵਾਂ ਵਿਚਾਲੇ ਮਿਸਟਰ ਮੈਕਾਲਫ ਅਤੇ ਮਿਸਟਰ ਮੈਕਐਂਡਰੀਊ ਦੀ ੨੦ ਨਵੰਬਰ ੧੮੭੧ ਦੀ ਰਪੋਟ ਦਾ ਸਾਰ ਇਤਿਹਾਸ ਸਫਾ ੩੪੦ ਉਤੇ ਗਿਆਨੀ ਨਾਹਰ ਸਿੰਘ ਜੀ ਨੇ ਐਸਾ ਲਿਖਿਆ ਹੈ :

੧. "ਸ਼ੁਰੂ ਵਿਚ ਭਾਵੇਂ ਇਸ ਲਹਿਰ ਦੇ ਆਗੂਆਂ ਦੇ ਇਰਾਦੇ ਕੁਝ ਭੀ ਹੋਣ ਪਰ ਹੁਣ ਇਸ ਲਹਿਰ ਦਾ ਝੁਕਾਓ ਸਾਫ ਤੌਰ ਤੇ ਰਾਜਸੀ ਹੈ।"

ਅਗੇ ਨੰਬਰ ੪ ਵਿਚ ਫੇਰ ਲਿਖਦਾ ਹੈ—ਸਾਰੇ ਪਹਿਲੂ ਵਿਚਾਰ ਕੇ ਮੈਂ ਇਸ ਨਤੀਜੇ ਤੇ ਪਹੁੰਚਿਆ ਹਾਂ :

ਕਿ ਇਹ ਲਹਿਰ ਰਾਜਸੀ ਹੈ ਅਤੇ ਖਾਲਸ ਧਾਰਮਕ ਲਹਿਰ ਨਹੀਂ। ਸ਼ੁਰੂ ਵਿਚ ਭਾਵੇਂ ਕੁਝ ਵੀ ਹੋਵੇ।

੬. ਗੁਰੂ ਰਾਮ ਸਿੰਘ ਤੇਜ਼ ਬੁੱਧੀ ਵਾਲਾ ਧੀਰਜਵਾਨ, ਗੰਭੀਰ ਅਤੇ ਉਚ ਆਚਰਨ ਵਾਲਾ ਪੁਰਸ਼ ਹੈ, ਉਸ ਨੇ ਆਪਣੇ ਹਰ ਇਕ ਬਚਨ ਅਤੇ ਕਰਮ ਨੂੰ ਆਪਣੇ ਵੱਸ ਕੀਤਾ ਹੋਇਆ ਹੈ।

੭. "ਬੁੱਚੜਾਂ ਦੇ ਕਤਲ ਦਿਆਂ ਮੁਕਦਮਿਆਂ ਦੀਆਂ ਗਵਾਹੀਆਂ ਤੋਂ ਇਹੋ ਨਤੀਜਾ ਨਿਕਲਦਾ ਹੈ ਕਿ ਗੁਰੂ ਰਾਮ ਸਿੰਘ ਹੀ ਸਾਰੀਆਂ ਗਲਾਂ ਦਾ ਆਧਾਰ ਸੀ।
ਫਿਰ ਨੰਬਰ ੯ ਵਿਚ ਲਿਖਦਾ ਹੈ :
"ਉਸ ਨੂੰ ਅੰਮ੍ਰਿਤਸਰ ਅਤੇ ਰਾਇਕੋਟ ਦੇ ਬੁਚੜਾਂ ਦੇ ਕਤਲਾਂ ਦਾ ਪਹਿਲੇ ਤੋਂ ਇਲਮ ਸੀ। ਮੇਰੇ ਸਾਹਮਣੇ ਅਦਾਲਤ ਵਿਚ ਗਵਾਹੀ ਦਿੰਦੇ ਹੋਇਆਂ ਉਸ ਨੇ ਰਾਏ ਕੋਟ ਵਿਚ ਕਤਲ ਹੋਏ ਬੇਗੁਨਾਹ ਇਸਤਰੀਆਂ ਤੇ ਬਚਿਆਂ ਦੇ ਕਤਲ ਕਰਨ ਦੀ ਨਿਖੇਧੀ ਕਰਨ ਤੋਂ ਨਾਂਹ ਕਰ ਦਿਤੀ ਸੀ।"

ਮਿਸਟਰ ਮੈਕ ਐਂਡਰੀਊ ਦੀ ਲਿਖਤ ਵਿਚੋਂ ਸਫਾ ੩੬੧ ਉਤੇ ਨੰਬਰ ੪ ਹੇਠਾਂ ਗਿਆਨੀ ਨਾਹਰ ਸਿੰਘ ਨੇ ਫੇਰ ਐਸਾ ਲਿਖਿਆ :—

"ਕੋਈ ਸ਼ੱਕ ਨਹੀਂ ਕਿ ਗੁਰੂ ਰਾਮ ਸਿੰਘ ਜੀ ਚੰਗੀ ਸਿਆਣਪ ਵਾਲਾ ਅਤੇ ਉਘਾ ਆਦਮੀ ਹੈ। ਸੂਬਿਆਂ ਰਾਹੀਂ ਲੋਕਾਂ ਨੂੰ ਨਾਮਧਾਰੀ ਬਨਾਉਣ ਦੇ ਕਾਰੋਕਰਮ ਵਿਚ ਉਸ ਨੂੰ ਚੰਗੀ ਸਫਲਤਾ ਹੋਈ ਹੈ। ਇਨ੍ਹਾਂ ਕਾਰਨਾਂ ਕਰਕੇ ਉਹ ਆਪਣਾ ਅਸਰ ਰਸੂਖ ਵਰਤਣ ਲਈ ਇਕ ਐਸੀ ਥਾਂ ਤੇ ਪਹੁੰਚ ਚੁਕਾ ਹੈ. ਜੋ ਸਾਡੀ ਹਕੂਮਤ ਲਈ ਖਤਰਨਾਕ ਹੋਵੇਗੀ। ਉਸ ਨੇ ਜੋ ਉਪ ਨਾਮ (੧੨ਵਾਂ

ਸਤਿਗੁਰੂ) ਅਖਤਿਆਰ ਕੀਤਾ ਹੈ ਉਸ ਤੋਂ ਉਸਦੀ ਤਰੱਕੀ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

"ਜਦ ਉਹ ਹਜ਼ਰੋ ਦੇ **ਗੁਰੂ ਬਾਲਕ ਸਿੰਘ ਦੀ ਗੱਦੀ ਦਾ ਜਾਨਸ਼ੀਨ ਬਣਿਆ ਤਦ ਉਹ ਮਹੰਤ ਰਾਮ ਸਿੰਘ ਸੀ।** ਉਪਰੰਤ ਉਸ ਨੂੰ ਲੋਕੀਂ **ਗੁਰੂ ਰਾਮ ਸਿੰਘ** ਦੇ ਨਾਮ ਨਾਲ ਯਾਦ ਕਰਦੇ ਸਨ। ਇਸ ਤੋਂ ਪਿਛੋਂ **"ਸਤਿਗੁਰੂ" ਕਹਿਣ ਲਗੇ,** ਅਤੇ ਹੁਣ **"ਸਤਿਗੁਰੂ ਪਾਤਸ਼ਾਹ"** ਦੇ ਨਾਮ ਨਾਲ ਪੁਕਾਰਦੇ, ਉਸ ਦਾ ਸਨਮਾਨ ਕਰਦੇ ਹਨ (ਅਗੇ ਹੋਰ ਐਸਾ ਲਿਖਿਆ)। "ਜਿਉਂ ਜਿਉਂ ਉਸ ਦੇ ਸ਼ਰਧਾਲੂਆਂ ਦੀ ਗਿਣਤੀ ਵਧਦੀ ਗਈ ਉਸ ਦੇ ਧਨ ਅਤੇ ਸੰਪਤੀ ਵਿਚ ਵੀ ਵਾਧਾ ਹੁੰਦਾ ਗਿਆ ਹੈ। ਹੁਣ ਉਸ ਪਾਸ ਆਪਣੇ ਹਾਜ਼ਰ ਬਾਸ ਸੇਵਾਦਾਰ ਵੀ ਹਨ। ਉਹ ਦਰਬਾਰ ਲਗਾਂਦਾ ਹੈ" (ਇਤਿਆਦਿਕ)।

ਨੋਟ:—ਤੁਲਸੀ ਦਾਸ ਦੀ ਰਾਮਾਇਣ ਵਿਚੋਂ ਦੀ ਲਿਖਤ ਦਾ ਇਕ ਢੁਕੱਵਾ ਵਿਚਾਰ ਲਿਖ ਦਸਣਾ ਇਥੇ ਜ਼ਰੂਰੀ ਹੈ—ਉਹ ਲਿਖਦੇ ਹਨ—"ਅਸ ਨ ਕੋ ਜਨਮਯੋ ਜਗ ਮਾਹੀ, ਪ੍ਰਭਤਾ ਪਾਏ ਜਾਸ ਮਦ ਨਾਹੀ"।

ਉਕਤ ਸਰਕਾਰੀ ਅਫਸਰਾਂ, ਜਿਨ੍ਹਾਂ ਨੇ ਬਾਬਾ ਰਾਮ ਸਿੰਘ ਦੀ ਸ਼ੁਰੂ ਤੋਂ ਹੁਣ ਤੀਕ ਦੀ ਪੜਤਾਲ ਮਗਰੋਂ ਰਪੋਟਾਂ ਲਿਖੀਆਂ ਹਨ—ਇਨ੍ਹਾਂ ਰਪੋਟਾਂ ਤੋਂ ਸਚਿਆਰ ਪਾਠਕਾਂ ਨੂੰ ਇਹ ਤਾਂ ਪਤਾ ਲਗ ਗਿਆ ਹੈ ਕਿ ਉਹ ਪਹਿਲੇ ਬਾਬਾ ਬਾਲਕ ਸਿੰਘ ਦੇ ਡੇਰੇ ਦੇ ਉਨ੍ਹਾਂ ਵਲੋਂ ਮਹੰਤ ਬਣਾਇ ਗਏ ਸਨ ਪਰ ਉਨ੍ਹਾਂ ਵਲੋਂ ਸਮਝਾਏ ਕਾਰਨ ਜਾਂ ਆਪਣੀ ਤੀਸ਼ਣ ਬੁਧੀ ਕਾਰਨ "ਨਾਂਦੇੜ ਵਿਚ ਗੁਰੂ ਜੀ ਦੇ ਚਲਾਣੇ ਦੀ ਸਾਖੀ ਦਾ ਸਹਾਰਾ ਪਾ ਕੇ ਆਪਣੇ ਨੂੰ ੧੨ਵਾਂ ਸਤਿਗੁਰੂ ਪ੍ਰਗਟਾਉਣਾ ਸ਼ੁਰੂ ਕੀਤਾ ਤੇ ਹੁਣ ਸਤਿਗੁਰੂ ਪਾਤਸ਼ਾਹ ਨਾਮ ਨਾਲ ਪ੍ਰਸਿਧ ਹਨ, ਅਤੇ ਇਹ ਵੀ ਸ਼ਾਇਦ ਨਿਸਚਾ ਕਰ ਲਿਆ ਹੋਵੇ ਕਿ ਮੈਂ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਹਾਂ ਜੈਸਾ ਕਿ ਇਨ੍ਹਾਂ ਦੇ ਸ਼ਰਧਾਲੂ ਮੰਨਦੇ ਹਨ। ਪਰ ਫਰੰਗੀਆਂ ਨੇ ਪੜਤਾਲ ਮਗਰੋਂ ਠੀਕ ਲਿਖਿਆ ਕਿ ਮਹੰਤ ਬਣੇ ਸਨ।

ਉਕਤ ਮਿਸਟਰ ਮੈਕਾਨਬ ਅਤੇ ਮੈਕਐਂਡਰੀਊ ਦੀਆਂ ਰਪੋਟਾਂ ਅਨੁਸਾਰ ਪੰਜਾਬ ਸਰਕਾਰ ਨੇ ਨਾਮਧਾਰੀ ਬਾਬਾ ਰਾਮ ਸਿੰਘ ਉਤੇ ਪਾਬੰਦੀਆਂ ਲਾ ਦਿਤੀਆਂ ਕਿ ਨਾ ਕਿਤੇ ਜਾ ਸਕਦੇ ਅਤੇ ਨਾ ਦਰਬਾਰ ਮੇਲੇ ਲਗਾ ਸਕਦੇ ਹਨ। ਇਸ ਪਾਬੰਦੀ ਕਾਰਨ ਆਪ ਨੇ ਮਾਘੀ ਪਰ ਮੁਕਤਸਰ ਜਾਣ ਦਾ ਇਰਾਦਾ ਬਦਲ ਕੇ ਭੈਣੀ ਵਿਚ ਮੇਲਾ ਲਗਾਉਣ ਨੂੰ ਦੂਰ ਨੇੜੇ ਖਬਰਾਂ ਭੇਜ ਦਿਤੀਆਂ ਸਨ। ਇਤਿਆਦਿਕ ਬੰਦਸ਼ਾਂ ਤੇ ਸਖਤੀਆਂ ਤੋਂ ਤੰਗ ਆ ਕੇ ਕੁਝ ਬਹੁਤ ਜੋਸ਼ੀਲੇ ਨਾਮਧਾਰੀਆਂ ਨੇ ਇਕ ਸ਼ਹੀਦੀ ਜਥਾ ਤਿਆਰ ਕੀਤਾ ਜਿਸ ਦਾ ਨਾਉਂ "ਮਸਤਾਨਿਆਂ ਦਾ ਸ਼ਹੀਦੀ ਜਥਾ" ਰਖਿਆ ਤੇ ਇਹ ਵੀ ਮਾਘੀ ਮੇਲੇ ਦੀ ਸੁਣ ਕੇ ਭੈਣੀਆ ਗਏ ਸਨ।

ਇਸ ਮੌਕੇ ਤੇ ਇਥੇ ੧੦੧ ਅਖੰਡ ਪਾਠਾਂ ਦੇ ਭੋਗ ਪਵਾਏ ਕੇ ਸ੍ਰੀ ਅੰਮ੍ਰਿਤਸਰ ਅਤੇ ਰਾਏ ਕੋਟ ਵਿਚ ਮਾਰੇ ਗਏ (ਫਾਂਸੀ ਚੜ੍ਹੇ ਸਿੰਘਾਂ ਬਾਬਤ) ਅਤੇ ਬਾਬਾ ਜੀ ਦੀ

ਧਰਮ ਪਤਨੀ (ਮਾਤਾ ਜਸਾਂ) ਦੀ ਆਤਮਕ ਸ਼ਾਂਤੀ ਵਾਸਤੇ ਅਰਦਾਸੇ ਹੋਏ ਸੀ। ਇਤਿਹਾਸ ਦਸਦਾ ਕਿ ੧੦੦੦ ਦੇ ਕਰੀਬ ਇਕੱਠ ਸੀ ਅਤੇ ਅੰਗ੍ਰੇਜ਼ ਸਰਕਾਰ ਦੇ ਖਿਲਾਫ ਸਖਤ ਰੋਸ ਸੀ। ਨਾਮਧਾਰੀ ਇਤਿਹਾਸ ਸਫਾ ੩੭੬ ਪਰ ਲਿਖਿਆ, "ਇਸ ਮਸਤਾਨੇ ਜਥੇ ਨਾਲ ਬਾਬਾ ਜੀ ਦਾ ਬੇਹਦ ਹੀ ਪ੍ਰੇਮ ਅਤੇ ਪਿਆਰ ਸੀ। ਇਸ ਦਾ ਉਤਾਰਾ ਡੇਰੇ ਤੋਂ ੨੦੦ ਕਦਮ ਪਰੇ ਅਕਾਲ ਬੁੰਗੇ ਦੇ ਖੂਹ ਤੇ ਲਗਵਾਇਆ ਗਿਆ ਸੀ। ਨਾਮਧਾਰੀ ਗੁਰਬਿਲਾਸ ਦੇ ਆਧਾਰ ਤੇ ਗਿਆਨੀ ਨਾਹਰ ਸਿੰਘ ਨੇ ਐਸਾ ਲਿਖਿਆ :—

"ਬਾਣੀਆਂ ਦਸਵੇਂ ਪਾਤਸ਼ਾਹ ਦੀਆਂ ਪੜ੍ਹਦੇ ਹਨ। ਚੰਡੀ ਦੀਵਾਰ ਚੰਡੀ ਚਰਿਤ੍ਰ ਅਤੇ ਅਕਾਲ ਉਸਤਤਿ ਚੌਪਈ ਪੜ੍ਹਦੇ ਹਨ। ਜਿਸ ਕੋ ਕੰਠ ਨਹੀਂ ਉਹ ਪੁਸਤਕ ਵਿਚ ਪੜ੍ਹਦੇ ਹੈਨ। ਮਾਰਾ ਬਕਾਰਾ ਕਰਨੇ ਸੇ (ਰੋਕਨੇ ਨੂੰ) ਬਾਬਾ ਲਖਾ ਸਿੰਘ ਨੂੰ ਭੇਜਿਆ। ਹੀਰਾ ਸਿੰਘ! ਰਾਜ ਫਰੰਗੀਆ ਕਾ ਹੈ ਤੁਸੀਂ ਮਾਰੇ ਬਕਾਰੇ ਕੀਆਂ ਗਲਾਂ ਇਉਂ ਨ ਕਰੋ......!

"ਲਖਾ ਸਿੰਘ ਸੂਬੇ ਨੇ ਆਇ ਕਿਹਾ—ਜੀ ਮਾਰਾ ਬਕਾਰਾ ਕਰਨੇ ਨਹੀਂ ਟਲਦੇ ਹੈ।

"ਸ੍ਰੀ ਸਤਿਗੁਰੂ ਜੀ ਬਚਨ ਕੀਤਾ ਚਲੋ ਅਸੀਂ ਹਟਾਇ ਆਉਂਦੇ ਹਾਂ। ਅਕਾਲ ਬੁੰਗੇ ਆਪ ਆਇ ਕੇ ਬਚਨ ਕੀਤਾ—"**ਉਧਰੋਂ ਫਰੰਗੀ ਜ਼ੋਰਾਵਰ ਹੈ। ਇਧਰੋਂ ਖਾਲਸਾ ਜ਼ੋਰਾਵਰ ਹੈ,** ਮੈਂ ਗਰੀਬ ਵਿਚਾਲੇ ਆਇ ਗਇਆਂ ਹਾਂ।......ਹੀਰਾ ਸਿੰਘ ਕੇ ਕਾਨ ਮੈਂ ਬਚਨ ਕੀਤਾ। ਸੁਣਿਆ ਨਹੀਂ ਕਿਸੀ ਨੇ, ਤੇ ਪਿੱਠ ਉਤੇ ਥਾਪੀ ਦਿਤੀ। ਦੀਨ ਦਿਯਾਲ ਜੀ ਬਚਨ ਕੀਤਾ—ਹੀਰਾ ਸਿੰਘ ਪੈੜ ਮੇਸ ਦੇਣੀ! ਹੀਰਾ ਸਿੰਘ ਕਿਹਾ ਜੀ ਸਤਿ ਬਚਨ! ਤਿੰਨ ਵੇਰ ਕਿਹਾ—ਸਤਿ ਬਚਨ।"

"ਹੀਰਾ ਸਿੰਘ ਹੋਰਾਂ ਨੂੰ ਬਚਨ ਕੀਤਾ ਤੁਹਾਨੂੰ ਤਿੰਨ ਦਿਨ ਹੋਏ ਹੈ ਪ੍ਰਸ਼ਾਦਾ ਛਕਿਆਂ ਨੂੰ ਪ੍ਰਸ਼ਾਦਾ ਛਕੋ! ਹੀਰਾ ਸਿੰਘ ਨੇ ਕਿਹਾ—ਜੀ ਤੁਸੀਂ ਛਕਾਇਆ ਨਹੀਂ ਤੇ ਅਸੀਂ ਛਕਿਆ ਨਹੀਂ। ਦੀਨ ਦਿਆਲ ਜੀ ਬਚਨ ਕੀਤਾ—

"ਤੁਸੀਂ ਸਾਡਾ ਕਹਿਆ ਨਹੀਂ ਮੰਨਦੇ ਹੋ। ਗਲਬਾ ਨਹੀਂ ਕਰੋ! ਜੋ ਤੁਹਾਡਾ ਮਨਸ਼ਾ ਹੈ, ਸੋ ਸਾਡਾ ਮਨਸ਼ਾ ਹੈ। ਧਰਮ ਸਭ ਕੋ ਪਿਆਰਾ ਹੈ ਪਰ ਕਿਆ ਕਰੇਂ ਸਮਾਂ ਨਹੀਂ ਹੈ......ਤੁਸੀਂ ਕਾਹਲੀ ਨਾ ਕਰੋ। ਸਿੰਘ ਕਹਾਵਣਾ ਤੇ ਗਊ ਬੱਧ ਹੁੰਦਾ ਹੈ। ਪ੍ਰਸ਼ਾਦਾ ਛਕਣਾ ਜ਼ਰੂਰ ਹਰਾਮ ਹੈ। ਪਰ ਕਿਆ ਕਰੇਂ ਸਮਾਂ ਨਹੀਂ ਹੈ। ਥੋੜੇ ਚਿਰ ਨੂੰ ਹਟ ਜਾਉਗਾ। ਤੁਸੀਂ ਕਾਹਲੀ ਨ ਕਰੋ। ਜੋ ਬੋਲਾ ਤੁਸੀਂ ਕਰਦੇ ਹੋ ਸੋ ਬੋਲਾ ਪੁਲਸ ਵਾਲੇ ਲਿਖਕੇ ਫਰੰਗੀ ਨੂੰ ਭੇਜ ਦਿੰਦੇ ਹਨ। ਸਾਨੂੰ ਕਹਿੰਦੇ ਹੈਨ—ਤੁਮਾਰੇ ਸਿੰਘ ਬਲਵੇ ਕੀਆ ਬਾਤਾ ਕਰਦੇ ਹੈਨ। ਧੀਰਜ ਕਰੋ, ਸ਼ਤਾਬੀ ਨ ਕਰੋ। ਸਰਕਾਰ ਸਾਨੂੰ ਕਾਇਲ ਕਰਦੀ

ਹੈ। ਤੁਹਾਥੋਂ ਸਰਦਾ ਕੁਝ ਨਹੀਂ। ਇਕ ਬਰਸ ਰੋਜ ਠਹਿਰੋ! ਇਥੇ ਬੈਠੇ ਹੀ ਸਭ ਕੁਝ ਕਰ ਲਵਾਂਗੇ। (ਇਤਿਹਾਸ ਸਫਾ ੩੯੧ ਉਤੋਂ) ਹੋਰ,

"ਦੀਨ ਦਿਯਾਲ ਜੀ ਬਚਨ ਕੀਤਾ ਗਲ ਮੇ ਪਲਾ ਪਾਇਕੇ—ਤੁਸੀਂ ਕਹਿੰਦੇ ਹੋ ਹੁਕਮ ਦੇਵੋ! ਹੁਕਮ ਦੇਵੋ! ਮੈਂ ਤਾਂ ਕੁਝ ਨਹੀਂ ਕਹਿੰਦਾ ਕਿਉਂਕਿ ਪਨੀਰੀ ਛੋਟੀ ਹੈ। ਸਮਾਂ ਨਹੀਂ ਹੈ। ਹਾਲ ਭਜਨ ਬਾਣੀ ਕਰੋ।...—ਤੁਹਾਨੂੰ ਕੌਣ ਹੁਕਮ ਦਿੰਦਾ ਹੈ? (ਤਦ) ਹੀਰਾ ਸਿੰਘ ਨੇ ਕਿਹਾ ਸਾਨੂੰ ਗੁਰੂ ਤੇਗ ਬਹਾਦਰ ਜੀ ਹੁਕਮ ਦਿੰਦੇ ਹੈਨ, ਦ੍ਰਿਸ਼ਟਾਮਾਨ ਮੈਂ ਬਚਨ ਕਰਦੇ ਹੈਨ।" ਹੁਣ ਤਾਂ ਸੀਸ ਲਗਨਗੇ। ਜੋ ਅਸੀਂ ਠਹਿਰੀਏ ਤਾਂ ਅਸੀਂ ਝੂਠੇ।......ਗੁਰੂ ਤੇਗ ਬਹਾਦਰ ਜੀ ਕਾ ਹੁਕਮ ਹੈ ਤੁਹਾਡੇ ਸੀਸ ਲਗਣੇ ਹੈਂ......।

ਸ੍ਰੀ ਸਤਿਗੁਰੂ ਜੀ ਬਚਨ ਕੀਤਾ—"ਗੁਰੂ ਤੇਗ ਬਹਾਦਰ ਜੀ ਦਾ ਹੁਕਮ ਹੈ ਅਸੀਂ ਭੀ ਨਹੀਂ ਮੋੜ ਸਕਦੇ ਹਾਂ ਵਰੋਗੀ ਕੀ ਤਾਂ ਝੱਲ ਲਵਾਂਗੇ, ਤੇ ਅਕਾਲ ਪੁਰਖ ਕੀ ਨਹੀਂ ਝੱਲ ਹੁੰਦੀ। ਇਸ ਤੋਂ ਬਾਹਦ ਉਨ੍ਹਾਂ ਨੂੰ ਪ੍ਰਸ਼ਾਦਾ ਛਕਾਉਣ ਨੂੰ ਨਾਲ ਲਿਆਏ ਸੀ।

ਜਦੋਂ ਇਹ ਸਾਰੇ (ਬਾਬਾ ਜੀ ਦੇ ਨਾਲ ਹੀ) ਪ੍ਰਸ਼ਾਦਾ ਛਕਣ ਨੂੰ ਆਏ ਸੀ ਅਗੇ ਪੰਜ ਸਿਪਾਹੀਆਂ ਦੇ ਸਾਥ ਥਾਣੇਦਾਰ ਖੜਾ ਸੀ। ਸ੍ਰੀ ਸਤਿਗੁਰੂ ਜੀ ਬਚਨ ਕੀਤਾ "ਤੁਸੀਂ ਇਨ੍ਹਾਂ ਕੇ ਜਵਾਈ, ਤੇ ਇਹ ਤੁਹਾਡੇ ਜਮਾਈ ਹੈ। ਇਹ ਤੇਰਾਂ (੧੩) ਸਰੀਰ ਬੇਵੱਸ ਹੈ। ਮੇਰੇ ਕਹਿਣੇ ਮੈਂ ਨਹੀਂ ਹੈ। ਇਨ੍ਹਾਂ ਦਾ ਬੰਦੋਬਸਤ ਕਰੋ। ਤੁਸੀਂ ਜਾਣੋ ਕਹਿਣਾ ਨਹੀਂ ਇਤਲਾਹ ਨਹੀਂ ਦਿਤੀ। ਅਸਾਂ ਇਤਲਾਹ ਦੇਣੀ ਸੀ ਜੋ ਦੇ ਦਿਤੀ ਹੈ। (ਤਦ ਐਸਾ ਆਪਣੇ ਗੁਰੂ ਜੀ ਤੋਂ ਸੁਣ ਕੇ) ਬਾਬੇ ਜਵਾਹਰ ਸਿੰਘ ਬਚਨ ਕੀਤਾ—"ਕਿ ਐਵੇਂ ਰੌਲਾ ਪਾਂਵਦੇ ਹਨ, ਅਜੇ ਪਨੀਰੀ ਛੋਟੀ ਹੈ। ਕਚੇ ਧਾਗੇ ਨੂੰ ਵੱਟ ਦੇ ਦਿਤਾ ਹੈ, ਨੰਗੇ ਧੜ ਜਾਏ ਕੇ ਲੜਨਗੇ। ਕੋਈ ਸ਼ਸਤ੍ਰ ਵੀ ਨਹੀਂ ਹੈ ਇਨ੍ਹਾਂ ਦੇ ਕੋਲ! ਤਦ ਥਾਣੇਦਾਰ ਨੇ ਕਿਹਾ—"ਇਨ੍ਹਾਂ ਨੇ ਕੀ ਸਾਰਨਾ ਹੈ। ਭੰਗਾਂ ਪੀ ਕੇ ਜਕੜੇ ਮਾਰਦੇ ਹਨ। ਜੂਹ ਸੇ ਬਾਹਰ ਕਰ ਦਿਓ। ਇਥੇ ਨ ਰਹਿਣ, ਕਮਲੇ ਹਨ। ਇਨ੍ਹਾਂ ਕੀ ਕਰਨਾ ਹੈ?"

......ਨਾਮਧਾਰੀ ਇਤਿਹਾਸ ਸਫਾ ੩੯੪ ਮੁਤਾਬਕ ਪ੍ਰਸ਼ਾਦਾ ਛਕ ਕੇ ਇਹ ਜਥਾ ੧੩ ਜਨਵਰੀ ੧੮੭੨ ਨੂੰ ਭੈਣੀ ਤੋਂ ਚਲ ਕੇ ਲਾਟੋਂ, ਰਾਮਪੁਰ ਕਟਾਣੀ ਰਿਆਸਤ ਪਟਿਆਲੇ ਵਿਚ ਪੁਜਾ। (ਮਲੇਰ ਕੋਟਲੇ ਵਿਚ ਸਟੇਟ ਦਾ ਝਗੜਾ ਸੀ ਤੇ ਪ੍ਰਬੰਧ ਕੌਂਸਲ ਕਰਦੀ ਸੀ) ਫਿਰ ਇਥੋਂ ਚਲ (ਰਬੋਂ ਤੋਂ ਹੁੰਦਾ) ਮਲੋਦ ਪੁਜਾ। ਇਥੋਂ ਸਲਾਹ ਕੀਤੀ ਕਿ ਮਲੇਰ ਕੋਟੀਆਂ ਤੇ ਹੱਲਾ ਬੋਲਨ ਵੇਲੇ ਕੁਝ ਥੋੜੇ ਬਹੁਤ ਹਥਿਆਰ ਵੀ ਚਾਹੀਏ।

ਇਹ ਜਥਾ ਸਵਾ ਕੁ ਸੌ ਸਿੰਘਾਂ ਦਾ ਸੀ ਤੇ ਦਾਤਨਾਂ ਕਟਨ ਵਾਲੇ ਤਿੰਨ ਟਕੂਏ ਹੀ ਇਹਨਾਂ ਪਾਸ ਸਨ। ਸੀਸ ਜੋ ਭੇਟ ਚੜ੍ਹਾਵਨੇ ਹਨ ਤਾਂ ਦੋ ਚਾਰ ਵਿਰੋਧੀਆਂ ਨੂੰ ਮਾਰ ਮੁਕਾਣਾ ਵੀ ਜ਼ਰੂਰੀ ਹੈ।

ਇਹ ਜਥਾ ਦਿਨ ਛੁਪੇ ਮਲੌਦ ਪੁਜਾ। ਸ: ਬਚਨ ਸਿੰਘ ਨੇ ਆਉ ਭਗਤ ਕੀਤੀ। ਜਥੇ ਨੇ ਹਥਿਆਰਾਂ ਦੀ ਮੰਗ ਕੀਤੀ। ਉਸ ਨੇ ਇਨਕਾਰ ਕੀਤਾ, ਤਦ ਜਥੇ ਵਿਚੋਂ ਇਕ ਮਾਈ ਰਾਮ ਕੌਰ ਨੇ ਸ: ਬਚਨ ਸਿੰਘ ਨੂੰ ਟਕੂਆ ਮਾਰ ਕੇ ਜ਼ਖਮੀ ਕਰ ਦਿਤਾ। ਉਹ ਭਜ ਕੇ ਅੰਦਰ ਜਾਇ ਵੜਿਆ, ਕਿਲੇ ਵਿਚ ਰੌਲਾ ਪੈ ਗਿਆ ਤੇ ਲੋਕੀਂ ਜਮ੍ਹਾਂ ਹੋ ਗਏ। ਨਾਮਧਾਰੀਆਂ ਨੇ ਸਰਦਾਰ ਮਲੌਦ ਦੀ ਇਕ ਤਲਵਾਰ ਅਤੇ ਉਸ ਦੇ ਨੌਕਰ ਜੈਮਲ ਸਿੰਘ ਦੀ ਇਕ ਦੁਨਾਲੀ ਬੰਦੂਕ ਅਤੇ ਤਬੇਲੇ ਵਿਚੋਂ ਇਕ ਘੋੜਾ ਅਤੇ ੨ ਘੋੜੀਆਂ ਹੀ ਮਿਲੀਆਂ ਸਨ। ਇਧਰ ਸਰਦਾਰ ਦੇ ਬੰਦਿਆਂ ਨੇ ਕਿਲੇ ਉਤੇ ਖਤਰੇ ਦਾ ਨਗਾਰਾ ਵਜਾਇਆ ਤੇ ਨੇੜੇ ਤੇੜੇ ਦੇ ਲੋਕੀਂ ਦੌੜਦੇ ਆਏ ਸੀ।

ਇਸ ਵੇਲੇ ਦੋ ਤਰਫੀ ਜੰਮ ਕੇ ਲੜਾਈ ਹੋਈ। ਸਰਦਾਰ ਦੇ ਦੋ ਆਦਮੀ (ਬੂਟਾ ਤੇਲੀ ਕੋਚਵਾਨ ਸੀ ਅਤੇ ਮੁਨਸ਼ੀ ਨਬੀ ਬਖਸ਼) ਮਾਰੇ ਗਏ ਸੀ। ਸਰਦਾਰ ਬਚਨ ਸਿੰਘ ਤੇ ਇਕ ਹੋਰ ਬੰਦਾ ਜ਼ਖਮੀ ਵੀ ਹੋਏ। ਇਸੇ ਤਰ੍ਹਾਂ ਵਿਹਨਾਂ ਮਸਤਾਨੇ ਸ਼ਹੀਦੀ ਜਥੇ ਦੇ ਦੋ ਬੰਦਿਆਂ (ਹੰਡਿਆਏ ਦੇ ਅਤਰ ਸਿੰਘ ਅਤੇ ਨੰਦ ਸਿੰਘ) ਨੇ ਆਪਣੇ ਨਾਲ ਸੀਨਾਜ਼ੋਰੀ ਦੇ "ਧਰਮ ਹੇਤ" ਲੜਦੇ ਹੋਇਆਂ ਇਥੇ ਹੀ ਸ਼ਹੀਦੀ ਪ੍ਰਾਪਤ ਕੀਤੀ।

ਨੋਟ :—ਕਿਸੇ ਸਿਪਾਹੀ ਨੂੰ ਵਰਦੀ ਵਿਚ ਵੇਖ ਕੇ ਮਾਂ ਨੇ ਅਸੀਸ ਦਿਤੀ ਬਚਿਆ ਤੈਨੂੰ ਛੇਤੀ ਹੀ ਰੱਬ ਥਾਣੇਦਾਰ ਬਣਾਏ। ਤਾਂ ਬਰਖੁਰਦਾਰ ਨੇ ਜਵਾਬ ਦਿਤਾ—ਜੇ ਮੈਂ ਥਾਣੇਦਾਰ ਬਣਿਆ ਤਦ ਪਹਿਲੇ ਤੈਨੂੰ ਹੀ ਹਵਾਲਾਤੇ ਡਕਾਂਗੇ। ਇਹ ਕਹਾਵਤ ਹੈ, ਪਰ ਅਜ ਦੇ ਨਾਮਧਾਰੀ ਸ਼ਹੀਦੀ ਜਥੇ ਨੇ ਆਪਣੇ ਹੀ ਸਿਖ ਸਰਦਾਰ ਨਾਲ ਜ਼ੋਰ ਅਜ਼ਮਾਈ ਵਿਚ ਦੋ ਬੰਦੇ ਉਹਨਾਂ ਦੇ ਮਾਰੇ, ਹਥਿਆਰ ਤੇ ਤਿੰਨ ਜਾਨਵਰ ਲੁਟ ਲੈ ਗਏ ਤੇ ਮਹੂਰਤ ਵਜੋਂ ਦੋ ਸਿੰਘ ਆਪਣੇ ਵੀ ਸ਼ਹੀਦ ਕਰਾ ਕੇ ਗਿਆਨੀ ਗਿਆਨ ਸਿੰਘ ਦੀ ਇਸ ਲਿਖਤ ਤੇ ਪੂਰਾ ਅਮਲ ਕਰ ਦਸਿਆ ਨੇ—

ਜ਼ਾਤ ਪਾਤ ਸਿੰਘਨ ਕੀ ਦੰਗਾ ॥ ਦੰਗਾ ਹੀ ਇਨ ਗੁਰ ਤੇ ਮੰਗਾ ॥

## ਮਲੇਰ ਕੋਟਲੇ ਉਤੇ ਚੜ੍ਹਾਈ

ਮੈਨੂੰ ਇਸ ਪੁਸਤਕ ਵਿਚ ਨਾਮਧਾਰੀਆਂ ਦੀਆਂ ਭਾਵਨਾਵਾਂ ਉਤੇ ਬਹਿਸ ਕਰਨ ਦੀ ਲੋੜ ਨਹੀਂ ਸੀ ਕੇਵਲ ਇਸ ਵਾਸਤੇ ਪੁਸਤਕ ਦਾ ਅਕਾਰ ਵਧਾਇਆ ਕਿ ਜਿਸ ਵਿਅਕਤੀ ਨੂੰ ਨਾਮਧਾਰੀ ਦਰਬਾਰ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਅਤੇ ਬਾਰਵਾਂ ਸਤਿਗੁਰੂ ਮੰਨਦੇ ਪਏ ਹਨ, ਉਹਨਾਂ ਦੇ ਸੋਚੇ ਸਮਝੇ ਕੁਝ ਸਮਾਚਾਰ ਦਸੀਏ ਕਿ ਕਿਵੇਂ ਉਹ ਬੁੱਚੜਾਂ ਨੂੰ ਮਾਰਨ ਵਾਲਿਆਂ ਨੂੰ ਅਸ਼ੀਰਵਾਦ ਵੀ ਦਿੰਦੇ। ਫਿਰ ਬਿਆਨ ਦਿੰਦਿਆਂ ਕਹਿੰਦੇ ਸਾਨੂੰ ਕੋਈ ਖਬਰ ਨਹੀਂ ਹੈ ਆਪੇ ਵਢਦੇ ਪਏ ਹਨ।

ਫਿਰ ਸ਼ਹੀਦੀ ਜਥੇ ਦੇ ਹੀਰਾ ਸਿੰਘ ਨੂੰ ਕੰਨਾਂ ਵਿਚ ਕਹਿੰਦੇ ਅਤੇ ਕੰਢੇ ਉਤੇ ਥਾਪੜੀ ਵੀ ਦਿੰਦੇ ਹਨ ਤੇ ਹੀਰਾ ਸਿੰਘ ਨੂੰ ਆਖਦੇ—"ਪੈਰ ਮੋਸ ਦੇਣੀ" ਤੇ ਹੀਰਾ ਸਿੰਘ ਮੰਨਦਾ ਹੋਇਆ ਤਿੰਨ ਵੇਰ ਸਤਿ ਬਚਨ ਕਰਦਾ ਜੋ ਲੋਕਾਂ ਨੇ ਸੁਣਿਆ ਤੇ ਲਿਖਤ ਵਿਚ ਆਇਆ ਹੈ। ਫਿਰ ਇਹੋ ਬਾਬਾ ਜੀ—ਥਾਣੇਦਾਰ ਨੂੰ ਆਖਦੇ ਕਿ ਇਹ ਸਾਡੀ

ਮੰਨਦੇ ਨਹੀਂ। ਇਹ ੧੩ ਸਰੀਰ ਬੇਵਸ ਹੈਨ। ਇਹਨਾ ਦਾ ਬੰਦੋਬਸਤ ਕਰੋ। ਤੁਸੀਂ ਜਾਣੋ, ਕਹਿਣਾ ਨਹੀਂ ਕਿ ਇਹ ਇਤਲਾਹ ਨਹੀਂ ਦਿਤੀ।

ਨੋਟ :—ਪ੍ਰਤੱਖ ਹੈ ਕਿ ਆਪਣੇ ਬਚਾਉ ਦੀ ਖਾਤਰ ਉਹਨਾਂ ੧੩ ਸਿੰਘਾਂ ਨੂੰ ਪੁਲਸ ਹਵਾਲੇ ਵੀ ਕਰਦੇ ਹਨ।

ਕੀ ਫਿਰ ਗੁਰੂ ਤੇਗ ਬਹਾਦਰ ਸਾਹਿਬ ਦੇ ਸਾਹਿਬਜ਼ਾਦੇ (ਗੁਰੂ ਗੋਬਿੰਦ ਸਿੰਘ ਜੀ) ਪਾਸੋਂ ਇਹ ਕਦੀ ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਪੁਲਸ ਦੇ ਥਾਣੇਦਾਰ ਨੂੰ ਕਹਿੰਦੇ ਕਿ ਇਹ ਸਾਡੀ ਮੰਨਦੇ ਨਹੀਂ ਤੁਸੀਂ ਇਹਨਾਂ ਦਾ ਬੰਦੋਬਸਤ ਕਰੋ। ਤੇ ਅਸੀਂ ਇਤਲਾਹ ਦੇਣੀ ਸੀ ਦੇ ਦਿਤੀ ਹੈ। ਸੋ ਆਪੇ ਥਾਪੜੀ ਦੇਣੀ ਅਤੇ "ਪੰਜ ਮੇਸ ਦੇਣ" ਦੀ ਤਾਕੀਦ ਕਰਨੀ। ਫਿਰ ਕੰਨਾਂ ਵਿਚ ਜੋ ਕੁਝ ਹੋਰ ਕਿਹਾ ਹੋਣਾ, ਕਿਸੇ ਸੁਣਿਆ ਹੀ ਨਹੀਂ ਸੀ। ਫਿਰ ਇਹਨਾਂ ਦੇ ਐਸੇ ਗੁਪਤ ਤੇ ਪ੍ਰਗਟ ਹੁਕਮਾਂ ਨੂੰ "ਤਿੰਨ ਵੇਰ ਸਤਿ ਬਚਨ" ਨਾਲ ਪ੍ਰਵਾਨ ਕਰਨ ਵਾਲੇ ਹੁਕਮੀ ਲੋਕਾਂ ਬਾਬਤ ਐਸਾ ਕਹਿਣਾ ਕਿ ਸਾਡੀ ਮੰਨਦੇ ਨਹੀਂ, ਅਤੇ ਖ਼ੁਦ ਪੁਲਸ ਨੂੰ ਵੰਗਾਰਨਾ ਕਿ ਇਹਨਾਂ ਨੂੰ ਸੰਭਾਲੋ! ਐਸੀ ਕਥਨੀ ਤੇ ਕਰਣੀ ਸਿਰਫ ਨਾਮਧਾਰੀ ਮਨੌਤਾ ਦੇ (ਗੁਰੂ ਗੋਬਿੰਦ ਸਿੰਘ) ਬਾਬਾ ਰਾਮ ਸਿੰਘ ਰੂਪ ਤੋ ਹੋ ਸਕਦੀ ਹੈ। ਹੋਰ ਕਿਸੇ ਗੁਰੂ ਕਹਾਵਣ ਵਾਲੇ ਤੋਂ ਨਹੀਂ।

ਬਾਬਾ ਰਾਮ ਸਿੰਘ ਜੀ ਦੀ ਅਸ਼ੀਰਵਾਦ (ਥਾਪੜੀ) ਪਾ ਕੇ ਇਸ ਸ਼ਹੀਦੀ ਜਥੇ ਨੇ ਧਰਮ ਰਖਿਆ ਹਿਤ ਪਹਿਲੇ ਮਲੋਦ ਆ ਕੇ 'ਰੀਹਰਸੈਲ' ਕੀਤੀ। ਫਿਰ ਇਥੋਂ ਚਾਲੇ ਪਾ ਕੇ ੧੫ ਜਨਵਰੀ ਨੂੰ ਇਹ ਜਥਾ ਸਵੇਰੇ ਹੀ ਦਾਬੀ ਦਰਵਾਜ਼ੇ ਫਸੀਲ ਦੇ ਬਾਹਰ ਪਹੁੰਚ ਗਿਆ। ਇਸੇ ਦਰਵਾਜ਼ੇ ਦੇ ਅੰਦਰ ਕੋਤਵਾਲੀ ਸੀ ਤੇ ਇਸੇ ਮਹੱਲੇ ਵਿਚ ਬੁਚੱੜ ਵੀ ਰਹਿੰਦੇ ਸਨ। ਇਸ ਜਗ੍ਹਾ ਤੋਂ ਕੁਝ ਫਸੀਲ ਟੁਟੀ ਹੋਈ ਸੀ। ਕੁਝ ਨਾਮਧਾਰੀਆਂ ਨੇ ਅੰਦਰ ਜਾ ਕੇ ਵਡੇ ਫਾਟਕ ਖੋਹਲ ਦਿਤੇ, ਸਾਰਾ ਜਥਾ ਅੰਦਰ ਹੋ ਕੇ ਜੈਕਾਰੇ ਗਜਾਂਦਾ ਕਿਲੇ ਦੇ ਚੌਕ ਵਿਚ ਕੋਤਵਾਲੀ ਸਾਹਮਣੇ ਆਇਆ। ਸਰਦਾਰ ਹੀਰਾ ਸਿੰਘ ਤੇ ਲਹਿਣਾ ਸਿੰਘ ਘੋੜਿਆਂ ਤੇ ਸਵਾਰ ਹਥਾਂ ਵਿਚ ਤਲਵਾਰਾਂ ਤੇ ਜਥੇ ਦੀ ਅਗਵਾਈ ਕਰਦੇ ਸਨ। ਇਤਿਹਾਸ ੩੯੧ ਸਫੇ ਅਨੁਸਾਰ ਉਥੇ ਚੌਕ ਵਿਚ ਡਟ ਕੇ ਲੜਾਈ ਹੋਈ। ਕੋਤਵਾਲ ਅਹਿਮਦ ਖਾਨ ਤੇ ਉਸ ਦੇ ੭ ਸਿਪਾਹੀ ਮਾਰੇ ਗਏ। ਮੁਨਸ਼ੀ ਹਾਫਜ਼ ਅਲੀ ਸ਼ੇਰ ਅਤੇ ਗੌਂਡਾ ਸਿਪਾਹੀ ਸਖਤ ਫਟੜ ਹੋਏ। ਹੋਰ ਵੀ ਬਹੁਤ ਸਾਰਿਆਂ ਨੂੰ ਸੱਟਾ ਲਗੀਆਂ।

ਘੰਟੇ ਸਵਾ ਘੰਟੇ ਦੀ ਲੜਾਈ ਮਗਰੋਂ ਜਿਥੇ, ਜਥੇ ਵਾਲਿਆਂ ਦੇ ਵੀ ੭ ਬੰਦੇ ਮਰੇ ਸਨ ਉਥੋ ਵਾਪਸ ਜਾਂਦੇ ਹੋਇਆਂ ਆਪਣੇ ਸਭ ਫਟੜਾਂ ਨੂੰ ਸੰਭਾਲਿਆ ਸੀ। ਪਰ ਵਜ਼ੀਰ ਸਿੰਘ ਅਤੇ ਇਕ ਹੋਰ ਸਜਣ ਪਿਛੇ ਹੀ ਕਿਧਰੇ ਲੜਦੇ ਭਿੜਦੇ ਰਹਿ ਗਏ ਸਨ। ਇਹਨਾਂ ਨੂੰ ਕੋਟਲੇ ਵਾਲਿਆਂ ਨੇ ਫੜ ਲਿਆ ਸੀ। ਚੋਖਾ ਦਿਨ ਚੜੇ ਜਥਾ ਕੋਲੋਂ ਵਾਲੇ ਦਰਵਾਜ਼ੇ ਤੋਂ ਸ਼ਹਿਰ ਤੋਂ ਬਾਹਰ ਹੋ ਗਿਆ ਸੀ। ਫਟੜਾਂ ਦੀ ਸੰਭਾਲ ਕੀਤੀ ਅਤੇ ਪਰਸ਼ਾਦੇ ਛਕਣ ਵਾਸਤੇ ਪਿੰਡ ਰੜ ਵਿਚ ਪੁਜਣ ਦੀ ਸਲਾਹ ਕੀਤੀ। ਇਥੋਂ ਦੋ ੬ ਸਿੰਘ ਸ਼ਹੀਦੀ ਜਥੇ ਦੇ ਨਾਲ ਸਨ—ਸ਼ਬਦ ਕੀਰਤਨ ਕਰਦੇ ਜੈਕਾਰੇ ਗਜਾਂਦੇ ਰੜ ਪਿੰਡ ਨੂੰ ਚਾਲੇ ਪਾਏ ਦਿਤੇ ਸਨ।

ਕੋਟਲੇ ਦੇ ਅਫਸਰ ਵੀ ਤੇ ਹੋਰ ਕਈ ਘੋੜ ਸਵਾਰ ਜਥੇ ਦੇ ਪਿਛੇ ਪਿਛੇ ਹੀ ਰੜ ਪਿੰਡ ਵਲ ਤੁਰੇ ਆ ਰਹੇ ਸਨ। ਪਿੰਡ ਬੂਦਨ ਦੇ ਨੇੜੇ ਥੋੜੀ ਹਥੋ ਪਾਈ ਲੜਾਈ ਵਿਚ ਇਕ ਮੁਸਲਮਾਨ ਅਫਸਰ-ਮੋਇਆ ਤੇ ਸਰਦਾਰ ਹੀਰਾ ਸਿੰਘ ਦੀ ਬਾਂਹ ਕਟੀ ਗਈ ਸੀ। ਪਟੀ ਬੰਨ ਕੇ ਹੀਰਾ ਸਿੰਘ ਨੇ ਫੇਰ ਅਗਵਾਈ ਕੀਤੀ। ਫਿਰ ਅਗੇ ਜਾਂਦੇ ਹੋਇਆਂ ਇਕ ਤੁਰਕ ਨੇ ਬੰਦੂਕ ਦੀ ਗੋਲੀ ਚਲਾਈ ਜੋ ਹੀਰਾ ਸਿੰਘ ਦੀ ਹਥੇਲੀ ਵਿਚੋਂ ਲੰਘ ਕੇ ਘੋੜੇ ਦੇ ਪੇਟ ਵਿਚੋਂ ਨਿਕਲੀ ਤੇ ਘੋੜਾ ਉਥੇ ਹੀ ਮਰ ਗਿਆ ਸੀ। ਅਗੇ ਨੇੜੇ ਹੀ ਇਕ ਥੇਹ ਸੀ ਇਥੇ ਪੁਜ ਕੇ ਹੀਰਾ ਸਿੰਘ ਨੇ ਬਰਛੀ ਗਡ ਦਿਤੀ ਤੇ ਆਖਿਆ ਬਸ ! ਇਤਨਾ ਹੀ ਬਾਪੂ ਦਾ ਹੁਕਮ ਸੀ। ਅਸੀਂ ਤਾਂ ਬਰਤਾਏ ਦਿਤਾ ਅਗੇ ਕਖ ਨਹੀਂ ਤੋੜਨਾ...(ਨਾਮਧਾਰੀ ਇਤਿਹਾਸ ਸਫਾ ੩੯੩) ਅਗੇ ਹੋਰ ਪੜ੍ਹੋ—

> "ਇਥੋਂ ਤੁਰਦੇ ਸਿੰਘ ਰੜ ਆਏ। ਤਲਵਾਰਾਂ ਕੀ ਛੋਰੀ ਲਗਾਏ ਦਿਤੀ। ਹੀਰਾ ਸਿੰਘ ਨੇ ਕਿਹਾ, ਸਾਨੂੰ ਜਿਤਨਾ ਹੁਕਮ ਸੀ "ਗੁਰੂ ਤੇਗ ਬਹਾਦਰ ਜੀ ਕਾ ਸੀ" ਉਤਨਾ ਬਰਤਾਇ ਦੀਆ ਹੈ। ਹੁਣ ਚਲੇ ਜਾਉ ਘਰਾਂ ਨੂੰ ਜਿਨ ਜਾਣਾ ਹੈ। ਜਿਸ ਸੀਸ ਦੇਣਾ ਹੈ ਸੋ ਰਹੋ। ਅਸਾਂ ਤਾਂ ਸੀਸ ਦੇਣਾ ਹੈ ਸੋ ਦੇਵਾਂਗੇ। ਤੁਸੀਂ ਚਲੇ ਜਾਓ। ਹੁਣ ਭਗਉਤ ਨਹੀਂ ਉਠਾਵਣਾ ਹੈ। ਜਿਵੇਂ ਹੋਵੇਗੀ— ਤਿਵੇਂ ਦੇਖੀ ਜਾਏਗੀ। ਸਿੰਘਾਂ ਨੂੰ ਹੀਰਾ ਸਿੰਘ ਨੇ ਬੋਲਾ ਕੀਤਾ ਜਿਹਨਾਂ ਨੂੰ ਜਿੰਦ ਪਿਆਰੀ ਹੈ ਹੁਣ ਭੀ ਚਲੇ ਜਾਉ (ਸਤਿਗੁਰੂ ਬਿਲਾਸ ਸਫਾ ੪੧੬ ਮੁਤਾਬਕ)
>
> ਨਾਮਧਾਰੀ ਇਤਿਹਾਸ ਸਫਾ ੩੯੩-੯੪ ਤੋਂ ਲਿਖਿਆ ਤੇ ਪਾਠਕਾਂ ਦੇ ਪੇਸ਼ ਕੀਤਾ ਹੈ।

ਇਥੇ ਦਾਸ (ਲੇਖਕ) ਨੇ ਆਪਣੀ ਕੋਈ ਰਾਏ ਨਹੀਂ ਦੇਣੀ ਕਿ ਪਾਠਕਾਂ ਦੇ ਆਪਣੇ ਆਪਣੇ ਵਿਚਾਰ ਹੋ ਸਕਦੇ ਹਨ। ਅਸੀਂ ਇਤਨਾ ਸਮਝਿਆ ਹੈ ਕਿ ਪਰਾਏ ਘਰ ਲੱਗੇ ਤਾਂ ਬੈਸੰਤਰ ਦੇਵਤਾ, ਆਪਣੇ ਘਰ ਨੂੰ ਸਾੜੇ ਤਾਂ ਅੱਗ। ਇਸ ਜਥੇ ਦੇ ਜਥੇਦਾਰ ਦੀ ਬਾਂਹ ਕਟੀ ਗਈ, ਹਥੇਲੀ ਵਿੰਨੀ ਗਈ ਤਾਂ ਜੋਸ਼ ਠੰਡਾ ਹੋਇ ਨਾਲ ਦਸਿਆ—ਇਤਨਾ ਹੀ ਹੁਕਮ ਸੀ। ਭਾਵ ਗੁਰੂ ਤੇਗ ਬਹਾਦਰ (ਜੋ ਵੈਰਾਗ ਦੀ ਮੂਰਤ ਸਨ) ਉਹ ਨਾਲ ਹੋ ਕੇ ਹੁਕਮ ਕਰਦੇ ਤੇ ਬੇਗੁਨਾਹਾਂ ਨੂੰ ਮਰਵਾਂਦੇ ਰਹੇ, ਕਿਵੇਂ ਮੰਨੀਏ ?

ਇਸ ਵੇਰੀ ਇਸ ਜਥੇ ਦੀ ਇਹ ਵਡੀ ਖੂਬੀ ਦੀ ਗੱਲ ਸੀ ਕਿ ਰੜ ਪਿੰਡ ਤੋਂ ਪ੍ਰਸ਼ਾਦਾ ਛਕੇ ਮਗਰੋਂ ਇਹਨਾਂ ਖੁਦ ਜਾ ਕੇ (ਕੂਕਾਂ ਮਾਰਦੇ ਹੋਇਆਂ ਆਖਿਆ—ਅਸੀਂ ਮਰਨਾ ਚਾਹੁੰਦੇ ਹਾਂ) ਜਾ ਕੇ "ਸ਼ੇਰ ਪੁਰ" ਥਾਣੇ ਵਿਚ ਇਕਬਾਲੀ ਹੋਏ ਤੇ ਆਪਣੇ ਆਪ ਨੂੰ ਗ੍ਰਿਫਤਾਰ ਕਰਾ ਲਿਆ ਸੀ। ਜਿਸ ਤੇ ਕੋਈ ਹੋਰ ਬੇਗੁਨਾਹ ਨਾ ਹੀ ਫੜਿਆ ਗਿਆ ਤੇ ਨਾ ਹੀ ਸ਼ੱਕ ਵਿਚ ਕਿਸੇ ਨੂੰ ਪੁਲਸ ਵਲੋਂ ਮਾਰ-ਕੁਟਾਪਾ ਚਾੜਿਆ ਸੀ।

ਥੋਹੜੇ ਚਿਰ ਦੀ ਕਾਗਜ਼ੀ ਤਫਤੀਸ਼ ਨੂੰ ਪੂਰੇ ਕਰਕੇ ੧੭ ਜਨਵਰੀ ਨੂੰ ੪੯ ਸਿੰਘਾਂ ਨੂੰ ਕੋਟਲੇ ਵਿਚ ਹੀ ਤੋਪਾਂ ਨਾਲ ਉਡਾ ਦਿਤਾ ਗਿਆ ਸੀ। ਜੋ ਪਹਿਲੇ ਹੀ ਥੀੜ

ਰਖਾਈਆਂ ਸਨ । ਇਕ ਸਿੰਘ ਨੇ ਜਥੇ ਵਿਚੋਂ ਜਾ ਕੇ ਤੋਪ ਅਗੋਂ ਨਿਕਲ ਕੇ ਅੰਗਰੇਜ਼ ਅਫਸਰ ਦੀ ਗਿੱਚੀ ਜਾਏ ਘੇਪੀ, ਉਸ ਦਾ ਟੋਪ ਉਤਰ ਗਿਆ ਤੇ ਨਾਲ ਖਲੋਤੇ ਸਿਪਾਹੀ ਨੇ ਤਲਵਾਰ ਨਾਲ ਸਿੰਘ ਨੂੰ ਕਤਲ ਕਰ ਦਿਤਾ ਸੀ । ਇਸ ਤਰ੍ਹਾਂ ਨਾਲ ੫੦ ਗਿਣਤੀ ਦੇ ਸਨ, ਤੇ ਬਾਕੀ ਦੇ ਹੋਰ ੧੬ ਨੂੰ ਅਫਸਰਾਂ ਵਿਚ ਚਿਠੀ ਪਤਰ ਦੀ ਵਿਥ ਕਾਰਨ ੧੮ ਜਨਵਰੀ ਨੂੰ (ਇਹਨਾਂ ਤਾਈਂ ਵੀ) ਤੋਪ ਅਗੇ ਉਡਾ ਦਿਤਾ ਗਿਆ ਸੀ ।

ਨੋਟ :—ਗੁਰੂ ਅਰਜਨ ਦੇਵ ਦੀ ਸ਼ਹੀਦੀ ਦਾ ਹੁਕਮ ਜਹਾਂਗੀਰ ਨੇ ਇਸ ਵਾਸਤੇ ਦਿਤਾ ਸੀ ਕਿ ਇਹਨਾਂ ਵਲੋਂ ਚਲਾਈ ਕੁਫਰ ਦੀ ਦੁਕਾਨ ਬੰਦ ਕਰਵਾ ਦੇਵੇ । ਉਹ ਗੁਰੂ ਜੀ ਦੇ ਧਰਮ ਨੂੰ ਕੁਫਰ ਦਾ ਪ੍ਰਚਾਰ ਸਮਝਦਾ ਸੀ । ਪਰ ਬੰਦ ਨਹੀਂ ਕਰ ਸਕਿਆ । ਗੁਰੂ ਤੇਗ ਬਹਾਦਰ ਨੇ ਹਿੰਦੂ ਧਰਮ ਰਖਿਆ ਹਿਤ ਸ਼ਹੀਦੀ ਪ੍ਰਾਪਤ ਕੀਤੀ ਸੀ । ੧੯੪੭ ਦੀ ਦੇਸ਼ ਵੰਡ ਵੇਲੇ ਹਜ਼ਾਰਾਂ ਸਿੰਘ ਸਿੰਘਣੀਆਂ ਤੇ ਬਚਿਆਂ ਨੇ ਮਰਨਾ ਕਬੂਲ ਕੀਤਾ, ਮੁਸਲਮਾਨ ਹੋਣਾ ਨਹੀਂ ਮੰਨਿਆ ਸੀ । ਪਰ ਮਲੇਰ ਕੋਟਲੇ ਵਿਚ ਇਤਨੀ ਵਡੀ ਕੁਰਬਾਨੀ ਦੇ ਕੇ—ਕੀ ਧਰਮ ਦੀ ਰਖਿਆ ਕਰ ਵਿਖਾਈ ? ਬੁਚੜਾਂ ਥੋੜਿਆਂ ਨੂੰ ਮਾਰਿਆ ਤੇ ਦਸ ਗੁਣਾਂ ਆਪ ਮਾਰੇ ਗਏ, ਫਿਰ ਵੀ ਪੰਜਾਬ ਵਿਚੋਂ ਗਊ-ਕਸ਼ੀ ਤਾਂ ਬੰਦ ਨਹੀਂ ਕਰਾ ਸਕੇ ਸੀ, ਅਤੇ ਇਸ ਵੇਲੇ ਕੋਈ ਪਾਕਿਸਤਾਨੀ ਘਲੂਘਾਰੇ ਵਾਂਗ ਹਿੰਦੂਆਂ ਸਿਖਾਂ ਨੂੰ ਜ਼ਬਰਨ ਨਾ ਮੁਸਲਮਾਨ ਬਣਾ ਰਿਹਾ ਸੀ ਕਿ ਧਰਮ ਬਚਾਣ ਖਾਤਰ ਖੁਦ ਮਰਨਾ ਚਾਹੁੰਦੇ ਸੀ । ਇਹ ਤਾਂ ਆਪਣੇ ਆਪ ਨੂੰ ਮਾਰ ਮੁਕਾਵਨ ਦਾ ਇਹ ਰਾਹ ਲਭਿਆ ਸੀ, ਧਰਮ ਰਾਖੀ ਦਾ ਇਸ ਵਿਚ ਕੀ ਸੀ ?

ਮਲੋਦ ਦੀ ਘਟਨਾ ਪਿਛੋਂ ਮਿਸਟਰ ਕਾਵਨ (ਡਿਪਟੀ ਕਮਿਸ਼ਨਰ) ਨੇ ਬਾਬਾ ਰਾਮ ਸਿੰਘ ਨੂੰ ਮਲੋਦ ਬੁਲਾਇਆ ਸੀ, ਆਪ ਜੀ ਪੰਜ ਸਾਥੀਆਂ ਸਮੇਤ ੧੬ ਜਨਵਰੀ ਨੂੰ ਮਲੋਦ ਪਹੁੰਚੇ ਸਨ । ਇਕ ਪਹਿਰ ਦੇ ਕਰੀਬ ਡਿਪਟੀ ਕਮਿਸ਼ਨਰ ਨਾਲ ਅਤੇ ਪੁਲਸ ਕਪਤਾਨ ਨਾਲ ਗਲਾਂ ਬਾਤਾਂ ਹੋਈਆਂ ਤੇ ਸ਼ਾਮ ਨੂੰ ਸਿਹਾੜ ਵਾਪਸ ਆਏ ਤੇ ਭਾਈ ਬੇਲਾ ਸਿੰਘ ਨਾਮਧਾਰੀ ਦੇ ਘਰ ਡੇਰਾ ਕੀਤਾ । ਦੂਜੇ ਦਿਨ ਸਵੇਰੇ ਕੋਈ ਪੰਜ ਵਜੇ ਦੇ ਕਰੀਬ ਅਜੇ ਸਿਆਤ ਵਿਚ ਸਨ--ਜਦੋਂ ਕੋਟਲੇ ਵਿਚ ਸਿੰਘਾਂ ਨੂੰ ਤੋਪ ਨਾਲ ਉਡਾ ਰਹੇ ਸਨ ਤਦ ਪਹਿਲੀ ਤੋਪ ਦੇ ਚਲਣ ਦੀ ਆਵਾਜ਼ ਆਈ ਤਾਂ ਬਾਬਾ ਜੀ ਨੇ ਬਚਨ ਕੀਤਾ— "ਚੜ ਗਏ ਹੈਂ—ਨਹੀਂ ਤੇ ਬੇਸਿਦਕੇ ਹੋਣਾ ਪੈਂਦਾ ।"

## ਸਿਹਾੜ ਤੋਂ ਫੇਰ ਭੈਣੀ ਬਾਬਾ ਜੀ ਆਏ

ਭੈਣੀ ਆਇ ਕੇ ਹੁਕਮ ਦਿਤਾ ਕਿ ਸਭ ਸਿੰਘ ਘਰਾਂ ਨੂੰ ਚਲੇ ਜਾਓ । ਤੇਜੀ ਹੋਇਕੇ ਬਚਨ ਕੀਤਾ—ਚਲੋ ਜਾਓ ਛੇਤੀ ਹੀ ਘਰਾਂ ਨੂੰ ! ਜਿਹੜਾ ਇਥੇ ਰਹੇਗਾ ਔਖਾ ਹੋਇਗਾ । ਇਥੇ ਖਵਰੇ ਕਿਵੇਂ ਬਰਤਨੀ ਹੈ । ਇਸੇ ਵੇਲੇ ਚਾਰ ਸਵਾਰਾਂ ਨੂੰ ਨਾਲ ਲੈ ਕੇ ਇਕ ਥਾਣੇਦਾਰ ਰਾਮਦਾਸਪੁਰੇ ਆਇਆ । ਇਸ ਨੇ ਕਿਹਾ—ਆਪ ਕੋ ਲੁਧਿਆਣੇ ਯਾਦ ਕੀਤਾ ਹੈ—ਤਦ ਆਪ ਨੇ ਬਚਨ ਕੀਤਾ-(ਨਾਮਧਾਰੀ ਇਤਿਹਾਸ ਸਫਾ ੬੯੫ ਮੁਤਾਬਕ) ਸਾਨੂੰ ਕੋਈ ਭੰਗੀ ਵੀ ਸਦਣ ਆਉਂਦਾ ਤੁਰ ਪੈਣਾ ਸੀ । ਫਿਰ ਗੱਡ ਪਰ ਸਵਾਰ ਹੋ ਕੇ

ਬੈਠੇ, ਚਾਰ ਸਿੰਘ ਹੋਰ ਨਾਲ ਸੂਬੇ ਵੀ ਸਨ। ਬਾਕੀ ਦਿਆਂ ਨੂੰ ਰੋਕ ਦਿਤਾ—ਆਖਿਆ ਅਗੋਂ ਨਾ ਜਾਓ। ਸਵਾ ਗਿਆਰਾਂ ਰੁਪਏ ਕਾ ਕੜਾਹ ਪ੍ਰਸ਼ਾਦ ਕਰਾ ਕੇ ਬਰਤਾ ਦੇਣਾ ਤੇ ਘਰੋਂ ਘਰੀਂ ਚਲੇ ਜਾਣਾ। ਪਾਠ ਕਰਨਾ ਜਪੁ ਸਾਹਿਬ ਕਾ ਜਾਂ ਮਾਲਾ ਫੇਰਨੀ। ਸਵੈਂ ਨਾ ਕੋਈ। ਇਸ ਤਰ੍ਹਾਂ ਅਰਦਾਸਾ ਸੋਧਿਆ ਤੇ ਕੰਬਲੀ ਵਲੇਟ ਕੇ ਗਡੇ ਵਿਚ ਬੈਠੇ ਤੇ ਚਲ ਪਏ ਸੀ।"

ਆਪ ਦੇ ਨਾਲ ਗੱਡੇ ਵਿਚ ਬੈਠੇ ਚਾਰ ਸਿੰਘ ਸਨ। ਲੁਧਿਆਣੇ ਆ ਕੇ ਡਾਕ ਬੰਗਲੇ ਪੁਜੇ—ਤਿੰਨ ਸਿੰਘ ਨਾਲ ਦੇ ਬਾਹਰ ਬਿਠਾਇ ਕੇ ਗੱਡਾ ਮੋੜ ਭੇਜਿਆ ਤੇ ਆਪ ਜੀ ਮਿਸਟਰ ਫੋਬ ਸਾਇਬ ਪਾਸ ਅੰਦਰ ਨੂੰ ਗਏ। ਉਸ ਨੇ ਹੋ ਬੀਤੇ ਸਾਰੇ ਮੁਆਮਲਿਆਂ ਬਾਬਤ ਪੁਛਾਂ ਕੀਤੀਆਂ ਤੇ ਇਹਨਾਂ ਵਲੋਂ ਉਤਰ ਦਿਤੇ ਗਏ ਸੀ। ਪਰ ਮਿਸਟਰ ਸਾਇਬ ਨੇ ਆਪਣੀ ੧੯ ਤਾਰੀਖ ਦੀ ਚਿਠੀ ਵਿਚ ਪੰਜਾਬ ਸਰਕਾਰ ਨੂੰ ਲਿਖਿਆ ਕਿ "ਜੇ ਸਮੁਚੇ ਤੌਰ ਤੇ ਸਾਰੇ ਪੰਜਾਬ ਵਿਚ ਨਹੀਂ ਤਾਂ ਜ਼ਿਲੇ ਲੁਧਿਆਣੇ ਵਿਚ ਹੀ ਅਮਨ ਸ਼ਾਂਤੀ ਰਖਣ ਲਈ ਮੈਂ ਇਹ ਬਹੁਤ ਜ਼ਰੂਰੀ ਸਮਝਦਾ ਹਾਂ ਕਿ ਕੂਕਾ ਫਿਰਕੇ ਦੇ ਆਗੂ ਗੁਰੂ ਰਾਮ ਸਿੰਘ ਨੂੰ ਇਕ ਦਮ ਪੰਜਾਬ ਵਿਚੋਂ ਦੇਸ ਨਿਕਾਲਾ ਦੇ ਦਿਤਾ ਜਾਵੇ। ਉਸ ਨੂੰ ਅਲਾਹਬਾਦ ਭੇਜ ਦਿਤਾ ਜਾਵੇ ਤੇ ਨਿਗਰਾਨੀ ਵਿਚ ਰਖਿਆ ਜਾਵੇ। ਕਮਿਸ਼ਨਰ ਫੋਰ ਸਾਹਿਬ ਨੇ ਲਿਖਿਆ ਕਿ ਐਸੇ ਆਦਮੀ ਨੂੰ ਖੁਲ੍ਹੇ ਰਹਿਣ ਦੀ ਇਜਾਜ਼ਤ ਦੇਣਾ ਬੇਹਦ ਖ਼ਤਰਨਾਕ ਗਲ ਹੈ।"

ਫਿਰ ਚਿਠੀ ਦੇ ਅਖੀਰ ਵਿਚ ਲਿਖਦਾ—ਮੈਨੂੰ ਭਰੋਸਾ ਹੈ ਜੋ ਕਾਰਵਾਈ ਮੈਂ ਕਰਨ ਲਗਾ ਹਾਂ ਸਰਕਾਰ ਉਸ ਦੀ ਮਨਜ਼ੂਰੀ ਦੇਵੇਗੀ ਅਤੇ ਗੁਰੂ ਰਾਮ ਸਿੰਘ ਅਤੇ ਸੂਬਿਆਂ ਦੇ ਖਿਲਾਫ ਕਾਨੂੰਨ ਨੰਬਰ ੩ ਸੰਨ ੧੮੧੮ ਅਨੁਸਾਰ ਨਜ਼ਰਬੰਦ ਅਤੇ ਹਿਰਾਸਤ ਵਿਚ ਰਖਣ ਦੇ ਵਾਰੰਟ ਜਾਰੀ ਕਰ ਦਿਤੇ ਜਾਣਗੇ ਅਤੇ ਇਕ ਦੋ ਦਿਨਾਂ ਦੇ ਅੰਦਰ ਅੰਦਰ ਗ੍ਰਿਫ਼ਤਾਰ ਕਰਕੇ ਅਲਾਹਬਾਦ ਦੇ ਮੈਜਿਸਟਰੇਟ ਸਾਹਮਣੇ ਪੇਸ਼ ਹੋਣ ਲਈ ਭੇਜ ਦਿਆਂਗਾ।

ਨਾਮਧਾਰੀ ਇਤਿਹਾਸ ਸਫਾ ੬੬੨ ਮੁਤਾਬਕ ਬਾਬਾ ਜੀ ਨੂੰ ਲੁਧਿਆਣੇ ਪਹੁੰਚਣ ਤੋਂ ਸਵੇਰ ਚਾਰ ਵਜੇ ਤੀਕ ਕੋਈ ਇਕ ਪਹਿਰ ਭਰ ਮਿਸਟਰ ਸਾਇਬ ਅਤੇ ਆਪ ਵਿਚ ਗਲਾਂ ਬਾਤਾਂ ਹੋਈਆਂ। ਫਿਰ ਸਵੇਰੇ ੪ ਵਜੇ ਦੀ ਗਡੀ ਦੇ ਇਕ ਖਾਸ ਡਬੇ ਵਿਚ ਮਿਸਟਰ ਜੈਕਸਨ ਦੀ ਗੋਰਖਾ ਪਲਟਨ ਦੀ ਗਾਰਦ ਦੇ ਪਹਿਰੇ ਵਿਚ—ਗੁਰੂ ਰਾਮ ਸਿੰਘ ਜੀ, ਬਾਬਾ ਜਵਾਹਰ ਸਿੰਘ, ਬਾਬਾ ਸਾਹਿਬ ਸਿੰਘ, ਬਾਬਾ ਲਖਾ ਸਿੰਘ ਅਤੇ ਨਾਨੂੰ ਸਿੰਘ—ਪੰਜਾਂ ਨੂੰ ਸਿਧੇ ਅਲਾਹਬਾਦ ਭੇਜ ਦਿਤਾ ਗਿਆ। ਬਾਬਾ ਲਖਾ ਸਿੰਘ ਨੂੰ ਤਾਂ ਲੁਧਿਆਣੇ ਵਿਚ ਹੀ ਫੜ ਲਿਆ ਗਿਆ ਸੀ ਅਤੇ ਬਾਕੀ ਦੇ ਹੋਰ ਕਈ ਸੂਬੇ ਵੀ ਪਕੜੇ ਗਏ।

ਬਾਬਾ ਜੀ ਨੂੰ ਨਾਲ ਦੇ ਸੂਬਿਆਂ ਸਮੇਤ ਗਡੀ ਚੜ੍ਹਾਕੇ ਕੁਝ ਹੋਰ ਗੋਰਖਾ ਰਜਮੈਂਟ ਦੇ ਸਿਪਾਹੀਆਂ ਨੂੰ ਨਾਲ ਲਿਜਾਕੇ ਕਰਨਲ ਬੇਲੀ ਨੇ ੧੯ ਜਨਵਰੀ ਦਿਨ ਵੀਰਵਾਰ ਨੂੰ ਪਹੁੰਚ ਕੇ ਇਲਾਕੇ ਦੇ ਨੰਬਰਦਾਰਾਂ ਨੂੰ ਬੁਲਾ ਕੇ ਭੈਣੀ ਗੁਰਦਵਾਰੇ ਨੂੰ ਘੇਰੇ ਵਿਚ ਲੈ

ਲਿਆ ਸੀ ਤੇ ਗੋਰਖਿਆਂ ਨੂੰ ਹੁਕਮ ਮਿਲਦੇ ਸਾਰਾ ਬਾਲ ਬਚੇ ਬੁਢੇ ਤੀਵੀਆਂ ਸਨ ਨੂੰ ਗੁਰਦਵਾਰੇ ਤੋਂ ਬਾਹਰ ਰਸਤੇ ਵਿਚ ਖਲਾਰ ਕੇ ਗੁਰਦਵਾਰਾ ਖਾਲੀ ਕਰਾਲਿਆ ਸੀ ਜਿਥੇ ਕੋਈ ਤਨ ਦੇ ਕਪੜਿਆਂ ਵਿਚ ਭੁਖਾ ਭਾਣਾ ਖੜਾ ਸੀ ਸਾਰੀ ਵਹੀਰ ਨਾਲ ਖਲਾਰ ਲਿਆ ਸੀ। ਸਿਰਫ ਗੁਰੂ ਰਾਮ ਸਿੰਘ ਦੇ ਪਿਤਾ, ਭ੍ਰਾਤਾ, ਸਪੁਤਰੀ ਤੇ ਦੁਕਾਨ ਦੇ ਪ੍ਰਬੰਧਕ ਭਾਈ ਵਰਿਆਮ ਸਿੰਘ ਨੂੰ ਅਤੇ ਨਿਜੀ ਸੇਵਕ ਮਖਣ ਸਿੰਘ ਨੂੰ ਰਿਹਾਇਸ਼ੀ ਮਕਾਨ ਵਿਚ ਰਹਿਣ ਦਿਤਾ ਸੀ ਤੇ ਮਝਾਂ ਗਾਈਆਂ ਤੇ ਹੋਰ ਜਾਨਵਰ ਜੋ ੯੨ ਦੀ ਗਿਣਤੀ ਦੇ ਸਨ ਜਿਨ੍ਹਾਂ ਵਿਚ ਘੋੜੇ ਅਤੇ ਊਠ ਵੀ ਸਨ ਦੇਖ ਭਾਲ ਲਈ ੧੧ ਆਦਮੀ ਛਡੇ ਗਏ ਤੇ ਬਾਕੀ ਦਿਆਂ ਨੂੰ ਗੋਰਖਾ ਗਾਰਦ ਦੇ ਪਹਿਰੇ ਵਿਚ ਲੁਧਿਆਣੇ ਲਿਆਂਦਾ।

ਨਾਮਧਾਰੀ ਇਤਿਹਾਸ ਸਫਾ ੪੬੭ ਮੁਤਾਬਕ ਵੀਰਵਾਰ ਦਾ ਇਹ ਦਿਨ ਭਿਆਨਕ ਦਿਹਾੜਾ ਸੀ, ਗੁਰੂ ਰਾਮ ਸਿੰਘ ਨੂੰ ਤਿੰਨ ਸੂਬਿਆਂ ਸਮੇਤ ਜਲਾਵਤਨ ਕੀਤਾ ਗਿਆ, ਪੰਜ ਸੂਬੇ ਲੁਧਿਆਣੇ ਗਾਰਦ ਦੇ ਪਹਿਰੇ ਵਿਚ ਸਨ। ਪਹਿਲੇ ੫੦ ਸ਼ਹੀਦਾਂ ਤੋਂ ਵਖਰੇ ਇਹ ੧੬ ਹੋਰ ਵੀ ਤੋਪਾਂ ਨਾਲ ਇਸੇ ਦਿਨ ਉਡਾਏ ਤੇ ੧੭੨ ਦੇ ਕਰੀਬ ਛੋਟੇ ਵੱਡਿਆਂ ਦਾ ਵਹੀਰ ਭੈਣੀ ਤੋਂ ਪੈਦਲ ਟੋਰ ਕੇ ਭੁਖੇ ਪਿਆਸਿਆਂ ਨੂੰ ਲੁਧਿਆਣੇ ਲਿਆਂਦਾ ਗਿਆ ਸੀ। ਕੋਈ ਸ਼ੱਕ ਨਹੀਂ ਕਿ ਨਾਮਧਾਰੀ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪ੍ਰਵਾਰ ਵਾਸਤੇ ਇਹ ਕਹਿਰ ਦਾ ਦਿਨ ਸੀ ਅਤੇ ਇਹ ਸਾਰੇ ਕਹਿਰ ਵਰਤੇ ਵਰਤਾਏ ਦੀ ਜ਼ਿੰਮੇਵਾਰੀ ਉਸ ਮਸਤਾਨੇ ਜਥੇ ਦੇ ਸਿਰ ਆਉਂਦੀ ਹੈ, ਜਿਨ੍ਹਾਂ ਨੇ ਆਪਣੇ ਗੁਰੂ ਦਾ ਹੁਕਮ ਨਹੀਂ ਮੰਨਿਆ ਤੇ ਸਭਨਾਂ ਨੂੰ ਮੁਸੀਬਤ ਵਿਚ ਫਸਾ ਦਿਤਾ ਨੇ। ਇਹ ਜ਼ਿਕਰ ਲਿਖਦੇ ਹੋਇਆਂ ਦਾਸ (ਲੇਖਕ) ਦੇ ਵੀ ਆਂਸੂ ਵਗ ਰਹੇ ਹਨ।

ਫਿਰ ਇਸੇ ਵੀਰ ਵਾਰ ਤੇ ਸ਼ੁਕਰਵਾਰ ਦੇ ਦਿਨ ਗੁਰਦਵਾਰੇ ਦੀ ਤਲਾਸ਼ੀ ਹੁੰਦੀ ਰਹੀ। ਕਰਨਲ ਬੇਲੀ ਨੇ ਇਕ ਇਕ ਚੀਜ਼ ਨੂੰ ਅਪਣੀ ਅਖੀਂ ਦੇਖਿਆ ਤੇ ਪੂਰੀ ਤਫਤੀਸ਼ ਕੀਤੀ ਤੇ ਤਲਾਸ਼ੀ ਵਿਚ ਨਿਕਲੀਆਂ ਚੀਜ਼ਾਂ ਦੀ ਰਪੋਟ ਲਿਖ ਭੇਜੀ—ਨਿਰਣਾ ਇਹ ਸੀ :

> "ਨੈਪਾਲ ਤੋਂ ਤੁਹਫੇ ਦੇ ਤੌਰ ਤੇ ਆਈਆਂ ਦੋ ਖੁਖਰੀਆਂ, ਸੋਨੇ ਚਾਂਦੀ ਦੇ ਗਹਿਣੇ (ਮੁਲ ਨਹੀਂ ਲਿਖਿਆ) ਨਕਦੀ) ੧੫੦੦ ਰੁਪੈ ਦੇ ਕਰੀਬ। ਟਕੂਏ ਜਾਂ ਸਫਾਜੰਗ ੩੬, ਪੰਜ ਗੰਡਾਸੇ, ੬ ਡਾਗਾਂ ਤੇ ਚੱਕਰ ਗਿਣਤੀ ਨਹੀਂ ਦਿਤੀ। ਹੋਰ ਜ਼ਰੂਰੀ ਕਾਗਜ਼ ਕੋਈ ਵੀ ਨਹੀਂ ਮਿਲੇ ਸੀ। ਕਰਨਲ ਬੇਲੀ ਨੇ ਨਕਦ ਰੁਪੈ ਸੋਨੇ ਚਾਂਦੀ ਦੇ ਗਹਿਣੇ ਤੇ ਕੀਮਤੀ ਕਪੜੇ ਸੰਦੂਕ ਵਿਚ ਬੰਦ ਕਰਾ ਕੇ ਲੁਧਿਆਣੇ ਖਜ਼ਾਨੇ ਵਿਚ ਭਿਜਵਾ ਦਿਤੇ ਸਨ।"

ਇਸ ਤੋਂ ਉਪ੍ਰੰਤ ਬਾਬਾ ਜੀ ਨੂੰ ਅਲਾਹਬਾਦ ਤੋਂ ਰੰਗੂਨ ਭੇਜਿਆ ਗਿਆ ਸੀ ਜਿਨ੍ਹਾਂ ਦੇ ਨਾਲ ਹੀ ਕਈ ਹੋਰ ਸੂਬੇ ਵੀ ਜਲਾਵਤਨ ਕੀਤੇ ਗਏ ਸਨ। ਭੈਣੀ ਸਾਹਿਬ ਗੁਰਦਵਾਰੇ ਉਤੇ ਪੋਲੀਸ ਚੌਕੀ ਬਿਠਾਈ ਗਈ ਜੋ ਕਰੀਬਨ ੫੦ ਸਾਲ ਤੀਕ ਰਹੀ। ਰੰਗੂਨ ਵਿਚ ਜਲਾਵਤਨ ਕੀਤਿਆਂ (ਬਾਬਾ ਜੀ ਤੇ ਸਾਥੀਆਂ ਨਾਲ ਕੀ ਬੀਤੀ ਸੀ ਇਸ ਪੁਸਤਕ ਦਾ ਵਿਸ਼ਾ ਨਹੀਂ। ਜੋ ਪਿਛਲੇ ਸਫਿਆਂ ਵਿਚ ਲਿਖਿਆ ਹੈ। ਉਕਤ ਸਮਾਚਾਰ ਸਿਰਫ ਇਸ ਕਰਕੇ ਜ਼ਰੂਰੀ ਦਸਣੇ ਪਏ ਕਿ ਨਾਮਧਾਰੀ ਲੇਖਕ (ਮੇਹਰ ਸਿੰਘ ਚਾਵਲਾ)

ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਨੂੰ ਖੰਡਨ ਕਰਨ ਵਾਸਤੇ ਅਤੇ ਬਾਬਾ ਰਾਮ ਸਿੰਘ ਜੀ ਨੂੰ ੧੨ਵਾਂ ਸਤਿਗੁਰੂ (ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ) ਸਾਬਤ ਕਰਨ ਵਾਸਤੇ ਜੋ ਬੇਹੂਦਾ ਦਲੀਲਾਂ ਤੇ ਹੁੱਜਤਾਂ ਭਰੇ ਪ੍ਰਸ਼ਨ ਕੀਤੇ ਸਨ, ਜ਼ਰੂਰੀ ਸੀ ਕਿ ਉਤਰ ਵਜੋਂ ਵਿਸਥਾਰ ਨਾਲ ਦਇਆ ਜਾਏ। ਤਾਂਕਿ ਪਾਠਕਾਂ ਪ੍ਰਤੀ ਅਸਲੀਅਤ ਅੱਤੇ ਨਕਲੀਅਤ ਦਾ ਪਤਾ ਚਲ ਜਾਏ। ਫੈਸਲਾ ਸਚਿਆਰ ਪਾਠਕਾਂ ਨੇ ਦੇਣਾ ਹੈ ਕਿ ਉਹ ਗੁਰੂ ਗੋਬਿੰਦ ਸਿੰਘ—ਜੋ ਪਟਨੇ ਵਿਚ ਬਾਲਕ ਹੁੰਦਿਆਂ—ਨਵਾਬ ਦੀ ਬਜਾਰ ਵਿਚੋਂ ਲੰਘਦੀ ਸਵਾਰੀ ਨੂੰ ਚਿੜਾਂਦੇ ਰਹੇ ਸੀ। ਜਵਾਨ ਹੋ ਕੇ ਬੇਸਰੋਸਾਮਾਨੀ ਦੀ ਹਾਲਤ ਵਿਚ ਬਾਦਸ਼ਾਹ ਔਰੰਗਜ਼ੇਬ ਨੂੰ ਕਰੜੇ ਸ਼ਬਦਾਂ ਵਿਚ ਜ਼ਫਰਨਾਮਾ ਲਿਖਿਆ ਸੀ। ਉਹ ਗੁਰੂ ਗੋਬਿੰਦ ਸਿੰਘ ਜੀ ਨਾਮ ਧਾਰੀ ਮਨੌਤਾਂ ਅਨੁਸਾਰ (ਬਾਬਾ ਰਾਮ ਸਿੰਘ ਰੂਪ ਵਿਚ) ਹੋਵਨ ਤਾਂ ਫਰੰਗੀ ਦੇ ਬੁਲਾਏ ਪਰ ਹਾਜ਼ਰ ਹੋ ਜਾਣ) ਐਸਾ ਖਿਆਲ ਕਰਨਾ ਹੀ ਕੁਫਰ ਹੈ। ਕਿ ਬਾਬਾ ਰਾਮ ਸਿੰਘ ਉਸੀ ਗੁਰੂ ਦਾ ਅਵਤਾਰ ਤੇ ੧੨ਵੇਂ ਸਤਿਗੁਰੂ ਸਨ।

ਮਲੇਰਕੋਟਲੇ ਦੇ ਮੈਦਾਨ ਵਿਚ ਇਨ੍ਹਾਂ ਨਿਹਥਿਆਂ ਸਿੰਘਾਂ ਦੇ ਸ਼ਹੀਦ ਹੋ ਜਾਣ ਨੂੰ ਉਕਤ ਨਾਮਧਾਰੀ ਲੇਖਕਾਂ ਨੇ ਬਹੁਤ ਵੱਡਾ ਕਾਰਨਾਮਾ ਦਸਿਆ, ਜਿਸ ਵਿਚ ਬੁਚੜਾਂ ਦੀ ਗਿਣਤੀ ਨਾਲੋਂ ਕਰੀਬਨ ੧੦ ਗੁਣਾਂ ਕੀਮਤੀ ਜਾਨਾਂ ਨੁਕਸਾਨ ਹੋਈਆਂ। ਪਰ ਬਾਹਦ ਵਿਚ ਵੀ ਸਾਰੇ ਦੇਸ ਵਿਚੋਂ ਕੋਈ ਗਊ ਕਸ਼ੀ ਬੰਦ ਨਹੀਂ ਹੋ ਗਈ ਸੀ ਤੇ ਹੁਣ ੩੫ ਸਾਲ ਹੋਏ ਬੀਤੇ ਹਨ ਆਪਣੇ ਸਵੈਰਾਜ ਵਿਚ ਵੀ ਬੰਦ ਨਹੀਂ ਕਰਾ ਸਕੇ।

ਹੁਣ ਵਿਚਾਰਨਾ ਇਹ ਹੈ ਕਿ ਉਕਤ ਬੇਲੋੜੀ ਧਰਮ ਰਖਿਆ ਦੇ ਨਾਮ ਪਰ ਇਸ ਸ਼ਹੀਦੀ ਕਾਰਨ ਕੌਮੀ ਨੁਕਸਾਨ ਕਿਤਨਾ ਹੋਇਆ ਹੈ? ਸ੍ਰੀ ਬਾਬਾ ਜੈਸੀ ਪਵਿਤ੍ਰ ਵਿਅਕਤੀ ਨੂੰ ਦੇਸ ਨਿਕਾਲਾ ਮਿਲਿਆ। ਇਨ੍ਹਾਂ ਵਲੋਂ ਧਰਮ ਪ੍ਰਚਾਰ, ਲੋਕ ਸੁਧਾਰ ਦਾ ਕੰਮ ਚਾਲੂ ਸੀ ਠੱਪ ਹੋ ਗਿਆ ਸੀ। ਅਗਰ ਉਹ ਬੇਮੁਹਾਰੇ (ਮਸਤਾਨੇ ਕੂਕੇ) ਸ੍ਰੀ ਬਾਬਾ ਜੀ ਦੀ ਮੰਨਕੇ ਇਕ ਸਾਲ ਹੋਰ ਜ਼ਬਤ ਵਿਚ ਰਹਿੰਦੇ ਤਾਂ ਸ਼ਾਇਦ ਕਿਸੇ ਹੋਰ ਰੰਗ ਵਿਚ ਪ੍ਰਸਿਧੀ ਪਾਂਦੇ। ਪਰ ਉਹ ਖੁਦ ਵੀ ਉਡਾਏ ਗਏ ਤੇ ਬਾਬਾ ਜੀ ਅਲਾਹਬਾਦ ਤੋਂ ਰੰਗੂਨ ਪੁਚਾਏ ਗਏ ਸੀ। ਫਿਰ ਬਾਹਦ ਵਿਚ ਸਾਰੀ ਕਰੀ ਪਨੀਰੀ ਹੀ ਸੁਕ ਗਈ। ਜਿਸ ਤੋਂ ਕੋਈ ਐਸਾ ਫੁਲ ਨਾ ਖਿੜਿਆ ਕਿ ਉਸ ਵਕਤ ਦੇ ਅੰਗ੍ਰੇਜ਼ ਅਫਸਰਾਂ ਨੂੰ ਮਾਰ ਕੇ ਸਰਦਾਰ ਭਗਤ ਸਿੰਘ ਅਤੇ ਸਰਦਾਰ ਉਧਮ ਸਿੰਘ ਜੀ ਜੈਸੀ ਮਹਿਕ ਪ੍ਰਸਾਰਨ ਵਾਲਾ ਹੁੰਦਾ ਤੇ ਭੈਣੀ ਤੋਂ ਪੁਲਸ ਚੌਕੀ ਉਠਵਾਕੇ ਬਾਬਾ ਜੀ ਦੇ ਬਿਰਧ ਪਿਤਾ ਜੀ ਨੂੰ ਆਜ਼ਾਦ ਕਰਾਂਦਾ ਤਾਂ ਇਹੋ ਕਹਿਣਾ ਬਣਦਾ ਹੈ ਤੇ ਗੁਰਵਾਕ ਹੈ—

ਹੋਇ ਇਆਣਾ ਕਰੇ ਕੰਮੁ ਆਣਿ ਨ ਸਕੈ ਰਾਸਿ ॥
ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ ॥ (੪੭੪)

ਹੋਰ ਦੇਖੀਏ। ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ ੧੭੫੬ ਵਿਚ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਖਾਲਸਾ ਪੰਥ ਸਾਜਿਆ, ਤਦ ਫੁਰਮਾਇਆ ਸੀ—"ਸਵਾ ਲਾਖ ਸੇ ਏਕ ਲੜਾਊਂ—ਤਬੈ ਗੋਬਿੰਦ ਸਿੰਘ ਨਾਮ ਕਹਾਊਂ" ਸੋ ਗੁਰੂ ਜੀ ਨੇ ਐਸਾ ਪ੍ਰਤੱਖ ਕਰ ਵਿਖਾਇਆ—ਫਿਰ ਸਮਾਂ ਆਏ ਪਰ ਉਨ੍ਹਾਂ ਦੇ ਖਾਲਸਾ ਜੀ ਨੇ

ਵੀ ਗੁਰੂ ਵਾਕਾਂ ਨੂੰ ਸੁਫਲਾ ਕਰ ਦਸਿਆ ਹੈ। ਉਹ ਗੋਲੀਆਂ ਨਾਲ ਵਿੰਨੈ ਗਏ, ਭਠੀਆਂ ਵਿਚ ਝੋਕੇ ਗਏ, ਗਡੀਆ ਹੇਠ ਕੁਚਲੇ ਗਏ ਸੀ ਪਰ ਕੀਤੇ ਅਰਦਾਸੇ ਨੂੰ ਤੋੜ ਚੜਾ ਕੇ ਗੁਰਦਵਾਰਿਆਂ ਨੂੰ ਆਜ਼ਾਦ ਕਰਾਇਆ ਸੀ।

ਹੁਣ ਇਧਰ ਵੇਖੀਏ ! ਸ੍ਰੀ ਬਾਬਾ ਜੀ ਨੂੰ ਦੇਸ ਨਿਕਾਲਾ ਦਿਲਾ ਕੇ ਅਤੇ ਰੰਗੂਨ ਭਿਜਵਾਏ ਮਗਰੋਂ ਕਿਸੇ ਇਕ ਨਾਮਧਾਰੀ ਸਿੱਖ ਨੇ ਰੋਸ ਵਜੋਂ ਵੀ ਭੁੱਖ ਹੜਤਾਲ ਕਰਕੇ ਆਪਣੇ ਨੂੰ ਸ਼ਹੀਦ ਕਰਾਣਾ ਜਾਂ ਕਿਸੇ ਅੰਗ੍ਰੇਜ਼ ਅਫਸਰ ਨੂੰ ਮਾਰ ਕੇ ਫਾਂਸੀ ਚੜ੍ਹ ਜਾਣਾ ਪਸੰਦ ਨਾ ਕੀਤਾ ਕਿ ਉਹ ਉਨ੍ਹਾਂ ਦੇ ਸੰਤ ਸਰੂਪ ਬਿਰਧ ਪਿਤਾ ਜੀ ਦੀ ਨਜ਼ਰਬੰਦੀ ਦੇ ਵਿਰੁਧ ਅਤੇ ਆਜ਼ਾਦ ਕਰਾਉਣ ਦੇ ਖਿਆਲ ਨਾਲ ਐਸਾ ਕਰ ਰਿਹਾ ਹੈ।

ਐਸੀ ਹਾਲਤ ਵਿਚ ਉਨ੍ਹਾਂ ਦੇ ਪਿਤਾ (ਬਾਬਾ ਜੱਸਾ ਸਿੰਘ ਜੀ) ਅੰਤ ਪ੍ਰਯੰਤ ਤੀਕ ਉਸ ਮਨਮਤੀਏ ਮਸਤਾਨੇ ਸ਼ਹੀਦੀ ਜਥੇ ਬਾਬਤ ਕੀ ਸੋਚਦੇ ਰਹੇ ਹੋਣੇ ਕਿ ਉਨ੍ਹਾਂ ਦੇ ਸਪੁਤਰ ਦੇ ਸਿਖ ਕਹਾਕੇ ਸਿਖਿਆ ਨੂੰ ਨਹੀਂ ਮੰਨਿਆ ਤੇ ਆਪ ਹੁਦਰੀ ਕਾਰਵਾਈ ਕੀਤੀ। ਆਪਣੇ ਨੂੰ ਤੋਪਾਂ ਨਾਲ ਉਡਵਾਇਆ, ਤੇ ਜਿਨ੍ਹਾਂ ਨੂੰ ਇਹ ਸਾਰੇ ਹੀ ੧੨ਵਾਂ ਸਤਿਗੁਰੂ ਸਮਝਦੇ ਸਨ, ਉਨ੍ਹਾਂ ਲੇਖੇ ਇਕ ਵੀ ਕੰਮ ਨਾ ਆਇਆ ਸੀ, ਇਸ ਵਾਸਤੇ ਕਿ ਸਿਪਾਹੀ ਪੁਣਾ ਨਹੀਂ ਰਿਹਾ ਤੇ ਸੰਤ ਪੁਣਾ ਵਧੇਰੇ ਛਾ ਗਿਆ ਸੀ।

## ਗਿਆਨੀ ਗਿਆਨ ਸਿੰਘ ਤੇ ਬਾਬਾ ਰਾਮ ਸਿੰਘ ਜੀ ਦਾ ਮੇਲ

ਹੁਣ ਫੇਰ ਅਸੀਂ ਪਹਿਲੇ ਮਜ਼ਮੂਨ ਨੂੰ ਸ਼ੁਰੂ ਕਰਦੇ ਹਾਂ, ਜੋ ਗਿਆਨੀ ਗਿਆਨ ਸਿੰਘ ਜੀ ਦੇ 'ਪੰਥ ਪ੍ਰਕਾਸ਼' ਵਿਚ ਬਾਬਾ ਜੀ ਬਾਬਤ ਲਿਖਤ ਨੂੰ ਚਾਵਲਾ ਲੇਖਕ (ਮੇਹਰ ਸਿੰਘ ਜੀ) ਨੇ ਬਹੁਤ ਉਛਾਲਿਆ ਅਤੇ ਨਾਂਦੇੜ ਵਿਚ ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਦੀ ਸਾਖੀ ਦਾ ਸਹਾਰਾ ਪਾ ਕੇ ਗਿਆਨੀ ਜੀ ਦੀ ਪੰਥ ਪ੍ਰਕਾਸ਼ ਦੀ ਪਹਿਲੀ ਐਡੀਸ਼ਨ ਛਪੀ ਦੀ ਲਿਖਤ ਦੀ ਤਾਈਦ ਨਾਲ ਬਾਬਾ ਰਾਮ ਸਿੰਘ ਜੀ ਨੂੰ ਗੁਰ ਅਵਤਾਰ ਹੀ ਮੰਨ ਕੇ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰ ਗਿਆਨੀ ਜੀ ਨੂੰ ਬਾਹਦ ਵਿਚ ਜਦੋਂ ਸ੍ਰੀ ਸਰਬ ਲੋਹ ਗ੍ਰੰਥ ਆਦਿਕ ਲਿਖਤਾਂ ਪੜ੍ਹਨ ਤੋਂ ਪਤਾ ਚਲਿਆ ਕਿ "ਗੁਰੂ ਗੋਬਿੰਦ ਸਿੰਘ ਜੀ ਨੇ "ਗੁਰੂ ਗ੍ਰੰਥ ਸਾਹਿਬ" ਨੂੰ ਗੁਰਤਾ ਗੱਦੀ ਅਸਥਾਪਨ ਕੀਤਾ ਸੀ ਤਾਂ ਉਨ੍ਹਾਂ ਨੇ ਸ੍ਰੀ ਸਰਬ ਲੋਹ ਅਤੇ ਰਹਿਤਨਾਮਿਆਂ ਅਨੁਸਾਰ ਬਦਲ ਕੇ

"ਆਗਿਆ ਭਈ ਅਕਾਲ ਦੀ ਤਬੀ ਚਲਾਇਓ ਪੰਥ ॥"
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥"

ਇਹ ਦੋਹਿਰਾ ਲਿਖਿਆ ਸੀ, ਜਿਸ ਨੂੰ ਨਾਮਧਾਰੀ ਲੇਖਕ ਨੇ ਪਹਿਲੀ ਸਿੰਘ ਸਭਾ ਲਾਹੌਰ ਵਲੋਂ ਖੇਪਕ ਲਿਖਿਆ ਦਸਿਆ ਤੇ ਅਸੀਂ ਉਸ ਦੇ ਜਵਾਬ ਵਿਚ ਨਿਰਣੇ ਨਾਲ ਸ੍ਰੀ ਮੁਖ ਵਾਕ ਹੀ ਸਿੱਧ ਕੀਤਾ ਜੋ ਪਾਠਕਾਂ ਨੇ ਪਿਛੇ ਪੜਿਆ ਹੈ।

ਅਸੀਂ ਨਾਮਧਾਰੀ ਲੇਖਕ (ਚਾਵਲਾ) ਦੀ ਲਿਖਤ ਦੇ ਆਧਾਰ ਤੇ ਹੁਣ ਇਸ ਨਤੀਜੇ ਤੇ ਪੁਜੇ ਹਾਂ ਕਿ ਪਹਿਲੀ ਐਡੀਸ਼ਨ ਵੇਲੇ ਵੀ ਗਿਆਨੀ ਜੀ ਨੇ ਜੋ ਲਿਖਿਆ ਸੀ ਉਹ ਵੀ ਬਾਬਾ ਜੀ ਵਲੋਂ ਜਾਂ ਉਨ੍ਹਾਂ ਦੇ ਉਸ ਵਕਤ ਦੇ ਸ਼ਰਧਾਲੂਆਂ ਵਲੋਂ ਹੀ ਐਸਾ ਦਸਿਆ ਤੇ ਲਿਖਾਇਆ ਗਿਆ ਸੀ। ਜਦੋਂ ਕਿ ਉਹਨਾਂ ਪਾਸ ਕਥਾ ਕਰਦੇ ਰਹੇ ਸੀ।

"ਪੁਰਖ ਗੁਰੂ" ਪੁਸਤਕ ਦੇ ਦਫ਼ਾ ੨੬੬-੬੭ ਪਰ ਗਿਆਨੀ ਗਿਆਨ ਸਿੰਘ ਦੀ ਦਿਤੀ ਲਿਖਤ ਤੋਂ ਪਤਾ ਚਲਦਾ ਹੈ ਕਿ ਗਿਆਨੀ ਗਿਆਨ ਸਿੰਘ—ਉਸ ਵੇਲੇ ਕੋਟਲੇ ਵਿਚ ਮੌਜੂਦ ਸਨ ਤੇ ਤੋਪਾਂ ਨਾਲ ਉਡਾਏ ਗਏ ਸਿੰਘਾਂ ਨੂੰ ਉਨ੍ਹਾਂ ਅੱਖਾਂ ਨਾਲ ਵੇਖਿਆ ਤੇ ਐਸਾ ਲਿਖਿਆ ਹੈ :—

"ਦੀਵੇ ਪਰ ਜਿਉ ਆਏ ਪਤੰਗੇ । ਤਿਉ ਤੋਪਨ ਦਿਸ ਜਾਏ ਨਿਸੰਗੇ ।
ਉਡੇ ਖੁਸ਼ੀ ਹੈ ਹੈ ਕਰ ਸਾਰੇ । ਜਰਾ ਨ ਕੀਨੇ ਪ੍ਰਾਣ ਪਿਆਰੇ ।
ਇਹ ਹਮ ਨੇ ਖੁਦ ਨੈਨ ਨਿਹਾਰੇ । ਦੇਖਤ ਥੇ ਜੋ ਲੋਕ ਅਪਾਰੇ ।
ਤਿਨ ਕੀ ਦ੍ਰਿੜਤਾ ਧਨ ਉਚਾਰੇ । ਰਹੈ ਹੈਰਾਨ ਤਿਨੇ ਪਿਖ ਸਾਰੇ ।
(ਪੰਥ ਪ੍ਰਕਾਸ਼ ਭਾਸ਼ਾ ਵਿਭਾਗ ਪੰਨਾ ੫੧੮-੫੧੯)

ਉਕਤ ਲਿਖਤ ਤੋਂ ਸਾਬਤ ਹੈ ਕਿ ਇਨ੍ਹਾਂ ਦਿਨਾਂ ਵਿਚ ਗਿਆਨੀ ਗਿਆਨ ਸਿੰਘ ਬਾਬਾ ਰਾਮ ਸਿੰਘ ਜੀ ਪਾਸ ਭੈਣੀ ਟਿਕੇ ਕਥਾ ਕਰਦੇ, ਅਤੇ ਇਨ੍ਹਾਂ ਦਿਨਾਂ ਵਿਚ ਜੋ ਕੁਝ ਹੋ ਬੀਤੀਆਂ ਸੀ ਅਖੀਂ ਦੇਖਿਆ ਸੀ, ਵਰਨਾ—ਇਸ ਅਚਾਨਕ ਘਟਨਾ ਵੇਲੇ ਜੋ ਮਲੇਰ ਕੋਟਲੇ ਵਿਚ ਸਿਰਫ ਇਕੋ ਦਿਨ ਵਾਪਰੀ ਸੀ, ਉਥੇ ਆਪ ਦਾ ਮੌਜੂਦ ਹੋਣਾ ਕੀ ਮਾਇਨੇ ਰਖਦਾ ਹੈ ? ਉਹਨਾਂ ਨੂੰ ਬਾਬਾ ਜੀ ਦੀ ਹੀ ਪ੍ਰੇਰਨਾ ਮਿਲੀ ਹੋਣੀ ਅਤੇ ਜਿਥੇ ਵੀ ਜੋ ਕੁਝ ਹੋਇਆ ਸੀ ਉਨ੍ਹਾਂ ਵਲੋਂ ਭੇਜੇ ਉਥੇ ਗਏ ਹੋਣੇ ਕਿ ਸਭ ਕੁਝ ਅਖੀਂ ਡਿਠਾ ਹਾਲ ਲਿਖਣਗੇ । ਤੇ ਇਸੇ ਗੱਲ ਤੋਂ ਇਹ ਸਾਬਤ ਹੈ ਕਿ ਬਾਬਾ ਜੀ ਪਾਸ ਕਾਫੀ ਚਿਰ ਤੋਂ ਰਹਿੰਦਿਆਂ ਨੂੰ ਬਹੁਤ ਖੁਸ਼ ਰਖਿਆ ਗਿਆ ਤੇ ਮਨ ਮਰਜ਼ੀ ਦਾ ਲਿਖਵਾਇਆ ਗਿਆ ਸੀ ਜੋ ਬਾਹਦ ਵਿਚ ਉਨ੍ਹਾਂ ਦੇ ਰੰਗੂਨ ਗਏ ਮਗਰੂ ਬਦਲ ਦਿਤਾ ਸੀ ।

## ਬਾਬਾ ਰਾਮ ਸਿੰਘ ਜੀ ਦੇ ਹੁਕਮਨਾਮੇ

ਰੰਗੂਨ ਤੋਂ ਕਦੀ ਕਦੀ ਬਾਬਾ ਰਾਮ ਸਿੰਘ ਜੀ ਹੁਕਮਨਾਮੇ ਲਿਖਦੇ ਹੁੰਦੇ । ਜੋ ਉਨ੍ਹਾਂ ਦੇ ਆਪਣੇ ਹੀ ਨਾਮਧਾਰੀ ਦਰਬਾਰ ਪਾਸ ਹਨ । ਉਨ੍ਹਾਂ ਵਿਚੋਂ ਕੁਝ ਹੁਕਮਨਾਮੇ ਭਾਈ ਟਹਿਲ ਸਿੰਘ ਨਿਹੰਗ ਜੀ ਨੇ ਟ੍ਰੈਕਟ ਰੂਪ ਛਾਪੇ ਸਨ ਜਿਨ੍ਹਾਂ ਵਿਚ ਉਹ "ਸ੍ਰੀ ਗੁਰੂ ਗ੍ਰੰਥ ਸਾਹਿਬ" ਨਾਮ ਨਾਲ ਲਿਖਦੇ ਤੇ ਪਾਠ ਦੀ ਤਾਕੀਦ ਕਰਦੇ ਰਹੇ ਤੇ ਦਸਦੇ ਮੈਂ ਗੁਰੂ ਨਹੀਂ ਹਾਂ; ਜੈਸਾ ਪਿਛੇ ਸਫਿਆਂ ਵਿਚ ਇਕ ਹੁਕਮ ਨਾਮਾ ਲਿਖਿਆ ਹੈ ਪਰ ਚਾਵਲਾ ਲੇਖਕ ਜੀ ਲਿਖਦੇ ਕਿ ਉਸ ਨੂੰ ਤਾਂ ਨਾਮਧਾਰੀ ਦਰਬਾਰ ਵਲੋਂ ਕਿਸੇ ਕਾਰਨ ਛੇਕਿਆ ਗਿਆ ਸੀ ਤੇ ਉਸ ਨੇ ਕੋਲੋਂ ਲਿਖਿਆ ਹੈ । ਇਸ ਵਿਚ ਕਿਤਨੀ ਸਚਾਈ ਹੈ ? ਪਰ ਅਸਲੀਅਤ ਇਹ ਦਿਸਦੀ ਹੈ ਕਿ ਬਾਬਾ ਜੀ ਦੀ ਲਿਖਤ ਨੂੰ ਪ੍ਰਗਟ ਕਰਨ ਦੇ ਕਸੂਰ ਵਿਚ ਹੀ ਉਸ ਨੂੰ ਪਰੇ ਧਕੇਲਿਆ ਹੋਣਾ ਕਿ ਹੁਣ ਦੇ ਨਾਮਧਾਰੀ ਦਰਬਾਰ ਦੀਆਂ ਮਨੌਤਾਂ ਤੋਂ ਉਹ ਵਿਰੁਧ ਸਨ ਤੇ ਟਹਿਲ ਸਿੰਘ ਤੇ ਗੁਸੇ ਹੋ ਕੇ ਪਰੇ ਕੀਤਾ ਨੇ ।

ਇਸ ਤੋਂ ਅਗੇ ਚਾਵਲਾ ਲੇਖਕ ਨੇ ਨਾਮਧਾਰੀ ਗੱਦੀ ਦੇ ਜਾਨਸ਼ੀਨਾਂ ਨੂੰ ਦਰਸਾਇਆ ਹੈ ਤੇ ਵਡਿਆਇਆ ਹੈ । ਮੈਨੂੰ ਖੁਸ਼ੀ ਹੈ ਕਿ ਐਸੇ ਸਦਾਚਾਰੀ ਉਤਮ ਪੁਰਸ਼ਾਂ ਨੂੰ ਜਿਤਨਾ ਵੀ ਵਡਿਆਇਆ ਜਾਏ ਥੋੜਾ ਹੈ । ਕਿਉਂਕਿ ਪਰਮੇਸੁਰ ਦਾ ਨਾਮ ਜਪਾਣ ਵਾਲੇ ਮਹਾਂ ਪੁਰਸ਼ਾਂ ਦੀ ਵਡਿਆਈ ਉਸ ਵਾਹਿਗੁਰੂ ਨੂੰ ਆਪ ਪਸੰਦ ਹੈ । ਗੁਰੂ

ਵਾਕ ਹੈ :—

ਜੋ ਹਰ ਦਾਸਨ ਕੀ ਉਸਤਿਤ ਹੈ ਸਾ ਹਰਕੀ ਵਡਿਆਈ ॥
ਹਰ ਜੀਉ ਅਪਨੀ ਵਡਿਆਈ ਭਾਂਵਦੀ ਜਨ ਕਾ ਜੈਕਾਰ ਕਰਾਈ ॥ (        )

ਇਸ ਵਾਸਤੇ ਮੈਨੂੰ ਹੁਣ ਹੋਰ ਕੁਝ ਨਹੀਂ ਲਿਖਣਾ ਚਾਹੀਏ। ਸਿਰਫ ਇਤਨਾ ਦਸਣਾ ਹੈ ਕਿ ਨਾਮਧਾਰੀਆਂ ਦੀ ਇਸ ਗੱਦੀ ਦੇ ਹੋ ਬੀਤੇ ਪ੍ਰਮੁੱਖ ਗੱਦੀ ਨਸ਼ੀਨ (ਬਾਬਾ ਪ੍ਰਤਾਪ ਸਿੰਘ) ਜੀ ਦੇ ਦਾਸ ਨੇ ਦਰਸ਼ਨ ਕੀਤੇ ਸਨ। ਮੈਨੂੰ ਸੰਤ ਤੇਜਾ ਸਿੰਘ ਡਬਲ ਐਮ. ਏ. (ਮਸਤੂਆਣੇ ਵਾਲਿਆਂ) ਨੇ ਸੰਨ ੧੯੩੦ ਤੋਂ ੩੪-੩੫ ਤੀਕ ਵਿਚਾਲੇ ਆਪਣੇ ਨਾਲ ਜਥੇ ਵਿਚ ਰਖਿਆ ਹੋਇਆ ਸੀ ਤੇ ਬਾਬਾ ਪ੍ਰਤਾਪ ਸਿੰਘ ਜੀ ਵਲੋਂ ਭੈਣੀ ਸਾਹਿਬ ਵਿਚ ਬਹੁਤ ਭਾਰੀ ਇਕੱਠ ਵੇਲੇ ਨਾਲੇ ਲੈ ਗਏ ਸਨ। ਬਾਬਾ ਪ੍ਰਤਾਪ ਸਿੰਘ ਬਹੁਤ ਸੰਜੀਦਾ ਅਤੇ ਸਮੇਂ ਅਨੁਸਾਰ ਵਰਤ ਰਹੀ ਰੀਤ ਤੋਂ ਭਲੀ ਪ੍ਰਕਾਰ ਜਾਣੂ ਸਨ। ਉਸ ਵੇਲੇ ਵੀ ਇਸੇ ਵਿਸ਼ੇ ਪਰ ਬਹੁਤ ਵਿਚਾਰ ਹੋਈ ਸੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਨੂੰ ਮੰਨਣ ਵਿਚ ਉਹ ਸੰਜੀਦਾ ਸਨ। ਪਰ ਉਨ੍ਹਾਂ ਦੇ ਆਗੂ ਕਰਿੰਦਿਆਂ ਨੇ ਆਪ ਨੂੰ ਐਸਾ ਖੁਲਾ ਐਲਾਨ ਕਰਨ ਤੋਂ ਰੋਕੇ ਰਖਿਆ ਸੀ ਤੇ ਅਜ ਤੀਕ ਗੁਰੂ ਖਾਲਸਾ ਪੰਥ ਦੇ ਇਕ ਨਿਰੋਏ ਤੇ ਸੰਤ ਸਰੂਪ ਧਾਰਨੀ ਗੁਰਸਿਖਾਂ ਨੂੰ ਪੰਥ ਨਾਲ ਮਾਨਸਿਕ ਏਕਤਾ ਨਹੀਂ ਪ੍ਰਾਪਤ ਹੋ ਸਕੀ। ਹੁਣ੍ਹੁੰਵਿੱਥ ਹੋਰ ਵੀ ਬਹੁਤ ਵਧ ਚੁਕੀ ਤੇ ਬਹੁਤ ਦਲੇਰੀ ਵਰਤੇ ਨਾਲ ਹੀ ਨਾਮਧਾਰੀ ਬਾਬੇ ਪੰਥ ਨਾਲ ਮਿਲ ਕੇ ਸਾਂਝੀ ਅਗਵਾਈ ਕਰ ਸਕਦੇ ਹਨ।

## ਹੋਰ ਫੁਟਕਲ ਪ੍ਰਸ਼ਨ ਤੇ ਉਨ੍ਹਾਂ ਦੇ ਉਤਰ

ਅਸੀਂ ਪਹਿਲੇ ਸਫਿਆਂ ਪਰ ਲਿਖਿਆ ਹੈ ਕਿ ਅਗਰ ਨਾਮਧਾਰੀ ਸੰਪ੍ਰਦਾਇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਾਂ ਸਿਰ ਗੁਰੂ (ਗੁਰਗੱਦੀ ਸਥਾਪਤ) ਮੰਨਦੇ ਹੁੰਦੇ ਤਾਂ ਕਿਸੇ ਨੂੰ ਕੋਈ ਇਤਰਾਜ਼ ਨਾ ਹੁੰਦਾ। ਅਤੇ ਖਾਸ ਕਰਕੇ ਮੈਨੂੰ ਤਾਂ ਬਹੁਤ ਖੁਸ਼ੀ ਹੁੰਦੀ ਕਿਉਂਕਿ ਮੈਨੂੰ ਉਨ੍ਹਾਂ ਲੋਕਾਂ ਨਿਰਮਲੇ ਤੇ ਉਦਾਸੀ ਸੰਤਾਂ ਪਾਸੋਂ ਹੀ ਬਹੁਤ ਕੁਝ ਗਿਆਨ ਮਿਲਿਆ ਹੈ, ਜੋ ਆਪਣੇ ਸ਼ਬਦ ਦਾਤਿਆਂ ਤਾਂਈ ਦੇਹਧਾਰੀ ਗੁਰੂ ਮੰਨਦੇ ਹਨ। ਪਰ ਗੁਰੂ ਨਾਨਕ ਦੇਵ ਤੋਂ ਚਾਲੂ ਕੀਤੀ ਗੁਰਗੱਦੀ ਸਥਾਪਤ ਕੇਵਲ ਸ੍ਰੀ ਗੁਰੂ ਗ੍ਰੰਥ ਜੀ ਨੂੰ ਗੁਰਾਂ ਸਿਰ ਗੁਰੂ ਮੰਨਦੇ ਹਨ। ਐਸੀ ਧਾਰਨਾ ਤੇ ਮਨੌਤ ਹੀ ਆਪੋ ਵਿਚ ਆਤਮਕ ਮੇਲ ਕਰਾ ਸਕਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਥਾਂਇ ਕੋਈ ਵੀ ੧੧ਵਾਂ ੧੨ਵਾਂ ਸਤਿਗੁਰੂ ਸਿੱਖ ਪੰਥ ਵਿਚ ਪ੍ਰਵਾਣੀਕ ਨਹੀਂ ਹੋ ਸਕਦਾ।

"ਪੁਰਖ ਗੁਰੂ" ਦੇ ਲੇਖਕ ਨੇ ਇਤਨੀ ਵਡੀ ਪੁਸਤਕ ਕਈ ਸਾਲਾਂ ਦੀ ਮਿਹਨਤ ਨਾਲ ਲਿਖਣ ਵਿਚ ਇਸੇ ਗੱਲ ਤੇ ਜ਼ੋਰ ਲਾਇਆ ਹੈ, ਕਿ "ਗੁਰੂ ਗ੍ਰੰਥ ਸਾਹਿਬ" ਨੂੰ ਗੁਰਗੱਦੀ ਨਹੀਂ ਮਿਲੀ ਤੇ ੧੦੪ ਸਾਲ ਗੁਪਤ ਰਹਿ ਕੇ ਦਸਮੇਸ਼ ਜੀ ਨੇ ਬਾਲਕ ਸਿੰਘ ਜੀ ਨੂੰ ਦਰਸ਼ਨ ਦਿਤੇ ਅਤੇ ੧੧ਵਾਂ ਸਤਿਗੁਰੂ ਬਣਾ ਕੇ ਕਿਹਾ ਸੀ ਕਿ ੧੨ਵੇਂ ਰੂਪ ਵਿਚ "ਰਾਮ ਸਿੰਘ" ਨਾਮ ਵਿਚ ਹੋ ਕੇ ਇਹ ਗੁਰਗੱਦੀ ੧੨ਵੀਂ ਥਾਂ ਆ ਕੇ ਸੰਭਾਲਾਂਗੇ। ਉਸ ਵੇਲੇ ਤੀਕ ਤੁਸੀਂ ਪੰਥ ਦੀ ਰਖਵਾਲੀ ਕਰੀਏ!

ਨਾਮਧਾਰੀਆਂ ਦੀ ਇਸ ਮਨੌਤ ਨੂੰ ਸਿੱਖ ਪੰਥ ਨੇ ਮਨਮਤ ਦਾ ਪ੍ਰਚਾਰ ਸਮਝਿਆ ਤੇ ਨਾਮਧਾਰੀ ਵੀ ਇਸ ਸਬੰਧ ਵਿਚ ਕੋਈ ਪੱਕੀ ਇਤਿਹਾਸਕ ਗਵਾਹੀ ਨਹੀਂ ਦੇ ਸਕਦੇ ਕਿ ਗੁਰੂ ਜੀ ੧੪੬ ਸਾਲ ਦੀ ਉਮਰ ਤੀਕ ਕਿਉਂ ਅਤੇ ਕਿਥੇ ਕਿਥੇ ਰਹਿ ਕੇ ਸਮਾਂ ਬਿਤਾਇਆ ਨੇ ? ਇਨ੍ਹਾਂ ਕਾਰਨਾਂ ਕਰਕੇ ਨਾਮਧਾਰੀ ਸਿਖਾਂ ਵਿਚ ਤੇ ਪੰਥ ਵਿਚ ਇਹ ਵਿਥ ਕਰੀਬਨ ੧੫੦ ਸਾਲ ਤੋਂ ਬਣੀ ਪਈ ਹੈ।

ਨਾਮਧਾਰੀ ਲੇਖਕ ਮਿਹਰ ਸਿੰਘ (ਕਾਨਪੁਰੀਏ) ਨੇ ਆਪਣੇ ਪੱਖ ਨੂੰ ਸਿੱਧ ਕਰਨ ਵਾਸਤੇ ਪਹਿਲੇ ਕੁਝ ਲਿਖਤੀ ਪ੍ਰਸ਼ਨ ਸਿਖ ਵਿਦਵਾਨਾਂ ਪਾਸ ਲਿਖ ਭੇਜੇ ਕਿ ਉਤਰ ਦੇਵਣ, ਜੋ ਗ੍ਰੰਥ ਸਾਹਿਬ ਨੂੰ ਕਦੋਂ ਅਤੇ ਕਿਵੇਂ ਗੁਰਿਆਈ ਮਿਲੀ ਸੀ। ਇਸ ਤਰ੍ਹਾਂ ਦੇ ਕੁਝ ਹੋਰ ਪ੍ਰਸ਼ਨ ਵੀ ਕੀਤੇ, ਪਰ ਉਨ੍ਹਾਂ ਵਲੋਂ ਜੋ ਉਤਰ ਮਿਲੇ ਸਨ ਇਸ ਦੀ ਤਸੱਲੀ ਨਹੀਂ ਕਰਾ ਸਕੇ। ਜਿਸ ਤੇ ਆਪਣੀ ਵਿਦਵਤਾ ਦੇ ਜੌਹਰ ਵਿਖਾਂਦੇ ਹੋਇਆਂ ਹੁਜੱਤਾਂ ਭਰੀਆਂ ਦਲੀਲਾਂ ਨਾਲ "ਪੁਰਖ ਗੁਰੂ" ਪੁਸਤਕ ਵਿਚ ਉਸ ਨੇ ਪੂਰੇ ਜ਼ੋਰ ਨਾਲ ਆਪਣੇ ਪੱਖ ਨੂੰ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਗ੍ਰੰਥ ਗੁਰੂ ਨਹੀਂ ਹੋ ਸਕਦਾ, "ਪੁਰਖ ਗੁਰੂ" (ਦੇਹਧਾਰੀ ਹੀ) ਸਿਰਫ ਗੁਰੂ ਹੋ ਸਕਦਾ ਹੈ।

ਉਕਤ ਕੀਤੇ ਪ੍ਰਸ਼ਨ ਜੋ ਉਸ ਨੇ ਸਿੱਖ ਵਿਦਵਾਨਾਂ (ਡਾਕਟਰ ਗੰਡਾ ਸਿੰਘ, ਡਾ: ਤਾਰਨ ਸਿੰਘ, ਸ: ਸ਼ਮਸ਼ੇਰ ਸਿੰਘ ਸਕਾਲਰ ਸ਼੍ਰੋਮਣੀ ਕਮੇਟੀ ਤੇ ਹੋਰ ਕਈਆਂ ਨੂੰ ਭੇਜੇ ਅਤੇ ਉਨ੍ਹਾਂ ਦੇ ਉਤਰ ਜੋ ਆਉਂਦੇ ਰਹੇ ਸੀ ਉਹ ਵੀ ਬਲਾਕ ਬਣਵਾ ਕੇ ਉਕਤ ਪੁਸਤਕ ਵਿਚ ਮੇਹਰ ਸਿੰਘ ਨੇ ਛਾਪੇ ਤੇ ਇਹ ਦਸਣ ਦੀ ਕੋਸ਼ਿਸ਼ ਕੀਤੀ ਹੈ ਕਿ ਉਨ੍ਹਾਂ ਦੇ ਉਤਰ ਯੋਗ ਨਹੀਂ ਤੇ ਦੇਹਧਾਰੀ ਪੁਰਖ ਗੁਰੂ ਹੀ ਸਾਬਤ ਹੈ।

ਇਸੇ ਕਾਰਨ ਉਸ ਦੇ ਜਵਾਬ ਵਿਚ ਇਹ ਪੁਸਤਕ (ਪੁਰਖ ਗੁਰੂ ਕਿ ਸ਼ਬਦ ਗੁਰੂ) ਅਸੀਂ ਲਿਖੀ ਹੈ, ਜਿਸ ਵਿਚ ਉਸ ਦੇ ਹਰ ਇਕ ਪ੍ਰਸ਼ਨ ਦੇ ਸਿਰਲੇਖ ਹੇਠ ਆਪਣੀ ਵਲੋਂ ਮੁਕੰਮਲ (ਇਤਿਹਾਸਕ ਅਤੇ ਦਲੀਲਾਂ ਨਾਲ) ਜਵਾਬ ਦਿਤਾ ਹੈ ਕਿ "ਪੁਰਖ ਗੁਰੂ" ਨਹੀਂ। ਪਹਿਲੇ "ਸ਼ਬਦ ਗੁਰੂ" ਹੈ——ਜੋ ਸ੍ਰੀ ਅਕਾਲ ਪੁਰਖ ਸਤਿਗੁਰੂ ਪਾਸੋਂ ਸ੍ਰੀ ਨਾਨਕ ਜੀ ਨੂੰ ਪ੍ਰਾਪਤ ਹੋਇਆ ਤੇ ਉਸ ਸ਼ਬਦ ਗੁਰੂ ਕਾਰਨ (ਮੋਦੀ ਨਾਨਕ ਜੀ ਨੂੰ) ਜਗਤ ਗੁਰੂ "ਗੁਰੂ ਨਾਨਕ ਦੇਵ" ਮੰਨਿਆ ਗਿਆ ਸੀ। ਸ੍ਰੀ ਅਕਾਲ ਪੁਰਖ ਦਾ ਹੁਕਮ ਹੀ ਐਸਾ ਸੀ ਕਿ ਜੋ ਕੁਝ ਕਾਰਜ ਕਰਨ ਨੂੰ ਪੰਥ ਚਲਾਵਨ ਵਾਸਤੇ ਆਏ ਸਨ, ਉਹ ਦੇਹ ਧਾਰੀ ੧੦ ਜਾਮਿਆਂ ਵਿਚ ਹੀ ਕਰ ਵਖਾਣਾ ਤੇ ਪੰਥ ਨੂੰ ਟਰੇਂਡ ਕਰਨਾ ਸੀ।

ਇਸ ਤੋਂ ਉਪ੍ਰੰਤ ਜੋ ਜੋ ਗੁਰੂ ਸ਼ਬਦ ਬਾਣੀ ਸੰਚਤ ਸੀ, ਗੁਰੂ ਗ੍ਰੰਥ ਸਾਹਿਬ ਰੂਪ ਵਿਚ ਖਾਲਸਾ ਪੰਥ ਦੀ ਰਹਿਨੁਮਾਈ ਵਾਸਤੇ ਸੰਭਾਲੀ ਹੋਈ ਜਿਲਦ ਬੰਦੀ ਵਿਚ ਸੀ। ਪੂਰੇ ਸਤਿਕਾਰ ਨਾਲ ਤੇ ਪੁਰਾਤਨ ਰਸਮ ਅਨੁਸਾਰ ਗੁਰਗੱਦੀ ਸਥਾਪਤ ਕਰਕੇ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਸਮਾਏ ਸਨ। ਪਰ ਉਸ ਵਕਤ ਦੇ ਇਸ ਰੀਤ ਨਾਲ ਜੋਤੀ ਜੋਤਿ ਸਮਾਏ ਨੂੰ (ਜੋ ਸ਼ਾਇਦ ਸਣਦੇਹੀ ਅਕਾਸ਼ ਗੰਮਨ ਕੀਤਾ ਸੀ) ਨਾਮਧਾਰੀ ਉਥੋਂ ਨਿਕਲ ਜਾਣ ਦਾ ਇਕ ਕੌਤਕ ਰਚਾਇਆ ਦਸਦੇ ਹਨ। ਇਨ੍ਹਾਂ ਲੋਕਾਂ ਦੀ ਇਸ

ਮਨੌਤ ਉਤੇ ਵੀ ਅਸੀਂ ਪੂਰੀ ਪੂਰੀ ਬਹਿਸ ਕੀਤੀ ਅਤੇ ਬਾਲਕ ਸਿੰਘ ਜੀ ਨੂੰ ਗੁਰਗੱਦੀ ਦੇਣ ਦੀ ਇਸ ਕਹਾਣੀ ਨੂੰ ਮਨ ਘੜਤ ਹੀ ਸਾਬਤ ਕੀਤਾ ਹੈ ਪਾਠਕ ਵੀ ਇਸ ਗਲ ਨਾਲ ਸਹਿਮਤ ਹੋਣਗੇ ਕਿ :—ਕੂੜ ਨ ਪੁਜੇ ਸਚ ਨੂੰ ਸੌ ਘਾੜਤ ਘੜੀਏ, ਫਿਰ

"ਸਚਾਈ ਛੁਪ ਨਹੀਂ ਸਕਤੀ ਬਨਾਵਟ ਕੇ ਅਸੂਲੂੰ ਸੇ ॥
ਕਿ ਖੁਸ਼ਬੂ ਆ ਨਹੀਂ ਸਕਤੀ ਬਨੇ ਕਾਗਜ਼ ਕੇ ਫੂਲੋਂ ਸੇ ॥

ਨਾਮਧਾਰੀ ਲੇਖਕ ਨੇ "ਪੁਰਖ ਗੁਰੂ" ਪੁਸਤਕ ਵਿਚ ਦੇਹ ਧਾਰੀ ਗੁਰੂ ਸਿੱਧ ਕਰਨ ਵਾਸਤੇ ਇਕ ਥਾਂਇ ਗੁਰੂ ਬਾਣੀ ਵਿਚੋਂ ਐਸਾ ਉਦਾਹਰਣ ਦਿਤਾ ਹੈ :—

"ਨਿਹਤੇ ਪੰਜ ਜਵਾਨ ਮੈਂ ਗੁਰਥਾਪੀ ਦਿਤੀ ਕੰਡ ਜੀਉ" ਭਾਵ ਦੇਹਧਾਰੀ ਗੁਰੂ ਕੰਡ ਤੇ ਥਾਪੀ ਦੇਵੇ ਤਦ ਸਿਖ ਦੇ ਪੰਜ ਵੈਰੀ ਜਵਾਨ (ਕਾਮ ਕ੍ਰੋਧ ਲੋਭ ਮੋਹ ਅਹੰਕਾਰ) ਮਾਰੇ ਜਾਂਦੇ ਹਨ। ਵੇਖੀਏ ! ਇਥੇ ਇਸ ਨੇ ਇਹ ਨਹੀਂ ਸਮਝਿਆ ਕਿ ਇਹ ਵਾਕ ਗੁਰੂ ਅਰਜਨ ਦੇਵ ਨੇ ਨਿਰੋਲ ਆਪਣੇ ਪਰ ਵਰਤਿਆ ਦਸਿਆ ਹੈ।

ਉਹ ਦਸਦੇ ਹਨ—"ਹਉ ਗੁਸਾਂਈ ਦਾ ਪਹਿਲਵਾਨੜਾ। ਮੈਂ ਗੁਰ ਮਿਲ ਉਚ ਦੁਮਾਲੜਾ।" ਇਸ ਤੋਂ ਅਗੇ ਹੋਰ ਤੁਕਾਂ ਲਿਖੀਆਂ ਫਿਰ ਦਸਿਆ "ਨਿਹਤੇ ਪੰਜ ਜਵਾਨ ਮੈਂ ਗੁਰਥਾਪੀ ਦਿਤੀ ਕੰਡ ਜੀਉ ॥ ਉਨ੍ਹਾਂ ਦਸਿਆ ਕਿ ਗੁਰੂ ਪਿਤਾ ਪਾਸੋਂ ਮੈਂ ਥਾਪੀ ਪਾ ਕੇ ਪੰਜੇ ਵੈਰੀ ਮਾਰੇ ਤੇ ਸਮਾਂ ਬਣੇਂ ਵੇਲੇ ਐਸਾ ਪ੍ਰਤੱਖ ਦਸ ਦਿਤਾ ਸੀ।

ਪ੍ਰਿਥੀ ਚੰਦ ਭਰਾਤਾ ਕਿਤਨਾ ਵੈਰੀ ਸੀ, ਪਰ ਉਹ ਨੂੰ ਬੀਮਾਰ ਪਿਆ ਵੇਖ ਕੇ ਆਪ ਨੇ ਅਰਦਾਸ ਕੀਤੀ :—

ਹਰਿ ਜੀਉ ਤੂ ਸੁਖ ਸੰਪਤਿ ਰਾਸਿ ॥
ਰਾਖਿ ਲਿਉ ਭਾਈ ਮੇਰੇ ਕਉ ਪ੍ਰਭ ਆਗੈ ਅਰਦਾਸਿ ॥ (ਪੰਨਾ ੬੧੯)

ਫਿਰ ਤੱਤੀਆਂ ਲੋਹਾਂ ਪਰ ਬੈਠੇ ਵੇਲੇ ਵੀ "ਤੇਰਾ ਕੀਆ ਮੀਠਾ ਲਾਗੈ ॥ ਨਾਮ ਪਦਾਰਥ ਨਾਨਕ ਮਾਂਗੈ ॥" ਕਿਹਾ ਨੇ ਸਰਾਪ ਨਹੀਂ ਦਿਤਾ। ਹੋਰ ਕੋਈ ਨਾਮਧਾਰੀ ਦਸੀਏ ਕਿ ਜਿਸ ਦੀ ਕੰਡ ਪਰ ਦੀਖਿਆ ਦੇਣ ਵੇਲੇ ਨਾਮਧਾਰੀ ਗੁਰੂ ਜੀ ਨੇ ਥਾਪੀ ਦਿਤੀ ਹੋਵੇ ਤੇ ਉਸ ਦੇ ਪੰਜੇ ਜਵਾਨ (ਕਾਮ ਕ੍ਰੋਧ ਲੋਭ ਮੋਹ ਹੰਕਾਰ) ਮਾਰੇ ਗਏ ਹੋਵਨ ?

ਹੋਰ ਕਿਸੇ ਦੀ ਗੱਲ ਤਾਂ ਛਡ ਦਿਓ ! ਬਾਬਾ ਰਾਮ ਸਿੰਘ ਤੋਂ ਥਾਪੀ ਲੈ ਕੇ 'ਹੀਰਾ ਸਿੰਘ' ਮਲੇਰ ਕੋਟਲੇ ਉਤੇ ਹੱਲਾਂ ਕਰਨ ਨੂੰ ਤੁਰਿਆ, ਪਰ ਮਲੋਦ ਦੇ ਸਰਦਾਰ ਬਿਨੋਦ ਸਿੰਘ ਨੇ ਹਥਿਆਰ ਦੇਣ ਤੋਂ ਨਾਂਹ ਕੀਤੀ ਤਾਂ ਕ੍ਰੋਧ ਵਿਚ ਉਸੇ ਸਿਖ ਸਰਦਾਰ ਨੂੰ ਜ਼ਖਮੀ ਕਰਾਏ ਤੋਂ ਵਖਰੇ ਉਹਦੇ ਹਥਿਆਰ ਤਿੰਨ ਘੋੜਿਆਂ ਦੇ ਸਮੇਤ ਲੁਟ ਲਏ, ਨਾਲੇ ਦੋ ਬੰਦੇ ਉਹਨਾ ਦੇ ਵੀ ਉਥੇ ਹੀ ਮਰਵਾ ਦਿਤੇ ਗਏ ਸੀ। ਤਾਂਤੇ ਐਸੀਆਂ ਦਲੀਲਾਂ ਨਾਲ ਦੇਹਧਾਰੀ ਗੁਰੂ ਹੋਣਾ ਜ਼ਰੂਰੀ ਸਾਬਤ ਨਹੀਂ ਹੋ ਸਕਦਾ।

ਐਸੇ ਹੀ ਗੁਰਬਾਣੀ ਦੇ ਉਦਾਹਰਣ ਦਿੰਦੇ ਮੇਹਰ ਸਿੰਘ ਜੈਸੇ ਹੋਰ ਨਾਮਧਾਰੀ ਵੀ ਇਉਂ ਦਸਦੇ ਕਿ ਦੇਹਧਾਰੀ ਗੁਰੂ ਦੀ ਹੋਂਦ ਨਾਲ ਹੀ ਸਿਖਾਂ ਨੂੰ ਐਸਾ ਲਾਭ ਹੋ ਸਕਦਾ ਹੈ, ਕਈ ਐਸੇ ਸ਼ਬਦਾਂ ਦਾ ਹਵਾਲਾ ਦਿੰਦੇ :

ਗੁਰੂ ਕੇ ਚਰਨ ਹਿਰਦੈ ਵਸਾਇ ॥
ਦੁਖ ਦਰਦ ਤੇਰੀ ਹਤੈ ਬਲਾਇ ॥ (੧੯੦)
ਗੁਰ ਕਾ ਦਰਸਨ ਦੇਖਿ ਦੇਖਿ ਜੀਵਾਂ ॥
ਗੁਰ ਕੇ ਚਰਨ ਧੋਇ ਧੋਇ ਪੀਵਾਂ ॥ (੧੯੦)

ਤਦ ਇਹਨਾਂ ਸ਼ਬਦਾਂ ਦਾ ਇਹੋ ਭਾਵ ਸਮਝਣਾ ਹੈ ਕਿ ਜਿਸ ਵੇਲੇ ਨੌਂ ਪਾਤਸ਼ਾਹੀਆਂ ਤੀਕ ਸਰੀਰਾਂ ਵਿਚ ਵਰਤੇ ਸਨ ਉਸ ਵੇਲੇ ਦਰਸ਼ਨ ਤਾਂ ਹੁੰਦੇ ਰਹੇ, ਪਰ ਚਰਨ ਧੋਇ ਕਿ (ਚਰਨ ਪਾਹੁਲ) ਸਿਰਫ ਇਕੋ ਵੇਰ ਦਿਤੀ ਜਾਂਦੀ ਸੀ ਜਦੋਂ ਕੋਈ ਸਿਖ ਸਿਖੀ ਧਾਰਨ ਕਰਦਾ ਅਤੇ ਗੁਰ ਮੰਤ੍ਰ ਸੁਣਿਆ ਕਰਦਾ ਸੀ। ਰੋਜ਼ਾਨਾ ਕੋਈ ਚਰਨ ਧੋਇ ਧੋਇ ਕੇ ਸਿਖ ਨਹੀਂ ਸਨ ਪੀਂਦੇ। ਫਿਰ ਦਸਵੇਂ ਪਾਤਸ਼ਾਹ ਨੇ ਗੁਰ ਮੰਤਰ ਉਪਦੇਸ਼ ਤਾਂ ਪਹਿਲਾਂ ਵਾਲਾ ਹੀ ਬਹਾਲ ਰਖਿਆ, ਪਰ ਸਮੇਂ ਦੀ ਵਿਚਾਰ ਕਰਕੇ ਚਰਨਾਮ੍ਰਿਤ ਦੀ ਥਾਂਇ ਖੰਡੇ ਦਾ ਅੰਮ੍ਰਿਤ ਛਕਾਇਆ ਸੀ। ਅਗਰ ਐਸਾ ਨਹੀਂ ਮੰਨਦੇ ਤਾਂ ਨਾਮਧਾਰੀ ਲੇਖਕ ਹੀ ਦਸ ਦੇਣ ਕਿ ਉਹਨਾਂ ਦੇ ਗੁਰੂ ਜੀ ਆਪਣੇ ਸਿਖਾਂ ਨੂੰ ਰੋਜ਼ਾਨਾ ਚਰਨ ਧੋਇ ਕੇ ਪਿਲਾਂਦੇ ਹਨ? ਐਸਾ ਨਹੀਂ ਹੈ।

ਚਲੋ ਸਰੀਰਧਾਰੀ ਗੁਰੂਆਂ ਵੇਲੇ ਤਾਂ ਐਸਾ ਹੋਇਆ ਹੋਵੇਗਾ, ਪਰ ਦੂਜੇ ਸ਼ਬਦ ਹੋਰ ਵੀ ਹਨ ਜੋ ਐਸਾ ਫੁਰਮਾਨ ਹੈ:

ਚਰਨ ਕਮਲ ਪ੍ਰਭ ਰਿਦੈ ਨਿਵਾਸ ॥
ਸਗਲ ਦੂਖ ਕਾ ਹੋਆ ਨਾਸੁ ॥ (੧੯੨)

ਅਥਵਾ—ਚਰਨ ਕਮਲ ਪ੍ਰਭ ਕੇ ਨਿੱਤ ਧਿਆਵਉ ॥
ਕਵਨ ਸੁਮਤਿ ਜਿਤੁ ਪ੍ਰੀਤਮੁ ਪਾਵਉ ॥

ਫਿਰ ਹੋਰ—ਪ੍ਰਭੂ ਚਰਨ ਕਮਲ ਅਧਾਰ ॥
ਹਉ ਜਾਉ ਸਦ ਬਲਿਹਾਰ ॥ (੮੩੨)

ਤਾਂ ਇਥੇ ਦਸਿਆ ਜਾਏ ਕਿ ਪ੍ਰਭੂ ਜੋ ਨਿਰੰਕਾਰ ਹੈ—ਅਕਾਰ ਰਹਿਤ ਹੈ ਉਸ ਦੇ ਚਰਨ ਕਮਲ ਕਿਹੜੇ ਮੰਨੇ ਜਾਨਗੇ? ਸੋ ਇਸ ਭਰਮ ਨੂੰ ਵੀ ਗੁਰੂ ਦਸਮੇਸ਼ ਜੀ ਨੇ ਖੋਹਲ ਦਿਤਾ ਹੈ ਕਿ ਚਿੱਤ ਵਿਚ ਪ੍ਰਭੂ ਦਾ ਨਾਮ ਵਸਾਇਆ ਹੀ ਚਰਨਾਂ ਦਾ ਵਾਸਾ ਹੈ—ਜੈਸਾ ਕਿ:

ਘਰਿ ਘਰਿ ਪ੍ਰਨਾਮ—ਚਿਤ ਚਰਨ ਨਾਮ" (ਸ੍ਰੀ ਜਾਪੁ ਸਾਹਿਬ)

ਤਿਵੇਂ ਹੀ ਨਾਮਧਾਰੀ ਲੇਖਕਾਂ ਨੇ ਇਹ ਵੀ ਪ੍ਰਸ਼ਨ ਕੀਤੇ ਕਿ ਗੁਰੂ ਗ੍ਰੰਥ ਸਾਹਿਬ ਦੇ ਹਥ ਕਿਹੜੇ ਹਨ? ਬਾਣੀ ਵਿਚ ਤਾਂ ਐਸਾ ਵੀ ਆਇਆ ਹੈ—"ਸਮ੍ਰਥ ਗੁਰੂ ਸਿਰ ਹਥ ਧਰਿਉ ॥" ਤਾਂ ਇਸ ਦੇ ਜਵਾਬ ਵਿਚ ਅਸੀਂ ਪੁਛਦੇ ਹਾਂ ਕਿ ਗੁਰੂ ਸਾਹਿਬ ਜੀ ਐਸੀ ਵੀ ਬੇਨਤੀ ਕਰਦੇ ਹਨ—

ਪ੍ਰਭ ਕਰਣ ਕਾਰਣ ਸਮ੍ਰਥਾ ਰਾਮ ॥
ਰਖੁ ਜਗਤ ਸਕਲ ਦੇ ਹਥਾ ਰਾਮ ॥ (੫੭੮)

ਇਥੇ ਪ੍ਰਭ ਨਿਰੰਕਾਰ ਦੇ ਹਥ ਕਿਹੜੇ ਹਨ? ਨਾਮਧਾਰੀ ਨਹੀਂ ਦਸ ਸਕਦੇ,

ਤਾਂ ਉਕਤ ਵਾਕ ਕੇਵਲ ਸ਼ਰਧਾ ਵਧਾਉਣ ਨੂੰ ਹਨ ਕਿ ਸਿਖ ਜਦੋਂ ਗੁਰੂ ਗਰੰਥ ਜੀ ਅਗੇ ਅਰਦਾਸ ਕਰੇਗਾ, ਤਾਂ ਸਰਬ ਸ਼ਕਤ ਸੰਪੰਨ ਗੁਰੂ ਆਤਮਾ ਉਸ ਸਿਖ ਦੀ ਗੈਬੀ ਹਥਾਂ ਨਾਲ ਰਖਿਆ ਕਰੇਗੀ ਜੇ ਐਸਾ ਨਹੀਂ ਮੰਨਿਆ ਜਾਏ ਤਾਂ ਨਾਮਧਾਰੀਆਂ ਦੇ ਸਤਿਗੁਰੂ ਜੀ ਦੇਹਧਾਰੀ ਰੂਪ ਵਿਚ ਹੁੰਦਿਆਂ ਦੂਰ ਬੈਠੇ ਸਿਖਾਂ ਦੇ ਸਿਰ ਤੇ ਹਥ ਰਖ ਕੇ ਕਿਵੇਂ ਸਹਾਇਤਾ ਕਰ ਸਕਣਗੇ ?

ਪ੍ਰਤੱਖ ਮਿਸਾਲ ਹੈ—ਬਾਬਾ ਰਾਮ ਸਿੰਘ ਜੀ ਨੇ ਆਪਣੀ ਪਤਨੀ (ਮਾਤਾ ਜਸਾਂ) ਅਤੇ ਅੰਮ੍ਰਿਤਸਰ ਰਾਏਕੋਟ ਵਿਚ ਬੁਚੜਾਂ ਦੇ ਕਤਲ ਦੇ ਦੋਸ਼ ਵਿਚ ਫੜੇ ਗਏ ਤੇ ਫਾਂਸੀਆਂ ਚੜ੍ਹੇ ਸਿੰਘਾਂ ਦੀ ਆਤਮਾ ਦੇ ਉਧਾਰ ਵਾਸਤੇ ਨਾਮਧਾਰੀ ਇਤਿਹਾਸ (ਸਫਾ ੩੭੪) ਮੁਤਾਬਕ "ਗੁਰੂ ਗ੍ਰੰਥ ਸਾਹਿਬ" ਦੇ ੧੦੧ ਅਖੰਡ ਪਾਠ ਕਰਾਏ ਅਤੇ ਅਰਦਾਸੇ ਸੁਧਾਏ ਸਨ। ਉਹਨਾਂ ਨੇ ਪ੍ਰਲੋਕ ਵਿਚ ਕਿਸੇ ਜੀਵ ਆਤਮਾਂ ਦੀ ਸਹਾਇਤਾ ਵਾਸਤੇ ਆਪਣੇ ਨੂੰ ਸਮਰਥ ਨਹੀਂ ਸਮਝਿਆ ਸੀ ਤਦੇ ਸ਼ਬਦ ਗੁਰੂ (ਗੁਰੂ ਗਰੰਥ ਸਾਹਿਬ) ਦੇ ੨੫ ਬੀੜਾਂ ਉਤੇ ਅਖੰਡ ਪਾਠ ਕਰਾਏ ਸੀ, ਜਿਸ ਤੋਂ ਸਾਬਤ ਹੈ ਕਿ ਦੇਹਧਾਰੀ (ਪੁਰਖ ਗੁਰੂ) ਨਹੀਂ; ਸ਼ਬਦ ਗੁਰੂ ਹੀ ਲੋਕ ਪ੍ਰਲੋਕ ਵਿਚ ਸਹਾਇਕ ਹੁੰਦਾ ਹੈ।

ਇਸ ਵਾਸਤੇ ਨਾਮਧਾਰੀ ਵੀਰਾਂ ਨੂੰ ਹੱਠ ਦਾ ਤਿਆਗ ਕਰਕੇ ਪ੍ਰਪੱਕ ਨਿਸਚੇ ਨਾਲ ਮੰਨਣਾ ਚਾਹੀਏ ਕਿ ਸਿਖ ਪੰਥ ਵਾਸਤੇ "ਸ਼ਬਦ ਗੁਰੂ" ਹੀ ਗੁਰੂ ਹੈ। ਜਿਸ ਨੂੰ ਹਣ ਗੁਰੂ ਗ੍ਰੰਥ ਰੂਪ ਵਿਚ ਗੁਰੂ ਨਾਨਕ ਦੀ ਗੱਦੀ ਦਾ ਵਾਰਸ ਮੰਨਦੇ ਹਇਆਂ ਹਰ ਵਡੇ ਛੋਟੇ ਗੁਰਸਿਖ ਦਾ ਫਰਜ਼ ਹੈ ਕਿ ਉਹ ਪੰਜ ਪਿਆਰਿਆਂ ਪਾਸੋਂ ਗੁਰੂ ਗ੍ਰੰਥ ਜੀ ਦੀ ਹਜ਼ੂਰੀ ਵਿਚ ਅੰਮ੍ਰਿਤਪਾਨ ਕਰੇ। ਗੁਰਮੰਤਰ ਦਾ ਧਾਰਨੀ ਹੋਵੇ—ਅਤੇ ਗੁਰੂ ਸ਼ਬਦ ਬਾਣੀ ਦੀ ਕਥਾ ਵਿਆਖਿਆ ਕਿਸੇ ਵੀ ਵਿਦਵਾਨ ਪਾਸੋਂ ਸੁਣੇ ਸਮਝੇ, ਚਾਹੇ ਸਿਮਰਨ ਵਿਧੀ ਸਿਖੇ ਉਸ ਦਾ ਆਦਰ ਸਤਿਕਾਰ ਜਿਤਨਾ ਜੀ ਚਾਹੇ ਕਰੇ, ਪਰ ਗੁਰੂ ਭਾਵਨਾ ਸਿਰਫ ਗੁਰੂ ਗ੍ਰੰਥ ਸਾਹਿਬ (ਗੁਰਗੱਦੀ ਸਥਾਪਤ) ਉਤੇ ਰਖੇ। ਤੇ ਗੁਰੂ ਸ਼ਬਦ ਅਨੁਸਾਰ ਜੀਵਨ ਬਿਤਾਏ ਗੁਰੂ ਜੀ ਨੇ ਇਹੋ ਗੁਰਮੁਖ ਗਾਡੀ ਰਾਹੁ ਚਲਾਇਆ ਹੈ।

ਨਾਮਧਾਰੀ ਲੇਖਕ ਨੇ ਇਹ ਵੀ ਲਿਖਿਆ ਕਿ ਗ੍ਰੰਥ ਸਾਹਿਬ ਵਿਚ ਇਕੋ ਸ਼ਬਦ ਦੇ ਵਖੋ ਵਖਰੇ ਭਾਵ ਦੋਹੀਂ ਥਾਈਂ ਵਰਤੇ ਹਨ ਜਿਹਾ ਕਿ ਇਕ ਥਾਈਂ—ਵੇਦ ਕਤੇਬ ਕਹੋ ਮਤ ਝੂਠੇ ਝੂਠਾ ਜੋ ਨ ਬਿਚਾਰੈ ॥ ਲਿਖਿਆ ਅਤੇ ਦੂਜੀ ਥਾਈਂ "ਵੇਦ ਕਤੇਬ ਹੈ ਇਫਤਰਾ ਭਾਈ ਦਿਲ ਕਾ ਫਿਕਰ ਨਾ ਜਾਇ ॥" ਐਸੇ ਹੋਰ ਵੀ ਕਈ ਥਾਇਂ ਲਿਖਿਆ ਹੈ ਤਾਂ ਕਿਹੜੇ ਵਾਕ ਨੂੰ ਸਹੀ ਮੰਨੀਏ ? ਕਿਹੜੇ ਨੂੰ ਗਲਤ ?

ਇਸ ਦਾ ਉਤਰ ਇਹ ਹੈ ਕਿ ਆਪਣੀ ਆਪਣੀ ਥਾਇਂ ਦੋਵੇਂ ਸਹੀ ਹਨ। ਜਿਵੇਂ ਮੁਕੰਮਲ ਡਾਕਟਰ ਦੀ ਦੁਕਾਨ ਪਰ ਇਕੋ ਜਿਹੀਆਂ ਸ਼ੀਸ਼ੀਆਂ ਹੁੰਦੀਆਂ, ਕਿਸੇ ਵਿਚ ਜ਼ਹਿਰ ਤੇ ਕਿਸੇ ਵਿਚ ਅੰਮ੍ਰਿਤ ਜਿਹਾ ਅਸਰ ਕਰਨ ਵਾਲੀਆਂ ਦਵਾਈਆਂ ਹੁੰਦੀਆਂ ਹਨ। ਉਹਨਾਂ ਨੂੰ ਰੋਗ ਦੀ ਪਹਿਚਾਨ ਵਾਲਾ ਡਾਕਟਰ ਥਾਉਂ ਥਾਈਂ ਵਰਤਦਾ ਤੇ ਕੰਮ ਸਾਰਦਾ ਹੈ। ਸਾਡਾ ਇਹ ਕਹਿਣਾ ਬਣਦਾ ਨਹੀਂ ਕਿ ਇਕੋ ਹੱਟ ਵਿਚ ਵਖੋ ਵਖ ਤਾਸੀਰ ਦੀਆਂ ਦਵਾਈਆਂ ਕਿਉਂ ਰਖੀਆਂ ਹਨ।

ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਖੋ ਵਖਰੀ ਵਿਆਖਿਆ ਤੇ ਅਰਥ ਭਾਵ ਤੋਂ ਇਹ ਨਹੀਂ ਸਮਝਨਾਂ ਚਾਹੀਦੇ ਕਿ ਐਸਾ ਕਿਉਂ ਹੈ ? ਜਿਥੇ ਵੇਦਾਂ ਨੂੰ ਪੜੇ ਸਮਝੇ ਬਿਨਾਂ ਕੋਈ ਤਰਕਾਂ ਕਰਦਾ ਫਿਰੇ ਤਾਂ ਉਹਨਾਂ ਪ੍ਰਤੀ ਇਹ ਵਾਕ ਹੈ ਕਿ ਵੇਦ ਝੂਠਾ ਨਹੀਂ ਝੂਠਾ ਉਹ ਹੈ ਜੋ ਵਿਚਾਰੇ ਬਿਨਾਂ ਹੀ ਤਰਕਾਂ ਕਰਦਾ ਹੈ ।

ਦੂਜੀ ਥਾਇ ਉਹਨਾਂ ਪ੍ਰਥਾਏ ਉਚਾਰਨ ਹੈ ਕਿ ਵੇਦ ਵਿਚ ਦਸੇ ਕਰਮ ਕਾਂਡ, ਲੇਪੇ ਪੋਚੇ ਦੀ ਕ੍ਰਿਆ ਅਤੇ ਹਵੰਨ ਨਾਲ ਜੋ ਦੇਵਤਿਆਂ ਨੂੰ ਰੀਝਾਣਾ ਹੀ ਸਭ ਕੁਝ ਸਮਝ ਬੈਠੇ ਹਨ, ਉਹਨਾਂ ਨੂੰ ਦਸਿਆ ਕਿ ਵੇਦ ਤਾਂ ਸ਼ੀਸ਼ਾ ਹੈ--ਮੂੰਹ ਦਿਖਾਏਗਾ ਪਰ ਮੂੰਹ ਪਰ ਲਗੀ ਮੈਲ ਧੋਤੇ ਨਾਲ ਹੀ ਉਤਰ ਸਕੇਗੀ । ਤਿਵੇਂ ਹੀ ਸਿਰਫ ਕਰਮ ਕਾਂਡ ਨਾਲ ਨਹੀਂ ਬਲਕਿ—ਸਿਮ੍ਰਤਿ ਵੇਦ ਪੁਰਾਨ ਪੁਕਾਰਨ ਪੋਥੀਆਂ ॥ ਨਾਮ ਬਿਨਾਂ ਸਭ ਕੂੜ ਗਾਲੀ ਹੋਛੀਆਂ ॥ ਹਨ—ਜਨਮ ਜਨਮ ਦੇ ਪਾਪਾਂ ਦੀ ਮੈਲ ਨਾਮ ਜਪੇ ਨਾਲ ਹੀ ਫਟੇਗੀ ਇਸ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੂਰਨ ਗੁਰੂ ਗਿਆਨ ਹੈ ਉਹਨਾਂ ਵਾਕਾਂ ਨੂੰ ਪ੍ਰਥਾਇ ਸਮਝਣਾ ਹੀ ਸਿਆਣਪ ਹੈ ।

## ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਪਰ ਹੋਰ ਵਿਚਾਰ

ਨਾਮਧਾਰੀ ਇਤਿਹਾਸ (ਗਿਆਨੀ ਨਾਹਰ ਸਿੰਘ ਲਿਖਤ) ਸਫਾ ੧੪੪ ਪਰ ਵੀ ਐਸਾ ਲਿਖਿਆ ਹੈ "ਅੰਮ੍ਰਿਤ ਪ੍ਰਚਾਰ ਕਰਨ ਲਈ ਆਪ (ਬਾਬਾ ਰਾਮ ਸਿੰਘ ਜੀ) ਜ਼ਿਲਾ ਲੁਧਿਆਣੇ ਦੇ ਪਿੰਡਾਂ ਸਿਹਾੜ, ਰਾਏਪੁਰ ਗੁਜਰਵਾਲ, ਲੌਹਗੜ ਬਸੀਆ ਅਤੇ ਜਲੰਧਰ ਆਦਿਕ ਸ਼ਹਿਰਾਂ ਵਿਚ ਵੀ ਜਾਂਦੇ ਤੇ ਆਮ ਕਰਕੇ ਸੰਗਤਾਂ ਭੈਣੀ ਹੀ ਪਹੁੰਚ ਜਾਂਦੀਆਂ ਅਤੇ ਇਥੇ ਹੀ ਅੰਮ੍ਰਿਤ ਛਕ ਕੇ ਭਜਨ ਬੰਦਗੀ ਦਾ ਉਪਦੇਸ਼ ਲੈਕੇ ਘਰੋ ਘਰੀਂ ਚਲੀਆਂ ਜਾਂਦੀਆਂ ।"

"ਭਜਨ ਬੰਦਗੀ ਕਰਨ ਦੀ ਦੀਖਿਆ ਦੇਣ ਲਈ ਹਦਾਇਤਾਂ ਕਰਵਾਈਆਂ ਗਈਆਂ ।

ਹੁਣ ਪਾਠਕ ਵਿਚਾਰਨ ਕਿ ਗੁਰੂ ਸਾਹਿਬ ਵਲੋਂ ਪੰਜ ਪਿਆਰਿਆਂ ਰਾਹੀਂ ਅੰਮ੍ਰਿਤ ਪ੍ਰਚਾਰ ਅਤੇ ਨਾਮਮੰਤਰ—ਧਾਰਨ ਕਰਾਉਣਾ ਤੇ ਨਾਮਧਾਰੀਆਂ ਵਲੋਂ ਦੀਖਿਆ ਦੇਣ ਵਿਚ ਕੀ ਫਰਕ ਹੈ ? ਹਾਂ ਇਤਨਾ ਹੀ ਫਰਕ ਹੈ ਕਿ ਨਵੇਂ ਨਾਮਧਾਰੀਆਂ ਨੂੰ ਜੀਵਨ ਵਾਲਿਆਂ ਨੇ ਗੁਰ ਮੰਤਰ ਦੀਖਿਆ ਸੁਣਾਇਕੇ ਇਹਨਾਂ ਪ੍ਰੇਮੀਆਂ ਨੂੰ ਇਹੋ ਦਸਣਾ ਹੈ ਕਿ ਇਸ ਗੁਰੂ ਮੰਤਰ (ਦੀਖਿਆ) ਨੂੰ ਬਾਬਾ ਰਾਮ ਸਿੰਘ (ਨਾਮਧਾਰੀ ਗੁਰੂ) ਵਲੋਂ ਪ੍ਰਾਪਤ ਸਮਝਣਾ, ਅਤੇ ਪੰਜ ਪਿਆਰਿਆਂ ਨੇ ਦਸਣਾ ਕਿ ਇਸ ਗੁਰ ਮੰਤਰ (ਦੀਖਿਆ) ਦਾ ਆਧਾਰ ਸ੍ਰੀ ਅਕਾਲ ਪੁਰਖ ਦੇ ਥਾਪੇ "ਗੁਰੂ ਨਾਨਕ ਗੋਬਿੰਦ ਰੂਪ ਹੈ (ਗੁਰੂ ਗ੍ਰੰਥ ਰੂਪ ਤੋਂ) ਮੰਨਿਆ ਜਾਏ ਤੇ ਦਸਵੇਂ ਜਾਮੇ ਤੋਂ ਬਾਹਦ ਕੇਵਲ ਗੁਰਗਦੀ ਸਥਾਪਤ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸਿਖ ਪੰਥ ਦਾ ਸਤਿਗੁਰੂ ਸਮਝਿਆ ਜਾਏ ।

ਪਰ ਨਾਮਧਾਰੀ ਬਾਬੇ ਆਪਣੇ ਨੂੰ ਗੁਰਗਦੀ ਦਾ ਵਾਰਸ ਸਮਝੀ ਬੈਠੇ ਹਨ ਤੇ ਪਹਿਲੇ ਦਸ ਜਾਮਾਂ ਵਿਚ ਵਰਤੇ ਸਤਿਗੁਰੂਆਂ ਦੀ ਰੀਸ ਪੂਰੀ ਨਿਭਾਉਂਦੇ । ਜਿਵੇਂ ਪਹਿਲੇ ਦਸ ਜੋਤੀ ਸਰੂਪ ਦੇਹਧਾਰੀ ਸਾਰੇ ਸਤਿਗੁਰੂਆਂ ਵਲੋਂ ਵੀ ਇਲਾਕੇ ਵਾਰ ਮਸੰਦ

(ਮਸਨੱਦ ਨਸ਼ੀਨ) ਗੱਦੀਦਾਰ ਥਾਪੇ ਜਾਂਦੇ ਸਨ, ਉਹ ਸਿਖੀ ਦਾ ਪ੍ਰਚਾਰ ਕਰਦੇ ਸੈਂਕੜੇ ਕੋਹਾਂ ਪਰ ਬੈਠੇ ਤੇ ਸ਼ਰਧਾਲੂ ਲੋਕਾਂ ਨੂੰ ਨਾਮ ਮੰਤ੍ਰ ਦੀ ਦੀਖਿਆ ਸੁਣਾਂਦੇ ਤੇ ਭਜਨ-ਬੰਦਗੀ ਕਰਨੀ ਸਮਝਾਂਦੇ ਸਨ ਤੇ ਇਸ ਦੀਖਿਆ ਨੂੰ ਉਹ ਗੁਰੂ ਨਾਨਕ ਦੇਵ ਦੀ ਵਸਤੂ ਸਮਝਾਂਦੇ ਤੇ ਸਮੇਂ ਦੇ ਗੁਰਗੱਦੀ ਨਸ਼ੀਨਾਂ ਦੇ ਚਰਨੀਂ ਲਿਆ ਲਾਂਦੇ ਸਨ।

ਹੁਣ ਤਿਵੇਂ ਹੀ ਪਹਿਲੇ ਸਤਿਗੁਰਾਂ ਦੀ ਰੀਸ ਕਰਦੇ ਹੋਇਆਂ ਬਾਬਾ ਰਾਮ ਸਿੰਘ ਨੇ ਵੀ ਉਚੇ ਜੀਵਨ ਵਾਲਿਆਂ ਪਾਸੋਂ ਦੂਰ ਵਸਦੇ ਲੋਕਾਂ ਨੂੰ ਦੀਖਿਆ ਦਿਲਾਣ ਦਾ ਕੰਮ ਸ਼ੁਰੂ ਕੀਤਾ ਸੀ ਪਰ ਇਹਨਾਂ ਦੀਖਿਆ ਸੁਨਾਣ ਵਾਲਿਆਂ ਨੇ ਜਿਹਨਾਂ ਜਿਹਨਾਂ ਤਾਈਂ ਦੀਖਿਆ ਦਿਤੀ ਅਤੇ ਸਿਮਰਨ ਅਭਿਆਸ ਸਿਖਾਇਆ ਸੀ ਉਹਨਾਂ ਨੂੰ ਇਹੋ ਸਮਝਾਇਆ ਕਿ ਇਸ ਨਾਮ ਮੰਤਰ ਦੀ ਬਖਸ਼ਿਸ਼ ਸਤਿਗੁਰੂ ਰਾਮ ਸਿੰਘ ਜੀ ਦੀ ਹੈ, ਦੇਹਧਾਰੀ ਗੁਰੂ ਇਹਨਾਂ ਨੂੰ ਮੰਨਿਆ ਜਾਏ ਗ੍ਰੰਥ ਸਾਹਿਬ ਗੁਰੂ ਨਹੀਂ ਹੈ। ਉਸ ਵਿਚ ਮਨ ਨਹੀਂ ਜੀਵ-ਆਤਮਾ ਨਹੀਂ ਹੈ। ਹੈਰਾਨੀ ਹੈ ਕਿ ਸ਼ਬਦ ਵਿਚਾਰ ਤਾਂ ਗੁਰੂ ਗ੍ਰੰਥ ਜੀ ਵਿਚੋਂ ਸੁਣਾਂਦੇ, ਪਰ ਗੁਰੂ ਮੰਨਣ ਨੂੰ ਤਿਆਰ ਨਹੀਂ। ਉਹਨਾਂ ਦੀ ਬਰਾਬਰੀ ਦੇ ਆਪ ਗੁਰੂ ਬਣੇ ਬੈਠੇ ਹਨ ਤੇ ਮਸੰਦਾਂ ਦੀ ਥਾਈਂ ਸੂਬੇ ਥਾਪ ਦਿਤੇ ਸਨ।

ਇਥੇ ਹੋਰ ਵਿਚਾਰ ਇਹ ਵੀ ਹੈ ਕਿ ਜਿਵੇਂ ਜੀਵ ਆਤਮਾ ਹੀ ਅਸਲ ਵਸਤੂ ਹੈ ਜਿਸ ਦਾ ਕੋਈ ਰੰਗ ਰੂਪ ਵੀ ਨਹੀਂ ਹੈ, ਤਿਸ ਦੀ ਸੰਭਾਲ ਵਾਸਤੇ ਪੰਜ ਭੂਤਕ ਸਰੀਰ ਮਿਲਿਆ ਹੈ ਤੇ ਉਸ ਦੀ (ਜੀਵ ਆਤਮਾ ਦੀ) ਸੰਭਾਲ ਵਾਸਤੇ ਹੀ ਸਾਨੂੰ ਸਰੀਰ ਦੀ ਸੰਭਾਲ ਕਰਨੀ ਜ਼ਰੂਰੀ ਹੈ—ਤਿਵੇਂ "ਸ਼ਬਦ ਗੁਰੂ" ਜੋ ਨਿਰਾਕਾਰ ਹੈ—ਪਵਨ ਰੂਪ ਹੈ, ਤਿਸ ਦੀ ਸੰਭਾਲ ਅਖਰਾਂ ਰਾਹੀਂ ਕੀਤੀ ਜਾਂਦੀ ਤੇ ਅਖਰਾਂ ਵਿਚ ਸੰਭਾਲੇ "ਸ਼ਬਦ ਸੰਗ੍ਰਹਿ" ਨੂੰ ਹੀ ਸਿਖ ਪੰਥ ਵਾਸਤੇ ਗੁਰੂ ਦਸਿਆ ਹੈ।

ਫਿਰ ਜੀਵ ਆਤਮਾ (ਕਿਸੇ ਦੇਹਧਾਰੀ) ਗੁਰੂ ਸਰੀਰ ਵਿਚੋਂ ਨਿਕਲ ਜਾਏ ਤਦ ਉਹ ਗੁਰੂ ਸਰੀਰ ਵੀ ਮੁਰਦਾ ਹੈ ਉਸ ਨੂੰ ਹਥੀਂ ਸਸਕਾਰਿਆ ਜਾਏਗਾ ਕਿ ਉਹ ਸਰੀਰ ਹੁਣ ਬੋਲ ਨਹੀਂ ਸਕਦਾ, ਨਾ ਦੀਖਿਆ ਹੀ ਦੇ ਸਕਦਾ ਹੈ। ਤਿਵੇਂ ਹੀ ਜਿਸ ਕਾਗਜ਼ੀ ਰੂਪ ਦੇ ਅਕਾਰ ਵਿਚ "ਸ਼ਬਦ ਗੁਰੂ" ਅਖਰਾਂ ਵਿਚ ਸੰਭਾਲਿਆ ਹੈ ਉਹੋ ਹੀ ਸਾਡਾ ਸਤਿਗੁਰੂ ਹੈ। ਅਗਰ ਐਸਾ ਨਹੀਂ ਤਦ ਦੋ ਰਿਮ ਕੋਰੇ ਕਾਗਜ਼ ਨੂੰ ਜਿਲਦ ਰੂਪ ਵਿਚ ਬੰਨ੍ਹ ਦਿਤਾ ਜਾਏ ਤਾਂ ਉਹਨੂੰ ਭਾਵੇਂ ਸਾੜ ਦਿਤਾ ਜਾਏ ਜੋ ਫਾੜ ਦਿਤਾ ਜਾਏ ਸਿਖਾਂ ਵਾਸਤੇ ਕੋਈ ਦੁਖ ਦੀ ਗਲ ਨਹੀਂ ਹੈ।

ਤਾਂਤੇ ਸਾਬਤ ਹੈ ਕਿ ਦੋਹਾਂ ਹਾਲਤਾਂ ਵਿਚ "ਸ਼ਬਦ" ਹੀ ਗੁਰੂ ਹੈ। ਜੋ ਨਿਰਾਕਾਰ ਰੂਪ ਵਿਚ ਕੰਨਾਂ ਰਾਹੀਂ ਹਿਰਦੇ ਵਿਚ ਧਰਿਆ ਜਾਏ ਜਾਂ ਅਖਰਾਂ ਵਿਚ ਸੰਭਾਲਿਆ ਅਖੀਆਂ ਰਾਹੀਂ ਹਿਰਦੇ ਵਿਚ ਵਸਾਇਆ ਜਾਂਦਾ ਹੈ, ਫਿਰ ਸ਼ਬਦ ਹੀ ਐਸੀ ਵਸਤੂ ਹੈ—ਜੇ ਕ੍ਰੋਧ ਵਿਚ ਕਿਸੇ ਨੂੰ ਕੜਵੇ ਸ਼ਬਦਾਂ ਵਿਚ ਬੋਲ ਸੁਣਾਇਆ ਜਾਏ ਤਦ ਉਹਦਾ ਹਿਰਦਾ ਜਲ ਬਲ ਜਾਏਗਾ। ਅਤੇ ਜੇਕਰ ਪ੍ਰੇਮ ਭਰੇ ਸ਼ਬਦਾਂ ਵਿਚ ਸੁਣਾਇਆ ਜਾਂ ਲਿਖਤ ਰੂਪ ਕਿਸੇ ਨੂੰ ਪੜ੍ਹਾਇਆ ਜਾਏ ਤਦ ਉਹਦੀ ਆਤਮਾ ਨੂੰ ਠੰਡਕ ਸ਼ਾਂਤੀ ਅਤੇ ਮਾਨਸਕ ਤ੍ਰਿਪਤੀ ਹੋਵੇਗੀ ਤੇ ਗੁਰੂ ਮੰਤਰ ਰੂਪ (ਸ਼ਬਦ ਗੁਰੂ) ਇਸੇ ਕਰਕੇ ਸਹੀ ਗੁਰੂ ਹੈ

ਕਿ ਨਿਰਾਕਾਰ ਪ੍ਰਮਾਤਮਾ ਅਤੇ ਸਾਕਾਰ ਵਿਚ ਦੀ ਜੀਵ-ਆਤਮਾਂ ਨੂੰ ਮੇਲਣ ਵਾਲਾ (ਵਿਸ਼ਟ ਗੁਰੂ ਮੈ ਪਾਇਆ) ਬੋਲਣ ਵਿਚ ਨਿਰਾਕਾਰ ਅਤੇ ਲਿਖਤ ਵਿਚ ਸ਼ਬਦ ਰੂਪ ਹੈ।

ਇਸ ਗਲ ਨੂੰ ਨਾ ਸਿਰਫ ਸਿਖ ਮਜ਼ਹਬ ਹੀ ਨਹੀਂ ਮੰਨਦਾ ਕਿ ਸ਼ਬਦ ਹੀ ਸਰਬ ਸ਼ਕਤੀਮਾਨ ਉਸ ਰਬ ਨਿਰਾਕਾਰ ਦਾ ਲਖਾਇਕ ਹੈ, ਸਗੋਂ ਸਾਰੇ ਮਜ਼ਹਬਾਂ ! ਕ੍ਰਿਸ਼ਚੀਅਨ ਆਦਿ ਇਸਲਾਮ ਨੇ ਵੀ ਐਸਾ ਹੀ ਮੰਨਿਆ ਹੈ ਕਿ ਬਾਣੀ ਰੂਪ ਸ਼ਬਦ ਹੀ ਪ੍ਰਮਾਤਮਾਂ ਦਾ ਲਖਾਇਕ ਹੈ। ਸਨਾਤਨੀ ਧਰਮ ਵਾਲਿਆਂ ਦਾ ਨਿਸਚਾ ਵੀ ਐਸਾ ਹੀ ਹੈ ਕਿ ਸੰਸਾਰ ਦੀ ਉਤਪਤੀ ਵੀ ਓਮੰ ਸ਼ਬਦ ਤੋਂ ਹੈ—ਜਿਸ ਨੂੰ ਗੁਰੂ ਜੀ ਨੇ "ਕੀਤਾ ਪਸਾਉ ਏਕੋ ਕਵਾਉ" ਕਿਹਾ ਹੈ ਤੇ ਭਾਈ ਗੁਰਦਾਸ ਜੀ ਨੇ ਗੁਰੂ ਆਸ਼ੇ ਨੂੰ ਖੋਹਲਦੇ ਹੋਇਆਂ ਵਾਰ ੯ ਪਉੜੀ ਪਹਿਲੀ ਵਿਚ ਐਸਾ ਲਿਖਿਆ ਹੈ—

ਗੁਰ ਮੂਰਤਿ ਪਾਰਬ੍ਰਹਮ ਅਬਗਤਿ ਅਬਨਾਸੀ ॥<br>ਪਾਰਬ੍ਰਹਮ ਗੁਰ ਸ਼ਬਦ ਹੈ ਸਤਿ ਸੰਗ਼ ਨਿਵਾਸੀ ॥

ਫੇਰ ਦੇਖੀਏ ਕਿ ਸ੍ਰੀ ਅਕਾਲ ਪੁਰਖ ਜਿਸ ਵੇਲੇ—"ਅਰਬਦ ਨਰਬਦ ਧੁੰਧੂਕਾਰ" ਜੈਸੀ ਸੁੰਨ ਅਵਸਥਾ ਵਿਚ ਸੀ ਤਦੋਂ—"ਜਬ ਉਦਕਰਖ ਕਰੇ ਕਰਤਾਰਾ" (ਖਾਹਸ਼ ਹੋਈ) ਕਿ ਏਕ ਤੋਂ ਅਨੇਕ ਹੋਵਾਂ—ਉਸ ਵੇਲੇ ਵੀ ਸ਼ਬਦ ਦੇ ਉਚਾਰਨ ਨਾਲ ਹੀ ਜਗਤ ਪਸਾਰਾ ਕੀਤਾ ਸੀ--"ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਇ ਲਖ ਦਰਿਆਉ ॥" ਉਸ ਨੇ ਕਈ ਬ੍ਰਹਮੰਡ ਰਚ ਦਿਤੇ ਸਨ। ਹੋਰ ਦੇਖੀਏ ਭਾਈ ਗੁਰਦਾਸ ਦੇ ਵਿਚਾਰ :

ਇਕ ਕਵਾਉ ਪਸਾਉ ਕਰ ਓਅੰਕਾਰ ਸੁਣਾਇਆ ॥<br>ਓਅੰਕਾਰ ਅਕਾਰ ਲਖ ਬ੍ਰਹਮੰਡ ਬਣਾਇਆ ॥<br>(ਵਾਰ ੧੩, ਪਉੜੀ ੧੧)

ਤਾਂਤੇ ਮੰਨਣਾ ਚਾਹੀਏ ਕਿ ਜਿਸ ਕਰਤਾਰ ਨੇ ਇਤਨਾ ਪਸਾਰਾ ਬ੍ਰਹਮੰਡਾਂ ਦਾ ਕੀਤਾ ਹੈ—ਇਹਨਾਂ ਵਿਚ ਸਰੀਰਧਾਰੀ ਮਨੁਖਾਂ ਵਿਚ ਵੀ ਸ਼ਬਦ ਗਿਆਨ ਦਾ ਪ੍ਰਕਾਸ਼ ਉਸੇ ਪ੍ਰਗਟਾਇਆ ਤੇ ਪਹਿਲਾ ਸਤਿਗੁਰ ਸਰੀਰਧਾਰੀ ਜੋ ਕੋਈ ਹੋਇਆ ਸੀ ਉਹਦਾ ਸਤਿਗੁਰੂ ਵੀ ਸ੍ਰੀ ਅਕਾਲ ਪੁਰਖ ਨਿਰੰਕਾਰ ਹੀ ਸੀ। ਜਿਸ ਨੇ ਸ਼ਬਦ ਗੁਰੂ ਦੀ ਬਖਸ਼ਿਸ਼ ਨਾਲ ਉਸ ਪਹਿਲੇ ਸਰੀਰਧਾਰੀ ਨੂੰ ਸਤਿਗੁਰੂ ਬਣਾ ਪ੍ਰਗਾਇਆ ਸੀ। ਤਿਵੇਂ ਹੀ "ਸਤਿਗੁਰੂ ਅਕਾਲ ਪੁਰਖ" ਜੀ ਨੇ ਸ੍ਰੀ ਨਾਨਕ ਜੀ ਨੂੰ "ਸ਼ਬਦ ਗੁਰੂ" (ਮੂਲਮੰਤ੍ਰ) ਦੀ ਬਖਸ਼ਿਸ਼ ਨਾਲ ਜਗਤ ਗੁਰੂ ਥਾਪ ਕੇ ਮੋੜਕੇ ਭੇਜਿਆ ਸੀ। ਉਹੀ ਗੁਰੂ ਨਾਨਕ ਦੇਵ ਜੀ ਫਿਰ ਦਸ ਸਰੀਰਾਂ ਵਿਚ ਜੋਤ ਰੂਪ ਹੋ ਵਰਤੇ—ਕਿ ਜੋ ਉਪਦੇਸ਼ ਕਰਨਾ ਸੀ ਸਰੀਰਧਾਰੀ ਰੂਪ ਵਿਚ ਹੀ ਕਮਾ ਕੇ ਦਸਣਾ ਸੀ।

ਉਪ੍ਰੰਤ ਦਸਮੇਸ਼ ਰੂਪ ਵਿਚ ਵਰਤੇ ਮਗਰੋਂ ਸਰੀਰਕ ਗੁਰਿਆਈ ਖਤਮ ਕਰਕੇ ਪੰਥ ਵਾਸਤੇ ਗੁਰੂ ਗ੍ਰੰਥ ਜੀ ਸਥਾਪਤ ਕੀਤੇ, ਜਿਸ ਗੁਰੂ ਗ੍ਰੰਥ ਜੀ ਤੋਂ ਸ਼ਬਦ ਬਾਣੀ ਅਤੇ ਨਾਮ ਮੰਤ੍ਰ—ਨਾਮਧਾਰੀ ਵਰਤਦੇ, ਪਰ (ਮਾਲਕ) ਬਰਾਬਰੀ ਦੇ ਸਤਿਗੁਰ ਖੁਦ ਬਣ ਬੈਠੇ ਅਤੇ ਅਮਾਨਤ ਵਿਚ ਖਿਆਨਤ ਦੇ ਦੋਸ਼ੀ ਬਣ ਰਹੇ ਹਨ।

ਹੋਰ ਵਿਚਾਰ ਇਹ ਵੀ ਹੈ ਕਿ ਕੋਈ ਵੀ ਦੇਹਧਾਰੀ ਗੁਰੂ ਦੂਰ ਬੈਠੇ ਸਿਖਾਂ ਨੂੰ ਦਰਸ਼ਨ ਨਹੀਂ ਦੇ ਸਕਦੇ, ਨਾ ਹੀ ਰੋਜ਼ਾਨਾ ਸਿਖਿਆ ਦੇ ਸਕਦੇ, ਪਰ "ਸ਼ਬਦ" ਗੁਰੂ-ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਤੇ ਉਪਦੇਸ਼ ਹਰ ਥਾਏਂ ਨਿਤ ਪ੍ਰਾਪਤ ਹੁੰਦੇ ਹਨ, ਜਿਵੇਂ ਸ੍ਰੀ ਰਾਮ ਚੰਦਰ ਜੀ ਦੇ ਬਨਬਾਸ ਵੇਲੇ ਉਹਨਾਂ ਵਲੋਂ ਦਿਤੀਆਂ ਖੜਾਵਾਂ ਨੂੰ ਤਖਤ ਪਰ ਸਜਾਇ ਕੇ "ਭਰਤ" ਜੀ ਨਿਤ ਦਰਸ਼ਨ ਤੇ ਪੂਜਨ ਕੀਤੇ ਮਗਰੋਂ ਮਥਾ ਟੇਕ ਤਖਤ ਪਰ ਬੈਠਦਾ ਤੇ ਉਹਨਾਂ ਦੇ ਹੁਕਮ ਅਨੁਸਾਰ ਰਾਜਸੀਕਾਰ ਚਲਾਂਦਾ ਰਿਹਾ ਸੀ। ਤਿਵੇਂ ਗੁਰਗਦੀ ਤਖਤ ਪਰ ਸਥਾਪਤ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਪੰਜੇ ਪਿਆਰੇ ਗੁਰੂ ਰੂਪ ਅਤੇ ਹੋਰ ਅਨੇਕਾਂ ਵਿਦਵਾਨ (ਸੰਤ ਮਹੰਤ ਜਾਂ ਪ੍ਰਚਾਰਕ) ਗੁਰੂ ਹੁਕਮਾਂ ਦਾ ਪ੍ਰਚਾਰ ਕਰਦੇ ਸਿਖ ਸੰਗਤਾਂ ਨੂੰ ਨਿਹਾਲ ਕਰਦੇ ਤੇ ਸ਼ਬਦ ਵਿਆਖਿਆ ਰਾਹੀਂ ਗੁਰੂ ਹੁਕਮ ਸੁਣਾਂਦੇ—ਜੋ ਆਪਣਾ ਸਮਝ ਕੇ ਨਹੀਂ, ਸਤਿਗੁਰਾਂ ਵਲੋਂ ਹੁਕਮ ਕੀਤਾ ਦਰਸਾਂਦੇ ਹਨ।

## ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਵਾਲਿਆਂ ਦੇ ਵਿਚਾਰ

ਸਰਦਾਰ ਅਮਰੀਕ ਸਿੰਘ ਸਭਰਵਾਲ ਸੰਤ ਗੁਰਬਖਸ਼ ਸਿੰਘ ਸ਼ਿਮਲੇ ਵਾਲਿਆਂ ਦੇ ਬਹੁਤ ਪ੍ਰੇਮੀ ਤੇ ਨਿਕਟ ਵਰਤੀ ਸਨ। ਇਹਨਾਂ ਨੇ ਸੰਤ ਜੀ ਬਾਬਤ ਮੇਰੀ ਲਿਖੀ ਪੁਸਤਕ "ਨਿਰਮਲ ਜੀਵਨ" ਦਾ ਰੀਵੀਊ ਲਿਖਿਆ ਜਿਸ ਵਿਚ ਉਹਨਾਂ ਨੇ ਕੰਨੀ ਸੁਣੇ ਐਸੇ ਵਿਚਾਰ ਪ੍ਰਗਟਾਏ ਸਨ ਉਹ ਦਸਦੇ—

"ਸ਼ਿਮਲੇ ਵਿਚ ਅੰਗਰੇਜ਼ੀ ਰਾਜ ਵੇਲੇ ਮੇਰੇ ਸਾਹਮਣੇ ਇਕ ਸਰਕਾਰੀ ਅਫਸਰ (ਆਰੀਆ ਸਮਾਜੀ) ਨੇ ਸੰਤ ਗੁਰਬਖਸ਼ ਸਿੰਘ ਪਾਸ ਪ੍ਰਸ਼ਨ ਕੀਤਾ ਕਿ ਤੁਸੀਂ ਕਾਗਜ਼ਾਂ ਤੇ ਲਿਖੇ ਗ੍ਰੰਥ ਨੂੰ ਗੁਰੂ ਗ੍ਰੰਥ ਜੀ ਮੰਨਦੇ ਤੇ ਮਥੇ ਟੇਕਦੇ ਹੋ। ਇਹ ਠੀਕ ਹੈ ਤੇ ਕਿਵੇਂ ਠੀਕ ਹੈ? ਕਿਵੇਂ ਜਾਇਜ਼ ਹੈ? ਤਦ ਉਤਰ ਵਿਚ ਸੰਤ ਜੀ ਨੇ ਆਖਿਆ—ਤੁਸੀਂ ਕਪੜਾ ਖਰੀਦ ਕੇ ਧੋਤੀਆਂ ਤੇ ਪਜਾਮੇ ਬਣਾਂਦੇ ਹੋ, ਜੋ ਟੱਟੀ ਪਿਸ਼ਾਬ ਨਾਲ ਅਪਵਿਤਰ ਹੋ ਜਾਂਦੇ ਹਨ। ਪਰ ਉਸੇ ਥਾਨ ਵਿਚੋਂ ਕਪੜਾ ਤੁਸੀਂ ਲੈ ਕੇ "ਯੂਨੀਅਨ ਜੈਕ" ਕੌਮੀ ਨਿਸ਼ਾਨ ਝੰਡਾ ਬਣਾ ਕੇ ਝੁਲਾਂਦੇ ਤਾਂ ਸਾਰੇ ਸੀਸ ਨਿਵਾਂਦੇ ਸਲਾਮੀ ਕਰਦੇ ਹਨ। ਇਹ ਠੀਕ ਵੀ ਹੈ ਤੇ ਕਿਵੇਂ ਠੀਕ ਹੈ?

ਸੰਤ ਜੀ ਨੇ ਫੇਰ ਕਿਹਾ ਕਿ ਬਜ਼ਾਰੀ ਕਾਗਜ਼ਾਂ ਤੇ ਕਈ ਲਿਖਤਾਂ ਤੇ ਤਸਵੀਰਾਂ ਨੂੰ ਗਲੀਆਂ ਵਿਚ ਰੁਲਦੇ ਦੇਖਿਆ ਹੈ ਪਰ "ਸ਼ਹਿਨਸ਼ਾਹੀ ਫੁਰਮਾਨ ਉਸੇ ਕਾਗਜ਼ ਉਤੇ ਲਿਖਿਆ ਲੰਡਨ ਤੋਂ ਜਦੋਂ ਭੇਜਿਆ ਜਾਂਦਾ ਹੈ। ਉਹ ਡਾਕ ਥੈਲਿਆਂ ਵਿਚ ਬੰਦ, ਜਹਾਜ਼ ਤੇ ਰੇਲ ਗਡੀਆਂ ਵਿਚ ਠੋਕਰਾਂ ਖਾਂਦਾ—ਗਵਰਨਰ ਜਨਰਲ (ਲਾਟ ਸਾਹਿਬ) ਪਾਸ ਪੁਜਦਾ ਹੈ। ਫਿਰ ਉਹ ਪੜ੍ਹ ਸੁਣਾਂਦਾ ਹੈ ਤਾਂ ਅਸੰਬਲੀ ਹਾਲ ਵਿਚ ਦੇ ਸਾਰੇ ਮੈਂਬਰ ਅਦਬ ਵਿਚ ਉਠ ਖਲੋਂਦੇ ਤੇ ਸੁਣਦੇ ਹਨ।

ਐਸੇ ਹੀ ਬਜ਼ਾਰੀ ਕਾਗਜ਼ਾਂ ਉਤੇ ਗੁਰਬਾਣੀ (ਸਤਿਗੁਰਾਂ ਦਾ ਫੁਰਮਾਨ) ਹੁਕਮ ਜੋ ਲਿਖਿਆ ਤੇ—"ਗੁਰੂ ਗ੍ਰੰਥ ਸਾਹਿਬ ਰੂਪ" ਵਿਚ ਹੈ—ਇਸ ਵਾਸਤੇ ਗੁਰੂ ਨਾਨਕ ਨਾਮ ਲੇਵਾ ਸਿਖ (ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ) ਸਤਿਗੁਰੂ ਮੰਨਦੇ ਅਤੇ ਪੂਜਦੇ ਸੀਸ

ਨਿਵਾਂਦੇ ਹਨ। ਇਸ ਉਤਰ ਨੇ ਉਸ ਆਰੀਆ ਸਮਾਜੀ ਸਜਨ ਨੂੰ ਸਦਾ ਵਾਸਤੇ ਸ਼ਰਧਾਲੂ ਬਣਾ ਦਿਤੇ ਤੇ ਅਖੀਰ ਦਮ ਤੀਕ ਉਹ ਸੀਸ ਨਿਵਾਂਦਾ ਤੇ ਪਾਠ ਕਰਦਾ ਰਿਹਾ ਸੀ। (ਇਸ ਰੀਵੀਊ ਵਿਚ ਅਗੇ ਮੇਰੀ ਬਾਬਤ ਵੀ ਹੈ)

### ਉਕਤ ਸੰਤ ਗੁਰਬਖਸ਼ ਸਿੰਘ ਜੀ ਦੇ ਅਨੁਭਵੀ ਵਿਚਾਰ

ਸ਼ਿਮਲੇ ਵਿਚ ਹੁੰਦਿਆਂ ਸੰਤ ਗੁਰਬਖਸ਼ ਸਿੰਘ ਜੀ ਦੇ ਕੀਰਤਨ ਤੋਂ ਪ੍ਰਭਾਵਤ ਹੋਏ ਇਕ ਬੰਗਾਲੀ ਵਿਦਵਾਨ ਜੋ ਰੋਜ਼ਾਨਾ ਦੀਵਾਨ ਵਿਚ ਆਉਂਦਾ ਸੀ—ਉਸ ਨੇ ਇਕ ਦਿਨ ਖੁਲੇ ਸ਼ਬਦਾਂ ਵਿਚ ਸੰਤ ਜੀ ਨੂੰ ਆਖਿਆ—"ਆਪ ਗੁਰੂ ਗ੍ਰੰਥ ਕੋ ਪ੍ਰਗਟ ਗੁਰਾਂ ਕੀ ਦੇਹ" ਕਹਿਤੇ ਹੈਂ—ਯੇਹ ਕੈਸੇ ਮਾਨਾ ਜਾਏ ? ਇਸ ਗੁਰੂ ਕੇ ਹਾਥ ਕਹਾਂ ਹੈ ? ਪਾਉਂ ਕਹਾਂ, ਆਖੇਂ ਕਹਾਂ, ਔਰ ਮੂੰਹ ਕਹਾਂ, ਜਹਾਂ ਸੇ ਖਾਤਾ ਔਰ ਬੋਲਤਾ ਹੈ ?

ਉਸ ਬੰਗਾਲੀ ਬਾਬੂ ਦੇ ਇਸ ਪ੍ਰਸ਼ਨ ਨੂੰ (ਜੋ ਮੋਹਰ ਸਿੰਘ ਰਾਵਲਾ ਦੇ ਪ੍ਰਸ਼ਨਾਂ ਵਾਂਗੂ ਸੀ) ਸੰਤ ਜੀ ਨੇ ਬਹੁਤ ਵਜ਼ਨਦਾਰ ਜਾਣਿਆ ਤੇ ਵੇਲੇ ਸਿਰ ਯੋਗ ਉਤਰ ਦੇਣਾ ਵੀ ਆਪ ਜੀ ਅਨੁਭਵੀ ਵਿਦਵਾਨ ਦਾ ਕੰਮ ਸੀ। ਸੰਤ ਜੀ ਥੋੜਾ ਮੁਸਕਰਾਏ ਤੇ ਠਰੰਮੇ ਨਾਲ ਬਾਬੂ ਜੀ ਪ੍ਰਤੀ ਦੇਖਿਆ, ਤੇ ਫੁਰਮਾਇਆ :—

> "ਬਾਬੂ ਸਾਹਿਬ ਜੀਉ ! ਆਪ ਜਬ ਕਭੀ ਬਾਜ਼ਾਰ ਸੇ ਗੁਲਾਬ ਦਾ ਇਤੱਰ ਮੰਗਵਾਓਗੇ ਤੋਂ ਉਸ ਕੀ ਸ਼ੁੱਧ ਸੁਗੰਧੀ ਨਿਸਦਤ ਕਰਕੇ ਹੀ ਮਾਨੋਗੇ ਕਿ ਜੈ ਯੇ ਗੁਲਾਬ ਦਾ ਇਤਰ ਠੀਕ ਹੈ। ਉਤਰ ਵਿਚ ਬਾਬੂ ਨੇ ਕਿਹਾ ਜੀ ਠੀਕ ਹੈ, ਮਾਨਨਾ ਤੋਂ ਪੜੇਗਾ ਜ਼ਰੂਰ। ਫਿਰ ਸੰਤ ਜੀ ਨੇ ਕਿਹਾ ਕਿ ਜਿਸ ਸ਼ੀਸ਼ੀ (ਬੋਤਲ) ਮੇਂ ਗੁਲਾਬ ਕੇ ਇਤਰ ਕਾ ਅਨੁਮਾਨ ਹੋਗਾ, ਉਸ ਕੇ ਸਾਥ ਗੁਲਾਕ ਕੀ ਵੁਹ ਡਾਹਲੀ ਕਹਾਂ, ਪਤੇ ਕਹਾਂ, ਕਾਂਟੇ ਕਹਾਂ, ਫੁਹ ਫੂਲ ਕਹਾਂ ਦੇਖੋਗੇ, ਜਿਨ ਸੇ ਵਹੁ ਇਤਰ ਨਿਕਲਾ ਹੈ ?

ਸੰਗਤ ਭਰਪੂਰ ਸੀ, "ਸਾਰਿਆਂ ਨੇ ਬੰਗਾਲੀ ਦਾ ਪ੍ਰਸਨ ਅਤੇ ਸੰਤ ਸਾਹਿਬ ਦਾ ਉਤਰ ਵੀ ਹੁਣ ਸੁਣਿਆ ਸੀ, ਪਰ ਬੰਗਾਲੀ ਬਾਬੂ ਸਿਰਫ ਚੁਪ ਨਹੀਂ ਰਿਹਾ, ਸਗੋਂ ਸਾਰਿਆਂ ਦੇ ਸਾਹਮਣੇ ਉਸ ਨੇ ਜ਼ਿਮੀ ਉਤੇ ਲੰਮੇ ਪੈ ਕੇ ਅਸ਼ਟਾਂਗ ਡੰਡਉਤ ਬੰਦਨਾ ਕੀਤੀ ਅਤੇ ਭਰਵੀ ਆਵਾਜ਼ ਵਿਚ ਗੱਦ ਗੱਦ ਹੋਏ ਨੇ ਧੰਨ ਹੋ ! ਧੰਨ ਹੋ—ਐਸਾ ਆਖਿਆ। ਸੰਤ ਗੁਰਬਖਸ਼ ਸਿੰਘ ਜੀ ਨੇ ਖੁਦ ਵੀ ਉਸਦੀ ਸ਼ਰਧਾ ਵਧੀ ਨੂੰ ਦੇਖ ਕੇ ਕੰਡ ਉਤੇ ਥਾਪੀ ਦਿਤੀ ਅਤੇ ਬਾਂਹੋ ਫੜ ਉਠਾ ਕੇ ਛਾਤੀ ਨਾਲ ਲਾਇਆ ਸੀ। ਫੇਰ ਐਸਾ ਸਮਝਾਇਆ—

ਸੰਤ ਜੀ ਨੇ ਦਸਿਆ ਕਿ ਜੈਸੇ ਗੁਲਾਬ ਕੇ ਸਾਰੇ ਅੰਗੋਂ ਕੋ ਨਾ ਦੇਖਤੇ ਹੂਏ ਭੀ ਆਪ ਕੋ ਮਾਨਨਾ ਪੜਤਾ ਹੈ ਕਿ ਇਸ ਸ਼ੀਸ਼ੀ ਮੇਂ ਗੁਲਾਬ ਦਾ ਇਤਰ ਹੈ। ਔਰ ਇਸ ਸੁਗੰਧੀ ਭਰਪੂਰ ਇਤਰ ਦੇਨੇ ਕੇ ਲੀਏ ਹੀ (ਗੁਲਾਬ ਕੇ ਡਾਹਲੀ ਪਤੇ ਕਾਂਟੇ ਫੂਲ) ਸਾਰੇ ਅੰਗ ਪਹਿਲੇ ਪੈਦਾ ਹੂਏ ਥੇ, ਅਬ ਵੁਹ ਦਿਖਾਈ ਨਹੀਂ ਦੇਂਗੇ ਤਬ ਭੀ ਕੋਈ ਬਾਤ ਨਹੀਂ। ਹਮੇਂ ਇਤਰ ਕੇ ਬਰਤਨੇ ਔਰ ਵਾਸ ਲੇਨੇ ਸੇ ਮਤਲਬ ਹੈ, ਵਹੁ ਲੇਤੇ ਹੈਂ ਬਾਕੀ ਕੇ ਸਾਰੇ ਅੰਗ ਡਾਹਲੀ ਪਤੇ ਫੂਲ ਆਦਿਕ ਜਿਨ ਤੱਤ੍ਹੋਂ ਸੇ ਪੈਦਾ ਹੂਏ ਥੇ ਉਨ ਮੇਂ ਮਿਲ ਜਾਏਂਗੇ।

ਸੰਤ ਜੀ ਨੇ ਫੇਰ ਦਸਿਆ—ਐਸੇ ਹੀ ਦਸ ਗੁਰੂ ਸਾਹਿਬਾਨ ਭੀ ਪ੍ਰਤੱਖ ਸਰੀਰਾਂ ਤੋਂ ਆਪਣੇ ਆਪਣੇ ਸਮੇਂ ਪਰ ਆਪਣੀ ਆਪਣੀ ਨਿਰਮਲ ਆਤਮਾਂ ਕੀ ਵੀਚਾਰ ਧਾਰਾ (ਗੁਰਬਾਣੀ) ਗਿਆਨ ਕੀ ਸੁਗੰਧੀ ਦੇਨੇ ਕੇ ਗੁਰੂ ਗ੍ਰੰਥ ਸਾਹਿਬ ਰੂਪ, ਕਾਗਜ਼ੀ ਦੇਹ ਕੇ ਪਾਤਰ ਮੇਂ ਰਖ ਚੁਕੇ ਹੈ। ਔਰ ਬਾਹਦ ਮੈਂ ਉਨ ਸਰੀਰੋਂ ਕੇ ਤੱਤਵ ਭੀ ਆਪਣੇ ਆਪਣੇ ਤਤਵੋਂ ਮੇਂ ਮਿਲ ਚੁਕੇ ਹੈਂ। ਅਬ ਹਮੇਂ ਆਪਣੀ ਆਤਮਾ ਕੇ ਅਰੋਗ ਔਰ ਸੁਗੰਧਿਤ ਕਰਨੇ ਕੇ ਲੀਏ ਸ੍ਰੀ ਗੁਰੂ ਗ੍ਰੰਥ ਜੀ ਸੇ ਨਿਰਮਲ ਗਿਆਨ ਕਾ (ਭਾਵ-ਅਰਥ) ਇਤਰ ਰੂਪੀ ਹੀ ਪ੍ਰਾਪਤ ਕਰਨਾ ਚਾਹੀਏ ਜੋ ਸੱਤ, ਸਦਾ ਸੱਤ ਵਸਤੂ ਹੈ। ਸਰੀਰ ਸਭਨਾਂ ਕੇ ਬਿਨਸਨ ਹਾਰ ਹੈ।

ਸੰਤ ਜੀ ਦੇ ਬੰਗਾਲੀ ਬਾਬੂ ਪ੍ਰਥਾਏ ਦਿਤੇ ਉਤਰ ਦਾ ਅਸਰ ਸ਼ਿਮਲੇ ਦੀ ਪੜੀ ਲਿਖੀ ਬਾਬੂ ਅਤੇ ਆਫੀਸਰ ਰੂਪ ਦੀ ਸੰਗਤ ਉਤੇ ਬਹੁਤਾ ਹੋਇਆ, ਅੰਗ੍ਰੇਜ਼ੀ ਰਾਜ ਵੇਲੇ ਸਾਰੇ ਦਫਤਰ ਗਰਮੀਆਂ ਵਿਚਾਲੇ ਦਿਲੀ ਤੋਂ ਸ਼ਿਮਲੇ ਜਾਇਆ ਕਰਦੇ ਸਨ ਤੇ ਸਿਖ ਬਾਬੂ ਲੋਕ ਵੀ ਜੋ ਢਿਲੜ ਸਨ ਇਸ ਤਰ੍ਹਾਂ ਦੀ ਵਿਚਾਰ ਨੂੰ ਸੁਣ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਪਰ ਗੁਰੂ ਭਾਵਨਾ ਵਿਚ ਪ੍ਰਪੱਕ ਹੋ ਗਏ ਸਨ ਫਿਰ ਕਦੀ ਡੋਲੇ ਨਹੀਂ ਸਨ।

## ਕੁਝ ਆਪਣੇ ਹੋਰ ਵਿਚਾਰ

ਉਕਤ ਵਿਚਾਰ ਵਿਚ ਸੰਤ ਗੁਰਬਖਸ਼ ਸਿੰਘ ਜੀ ਨੇ ਠੀਕ ਦਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੂਰਨ ਸ਼ਬਦ ਗੁਰੂ ਗਿਆਨ ਜੋ ਸਾਡੇ ਪਾਸ ਮੌਜੂਦ ਹੈ—ਸੰਭਾਲਿਆ ਪਿਆ ਹੈ, ਤਦ ਇਸ ਨੂੰ ਵਰਤ ਕੇ ਗੁਰਮਤਿ ਗ੍ਰਹਿਣ ਕਰਨੀ ਤੇ ਇਸੇ ਅਨੁਸਾਰ ਜੀਵਨ ਬਿਤਾਣਾ ਚਾਹੀਏ। ਇਸ ਗੁਰ ਸ਼ਬਦ ਗਿਆਨ ਦੇ ਆਥਰ (ਕਥਨ ਹਾਰੇ) ਜੇਕਰ ਹੁਣ ਸਰੀਰ ਕਰਕੇ ਮੌਜੂਦ ਨਹੀਂ। ਉਹ ਸਰੀਰਕ ਤੌਰ ਨਹੀਂ ਦਿਸਦੇ ਤਦ ਕੋਈ ਗੱਲ ਨਹੀਂ ਉਨ੍ਹਾਂ ਦਾ "ਸ਼ਬਦ ਗੁਰ" ਗਿਆਨ ਜੋ ਉਚਤਮ ਸਾਰ ਵਸਤੂ ਹੈ ਸਾਡੇ ਪਾਸ ਮੌਜੂਦ ਹੈ, ਅਮਰ ਆਤਮਾ ਵੀ ਉਨ੍ਹਾਂ ਦੀ ਸਦਾ ਸੱਤ ਹੈ ਜੋ ਹਰ ਸਮੇਂ ਸਾਡੀ ਆਤਮਾਂ ਦਾ ਉਧਾਰ ਉਨ੍ਹਾਂ ਵਲੋਂ ਬਖਸ਼ਿਸ਼ ਗੁਰੂ ਸ਼ਬਦ (ਗੁਰਮੰਤ੍ਰ) ਦੇ ਜਾਪ ਸਿਮਰਨ ਨਾਲ ਹੋਵੇਗਾ। ਜੇ ਐਸਾ ਨਹੀਂ ਤਦ ਸਿਰਫ ਰੋਜ਼ਾਨਾ ਵੇਖਣ ਵਾਲਿਆਂ ਪ੍ਰਤੀ ਗੁਰੂ ਫੁਰਮਾਨ ਹੈ, ਜੋ ਸਿੱਟੇ ਦੀ ਗੱਲ ਗੁਰੂ ਅਮਰਦਾਸ ਦਸਦੇ :—

"ਸਤਿਗੁਰ ਨੋ ਸਭ ਕੋ ਵੇਖਦਾ ਜੇਤਾ ਜਗਤ ਸੰਸਾਰੁ ॥
ਡਿਠੇ ਮੁਕਤਿ ਨ ਹੋਵਈ ਜਿਚਰੁ ਸ਼ਬਦਿ ਨ ਕਰੇ ਵੀਚਾਰੁ ॥"

(ਪੰਨਾ ੫੯੫)

ਫੇਰ ਗੁਰੂ ਨਾਨਕ ਦੇਵ ਫੁਰਮਾਇਆ :—

"ਮਨ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥ ਨਾਵਾ ॥
ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮ ਨ ਆਵਾ ॥ (੭੯੫)

ਭਾਵ ਗੁਰੂ ਅਮਰਦਾਸ ਵੀ ਦਸਦੇ ਕਿ ਕਿਸੇ ਸਤਿਗੁਰੂ ਨੂੰ ਸਿਰਫ ਵੇਖਣ ਨਾਲ ਮੁਕਤੀ ਨਹੀਂ ਹੋਣੀ ਜਿੱਚਰ ਗੁਰੂ ਸ਼ਬਦ ਨਾਲ ਪਿਆਰ ਤੇ ਸ਼ਬਦ ਦੀ ਵਿਚਾਰ ਨਾ ਕਰੇ ਤੇ ਗੁਰੂ ਨਾਨਕ ਸਾਹਿਬ ਵੀ ਫੁਰਮਾਇਆ ਕਿ "ਏਕੁ ਸਬਦੁ ਮੇਰੈ ਪ੍ਰਾਨ ਬਸਤੁ ਹੈ

ਬਾਹੁੜ ਜਨਮਿ ਨ ਆਵਾ ॥" ਭਾਵ ਇਕੋ ਵਾਹਿਗੁਰੂ ਸ਼ਬਦ ਮੇਰੇ ਪ੍ਰਾਨਾਂ ਵਿਚ ਵਸ ਚੁਕਾ ਹੈ ਜਿਸ ਤੇ ਹੁਣ ਫੇਰ ਜਨਮ ਨਹੀਂ ਹੋਣਾ।

ਐਸਾ ਗੁਰੂ ਸਾਹਿਬ ਤਾਂ ਆਪਣੇ ਪ੍ਰਤੀ ਦਸਦੇ, ਪਰ ਦਰਅਸਲ ਇਹ ਗੁਰਸਿਖਾਂ ਪ੍ਰਤੀ ਸਮਝਾਂਦੇ ਵੀ ਹਨ ਕਿ "ਏਕ ਸ਼ਬਦ" (ਵਾਹਿਗੁਰੂ ਗੁਰਸ਼ਬਦ ਹੈ) ਜਿਸ ਦੇ ਪ੍ਰਾਣਾਂ ਵਿਚ ਵਸੇਗਾ, ਉਹ ਫੇਰ ਜਨਮ ਮਰਨ ਦੇ ਗੇੜ ਵਿਚ ਨਹੀਂ ਪਵੇਗਾ। ਉਹ ਮੁਕਤਿ ਹੋ ਜਾਏਗਾ।

ਇਥੇ ਇਸ ਗੱਲ ਨੂੰ ਫੇਰ ਸਮਝਣ ਦੀ ਲੋੜ ਹੈ ਕਿ "ਵਾਹਿਗੁਰੂ" ਗੁਰ ਸ਼ਬਦ ਜ਼ਰੂਰ ਹੈ। ਗੁਰਮੰਤ੍ਰ ਹੈ ਪਰ ਪ੍ਰਾਣਾਂ ਵਿਚ ਕਿਵੇਂ ਵਸੇ? ਤਾਂ ਇਸ ਵਾਸਤੇ ਵੀ ਸਿਖਲਾਈ ਦੀ ਲੋੜ ਹੈ ਜਿਸ ਸਿਖਲਾਈ ਦਾ ਗੁਰ ਸਿਖ ਪਿਆਰਿਆਂ ਨੂੰ ਹੁਕਮ ਹੈ:—

"ਸਿਖੋਂ ਸ਼ਬਦ ਪਿਆਰਿਉ ਜਨਮ ਮਰਨ ਕੀ ਟੇਕ ॥
ਮੁਖ ਉਜਲ ਸਦਾ ਸੁਖੀ ਨਾਨਕ ਸਿਮਰਤ ਏਕ ॥

ਵਾਹਿਗੁਰੂ ਸ਼ਬਦ ਦਾ ਸਿਖਣਾ ਇਹੋ ਹੈ ਕਿ ਸਵਾਸ (ਪ੍ਰਾਣ) ਦੇ ਉਠਾਉ ਨਾਲ "ਵਾਹਿ" ਅਤੇ ਟਿਕਾਉ ਨਾਲ "ਗੁਰੂ" ਸ਼ਬਦ ਦਾ ਉਚਾਰਨ—ਅੰਤ੍ਰੀਵ ਮੁਖ (ਬਿਨਾਂ ਬੋਲੇ ਦੇ) ਹੋਵੇ। ਇਹੋ ਸਵਾਸ ਸਵਾਸ (ਪ੍ਰਾਣਾਂ ਨਾਲ ਮਿਲਿਆ) ਸਿਮਰਨ ਹੈ ਅਤੇ ਇਸ ਰੀਤ ਦਾ ਸਿਮਰਨ ਹੀ ਅਜਪਾ ਜਾਪ ਹੈ ਤੇ ਐਸਾ ਸਿਮਰਨ ਹੀ ਜਨਮ ਮਰਨ ਦੀ ਟੇਕ ਹੈ ਉਹ ਇਸ ਤਰ੍ਹਾਂ ਨਾਲ ਕਿ ਸਵਾਸ (ਪ੍ਰਾਣ) ਹੀ ਜਨਮ ਵੇਲੇ ਤੋਂ ਨਾਲੇ ਆਉਂਦੇ ਅਤੇ ਜੀਣ ਮਰਣ ਦੀ ਸਾਂਝ ਬਣਾਏ ਰਖਦੇ ਹਨ। ਫਿਰ ਜਿਸ ਅਖੀਰ ਦੇ ਸਵਾਸ ਦੇ ਨਿਕਲੇ ਨਾਲ ਮੌਤ ਹੈ ਤੇ ਸਾਂਝ ਖਤਮ ਹੋ ਜਾਂਦੀ ਹੈ।

ਤਾਂ ਤੇ ਸਾਬਤ ਹੈ ਕਿ ਜਿਹਬਾ ਨਾਲ ਜਾਪ ਕਰਨ ਤੋਂ ਵਖਰੇ ਸਵਾਸਾਂ ਨਾਲ ਮਿਲਿਆ ਜਿਸ ਦਾ ਸਿਮਰਨ ਹੋਵੇਗਾ ਉਹ ਅਖੀਰ ਦੇ ਸਵਾਸ ਨਾਲ "ਸ਼ਬਦ ਗੁਰੂ" ਉਸ ਆਤਮਾਂ ਨੂੰ ਸਚੇ ਦੇਸ (ਸਚਖੰਡ) ਲਿਜਾਏਗਾ। ਉਹ ਮੁਖ ਉਜਲਾ ਲੈ ਕੇ ਸਚਿਆਰ ਬਣ ਕੇ ਜਾਏਗਾ, ਤੇ ਸਚੀ ਦਰਗਾਹ ਵਿਚ ਮਾਨ ਸਤਿਕਾਰ ਪਾਏਗਾ। ਇਸ ਵਿਚ ਕੋਈ ਸ਼ੱਕ ਦੀ ਗੱਲ ਨਹੀਂ ਹੈ। ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ:—

"ਚਲੈ ਜਨਮੁ ਸਵਾਰਿ ਵਖਰੁ ਸਚੁ ਲੈ ॥
ਪਤਿ ਪਾਏ ਦਰਬਾਰਿ ਸਤਿਗੁਰ ਸਬਦ ਭੈ ॥ (੭੫੧)

ਭਾਵ—ਸਤਿਗੁਰੂ ਸ਼ਬਦ ਦੇ ਭੈ ਵਿਚ (ਹੁਕਮ ਵਿਚ) ਚਲਣ ਵਾਲਾ ਸੱਚ ਦਾ ਵੱਖਰ (ਸੌਦਾ) ਲੈ ਕੇ ਜਨਮ ਸਵਾਰ ਕੇ ਜੋ ਚਲੇਗਾ। ਉਹ ਸੱਚੇ ਦਰਬਾਰ ਵਿਚ (ਪਤਿ ਪ੍ਰਤੀਤ ਅਤੇ) ਸਤਿਕਾਰ ਪਾਇਗਾ ਕਿਉਂਕਿ ਸ਼ਬਦ ਗੁਰੂ ਬਿਨਾਂ ਹੋਰ ਕੋਈ ਵਸਤੂ ਇਸ ਦੇ ਨਾਲ ਨਹੀਂ ਜਾਏਗੀ। ਇਸ ਵਾਸਤੇ ਕਿ ਅੰਤ ਸਮੇਂ ਕਿਸੇ ਮਰਦੇ ਸਿਖ ਨੇੜੇ ਜੇਕਰ ਉਸ ਦਾ ਦੇਹਧਾਰੀ ਗੁਰੂ ਵੀ ਕੋਈ ਬੈਠਾ ਹੋਵੇ ਤਦ ਵੀ ਸਿਖ ਦੇ ਸਰੀਰ ਵਿਚੋਂ ਨਿਕਲ ਚੁਕੀ ਜੀਵ ਆਤਮਾਂ ਦੀ ਸਹਾਇਤਾ ਵਾਸਤੇ ਨਾਲ ਨਹੀਂ ਜਾਇਗਾ। ਹਾਂ ਉਸ ਵਲੋਂ ਸਿਖ ਤਾਂਈ ਸੁਣਾਇਆ ਗੁਰ ਸ਼ਬਦ (ਗੁਰਮੰਤ੍ਰ) ਹੀ ਨਾਲ ਜਾਏਗਾ, ਅਗਰ ਸਿਮਰਨ ਕੀਤਾ ਹੈ? ਤਾਂ ਤੇ ਅਸਲ ਵਸਤੂ ਸ਼ਬਦ ਗੁਰੂ ਹੈ, ਜੋ ਅੰਤ ਸਮੇਂ ਜੀਵ

ਆਤਮਾ ਦੇ ਨਾਲ ਜਾਂਦਾ, ਪ੍ਰਲੋਕ ਵਿਚ ਵੀ ਸਤਿਕਾਰ ਦਿਲਾਂਦਾ ਤੇ ਇਸ ਮਾਤ ਲੋਕ ਵਿਚ ਵੀ ਇਸ ਦੇ ਵਰਤਾਵੇ ਜਾਂ ਪ੍ਰਚਾਰਕ ਕਿਸੇ ਸੰਤ ਸਾਧੂ ਦੀ ਪੂਜਾ ਕਰਾਂਦਾ ਜਾਂ ਦਿਹਧਾਰੀ ਗੁਰੂ ਦਾ ਦਰਜਾ ਦਿਲਾਂਦਾ, ਮਾਨ ਸਤਿਕਾਰ ਵਧਾਂਦਾ ਹੈ।

ਫੇਰ ਸ਼ਬਦ ਗੁਰੂ (ਗੁਰਮੰਤ੍ਰ) ਪ੍ਰਲੋਕ ਵਿਚ ਸੁਰਖਰੂਈ ਵਾਸਤੇ ਮਾਨੋ ਵੀਜ਼ਾ ਹੈ। ਤਾਂ ਤੇ ਬਿਨਾਂ ਕਿਸੇ ਹੋਲ ਹੁਜਤ ਦੇ ਮੰਨਣਾ ਪਏਗਾ ਕਿ ਪਹਿਲੇ "ਪੁਰਖ ਗੁਰੂ" ਨਹੀਂ "ਸ਼ਬਦ ਗੁਰੂ" ਹੈ, ਜੋ ਜੀਵ ਆਤਮਾਂ ਦੇ ਵਿਚ ਰਸਿਆ ਵਸਿਆ ਹੋਇਆ ਪ੍ਰਲੋਕ ਤੀਕ ਨਾਲ ਜਾਂਦਾ ਤੇ ਬਹੁਤ ਜਨਮ ਤੋਂ ਬਚਾਂਦਾ, ਮੁਕਤਿ ਕਰਾਂਦਾ ਹੈ। ਗੁਰਵਾਕ ਦਾ ਪ੍ਰਤਖ ਸਬੂਤ ਹੈ—"ਗੁਰ ਕਾ ਬਚਨ ਬਸੈ ਜੀਅ ਨਾਲੇ। ਜਲਿ ਨਹੀ ਡੂਬੈ ਤਸਕਾਰ ਨਹੀ ਲੇਵੈ ਭਾਹਿਨ ਸਾਕੈ ਜਾਲੇ॥

ਭਾਈ ਗੁਰਦਾਸ ਵੀ ਦਸਦੇ ਹਨ :—

"ਸ਼ਬਦ ਗੁਰੂ ਗੁਰ ਜਾਣੀਐ ਗੁਰਮੁਖ ਹੋਇ ਸੁਰਤਿ ਧੰਨੁ ਚੇਲਾ॥
(ਵਾਰ ੧ ਪਉੜੀ ੨੦)

## ਸ਼ਬਦ ਗੁਰੂ ਸੰਗ੍ਰਹਿ (ਗੁਰ ਗ੍ਰੰਥ ਜੀ) ਬਾਬਤ ਹੋਰ ਵਿਚਾਰ

ਨਾਮਧਾਰੀ ਲੇਖਕ ਮੇਹਰ ਸਿੰਘ ਦੇ ਬਹੁਤ ਗੁੰਝਲਦਾਰ ਪ੍ਰਸ਼ਨਾਂ ਦੇ ਉਤਰ ਵਿਸਥਾਰ ਨਾਲ ਪਿਛੇ ਲਿਖੇ ਪਾਠਕਾਂ ਨੇ ਪੜ੍ਹੇ ਹਨ। ਪਰ "ਪੁਰਖ ਗੁਰੂ" ਪੁਸਤਕ ਵਿਚ ਉਸ ਨੇ ਕਈ ਤਰ੍ਹਾਂ ਦੇ ਹੋਰ ਵੀ ਖਿਆਲ ਪ੍ਰਗਟ ਕੀਤੇ ਹਨ ਕਿ ਜਿਹਨਾਂ ਰਾਹੀਂ "ਸ਼ਬਦ ਗੁਰੂ" ਦਾ ਖੰਡਨ ਅਤੇ ਦੇਹਧਾਰੀ ਗੁਰੂ ਦੇ ਮੰਡਨ ਵਿਚ ਉਸ ਨੂੰ ਸਤਾ ਮਿਲਦੀ ਹੋਵੇ ਜਿਸ ਤੇ ਅਖੀਰ ਵਿਚ ਉਨ੍ਹਾਂ ਉਤੇ ਵੀ ਅਸੀਂ ਆਪਣੇ ਵਿਚਾਰ ਪ੍ਰਗਟ ਕਰਨੇ ਜ਼ਰੂਰੀ ਜਾਣੇ, ਤਾਂਕਿ ਉਹ ਇਹ ਨਾ ਸਮਝੇ ਕਿ ਮੇਰੀਆਂ ਫੁਟਕਲ ਕੂੜ ਦਲੀਲਾਂ ਦਾ ਕੋਈ ਉਤਰ ਨਹੀਂ ਦੇ ਸਕਿਆਂ। ਉਹ ਵੀ ਪੜ੍ਹੀਏ।

੧. ਉਹ ਇਸ ਤਰ੍ਹਾਂ ਦਾ ਪ੍ਰਸ਼ਨ ਵੀ ਕਰਦਾ ਕਿ "ਗੁਰ ਸੇਵਾ" ਤਾਂ ਕਿਸੇ ਸ਼ਰੀਰਧਾਰੀ ਗੁਰੂ ਦੀ ਹੀ ਹੋ ਸਕਦੀ ਹੈ, ਜਿਸ ਵਿਚ ਮਨ ਹੈ ਉਹ ਚੇਤਨ ਹੋਵੇ ਤਾਂ ਸੇਵਾ ਉਤੇ ਪ੍ਰਸੰਨ ਹੋਵੇ :

ਉਤਰ ਇਹ ਕਿ ਜਦੋਂ ਤੀਕ ਸਰੀਰਧਾਰੀ ੧੦ ਪਾਤਸ਼ਾਹੀਆਂ ਪ੍ਰਤੱਖ ਸਨ ਤਦ ਉਸੇ ਤਰ੍ਹਾਂ ਦੀ ਸ਼ਰੀਰਕ ਸੇਵਾ ਸਿਖਾਂ ਵਲੋਂ ਹੁੰਦੀ ਰਹੀ, ਪਰ ਐਸੀ ਸੇਵਾ ਦੇ ਹੁੰਦਿਆਂ ਵੀ ਉਹ ਸਿਖਾ ਨੂੰ ਇਹੋ ਸਮਝਾਂਦੇ ਰਹੇ ਸੀ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ :

ਗੁਰ ਕੀ ਸੇਵਾ ਸਬਦੁ ਵਿਚਾਰ ॥ ਹਉਮੈ ਮਾਰੇ ਕਰਣੀ ਸਾਰ ॥
(ਪੰਨਾ ੨੨੩)

ਭਾਵ ਗੁਰੂ ਕੀ ਸੇਵਾ ਇਹੋ ਹੈ ਕਿ ਸ਼ਬਦ ਦਾ ਵਿਚਾਰ ਕਰੇ, ਅਤੇ ਹਉਮੈਂ (ਹੰਕਾਰ) ਨੂੰ ਮਾਰੇ ਇਹੋ ਸ਼ੁਭ ਕਰਣੀ ਹੈ ਤਿਵੇਂ ਹਰਿ ਸੇਵਾ ਮੁਖ ਅੰਮ੍ਰਿਤ ਨਾਮ (੩੦੫) ਭਾਵ—ਹਰੀ ਦੀ ਸਤਿਗੁਰੂ ਕਰਤਾਰ ਦੀ ਸੇਵਾ ਵੀ ਮੁਖ ਤੋਂ ਨਾਮ ਜਪਣਾ ਹੈ। ਫਿਰ

ਸਾਧ ਸੰਗਤਿ ਦੀ ਸੇਵਾ ਵੀ ਹੁਣ ਗੁਰੂ ਕੀ ਸੇਵਾ ਹੈ ਕਿਉਂਕਿ ਗੁਰੂ ਆਤਮਾਂ ਸਰੀਰ ਛਡ ਕੇ ਸਰਬ ਵਿਆਪੀ ਹੋ ਚੁਕੀ ਹੈ ਤਦ ਵੀ ਸਾਧ ਸੰਗਤਿ ਵਿਚ ਜਿਥੇ ਸ਼ਬਦ ਵਿਚਾਰ ਅਥਵਾ ਕਥਾ ਕੀਰਤਨ ਪ੍ਰਚਾਰ ਹੁੰਦਾ ਹੋਵੇ ਵੀ ਗੁਰੂ ਕੀ ਅਮਰ ਆਤਮਾਂ ਦਾ ਨਿਵਾਸ ਹੁੰਦਾ ਹੈ—

ਬਾਬਾ ਮੜੀ ਨ ਗੋਰ ਗੁਰ ਅੰਗਦ ਕੇ ਹੀਯੇ ਮਹਿ ॥
ਪੁੰਨ ਸਤਿਸੰਗਤਿ ਉਰ ਸ੍ਰੀ ਗੁਰੂ ਨਾਨਕ ਜੀ ਵਸ਼ਹਿ ॥

ਫੇਰ—"ਸਾਧ ਸੰਗਤ ਸਚ ਖੰਡ ਵਿਚ ਸਤਿਗੁਰ ਪੁਰਖ ਵਸੈ ਨਿਰੰਕਾਰ ।"
(ਭਾਈ ਗੁਰਦਾਸ ਵਾਰ ੬ ਪਉੜੀ ੪)

ਹੋਰ—ਪਾਰਬ੍ਰਹਮ ਸਤਿਗੁਰ ਪੁਰਖ ਸਾਧ ਸੰਗਤ ਵਾਸਾ ਨਿਰਬਾਣੀ ॥"
(ਭਾਈ ਗੁਰਦਾਸ ਵਾਰ ੭ ਪਉੜੀ ੧੮)

ਫੇਰ ਸੋਚੀਏ ਕਿ ਕਿਸੇ ਦੇਹਧਾਰੀ ਗੁਰੂ ਦਾ ਚਲਾਣਾ ਹੋਇ ਮਗਰੋਂ ਛਾਦਨ ਭੋਜਨ ਦੀ ਸੇਵਾ ਕਿਵੇਂ ਕਰਨਗੇ ? ਉਹ ਵੀ ਤਾਂ ਉਹਨਾਂ ਦੀ ਯਾਦ ਵਿਚ ਸਾਲਾਨਾ ਦਿਨ ਮਨਾਂਦੇ ਅਤੇ ਸਾਧ ਸੰਗਤ ਨੂੰ ਉਹਨਾਂ ਦੇ ਨਮਿਤ ਹੀ ਲੰਗਰ ਛਕਾਂਦੇ ਹੋਣਗੇ । ਭਾਈ ਗੁਰਦਾਸ ਜੀ ਨੇ ਇਸ ਪ੍ਰਥਾਇ ਦਸਿਆ ਹੈ—

ਜਗ ਭੋਗ ਨਈ ਵੇਦ ਲਖ ਗੁਰਮੁਖ ਮੁਖ ਇਕ ਦਾਣਾ ਪਾਯਾ ॥
ਗੁਰ ਭਾਈ ਸੰਤੁਸ਼ਟ ਕਰ ਗੁਰਮੁਖ ਮੁਖ ਫਲ ਪਿਰਮ ਚਖਾਇਆ ॥
(ਵਾਰ ੭ ਪਉੜੀ ੧੩)

ਤੀਜੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਨੇ ਸਭ ਤੋਂ ਪਹਿਲੇ ਗੁਰੂ ਘਰ ਵਿਚ ਵਿਸਾਖੀ ਦਾ ਮੇਲਾ ਸ੍ਰੀ ਗੋਇੰਦਵਾਲ ਰਖਿਆ । ਸੰਗਤ ਬੇਸ਼ੁਮਾਰ ਆਈ ਅਤੇ ਉਹਨਾਂ ਦੀ ਸੇਵਾ ਸੰਭਾਲ ਵਿਚ ਸ੍ਰੀ ਜੇਠਾ ਜੀ (ਗੁਰੂ ਰਾਮ ਦਾਸ) ਖਚਿਤ ਰਹੇ । ਰੋਜ਼ਾਨਾ ਦਰਸ਼ਨ ਕਰਨ ਦਾ ਸੁਭਾਉ ਸੀ, ਪਰ ਵਿਸਾਖੀ ਦੇ ਦਿਨ ਵੀ ਦਰਸ਼ਨ ਨਾ ਕੀਤੇ ਤੇ ਸੇਵਾ ਵਿਚ ਲਗੇ ਰਹੇ । ਗੁਰੂ ਜੀ ਨੇ ਪੁਛਿਆ ਕਿ ਰਾਮਦਾਸ ਜੀ ਕਿਥੇ ਹੈ ? ਕਲ ਤੋਂ ਦੇਖਿਆ ਨਹੀਂ । ਗੁਰੂ ਅੰਤਰਜਾਮੀ ਸਨ, ਸਭ ਕੁਝ ਜਾਣਦੇ ਹੋਇਆਂ ਵੀ ਸਾਧ ਸੰਗਤ ਦੀ ਸੇਵਾ ਦਾ ਫਲ ਪ੍ਰਗਟਾਉਣ ਨੂੰ ਐਸਾ ਪੁਛਿਆ ਸੀ ਤੇ ਨਿਕਟ ਵਰਤੀ ਇਕ ਸਿਖ ਨੇ ਦਸਿਆ :

ਸਾਹਿਬ ਜੀਉ ! ਉਹ ਤਾਂ ਕਲ ਤੋਂ ਹੀ ਕਮਰਕੱਸਾ ਕੀਤੇ ਹੋਇਆਂ ਬਾਹਰ ਤੋਂ ਆਈਆਂ ਸੰਗਤਾਂ ਦੀ ਸੇਵਾ ਵਿਚ ਮਗਨ ਹੈ । ਰਾਤ ਭਰ ਜਾਗਦਾ ਰਿਹਾ ਹੈ । ਥਾਉਂ ਥਾ ਸੰਗਤ ਦੀ ਦੇਖ ਭਾਲ ਠਿਕਾਣਾ ਕਰਾਣਾ ਤੇ ਲੰਗਰ ਛਕਾਉਣ ਵਿਚ ਰੁਝਿਆ ਹੈ । ਐਸਾ ਸੁਣ ਕੇ ਗੁਰੂ ਸਾਹਿਬ ਪ੍ਰੇਮ ਵਿਚ ਭਰੇ ਗਏ, ਤਦ ਸ੍ਰੀ ਮੁਖ ਵਾਕ ਤੋਂ ਐਸੀ ਸੰਗਤ ਸੇਵਾ ਪਰ ਪ੍ਰਸੰਨ ਹੋ ਕੇ ਵਰਦਾਨ ਫੁਰਮਾਇਆ :

ਸੁਨਿ ਸ੍ਰੀ ਸਤਿਗੁਰੂ ਅਮਰ ਪ੍ਰਸੰਨ ॥ ਕਹਯੋ ਕਿ ਰਾਮ ਦਾਸ ਹੈ ਧੰਨ ॥
ਜਿਨਿ ਸੰਗਤਿ ਕੀ ਸੇਵਾ ਕਰੀ ॥ ਹਮਰੇ ਹਿਤ ਇਮ ਪ੍ਰੀਤੀ ਧਰੀ ॥
ਦੁਲਭ ਪਦਾਰਥ ਹੋਇ ਨ ਕੋਇ ॥ ਨੌਨਿਧ ਰਿਧ ਸਿਧ ਪਾਏ ਹੈ ਸੋਇ ॥

ਸਿਖ ਮੇਰੋ ਸੇਵੈ ਅਨੁਰਾਗ ॥ ਅਵਰ ਨ ਕੋ ਇਸ ਤੇ ਵਡਭਾਗ ॥
ਜਗ ਮਹਿ ਬੰਸ ਬਿਸਾਲ ਸੁ ਇਸ ਕੋ ॥ ਪੂਜ ਮਾਨ ਹੋਵਹਿ ਚਹੁ ਦਿਸਕੋ ॥
ਜੋ ਨਰ ਮਮ ਸੰਗਤ ਕੋ ਸੇਵਹਿ ॥ ਹਲਤ ਪਲਤ ਮਹਿ ਸੁਭ ਫਲ ਲੇਵਹਿ ॥
(ਸੂਰਜ ਪ੍ਰਕਾਸ਼ ਰਾਸ਼ੀ । ਅੰਸੂ ੫੩)

ਐਸਾ ਹੀ ਅਗੇ ਹੋਰ ਬਹੁਤ ਵਡਿਆਇਆ ਹੈ।

ਇਥੇ ਪਾਠਕ ਵਿਚਾਰ ਕਰਨ ਕਿ ਜੇਠਾ ਜੀ (ਗੁਰੂ ਰਾਮ ਦਾਸ) ਸੇਵਾ ਤਾਂ ਨਿਤ ਕਰਦੇ ਸਨ। ਪਰ ਇਸ ਦਿਨ ਦੀ ਉਹਨਾਂ ਵਲੋਂ ਸਾਧ ਸੰਗਤ ਦੀ ਸੇਵਾ ਕੀਤੀ ਨੂੰ ਗੁਰੂ ਜੀ ਨੇ ਆਪਣੀ ਸੇਵਾ ਤੋਂ ਵਧ ਜਾਣਿਆ ਤੇ ਅਖੀਰ ਨੂੰ ਐਸਾ ਫੁਰਮਾਇਆ ਸੀ ਕਿ ਜੋ ਪੁਰਸ਼ (ਗੁਰਸਿਖ) ਮੇਰੀ ਸਾਧ ਸੰਗਤਿ ਦੀ ਸੇਵਾ ਕਰੇਗਾ—ਦੋਹਾਂ ਜਹਾਨਾਂ ਵਿਚ ਸੁਭ ਫਲ ਪ੍ਰਾਪਤ ਕਰੇਗਾ। ਗੁਰੂ ਜੀ ਦਾ ਗੁਰੂ ਰਾਮਦਾਸ ਪ੍ਰਥਾਇ ਦਿਤਾ ਵਰਦਾਨ ਸਚਾ ਸਾਬਤ ਹੋਇਆ ਤੇ ਹੁਣ ਤੀਕ ਸੰਸਾਰ ਵਿਚ ਪ੍ਰਸਿਧ ਹੈ।

ਦੂਜੀ ਸਾਖੀ ਇਹ ਵੀ ਹੈ ਕਿ ਕਾਬਲ ਪਿਸ਼ਾਵਰ ਤੇ ਪੋਠੋਹਾਰ ਤੋਂ ਆਈਆਂ ਸੰਗਤਾਂ ਵੀ ਸ਼ਹਿਰ ਅੰਮ੍ਰਿਤਸਰ ਨੇੜੇ ਪੁਜ ਕੇ ਪਹਿਲੇ ਪਿਪਲੀ ਸਾਹਿਬ ਅਸਥਾਨ ਪਰ (ਖੁਲੀ ਜਗਾ ਸੀ) ਰਾਤ ਬਿਸਰਾਮ ਕਰਦੀਆਂ ਸਨ। ਜਦੋਂ ਇਸ ਤਰ੍ਹਾਂ ਦੀ ਖਬਰ ਗੁਰੂ ਅਰਜਨ ਸਾਹਿਬ ਨੂੰ ਹੁੰਦੀ ਤਦ ਉਹ ਰਾਤ ਵੇਲੇ ਆ ਕੇ ਸਿਖ ਰੂਪ ਵਿਚ ਸਿਖ ਸੰਗਤਾਂ ਦੀ ਸੇਵਾ ਕਰਦੇ ਰਹੇ ਸਨ। ਇਹ ਮਸ਼ਹੂਰ ਤਵਾਰੀਖੀ ਜ਼ਿਕਰ ਹੈ ਤੇ ਇਸੇ ਯਾਦਗਾਰ ਵਿਚ ਪਿਪੱਲੀ ਸਾਹਿਬ ਗੁਰਦੁਆਰਾ ਹੈ ਭਾਈ ਗੁਰਦਾਸ ਜੀ ਨੇ ਗੁਰੂ ਆਸੇ ਨੂੰ ਸਮਝ ਕੇ ਹੀ ਐਸਾ ਲਿਖਿਆ ਹੈ:

ਧਰਤੀ ਦੇਇ ਫਲਾਇ ਜੋਈ ਫਲ ਪਾਇਆ ॥
ਗੁਰਸਿਖ ਮੁਖ ਸਮਾਇ ਸਭੁ ਫਲ ਪਾਇਆ ॥ (ਵਾਰ ੧੪ ਪਉੜੀ ੨੦)

ਭਾਵ—ਧਰਤੀ ਵਿਚ ਜੋ ਬੀਜ ਪਾਈਦੇ ਉਹ ਫਲ ਦਿੰਦੀ, ਪਰ ਗੁਰਸਿਖਾਂ ਦੇ ਮੁਖ ਪਾਏ ਨਾਲ ਤਾਂ ਸਭ ਫਲ ਮਿਲਦੇ ਹਨ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਫੁਰਮਾਨ ਸਿਖਾਂ ਬਾਬਤ ਹੋਰ ਐਸਾ ਹੀ ਹੈ—

ਸੇਵ ਕਰੀ ਇਨਹੂ ਕੀ ਭਾਵਤ ਔਰ ਕੀ ਸੇਵ ਸੁਹਾਤ ਨ ਜੀਕੋ ॥
ਆਗੈ ਫਲੈ ਇਨਹੀ ਕੋ ਦੀਓ ਜਗ ਮਹਿ ਜੱਸ ਔਰ ਦੀਯੋ ਸਭ ਫੀਕੋ ॥

ਤਾਂਤੇ ਪੂਰੇ ਵਿਸ਼ਵਾਸ ਨਾਲ ਮੰਨਣਾ ਚਾਹੀਏ ਕਿ ਗੁਰੂ ਗ੍ਰੰਥ ਜੀ ਦੀ ਹਜ਼ੂਰੀ ਵਿਚ ਬੈਠੀ ਸਤਿਸੰਗਤ ਦੀ ਸੇਵਾ ਹੀ ਗੁਰੂ ਕੀ ਸੇਵਾ ਤੁਲ ਪ੍ਰਵਾਨ ਹੈ। ਕਿਉਂਕਿ ਸਰੀਰਧਾਰੀ ਹੁੰਦਿਆਂ ਵੀ ਉਹਨਾਂ ਨੂੰ ਸਿਖ ਸੰਗਤਾਂ ਦੀ ਸੇਵਾ ਹੀ ਭਾਂਵਦੀ ਰਹੀ ਹੈ। ਹੋਰ ਕਈ ਉਦਾਹਰਣ ਦਿਤੇ ਜਾ ਸਕਦੇ ਹਨ, ਪਰ ਇਤਨਾ ਹੀ ਕਾਫੀ ਹੈ।

੨. ਪੁਸਤਕ ਪੁਰਖ ਗੁਰੂ ਦੇ ਸਫਾ ੨੦੩, ਪਰ ਲੇਖਕ ਨੇ ਲਿਖਿਆ ਕਿ ਗੁਰੂ ਗ੍ਰੰਥ ਜਿੰਦਾ ਗੁਰੂ ਨਹੀਂ ਹੈ ਤੇ ਅਸੀਂ ਇਕੋ ਜਿੰਦਾ ਗੁਰੂ ਨੂੰ ਮੰਨਣ ਵਾਲੇ ਹਾਂ। ਪਰ ਸ੍ਰੀ ਗ੍ਰੰਥ ਸਾਹਿਬ ਵਿਚ ਲਿਖੇ ਹਰ ਹੁਕਮ ਨੂੰ ਮੰਨਣ ਵਾਸਤੇ ਤਿਆਰ ਹਾਂ, ਜਿਸ ਵਿਚ ਲਿਖੀ ਹਰ ਬਾਣੀ ਹਰ ਪੰਗਤੀ ਸਾਡੇ ਲਈ ਦਰਗਾਹੀ ਹੁਕਮ ਹੈ ਤੇ ਉਸ ਤੇ ਅਮਲ ਕਰਨਾ

ਸਾਡਾ ਪਰਮ ਕਰਤਵ ਹੈ ਤੇ ਇਸ ਵਿਚ ਲਿਖੇ ਹੁਕਮ ਅਨੁਸਾਰ ਅਸੀਂ ਆਪਣੇ ਦੇਹਧਾਰੀ ਗੁਰੂ ਨੂੰ ਧਨ ਧਨ ਆਖ ਸਕਦੇ ਹਾਂ—

ਧੰਨ ਧੰਨ ਕੁਲ ਧੰਨ ਧੰਨ ਪਿਤਾ
ਧੰਨ ਸੋ ਜਨਨੀ ਜਿਨ ਗੁਰੂ ਜਣਿਆ ਮਾਏ ॥

ਪਰ ਸ੍ਰੀ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਵਾਲਿਆਂ ਨੂੰ ਛੁਟਕਾਰਾ ਮਿਲ ਗਿਆ ਹੈ ਕਿ ਗ੍ਰੰਥ ਸਾਹਿਬ ਦਾ ਪਿਤਾ ਮਾਤਾ ਨਹੀਂ। ਕਿ ਜਿਹਨਾਂ ਨੂੰ ਧੰਨ ਧੰਨ ਕਹਿੰਦੇ। ਫੇਰ ਅਸੀਂ ਤਾਂ ਜਿੰਦਾ ਗੁਰੂ ਮੰਨਣ ਵਾਲੇ ਇਕ ਹੋਰ ਹੁਕਮ ਦੀ ਪਾਲਨਾ ਵੀ ਕਰਦੇ ਹਾਂ, ਜੋ ਇਹ ਹੈ—"ਤਿਸ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸੈਚਿਉ ਤਿਸ ਧਨ ਕੀ ਫਿਰ ਤੋਟ ਨਾ ਆਵੈ ॥"

ਪਰ ਗ੍ਰੰਥ ਸਾਹਿਬ ਨੂੰ ਮੰਨਣ ਵਾਲਿਆਂ ਨੂੰ ਇਹ ਵੀ ਛੁਟਕਾਰਾ ਮਿਲ ਗਿਆ ਕਿ ਉਹ ਕਿਸੇ ਦੇਹਧਾਰੀ ਸਤਿਗੁਰੂ ਅਗੇ ਛਾਦਨ ਭੋਜਨ ਤੇ ਪਾਟ ਪਟੰਬਰ ਅਰਪਨ ਤੋਂ ਬਚ ਜਾਂਦੇ ਹਨ। ਭਾਵ—ਇਸੇ ਵਾਸਤੇ ਉਹ ਕਿਸੇ ਵੀ ਦੇਹਧਾਰੀ ਸਤਿਗੁਰੂ ਨੂੰ ਨਹੀਂ ਮੰਨਦੇ ਅਤੇ ਨਿਰਜਿੰਦ ਗ੍ਰੰਥ ਸਾਹਿਬ ਨੂੰ ਸਤਿਗੁਰੂ ਮੰਨਦੇ ਕਿ ਉਕਤ ਸੇਵਾ ਤੋਂ ਛੁਟ ਜਾਂਦੇ ਹਨ।

ਇਥੇ ਪਾਠਕਾਂ ਨੇ ਦੇਖ ਲਿਆ ਕਿ ਚਾਤਰ ਲੇਖਕ ਨੇ ਕਿਤਨੀ ਹੁਜਤ ਭਰੀ ਦਲੀਲ ਤੇ ਗੁਰਬਾਣੀ ਦੇ ਉਦਾਂਹਰਣਾਂ ਨਾਲ ਆਪਣੇ ਦੇਹਧਾਰੀ ਨੂੰ ਜਿੰਦਾ ਗੁਰੂ ਅਤੇ ਗੁਰੂ ਗ੍ਰੰਥ ਸਾਹਿਬ (ਸ਼ਬਦ ਗੁਰੂ) ਨੂੰ ਨਿਰਜਿੰਦ ਦਸਣ ਦੀ ਕੋਸ਼ਿਸ਼ ਕੀਤੀ ਹੈ, ਪਰ ਜਾਣਦਾ ਬੁਝਦਾ "ਮਨ ਜਾਨਤ ਸਭ ਬਾਤ ਜਾਨਤ ਹੀ ਔਗੁਣ ਕਰੈ" ਫਿਰ ਭਾਈ ਗੁਰਦਾਸ ਦੇ ਆਸ਼ੇ ਨੂੰ ਸਮਝਦਾ ਤਾਂ ਐਸਾ ਨਾ ਲਿਖਦਾ। ਉਹਨਾਂ ਹਮੇਸ਼ਾ ਵਾਸਤੇ "ਧੰਨ ਧੰਨ ਸਤਿਗੁਰੂ ਸ਼ਬਦ, ਧੰਨ ਸੁਰਤਿ ਗੁਰ ਗਿਆਨ ਸੁਣਾਯਾ ॥" (ਵਾਰ ੧੨ ਪਉੜੀ ੧੯ ਵਿਚ ਲਿਖਿਆ।

ਫੇਰ ਨਾਮਧਾਰੀ ਲੇਖਕ ਦੇ ਉਤਰ ਵਿਚ ਅਸੀਂ ਪਿਛੇ ਦਸਿਆ ਕਿ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਵੇਲੇ ਵੀ ਪ੍ਰਮੇਸ਼ਰ ਦੇ ਨਾਮ ਜਪਣ ਨੂੰ ਹੀ ਪ੍ਰਮੇਸ਼ਰ ਦੀ ਸੇਵਾ ਤੇ ਉਤਮ ਕਰਣੀ ਦਸਿਆ ਹੈ। ਫਿਰ ਗੁਰੂ ਅਮਰ ਦਾਸ ਅਤੇ ਗੁਰੂ ਅਰਜਨ ਦੇਵ ਨੇ ਆਪਣੀ ਸੇਵਾ ਤੋਂ ਵਧ ਕੇ ਸਿਖ ਸੰਗਤ ਦੀ ਸੇਵਾ ਹੀ ਗੁਰੂ ਕੀ ਸੇਵਾ ਸਮਝਾਈ ਹੈ। ਫਿਰ ਕਿਸੇ ਦੀ ਜਿਤਨੀ ਸਮਰਥਾ ਹੈ ਸਿਖ ਕਰਦੇ ਪਏ ਹਨ-ਛੁਟਕਾਰਾ ਕਿਵੇਂ ਮੰਨਿਆ ਜਾਏ ?

ਸੰਤ ਮੋਹਰ ਸਿੰਘ ਦਸਦਾ ਹੈ ਕਿ ਅਸੀਂ ਦੇਹਧਾਰੀ ਗੁਰੂ ਮੰਨਣ ਵਾਲੇ ਹਾਂ ਤੇ ਛਾਦਨ ਭੋਜਨ ਦੀ ਸੇਵਾ ਉਕਤ ਵਾਕਾਂ ਅਨੁਸਾਰ ਕਰਦੇ ਹਾਂ, ਪਰ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਇਸ ਸੇਵਾ ਤੋਂ ਵੀ ਛੁਟਕਾਰਾ ਪਾ ਚੁਕੇ ਹਨ। ਇਥੇ ਅਸੀਂ ਪੁਛਣਾ ਹੈ ਕਿ ਉਹ ਖੁਦ ਤਾਂ ਕਾਨਪੁਰ ਬੈਠਾ ਹੈ ਕਿਵੇਂ ਉਹ ਛਾਦਨ ਭੋਜਨ ਦੀ ਸੇਵਾ ਭੈਣੀ ਵਿਚ ਬੈਠੇ ਦੇਹਧਾਰੀ ਗੁਰੂ ਦੀ ਕਰੇਗਾ ? ਤਾਂਤੇ ਉਕਤ ਵਾਕ ਉਸ ਵੇਲੇ ਦੇ ਸਿਖਾਂ ਦੀ ਸ਼ਰਧਾ ਵਧਾਉਣ ਵਾਸਤੇ ਉਚਾਰਨ ਕੀਤੇ ਜਾਣੀਏ, ਤਾਂ ਕਿ ਸਮਾਂ ਮਿਲੇ ਪਰ ਸਰ ਬਣ ਸਕੇ ਤੇ ਐਸੀ ਸੇਵਾ ਵੀ ਸਿਖਾਂ ਨੂੰ ਕਰਨੀ ਚਾਹੀਏ।

ਫੇਰ ਅਗਰ ਕਿਸੇ ਜੋੜ ਮੇਲੇ ਪਰ ਦੂਰ ਦਰਾਜ ਤੋਂ ਬਹੁਤੇ ਆਏ ਲੋਕੀ ਭੋਣੀ ਸਾਹਿਬ ਵਿਚ ਬੈਠੇ ਸਰੀਰਧਾਰੀ ਗੁਰੂ ਅਗੇ ਛਾਦਨ ਭੋਜਨ ਰਖ ਕੇ ਛਕਣ ਨੂੰ (ਪ੍ਰਵਾਨ ਕਰਨ ਨੂੰ) ਬੇਨਤੀ ਕਰਨਗੇ, ਤਦ ਉਹ ਆਪਣੀ ਸਿਹਤ ਦਾ ਅਤੇ ਪਾਚਨ ਸ਼ਕਤੀ ਦਾ ਖਿਆਲ ਰਖ ਕੇ ਇਤਨਾ ਹੀ ਖਾ ਸਕਣਗੇ, ਕਿ ਬਦਹਜ਼ਮੀ ਨਾ ਹੋ ਜਾਏ। ਬਾਕੀ ਦਾ ਉਹ ਵੀ ਸਾਧ ਸੰਗਤ ਵਿਚ ਵਰਤਾਉਣ ਦੀ ਆਗਿਆ ਕਰਨਗੇ।

ਸ੍ਰੀ ਅੰਮ੍ਰਿਤਸਰ ਤੀਰਥ ਦੇ ਮੁਕਾਬਲੇ ਵਿਚ ਪ੍ਰਿਥੀ ਚੰਦ ਨੇ ਦੁਖ ਨਿਵਾਰਨ (ਵਖਰਾ) ਤੀਰਥ ਬਣਾ ਕੇ ਕਿਹਾ (ਆਪਣੇ ਮੰਨਣ ਵਾਲਿਆਂ ਨੂੰ) ਕਿ ਅਸਲ ਤੀਰਥ ਤਾਂ ਇਹੋ ਮੇਰਾ ਹੈ, ਦੁਖਾਂ ਦੀ ਨਵਿਰਤੀ ਕਰੇਗਾ, ਪਰ ਉਸੇ ਰਾਤੀ ਉਸ ਦੇ ਮੰਨਣ ਵਾਲਿਆਂ ਨੇ "ਦਹੀ ਚਾਵਲ" ਦਾ ਪ੍ਰਸ਼ਾਦ ਭੇਟ ਕੀਤਾ। ਉਹ ਸਵਾਦਲਾ ਸੀ-ਲਾਲਚ ਵਿਚ ਜ਼ਿਆਦਾ ਖਾਧਾ ਗਿਆ ਤੇ ਹੈਜ਼ਾ ਹੋਏ ਨਾਲ ਉਥੇ ਹੀ ਮਰ ਗਿਆ ਸੀ। ਤਵਾਰੀਖੀ ਜ਼ਿਕਰ ਹੈ ਤਾਂਤੇ ਮੰਨਣਾ ਚਾਹੀਦੇ ਕਿ ਛਾਦਨ ਭੋਜਨ ਦੀ ਸੇਵਾ ਵੀ ਕਿਸੇ ਹੱਦ ਤੀਕ ਹੀ ਕਰਨੀ ਚਾਹੀਏ ਕਿ ਗੁਰੂ ਦੁਖੀ ਨਾ ਹੋਵੇ।

ਕਿਸੇ ਮਾਈ ਨੇ ਇਕ ਦਿਨ ਸੰਤਾਂ ਪਾਸੋਂ ਕਥਾ ਸੁਣੀ—"ਪਖਾ ਫੇਰੀ ਪਾਣੀ ਢੋਵਾਂ ਹਰਜਨ ਕੇ ਪੀਸਣ ਪੀਸ ਕਮਾਵਾ" ਦੂਜੇ ਦਿਨ ਮਾਈ ਨੇ ਉਨ੍ਹਾਂ ਨੂੰ ਪ੍ਰਸ਼ਾਦ ਛਕਣ ਨੂੰ ਥਾਲ ਅਗੇ ਰਖਿਆ ਤੇ ਪਖਾ ਝਲਣ ਲਗ ਪਈ। ਸਰਦੀਆਂ ਦੇ ਦਿਨ ਸਨ। ਸੰਤਾਂ ਨੇ ਕਿਹਾ ਮਾਈ ਬਸ ਕਰ। ਪੱਖਾ ਝੱਲਣਾ ਬੰਦ ਕਰ ਤਕਲੀਫ ਹੁੰਦੀ। ਤਦ ਮਾਈ ਨੇ ਆਖਿਆ—"ਜੀ ਆਪ ਨੂੰ ਤਕਲੀਫ ਜ਼ਰੂਰ ਹੈ ਪਰ ਮੈਂਡਾ ਤਾਂ ਭਲਾ ਹੁੰਦਾ ਹੈ—ਆਪ ਨੇ ਹੀ ਐਸੀ ਸੇਵਾ ਕਰਨੀ ਕਹੀ ਹੈ। ਤਾਂ ਤੇ ਗੁਰੂ ਮਤ ਅਨੁਸਾਰ ਹਰ ਇਕ ਹੁਕਮ ਨੂੰ ਸਮੇਂ ਅਨੁਸਾਰ ਵਿਚਾਰ ਕੇ ਹੀ ਮੰਨਣਾ ਚਾਹੀਦੇ ਤੇ ਇਸ ਤਰ੍ਹਾਂ ਦੀ ਸੇਵਾ ਨੂੰ ਆਪਣੇ ਨਾਲੋਂ ਵੀ ਵਧ ਕੇ ਸਾਧ ਸੰਗਤ ਦੀ ਸੇਵਾ ਨੂੰ ਪ੍ਰਵਾਨ ਕੀਤਾ ਜੋ ਗੁਰ ਸਿਖ ਕਰਦੇ ਪਏ ਹਨ।

ਫੇਰ ਦੇਖੀਏ ! ਨਾਮਧਾਰੀ ਲੇਖਕ ਕਹਿੰਦਾ ਕਿ ਗ੍ਰੰਥ ਸਾਹਿਬ ਵਿਚ ਲਿਖੇ ਹਰ ਹੁਕਮ ਮੰਨਣ ਨੂੰ ਤਿਆਰ ਹਾਂ। ਪਰ ਇਹ ਨਹੀਂ ਸਮਝਦਾ ਕਿ ਹੁਕਮ ਤਾਂ ਜੀਉਂਦੇ ਸਰੀਰਧਾਰੀ ਗੁਰੂਆਂ ਵਲੋਂ ਹੀ ਇਸ ਵਿਚ ਲਿਖਿਆ ਪਿਆ ਹੈ। ਜੇ ਹੁਣ ਉਹ ਸਰੀਰ ਕਰਕੇ ਨਹੀਂ ਰਹੇ ਤਾਂ ਫਿਰ ਹੁਕਮ ਤਾਂ ਉਤਨੀ ਹੀ ਸੱਤਾ ਵਾਲਾ ਹੈ, ਜਿਤਨਾ ਕਿ ਉਹਨਾਂ ਦੇ ਸਰੀਰਾਂ ਵਿਚ ਵਰਤੇ ਵੇਲੇ ਸੀ। ਅਗਰ ਇਸ ਹੁਕਮ ਵਿਚ ਉਨ੍ਹਾਂ ਦੀ ਜਿੰਦ (ਸਪਿਰਟ) ਮੌਜੂਦ ਹੈ ਤਦ ਫਿਰ ਇਸ ਨੂੰ ਨਿਰਜਿੰਦ ਅਸੀਂ ਕਿਵੇਂ ਮੰਨੀਏ ? ਸਰੀਰ ਤਾਂ ਨਾਮਧਾਰੀ ਗੁਰੂਆਂ ਦੇ ਵੀ ਨਹੀਂ ਰਹੇ ਪਰ ਉਨ੍ਹਾਂ ਦੇ ਹੁਕਮ (ਹਦਾਇਤਾਂ) ਮੰਨਣਾ ਜ਼ਰੂਰੀ ਸਮਝਦੇ ਹਨ।

ਸਕੂਲ ਕਾਲਜ ਅਤੇ ਯੂਨੀਵਰਸਿਟੀਆਂ ਦੇ ਕੋਰਸਾਂ ਦੇ ਆਥਰ ਆਪਣੀ ਜ਼ਿੰਦਗੀ ਵਿਚ ਵੀ ਨੀਯਤ, ਕਲਾਸਾਂ ਨੂੰ ਆਪਣੀ ਰਚਿਤ ਕਤਾਬਾਂ ਨੂੰ ਪੜ੍ਹਾਂਦੇ ਰਹੇ ਤੇ ਪਾਸ ਹੋਣ ਵਾਲਿਆਂ ਨੂੰ ਨੰਬਰਾਂ ਦੇ ਹਿਸਾਬ ਨਾਲ ਫਸਟ ਗ੍ਰੇਡ ਜਾਂ ਸੈਕਿੰਡ ਗ੍ਰੇਡ ਡਿਗਰੀਆਂ ਮਿਲਦੀਆਂ ਰਹੀਆਂ ਤੇ ਉਹਨਾਂ ਦੇ ਮਰ ਜਾਣ ਤੋਂ ਬਾਹਦ ਕੋਰਸ ਪੁਸਤਕਾਂ ਪਹਿਲੇ ਵਾਂਗੂ ਉਤਨੀ ਹੀ ਗਿਆਨ ਸੱਤਾ ਦੇਂਦੀਆਂ ਤੇ ਪੜ੍ਹਨ ਵਾਲਿਆਂ ਨੂੰ ਡਿਗਰੀਆਂ

ਦਿਲਾਦੀਆਂ ਰਹਿਣਗੀਆਂ। ਸੰਤ ਲੇਖਕ ਜੋ ਆਪ ਦੇ ਨਾਮ ਨੂੰ ਐਮ. ਐਸ. ਚਾਵਲਾ ਵੀ ਲਿਖਦੇ ਹਨ ਜੇਕਰ ਕਾਲਜ ਤੋਂ ਕੋਈ ਡਿਗਰੀ ਹਾਸਲ ਕੀਤੀ ਹੈ ਤਾਂ ਉਹਨਾਂ ਵੀ ਮਰੇ ਹੋਏ ਕਈ ਆਥਰਾਂ ਦੀਆਂ ਲਿਖੀਆਂ ਪੁਸਤਕਾਂ ਹੀ ਪੜਕੇ ਡਿਗਰੀ ਹਾਸਲ ਕੀਤੀ ਹੋਣੀ ਹੈ। ਤਿਵੇਂ ਹੀ ਕਿਸੇ ਦੀ ਚੰਗੀ ਮੰਦੀ ਲਿਖਤ ਵੀ—ਕਿਸੇ ਜ਼ਿੰਦੇ ਪੁਰਸ਼ ਦੇ ਚੰਗੇ ਮੰਦੇ ਬੋਲ ਜਿਤਨਾ ਅਸਰ ਰਖਦੀ ਹੈ। ਕਿਸੇ ਦੇ ਘਰ ਮਾਤਮ ਦੀ ਤਾਰ ਆਏ ਵੇਲੇ ਕੀ ਹਾਲਤ ਹੁੰਦੀ ਤੇ ਖੁਸ਼ੀ ਦੀ ਜ਼ਬਾਨੀ ਖਬਰ ਵੇਲੇ ਕਿਵੇਂ ਖੁਸ਼ੀ ਹੁੰਦੀ ਹੈ ਐਸਾ ਹੀ ਜਾਣੀਏ। ਨਾਮਧਾਰੀ ਬਾਬਾ ਰਾਮ ਸਿੰਘ ਨੂੰ ਸਰਕਾਰ ਅੰਗ੍ਰੇਜ਼ੀ ਦੇ ਇਕ ਪੁਲਸੀਏ ਨੇ ਜ਼ਬਾਨੀ ਹੁਕਮ ਸੁਣਾਇਆ ਕਿ ਆਪ ਕੋ ਲੁਧਿਆਣੇ ਬੁਲਾਇਆ ਹੈ ਤਦ ਉਨ੍ਹਾਂ ਕਿਹਾ—"ਕੋਈ ਭੈਂਗੀ ਬੁਲਾਣ ਆਉਂਦਾ ਤਦ ਵੀ ਟੁਰ ਪੈਣਾ ਸੀ" ਤੇ ਚਲੇ ਗਏ ਸਨ। ਫਿਰ ਲੁਧਿਆਣੇ ਗਏ ਵੇਲੇ "ਮੁਰਦਾ ਕਾਗਜ਼ੀ ਵਾਰੰਟ" ਪਰ ਲਿਖਤੀ ਹੁਕਮ ਦਿਖਾ ਕੇ ਗ੍ਰਿਫਤਾਰ ਕੀਤਾ ਤੇ ਸੂਬਿਆਂ ਦੇ ਸਮੇਤ ਹੀ ਗਾਰਦ ਦੇ ਪਹਿਰੇ ਵਿਚ ਗਡੀ ਚੜ੍ਹਾ ਕੇ ਪਹਿਲੇ ਅਲਾਹਾਬਾਦ ਫਿਰ ਰੰਗੂਨ ਭੇਜਿਆ ਗਿਆ ਸੀ ਤੇ ਆਪ ਨੇ ਇਸ ਵੇਲੇ ਸਰਕਾਰੀ ਹੁਕਮ ਦੀ ਜ਼ਬਾਨੀ ਤੇ ਲਿਖਤੀ ਸੱਤਾ ਨੂੰ ਇਕੋ ਜਿਹਾ ਮੰਨਿਆ ਤੇ ਚਲੇ ਗਏ ਸਨ।

ਅਸੀਂ ਰੰਗੂਨ ਤੋਂ ਭੇਜੇ ਉਨ੍ਹਾਂ ਦੇ ਕਈ ਹੁਕਮਨਾਮਿਆਂ ਵਿਚੋਂ ਇਕ ਦੋ ਦਾ ਹਵਾਲਾ ਪਿਛੇ ਦਿਤਾ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਨੂੰ ਗੁਰ ਮੰਨਦੇ ਅਤੇ ਅਖੰਡ ਪਾਠ ਕਰਾਉਣ ਦੀ ਤਾਕੀਦ ਕਰਦੇ ਰਹੇ ਸਨ ਹੋਰ ਵੀ ਉਨ੍ਹਾਂ ਨੇ ਕਈ ਤਰ੍ਹਾਂ ਦੇ ਹੁਕਮ ਜਾਰੀ ਕੀਤੇ ਸਨ ਜੋ ਨਾਮਧਾਰੀ ਦਰਬਾਰ ਪਾਸ ਸੰਭਾਲੇ ਹਨ। ਤਾਂ ਅਸੀਂ ਨਾਮਧਾਰੀ ਲੇਖਕ ਤੋਂ ਪੁਛਣਾ ਹੈ ਕਿ ਉਨ੍ਹਾਂ ਦੇ ਹੁਕਮਨਾਮਿਆਂ ਨੂੰ ਉਹ ਜਿੰਦਾ ਗੁਰੂ ਦੇ ਹੁਕਮਨਾਮੇ ਮੰਨਣਗੇ ਕਿ ਮੁਰਦਾ ਗੁਰੂ ਦੇ ? ਤਾਂ ਉਨ੍ਹਾਂ ਨੂੰ ਇਵੇਂ ਹੀ ਮੰਨਣਾ ਪਏਗਾ ਕਿ ਦੇਹਧਾਰੀ ਸਰੀਰਾਂ ਵਿਚ ਹੁੰਦਿਆਂ ਜੋ ਸ਼ਬਦ ਗੁਰੂ (ਗੁਰਗਿਆਨ) ਸੰਗ੍ਰਹਿ ਕਰ ਦਿਤਾ ਹੈ ਉਹ ਜਿੰਦਾ ਗੁਰੂਆਂ ਦੀ ਤੁਲਨਾ ਸਮਾਨ ਹੀ ਜਿੰਦਾ "ਸ਼ਬਦ ਗੁਰੂ" ਗੁਰੂ ਗ੍ਰੰਥ ਸਾਹਿਬ ਹੈ।

ਨਾਮਧਾਰੀ ਲੇਖਕ ਨੇ ਪਿਛੇ ਦਸਿਆ ਕਿ ਅਸੀਂ ਸ੍ਰੀ ਗ੍ਰੰਥ ਸਾਹਿਬ ਨੂੰ ਇਸ ਵਾਸਤੇ ਗੁਰੂ ਨਹੀਂ ਮੰਨਦੇ ਕਿ ਉਹ ਜਿੰਦਾ ਗੁਰੂ ਨਹੀਂ ਪਰ ਉਸਦੀ ਇਕ ਇਕ ਪੰਗਤੀ ਤੇ ਹੁਕਮ ਨੂੰ ਮੰਨਣਾ ਪਰਮ ਕਰਤਵ ਸਮਝਦੇ ਹਾਂ—ਹੁਣ ਵੇਖੀਏ ਕਿ ਇਸ ਨੇ ਕਿਤਨਾ ਕੂੜ ਤੋਲਿਆ ਹੈ। ਗੁਰਬਾਣੀ ਹੁਕਮ ਤਾਂ ਇਹ ਹੈ :

"ਕੀਤਾ ਲੋੜੀਏ ਕੰਮ ਸੁ ਹਰਿ ਪਹਿ ਆਖੀਐ ॥
ਕਾਰਜ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥ (੯੧)

ਪਰ ⌒ ਨਾਮਧਾਰੀ ਲੇਖਕ ਨੇ ਪੁਸਤਕ ਅਰੰਭ ਕਰਨ ਵੇਲੇ ਇਸ ਕਾਰਜ ਵਿਚ— '੧ਓ ਸਤਿਗੁਰੂ ਰਾਮ ਸਿੰਘ ਜੀ ਸਹਾਇ' ਲਿਖ ਕੇ ਸਹਾਇਤਾ ਦੀ ਮੰਗ ਕੀਤੀ ਹੈ। ਭਾਵ-ਇਕ ਓਅੰਕਾਰ ਰੂਪ ਸਤਿਗੁਰੂ ⌒ ਰਾਮ ਸਿੰਘ ਸਹਾਇਤਾ ਕਰਨਗੇ, ਇਧਰ ਗੁਰੂ ਘਰ ਵਿਚ ਐਸਾ ਹੁਕਮ ਹੈ—'੧ਓ ਸਤਿਗੁਰ ਪ੍ਰਸਾਦਿ' ਭਾਵ ਇਕ ਓਅੰਕਾਰ ਜੋ ਸਤਿਗੁਰੂ ਹੈ ਉਸਦੀ ਕਿਰਪਾ ਹੋਵੇ।

ਹੁਣ ਪਾਠਕ ਵਿਚਾਰ ਕਰਨ ਕਿ ਕਿਸ ਹੱਦ ਤੀਕ ਉਹ ਗੁਰਬਾਣੀ ਹੁਕਮ ਦੇ ਪਾਲਣ ਨੂੰ ਪਰਮ ਕਰਤਵ ਮੰਨਦਾ। ਆਪਣੇ ਇਸ ਕਾਰਜ ਦੀ ਸਹਾਇਤਾ ਵਾਸਤੇ ਜਿਸ ਸਤਿਗੁਰੂ ਪਾਸੋਂ ਉਹ ਮੰਗ ਕਰਦਾ, ਉਹ ਵੀ ਜਿੰਦੇ ਨਹੀਂ। ਸੌ ਸਾਲ ਤੋਂ ਵਧ ਅਰਸਾ ਹੋਇਆ ਸਰੀਰ ਛੱਡ ਕੇ ਜਾ ਚੁਕੇ। ਜੇਕਰ ਅਮਰ ਆਤਮਾਂ ਸਮਝ ਕੇ ਮੰਗ ਕਰਦਾ ਹੈ ਤਦ ਦਸੋਂ ਸਤਿਗੁਰਾਂ ਦੀ ਆਤਮਾ ਵੀ ਅਮਰ ਹੈ ਤੇ ਉਨ੍ਹਾਂ ਦੀ ਆਤਮਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਅਗੇ ਅਰਦਾਸਾਂ ਕਰਦੇ ਸਿਖ ਸਹਾਇਤਾ ਚਾਹੁੰਦੇ ਹਨ ਅਤੇ ਗੁਰੂ ਆਤਮਾਂ ਵੀ ਜਿੰਦੇ ਹੁੰਦਿਆਂ ਵਾਂਗੂ ਹੀ ਸਦਾ ਸੁਣਦੇ ਤੇ ਸਹਾਇਤਾ ਕਰਦੇ ਹਨ। ਪਰ ਜਿਹੜੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਤੋਂ ਇਨਕਾਰੀ ਹਨ ਉਨ੍ਹਾਂ ਵਲੋਂ ਗੁਰਬਾਣੀ ਪੜ੍ਹਨਾ ਤੇ ਪਰਮ ਕਰਤਵ ਮੰਨਣਾ ਸਿਰਫ ਸਾਧਾਰਨ ਸਿਖਾਂ ਨੂੰ ਗੁਮਰਾਹ ਕਰਕੇ ਸਾਥੀ ਬਨਾਣਾ ਤੇ ਨਾਮਧਾਰੀ ਸੰਸਥਾ ਵਿਚ ਸ਼ਾਮਲ ਕਰਨ ਤੋਂ ਸਿਵਾ ਹੋਰ ਕੁਝ ਨਹੀਂ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਦਾ ਵਾਸਤੇ ਜਿੰਦਾ ਸਤਿਗੁਰਾਂ ਦਾ ਆਤਮਕ ਸਰੂਪ ਹਨ। ਜਿਸ ਵਿਚ ਸਤਿਗੁਰੂਆਂ ਰਾਹੀਂ "ਧੁਰ ਕੀ ਬਾਣੀ ਆਈ" ਤੋਂ ਵਖਰੇ ਕਈ ਭਗਤਾਂ, ਸੰਤਾਂ ਫਕੀਰਾਂ, ਭੱਟਾਂ ਕਵੀਸ਼ਰਾਂ ਦੇ ਅਨੁਭਵੀ ਆਤਮਕ ਗਿਆਨ ਦਾ ਨਿਚੋੜ ਅੰਕਿਤ ਹੈ। ਇਸਦਾ ਮੁਕਾਬਲਾ ਕਿਸੇ ਜੁਗ ਦਾ ਵੀ ਕੋਈ ਇਕ ਦੇਹਧਾਰੀ ਗੁਰੂ ਨਹੀਂ ਕਰ ਸਕਦਾ ਜਿਸ ਵਿਚ ਚੋਹਾਂ ਵਰਨਾਂ ਲਈ ਸਾਂਝਾ ਉਪਦੇਸ਼ ਹੈ। ਇਸ ਸਚਾਈ ਨੂੰ ਜੋ ਅਜੇ ਤੀਕ ਨਹੀਂ ਸਮਝੇ ਤੇ ਗੁਰੂ ਗ੍ਰੰਥ ਸਾਹਿਬ ਨੂੰ ਨਰਜਿੰਦਾ (ਗ੍ਰੰਥ ਸਾਹਿਬ) ਸਮਝ ਬੈਠੇ ਹਨ, ਮੇਰੇ ਵਿਚਾਰ ਵਿਚ ਮਨੁਖ ਜਾਤੀ ਵਿਚੋਂ ਉਹ ਐਸੇ ਮਨੁੱਖ ਹਨ, ਜਿਵੇਂ ਪੰਛੀਆਂ ਵਿਚੋਂ ਕਈ ਜਾਤੀ ਦਿਆਂ ਨੂੰ ਸੂਰਜ ਦੀ ਰੌਸ਼ਨੀ ਵੇਲੇ ਕੁਝ ਵੀ ਦਿਖਾਈ ਨਹੀਂ ਦਿੰਦਾ। ਐਸੇ ਵਿਦਵਾਨਾਂ ਨੂੰ ਅਪਣੀ ਵਿਦਵਤਾ ਦੀ ਸਚਾਈ ਦਾ ਉਸ ਵੇਲੇ ਪਤਾ ਚਲ ਜਾਏਗਾ ਜਦੋਂ "ਉਚੀ ਨਦਰ ਸਰਾਫੀ" ਰਖਦੇ ਸਚਿਆਰ ਪਾਠਕਾਂ ਨੇ ਫੈਸਲਾ ਦੇਣਾ ਹੈ।

## ਗੁਰੂ ਗ੍ਰੰਥ ਸਾਹਿਬ ਬਾਬਤ ਲਾਲਾ ਦੌਲਤ ਰਾਮ ਦੇ ਵਿਚਾਰ

ਹੁਣ ਤੋਂ ਬਹੁਤ ਸਾਲ ਪਹਿਲੇ ਲਾਲਾ ਦੌਲਤ ਰਾਮ ਆਰੀਆ ਸਮਾਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਕਥਾ ਨੂੰ ਬੜੇ ਸਚਾਈ ਭਰਪੂਰ ਅਖਰਾਂ ਵਿਚ ਲਿਖਿਆ ਸੀ। ਜਿਸ ਨੂੰ ਹੁਣ ਦੀ ਕੇਂਦਰੀ ਸਿੰਘ ਸਭਾ ਨੇ ਪੰਜਾਬੀ ਰੂਪ ਵਿਚ (ਪੁਸਤਕ ਨੂੰ) ਦੁਬਾਰਾ ਛਾਪਿਆ ਹੈ: ਜਿਸ ਦੀ ਬਹੁਤ ਵਿਸਥਾਰ ਨਾਲ ਲਿਖੀ ਲਿਖਤ ਵਿਚੋਂ ਕੁਝ ਸਕੌਚਵੇਂ ਵਿਚਾਰ ਧੰਨਵਾਦ ਸਹਿਤ, ਉਸ ਦੇ ਸਫਾ ੧੮੭ ਤੋਂ ੧੯੦ ਤੀਕ ਦੇ ਇਥੇ ਲਿਖਣੇ ਜ਼ਰੂਰੀ ਸਮਝੇ ਹਨ—ਉਹ ਲਿਖਦੇ ਹਨ:

> ਗੁਰਿਆਈ ਦੀ ਗਦੀ ਦਾ ਗੁਰੂ ਗਬਿੰਦ ਸਿੰਘ ਜੀ ਨੇ ਆਪ ਹੀ ਫੈਸਲਾ ਕਰ ਦਿਤਾ—ਜੋ ਇਕ ਨਰਲ ਤੇ ਪੰਜ ਪੈਸੇ ਰਵਾਜ ਮੂਜਬ ਗੁਰੂ ਗ੍ਰੰਥ ਸਾਹਿਬ ਅਗੇ ਧਰੇ ਤੇ ਮਥਾ ਟੇਕ ਕੇ ਆਖਿਆ—ਕਿ ਖਾਲਸਾ ਜੀ ਮੇਰੇ ਮਗਰੋਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣਾ ਹੋਵੇਗਾ। ਇਹ ਸਦੀਵ ਵਾਸਤੇ ਤੁਹਾਡਾ ਅਜਿਹਾ ਗੁਰੂ ਹੋਵੇਗਾ ਕਿ ਪ੍ਰਲੈ ਤਕ ਤੁਹਾਡੀ ਰਖਿਆ ਕਰਗਾ, ਤੇ ਸਦਾ ਹੀ ਉਪਦੇਸ਼ ਦਿੰਦਾ ਰਹੇਗਾ (ਅਗੇ ਸਫਾ ੧੭੮ ਦੀ ਲਿਖਤ ਵਿਚੋਂ)

ਅੰਤ ਦੇ ਉਪਦੇਸ਼ ਵਿਖੇ ਉਹਨਾਂ ਨੇ ਖਾਲਸੇ ਨੂੰ ਤਾਕੀਦ ਕੀਤੀ ਕਿ ਸਦੀਵ ਆਪਣੇ ਧਰਮ ਵਿਚ ਪ੍ਰਪਕ ਰਹਿਣਾ। ਜਿਥੇ ਪੰਜ ਸਿੰਘ ਇਕਤਰ ਹੋਣ ਉਹਨਾਂ ਵਿਖੇ ਆਪ ਗੁਰੂ ਗੋਬਿੰਦ ਸਿੰਘ ਹੋਵੇਗਾ। ਖਾਲਸਾ ਧਰਮ ਵਿਖੇ ਪੁਰਖ ਨੂੰ (ਅਕਾਲ ਪੁਰਖ ਨੂੰ) ਮਿਲਾਉਣ (ਦੀਖਿਆ ਦੇਣ) ਦੀ ਸ਼ਕਤੀ ਕੇਵਲ ਪੰਜਾਂ ਸਿੰਘਾਂ ਨੂੰ ਦਿਤੀ।

ਸਫ਼ਾ ੧੭੯ ਪਰ ਉਹ ਐਸਾ ਲਿਖਦੇ ਹਨ :

ਇਸ ਗੁਰਿਆਈ ਦੇ ਸਿਲਸਿਲੇ ਦੇ ਬੰਦ ਕਰਨੇ ਥੀਂ ਉਹਨਾਂ ਨੇ ਵਡਾ ਭਾਰੀ ਕੰਮ ਕੀਤਾ।

ਅਗੇ ਹੋਰ ਬਹੁਤ ਵਿਸਥਾਰ ਨਾਲ ਲਿਖਿਆ ਹੈ :

ਇਹਨਾਂ ਗਲਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਜਾਤੀ ਅਭਿਮਾਨ ਦਾ ਜ਼ਰਾ ਲਗਾਉ ਨਹੀਂ ਸੀ ਜੇਕਰ ਕੋਈ ਦਖਲ ਹੁੰਦਾ ਹੋਵੇ ਤਾਂ ਗੁਰੂ ਗੋਬਿੰਦ ਸਿੰਘ ਇਹ ਨਾ ਉਚਾਰਦੇ ਕਿ ਜੋ ਕੁਝ ਕੀਤਾ ਹੈ ਮੈਂਨੇ ਕੀਤਾ ਹੀ ਨਹੀਂ। ਸਗੋਂ ਉਹਨਾਂ ਨੇ ਤਾਂ ਇਉਂ ਵਚਨ ਕੀਤੇ ਹਨ ਕਿ ਜੋ ਕੁਝ ਦਸ ਗੁਰੂਆਂ ਨੇ ਕਰਨਾ ਹੀ ਸੀ—ਸੋਈ ਹੀ ਮੈਂ ਕੀਤਾ। ਅਗੋਂ ਨੂੰ ਕੇਵਲ ਗੁਰੂ ਗ੍ਰੰਥ ਸਾਹਿਬ ਹੀ ਉਹਨਾਂ ਦਾ ਗੁਰੂ ਹੋਵੇਗਾ।

ਅਗੇ ਲਿਖਦੇ—ਸਭ ਦੁਨੀਆਂ ਦੇ ਮਹਾਤਮਾਂ ਵਿਚੋਂ ਜੇਕਰ ਕੋਈ ਨਿਰਅਭਿਮਾਨ ਹੋਇਆ ਹੈ ਤਾਂ ਉਹ ਗੁਰੂ ਗੋਬਿੰਦ ਸਿੰਘ ਜੀ ਹੋਇ ਹਨ। ਆਪਣੇ ਤੀਕ ਗੁਰਿਆਈ ਨੂੰ ਬਸ ਕਰਨ ਦੀ ਬਾਤ ਵਿਖੇ ਵੀ ਇਹ ਹੀ ਪਾਇਆ ਜਾਂਦਾ ਹੈ ਕਿ ਖਾਲਸਾ ਧਰਮ ਤੇ ਉਸ ਦੇ ਉਦੇਸ਼ ਨੂੰ ਸਦੀਵ ਜੀਉਂਦੇ ਰਖਣਾ ਹੈ। ਅਰਥਾਤ ਅਗੋਂ ਹੋਣ ਵਾਲੇ ਗੁਰੂਆਂ ਦੇ ਭਾਂਤ ਭਾਂਤ ਦੇ ਸੁਭਾਓ ਤੇ ਕਈ ਤਰ੍ਹਾਂ ਦੀਆਂ ਅਦਲਾ ਬਦਲੀਆ ਹੋਣ ਦਾ ਡਰ ਸੀ। ਤੇ ਇਹ ਹੋ ਜਾਣਾ ਸੀ—ਸੋ ਉਸ ਦਾ ਝਗੜਾ ਲੰਮੀ ਦ੍ਰਿਸ਼ਟੀ ਦਵਾਰਾ ਨਿਬੇੜ ਦਿਤਾ। ਜੋ ਖਾਲਸਾ ਧਰਮ ਸਦੀਵ ਲਈ ਖਾਲਸ ਬਣਿਆ ਰਹੇ। ਤੇ ਕਿਸੇ ਤਰ੍ਹਾਂ ਦੀ ਮਿਲਾਵਟ ਕਰਕੇ ਵਿਗੜ ਨਾ ਜਾਵੇ। ਤੇ ਕੀ ਜਾਣੀਏ ? ਗੁਰੂ ਜੀ ਤੋਂ ਮਗਰੋਂ ਪੀਹੜੀਆਂ ਹੀ ਗੁਰਿਆਈ ਦੀਆਂ ਚਲ ਪੈਂਦੀਆਂ, ਤੇ ਇਕ ਗੁਰੂ (ਗੁਰੂ ਗ੍ਰੰਥ ਰੂਪ) ਨਾ ਰਹਿਣ ਕਰਕੇ ਖਾਲਸਾ ਧਰਮ ਵਿਖੇ ਕੀ ਕੀ ਸ਼ਗੂਫੇ ਖਿੜਦੇ ? ਖਬਰੇ ਹਿੰਦੂ ਧਰਮ ਵਾਂਗੂ ਸ਼ਾਖਾਂ ਵਿਚੋਂ ਸ਼ਾਖਾ ਹੋ ਕੇ ਖਾਲਸਾ ਧਰਮ ਉਹ ਚਿਹਰਾ ਬਣਾ ਲੈਂਦਾ ਜੋ ਫੇਰ ਉਸ ਦਾ ਪਛਾਨਣਾ ਹੀ ਮੁਸ਼ਕਲ ਹੋ ਜਾਂਦਾ। ਕਈ ਭਾਂਤ ਦੀਆਂ ਸੂਰਤਾਂ ਨਿਕਲ ਆਉਂਦੀਆਂ। ਜੇਕਰ ਗੁਰਿਆਈ ਦਾ ਸਿਲਸਿਲਾ ਬੰਦ ਨਾ ਕੀਤਾ ਜਾਂਦਾ ਤੇ ਗੁਰੂ ਗ੍ਰੰਥ ਜੀ ਨੂੰ ਗੁਰਿਆਈ ਨਾ ਦਿਤੀ ਜਾਂਦੀ, ਤਾਂ ਬੜੇ ਹੀ ਭਿਆਨਕ ਝਗੜੇ ਉਠ ਖੜੇ ਹੁੰਦੇ। ਇਹਨਾਂ ਗਲਾਂ ਦੇ ਦ੍ਰਿਸ਼ਟਾਂਤ ਦੇਣ ਦੀ ਲੋੜ ਨਹੀਂ ਜਿਹੜੀ ਅਗੋਂ ਕੌਮੀ ਪਿਆਰ ਦੀ ਗੁਰੂ ਗੋਬਿੰਦ ਸਿੰਘ ਧੁਖਾ ਚਲੇ ਹਨ ਜਿਸ ਨੂੰ ਜੀਉਂਦਿਆਂ ਰਖਣ ਦੀ ਆਸ ਅਗੋਂ ਹੋਣ ਵਾਲਿਆਂ ਗੁਰੂਆਂ ਪਾਸੋਂ ਸ਼ਾਇਦ ਹੀ ਹੁੰਦੀ। ਇਸ ਕਰਕੇ ਉਹਨਾਂ ਬੜਾ ਹੀ ਯੋਗ ਕੰਮ ਕੀਤਾ ਕਿ ਗੁਰਿਆਈ ਦੇ ਸਿਲਸਿਲੇ ਨੂੰ ਇਥੇ ਹੀ ਬੰਦ ਕਰ ਦਿਤਾ।

ਇਸ ਤੋਂ ਅਗੇ ਹੋਰ ਉਹ ਐਸਾ ਲਿਖਦੇ ਹਨ :

ਮੇਰੇ ਵਿਚਾਰ ਵਿਚ ਜਿਤਨਾ ਖਾਲਸਾ ਧਰਮ ਪੰਥਨ ਹੀ ਹੈ, ਮੁਕਤ ਹੈ—

ਅਜਿਹਾ ਧਰਮ ਕੋਈ ਵੀ ਸੰਸਾਰ ਪਰ ਨਹੀਂ, ਅਤੇ ਗੁਰਿਆਈ ਦੇ ਸਿਲਸਿਲੇ ਨੂੰ ਬੰਦ ਕਰਨ ਕਰਕੇ ਕਿਸੇ ਪ੍ਰਕਾਰ ਦੀ ਖਾਲਸਾ ਧਰਮ ਨੂੰ ਬੰਧਨ ਨਹੀਂ ਬੱਧੀ ਗਈ। ਸਗੋਂ ਖਾਲਸਾ ਧਰਮ ਨੂੰ ਅਗੋਂ ਨਿਕੰਮਿਆਂ ਹਥਾਂ ਵਿਚ ਆਉਣ ਤੋਂ ਦੂਰ ਅੰਦੇਸ਼ੀ ਨਾਲ ਰੋਕ ਲਿਆ। ਹਿੰਦੂਆਂ ਵਿਖੇ ਧਰਮਾਂ ਦੇ ਭੇਦ ਬੇਅੰਤ ਪੈ ਗਏ ਸਨ ਜਿਹੜੇ ਅਜੇ ਤੀਕ ਪ੍ਰਤੀਤ ਹੋ ਰਹੇ ਹਨ। ਤੇ ਗੁਰੂ ਗੋਬਿੰਦ ਸਿੰਘ ਜੀ ਵੇਲੇ ਭੀ ਪ੍ਰਗਟ ਸਨ। ਗੁਰੂ ਗੋਬਿੰਦ ਸਿੰਘ ਜੀ ਹਿੰਦੂਆਂ ਦੀ ਧਰਮ ਉਨਤੀ ਅਤੇ ਧਰਮ ਨਾਸ ਦੇ ਕਾਰਨਾਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਜੇਕਰ ਉਹ ਗੁਰਿਆਈ ਦੇ ਸਿਲਸਿਲੇ ਨੂੰ ਬੰਦ ਨਾ ਕਰ ਦਿੰਦੇ ਤਾਂ ਉਸ ਦੇ ਸਭਨਾਂ ਕੰਮਾਂ ਵਿਖੇ ਇਕ ਇਹ ਘਾਟਾ ਰਹਿ ਜਾਣਾ ਸੀ। ਪ੍ਰੰਤੂ ਉਹ ਵਿਚਾਰਵਾਨ ਤੇ ਬੁਧੀਵਾਨ ਪੁਰਖ ਸਨ ਅਤੇ ਸਮੇਂ ਦੀ ਨਾੜੀ ਪਰ ਉਹਨਾਂ ਦਾ ਹਥ ਸੀ। ਉਹਨਾਂ ਨੇ ਅਤਿਅੰਤ ਬੁਧੀਮਤਾ ਤੇ ਲੰਮੀ ਦ੍ਰਿਸ਼ਟੀ ਨਾਲ ਇਹ ਬੰਧਨ ਲਾਹ ਕੇ ਖਾਲਸਾ ਧਰਮ ਨੂੰ ਅਗੇ ਹੋਣ ਵਾਲੀਆਂ ਖਰਾਬੀਆਂ ਤੋਂ ਬਚਾ ਲਿਆ ਹੈ। ਇਹੋ ਕਾਰਨ ਹੈ ਕਿ ਬਰਾਬਰ ਤਿੰਨ ਸੌ ਵਰੇ ਤੋਂ ਖਾਲਸਾ ਧਰਮ ਬਹੁਤ ਸਾਰਾ ਤਿਵੇਂ ਹੀ ਚਲਾ ਆਉਂਦਾ ਹੈ— ਜਿਥੋਂ ਤੀਕ ਉਸ ਦੇ ਨਿਯਮ ਹਨ ਉਥੋਂ ਤੀਕ ਠੀਕ ਹੈ।

ਹੁਣ ਅਗੇ ਸਫਾ ੧੯੦ ਦੇ ਅਖੀਰ ਤੋਂ—

ਇਸ ਵਾਸਤੇ ਉਹਨਾਂ ਨੇ ਆਗਿਆ ਦਿਤੀ ਕਿ ਭਾਵੇਂ ਕਿਸੇ ਜਾਤ ਦੇ ਵੀ ਪੰਜ ਸਿੰਘ ਮਿਲ ਕਰਕੇ ਪਾਹੁਲ ਦਿਤਾ ਕਰਨ। ਇਸ ਥੀਂ ਇਹ ਸਿਧ ਹੁੰਦਾ ਸੀ ਕਿ ਗੁਰਿਆਈ ਦਾ ਕੰਮ ਕਿਸੇ ਖਾਸ ਪੁਰਖ ਦੇ ਅਧਿਕਾਰ ਵਿਚ ਨਹੀਂ ਰਹਿਣ ਦਿਤਾ।

ਨੋਟ :—ਉਕਤ ਵਿਚਾਰ ਇਕ ਨਿਰਪਖ ਵਿਦਵਾਨ ਆਰੀਆ ਸਮਾਜੀ ਦੇ ਹਨ ਜੋ ਬਹੁਤ ਸੰਖੇਪਤਾ ਨਾਲ ਅਸੀਂ ਆਪਣੀ ਪੁਸਤਕ (ਪੰਥਕ ਮੁਕਦਮਾ) ਦੀ ਪ੍ਰੋੜ੍ਹਤਾ ਵਾਸਤੇ ਪੇਸ਼ ਕੀਤੇ ਹਨ—ਅਗੇ ਹੋਰ ਸਾਡੀ ਆਪਣੀ ਵਿਚਾਰ ਪੜ੍ਹੀਏ :

## ਮੁੱਕਦੀ ਗੱਲ

ਜਿਸ ਦਿਨ ਤੋਂ ਸਿੱਖ ਪੰਥ ਵਿਚੋਂ ਰਾਧਾ ਸਵਾਮੀਆਂ, ਨਕਲੀ ਨਿਰੰਕਾਰੀਆਂ ਅਤੇ ਕੁਝ ਹੋਰ ਐਹੋ ਜੇਹੇ ਗੁਰੂਆਂ ਨੇ ਗੁਰਬਾਣੀ ਸ਼ਬਦਾਂ ਦੇ ਉਲਟੇ ਸਿੱਧੇ ਅਪਨੇ ਮਤਲਬ ਦੇ ਅਰਥ ਕਰਕੇ ਸਾਧਾਰਨ ਸਹਿਜਧਾਰੀ ਤੇ ਕੇਸਾਧਾਰੀ ਸਿਖਾਂ ਨੂੰ ਭਰਮਾਇਕੇ ਆਪਣੇ ਵਲ ਧਰੀਕਣਾ ਸ਼ੁਰੂ ਕੀਤਾ ਸੀ, ਅਤੇ ਸਿਆਸੀ ਸਿਖ ਲੀਡਰਾਂ ਵੀ ਉਕਤ ਲੋਕਾਂ ਦੀਆਂ ਵੋਟਾਂ ਦੀ ਪ੍ਰਾਪਤੀ ਕਾਰਨ ਮਸ਼ਟ ਮਾਰ ਰਖੀ ਸੀ। ਤਦ ਦੇਹਧਾਰੀ ਗੁਰੂਆਂ ਨੂੰ ਪੰਥਕ ਮੈਦਾਨ ਖਾਲੀ ਦਿਸਿਆ ਤੇ ਉਨ੍ਹਾਂ ਨੇ ਹਰ ਤਰ੍ਹਾਂ ਦਾ (ਜ਼ਬਾਨੀ ਤੇ ਲਿਖਤੀ) ਪ੍ਰਚਾਰ ਵਧਾ ਲਿਆ ਪਰ ਬੀਜ ਨਾਸ ਕਿਸੇ ਚੀਜ਼ ਦਾ ਨਹੀਂ ਹੁੰਦਾ। ਗੁਰੂ ਪੰਥ ਵਿਚੋਂ ਵੀ ਕੁਝ ਦੀਰਘ ਦਰਸੀਆ ਨੇ ਭਾਂਪ ਲਿਆ ਤੇ ਖਾਸ ਕਰਕੇ "ਚੀਫ ਖਾਲਸਾ ਦੀਵਾਨ", ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕੇਂਦਰੀ ਸਿੰਘ ਸਭਾ ਸ਼ਤਾਬਦੀ ਦੇ ਵਿਦਵਾਨ ਮੈਂਬਰਾਂ ਨੇ ਐਸਾ ਪ੍ਰਚਾਰ ਸ਼ੁਰੂ ਕਰਾ ਦਿਤਾ ਸੀ ਕਿ ਹਰ ਇਕ ਵਡੇ ਛੋਟੇ ਸਭਨਾਂ ਗੁਰਦੁਆਰਿਆਂ ਵਿਚ ਦੋਵੇਂ ਵੇਲੇ ਦੀਵਾਨ ਸਮਾਪਤੀ ਉਪਰੰਤ ਇਹ ਦੋਵੇਂ ਦੋਹਿਰੇ ਜ਼ਰੂਰ ਪੜ੍ਹੇ ਜਾਣੇ ਚਾਹੀਏ।

ਦੋਹਿਰਾ : ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ॥
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ ॥
ਜਾਂਕਾ ਹਿਰਦਾ ਸ਼ੁੱਧ ਹੈ ਖੋਜ ਸ਼ਬਦ ਮੈਂ ਲੇਹ ॥

ਪਰ ਐਸਾ ਹਰ ਰੋਜ਼ ਗੁਰਦੁਆਰਿਆਂ ਵਿਚ ਪੜ੍ਹੇ ਜਾਣ ਦਾ ਵਧੇਰੇ ਦੁੱਖ ਨਾਮਧਾਰੀ ਦਰਬਾਰ ਤੇ ਉਸਦੇ ਵਿਦਵਾਨ ਪ੍ਰਚਾਰਕਾਂ ਨੂੰ ਹੋਇਆ। ਇਸ ਵਾਸਤੇ ਕਿ ਉਨ੍ਹਾਂ ਨੇ ਗੁਰਬਾਣੀ ਦੇ (ਦੇਹਧਾਰੀ ਗੁਰੂ ਦੀ ਪ੍ਰੋੜਤਾ ਵਿਚ ਵਰਤੇ ਸ਼ਬਦਾਂ ਦੀ ਵਿਆਖਿਆ ਨੂੰ ਅਧਾਰ ਬਣਾਇਆ ਸੀ) ਜੋ ਉਸ ਵੇਲੇ ਦੇ ਅਨੁਕੂਲ ਸਨ, ਜਦੋਂ ਗੁਰੂ ਜੋਤ ਸਰੀਰਾਂ ਵਿਚ ਵਰਤ ਰਹੀ ਸੀ। ਫਿਰ ਗੁਰਬਾਣੀ ਅਨੁਸਾਰ ਇਹ ਸ਼ਾਦੀ ਗਮੀ ਨੂੰ ਨਿਭਾਉਂਦੇ ਤੇ ਗੁਰਮਰਿਆਦਾ ਦਾ ਪਾਲਨ ਦਸਦੇ ਹਨ। ਜਿਸ ਕਰਕੇ ਬਹੁਤੇ ਤਰਕਵਾਦੀ ਸਿਖਾਂ ਦੀ ਚਰਚਾ ਦਾ ਇਹ ਕਾਰਨ ਨਹੀਂ ਬਣੇ। ਪਰ ਜਿਸ (ਗੁਰੂ ਗ੍ਰੰਥ ਸਾਹਿਬ) ਦੀ ਬਾਣੀ ਦੀ ਓਟ ਲੈ ਰਹੇ ਹਨ, ਉਸ ਨੂੰ ਗੁਰੂ ਮੰਨਣ ਤੋਂ ਇਨਕਾਰੀ ਹਨ। ਜਿਸ ਤੇ ਉਹ ਆਪਣੇ ਪੁਰਖ ਗੁਰੂ (ਦੇਹਧਾਰੀ) ਦੇ ਪ੍ਰਚਾਰ ਵਿਚ ਉਕਤ ਦੋਹਰਿਆਂ ਦੇ ਪੜ੍ਹੇ ਜਾਣ ਨਾਲ ਰੁਕਾਵਟ ਪੈ ਗਈ ਮੰਨਦੇ ਹਨ।

ਇਸੇ ਕਾਰਨ ਕਰਕੇ ਹੀ ਨਾਮਧਾਰੀ ਦਰਬਾਰ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਦੀ ਸਾਖੀ ਨੂੰ ਇਕ ਘਟਨਾ ਦਸ ਕੇ (ਖਾਸ ਕਾਰਨ ਕਰਕੇ) ਉਥੋਂ ਗੁਰੂ ਸਾਹਿਬ ਦਾ ਚੁਪਕੇ ਨਿਕਲ ਜਾਣਾ ਦਸਿਆ ਕਿ ਪੂਰੀ ਤਿਆਰੀ ਨਾਲ ਉਹ ਸਮਾਂ ਪਾ ਕੇ ਦੁਸ਼ਮਣਾਂ ਉਤੇ ਵਾਰ ਕਰਨਗੇ। ਇਹ ਵੀ ਨਾਮਧਾਰੀਆਂ ਦੀ ਮਨੋਕਲਪਤ ਹੀ ਮਨੌਤ ਸੀ ਤੇ ਐਸੇ ਪ੍ਰਚਾਰ ਨਾਲ ਹੀ ਉਨ੍ਹਾਂ ਸਾਧਾਰਨ ਲੋਕਾਂ ਨੂੰ ਭਰਮਾਇਆ ਸੀ। ਪਰ ਅਜ ਤੀਕ ਨਾਮਧਾਰੀ ਲੇਖਕਾਂ ਨੇ ਜ਼ੁਬਾਨੀ ਜਾਂ ਲਿਖਤੀ ਕੋਈ ਸਬੂਤ ਨਹੀਂ ਦਿਤਾ ਹੈ ਕਿ ਗੁਰੂ ਜੀ ਨੇ ਉਸ ਖਾਸ ਕਾਰਜ ਦੇ ਕਰਨ ਨੂੰ ਕਿਹੜੀ ਥਾਂ ਬੈਠ ਕੇ ਤਿਆਰੀ ਕੀਤੀ ਅਤੇ ਕਿਹੜੀ ਥਾਂ ਦੁਸ਼ਮਣਾਂ ਪਰ ਹੱਲਾ ਕੀਤਾ ਨੇ, ਅਤੇ ਨਾ ਹੀ ਅਜ ਦਿਨ ਤੀਕ ਕਿਸੇ ਸਿਖ ਨੇ ਉਨ੍ਹਾਂ ਤੋਂ ਪੁਛਿਆ ਹੋਣਾ, ਜੋ ਕੀ ਦਸਦੇ ? ਜਵਾਬ ਕੋਈ ਨਹੀਂ ਹੈ।

ਇਸ ਗਲ ਦਾ ਉਤਰ ਉਹ ਨਾਮਧਾਰੀ ਲੇਖਕ ਵੀ ਨਹੀਂ ਦੇ ਸਕਦੇ। ਪਰ ਗੁਰੂ ਸਾਹਿਬ ਵਲੋਂ ੧੦੪ ਸਾਲ ਬਾਹਦ ੧੪੬ ਸਾਲ ਦੀ ਬਿਰਧ ਉਮਰ ਵੇਲੇ ਤੀਕ ਜਿੰਦਾ ਰਖ ਕੇ ਇਕ ਧਾਰਮਿਕ ਖਿਆਲ ਦੇ ਗੁਰਸਿਖ ਬਾਲਕ ਸਿੰਘ ਦੁਕਾਨਦਾਰ ਨੂੰ ਨਦੀ ਦੇ ਕਿਨਾਰੇ ਦਰਸ਼ਨ ਕਰਾਂਦੇ ਤੇ ਉਹ ਵੀ "ਅਜਾਪਾਲ ਸਿੰਘ ਡੇਰੇਦਾਰ" ਨਾਭਾ ਨਿਵਾਸੀ ਨੂੰ ਇਸ ਰੂਪ ਵਿਚ ਗੁਰੂ ਗੋਬਿੰਦ ਸਿੰਘ ਹੀ ਮੰਨ ਕੇ ਇਨ੍ਹਾਂ ਪਾਸੋਂ ੧੧ਵੇਂ ਥਾਂ ਦੀ ਗੁਰਗੱਦੀ ਦਿਲਾਕੇ ਸੰਭਾਲ ਰਖਣ ਦੀ ਤਾਕੀਦ ਕਰਾਂਦੇ। ਅਖਵਾਂਦੇ ਕਿ ਸਮਾਂ ਪਾ ਕੇ ਅਸੀਂ ਫੇਰ "ਰਾਮ ਸਿੰਘ ਰੂਪ" ਅਵਤਾਰ ਧਾਰ ਕੇ ਅਮਾਨਤ ਨੂੰ ਵਾਪਸ ਲੈਣਾ ਅਤੇ ੧੨ਵਾਂ ਸਤਿਗੁਰੂ ਹੋ ਕੇ ਪ੍ਰਗਟਾਣਾ ਹੈ ਸ਼ੁਰੂ ਤੋਂ ਹੀ ਨਾਮਧਾਰੀ ਦਰਬਾਰ ਵਲੋਂ ਇਸ ਨੂੰ ਸੌ ਫੀਸਦੀ ਬਚਾ ਮੰਨ ਕੇ ਲਿਖਤੀ ਅਤੇ ਜ਼ਬਾਨੀ ਵੀ ਬਹੁਤ ਚਿਰਾਂ ਤੋਂ ਪ੍ਰਚਾਰਿਆ ਜਾ ਰਿਹਾ ਸੀ। ਪਰ ਜਿਸ ਦਿਨ ਤੋਂ ਗੁਰੂ ਮਾਨਿਓ ਗ੍ਰੰਥ" ਦੋਹਿਰੇ ਦਾ ਵਧੇਰੇ ਪ੍ਰਚਾਰ ਸ਼ੁਰੂ ਹੋਇਆ ਹੈ, ਨਾਮਧਾਰੀ ਦਰਬਾਰ ਵਿਚ ਖਲਬਲੀ ਮੱਚ ਰਹੀ ਸੀ।

ਇਹ ਖਲਬਲੀ ਸਾਧਾਰਨ ਨਹੀਂ ਸੀ। ਜਿਸ ਨੇ ਇਨ੍ਹਾਂ ਨੂੰ ਚਿੰਤਾਤੁਰ ਕੀਤਾ ਤੇ ਇਸ ਨੂੰ ਮਿਟਾਉਣ ਵਾਸਤੇ ਜ਼ਰੂਰੀ ਸੀ ਕਿ ਉਹ ਨਾਮਧਾਰੀ ਮਨੌਰਥਾਂ ਨੂੰ ਕਾਇਮ ਰਖਣ ਵਾਸਤੇ ਗੁਰੂ ਗ੍ਰੰਥ ਜੀ ਦੀ ਗੁਰਤਾ ਦਾ ਖੰਡਨ ਤੇ ਦੇਹਧਾਰੀ ਗੁਰੂ ਦੇ ਮੰਡਨ ਵਿਚ ਮੁਕਾਬਲੇ ਦਾ ਲਿਖਤੀ ਅਤੇ ਜ਼ਬਾਨੀ ਪ੍ਰਚਾਰ ਵਧਾਉਣ ਨੂੰ ਖੁਦ ਵੀ ਅਤੇ ਦੂਜੇ ਪ੍ਰਸਿਧ ਲੇਖਕਾਂ ਪਾਸੋਂ ਵੀ ਪੁਸਤਕਾਂ ਲਿਖਵਾਣ।

ਅਸੀਂ ਆਪਣੀ ਇਸ ਪੁਸਤਕ ਵਿਚ ਸ਼ੁਰੂ ਤੋਂ ਅਖੀਰ ਤੀਕ ਮੋਹਰ ਸਿੰਘ ਚਾਵਲਾ ਦੀਆਂ ਪੁੱਛਾਂ ਅਤੇ ਹਜਤ ਭਰੀਆਂ ਦਲੀਲਾਂ ਦਾ ਉਤਰ ਦਿਤਾ ਹੈ, ਪਰ ਇਨ੍ਹਾਂ ਹੀ ਦਿਨਾਂ ਵਿਚ ਦੋ ਪੁਸਤਕਾਂ ਹੋਰ ਇਸੇ ਸੰਬੰਧ ਵਿਚ ਲਿਖੀਆਂ ਮੇਰੇ ਸਾਹਮਣੇ ਆਈਆਂ ਹਨ, ਮੈਨੇ ਪੜ੍ਹੀਆਂ ਤੇ ਉਨ੍ਹਾਂ ਵਿਚੋਂ ਦੀਆਂ ਕੁਝ ਲਿਖਤਾਂ ਦਾ ਉਤਰ ਵੀ ਇਥੇ ਹੀ ਦੇਣਾ ਯੋਗ ਸਮਝਦਾ ਹਾਂ। ਇਹ ਵੀ ਮੋਹਰ ਸਿੰਘ ਦੀ ਪੁਸਤਕ ਨਾਲ ਹੀ ਸੰਨ ੧੯੭੯ ਵਿਚ ਦਿਲੀ ਦੇ ਚਾਂਦਨੀ ਚੌਂਕ ਨਵਯੁਗ ਪ੍ਰੈਸ ਵਿਚ ਹੀ ਸ਼ਾਇਦ ਛਪੀਆਂ ਹਨ।

੧. ਇਕ ਹੈ "**ਗ੍ਰੰਥ ਗੁਰੂ ਵਿਚਾਰ**"—ਨਾਮ ਦੀ ਜੋ ਨਾਮਧਾਰੀ ਗੁਰੂ ਬਾਬਾ ਜਗਜੀਤ ਸਿੰਘ ਜੀ ਦੇ ਛੋਟੇ ਭ੍ਰਾਤਾ ਮਹਾਰਾਜ ਬੀਰ ਸਿੰਘ ਜੀ ਦੀ ਲਿਖਤ, ਅਤੇ ਅਮਰ ਭਾਰਤੀ ਨਾਮ ਦੇ ਸੁਚਜੇ ਲੇਖਕ ਦੀ ਲਿਖੀ ਭੂਮਿਕਾ ਸਹਿਤ ਹਰਮਿੰਦਰ ਸਿੰਘ ਹੰਸਪਾਲ (ਸਕੱਤਰ, ਨਾਮਧਾਰੀ ਦਰਬਾਰ) ਜੀ ਨੇ ਕੇ—੧੭ ਰਾਜੌਰੀ ਗਾਰਡਨ ਨਵੀਂ ਦਿੱਲੀ ਵਲੋਂ ਪ੍ਰਕਾਸ਼ਤ ਕੀਤੀ ਹੈ।

੨. ਦੂਜੀ ਅਮਰ ਭਾਰਤੀ ਜੀ ਵਲੋਂ ਹੀ "ਸਤਿਗੁਰ ਤਿਸਕਾ ਨਾਉ" ਬੜੇ ਅਕਾਰ ਵਿਚ ਹੈ ਅਤੇ ਬੜੇ ਵਿਸਥਾਰ ਨਾਲ ਦੇਹਧਾਰੀ ਗੁਰੂ ਦੀ ਹੋਂਦ ਨੂੰ ਸਿੱਧ ਕਰਨ ਵਾਸਤੇ ਲਿਖੀ ਹੈ।

ਜਿਥੋਂ ਤੀਕ ਮਹਾਰਾਜ ਬੀਰ ਸਿੰਘ ਦੀ ਲਿਖਤ (ਗ੍ਰੰਥ ਗੁਰੂ ਵਿਚਾਰ) ਨੂੰ ਪੜਿਆ ਤੇ ਅਨੁਭਵ ਕੀਤਾ ਹੈ ਉਹ ਵੀ ਬਹੁਤ ਵਿਦਵਾਨ ਅਤੇ ਗੁਰਬਾਣੀ ਤੋਂ ਵਖਰੇ ਸ੍ਰੀ ਦਸਮ ਗੁਰੂ ਗ੍ਰੰਥ ਦੇ ਚੰਗੇ ਗਿਆਨੀ ਅਤੇ ਖੋਜੀ ਭਾਸੇ ਹਨ। ਇਸ ਵਿਸ਼ੇ ਉਤੇ ਉਨ੍ਹਾਂ ਦੀ ਲਿਖਤ ਕਿ ਸ੍ਰੀ ਦਸਮ ਗ੍ਰੰਥ ਜੀ ਵਿਚ ਦੀ ਸਾਰੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਕ੍ਰਿਤ ਹੈ, ਇਸ ਨਾਲ ਮੈਂ ਪੂਰਾ ਸਹਿਮਤ ਹਾਂ ਅਤੇ ਇਹਨਾਂ ਦੋਹਾਂ ਮਹਾਨ ਗ੍ਰੰਥਾਂ ਦੀ ਉਚਤਾ ਸੰਬੰਧੀ ਇਹ ਵੀ ਪਿਛੇ ਦਸਿਆ ਹੈ ਕਿ ਆਦਿ ਗੁਰੂ ਗ੍ਰੰਥ ਸਾਹਿਬ ਧੁਰ ਕੀ ਆਈ ਬਾਣੀ ਤੇ ਭਗਤਾਂ ਰਾਹੀਂ ਪ੍ਰਗਟਾਈ ਬਾਣੀ ਦਾ ਸੰਗ੍ਰਹਿ ਹੈ, ਅਤੇ ਸ੍ਰੀ ਦਸਮ ਗ੍ਰੰਥ ਜੀ ਦੀ ਮੁਢਲੀ ਕੁਝ ਬਾਣੀ ਤੋਂ ਵਖਰੇ ਆਪਣੀ ਕ੍ਰਿਤ ਨੂੰ ਗੁਰੂ ਦਸਮੇਸ਼ ਜੀ ਨੇ ਖੁਦ ਵੀ ਕਾਵਿ ਮੰਨਿਆ ਹੈ, ਫਿਰ ਕਵੀਆਂ ਵਿਦਵਾਨਾਂ ਦੀ ਰੀਤ ਦਾ ਪਾਲਨ ਕਰਦੇ ਉਨ੍ਹਾਂ ਨੂੰ ਮਾਨਤਾ ਦਿਤੀ ਤੇ ਆਖਿਆ ਸੀ,—**ਚੂਕ ਹੋਇ ਕਵੀ ਲੇਹੁ ਸੁਧਾਰੈ**" ਇਸ ਵਾਸਤੇ ਇਸ ਗ੍ਰੰਥ ਸਾਹਿਬ ਨੂੰ ਆਦਿ ਗੁਰੂ ਗ੍ਰੰਥ ਜੀ ਸਮਾਨ ਗੁਰਤਾ ਪ੍ਰਾਪਤ ਨਹੀਂ ਪਰ ਸਮਾਨਤਾ ਵਿਚ ਬਰਾਬਰੀ ਦੇ ਪਲੰਘ ਪਰ ਪਾਠ ਵਿਆਖਿਆ ਕਰਨੀ ਕੋਈ ਦੋਸ਼ ਨਹੀਂ, ਸਗੋਂ ਬਹੁਤ ਜ਼ਰੂਰੀ ਹੈ ਕਿ ਉਸੇ ਗੁਰੂ ਕੇ ਹਿਰਦੇ ਵਿਚੋਂ ਦੀ ਉਪਜ ਨੂੰ ਵੀ ਸਮਝਣਾਂ ਤੇ ਵਿਚਾਰਨਾ ਬਹੁਤ ਜ਼ਰੂਰੀ ਹੈ। ਇਸ ਨੂੰ ਸਾਡੇ ਪੜਨ ਪੜ੍ਹਾਉਣ ਵਾਸਤੇ ਹੀ ਉਨ੍ਹਾਂ ਨੇ ਇਤਨਾ ਪ੍ਰੀਸ਼ਮ ਕੀਤਾ ਸੀ। ਤਾਕਿ ਉਨ੍ਹਾਂ ਦੇ ਨਾਮ

ਲੇਵਾ ਗੁਰੂ ਸਿਖਾਂ ਨੂੰ ਅਧਿਆਤਮ ਗਿਆਨ ਦੇ ਨਾਲ ਨਾਲ ਹੀ ਸੰਸਾਰਕ—ਵਿਵਹਾਰਕ ਤੇ ਗ੍ਰਹਸਥੀ ਜੀਵਨ ਵਿਚ ਵੀ ਨਿਪੁੰਨਤਾ ਬਣੀ ਰਹੇ। ਉਨ੍ਹਾਂ ਵਲੋਂ ੪੦੫ ਪਖਿਆਨੇ ਚਰਿਤ੍ਰ ਲਿਖਣ ਦਾ ਮਨੋਰਥ ਇਹੋ ਸੀ। ਜਿਸ ਤੋਂ ਮਹਾਰਾਜ ਬੀਰ ਸਿੰਘ ਜੀ ਦੀ ਉਕਤ ਲਿਖਤ—ਸ੍ਰੀ ਦਸਮ ਗ੍ਰੰਥ ਸੰਬੰਧੀ ਅਤੇ ਕਾਲੀ ਨੀਲੀ ਦਸਤਾਰ ਦੇ ਵਿਚਾਰਾਂ ਨਾਲ ਮੇਰੀ ਸੰਮਤੀ ਹੈ ਪਰ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਨੂੰ ਸ਼ੱਕੀ ਤੇ ਖੰਡਨ ਕਰਨ ਵਿਚ ਉਨ੍ਹਾਂ ਦੇ ਵਰਤੇ ਸ਼ਬਦ ਵੀ ਬਹੁਤ ਰੁਖੇ ਹਨ।

ਨਾਮਧਾਰੀ ਬਾਬਾ ਬੀਰ ਸਿੰਘ ਜੀ ਦੀ ਰਚਿਤ ਤੇ ਅਮਰ ਭਾਰਤੀ ਦੀ ਭੂਮਿਕਾ ਸਮੇਤ ਨਾਮਧਾਰੀ ਦਰਬਾਰ ਦੇ ਸਕੱਤਰ ਵਲੋਂ ਪ੍ਰਕਾਸ਼ਤ (ਗ੍ਰੰਥ ਗੁਰੂ ਵਿਚਾਰ) ਦੇ ਸਫਾ ਪ੯ ਪਰ ਐਸੀ ਲਿਖਤ ਹੈ—"ਅਜ ਕਲ ਸਤਿਗੁਰੂ ਸ਼ਬਦ, ਕਈ ਲੋਕ ਸ੍ਰੀ ਗ੍ਰੰਥ ਸਾਹਿਬ ਵਾਸਤੇ ਵਰਤਣੇ ਲਗ ਪਏ ਹਨ। ਜੋ ਭਾਰੀ ਭੁਲ ਹੈ। ਸਤਿਗੁਰੂ ਜਾਂ ਗੁਰੂ ਸ਼ਬਦ ਦੀ ਵਿਆਖਿਆ ਦੇਹਧਾਰੀ ਤੇ ਹੀ ਘਟਦੀ ਹੈ (ਇਸ ਸਫੇ ਦੇ ਹੇਠਲੀ ਲਿਖਤ ਫੇਰ ਐਸੀ ਹੈ)।

> ਦੇਹਧਾਰੀ ਤੋਂ ਬਿਨਾਂ ਕਿਸੇ ਬੇਜਾਨ ਵਸਤੂ ਨੂੰ ਸਤਿਗੁਰੂ ਕਲਪਣਾ ਅਗਿਆਨਤਾ ਹੈ ਅਤੇ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਅੰਕਿਤ ਸਾਰੇ ਸਤਿਗੁਰਾਂ ਦੀ ਬਾਣੀ ਦੀ ਉਲੰਘਣਾ ਹੈ।

ਪਿਛੇ ਐਸੇ ਕਈ ਪ੍ਰਸ਼ਨਾਂ ਦਾ ਉਤਰ ਅਸੀਂ ਗੁਰਬਾਣੀ ਅਤੇ ਦਲੀਲਾਂ ਨਾਲ ਦਿੰਦੇ ਆਏ ਹਾਂ ਕਿ ਜਦੋਂ ਤੀਕ ਸਾਰੇ ਸਤਿਗੁਰੂ ਸਰੀਰਾਂ ਵਿਚ ਵਰਤੇ ਸਨ ਤਦ ਉਹ ਆਪਣੀ ਬਾਣੀ ਰਾਹੀਂ ਜਾਂ ਪਹਿਲੇ ਸਤਿਗੁਰੂ ਜੀ ਦੀ ਬਾਣੀ ਦਾ ਆਸ਼ਾ ਵੀ ਸਮਝਾਂਦੇ ਰਹੇ ਸਨ ਤੇ ਹੁਣ ਸਰੀਰਧਾਰੀ ਵਿਦਵਾਨ ਕੋਈ ਵੀ ਉਸ ਕਾਰ ਨੂੰ ਕਰਦਾ ਗੁਰੂ ਕੀ ਕਾਰ ਤੇ ਗੁਰਮਤਿ ਪ੍ਰਚਾਰ ਸਮਝ ਰਿਹਾ ਹੈ। ਜ਼ਰੂਰੀ ਨਹੀਂ ਕਿ ਉਹ ਵਿਆਖਿਆ ਇਸ ਸਮੇਂ ਦੇ ਨਾਮਧਾਰੀ ਗੁਰੂ ਸਾਹਿਬਾਨਾਂ ਤੋਂ ਸੁਣੀ ਜਾਏ ਤਦੇ ਹੀ ਮੁਕਤੀ ਦਾ ਹੱਕਦਾਰ ਹੋਵੇਗਾ।

ਅਗਰ ਪਿਤਾ ਦੀ ਵਸੀਅਤ ਮੁਤਾਬਕ ਉਹਦਾ ਪੁਤਰ ਪਿਛੋਂ ਬੈਂਕ ਤੋਂ ਰੁਪੈ ਹਾਸਲ ਕਰ ਸਕਦਾ ਹੈ ਇਹ ਸੱਚ ਹੈ, ਤਦ ਗੁਰੂ ਹੁਕਮਾਂ ਅਨੁਸਾਰ (ਖੋਜ ਸ਼ਬਦ ਮਹਿ ਲੈ) ਖਾਹਸ਼ਮੰਦਾਂ ਨੂੰ ਸਭ ਕੁਝ ਮਿਲਦਾ ਹੈ। ਗੁਰੂ ਵਾਕ ਹੈ—

ਸ਼ਬਦ ਖੋਜ ਇਹ ਘਰ ਲਹੈ ਨਾਨਕ ਤਾਕਾ ਦਾਸ ॥ (੧੨੯੧)

ਫੇਰ ਹੋਰ—ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ ॥

ਗੁਰਬਾਣੀ ਕਹੈ ਸੇਵਕ ਜਨ ਮਾਨੈ ਪ੍ਰਤੱਖ ਗੁਰੂ ਨਿਸਤਾਰੇ ॥ (੯੨੮)

ਗੁਰੂ ਸ਼ਬਦ ਦੇ ਆਸ਼ੇ ਨੂੰ ਸੁਣ ਕੇ ਜਾਂ ਪੜ ਕੇ ਮੰਨਣ, ਕਮਾਵਨ ਵਾਲੇ ਨੂੰ ਸਭ ਕੁਝ ਪ੍ਰਾਪਤ ਹੋ ਸਕਦਾ ਹੈ। ਇਸ ਵਾਸਤੇ ਹੋਰ ਵਿਸਥਾਰ ਨਾਲ ਦਸਣ ਦੀ ਲੋੜ ਨਹੀਂ। ਬਹੁਤ ਕੁਝ ਲਿਖ ਦਿਤਾ ਹੈ।

੨. ਦੂਜੀ ਪੁਸਤਕ—(ਸਤਿਗੁਰੂ ਤਿਸਕਾ ਨਾਉ) ਅਮਰ ਭਾਰਤੀ ਜੀ ਨੇ ਲਿਖੀ ਹੈ ਉਸ ਵਿਚ ਵੀ ਉਹਨਾਂ ਨੇ ਦੇਹਧਾਰੀ ਗੁਰੂ ਨੂੰ ਸਿੱਧ ਕਰਨ ਵਾਸਤੇ ਗੁਰੂ ਬਾਣੀ ਦੇ ਉਦਾਹਰਣਾ ਨਾਲ ਪੂਰਾ ਜ਼ੋਰ ਹੀ ਨਹੀਂ ਲਾਇਆ, ਬਲਕਿ ਆਪਣੀ ਵਿਦਵਤਾ ਅਤੇ

ਕੌਲਮ ਦਾ ਕਮਾਲ ਪ੍ਰਗਟਾਇਆ ਹੈ। ਬਹੁਤ ਹਵਾਲੇ ਉਹੀ ਦਿਤੇ ਹਨ ਜੋ ਮੋਹਰ ਸਿੰਘ ਕਾਨਪੁਰੀਏ ਨੇ ਦਿਤੇ ਹਨ। ਪਰ ਭਾਰਤੀ ਜੀ ਦੀ ਲੇਖਣੀ ਦਾ ਆਪਣਾ ਹੀ ਢੰਗ ਹੈ। ਜਿਥੇ ਉਹ ਗ੍ਰੰਥ ਗੁਰੂ ਹੋਣ ਦੇ ਸਿਧਾਂਤ ਨੂੰ ਗੁਰੂ ਬਾਣੀ ਰਾਹੀਂ ਹੀ ਬੁਤ-ਪ੍ਰਸਤੀ ਅਤੇ ਮੂਰਤੀ ਪੂਜਾ ਦੀ ਤੁਲਣਾ ਦਿੰਦੇ ਹਨ ਉਥੇ ਉਹ ਅਰਥ ਵੀ ਨਿਆਰੇ ਹੀ ਕਰਦੇ : ਉਹਨਾਂ "ਬਾਣੀ ਗੁਰੂ-ਗੁਰੂ ਹੈ ਬਾਣੀ" ਦਾ ਅਰਥ ਇਉਂ ਕੀਤਾ ਜੋ ਸਫਾ ੪੫ ਉਤੇ ੯ਵੀਂ ਸਤਰ ਵਿਚ ਹੈ।

"ਬਾਣੀ ਗੁਰੂ" ਦਾ ਅਰਥ ਹੈ—"ਗੁਰੂ ਦੀ ਬਾਣੀ" ਅਤੇ "ਗੁਰੂ ਹੈ ਬਾਣੀ" ਦਾ ਅਰਥ ਹੈ—ਵਡੇਰੀ (ਬਾਣੀ) ਭਾਰੀ (ਬਾਣੀ) ਸ਼੍ਰੋਮਣੀ, ਹੋਰ ਸਭ ਬਾਣੀਆਂ ਨਾਲੋਂ ਉਚੇਰੀ ਤੇ ਸਰੇਸ਼ਟ।

ਇਥੇ ਪਾਠਕਾਂ ਪ੍ਰਤੀ ਇਹ ਦਸਣਾ ਹੈ ਕਿ ਜਿਹੜੇ ਵਿਸ਼ੇਸ਼ਣ ਬਾਣੀ ਬਾਬਤ ਭਾਰਤੀ ਜੀ ਨੇ ਦਸੇ ਹਨ ਉਹਨਾਂ ਤੋਂ ਇਨਕਾਰ ਨਹੀਂ, ਬਲਕਿ ਸਾਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਗੁਰੂ ਬਾਣੀ ਉਤੇ ਘਟਦੇ ਫਬਦੇ ਹਨ। ਇਹਨਾਂ ਉਕਤ ਸ਼ਬਦਾਂ ਦਾ ਸਪਸ਼ਟ ਤੇ ਸਿਧਾ ਅਰਥ ਇਹ ਹੈ ਕਿ ਬਾਣੀ ਹੀ ਗੁਰੂ ਹੈ ਅਤੇ ਗੁਰੂ ਹੀ ਬਾਣੀ ਰੂਪ ਰੂਪ ਹੈ। ਜੋ ਅਮੋਲਕ ਬਚਨ ਗੁਰੂ ਰਸਨਾ ਰਾਹੀਂ ਉਚਾਰਤ (ਬਾਣੀ ਰੂਪ) ਹਨ ਉਹ ਸਾਰੇ ਹੀ ਸਿਖਿਆ ਰੂਪੀ ਸਿਧਾਂਤ ਰੂਪ ਅੰਮ੍ਰਿਤ ਨਾਲ ਭਰਪੂਰ ਹਨ। ਗੁਰਮੁਖ ਤੋਂ ਐਸੀ ਉਚਾਰਤ ਬਾਣੀ ਜੋ ਕਹਿੰਦੀ ਹੈ ਸੇਵਕ ਜਨ (ਕੋਈ ਪੁਰਸ਼) ਮਨ ਲਵੇ ਤਾਂ ਪ੍ਰਤੱਖ ਹੀ (ਸਚ ਜਾਣੀਏ) ਉਸ ਪੁਰਖ ਤਾਈਂ ਗੁਰੂ ਆਤਮਾਂ ਹਰ ਥਾਂ ਸਹਾਇਕ ਅਤੇ ਪਰਲੋਕ ਵਿਚ ਹਾਮੀ ਭਰ ਕੇ ਨਿਸਤਾਰਾ ਕਰਾਇਗੀ।

ਅਗਰ ਐਸਾ ਨਾ ਮੰਨਿਆ ਜਾਏ ਅਤੇ ਹਠ ਕਰਕੇ ਗੁਰੂ ਹੈ ਬਾਣੀ ਦੇ ਅਰਥ ਵਡੇਰੀ ਬਾਣੀ ਤੇ ਸ਼ਰੋਮਣੀ ਬਾਣੀ ਹੀ ਸਮਝਿਆ ਜਾਏ, ਤਦ ਦੂਜੀ ਥਾਏਂ ਐਸੇ ਸ੍ਰੀ ਮੁਖਵਾਕ ਦਾ ਭਾਵ ਕੀ ਜਾਣੀਏ ?

"ਸਤਿਗੁਰ ਬਚਨ, ਬਚਨ ਹੈ ਸਤਿਗੁਰ ਪਾਧਰ ਮੁਕਤਿ ਜਨਾਵੈਗੋ ॥
(੧੩੧੦)

ਕੀ ਇਥੇ—"ਬਚਨ ਹੈ ਸਤਿਗੁਰ" ਦਾ ਅਰਥ ਵੀ ਕੋਈ ਹੋਰ ਤਰ੍ਹਾਂ ਦਾ ਕਰ ਸਕਾਂਗੇ ? ਨਹੀਂ ਸਪਸ਼ਟ ਹੈ ਕਿ ਸਤਿਗੁਰ ਬਚਨ (ਬਾਣੀ) ਹੀ ਸਤਿਗੁਰੂ ਹੈ ਜੋ ਮੁਕਤੀ ਦਾ ਰਸਤਾ ਦਰਸਾਂਦੀ ਤੇ ਦਰਸਾਏਗੀ।

ਅਗਰ ਅਮਰ ਭਾਰਤੀ ਦਾ ਇਹੋ ਵਿਸ਼ਵਾਸ ਹੈ ਕਿ "ਬਚਨ" ਵੀ ਕੋਈ ਦੇਹਧਾਰੀ ਸਤਿਗੁਰੂ ਹੀ ਕਰ ਸਕਦਾ, ਤੇ ਬਚਨਾਂ ਰਾਹੀਂ ਮੁਕਤੀ ਦਾ ਰਸਤਾ ਦਰਸਾਂਦਾ ਹੈ ਤਾਂ ਇਕ ਥਾਏਂ ਬੈਠਾ ਕੋਈ ਵੀ ਦੇਹਧਾਰੀ ਗੁਰੂ ਆਪਣੇ ਦੂਰ ਦਰਾਜ ਵਸਦੇ ਸੇਵਕਾਂ ਨੂੰ ਇਤਨਾਂ ਗੁਰੂ ਗਿਆਨ ਨਹੀਂ ਸਮਝਾ ਸਕਦਾ ਜਿਤਨਾ ਕਿ ਗੁਰੂ ਗ੍ਰੰਥ ਜੀ ਵਿਚ ਸਰੀਰਧਾਰੀ ਹੁੰਦਿਆਂ ਸਤਿਗੁਰਾਂ ਨੇ ਅੰਕਤਿ ਕੀਤਾ ਸੀ। ਇਸੇ ਵਾਸਤੇ ਐਸਾ ਪ੍ਰੀਸ਼ਰਮ ਕੀਤਾ ਸੀ ਕਿ ਸਰੀਰ ਅਨਿਸਥਰ ਹਨ ਤੇ ਸ਼ਬਦ ਗੁਰ ਗਿਆਨ ਸਦਾ ਅਟੱਲ ਤੇ ਅਗਵਾਈ ਕਰੇਗਾ।

ਗੁਰੂ ਅਮਰਦਾਸ ਜੀ ਵਲੋਂ ੨੨ ਮੰਜੀਆਂ ਤੇ ੭੨ ਪੀਹੜੀਆਂ (ਪ੍ਰਚਾਰਕਾਂ ਦੀਆਂ) ਵਖੋ ਵਖਰੇ ਸੂਬੇ ਤੇ ਇਲਾਕਿਆਂ ਵਿਚ ਸਥਾਪਤ ਕੀਤੀਆਂ ਸਨ ਕਿ ਗੁਰੂ ਸਰੀਰ ਕਰਕੇ ਹਰ ਇਕ ਪਾਸੇ ਪਹੁੰਚ ਨਹੀਂ ਸਕਦਾ ਸੀ, ਤੇ ਇਹਨਾਂ ਪ੍ਰਚਾਰਕਾਂ ਰਾਹੀਂ ਗੁਰੂ ਬਚਨ (ਗੁਰਬਾਣੀ) ਦਾ ਗਿਆਨ ਕਰਾਇਆ ਜਾਂਦਾ ਸੀ।

ਨਾਮਧਾਰੀ ਇਤਿਹਾਸ ਦਾ ਹਵਾਲਾ ਅਸੀਂ ਪਿਛੇ ਦਿਤਾ ਹੈ ਕਿ ਬਾਬਾ ਰਾਮ ਸਿੰਘ ਜੀ ਨੇ ਆਪਣੇ ਕਈ ਪ੍ਰਮੁਖ ਸੂਬਿਆਂ ਨੂੰ ਇਹ ਅਧਿਕਾਰ ਦਿਤੇ ਸਨ ਕਿ ਉਹ ਵਖ ਵਖ ਇਲਾਕਿਆਂ ਵਿਚ ਵਸਦੇ ਸਿਖਾਂ ਨੂੰ ਆਪਣੇ ਨਾਲ ਸਬੰਧਤ ਕਰਨ ਵਾਸਤੇ ਅੰਮ੍ਰਿਤ ਛਕਾਂਦੇ ਨਾਮ ਮੰਤਰ ਸੁਣਾ ਕੇ ਉਹਨਾਂ ਨੂੰ ਨਾਮਧਾਰੀ ਬਣਾਂਦੇ ਅਤੇ ਗੁਰੂ ਭਾਵਨਾ ਬਾਬਾ (ਸਤਿਗੁਰੂ) ਰਾਮ ਸਿੰਘ ਪਰ ਰਖਣੀ ਸਮਝਾਂਦੇ ਸਨ। ਤਿਵੇਂ ਹੀ ਗੁਰੂ ਗ੍ਰੰਥ ਸਾਹਿਬ ਨੂੰ ਸ਼ਬਦ ਗੁਰੂ (ਸਤਿਗੁਰੂ) ਮੰਨਣ ਵਾਲੇ ਸੰਤ ਮਹੰਤ ਗੁਰਸਿਖ ਪ੍ਰਚਾਰਕ ਵੀ ਗੁਰਬਾਣੀ ਰਾਹੀਂ ਗੁਰਮਤਿ ਦਾ ਪ੍ਰਚਾਰ ਕਰਦੇ, ਪਰ ਉਹ ਸਬਨਾਂ ਪ੍ਰਤੀ ਗੁਰਗਦੀ ਸਥਾਪਿਤ ਗੁਰੂ ਗ੍ਰੰਥ ਜੀ ਦੀ ਇਸ਼ਟ ਟੇਕ ਰਖਣੀ ਦਰਸਾਂਦੇ ਹਨ। ਫਰਕ ਇਤਨਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਾ ਅੰਕਿਤ ਗੁਰ ਸ਼ਬਦ ਦਾ ਹੀ ਗਿਆਨ ਸੁਣਾਂਦੇ ਹੋਇਆਂ— ਸਮੇਂ ਸਮੇਂ ਦੇ ਨਾਮਧਾਰੀ ਆਪੇ ਨੂੰ ਸਤਿਗੁਰੂ ਸਦਾਂਦੇ, ਅਤੇ ਗੁਰਸਿਖ (ਸੰਤ ਪ੍ਰਚਾਰਕ) ਸ਼ਬਦ ਵਿਆਖਿਆ ਨੂੰ ਸਤਿਗੁਰਾਂ ਵਲੋਂ ਗੁਰੂ ਗ੍ਰੰਥ ਜੀ ਵਿਚੋਂ ਦਰਸਾਂਦੇ ਹਨ।

ਅਮਰ ਭਾਰਤੀ ਜੀ ਆਪਣੀ ਪੁਸਤਕ ਦੇ ਸਫ਼ਾ ੧੬ ਪਰ ਗੁਰੂ ਗ੍ਰੰਥ ਪੂਜਾ ਨੂੰ ਪਥਰ ਪੂਜਾ ਦੇ ਤੁਲ ਜ਼ਾਹਿਰ ਕਰਦੇ-ਕਬੀਰ ਸਾਹਿਬ ਦੇ ਇਹਨਾਂ ਸ਼ਲੋਕਾਂ ਦਾ ਉਦਾਹਰਣ ਦਿੰਦੇ ਹਨ :

ਕਬੀਰ ਠਾਕੁਰ ਪੂਜਹਿ ਮੋਲਿ ਲੇ ਮਨਹਠਿ ਤੀਰਥ ਜਾਹਿ ॥
ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ ॥
ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ ॥
ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ ॥
ਕਬੀਰ ਕਾਗਦ ਕੀ ਓਬਰੀ ਮਸੁ ਕੇ ਕਰਮ ਕਪਾਟ ॥
ਪਾਹਨ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ ॥ (੧੭੩੧)

ਇਥੇ ਭਾਰਤੀ ਜੀ ਨੂੰ ਇਉਂ ਸਮਝਣਾ ਚਾਹੀਏ ਕਿ ਜਿਸ ਕਬੀਰ ਜੀ ਦੇ ਵਾਕਾਂ ਰਾਹੀਂ ਉਹ ਉਕਤ ਤਰ੍ਹਾਂ ਦੀ ਪੂਜਾ ਪਾਠ ਨੂੰ ਪਖੰਡ ਅਤੇ ਪਥਰ ਪੂਜਾ ਜਾਂ ਮੁਲ ਖਰੀਦੇ ਠਾਕਰ ਦੀ ਪੂਜਾ ਦਸਦੇ ਹਨ, ਉਹ ਕਬੀਰ ਖੁਦ ਵੀ "ਨਿਤ ਉਠ ਕੋਰੀ ਗਾਗਰ ਆਨੈ ਲੀਪਤ ਜੀਉ ਗਇਉ" ਪੂਜਾ ਤੋਂ ਸ਼ੁਰੂ ਹੋਏ ਅਤੇ ਧੰਨਾ ਜੱਟ ਤੇ ਨਾਮ ਦੇਵ ਜੀ ਨੇ ਵੀ ਆਪਣੀ ਪੂਰਨ ਪ੍ਰੀਤੀ ਉਪਜੇ ਕਾਰਨ ਪਥਰਾਂ ਵਿਚੋਂ ਹੀ ਪ੍ਰਮੇਸਰ ਦੇ ਦਰਸ਼ਨ ਕੀਤੇ। ਉਕਤ ਵਾਕ ਤਾਂ ਪਖੰਡ ਬਿਖੇਰਦੇ ਪੰਡਤਾਂ ਨੂੰ ਵੇਖਿਆ ਤੇ ਕਬੀਰ ਜੀ ਐਸਾ ਕਿਹਾ ਸੀ। ਤਾਂਤੇ ਗੁਰੂ ਗ੍ਰੰਥ ਸਾਹਿਬ (ਗੁਰੂ ਸ਼ਬਦ) ਸੰਗ੍ਰਹਿ ਉਤੇ ਇਹ ਵਾਕ ਘਟਾਇਆ ਨਹੀਂ ਜਾ ਹ ਸਕਦਾ ਕਿ ਇਹ ਕਾਗਜ਼ਾਂ ਦੀ ਪੰਡ ਹੈ ਅਤੇ ਇਸ ਦੇ ਪਾਠਕ (ਪੰਡਤ ਗ੍ਰੰਥੀ) ਰਾਹ ਜਾਂਦਿਆਂ ਨੂੰ ਲੁਟਦੇ ਹਨ।

ਇਹ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤਾਂ ਗੁਰੂ ਗੋਬਿੰਦ ਸਿੰਘ ਜੀ ਵਲੋਂ

ਗੁਰਗਦੀ ਸਥਾਪਤ ਪ੍ਰਤੱਖ ਗੁਰੂ ਹੈ, ਪਰ ਜੇਕਰ ਉਹ ਖ਼ੁਦ ਵੀ ਤੇ ਨਾਮਧਾਰੀ ਦਰਬਾਰ ਵਾਲੇ ਨਹੀਂ ਮੰਨਦੇ ਤਦ ਗੁਰੂ ਗ੍ਰੰਥ ਜੀ ਦੀ ਗੁਰਤਾ ਵਿਚ ਫਰਕ ਨਹੀਂ ਪਾਇਆ ਜਾ ਸਕਦਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਹੀ ਐਸੀ ਲਿਖਤ ਮੌਜੂਦ ਜੋ ਸ੍ਰੀ ਭਗਤ ਰਵਿਦਾਸ ਕਹਿੰਦੇ ਹਨ :

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਜੈਸੇ ਕਾਗਰਾ ਕਰਤ ਬੀਚਾਰੰ ॥
ਭਗਤਿ ਭਗਉਤ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ ॥
(੧੨੯੩)

ਇਸ ਮਹਾਂਵਾਕ ਦੀ ਰੋਸ਼ਨੀ ਵਿਚ ਫਿਰ ਗੁਰੂ ਗ੍ਰੰਥ ਜੀ ਦੀ ਪੂਜਾ ਕਿਵੇਂ ਪਥਰ ਪੂਜਾ ਬੁਤ-ਪ੍ਰਸਤੀ ਜਾਂ ਕਾਗਜ਼ ਕੀ ਉਬਰੀ ਸਮਝੀ ਜਾਏ। ਪਰ ਐਸਾ ਸਮਝਦੇ ਹੋਇਆਂ ਵੀ ਅਮਰ ਭਾਰਤੀ ਜੀ ਜਾਣਦੇ ਬੁਝਦੇ ਹੀ ਕਬੀਰ ਜੀ ਦੇ ਇਸ ਵਾਕ ਨੂੰ ਆਪਣੇ ਪਰ ਪ੍ਰਤੱਖ ਪਰਤਾ ਕੇ ਦਸਦੇ ਹਨ—

ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥
ਕਾਹੇ ਕੀ ਕੁਸਲਾਤ ਹਾਥ ਦੀਪੁ ਕੂਏ ਪਰੈ ॥ (੧੩੭੬)

ਅਮਰ ਭਾਰਤੀ ਜੀ ਨੇ ਨਾਮਧਾਰੀ ਦਰਬਾਰ ਨੂੰ ਖ਼ੁਸ਼ ਕਰਕੇ ਸਨਮਾਨਤ ਹੋਣ ਵਾਸਤੇ ਦੇਹਧਾਰੀ ਗੁਰੂ ਦੀ ਜ਼ਰੂਰੀ ਲੋੜ ਸਾਬਤ ਕਰਨ ਨੂੰ ਇਕ ਹੋਰ ਨਿਆਰਾ ਢੰਗ ਵੀ ਵਰਤਿਆ—ਭਾਰਤੀ ਜੀ ਨੇ ਸਿਖ ਰਾਜ ਵੇਲੇ ਦਾ ਗੁਣ ਤਾਂ ਕੋਈ ਨਹੀਂ ਦਸਿਆ ਕਿ ਮੁਗਲਾਂ ਤੇ ਪਠਾਣਾਂ ਵਲੋਂ ਭਾਰਤੀ ਹਿੰਦੂਆਂ ਨੂੰ ਉਹਨਾਂ ਦੇ ਜ਼ੁਲਮਾਂ ਤੋਂ ਛੁਟਕਾਰਾ ਮਿਲਿਆ ਤੇ ਟੱਕੇ ਟੱਕੇ ਗਜ਼ਨੀ ਵਿਚ ਹਿੰਦੁਆਣੀਆਂ ਲਿਜਾ ਕੇ ਵੇਚਨ ਦਾ ਫਿਰ ਕਿਸੇ ਨੂੰ ਹੌਂਸਲਾ ਨਾ ਪਿਆ ਸੀ ਇਹ ਗੁਣ ਨਹੀਂ ਦਸਿਆ, ਪਰ ਮਹਾਰਾਜਾ ਰਣਜੀਤ ਸਿੰਘ ਵਲੋਂ ਮੁਲਕਗੀਰੀ ਵੇਲੇ ਦੇ ਜ਼ੁਲਮ, ਬਾਬਾ ਬਘੇਲ ਸਿੰਘ ਵੇਲੇ ਦਿਲੀ ਸ਼ਹਿਰ ਦੀ ਤਬਾਹੀ, ਮਾਸੂਮ ਤੇ ਬੇਗੁਨਾਹਾਂ ਦਾ ਕਤਲੇਆਮ ਆਦਿਕ ਅਤੇ ਹੋਰ ਵੀ ਕਈ ਆਚਰਣਹੀਨ ਰਾਜਸੀ ਲੁਟੇਰਿਆਂ (ਸਿਖੀ ਸ਼ਕਲ ਦੇ) ਲੋਕਾਂ ਅਤੇ ਆਪ-ਹੁਦਰੇ ਬਣੇ ਜ਼ੁਲਮੀ ਫ਼ੌਜੀ ਅਫਸਰਾਂ ਦੇ ਕਾਰਨਾਮਿਆਂ ਦਾ ਨਕਸ਼ਾ ਖਿਚ ਦਸਿਆ ਹੈ।

ਅਮਰ ਭਾਰਤੀ ਨੇ ਇਸੇ ਲਿਖਤ ਦੀ ਪ੍ਰੋੜ੍ਹਤਾ ਵਿਚ ਦਾਸ (ਲੇਖਕ) ਦੀ ਲਿਖੀ ਇਕ ਪੁਸਤਕ (ਪੰਜਾਬ ਦੇ ਰਤਨ) ਵਿਚੋਂ ਵੀ ਹਵਾਲਾ ਆਪਣੀ ਪੁਸਤਕ ਦੇ ਸਫ਼ਾ ੧੯੮ ਪਰ ਐਸ਼ਾ ਲਿਖਿਆ :

**ਬੀਰ ਸਿੰਘ ਜਹੇ ਅਸਾਂ ਮਾਰ ਦਿਤੇ**
**ਨਹੀਂ ਛਡਨਾ ਸਾਧ ਤੇ ਸੰਤ ਕੋਈ ॥**

ਸਰਦਾਰ ਈਸ਼ਰ ਸਿੰਘ ਜੀ ਨਾਰਾ—ਪੰਜਾਬ ਦਾ ਰਤਨ ਨਾਮੀ ਪੁਸਤਕ ਵਿਚ ਲਿਖਦੇ ਹਨ—

"ਸੰਤ ਬੀਰ ਸਿੰਘ ਜੀ ਨੂੰ ਪਾਪੀਆਂ ਨੇ ਮਾਰਨਾ ਚਾਹਿਆ ਸੀ ਤਾਂ ਸਿਖਾਂ ਨੇ ਮੁਕਾਬਲਾ ਕਰਨ ਦੀ ਮੰਗ ਕੀਤੀ ਸੀ, ਪਰ ਸੰਤ ਸਰੂਪ ਬੀਰ ਸਿੰਘ ਜੀ ਨੇ ਫੁਰਮਾਇਆ ਤੁਸੀਂ ਕੀ ਇਹਨਾਂ ਨੂੰ ਮਾਰਨਾ ਹੈ—ਇਹਨਾਂ ਉਤੇ ਤਾਂ ਕਰਤਾਰ

ਆਪੇ ਹੀ ਅੱਠ ਬਲਦਾਂ ਦਾ ਸੁਹਾਗਾ ਫੇਰੇਗਾ। ਜਿਸ ਰਾਜ ਵਿਚ ਐਸਾ ਅੰਧੇਰ ਹੋਵੇ ਉਹ ਨਹੀਂ ਰਹਿ ਸਕਦਾ। ਫਿਰ ਲੰਗਰ ਤਿਆਰ ਕਰਵਾਇਆ ਕਿ ਸਾਡੇ ਮੁਕਾਉਣ ਨੂੰ ਆਏ ਪ੍ਰਾਹੁਣੇ ਇਸ ਗੁਰੂ ਕੇ ਲੰਗਰ ਵਿਚੋਂ ਭੁਖੇ ਨਹੀਂ ਜਾਣੇ ਚਾਹੀਦੇ। ਬਾਅਦ ਵਿਚ ਐਸਾ ਹੀ ਹੋਇਆ ਕਿ ਸਿਖ ਫੌਜ ਨੇ ਇਹਨਾਂ ਨੂੰ ਤੋਪ ਨਾਲ ਉਡਾਇਆ ਤੇ ਲੰਗਰ ਵੀ ਛਕਿਆ ਸੀ।"

ਸਰਦਾਰ ਈਸ਼ਰ ਸਿੰਘ ਨਾਰਾ ਦੇ ਸ਼ਬਦਾਂ ਅਨੁਸਾਰ ਪਿਛੋਂ ਇਸ ਫੌਜ ਦਾ ਨਾਮ ਹੀ ਗੁਰੂ ਮਾਰੀ ਫੌਜ ਮਸ਼ਹੂਰ ਹੋਇਆ ਸੀ। ਗੁਰੂ ਫੁਰਮਾਨ ਹੈ--

ਸੰਤ ਕਾ ਨਿੰਦਕੁ ਮਹਾਂ ਹਤਿਆਰਾ ॥
ਸੰਤ ਕਾ ਨਿੰਦਕੁ ਪਰਮੇਸਰਿ ਮਾਰਾ ॥ ਵਾਕ ਸੱਚਾ ਹੋਇਆ ਸੀ—

(ਨੋਟ :—ਇਹ ਕਾਰਾ ਰਾਜਾ ਹੀਰਾ ਸਿੰਘ ਡੋਗਰੇ ਦੇ ਭਰਮਾਏ ਸਿੰਘ ਨੇ ਕੀਤਾ ਸੀ।)

ਭਾਰਤੀ ਜੀ ਵਲੋਂ ਇਥੇ ਦੇਹਧਾਰੀ ਗੁਰੂ ਦੀ ਸਿੱਧਤਾ ਵਾਸਤੇ—ਹੋ ਬੀਤੇ ਐਸੇ ਕਾਰਨਾਮੇ ਫੋਲਣ ਦੀ ਲੋੜ ਨਹੀਂ ਸੀ। ਜੋ ਹਰ ਮਜ਼ਹਬ ਤੇ ਫਿਰਕੇ ਦੇ ਲਾਲਚੀ ਤੇ ਰਾਜਸੀ ਹਿਰਸ ਵਾਲਿਆਂ ਤੋਂ ਹੁੰਦੇ ਰਹੇ ਹਨ। ਸੈਂਕੜੇ ਮਿਸਾਲਾਂ ਹਿੰਦੂ ਅਤੇ ਜ਼ੁਲਮੀ ਮੁਸਲਮਾਨ ਬਾਦਸ਼ਾਹਾਂ ਦੀਆਂ ਹਨ। ਪਰ ਭਾਰਤੀ ਜੀ ਨੇ ਸਿਰਫ ਸਿਖ ਰਾਜ ਵੇਲੇ ਦੇ ਕਾਰਨਾਮਿਆਂ ਨੂੰ ਇਸ ਵਾਸਤੇ ਇਥੇ ਦਰਸਾਇਆ ਕਿ ਅਗਰ ਇਹਨਾਂ ਦਾ ਕੋਈ ਇਕ ਦੇਹਧਾਰੀ ਗੁਰੂ ਹੁੰਦਾ ਤਾਂ ਉਹ ਜ਼ਰੂਰ ਸਿਖਾਂ ਨੂੰ ਐਸਾ ਕਰਨ ਤੋਂ ਰੋਕਦਾ।

ਉਮੀਦ ਹੈ ਸਿਆਣੇ ਪਾਠਕਾਂ ਨੇ ਸਮਝ ਲਿਆ ਹੋਣਾ ਕਿ ਅਮਰ ਭਾਰਤੀ ਜੀ ਨੇ ਆਪਣੇ ਪੱਖ ਦੀ ਸਿੱਧੀ ਵਾਸਤੇ ਯੋਗ ਅਯੋਗ ਜੋ ਵੀ ਦਲੀਲ ਬਣੀ ਲਿਖੀ ਹੈ। ਪਰ ਉਹਨਾਂ ਨੂੰ ਸ਼ਾਇਦ ਇਹ ਪਤਾ ਨਹੀਂ ਕਿ ਬਾਬਾ ਰਾਮ ਸਿੰਘ ਜੀ ਨੂੰ ਨਾਮਧਾਰੀ ਦਰਬਾਰ ੧੨ਵਾਂ ਸਤਿਗੁਰੂ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਮੰਨਦਾ ਹੈ। ਪਰ ਇਤਨੇ ਵਡੇ ਇਸ ਸਤਿਗੁਰੂ ਨੇ ਆਪਣੇ ਸਿਖਾਂ (ਮਸਤਾਨੇ ਜਥੇ ਦਿਆਂ) ਨੂੰ ਬਹੁਤ ਰੋਕਿਆ ਕਿ ਜੋ ਕਰਨਾ ਚਾਹੁੰਦੇ ਹਨ--ਨਾ ਕਰਨ। ਪਰ ਉਹਨਾਂ ਆਪ ਹੁਦਰਿਆਂ ਨੇ ਆਪਣੇ ਇਕੋ ਪ੍ਰਤੱਖ ਗੁਰੂ ਦੀ ਇਕ ਨਾ ਮੰਨੀ ਤੇ ਨਤੀਜੇ ਵਜੋਂ ਅਠ--ਦਸ ਬੁੱਚੜ ਮਾਰੇ ਸਨ ਤੇ ੭੦ ਦੇ ਕਰੀਬ ਖੁਦ ਤੋਪਾਂ ਅਗੇ ਉਡਾਏ ਗਏ। ਨਾਲੇ ਆਪਣੇ ਗੁਰੂ ਵਾਸਤੇ ਮੁਸੀਬਤ ਖੜੀ ਕਰ ਦਿਤੀ ਤੇ ਉਹ ਜਲਾਵਤਨ ਕੀਤੇ ਗਏ ਸਨ। ਇਸ ਵਾਸਤੇ ਸਿਰਫ ਸਿਖੀ ਸ਼ਕਲ ਵਾਲਿਆਂ ਉਤੇ ਨਹੀਂ ਬਲਕਿ ਹਰ ਪਾਸੇ ਆਪ-ਹੁਦਰੇ ਮੌਜੂਦ ਹੁੰਦੇ ਸਨ ਜੋ ਮਨ-ਮਰਜ਼ੀ ਦੀ ਕਰਦੇ ਤੇ ਵੇਲੇ ਸਿਰ ਗੁਰੂ ਪੀਰਾਂ ਦੀ ਪ੍ਰਵਾਹ ਨਹੀਂ ਕਰਦੇ ਹਨ।

ਅਸੀਂ ਆਪਣੀ ਇਸ ਪੁਸਤਕ ਦੇ ਸ਼ੁਰੂ ਵਿਚ ਹੀ ਦਸਿਆ ਹੈ ਕਿ ਸਾਨੂੰ ਕਿਸੇ ਵੀ ਦੇਹਧਾਰੀ ਗੁਰੂ ਦੀ ਹੋਂਦ ਉਤੇ ਕੋਈ ਇਤਰਾਜ਼ ਨਹੀਂ। ਵਖ ਵਖ ਸੰਪਰਦਾਵਾਂ ਤੇ ਫਿਰਕਿਆਂ ਦੇ ਆਪਣੇ ਆਪਣੇ ਗੁਰੂ ਹਨ, ਪਰ ਸਾਡਾ ਮੁਕੱਦਮਾ ਤਾਂ ਇਹ ਹੈ ਕਿ ਸਿਖ ਪੰਥ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਉਹਨਾਂ ਵਲੋਂ ਸਥਾਪਿਤ (ਗੁਰਗਦੀ ਦਾ ਵਾਰਸ) ਗੁਰੂ ਗ੍ਰੰਥ ਸਾਹਿਬ ਹੈ ਹੋਰ ਕੋਈ ਨਹੀਂ; ਪਰ ਨਾਮਧਾਰੀ ਦਰਬਾਰ ਨੇ ਇਸ ਵਰਾਸਤ (ਗੁਰਗਦੀ) ਨੂੰ ਆਪਣੀ ਮੰਨ ਲਿਆ ਤੇ ਪ੍ਰਚਾਰਦੇ ਪਏ ਹਨ। ਜਵਾਬ ਵਿਚ ਅਸੀਂ ਇਹ ਪੁਸਤਕ ਲਿਖੀ ਕਿ ਪਹਿਲੋ ਪੁਰਖ ਗੁਰੂ ਨਹੀਂ ਸ਼ਬਦ ਗੁਰੂ ਹੈ।

ਨਾਮਧਾਰੀ ਦਰਬਾਰ ਨੇ ਆਪਣੀ ਇਸ ਵਰਾਸਤ ਨੂੰ ਜੱਦੀ ਵਿਰਾਸਤ ਬਨਾਣ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਦੇੜ ਵਿਚ ਚਲਾਣੇ ਦੀ ਸਾਖੀ ਨੂੰ ਇਕ ਘਟਨਾ ਅਥਵਾ ਕੌਤਕ ਰਚਾਇਆ ਦਸ ਕੇ ਸਾਬਤ ਕਰਨਾ ਚਾਹਿਆ ਕਿ ਗੁਰੂ ਗੋਬਿੰਦ ਸਿੰਘ ਨਾਂਦੇੜ ਤੋਂ ਜਿੰਦਾ ਨਿਕਲੇ ਸਨ, ਤੇ ੧੦੪ ਸਾਲ ਤੀਕ ਉਹਲੇ ਰਹੇ ਮਗਰੋਂ ਪ੍ਰਗਟ ਹੋਕੇ ਬਾਬਾ ਬਾਲਕ ਸਿੰਘ ਨੂੰ ੧੧ਵਾਂ ਗੁਰੂ ਸਥਾਪਿਤ ਕੀਤਾ ਅਤੇ ੧੨ਵੀਂ ਥਾਂ ਬਾਬਾ ਰਾਮ ਸਿੰਘ ਰੂਪ ਵਿਚ ਪ੍ਰਗਟ ਹੋਕੇ ਇਸ ਅਮਾਨਤ ਨੂੰ ਵਾਪਸ ਲੈਣਾ ਦਰਸਾਇਆ ਹੈ। ਇਹ ਕਿਥੋਂ ਤੀਕ ਸੱਚ ਹੈ, ਤੇ ਇਸੇ ਨਿਰਨੇ ਵਾਸਤੇ ਪੂਰਖ ਗੁਰੂ ਦੇ ਜਵਾਬ ਵਿਚ ਪੰਥਕ ਮੁਕਦਮਾਂ ਨਾਮ ਦੀ ਇਸ ਪੁਸਤਕ ਨੂੰ ਲਿਖਿਆ, ਤੇ ਫੈਸਲਾ ਸਚਿਆਰ ਪਾਠਕਾਂ ਪਾਸੋਂ ਲੈਣਾ ਚਾਹਿਆ ਹੈ।

ਅਸੀਂ ਅਮਰ ਭਾਰਤੀ ਜੀ ਦੀ ਕਲਮ ਦੇ ਕਮਾਲ ਦਾ ਜ਼ਿਕਰ ਕੀਤਾ ਹੈ ਤੇ ਉਹਨਾਂ ਦੀ ਸਿਆਣਪ ਦੇ ਸਬੂਤ ਵਜੋਂ ਇਕ ਨਮੂਨਾ ਪੇਸ਼ ਕਰਨਾ ਹੈ। ਉਹ—ਇਹ ਹੈ ਕਿ ਦੇਹਧਾਰੀ ਗੁਰੂ ਦੇ ਮੰਡਨ ਅਤੇ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਦੇ ਖੰਡਨ ਵਿਚ ਉਹਨਾਂ ਨੇ ਮੇਹਰ ਸਿੰਘ ਚਾਵਲਾ ਜੀ ਨਾਲੋਂ ਕੁਝ ਵਧੇਰੇ ਕੋਸ਼ਿਸ਼ ਕੀਤੀ ਹੈ, ਪਰ ਇਸ ਪੱਖ ਤੇ ਉਹਨਾਂ ਨੇ ਲਿਖਣ ਦੀ ਖੇਚਲ ਹੀ ਨਹੀਂ ਕੀਤੀ ਕਿ ਗੁਰੂ ਜੀ ਨੇ ੧੪੬ ਸਾਲ ਦੀ ਉਮਰ ਤੀਕ ਜਿੰਦਾ ਰਹਿ ਕੇ ਬਾਬਾ ਬਾਲਕ ਸਿੰਘ ਨੂੰ ਗਿਆਰਵਾਂ ਸਤਿਗੁਰੂ ਸਥਾਪਤ ਕੀਤਾ ਸੀ ਤੇ ਬਾਹਰਵੀਂ ਥਾਏਂ ਬਾਬਾ ਰਾਮ ਸਿੰਘ ਰੂਪ ਹੋ ਪ੍ਰਗਟਾਏ ਹਨ।

ਇਹੋ ਵਿਸ਼ਾ ਚਰਚਾ ਵਾਲਾ ਸੀ—ਸਿਆਣੇ ਲੇਖਕ ਨੇ ਉਕਤ ਲਿਖਤ ਨੂੰ ਨਹੀਂ ਲਿਖਿਆ ਤੇ ਸੁਰਖ਼ਰੂ ਹੋ ਕੇ ਬਚ ਨਿਕਲੇ। ਇਸ ਵਾਸਤੇ ਕਿ ਭਾਰਤੀ ਜੀ ਨੂੰ ਖ਼ੁਦ ਵੀ ਯਕੀਨ ਨਹੀਂ ਬੱਝ ਸਕਿਆ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਜੈਸਾ ਸੂਰਬੀਰ, ਇਕ ਪਖੰਡ ਰਚਾ ਕੇ ਨਿਕਲਿਆ ਤੇ ੧੪੬ ਸਾਲ ਦੀ ਉਮਰ ਤੀਕ ਨਾਭੇ ਵਿਚ ਅਜਾਪਾਲ ਸਿੰਘ ਰੂਪ ਵਿਚ ਲੁਕਿਆ ਬੈਠਾ ਰਿਹਾ ਸੀ। ਭਾਰਤੀ ਜੀ ਨੇ ਇਸ ਮਨੌਤ ਨੂੰ ਠੀਕ ਕਲਪਤ ਹੀ ਸਮਝਿਆ ਤੇ ਇਸ ਆਪਣੀ ਪੁਸਤਕ ਵਿਚ ਨਹੀਂ ਲਿਖਿਆ।

ਹੁਣ ਪਾਠਕਾ ਨੇ ਵਿਚਾਰਨਾਂ ਹੈ ਕਿ ਅਗਰ ਇਹ ਗੁਰੂ ਗੋਬਿੰਦ ਸਿੰਘ ਹੁੰਦੇ ਤਾਂ ਸਿਰਫ ਵੱਖੀ ਦੇ ਨਿਸ਼ਾਨ ਤੋਂ ਵਖਰੇ ਨਾਭੇ ਕਿਲੇ ਵਿਚ ਆਪਣੀ ਬਖਸ਼ੀਸ਼ ਦੀਆਂ ਹੋਰ ਨਿਸ਼ਾਨੀਆਂ ਵੀ ਦਸਦੇ। ਜਿਥੇ ਸੰਭਾਲੀ ਪਈ—ਆਪ ਦੀ ਇਕ ਦਸਤਾਰ ਦੇ ਨਾਲ ੩½ ਇੰਚ ਲੰਮੀ ਕਰਦ (ਕਿਰਪਾਨ) ਵੀ ਹੈਗੀ।

ਦੂਜੀ ਇਕ ਸ੍ਰੀ ਸਾਹਿਬ (ਤਲਵਾਰ) ਹੈ ਜਿਸ ਦੇ ਇਕ ਪਾਸੇ—"ਸ੍ਰੀ ਭਗਉਤੀ ਜੀ ਸਹਾਇ-ਗੁਰੂ ਗੋਬਿੰਦ ਸਿੰਘ ਪਾਤਸ਼ਾਹੀ ੧੦" ਲਿਖਿਆ ਹੈ। ਇਹ ਸ੍ਰੀ ਸਾਹਿਬ ਦਮਦਮੇ ਸਾਹਿਬ ਅਸਥਾਨ ਪਰ ਨਾਭਾਪਤੀ ਤ੍ਰਿਲੋਕ ਸਿੰਘ ਨੂੰ ਅੰਮ੍ਰਿਤ ਛਕਾਏ ਵੇਲੇ ਗੁਰੂ ਜੀ ਨੇ ਬਖਸ਼ਿਸ਼ ਕੀਤੀ ਸੀ।

ਤੀਜੀ ਇਕ ਹੋਰ ਸ੍ਰੀ ਸਾਹਿਬ ਮਹਾਰਾਜਾ ਹੀਰਾ ਸਿੰਘ ਨੇ (ਨਾਭਾਪਤੀ ਬਣੇ ਵੇਲੇ) ਬੱਡ ਰੁਖਿਆਂ ਪਿੰਡ ਤੋਂ ਖ਼ੁਦ ਬੜੇ ਸਤਿਕਾਰ ਨਾਲ ਲਿਆਂਦੀ ਤੇ ਕਿਲੇ ਵਿਚ ਸੰਭਾਲ ਰਖੀ ਪਈ ਸੀ। ਇਸ ਦੇ ਕਬਜ਼ੇ ਪਰ ਵੀ ਐਸਾ ਲਿਖਿਆ ਹੈ—"ਗੁਰੂ ਗੋਬਿੰਦ ਸਿੰਘ ਜੀ ਕੇ ਕਮਰਕਸੇ ਕੀ ਤਲਵਾਰ ਹੈਗੀ। ਬੰਧ ਦੇਗ ਤੇ ਯਾ ਤੇਗ ਤੇ।"

## ਥੋੜੀ ਇਤਿਹਾਸਕ ਜਾਣਕਾਰੀ

ਇਥੇ ਪਾਠਕਾਂ ਪ੍ਰਤੀ ਇਤਿਹਾਸਕ ਜਾਣਕਾਰੀ ਕਰਾਉਣੀ ਵੀ ਜ਼ਰੂਰੀ ਹੈ—ਕਿ ਫੂਲਕਿਆਂ ਦੇ ਵਡਿਆਂ ਉਤੇ ਗੁਰੂ ਹਰਿ ਰਾਏ ਸਾਹਿਬ ਦੀ ਬਖਸ਼ਿਸ਼ ਅਤੇ ਰਾਜ ਕਮਾਵਣ ਦਾ ਵਰਦਾਨ ਸੀ। ਜਿਸ ਤੇ ਗੁਰੂ ਘਰ ਨਾਲ ਇਹਨਾਂ ਦਾ ਬੇਹੱਦ ਪ੍ਰੇਮ ਸੀ। ਸਮਾਂ ਪਾਕੇ ਗੁਰੂ ਵਾਕ ਸਫਲ ਹੋਏ ਸੀ ਤੇ ਫੂਲ ਦੇ ਬੇਟੇ ਤ੍ਰਲੋਕਾ ਜੀ ਤੇ ਇਹਨਾਂ ਦੇ ਬੇਟੇ ਗੁਰਦਿਤਾ ਜੀ ਨੇ ਆਪਣੇ ਬਾਹੂ-ਬਲ ਨਾਲ ਬਹੁਤ ਸਾਰਾ ਇਲਾਕਾ ਕਬਜ਼ੇ ਵਿਚ ਕਰਕੇ ਰਾਜਧਾਨੀ ਨਾਭਾ ਥਾਪੀ ਸੀ। ਫਿਰ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਛਡੇ ਮਗਰੋਂ ਸੰਮਤ ੧੭੬੩ ਵਿਚ ਜਦੋਂ ਦਮਦਮੇਂ ਸਾਹਿਬ ਅਸਥਾਨ ਪੁਰ ਆਏ ਟਿਕੇ ਸਨ, ਤਾਂ ਪਤਾ ਹੋਇ ਪਰ ਤ੍ਰਲੋਕਾ ਜੀ ਨੇ ਬੜੀ ਸਰਧਾ ਨਾਲ ਜਾਕੇ ਦਰਸ਼ਨ ਕੀਤੇ ਮੱਥਾ ਟੇਕਿਆ ਤੇ ਆਪਣੇ ਵਡਿਆਂ ਪਰ ਗੁਰੂ ਹਰੀ ਰਾਏ ਜੀ ਦੀ ਬਖਸ਼ਸ਼ (ਵਰਦਾਨ) ਦਾ ਜ਼ਿਕਰ ਸੁਣਾਇਆ, ਤੇ ਅੰਮ੍ਰਿਤ ਛਕਣ ਦੀ ਖਾਹਸ਼ ਪ੍ਰਗਟਾਈ ਸੀ। ਗੁਰੂ ਜੀ ਨੇ ਬੜੀ ਪ੍ਰਸੰਨਤਾ ਨਾਲ ਅੰਮ੍ਰਿਤ ਛਕਾਇਆ ਤੇ ਤ੍ਰਲੋਕਾ ਜੀ ਨੂੰ ਤ੍ਰਲੋਕ ਸਿੰਘ ਨਾਮ ਫੁਰਮਾਏ ਨਾਲ ਨਿਜੀ ਦਸਤਾਰ ਅਤੇ ਸ੍ਰੀ ਸਾਹਿਬ ਦੀ ਬਖਸ਼ਿਸ਼ ਕੀਤੀ ਸੀ। ਉਹੀ ਬਖਸ਼ੀਸ਼ਾਂ ਨਾਭੇ ਕਿਲੇ ਵਿਚ ਸੰਭਾਲੀਆਂ ਪਈਆਂ ਸਨ।

ਹੋਰ ਸੋਚੀਏ ! ਕਿ ਉਕਤ ਤਵਾਰੀਖੀ ਜ਼ਿਕਰ ਹੈ—ਗੁਰੂ ਜੀ ਨੇ ਸੰਮਤ ੧੭੬੩ ਵਿਚ ਦਮਦਮੇ ਅਸਥਾਨ ਪੁਰ ਤ੍ਰਲੋਕ ਸਿੰਘ ਨੂੰ ਅੰਮ੍ਰਿਤ ਛਕਾਇਆ ਸੀ। ਤੇ ਹੋਰ ਦੋ ਸਾਲ ਬਾਅਦ ਨਾਮਧਾਰੀ ਮਨੌਤਾਂ ਅਨੁਸਾਰ ਜੇਕਰ ਗੁਰੂ ਜੀ ੧੭੬੫ ਵਿਚ ਨਾਂਦੇੜ ਤੋਂ ਚੁਪਕੇ ਨਿਕਲੇ ਸੀ ਤਦ ਨਾਭੇ ਆ ਕੇ ਉਹਨਾਂ ਨੇ ਜ਼ਮੀਨ ਖਰੀਦ ਕੇ ਡੇਰਾ ਨਹੀਂ ਬਣਾਇਆ ਸੀ ਬਲਕਿ ਨਾਭੇ ਸ਼ਹਿਰ ਤੋਂ ਬਾਹਰ ਕਿਸੇ ਪਹਿਲੇ ਮਹਾਤਮਾਂ ਦੇ ਡੇਰੇ ਆਕੇ ਅਜਾਪਾਲ ਸਿੰਘ ਰੂਪ ਤੇ ਨਾਮ ਨਾਲ ਟਿਕੇ ਹੋਣੇ। ਤਾਂ ਫਿਰ ਨਾਮਧਾਰੀ ਲੇਖਕ ਹੀ ਦਸ ਦੇਣ ਕਿ ਦੋ ਸਾਲ ਬੀਤੇ ਬਾਅਦ ਕੀ ਫਿਰ ਤ੍ਰਲੋਕ ਸਿੰਘ ਨੇ ਇਹਨਾਂ ਨੂੰ ਪਹਿਚਾਨਿਆ ਨਹੀਂ ਸੀ ਜ਼ਰੂਰੀ ਹੈ ਕਿ ਨਾਭੇ ਦੇ ਵਸਨੀਕ ਹੋਏ ਅਜਾਪਾਲ ਸਿੰਘ ਨਾਲ ਕਈ ਵੇਰ ਮੇਲ-ਮਿਲਾਪ ਵੀ ਹੋਇਆ ਹੋਣਾ ਹੈ। ਅਗਰ ਨਾਭਾਪਤੀ ਤ੍ਰਲੋਕ ਸਿੰਘ ਇਹ ਸਮਝਦਾ ਕਿ ਇਹ ਗੁਰੂ ਗੋਬਿੰਦ ਸਿੰਘ ਹਨ ਤੇ ਅਜਾਪਾਲ ਸਿੰਘ ਨਾਮ ਰੂਪ ਵਿਚ ਹਨ ਤਾਂ ਉਹ ਸਤਿਕਾਰ ਨਾਲ ਕਿਲੇ ਅੰਦਰ ਲਿਜਾ ਕੇ ਮਹਿਲਾਂ ਵਿਚ ਨਿਵਾਸ ਕਰਾਂਦਾ, ਅਤੇ ਸੇਵਾ ਸੰਭਾਲ ਕਰਦਿਆਂ ਆਪਣੇ ਆਪ ਨੂੰ ਵਡਭਾਗੀ ਸਮਝਦਾ, ਅਤੇ ਸਾਰੇ ਦੇਸ਼ ਵਿਚ ਢੰਡੋਰਾ ਫਿਰਾ ਦੇਣਾ ਸੀ, ਐਸੀ ਹਾਲਤ ਵਿਚ ਪੰਜਾਬ ਵਾਸੀਆਂ ਨੇ ਨਾਭੇ ਵਲ ਉਮੰਡ ਪੈਣਾ ਸੀ ਜਿਵੇਂ ਕਿ ਲੱਖੀ ਜੰਗਲ ਵਿਚ ਦਰਸ਼ਨ ਅਭਿਲਾਖੀ ਜਾਏ ਪਹੁੰਚੇ ਸਨ, ਪਰ ਇਥੇ ਤਾਂ ਅਜਾਪਾਲ ਸਿੰਘ ਨਾਮ ਦੇ ਸੰਤ ਕੋਈ ਰਹਿੰਦੇ ਸਨ—ਗੁਰੂ ਗੋਬਿੰਦ ਸਿੰਘ ਨਹੀਂ ਸਨ। ਜੇ ਗੁਰੂ ਜੀ ਹੁੰਦੇ ਤਾਂ ਲੁਕ ਕੇ ਨਹੀਂ ਬੈਠਨਾਂ ਸੀ ਜ਼ਰੂਰ ਪ੍ਰਗਟ ਹੁੰਦੇ।

ਹੋਰ ਸੋਚੀਏ ! ਸੰਮਤ ੧੭੬੫ ਵਿਚ ਗੁਰੂ ਜੀ ਨੇ ਬੰਦਾ ਬਹਾਦਰ ਨੂੰ ਪੰਜਾਬ ਭੇਜਿਆ ਸੀ। ਉਸ ਨੇ ਆ ਕੇ ਪਹਿਲੇ ਕੈਂਥਲ, ਸੋਨੀਪਤ ਫਿਰ ਕਰਨਾਲ ਆਦਿਕ ਸ਼ਹਿਰਾਂ ਨੂੰ ਫਤਹ ਕਰਕੇ ਬਾਅਦ ਵਿਚ ਸਰਹਿੰਦ ਨੂੰ ਫਤਹਿ ਕੀਤਾ ਸੀ—ਭਾਵ ਕਿ

ਸੰਮਤ ੧੭੬੭ ਤੀਕ ਦੋ ਸਾਲਾਂ ਵਿਚ ਉਸ ਨੇ ਪੰਜਾਬ ਵਿਚ ਬਰਥੱਲੀ ਮਚਾਏ ਰਖੀ ਸੀ ਨਾਮਧਾਰੀ ਮਨੌਤਾਂ ਦੇ—ਅਗਰ ਗੁਰੂ ਗੋਬਿੰਦ ਸਿੰਘ (ਅਜਾਪਾਲ ਸਿੰਘ ਰੂਪ ਵਿਚ) ਨਾਭੇ ਵਿਚ ਬੈਠੇ ਹੁੰਦੇ ਤਦ ਉਹਨਾਂ ਨੂੰ ਪ੍ਰਗਟ ਹੋਣ ਵਿਚ ਕੋਈ ਝਾਕਾ ਨਹੀਂ ਸੀ। ਬੰਦਾ ਬਹਾਦਰ ਦੀ ਮਦਦ ਕਰਨੀ ਸੀ।

ਦਾਸ (ਲੇਖਕ) ਵਲੋਂ ਪਾਠਕਾਂ ਪ੍ਰਤੀ ਹੋਰ ਕੀ ਸਬੂਤ ਪੇਸ਼ ਕਰੀਏ ਕਿ ਨਾਮਧਾਰੀ ਮਨੌਤਾਂ ਨੂੰ ਗਲਤ ਸਮਝਦੇ ਹੋਣ ਤੇ ਸਚਿਆਰ ਬਣ ਕੇ ਫੈਸਲਾ ਦੇਣ ਤਾਕਿ ਨਾਮਧਾਰੀ ਵੀਰਾਂ ਨੂੰ ਅਸਲੀਅਤ ਦਾ ਪਤਾ ਚਲੇ ਤੇ ਉਹ ਗੁਰੂ ਗ੍ਰੰਥ ਸਾਹਿਬ ਨੂੰ ਗੁਰੂਗੱਦੀ ਸਥਾਪਿਤ ਸਤਿਗੁਰੂ ਮੰਨਦੇ ਹੋਇਆ ਸੁਰਖਰੂਈ ਪ੍ਰਾਪਤ ਕਰਨ ਤੇ ਸਿਖ ਪੰਥ ਨਾਲ ਘੁਲ-ਮਿਲ ਜਾਣ।

ਅਮਰ ਭਾਰਤੀ ਜੀ ਨੇ ਆਪਣੀ ਪੁਸਤਕ (ਸਤਿਗੁਰ ਤਿਸਕਾ ਨਾਉ) ਲਿਖ ਕੇ ਨਾਮਧਾਰੀ ਦਰਬਾਰ ਦੀ ਬਹੁਤ ਹੱਦ ਤੀਕ ਇਹ ਤਸੱਲੀ ਤਾਂ ਕਰਾ ਦਿਤੀ ਕਿ ਦੇਹਧਾਰੀ ਗੁਰੂ ਦੀ ਹੋਂਦ ਜ਼ਰੂਰੀ ਹੈ, ਜਿਸ ਨੂੰ ਸਾਬਤ ਕਰਨ ਵਿਚ ਇਸ ਨੇ ਕੋਈ ਕਸਰ ਨਹੀਂ ਰਖੀ। ਪਰ ਇਕ ਨਿਰਪੱਖ ਲਿਖਾਰੀ ਪਾਸੋਂ ਵੀ ਉਹਨਾਂ ਨੂੰ ਇਹ ਸੰਨੱਦ ਨਾ ਮਿਲ ਸਕੀ ਕਿ ਗੁਰੂ ਗੋਬਿੰਦ ਸਿੰਘ ਜੀ ਬਾਬਾ ਰਾਮ ਸਿੰਘ ਰੂਪ ਵਿਚ ਹੀ ਪ੍ਰਗਟੇ ਸਨ ਤੇ ਗੁਰੂ ਗ੍ਰੰਥ ਸਾਹਿਬ ਦੀ ਬਜਾਏ ਇਸ ਗੁਰਗਦੀ ਦੇ ਅਸਲ ਵਾਰਸ ਇਹੋ ਹਨ।

ਐਸੀ ਸੰਨਦ ਨਾ ਮਿਲੋ ਕਾਰਨ ਨਾਮਧਾਰੀ ਦਰਬਾਰ ਦੀ ਖਲਬਲੀ ਬਣੀ ਰਹੀ ਤੇ ਇਸ ਨੂੰ ਮਿਟਾਉਣ ਵਾਸਤੇ ਉਹਨਾਂ ਦਾ ਆਪਣਾ ਹੀ ਇਕ ਅਨਿਨੱਯ ਸੇਵਕ (ਸੰਤ ਮੋਹਰ ਸਿੰਘ ਚਾਵਲਾ ਕਾਹਨਪੁਰੀਆ) ਨਿਤਰ ਆਇਆ ਸੀ ਜੋ ਨਾਵਲਿਸਟਾਂ ਤੋਂ ਵਧ ਕੇ ਹੀ ਖ਼ੂਬਸੂਰਤੀ ਨਾਲ ਗੁਰੂ ਗੋਬਿੰਦ ਸਿੰਘ ਜੀ ਦਾ ਮਿਲਾਪ ਬਾਬਾ ਬਾਲਕ ਸਿੰਘ ਨਾਲ ਸਾਬਤ ਕਰਨ ਵਿਚ ਠੀਕ ਸਫਲ ਹੋਇਆ ਤੇ ਪੁਰਖ ਗੁਰੂ ਪੁਸਤਕ ਵਿਚ ਨਾਮਧਾਰੀ ਮਨੌਤਾਂ ਨੂੰ ਸਚਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ।

ਚੰਗੀ ਗਲ ਹੁੰਦੀ ਕਿ ਬਾਬਾ ਜੀ ਨੂੰ ਆਤਮ ਰਸੀਆ ਖਾਲਸਾ ਰੂਪ ਪ੍ਰਗਟਾਇਆ ਜਾਂਦਾ--ਤਦ "ਖਾਲਸਾ ਮੇਰੋ ਰੂਪ ਹੈ ਖਾਸ।" ਇਹਨਾਂ ਗੁਰਵਾਕਾਂ ਅਨੁਸਾਰ ਸਾਰੇ ਪੰਥ ਵਿਚ ਆਪ ਜੀ ਦੀ ਵਧੇਰੇ ਮਾਨਤਾ ਹੋਣੀ ਸੀ। ਪਰ ਐਸਾ ਨਹੀਂ ਹੋਇਆ ਹੈ। ਤੇ ਉਲਟੇ ਤੌਰ ਤਰੀਕੇ ਨਾਲ ਪ੍ਰਗਟਾਏ ਦਾ ਨਤੀਜਾ ਹੈ ਕਿ ਇਨ੍ਹਾਂ ਵਾਸਤੇ ਸਾਰੇ ਤਖਤਾਂ ਉਤੇ ਅਰਦਾਸੇ ਵੀ ਬੰਦ ਕੀਤੇ ਗਏ ਸੀ।

ਦਾਸ ਲੇਖਕ ਨੇ ਪਿਛੇ ਵੀ ਲਿਖਿਆ ਕਿ ਮੋਹਰ ਸਿੰਘ ਨੇ ਸ਼ੁਰੂ ਵਿਚ ਆਪਣੇ ਸਤਿਗੁਰੂ ਰਾਮ ਸਿੰਘ ਜੀ ਤੋਂ ਆਪਣੀ ਪੁਸਤਕ (ਪੁਰਖ ਗੁਰੂ) ਦੀ ਸੰਪੂਰਨਤਾ ਵਾਸਤੇ ਸਹਾਇਤਾ ਦੀ ਮਗ ਕੀਤੀ ਸੀ ਤੇ ਉਨ੍ਹਾਂ ਦੀ ਅਮਰ ਆਤਮਾਂ ਤੋਂ ਮਿਲੀ ਸਹਾਇਤਾ ਅਨੁਸਾਰ ਜੋ ਕੁਝ ਉਸ ਨੇ ਲਿਖਿਆ ਹੈ—ਮੈਨੇ ਸ਼ੁਰੂ ਤੋਂ ਅਖੀਰ ਤੀਕ ਪੜਿਆ—ਤੇ ਉਹਦੇ ਜਵਾਬ ਵਿਚ ਹੀ ਮੈਂ ਨੇ ਲਿਖਣਾ ਸ਼ੁਰੂ ਕੀਤਾ ਸੀ ਤੇ ਜੋ ਕੁਝ ਮੇਰੇ ਸਤਿਗੁਰੂ ਦੀ ਅਮਰ ਆਤਮਾ ਨੇ ਮੇਰੇ ਤੋਂ ਲਿਖਾਇਆ ਹੈ ਜਵਾਬ ਦਿਤਾ ਹੈ।

## ਸਨਿਮ੍ਰ ਅਖੀਰ ਦੀ ਚੇਤਾਵਨੀ

ਹੁਣ ਮੈਂ ਬੜੀ ਅਧੀਨਗੀ ਨਾਲ ਪਾਠਕਾਂ ਪ੍ਰਤੀ ਦਸ ਰਿਹਾ ਹਾਂ ਕਿ ਸ਼ੁਰੂ ਕਰਨ

ਵੇਲੇ ਕੁਝ ਮੋਟੀਆਂ ਮੋਟੀਆਂ ਹੀ ਉਸਦੀਆਂ ਪੁੱਛਾਂ ਤੇ ਪ੍ਰਸ਼ਨਾਂ ਦਾ ਜਵਾਬ ਦੇਣ ਦੀ ਸੋਝੀ ਜ਼ਰੂਰ ਸਮਝੀ ਤੇ ਸ਼ੁਰੂ ਕੀਤਾ ਸੀ। ਪਰ ਆਪਣੀ ਤੁਛ ਸਿਆਣਪ ਉੱਤੇ ਇਤਨਾ ਵਿਸ਼ਵਾਸ ਨਹੀਂ ਸੀ ਕਿ ਉਸਦੀਆਂ ਗੁੰਝਲਦਾਰ ਦਲੀਲਾਂ ਦਾ (ਜੋ ਗੁਰਬਾਣੀ ਦਵਾਰਾ ਉਸ ਨੇ ਲਿਖੀਆਂ ਹਨ) ਕੋਈ ਢੁਕਵਾਂ ਉੱਤਰ ਦੇ ਸਕਾਂਗਾ। ਕਿ ਜਿਸਦੀਆਂ ਪੁੱਛਾਂ ਤੇ ਦਲੀਲਾਂ ਦਾ ਪ੍ਰਸਿਧ ਪੰਥਕ ਲਿਖਾਰੀ ਵੀ ਉੱਤਰ ਦੇ ਕੇ ਉਸਦੀ ਤਸੱਲੀ ਨਹੀਂ ਕਰਾ ਸਕੇ। ਇਸ ਵਾਸਤੇ ਕਿ ਉਨ੍ਹਾਂ ਦੀ ਰੀਸਰਚ ਵਧੇਰੇ ਕਰਕੇ ਮੁਗਲ ਰਾਜ ਦੇ ਰੀਕਾਰਡ ਦੀ ਬਹੁਤੀ ਰਹੀ ਤੇ ਉਸੇ ਦੀ ਛਾਨਬੀਨ ਕਰਕੇ ਸਿੱਖ ਇਤਿਹਾਸ ਦੀ ਸਹੀ ਤਸਵੀਰ ਦਿਖਾਈ ਹੈ, ਪੰਥ ਵਾਸਤੇ ਉਹ ਵੀ ਉਨ੍ਹਾਂ ਦੀ ਮਹਾਨ ਦੇਣ ਹੈ।

ਮੈਨੂੰ ਆਪਣੀ ਵਲੋਂ ਦਿਤੇ ਗਏ ਯੋਗ ਉੱਤਰਾਂ ਦਾ ਕੋਈ ਮਾਨ ਗੁਮਾਨ ਨਹੀਂ, ਸਗੋਂ ਪੂਰਾ ਵਿਸ਼ਵਾਸ ਹੋਇਆ ਹੈ ਕਿ ਇਤਨਾ ਕੁਝ ਲਿਖਣਾ ਮੇਰੀ ਸਮਰਥਾ ਤੋਂ ਬਾਹਰ ਸੀ। ਕਿਉਂਕਿ ਲਿਖਣ ਵੇਲੇ ਜਿਸ ਪ੍ਰਸ਼ਨ ਦਾ ਉੱਤਰ ਦੇਣ ਨੂੰ ਸੋਚਦਾ ਅਤੇ ਕਲਮ ਉਠਾਂਦਾ ਸੀ ਤਦ ਉਸੇ ਵੇਲੇ ਉਹਦਾ ਉੱਤਰ ਮੇਰੇ ਅੰਤਰ ਆਤਮੇ ਪ੍ਰਗਟ ਹੋ ਜਾਂਦਾ ਸੀ। ਜਿਵੇਂ ਫਿਲਮ ਪੁਰ ਐਡਵਟਾਈਜ਼ ਦੇ ਇਸ਼ਤਿਹਾਰ ਸਾਹਮਣੇ ਆ ਜਾਂਦੇ ਹਨ। ਇਸ ਵਾਸਤੇ ਕਿ "ਸ਼ਬਦ ਗੁਰੂ" ਦੀ ਗੁਰਤਾ ਵਡਿਆਈ ਉੱਤੇ ਨਾਮਧਾਰੀਆਂ ਵਲੋਂ ਕੋਝਾ ਲਿਖਤੀ ਵਾਰ ਸੀ, ਜੋ ਅਕਾਲ ਪੁਰਖ ਨੂੰ ਪਸੰਦ ਨਹੀਂ ਸੀ ਕਿਉਂਕਿ ਸ੍ਰੀ ਅਕਾਲ ਪੁਰਖ ਵਲੋਂ ਸ਼ਬਦ ਗੁਰੂ (ਮੂਲ ਮੰਤ੍ਰ ਦੀ ਬਖਸ਼ਿਸ਼) ਮੋਦੀ ਸ੍ਰੀ ਨਾਨਕ ਜੀ ਉੱਤੇ ਹੋਈ ਤੇ ਜਗਤ ਗੁਰੂ ਥਾਪ ਕੇ ਭੇਜੇ ਗਏ ਸਨ। ਭਾਈ ਗੁਰਦਾਸ ਜੀ ਦਸਦੇ :—

"ਪਹਿਲਾਂ ਬਾਬੇ ਪਾਯਾ ਬਖਸ਼ ਦਰ ਪਿਛੋਂ ਦੇ ਫਿਰ ਘਾਲ ਕਮਾਈ ॥"
(ਵਾਰ ੧ ਪਉੜੀ ੧੨)

ਕੋਈ ਕਿਸੇ ਤਰ੍ਹਾਂ ਦੀ ਮਜ਼ੂਰੀ ਕਰਦਾ ਤੇ ਪਿਛੋਂ ਉਸ ਮਜ਼ੂਰੀ ਦਾ ਪੈਸਾ ਪ੍ਰਾਪਤ ਕਰਦਾ ਹੈ। ਕੋਈ ਸਿੱਧ ਸਾਧਕ ਮੰਤ੍ਰ ਦੀ ਸਾਧਨਾਂ ਕਰਦਾ ਤਦ ਮੰਤ੍ਰ ਦੀ ਸਫਲਤਾ ਹੁੰਦੀ ਤੇ ਮਾਂਦਰੀ ਸਪਾਂ ਨੂੰ ਤੇ ਭੂਤ ਰੂਹਾਂ ਤੇ ਦੇਵਤਿਆਂ ਨੂੰ ਵਸ ਕਰਨ ਦੀ ਸ਼ਕਤੀ ਵਾਲੇ ਹੁੰਦੇ ਹਨ। ਪਰ ਗੁਰੂ ਨਾਨਕ ਦੇਵ ਨੂੰ ਬਖਸ਼ਿਸ਼ ਪਹਿਲੋਂ ਹੋਈ, ਤੇ ਅਨੰਦ ਕਲਾ ਸ਼ਕਤ ਦੀ ਸਮਰਥਾ ਨੂੰ ਪ੍ਰਾਪਤ ਕੀਤਾ ਸੀ। ਤਦ ਵੀ ਪਿਛੋਂ ਦੀ ਘਾਲ ਕਮਾਈ ਜ਼ਰੂਰੀ ਜਾਣੀ ਨੇ ਕਿ ਜਗਤ ਗੁਰੂ ਰੂਪ ਵਿਚ ਲੋਕਾਂ ਨੂੰ ਸਿਮਰਨ ਸੇਵਾ ਸਿਖਾਣੀ ਸੀ। ਸਮੇਰੂ ਪਰਬਤ ਪਰ ਸਿੱਧਾਂ ਨੇ ਪੁਛਿਆ ਸੀ :—

ਸਿੱਧ ਪੁਛਣ ਸੁਣ ਬਾਲਿਆ ਕੌਣ ਸ਼ਕਤ ਤੋਹਿ ਇਥੇ ਲਿਆਈ ॥

ਉੱਤਰ—"ਹਉ ਜਪਿਆ ਪਰਮੇਸਰੋ ਭਾਉ ਭਗਤ ਸੰਗ ਤਾੜੀ ਲਾਈ ॥
(ਵਾਰ ੧ ਪਉੜੀ ੨੮)

ਇਸੇ ਸ਼ਬਦ ਗੁਰੂ ਦੀ ਸੱਤਾ ਨਾਲ "ਸ਼ਬਦ ਜਿਤੀ ਸਿੱਧ ਮੰਡਲੀ" ਵੀ ਗੁਰੂ ਨਾਨਕ ਜੀ ਨੇ ਦਸਿਆ ਸੀ।

ਫੇਰ ਸ਼ਬਦ (ਗੁਰੂ ਮੰਤ੍ਰ) ਦੀ ਸ਼ਕਤੀ ਨਾਲ ਬਾਬਾ ਅਟਲ ਰਾਇ ਨੇ ਮੋਹਣ ਜੀ ਨੂੰ ਅਤੇ ਬਾਬਾ ਗੁਰਦਿਤਾ ਜੀ ਨੇ ਮੋਈ ਗਊ ਨੂੰ ਜਿਵਾਇਆ ਸੀ। ਇਸ ਵਾਸਤੇ

ਮੰਨਣਾ ਚਾਹੀਦੇ ਕਿ ਪਹਿਲੇ ਪੁਰਖ ਗੁਰੂ ਨਹੀਂ ਬਲਕਿ "ਸ਼ਬਦ ਗੁਰੂ" ਸਮਰਥ ਹੈ ਜਿਸਦੀ ਘਾਲ ਕਮਾਈ ਨੇ ਸਰੀਰ ਧਾਰੀ ਚੇਲਿਆਂ ਨੂੰ ਵੀ ਗੁਰੂ ਰੂਪ ਸ਼ਕਤ ਸੰਪੰਨ ਕੀਤਾ ਸੀ।

ਗੁਰੂ ਨਾਨਕ ਦੇਵ ਉਤੇ ਸ੍ਰੀ ਅਕਾਲ ਪੁਰਖ ਵਲੋਂ ਸ਼ਬਦ ਗੁਰੂ ਦੀ ਬਖਸ਼ਿਸ਼ ਦਾ ਹੀ ਇਹ ਪਹਿਲਾ ਅਤੇ ਪੱਕਾ ਸਬੂਤ ਹੈ ਕਿ ਸਰੀਰਧਾਰੀ ਗੁਰੂ ਨਾਨਕ ਵੀ ਜਗਤ ਗੁਰੂ ਹੋ ਪ੍ਰਗਟਾਇ ਸਨ। ਜਿਸ ਤੋਂ ਇਹ ਵੀ ਸਾਬਤ ਹੁੰਦਾ ਕਿ ਸ੍ਰੀ ਅਕਾਲ ਪੁਰਖ ਸਤਿਗੁਰੂ ਦੇ ਪਹਿਲੇ ਸਿਖ ਗੁਰੂ ਨਾਨਕ ਦੇਵ ਸਨ ਤੇ ਇਸੇ ਗੁਰੂ ਜੋਤ ਸ਼ਕਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਤੀਕ ਸਮਰਪਤ ਕੀਤਾ, ਅਤੇ ਫੇਰ ਲਿਖਤੀ ਸ਼ਬਦ ਗੁਰੂ (ਗੁਰੂ ਗ੍ਰੰਥ ਜੀ) ਪ੍ਰਗਟਾਇਆ।

ਗੁਰੂ ਦਸਮੇਸ਼ ਜੀ ਨੇ ਸਕੰਧ ਪੁਰਾਣ ਦੇ ਭਵਿੱਖਤ ਪੁਰਾਨ ਅਤੇ ਵੇਦ ਵਾਕ ਅਨੁਕੂਲ ਜੋ ਪਿਛੇ ਲਿਖਿਆ ਹੈ—ਦਸ ਪਾਤਸ਼ਾਹੀਆਂ ਵਿਚ ਪ੍ਰਗਟਾਏ ਸਮੁਚੇ (ਗੁਰ ਕੇ ਗਿਆਨ ਨੂੰ) ਸਾਰੇ ਸਤਿ ਗੁਰੂਆਂ ਨੇ ਆਪਣੇ ਪਰ-ਵਰਤਾਏ ਦਸਿਆ ਸੀ। ਉਹ ਬਾਅਦ ਵਿਚ ਅਗਰ ਕਿਸੇ ਦੇਹਧਾਰੀ ਗੁਰੂ ਦੀ ਖਾਲਸਾ ਪੰਥ ਵਾਸਤੇ ਲੋੜ ਸਮਝਦੇ ਤਦ ਚਾਰੋਂ ਹੀ ਆਪਣੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਮਗਰੋਂ ਵੀ ਗੁਰੂ ਅਮਰਦਾਸ ਜੀ ਦੇ ਫੁਰਮਾਨ ਅਨੁਸਾਰ ਗੁਰਗੱਦੀ ਕਿਸੇ ਸੋਢੀ ਸਾਹਿਬਜ਼ਾਦੇ ਨੂੰ ਬਖਸ਼ਸ਼ ਕਰਦੇ। ਜਿਵੇਂ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਵਿਚ ਹੁੰਦਿਆਂ ਵਾਕ ਉਚਾਰੇ ਨਾਲ "ਬਾਬਾ ਬਕਾਲੇ" ਦਸ ਕੇ ਜੋਤ ਸ਼ਕਤ ਸਮਰਪਤ ਕੀਤੀ ਸੀ। ਨਾਂਦੇੜ ਤੋਂ ਗੁਰੂ ਦਸਮੇਸ਼ ਵੀ ਐਸਾ ਵਾਕ ਕਰ ਸਕਦੇ ਸਨ।

ਫਿਰ ਇਸ ਵੇਲੇ ਪੰਜਾਬ ਵਿਚ ਕਈ ਹੋਰ ਸੋਢੀ ਸਾਹਿਬਜ਼ਾਦੇ (ਸੋਢੀ ਕੌਲ ਜੀ ਜੈਸੇ) ਮੌਜੂਦ ਸਨ ਤੇ ਕਰਣੀ ਕਮਾਈ ਵਾਲੇ ਸਨ। ਜਿਨ੍ਹਾਂ ਪਾਸ ਕੁਝ ਦਿਨ ਰਹਿ ਕੇ (ਉਚ ਦੇ ਪੀਰਾਂ ਵਾਲਾ ਬਾਣਾ) ਨੀਲੇ ਬਸਤਰ ਉਤਾਰ ਕੇ ਸਾੜੇ ਅਤੇ ਉਨ੍ਹਾਂ ਵਲੋਂ ਭੇਂਟ ਕੀਤਾ ਪੁਸ਼ਾਕਾ ਪਹਿਨ ਲਿਆ ਸੀ। ਪਰ ਗੱਦੀ ਜੋ ਸੋਢੀਆਂ ਵਾਸਤੇ ਹੀ ਰੀਜ਼ਰਵ ਸੀ—"ਜਾਣ ਨ ਦੇਸਾਂ ਸੋਢੀਓ" ਅਥਵਾ ਚਲੀ ਪੀੜੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ" ਉਹ ਹੱਕ ਹੁਣ ਆਪਣੇ ਤੀਕ ਸੀਮਤ ਰਖਿਆ ਸੀ ਤੇ ਗੁਰੂ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਸਮਰਪਤ ਕਰਨੀ ਸੀ ਜੋ ਸਮਾਂ ਆਏ ਪਰ ਨਾਂਦੇੜ ਅਸਥਾਨ ਪਰ ਕੀਤੀ ਜਿਵੇਂ ਗੁਰੂ ਹਰਿਗੋਬਿੰਦ ਸਾਹਿਬ ਤੋਂ ਵੀ ਸਿੱਖਾਂ ਨੇ ਪੁਛਿਆ ਸੀ ਤੇ ਜੋ ਉਤਰ ਉਨ੍ਹਾਂ ਦਿਤਾ ਸੀ ਭਾਈ ਗੁਰਦਾਸ ਜੀ ਨੇ ਵਾਰ ੧ ਪਉੜੀ ੪੮ ਵਿਚ ਐਸਾ ਲਿਖਿਆ ਹੈ :—

"ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ ॥
ਕਲਿ ਜੁਗ ਪੀੜੀ ਸੋਢੀਆਂ ਨਿਹਚਲ ਨੀਵ ਉਸਾਰ ਖਲਾਰੀ ॥
ਜੁੱਗ ਜੁੱਗ ਸਤਿਗੁਰ ਧਰੇ ਅਵਤਾਰੀ ॥

ਉਕਤ ਸਿਖਾਂ ਦੀ ਪੁੱਛ ਦੇ ਉਤਰ ਵਿਚ ਗੁਰੂ ਹਰਿਗੋਬਿੰਦ ਜੀ ਨੇ ਦਸਿਆ ਕਿ ਅਗੇ "ਜੁਗ ਜੁਗ" ਦੋ ਤੇ ਦੋ, ਹੋਰ (ਚਾਰ) ਪੀਹੜੀਆਂ ਤੀਕ ਸੋਢੀ ਸਤਿਗੁਰੂ ਅਵਤਾਰ ਧਾਰਨਗੇ। ਭਾਵ ੧੦ਵੇਂ ਜਾਮੇ ਤੀਕ ਸੋਢੀ ਸਤਿਗੁਰੂ ਹੋਣਗੇ। ਇਥੇ "ਹਰਿ ਜੁਗਹ

ਜੁਗੈ ਜੁਗ" ਵਾਲਾ ਮੁਹਾਵਰਾ ਨਹੀਂ ਵਰਤਿਆ—ਬਲਕਿ ਜੁੱਗ ਜੁੱਗ—(ਦੋ ਤੇ ਦੋ ਚਾਰ) ਗਿਣਤੀ ਤੋਂ ਭਾਵ ਹੈ।

ਇਸ ਵਾਕ ਤੋਂ ਸਾਬਤ ਹੈ ਕਿ ਕਲਜੁਗ ਵਿਚ ਜਿਥੋਂ ਤੀਕ ਸਰੀਰਧਾਰ ਗੁਰੂਆਂ ਦੀ ਲੋੜ ਸੀ ਉਹ ਸੋਢੀਆਂ ਦੇ ਹੱਕ ਵਾਸਤੇ ਸੀ, ਕਿਸੇ ਹੋਰ ਜਾਤੀ ਦੇ ਦੇਹਧਾਰੀ ਗੁਰੂ ਨੂੰ ਗੁਰੂ ਨਾਨਕ ਦੀ ਗਦੀ ਦਾ ਜਾਨਸ਼ੀਨ ਹੋਣ ਦਾ ਹੱਕ ਖ਼ਤਮ ਕਰ ਦਿਤਾ ਸੀ—ਫਿਰ ਸ਼ਬਦ ਗੁਰੂ (ਗੁਰੂ ਗ੍ਰੰਥ ਸਾਹਿਬ) ਹੀ ਸਮਾਂ ਆਏ ਪਰ ਦਸਮੇਸ਼ ਜੀ ਨੇ ਗੁਰਗਦੀ ਸਥਾਪਤ ਕੀਤਾ ਸੀ ਤੇ ਜਿਸ ਨੂੰ ਨਾਮਧਾਰੀ ਵੀਰਾਂ ਨੇ ਨਿਰਜਿੰਦ ਮੰਨਿਆ ਤੇ "ਗੁਰੂ ਗ੍ਰੰਥ ਸਾਹਿਬ" ਦੀ ਗੁਰਤਾ ਉਤੇ ਵੀ ਤਰਕਾਂ ਕੀਤੀਆਂ ਹਨ।

ਇਸ ਗੁਰੂ ਜੋਤ (ਗੁਰਗੱਦੀ ਸਥਾਪਤ) ਉਤੇ ਗੁਰੂ ਹਰਿਕ੍ਰਿਸ਼ਨ ਜੀ ਵੇਲੇ ਵੀ ਤਰਕ ਹੋਈ, ਉਨ੍ਹਾਂ ਗੁੰਗੇ ਝੀਵਰ ਦੇ ਸਿਰ ਤੇ ਛੜੀ ਰਖ ਕੇ ਗੀਤਾ ਦਾ ਪਾਠ ਕਰਾਇਆ ਤੇ ਗੁਰਗੱਦੀ ਉਤੇ ਉਲਾਹਮਾਂ ਨਹੀਂ ਆਉਣ ਦਿਤਾ ਸੀ। ਦੂਜੀ ਵੇਰ ਧੀਰ ਮਲ ਦੇ ਪੋਤਰੇ (ਕਰਤਾਰਪੁਰ ਦੇ ਸੋਢੀਆਂ) ਨੇ ਤਰਕ ਕੀਤੀ ਕਿ ਗੁਰੂ ਗੋਬਿੰਦ ਸਿੰਘ ਗੁਰੂ ਕਹਾਂਦਾ ਹੈ—ਆਪੇ ਗ੍ਰੰਥ ਸਾਹਿਬ ਲਿਖਾ ਲਵੇ। ਇਹ ਸੁਣ ਕੇ ਹੀ ਗੁਰੂ ਜੀ ਨੇ ਦਮਦਮੇ ਸਾਹਿਬ ਨਵੇਂ ਸਿਰੋਂ ਲਿਖਾਇਆ ਅਤੇ ਗੁਰਗੱਦੀ ਉਤੇ ਉਲਾਹਮਾਂ ਨਹੀਂ ਆਉਣ ਦਿਤਾ ਸੀ। ਤਿਵੇਂ ਹੀ ਦਸਮੇਸ਼ ਜੀ ਨੇ ਹੁਣ ਨਾਂਦੇੜ ਵਿਚ ਅੰਤਮ ਸਮੇਂ ਪੰਥ ਵਾਸਤੇ ਸਦਾ ਲਈ ਗੁਰੂ ਗ੍ਰੰਥ ਜੀ ਸਥਾਪਤ ਕੀਤਾ ਸੀ। ਇਨ੍ਹਾਂ ਦੀ ਗੁਰਤਾ ਉਤੇ ਉਲਾਹਮਾਂ ਵੀ ਕਦੀ ਨਹੀਂ ਆਵਣ ਦੇਣਾ ਸੀ ਤੇ ਉਸੇ ਹੀ ਅਮਰ ਆਤਮਾਂ (ਸਮਰਥ ਗੁਰੂ ਸਿਰ ਹਥ ਧਰਿਓ) ਨੇ—ਜੋ ਕੁਝ ਮੇਰੇ ਤੋਂ ਲਿਖਾਇਆ ਹੈ ਲਿਖਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਤੇ ਪਵਿਤ੍ਰਤਾ ਵਡਿਆਈ ਨੂੰ ਗੁਰੂ ਅਰਜਨ ਦੇਵ ਨੇ ਜਾਣਿਆ ਤੇ ਮੁਗ਼ਲ ਬਾਦਸ਼ਾਹ ਵਲੋਂ ਪੇਸ਼ ਕੀਤੀ ਇਕ ਆਇਤ ਨੂੰ ਵੀ ਗੁਰਬਾਣੀ ਨਾਲ ਨਾ ਲਿਖਾਣਾ ਚਾਹਿਆ ਤੇ ਸ਼ਹੀਦ ਹੋਣਾ ਪਸੰਦ ਕੀਤਾ ਸੀ। ਫੇਰ ਗੁਰੂ ਹਰੀ ਰਾਏ ਸਾਹਿਬ ਨੇ ਆਪਣੇ ਕਰਾਮਾਤੀ ਪੁੱਤਰ (ਰਾਮ ਰਾਇ ਜੀ) ਦਾ ਤਿਆਗ ਕਰ ਦਿਤਾ, ਕਿ ਉਨ੍ਹਾਂ ਗੁਰਬਾਣੀ ਦੀ ਪੰਕਤੀ ਦਾ ਸਿਰਫ ਇਕੋ ਸ਼ਬਦ ਬਦਲਿਆ ਸੀ ਤੇ ਸ਼ਾਹੀ ਖੁਸ਼ਾਮਦ ਵਿਚ ਅਰਥ ਉਲਟਾ ਕਰ ਸੁਣਾਇਆ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਗੁਰਬਾਣੀ ਗਿਆਨ ਅਤੇ ਉਮਰ ਭਰ ਦੀ ਘਾਲਣਾ ਮਗਰੋਂ ਭਗਤਾਂ ਦੇ ਤੱਤ ਗਿਆਨ ਦੀ ਮਹਾਨਤਾ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਪੂਰਾ ਸਮਝਿਆ ਸੀ ਕਿ ਜਿਨ੍ਹਾਂ ਨੇ ਮਹਾਨ ਕਵੀ ਹੋ ਕੇ ਵੀ ਆਪਣੀ ਕਾਵਿ (ਬਾਣੀ ਨੂੰ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਦੀ ਬਰਾਬਰੀ ਨਹੀਂ ਦਿਤੀ ਤੇ ਗੁਰਗੱਦੀ ਪਰ ਸਥਾਪਤ ਆਦਿ ਗੁਰੂ ਗ੍ਰੰਥ ਸਾਹਿਬ ਹੀ ਦਸਿਆ ਤੇ ਸਰਬ ਲੋਹ ਵਿਚ ਲਿਖਿਆ। ਪਰ ਨਾਮਧਾਰੀ ਲੇਖਕ ਮੇਹਰ ਸਿੰਘ ਨੇ ਐਸੇ ਲਿਖਣ ਨੂੰ ਕੁਕਰਮ ਕੀਤਾ ਦਸਿਆ ਤੇ ਬਾਬਾ ਬੀਰ ਸਿੰਘ ਨੇ ਭਾਰੀ ਭੁਲ ਮੰਨਿਆ, ਸਰਬ ਲੋਹ ਵਿਚ ਗੁਰੂ ਜੀ ਵਲੋਂ ਲਿਖਤ ਨੂੰ ਵੀ ਇਹ ਕਿਤਨੇ ਅਯੋਗ ਤੇ ਅਣਖਾਵੇਂ ਸ਼ਬਦ ਵਰਤੇ ਹਨ?

ਗੁਰੂ ਗੋਬਿੰਦ ਸਿੰਘ ਪੂਰਨ ਦਸਵੀਂ ਜੋਤ ਰੂਪ ਅਭੁੱਲ ਗੁਰੂ ਨਾਨਕ ਹੀ ਸਨ। ਉਨ੍ਹਾਂ ਨੇ ਪਹਿਲੇ ਜਾਮੇਂ ਵਿਚ :—

"ਪੰਚ ਪ੍ਰਵਾਨ ਪੰਚ ਪਰਧਾਨ ॥ ਪੰਚਹਿ ਪਾਵਹਿ ਦਰਗਹਿ ਮਾਨ ॥
ਪੰਚੇ ਸੋਹਹਿ ਦਰਰਾਜਾਨ ॥ ਪੰਚਾ ਕਾ ਗੁਰ ਏਕ ਧਿਆਨ ॥"

ਸਹੀ ਦਸਿਆ ਸੀ । ਹੁਣ ਦਸਮੇਂ ਜਾਮੇਂ ਵਿਚ ਪੰਜ ਸੀਸ ਭੇਟ ਲੈਕੇ ਪੰਚ ਪ੍ਰਵਾਨ ਕੀਤੇ ਜੋ ਪੰਜ ਪਿਆਰੇ ਪ੍ਰਧਾਨ ਮੰਨੇ ਜਾਂਦੇ ਹਨ । ਐਸੇ ਪੰਚ ਪ੍ਰਵਾਨ ਹੀ ਦਰਗਾਹ ਵਿਚ ਸਤਿਕਾਰੇ ਜਾਣਗੇ ਜਿਨ੍ਹਾਂ ਦਾ ਧਿਆਨ ਇਕੋ ਇਸ਼ਟ ਟੇਕ, ਸ਼ਬਦ ਗੁਰੂ ਦਾ ਧਿਆਨ ਤੇ ਹੁਕਮ ਮੰਨਦੇ ਸਚਿਆਰ ਸਾਬਤ ਹੋਣਗੇ ।

ਐਸੇ ਪੰਚ ਪ੍ਰਵਾਨ (ਪੰਜ ਪਿਆਰਿਆਂ ਤਾਈ) ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਸੰਤ ਅਤੇ ਸਿਪਾਹੀ ਰੂਪ ਵਿਚ ਰਾਜ ਤੇ ਜੋਗ ਕਰਨਾ ਸਿਖਾਇਆ ਹੈ, ਜਿਸ ਤੇ (ਪੰਚਹਿ ਸੋਹਹਿ ਦਰਰਾਜਾਨ) ਰਾਜ ਦਰਬਾਰੇ ਵੀ ਸੁਭਾਇਮਾਨ ਹੁੰਦੇ ਪਏ ਹਨ । ਗੁਰੂ ਦਸਮੇਸ਼ ਜੀ ਦੀ ਇਸ ਬਖਸ਼ਿਸ਼ ਦਾ ਸਿੱਟਾ ਹੈ ਕਿ ਭਾਰਤ ਜੈਸੇ ਵਿਸ਼ਾਲ ਰਾਸ਼ਟਰ ਦੇ ਸੱਤਵੇਂ ਰਾਸ਼ਟਰਪਤੀ ਸੰਨ ੧੯੮੨ ਵਿਚ ਗਿਆਨੀ ਜ਼ੈਲ ਸਿੰਘ ਜੀ ਬਣੇ ਹਨ । ਅਤੇ ਗੁਰੂ ਗ੍ਰੰਥ ਜੀ ਨੂੰ ਸੀਸ ਤੇ ਚੁਕੇ ਹੋਇਆਂ ਰਾਸ਼ਟਰਪਤੀ ਭਵਨ ਵਿਚ ਪ੍ਰਵੇਸ਼ ਕੀਤਾ ਸੀ ।

ਇਥੇ ਹੁਣ ਅਖੀਰ ਵਿਚ ਮੇਰੀ ਇਹੋ ਬੇਨਤੀ ਹੈ ਕਿ ਨਾਮਧਾਰੀ ਲੇਖਕਾਂ ਦੀਆਂ ਇਹੋ ਜਹੀ ਲਿਖਤਾਂ ਨੇ ਮੈਨੂੰ ਮਜ਼ਬੂਰ ਕੀਤਾ ਕਿ ਉਨ੍ਹਾਂ ਦੀਆਂ ਮਨੌਤਾਂ ਦੀ ਚੀਰ ਫਾੜ ਜਾਂ ਉਪਰੇਸ਼ਨ ਕਰੀਏ—ਅਗਰ ਗਲਤ ਮਨੌਤਾਂ ਦਾ ਮੁਆਦ ਨਿਕਲ ਕੇ ਸਚਾਈ ਦੇ ਆਧਾਰ ਤੇ ਮਾਨਸਿਕ ਏਕਤਾ ਹੋ ਜਾਏ ਤਦ ਦੁਪਾਸੀ ਬਹੁਤ ਕੁਝ ਭਲਾ ਹੋ ਸਕਦਾ ਹੈ । ਪਰ ਸੱਚ ਹਮੇਸ਼ਾਂ ਕੜਵਾ ਹੁੰਦਾ ਤੇ "ਕੂੜ ਮਿਠਾ ਕੂੜ ਮਾਖਿਉ" ਭਾਸਦਾ ਹੈ, ਫਿਰ ਵੀ ਜੇਕਰ ਮੇਰੀ ਉਕਤ ਸਚਾਈ ਤਾਈ ਸਮਝਿਆ ਜਾਏ ਤੇ ਪ੍ਰਵਾਨ ਕੀਤਾ ਜਾਏ ਤਦ ਮੈਂ ਆਪਣੀ ਮਿਹਨਤ ਨੂੰ ਪੂਰਾ ਪੂਰਾ ਸਫਲ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪੰਥ ਦੀ ਨਿਮਾਣੀ ਸੇਵਾ ਸਮਝਾਂਗਾ ।

ਇਸੇ ਵਾਸਤੇ ਕਿ ਅੰਮ੍ਰਿਤ ਛਕਾਏ ਦੀ ਮਰਿਯਾਦਾ ਤਖਤ ਸਾਹਿਬਾਨਾਂ ਮੁਤਾਬਕ ਇਕੋ ਹੋਏ ਨਾਲ—ਜਿਥੇ ਸੰਤ ਸਰੂਪ ਨਾਮਧਾਰੀ ਵੀਰਾਂ ਵਿਚ ਸੂਰਮਤਾਈ ਮੁੜ ਜਾਗੇਗੀ ਉਥੇ ਉਨ੍ਹਾਂ ਦੇ ਪ੍ਰਮੁੱਖਾਂ ਵਲੋਂ ਪੰਥ ਵਿਚ ਮਿਲਵਾਂ ਪ੍ਰਚਾਰ ਹੋਇ ਨਾਲ ਸਿਖ ਬਚਿਆਂ ਵਿਚ ਗੁਰਮੁਖਤਾ ਵੀ ਆਏਗੀ । ਕੋਝੇ ਫੈਸ਼ਨ ਤੇ ਨਸ਼ੇ ਦਾ ਤਿਆਗ ਅਤੇ ਸ਼ਾਦੀਆਂ ਵਿਚ ਫਜ਼ੂਲ ਖਰਚੀ ਘਟ ਜਾਏਗੀ । ਤਿਵੇਂ ਨਿਰੇ ਸਿਪਾਹੀ ਪੁਣੇ ਨਾਲ ਜਿਨ੍ਹਾਂ ਸਿਖਾਂ ਵਿਚੋਂ ਸੁਚਮ ਤੇ ਸੰਤਤਾਈ ਜੋ ਹੁਣ ਢਿੱਲੀ ਪੈ ਗਈ ਹੈ, ਫੇਰ ਆਏਗੀ । ਤਾਂ ਤੇ ਪ੍ਰਾਰਥਨਾ ਹੈ ਕਿ ਗਲਤ ਮਨੌਤਾਂ ਦੇ ਹੱਠ ਨੂੰ ਛਡ ਕੇ ਗੁਰੂ ਵਾਕਾਂ ਅਨੁਸਾਰ ਸਾਰੇ ਹੀ ਇਕਮਿਕ ਇਕੋ ਵਿਚਾਰ ਦੇ ਹੋ ਜਾਈਏ ।

"ਹੋਇ ਇਕੱਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰ ਕਰੋ ਲਿਵ ਲਾਇ ॥
ਹਰਿਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥ (੧੧੮੫)

ਅਖੀਰ ਵਿਚ ਮੈਂ ਫਿਰ ਵੀ ਪ੍ਰਾਰਥਨਾ ਕਰਦਾ ਹਾਂ ਕਿ ਅਗਰ ਉਕਤ ਮਹਾਨ ਵਿਅਕਤੀਆਂ ਬਾਬਤ ਮੇਰੀ ਕੋਈ ਲਿਖਤ ਜਾਂ ਦਲੀਲ ਗਲਤ ਸਾਬਤ ਕੀਤੀ ਜਾਏ ਤਦ ਮੈਂ ਮੁਆਫੀ ਮੰਗਣ ਨੂੰ ਤਿਆਰ ਹੋਵਾਂਗਾ । ਇਸ ਵਾਸਤੇ ਕਿ ਬਾਬਾ ਰਾਮ ਸਿੰਘ

ਜੀ ਇਕ ਮਹਾਨ ਵਿਅਕਤੀ ਪਵਿਤਰ ਆਤਮਾਂ ਸਨ। ਸਿਵਾਇ ਇਸ ਗਲ ਦੇ ਕਿ ਉਹ ਅਭੁਲ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਅਤੇ ਉਹਨਾਂ ਦੀ ਗੁਰਗੱਦੀ ਦੇ ੧੨ਵੇਂ ਸਤਿਗੁਰੂ ਨਹੀਂ ਸਨ, ਹੋਰ ਬਹੁਤ ਕੁਝ ਸਲਾਹੁਣ ਯੋਗ ਸਨ। ਉਹ ਮਹਾਨ ਆਤਮ-ਰਸੀਆ ਅਤੇ ਤੇਜੱਸਵੀ ਗੁਰਸਿਖ ਸਨ। ਉਹ ਆਪਣੇ ਸਮੇਂ ਦੇ ਪ੍ਰਸਿਧ ਸੁਧਾਰਕ ਵਿਅਕਤੀ ਅਤੇ ਆਪਣੀ ਨਾਮਧਾਰੀ ਸੰਪਰਦਾਏ ਦੇ ਪੂਜਯ ਗੁਰੂ ਮੰਨੇ ਗਏ ਸਨ। ਜਿਨ੍ਹਾਂ ਦੇ ਦਿਲ ਵਿਚ ਸਿਖ ਰਾਜ ਦੇ ਖਤਮ ਕਰਨ ਵਾਲੇ ਅੰਗਰੇਜ਼ਾਂ ਦੇ ਖਿਲਾਫ ਨਫਰਤ ਸੀ। ਜੇਕਰ ਉਹਨਾਂ ਨੂੰ ਗੁਰੂ ਮੰਨਣ ਵਾਲੇ ਕੁਝ ਮਸਤਾਨੇ ਤੇ ਮਨਮਤੀਏ ਉਹਨਾਂ ਦਾ ਕਿਹਾ ਮੰਨਦੇ ਅਤੇ ਛੇਤੀ ਬਗਾਵਤ ਨਾ ਸ਼ੁਰੂ ਕਰਦੇ ਤਦ ਬਾਬਾ ਰਾਮ ਸਿੰਘ ਜੀ ਨੇ ਆਪਣੇ (ਨਾ ਮਿਲ ਵਰਤਣ ਦੇ) ਸੋਚੇ ਸਮਝੇ ਪ੍ਰੋਗਰਾਮ ਵਿਚ ਜ਼ਰੂਰ ਸਫਲ ਹੋਣਾ ਸੀ, ਪਰ— "ਨਰ ਚਾਹਿਤ ਕਛੁ ਅਉਰ ਅਉਰੈ ਕੀ ਅਉਰੈ ਭਈ।" ਵਾਲੀ ਗਲ ਹੋਇ ਵਰਤੀ ਸੀ।

ਅਫਸੋਸ ! ਕਿ ਜਿਵੇਂ ਬਾਬਾ ਬੰਦਾ ਸਿੰਘ ਬਹਾਦਰ ਦੀ ਚੜ੍ਹਦੀ ਕਲਾ ਵੇਲੇ ਖੁਸ਼ਾਮਦੀ ਨਿਕਟ ਵਰਤੀਆਂ ਨੇ "ਗੁਰੂ ਜੀ-ਗੁਰੂ ਜੀ" ਆਖ ਭਰਮਾਇਆ ਤੇ ਪੰਥ ਨਾਲੋਂ ਵਖਰਾ ਕਰ ਵਖਾਇਆ ਸੀ—ਤਿਵੇਂ ਬਾਬਾ ਰਾਮ ਸਿੰਘ ਜੀ ਦੇ ਨਿਕਟਵਰਤੀਆਂ ਨੇ ਇਹਨਾਂ ਨੂੰ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਦਸ ਕੇ ੧੨ਵਾਂ ਸਤਿਗੁਰੂ ਪ੍ਰਚਾਰ ਕੇ ਇਹਨਾ ਨਾਲ ਸਖਤ ਅਨਿਆਏ ਕੀਤਾ ਹੈ।

ਅਗਰ ਐਸਾ ਨਾ ਹੁੰਦਾ ਤੇ ਬਾਬਾ ਰਾਮ ਸਿੰਘ ਜੀ ਨੂੰ ਆਤਮ-ਰਸੀਆ, ਸੰਤ ਗੁਰਸਿਖ ਹੀ ਪ੍ਰਗਟਾਇਆ ਜਾਂਦਾ ਤਦ ਸਾਰਾ ਖਾਲਸਾ ਪੰਥ ਇਹਨਾਂ ਦੇ ਨਾਲ ਹੋਕੇ ਅੰਗਰੇਜ਼ ਦੀ ਹਕੂਮਤ ਨਾਲ—ਨਾ-ਮਿਲਵਰਤਣ ਦੇ ਹਥਿਆਰ ਨਾਲ ਜ਼ਰੂਰ ਲੜਦਾ ਰਹਿੰਦਾ। ਜਿਤ ਤਾਂ ਪ੍ਰਮੇਸ਼ਰ ਨੇ ਜਿਸ ਨੂੰ ਦੇਣੀ ਸੀ, ਪਰ ਅਜ ਦੇ ਖਾਲਸਾ ਪੰਥ ਵਾਸਤੇ ਕਿਤਨੇ ਫਖਰ ਦੀ ਗਲ ਹੁੰਦੀ ਕਿ ਮਹਾਤਮਾ ਗਾਂਧੀ ਜੀ ਨੂੰ "ਨਾ ਮਿਲਵਰਤਣ" ਦੀ ਸੇਧ ਦੇਣ ਵਾਲਾ ਬਾਬਾ ਰਾਮ ਸਿੰਘ ਜੀ ਮੰਨਿਆ ਜਾਂਦਾ। ਤੇ ਸਾਨੂੰ ਵੀ ਨਾਮਧਾਰੀ ਦਰਬਾਰ ਵਲੋਂ ਛਪੀਆਂ ਪੁਸਤਕਾਂ ਦੇ ਜਵਾਬ ਵਿਚ (ਮਜਬੂਰ ਹੋ ਕੇ) ਇਤਨਾ ਕੁਝ ਸ਼ਾਇਦ ਨਾ ਲਿਖਣਾ ਪੈਂਦਾ।

ਅਸੀਂ ਆਪਣੀ ਇਸ ਪੁਸਤਕ ਨੂੰ **"ਪੰਥਕ ਮੁਕਦੱਮਾ"** ਦੇ ਨਾਮ ਨਾਲ ਪੇਸ਼ ਕੀਤਾ ਹੈ—ਅਤੇ ਪਹਿਲੇ ਪੁਰਖ ਗੁਰੂ ਨਹੀਂ 'ਸ਼ਬਦ ਗੁਰੂ' ਸਾਬਤ ਕੀਤਾ,ਅਤੇ ਨਾਮਧਾਰੀ ਦਰਬਾਰ ਨੇ ਪੁਸਤਕ ਪੁਰਖ ਗੁਰੂ ਵਿਚ ਜੋ ਬਾਬਾ ਬਾਲਕ ਸਿੰਘ ੧੧ਵਾਂ ਤੇ ਬਾਬਾ ਰਾਮ ਸਿੰਘ ਨੂੰ ੧੨ਵਾਂ ਸਤਿਗੁਰੂ (ਗੁਰੂ ਗੋਬਿੰਦ ਸਿੰਘ ਦਾ ਅਵਤਾਰ) ਲਿਖਿਆ ਹੈ—ਇਸ ਮਨੋ-ਕਲਪਤ ਕਹਾਣੀ ਨੂੰ ਗ਼ਲਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਨਾਨਕ ਜੀ ਦੀ ਗੱਦੀ ਦਾ ਵਾਰਸ ਸਾਬਤ ਕੀਤਾ ਹੈ ਪਰ ਫਿਰ ਵੀ ਆਪਣੀ ਸਾਰੀ ਲਿਖਤ ਦੀ ਸਚਾਈ ਉਤੇਂ ਮੈਨੂੰ ਕੋਈ ਮਾਨ ਗੁਮਾਨ ਨਹੀਂ ਕਿਉਂਕਿ ਸਾਰੀ ਪੁਸਤਕ ਪੜ੍ਹੇ ਪਿਛੋਂ ਫੈਸਲਾ ਤਾਂ ਸਚਿਆਰ ਪਾਠਕਾਂ ਨੇ ਦੇਣਾ ਹੈ ਕਿ ਇਸ ਮੁਕਦਮੇ ਵਿਚ ਅਸਲੀਅਤ ਕੀ ਹੈ ?

ਅਖੀਰ ਵਿਚ ਸਨਿਮਰ ਬੇਨਤੀ ਹੈ—ਮੈਂ ਬਹੁਤ ਧੰਨਵਾਦੀ ਹੋਵਾਂਗਾ ਕਿ ਸਾਰੀ ਪੁਸਤਕ ਪੜ੍ਹੇ ਮਗਰੋਂ ਸਚਿਆਰ ਪਾਠਕਾਂ ਨੇ ਆਪਣੇ ਵਿਚਾਰ ਫੈਸਲੇ ਦੀ ਇਕ ਕਾਪੀ

ਜੇਕਰ ਨਾਮਧਾਰੀ ਦਰਬਾਰ ਭੈਣੀ ਸਾਹਿਬ (ਜ਼ਿਲਾ ਲੁਧਿਆਣਾ) ਨੂੰ ਭੇਜਣਗੇ ਅਤੇ ਇਕ ਕਾਪੀ ਮੈਨੂੰ ਹੇਠ ਲਿਖੇ ਪਤੇ ਪਰ ਭੇਜਨ ਦੀ ਕਿਰਪਾਲਤਾ ਕਰਨਗੇ। ਜਿਸ ਫੈਸਲੇ ਨੂੰ ਮੈਂ ਨੇ ਸੰਭਾਲ ਰਖਣਾ ਤੇ ਲੋੜ ਸਮਝੀ ਗਈ ਤਦ ਦੂਜੀ ਐਡੀਸ਼ਨ ਵਿਚ ਧੰਨਵਾਦ ਸਹਿਤ ਛਾਪ ਦੇਣਾ ਹੈ।

ਹੁਣ ਮੈਂ "ਗੁਰੂ ਨਾਨਕ ਗੋਬਿੰਦ ਰੂਪ" ਦੇ ਸਾਜਨ ਹਾਰੇ (ਕਰਤਾਰ ਸਿਰਜਨ-ਹਾਰ) ਜੀ ਦਾ ਲਖ ਲਖ ਸ਼ੁਕਰ ਮਨਾਂਦੇ ਹੋਇਆਂ ਤੇ ਅੰਤਰ ਆਤਮੇਂ ਧਿਆਨ ਧਰ ਕੇ ਨਿਮਸਕਾਰ ਕਰਦੇ ਹੋਇਆਂ ਇਸ ਲਿਖਤ ਨੂੰ ਇਥੇ ਹੀ ਸਮਾਪਤ ਕਰਦਾ ਹਾਂ। ਜਿਸ ਨੇ ਸ਼ਬਦ ਗੁਰੂ (ਅਖਰੀ ਅਕਾਰ ਵਿਚ ਲਿਖੇ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਨੂੰ ਇਸ ਪੁਸਤਕ ਰੂਪ ਵਿਚ ਲਿਖਵਾਇਆ ਤੇ ਨਿਰਵਿਘਨ ਤੋੜ ਚੜ੍ਹਾਇਆ ਹੈ। ਜਿਸ ਤੇ ਇਸ ਗੁਰੂ ਵਾਕ (ਮਹਾਂਵਾਕ) ਰਾਹੀਂ ਹੀ ਮੈਨੂੰ ਧੰਨਵਾਦ ਕਰਨਾ ਬਣਦਾ ਹੈ :—

"ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥
ਭਗਤ ਸੋਹੰਨ ਹਰਿ ਕੇ ਗੁਣ ਗਾਵਹਿ ਸਦਾ ਕਰਹਿ ਜੈਕਾਰਾ ਰਾਮ ॥ (੭੮੪)

— ਸਮਾਪਤ —

## ਸੰਨ ੧੯੭੯ ਤੋਂ ੮੩ ਤੀਕ ਦਾ ਬੀਤਿਆ ਸਮਾਂ

ਹੁਣ ਤੋਂ ਸਾਢੇ ੩ ਸਾਲ ਪਹਿਲੇ ਬੀਤੇ ੧੯੭੯ ਦੇ ੪ ਅਪ੍ਰੈਲ ਨੂੰ ਮੇਰੇ ਇਕ ਮਿਤ੍ਰ ਜੀ ਨੇ ਮੈਨੂੰ ੩੦-੦੦ ਰੁਪੈ ਮੁਲ ਦੀ "ਪੂਰਖ ਗੁਰੂ" ਨਾਮੀ ਪੁਸਤਕ ਬੜੇ ਪਿਆਰ ਸਤਿਕਾਰ ਨਾਲ ਮੁਫਤ ਭੇਟ ਕੀਤੀ ਸੀ। ਪਤਾ ਨਹੀਂ ਕਿ ਇਸ ਪੁਸਤਕ ਪਰ ਮੇਰੇ ਵਿਚਾਰ ਲੈਣ ਦੀ ਖਾਹਸ਼ ਨਾਲ, ਜਾਂ ਇਸ ਪੁਸਤਕ ਨੂੰ (ਸਾਰੀ ਨੂੰ) ਪੜੇ ਮਗਰੋਂ ਸਹਿਮਤ ਹੋ ਜਾਣ ਨੂੰ ਦਿਤੀ। ਧੰਨਵਾਦ ਕੀਤਾ, ਤੇ ਘਰ ਲਿਆਕੇ ਤਕਰੀਬਨ ਇਕ ਮਹੀਨੇ ਤੀਕ ਇਕ-ਰਸ ਪੜ੍ਹੀ, ਪੁਸਤਕ ਦੇ ਲੇਖਕ ਦੀ ਚਤੁਰਾਈ ਉਤੇ ਹੈਰਾਨ ਹੋਇਆ ਤੇ ਢੁਕਦਾ ਜਵਾਬ ਦੇਣ ਦੀ ਸੋਚਦਾ ਰਿਹਾ ਸੀ।

ਉਸ ਦੀ ੩੦੦ ਸਫੇ ਤੋਂ ਵਧ ਲਿਖੀ ਪੁਸਤਕ ਵਿਚ ਕਈ ਤਰ੍ਹਾਂ ਦੇ ਹੁਜੱਤਾਂ ਭਰੇ ਪ੍ਰਸ਼ਨਾਂ ਦੇ ਉਤਰ ਦੇਣਾ ਆਸਾਨ ਕੰਮ ਨਹੀਂ ਸੀ, ਬਹੁਤ ਔਖਾ ਦਿਸਿਆ। ਪਰ ਫੈਸਲਾ ਕਰ ਲਿਆ ਸੀ ਕਿ ਇਸ ਚਾਤੁਰ ਲੇਖਕ (ਮੇਹਰ ਸਿੰਘ) ਨੂੰ ਪ੍ਰਸਿਧ ਪੰਥਕ ਵਿਦਵਾਨਾਂ ਵਲੋਂ ਤਸਲੀ-ਬਖਸ਼ ਉਤਰ ਨਹੀਂ ਮਿਲੇ ਕਾਰਨ—ਉਹ ਬਹੁਤ ਆਫਰਿਆ ਪਿਆ ਦਿਸਦਾ ਹੈ। ਜਿਸ ਤੇ ਉਹਦੀ—ਅਤੇ ਪੁਸਤਕ ਛਾਪਣ ਵਾਲੇ "ਨਾਮਧਾਰੀ ਦਰਬਾਰ" ਦੀ ਤਸੱਲੀ ਕਰਾਉਣ ਵਾਸਤੇ—ਅਤੇ ਉਹਨਾਂ ਨੂੰ ਆਪਣੀ ਮੁੱਢਲੀ ਅਸਲੀਅਤ ਸਮਝਾਣ ਵਾਸਤੇ ਪੂਰੇ ਵਿਸਥਾਰ ਨਾਲ ਜਵਾਬ ਵਿਚ ਪੁਸਤਕ ਹੋਣੀ ਚਾਹੀਏ ਐਸਾ ਸੋਚ ਕੇ ਗੁਰੂ ਅਕਾਲ ਪੁਰਖ ਭਰੋਸੇ ਲਿਖਤ ਸ਼ੁਰੂ ਕੀਤੀ ਸੀ।

ਇਸ ਤੋਂ ਪਹਿਲੇ ਵੀ ਮੇਰੇ ਪਾਸ ਨਾਮਧਾਰੀ ਇਤਿਹਾਸ ਅਤੇ ਸਬੰਧਤ ਕਈ ਪੁਸਤਕਾਂ ਸਨ ਜੋ ਕਈ ਮਹੀਨੇ ਤੀਕ (ਹਰ ਪਾਸੇ ਤੋਂ) ਸੁਰਤ ਸੰਕੋਚ ਕੇ ਦੁਬਾਰਾ ਟਿਕ ਕੇ ਪੜ੍ਹੀਆਂ ਤੇ ਫੁਟ ਨੋਟ ਲਿਖੇ ਮਗਰੋਂ ਅਰਦਾਸਾ ਸੋਧ ਕੇ ਨਵੰਬਰ ੧੯੮੧ ਵਿਚ ਲਿਖਣਾ ਅਰੰਭ ਕੀਤਾ ਸੀ, ਤੇ ਕਚੀ ਲਿਖਤ ਲਿਖੇ ਬਾਅਦ ਫਿਰ ਸੋਧ ਸੁਧਾਈ ਮਗਰੋਂ

ਪਕੀ ਤੇ (ਸੰਨ ੧੯੭੯ ਤੋਂ) ਹੁਣ ੧੯੮੩ ਜੁਲਾਈ ਤੀਕ ਕਰੀਬਨ ਸਾਢੇ ੩ ਸਾਲ ਦਾ ਅਰਸਾ ਖਰਚ ਕੇ ਅਤੇ ਕਈ ਹਜ਼ਾਰ ਦਾ ਖਰਚਾ ਹੋਇ ਨਾਲ ਛਪ ਕੇ ਪੁਸਤਕ ਪਾਠਕਾਂ ਤੀਕ ਪੁਜੇਗੀ। ਉਮੀਦ ਹੈ ਕਿ ਸਰਿਆਰ ਪਾਠਕਾਂ ਨੇ (ਸ੍ਰੀ ਗੁਰੂ ਗ੍ਰੰਥ ਜੀ ਅਤੇ ਗੁਰੂ ਖਾਲਸਾ ਪੰਥ) ਪੰਜ ਪਿਆਰਿਆਂ ਬਾਬਤ ਮੇਰੀ ਇਸ ਲਿਖਣ ਸੇਵਾ ਨੂੰ ਸਹੀ ਸਮਝਿਆ ਤਾਂ ਨਿਰਭੈਤਾ ਨਾਲ ਫੈਸਲਾ ਦੇ ਕੇ ਧੰਨਵਾਦੀ ਹੀ ਨਹੀਂ ਬਲਕਿ ਮੇਰੀ ਮਿਹਨਤ ਨੂੰ ਸਫਲ ਦਸ ਕੇ ਹੌਸਲਾ ਵਧਾਉਣ ਦੀ ਕਿਰਪਾਲਤਾ ਕਰਨਗੇ।

ਨੋਟ—ਉਕਤ "ਪੁਰਖ ਗੁਰੂ" ਪੁਸਤਕ ਦੇਣ ਵਾਲੇ ਸਜਣ ਪਾਸੋਂ ਅਜੇ ਤੀਕ ਇਸ ਭੇਦ ਨੂੰ ਪੁਸ਼ੀਦਾ ਹੀ ਰਖਿਆ ਸੀ ਤੇ ਹੁਣ ਆਪਣੀ ਛਪੀ ਪੁਸਤਕ ਉਸੇ ਸਤਿਕਾਰ ਪਿਆਰ ਨਾਲ ਉਹਨਾਂ ਨੂੰ ਭੇਟ ਕੀਤੀ ਜਾਏਗੀ।

ਲੇਖਕ—ਗਿਆਨੀ ਈਸ਼ਰ ਸਿੰਘ ਨਾਰਾ,
੧੧/੩੨੮੭ ਦਿੱਲੀ ਗੇਟ ਬਾਹਰ, ਨਵੀਂ ਦਿੱਲੀ-੨

# ਪੁਸਤਕਾਂ ਮਿਲਨ ਦਾ ਪਤਾ

੧. ਲੇਖਕ ਦਾ ਪਤਾ ਉਤੇ ਦਿਤਾ ਹੈ

੨. ਦਿਲੀ ਗੁਰਦਵਾਰਾ ਸੀਸ ਗੰਜ ਹੇਠਾਂ ਦੇ ਪੁਸਤਕ ਭੰਡਾਰ ਤੋਂ

੩. ਦਿਲੀ ਦੇ ਹੋਰ ਪੁਸਤਕਾਂ ਵੇਚਨ ਵਾਲੇ ਬੁਕ ਸੇਲਰਾਂ ਪਾਸੋਂ

੪. ਲਾਹੌਰ ਬੁਕ ਸ਼ਾਪ—੨ ਲਾਜਪਤ ਰਾਇ ਮਾਰਕੀਟ, ਲੁਧਿਆਣਾ

੫. ਨੀਉ ਬੁਕ ਕੰਪਨੀ—ਮਾਈ ਹੀਰਾਂ ਗੇਟ, ਜਲੰਧਰ

੬. ਸਿੰਘ ਬ੍ਰਦਰਸ—ਬਾਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

੭. ਬੂਟਾ ਸਿੰਘ ਪ੍ਰਤਾਪ ਸਿੰਘ—ਬਾਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

੮. ਤਖਤ ਹਰਿਮੰਦਰ ਸ੍ਰੀ ਪਟਨਾ ਸਾਹਿਬ ਦੇ ਪੁਸਤਕ ਭੰਡਾਰ ਸਟਾਲ ਤੋਂ

# ਗਿਆਨੀ ਈਸ਼ਰ ਸਿੰਘ ਨਾਰਾ ਜੀ ਦੀਆਂ ਰਚਿੱਤ ਪੁਸਤਕਾਂ ਬਾਰੇ ਬੰਬਈ ਦੇ

### ਬੇਦੀ ਪਰਉਪਕਾਰ ਸਿੰਘ ਜੀ ਦੇ ਵੀਚਾਰ

ਗਿਆਨੀ ਈਸ਼ਰ ਸਿੰਘ ਨਾਰਾ ਜੀ ਜਿਹਨਾਂ ਨੇ ਤਕਰੀਬਨ ਦਰਜਨ ਭਰ ਪੁਸਤਕਾਂ ਲਿਖੀਆਂ ਹਨ। ਉਹਨਾਂ ਵਿਚੋਂ ਸਭ ਤੋਂ ਪਹਿਲੀ ਪੁਸਤਕ "ਰਾਜਾ-ਯੋਗੀ" ਇਤਿਹਾਸ ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ ਲਿਖ ਕੇ ਸਿੱਖ ਪੰਥ ਦੇ ਸਾਹਮਣੇ ਸੁਨਹਿਰੀ ਤਾਰੀਖ ਦੇ ਵਰਕੇ ਖੋਹਲੇ ਹਨ। ਜਿਸ ਨੂੰ ਪੜ੍ਹ ਕੇ ਪਤਾ ਲਗਦਾ ਹੈ ਕਿ ਸਿੱਖ ਰਾਜ ਨੂੰ ਕਾਇਮ ਕਰਨ ਵਾਲੀ ਕਿਹੜੀ ਮਹਾਨ ਸ਼ਕਤੀਸ਼ਾਲੀ ਹਸਤੀ ਸੀ, ਜਿਸ ਨੇ ਸੁਕਰਚੱਕੀਏ ਮਿਸਲ 'ਚੋਂ ਛੋਟੀ ਉਮਰ ਦੇ ਬਾਲਕ ਰਣਜੀਤ ਸਿੰਘ ਦੀ ਰਖਿਆ ਕਰਕੇ ਅਗਵਾਈ ਕੀਤੀ ਅਤੇ ੧੩ ਅਪਰੈਲ ਸੰਨ ੧੮੦੧ ਈਸਵੀ ਵਾਲੇ ਦਿਨ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਭਾਰੀ ਦਰਬਾਰ ਕਰਕੇ ਰਾਜ ਤਿਲਕ ਦੇ ਕੇ ਸਿੱਖ ਰਾਜ ਕਾਇਮ ਕਰਾ ਦਿਤਾ। ਮਹਾਰਾਜਗੀ ਦਾ ਖਿਤਾਬ ਦਿਤਾ ਅਤੇ ਅਗੋਂ ਲਈ ਸ੍ਰਦਾਰ ਰਣਜੀਤ ਸਿੰਘ ਦੀ ਬਜਾਏ "ਵਾਲੀਏ--ਲਾਹੌਰ" ਸ੍ਰਕਾਰ-ਏ-ਪੰਜਾਬ ਕਹਿ ਕੇ ਤਖਤ ਤੇ ਬਿਠਾ ਦਿਤਾ, ਨਾਲ ਹੀ ਹਦਾਇਤ ਕੀਤੀ ਕਿ ਅਗੋਂ ਮਹਾਰਾਜਾ ਨੂੰ ਸਰਕਾਰ ਕਹਿਕੇ ਪੁਕਾਰਿਆ ਜਾਏ ਅਤੇ "ਮਹਾਰਾਜਾ ਰਣਜੀਤ ਸਿੰਘ ਸਾਹਿਬ ਬਹਾਦਰ" ਲਿਖਿਆ ਜਾਇਆ ਕਰੇ, ਨਾਲ ਆਪਣਾ ਸਿੱਕਾ ਜਾਰੀ ਕਰਨ ਲਈ ਉਦੇਸ਼ ਦਿਤਾ—ਜਿਸ ਉਤੇ ਇਹ ਇਬਾਰਤ ਲਿਖੀ ਗਈ :—

ਦੇਗੋ ਤੇਗ਼-ਫਤਹ 'ਓ' ਨੁਸਰਤ ਬੇਦਰੰਗ ॥
ਯਾਫ਼ਤ ਅਜ਼ ਨਾਨਕ-ਗੁਰੂ ਗੋਬਿੰਦ ਸਿੰਘ ॥

ਨਾਰਾ ਜੀ ਨੇ ਇਸ ਪੁਸਤਕ ਵਿਚ ਸਚਾਈ ਦੇ ਤਥ ਪ੍ਰਗਟ ਕਰਦੇ ਹੋਏ ਲਿਖਿਆ ਹੈ ਕਿ ਮਹਾਰਾਜਾ—ਬਾਬਾ ਸਾਹਿਬ ਸਿੰਘ ਜੀ ਬੇਦੀ ਸਾਹਿਬ ਨੂੰ ਜਦੋਂ ਸਨਮੁਖ ਮਿਲਦਾ ਤਾਂ ਮਥਾ ਟੇਕ ਕੇ ਸਨਿਮਰ ਸ੍ਰੀ ਹਜ਼ੂਰ ਬਾਬਾ ਜੀ ਕਹਿੰਦਾ, ਅਤੇ ਜਗੀਰਾਂ ਭੇਟ ਕਰਨ ਵੇਲੇ ਪਟੇ ਉਤੇ "ਵਾਲੀਏ ਦੋ ਜਹਾਨ" ਬਾਬਾ ਸਾਹਿਬ ਸਿੰਘ ਜੀ ਬੇਦੀ ਲਿਖ ਕੇ ਭੇਟ ਕਰਦਾ, ਫਿਰ ਪਟੇ ਦੇ ਅਖੀਰ ਵਿਚ ਆਪਣੇ ਨਾਮ ਨਾਲ "ਖਾਦਮਾਨੇ ਖਾਦਮ" ਲਿਖਦਾ।

ਇਹ ਖੋਜ ਭਰਪੂਰ ਪੁਸਤਕ "ਰਾਜਾ-ਯੋਗੀ" ਜਦੋਂ ਸਿਖ ਕੌਮ ਦੇ ਵਿਦਵਾਨਾਂ, ਲਿਖਾਰੀਆਂ ਅਤੇ ਪਾਠਕਾਂ ਦੇ ਹੱਥ ਪੁਜੀ ਤਾਂ ਪੜ੍ਹਨ ਤੋਂ ਪੰਥ ਨੂੰ ਭਾਰੀ ਬਹੁਮੁਲਾ ਇਤਿਹਾਸ ਅਤੇ ਵਿਰਸਾ ਜੋ ਪਹਿਲੇ ਲਿਖਾਰੀਆਂ ਦੇ ਲਿਖਣ ਤੋਂ ਰਹਿ ਗਿਆ ਸੀ, ਉਸ ਨੂੰ ਗਿਆਨੀ ਜੀ ਦੀ ਕਲਮ ਦੀ ਛੋਹ ਪ੍ਰਾਪਤ ਹੋਈ ਅਤੇ "ਰਾਜਾ-ਯੋਗੀ" ਇਕ

ਇਤਿਹਾਸ ਬਣ ਕੇ ਸਾਹਮਣੇ ਆਇਆ। ਜਿਸ ਨਾਲ ਗਿਆਨੀ ਜੀ ਦੀ ਪੰਥ ਵਿਚ ਭਾਰੀ ਸ਼ਲਾਘਾ ਹੋਈ। ਇਸ ਸ਼ਲਾਘਾ ਤੇ ਪ੍ਰਸਿਧੀ ਨੇ ਗਿਆਨੀ ਜੀ ਦੇ ਹੌਂਸਲੇ ਬੁਲੰਦ ਕਰ ਦਿਤੇ, ਜਿਸ ਨਾਲ ਗਿਆਨੀ ਜੀ ਨੇ ਹੋਰ ਪੁਸਤਕਾਂ ਲਿਖਣ ਦਾ ਕੰਮ ਆਰੰਭ ਕਰ ਦਿਤਾ ਸੀ:

ਗਿਆਨੀ ਨਾਰਾ ਜੀ ਦੀ ਦੂਜੀ ਪੁਸਤਕ **"ਇਤਿਹਾਸ ਬਾਬਾ—ਸ੍ਰੀ ਚੰਦ ਸਾਹਿਬ ਅਤੇ ਉਦਾਸੀਨ ਸੰਪ੍ਰਦਾਇ"** ਲਿਖੀ। ਇਸ ਵਿਚ ਸਿੱਖ ਗੁਰੂ ਸਾਹਿਬਾਨ ਅਤੇ ਬਾਬਾ ਸ੍ਰੀ ਚੰਦ ਸਾਹਿਬ ਦੇ ਆਪਣੇ ਗੂਹੜੇ ਸਬੰਧਾਂ ਤੇ ਸਤਿਕਾਰ ਦਾ ਹਵਾਲਾ ਬੜੇ ਵਿਸਥਾਰ ਨਾਲ ਕੀਤਾ—ਕਿ ਕਿਵੇਂ ਕਰਤਾਰਪੁਰ ਆ ਕੇ ਸੀ ਗੁਰੂ ਨਾਨਕ ਦੇਵ ਜੀ ਆਪਣੀਆਂ (ਚਾਰ ਉਦਾਸੀਆਂ) ਪਿਛੋਂ ਜਦੋਂ ਫਕੀਰਾਨਾ ਉਦਾਸੀ ਭੇਖ ਦੇ ਵਸਤਰ ਉਤਾਰ ਕੇ ਸੰਸਾਰੀ ਕਪੜੇ ਪਹਿਨਣ ਪਿਛੋਂ ਮੇਹਰਾਂ ਭਰੀ ਨਜ਼ਰ ਨਾਲ ਆਪਣੇ ਸਪੁੱਤਰ ਸ੍ਰੀ ਚੰਦ ਵਲ ਵੇਖਿਆ, ਤਿਆਗ, ਵੈਰਾਗ ਅਤੇ ਸਿਮਰਨ ਕਰਨ ਵਾਲੀ ਮਹਾਨ ਆਤਮਾ ਅਨੁਭਵ ਕਰਕੇ ਸਾਧੂ ਸਮਾਜ ਦੀ ਅਗਵਾਈ ਵਾਸਤੇ ਉਸ ਉਤਾਰੇ ਉਦਾਸੀ ਭੇਖ ਦੀ ਬਖਸ਼ਿਸ਼ ਉਪਰੰਤ, ਉਦਾਸੀਨੀ ਸੰਪ੍ਰਦਾਇ ਦੀ ਪ੍ਰਮੁਖਤਾ ਇਹਨਾਂ ਨੂੰ ਸੌਂਪ ਦਿਤੀ। ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀਆਂ ਰਚਿਤ ਵਾਰਾਂ ਦੀ ਪਹਿਲੀਵਾਰ ਦੀ ੩੮ਵੀਂ ਪਉੜੀ ਵਿਚ ਲਿਖਿਆ ਹੈ :—

ਬਾਬਾ ਆਯਾ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ ॥
ਪਹਿਨ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ ॥

ਗਿਆਨੀ ਨਾਰਾ ਜੀ ਨੇ ਇਸ ਪੁਸਤਕ ਵਿਚ ਉਦਾਸੀਨ ਸੰਪਰਦਾਏ ਦਾ ਸਿਧਾ ਸਬੰਧ ਗੁਰੂ ਨਾਨਕ ਸਾਹਿਬ ਨਾਲ ਲਿਖ ਕਰਕੇ ਉਦਾਸੀਆਂ ਦੇ ਝੂਠ ਦੇ ਪੁਲੰਦੇ ਦੀ ਕਲਮ ਰਾਹੀਂ ਚੰਗੀ ਚੀਰਫਾੜ ਕੀਤੀ, ਨਾਲ ਹੀ ਉਹਨਾਂ ਨੂੰ ਆਪਣੇ ਅਸਲੀ ਇਸ਼ਟ ਵਿਚ ਪੱਕਾ ਕਰਕੇ ਇਤਿਹਾਸ ਤੋਂ ਜਾਣੂ ਕਰਵਾਇਆ ਜੋ ਉਦਾਸੀਨ ਸੰਪਰਦਾਵਾਂ ਵੀ ਭੜਕ ਕੇ ਹੈਰਾਨ ਰਹਿ ਗਈਆਂ। ਇਸ ਤਰ੍ਹਾਂ ਗਿਆਨੀ ਜੀ ਨੇ ਪੁਰਾਤਨ ਸਿਖ ਲਿਖਾਰੀਆਂ ਵਲੋਂ ਬੇਦੀ ਸਾਹਿਬਜ਼ਾਦੇ (ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ) ਪ੍ਰਤੀ ਪਾਏ ਭੁਲੇਖਿਆਂ ਨੂੰ ਪੁਰਾਤਨ ਤੋਂ ਪੁਰਾਤਨ ਲਿਖਤਾਂ ਦੇ ਆਧਾਰ ਤੇ ਲਿਖ ਕੇ ਸਚ ਦੇ ਸੂਰਜ ਦੀ ਰੌਸ਼ਨੀ ਨਾਲ ਉਹਨਾਂ ਸਭ ਭੁਲੇਖਿਆਂ ਦੇ ਹਨੇਰੇ ਨੂੰ ਦੂਰ ਕਰਕੇ ਦਸਿਆ ਕਿ ਕਿ ਬਾਬਾ ਸ੍ਰੀ ਚੰਦ ਸਾਹਿਬ ਜੀ ਆਪਣੇ ਆਪ ਵਿਚ ਇਕ ਮੁਕੰਮਲ ਅਥਾਰਿਟੀ ਸਨ। ਜਿਸ ਕਰਕੇ ਦੂਜੇ ਗੁਰੂ, ਗੁਰੂ ਅੰਗਦ ਦੇਵ ਜੀ ਉਪਰੰਤ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰ ਦਾਸ ਜੀ ਨੇ ਤਾਂ ਆਪ ਦੀ ਪ੍ਰਸੰਨਤਾ ਇਥੋਂ ਤਕ ਪ੍ਰਾਪਤ ਕੀਤੀ ਕਿ ਆਪਣੇ ਸਪੁਤਰ ਬਾਬਾ ਮੋਹਨ ਜੀ ਨੂੰ ਬਾਬਾ ਸ੍ਰੀ ਚੰਦ ਸਾਹਿਬ ਜੀ ਦੀ ਸੇਵਾ ਲਈ ਭੇਟ ਕਰ ਦਿਤਾ ਤੇ ਇਸੇ ਤਰ੍ਹਾਂ ਅਪਨੇ ਵੇਲੇ ਗੁਰੂ ਹਰਿਗੋਬਿੰਦ ਸਾਹਿਬ ਨੇ ਵੀ ਅਪਣੇ ਵਡੇ ਸਾਹਿਬਜ਼ਾਦੇ ਬਾਬਾ ਗੁਰਦਿਤਾ ਜੀ ਨੂੰ ਅਰਪਨ ਕੀਤਾ ਸੀ ਤਾਂ ਬਾਬਾ ਸ੍ਰੀ ਚੰਦ ਨੇ ਫਰਮਾਇਆ ਕਿ "ਅਜ ਤੋਂ ਬਾਬਾ ਗੁਰਦਿਤਾ ਦੀਨ ਦੁਨੀਆਂ ਦਾ ਟਿਕਾ ਹੋਇਆ।"

ਗੁਰੂ ਰਾਮ ਦਾਸ ਜੀ ਨੇ ਮਿਲਣੀ ਸਮੇਂ ਸ੍ਰੀ ਬਾਬਾ, ਸ੍ਰੀ ਚੰਦ ਸਾਹਿਬ ਦੇ ਚਰਨ

ਆਪਣੇ ਪਵਿਤਰ ਦਾੜ੍ਹੇ ਨਾਲ ਝਾੜੇ ਅਤੇ ਸਤਿਕਾਰ ਵਿਚ ੫੦੧ ਰੁਪਏ, ਕਈ ਦੁਸ਼ਾਲੇ ਰੇਸ਼ਮੀ ਅਤੇ ਘੋੜਾ ਭੇਟ ਕੀਤਾ। ਰਾਮਦਾਸਪੁਰ ਜੋ ਹੁਣ ਅੰਮ੍ਰਿਤਸਰ ਨਾਮ ਨਾਲ ਮਸ਼ਹੂਰ ਹੈ, ਇਹ ਸੋਹਣਾ ਨਾਮ ਗੁਰੂ ਰਾਮਦਾਸ ਜੀ ਵਲੋਂ ਬਣਾਏ ਸਰ ਦੇ ਨਾਮ ਤੇ ਕਿਹਾ ਕਿ ਇਸ ਵਿਚ ਅੰਮ੍ਰਿਤ ਹੈ, ਇਸ ਲਈ ਇਸ ਦਾ ਨਾਮ ਅੰਮ੍ਰਿਤਸਰ ਰਖੀਏ। ਇਹੋ ਅੰਮ੍ਰਿਤਸਰ ਸ਼ਹਿਰ ਦੇ ਨਾਮ ਦੀ ਬਖਸ਼ਿਸ਼ ਵੀ ਬਾਬਾ ਸ੍ਰੀ ਚੰਦ ਸਾਹਿਬ ਦੀ ਹੈ ਜੋ ਹੁਣ ਵਿਸ਼ਵ ਭਰ ਵਿਚ ਮਹਾਨ ਤੀਰਥ ਕਰਕੇ ਅਤੇ ਵਿਉਪਾਰ ਵਿਚ ਵੀ ਮਸ਼ਹੂਰ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਜੀਵਨ ਵਿਚ ਬਹੁਤ ਮਿਲਣੀਆਂ ਬਾਬਾ ਸ੍ਰੀ ਚੰਦ ਸਾਹਿਬ ਜੀ ਨਾਲ ਕੀਤੀਆਂ ਅਤੇ ਆਪਸੀ ਪਰਸਪਰ ਪਿਆਰ ਦੋਨਾਂ ਪਾਸਿਆਂ ਵਿਚ ਬਹੁਤ ਵੱਧ ਗਿਆ ! ਇਸ ਦੀਆਂ ਕਈ ਮਿਸਾਲਾਂ ਹਨ, ਜਿਸ ਨੂੰ ਗਿਆਨੀ ਜੀ ਨੇ ਬੜੇ ਸੁਚਜੇ ਢੰਗ ਨਾਲ ਪੁਸਤਕ ਵਿਚ ਅੰਕਿਤ ਕੀਤਾ ਹੈ।

ਗੁਰੂ ਨਾਨਕ ਦੇਵ ਜੀ ਦੇ ਪੋਤਰੇ ਬਾਬਾ ਧਰਮ ਚੰਦ ਜਿਸ ਦੇ ਵਿਆਹ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਾਮਲ ਹੋਏ ਸਨ, ਉਸ ਸਾਹਿਬਜ਼ਾਦੇ ਨੂੰ ਸ੍ਰੀ ਗੁਰੂ ਜੀ ਆਪਣੇ ਕੰਧੇ ਤੇ ਚੁਕ ਕੇ ਖਿਡਾਂਦੇ ਰਹੇ। ਅਜ ਤੋਂ ਤਕਰੀਬਨ ੨੦੭ ਸਾਲ ਪੁਰਾਣੀ ਹਥ ਲਿਖਤ ਬੇਦੀ ਬੰਸ ਦੀ ਬੰਸਾਵਲੀਨਾਮੇਂ ਦੀ ਇਕ ਚੌਪਾਈ ਵਿਚ ਲਿਖਿਆ ਹੈ :—

ਚੌਪਈ—ਧਰਮ ਚੰਦ ਕੋ ਕੀਉ ਬਿਵਾਹ, ਨਿਜ ਕਰਿ ਸ੍ਰੀ ਚੰਦ ਬੇਪ੍ਰਵਾਹ॥
ਸੋਢੀ ਗੁਰ ਅਰਜਨ ਤਹਿ ਆਇਉ, ਸ੍ਰੀ ਚੰਦ ਪਰਸ ਪਰਮ ਸੁਖ ਪਾਇਉ॥
ਮਿਲਕਰ ਧਰਮ ਚੰਦ ਪ੍ਰਣਾਇਆ, ਸੋ ਅਰਜਨ ਗੁਰ ਕਾਂਧ ਖਿਲਾਇਆ॥

ਗਿਆਨੀ ਜੀ ਨੇ ਇਤਿਹਾਸ ਬਾਬਾ ਸ੍ਰੀ ਚੰਦ ਸਾਹਿਬ ਲਿਖ ਕੇ ਸਿਖ ਗੁਰੂ ਸਾਹਿਬਾਨ ਦੇ ਗੂਹੜੇ ਸਬੰਧ ਨੂੰ ਜੋ ਲਿਖਣ ਤੋਂ ਰਹੇ ਹੋਏ ਸਨ ਇਕਤਰ ਕੀਤਾ ਅਤੇ ਸੁਚੇ ਮੋਤੀਆਂ ਦੀ ਇਕ ਲੜੀ ਦੀ ਤਰ੍ਹਾਂ ਪਰੋਤਾ। ਗਿਆਨੀ ਜੀ ਦੀ ਇਸ ਭਾਰੀ ਮਿਹਨਤ ਕਰਕੇ ਹੀ ਉਦਾਸੀਨ ਸੰਪਰਦਾਏ, ਸਿਖ ਲਿਖਾਰੀਆਂ ਅਤੇ ਵਿਦਵਾਨਾਂ ਵਲੋਂ ਗਿਆਨੀ ਜੀ ਨੂੰ ਭੀ ਮਾਣਿਆ ਸਤਿਕਾਰਿਆ ਗਿਆ।

੩. ਤੀਜੀ ਪੁਸਤਕ "**ਵਿਸਾਖ ਨਹੀਂ ਕਤਕ**" ਵਿਚ ਗਿਆਨੀ ਜੀ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੀ ਜਨਮ ਪਤਰੀ ਅਤੇ ਹੋਰ ਭਾਰੀ ਖੋਜ ਨਾਲ ਸਾਬਤ ਕੀਤਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਵਿਸਾਖ ਵਿਚ ਨਹੀਂ ਕਤਕ ਵਿਚ ਹੈ ਜਿਸ ਨੂੰ ਸਮੁਚੇ ਪੰਥ ਨੇ ਪ੍ਰਵਾਨ ਕੀਤਾ ਅਤੇ ਗਿਆਨੀ ਜੀ ਇਤਿਹਾਸਕ ਕਸਵਟੀ ਤੇ ਹੀ ਠੀਕ ਨਹੀਂ ਉਤਰੇ—ਬਲਕਿ ਭਾਰੀ ਭੁਲੇਖੇ ਨੂੰ ਗਿਆਨੀ ਜੀ ਨੇ ਦੂਰ ਕਰਕੇ ਸਾਰੇ ਸਿਖ ਜਗਤ ਦੀ ਇਕ ਰਾਏ ਬਣਾ ਦਿਤੀ ਜੋ ਹੁਣ ਇਹੀ ਠੀਕ ਮੰਨੀ ਜਾਂਦੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਠੀਕ ਕਤਕ ਦੀ ਪੂਰਨਮਾਸ਼ੀ ਨੂੰ ਹੋਇਆ ਸੀ।

੪; ਗਿਆਨੀ ਈਸ਼ਰ ਸਿਘ ਜੀ ਨਾਰਾ ਨੇ ਚੌਥੀ ਪੁਸਤਕ ਜੋ ਇਕ ਗ੍ਰੰਥ ਰੂਪ ਵਿਚ ਹੈ "**ਸਫਰ-ਨਾਮਾ ਅਤੇ ਜ਼ਫਰ-ਨਾਮਾ**" ਜੀਵਨ ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਹੈ। ਗਿਆਨੀ ਜੀ ਨੇ ਇਸ ਗ੍ਰੰਥ ਨੂੰ ੧੭ ਭਾਗਾਂ (ਭਾਵ ਸਫਰਾਂ) ਵਿਚ ਵੰਡ ਕੇ ਲਿਖਿਆ ਹੈ। ਇਹ ਪੁਸਤਕ ਪੜ੍ਹਨ ਵਿਚ ਆਪਣੀ ਥਾਂ ਆਪ ਹੀ ਭਾਂ ਹੈ,

ਅਗਰ ਇਸ ਤੇ ਕੁਝ ਲਿਖਾਂ ਤਾਂ ਇਤਨਾ ਵਡਾ ਹੀ ਹੋਰ ਗ੍ਰੰਥ ਬਣ ਜਾਂਦਾ ਹੈ । ਗਿਆਨੀ ਜੀ ਦੀ ਇਹ ਮਹਾਨ ਲਿਖਤ ੩੦੦ ਸੌ ਸਾਲਾ ਗੁਰੂ ਗੋਬਿੰਦ ਸਿੰਘ ਜਨਮ ਉਤਸਵ ਦੇ ਸਮ੍ਰਪਤ ਸੀ, ਜਿਸ ਨੂੰ ਦੋ ਤਖਤਾਂ ਸ੍ਰੀ ਪਟਨਾ ਸਾਹਿਬ ਅਤੇ ਤਖਤ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਅਬਚਲ ਨਗਰ, ਗੁਰਦੁਆਰਾ ਕਮੇਟੀ ਦਿਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਹੋਰ ਮੁਖੀ ਪ੍ਰਸਿਧ ਸਿੰਘ ਸਭਾਵਾਂ ਵਲੋਂ ਗਿਆਨੀ ਜੀ ਨੂੰ ਉਚੇਚਾ ਬੁਲਾਂ ਕੇ ਗੁਰੂ ਸਾਹਿਬਾਨ ਦੇ ਸਮੇਂ ਤੋਂ ਚਲੀ ਆ ਰਹੀ ਰੀਤੀ-ਰਿਵਾਜ ਅਨੁਸਾਰ ਸਨਮਾਨ ਸਤਿਕਾਰ ਨਾਲ ਸਿਰੋਪਾ ਅਤੇ ਬਹੁਤ ਸਾਰੀ ਨਕਦ ਮਾਇਆ ਭੇਟ ਕੀਤੀ ।

੫. ਗਿਆਨੀ ਜੀ ਦੀ ਪੰਜਵੀਂ ਪੁਸਤਕ **"ਪੰਜਾਬ ਦਾ ਰਤਨ"** ਅਰਥਾਤ ਜੀਵਨ ਬਿਰਤਾਂਤ ਬਾਬਾ ਖੇਮ ਸਿੰਘ ਜੀ ਬੇਦੀ ਹੈ । ਸ੍ਰੀ ਬਾਬਾ ਖੇਮ ਸਿੰਘ ਜੀ ਬੇਦੀ ਦੇ ਨਾਮ ਤੋਂ ਸ਼ਾਇਦ ਹੀ ਕੋਈ ਐਸਾ ਸਜਣ ਹੋਵੇ ਜੋ ਜਾਣੂ ਨਾ ਹੋਵੇ । ਬਾਬਾ ਖੇਮ ਸਿੰਘ ਜੀ ਨੇ ਬਾਲਕ ਉਮਰ ਤੋਂ ਪ੍ਰਚਾਰ ਸ਼ੁਰੂ ਕੀਤਾ ਅਤੇ ਆਪਣੇ ਪਿਤਾਮਾਂ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਬੇਦੀ ਜਿਹਨਾਂ ਦਾ ਇਹ ਪ੍ਰਣ ਸੀ ਕਿ ਜਦ ਤਕ ਘਟੋ ਘਟ ਪੰਜ ਸਿਖਾਂ ਨੂੰ ਅੰਮ੍ਰਿਤ ਨਾ ਛਕਾਇਆ ਜਾਂਦਾ, ਤਦ ਤਕ ਪ੍ਰਸ਼ਾਦਿ ਨਾ ਛਕਦੇ । ਇਸੇ ਤਰ੍ਹਾਂ ਬਾਬਾ ਖੇਮ ਸਿੰਘ ਜੀ ਬੇਦੀ ਸਾਹਿਬ ਨੇ ਲਖਾਂ ਸਹਿਜਧਾਰੀਆਂ ਤੋਂ ਸਿੰਘ ਸਜਾਏ ਜੋ ਹੁਣ ਕਟਰ ਸਿੰਘ ਹਨ ਅਤੇ ਮਾਸਟਰ ਤਾਰਾ ਸਿੰਘ ਜੋ ਅਕਾਲੀ ਦਲ ਅਤੇ ਗੁਰਦੁਆਰਾ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ । ਇਹਨਾਂ ਦੇ ਵਡੇਰੇ ਸਹਿਜਧਾਰੀ ਏਸੇ ਘਰ ਦੇ ਵਰੋਸਾਏ ਹੋਏ ਸਹਿਜਧਾਰੀ ਸਿਖ ਸਨ ।

ਹਿੰਦੁਸਤਾਨ ਵਿਚ ਜਦੋਂ ਫਰੰਗੀ (ਅੰਗਰੇਜ਼ ਸਰਕਾਰ) ਨੇ ਮਿਸ਼ਨ ਸਕੂਲ ਖੋਹਲੇ ਤਾਂ ਬਾਬਾ ਖੇਮ ਸਿੰਘ ਜੀ ਨੇ ਖਾਲਸਾ ਸਕੂਲ ਖੋਹਲਣ ਦਾ ਯਤਨ ਕੀਤਾ, ਜਿਸ ਦਾ ਫਲ ਇਹ ਹੋਇਆ ਕਿ ਬਹੁਤ ਥੋਹੜੇ ਦਿਨਾਂ ਵਿਚ ਹੀ ਕਰੀਬਨ ਇਕ ਸੌ ਦਸ ਪ੍ਰਾਇਮਰੀ ਖਾਲਸਾ ਸਕੂਲ ਖੁਲ੍ਹ ਗਏ ਅਤੇ ਨਾਲ ਹੀ ਗੁਰੂ ਨਾਨਕ ਖਾਲਸਾ ਕਾਲਜ ਅੰਮ੍ਰਿਤਸਰ ਅਤੇ ਲਾਹੌਰ ਹੋਂਦ ਵਿਚ ਆ ਗਏ । ਜਿਥੇ ਹੁਣ ਤਕ ਲਖਾਂ ਦੀ ਤਹਿਦਾਦ ਤਕ ਸਿਖ ਬਚਿਆਂ ਤੋਂ ਇਲਾਵਾ ਦੂਜੇ ਧਰਮਾਂ ਦੇ ਬਚਿਆਂ ਨੇ ਬਾਬਾ ਖੇਮ ਸਿੰਘ ਜੀ ਬੇਦੀ ਵਲੋਂ ਖੋਹਲੇ ਸਕੂਲਾਂ ਕਾਲਜਾਂ ਦਾ ਲਾਭ ਲਿਆ । ਸਿਖ ਪੰਥ ਲਈ ਸ੍ਰੀ ਬਾਬਾ ਜੀ ਵਲੋਂ ਕੀਤਾ ਇਹ ਇਤਨਾ ਵਡਾ ਉਪਰਾਲਾ ਹੈ ਤੇ ਇਹ ਮਹਾਨ ਕਾਰਜ ਹੈ ਜੋ ਪੂਰੀ ਦੀ ਪੂਰੀ ਸਿਖ ਕੌਮ ਨਾ ਤਾਂ ਲਾਹ ਸਕਦੀ ਹੈ ਨਾ ਹੀ ਭੁਲਾ ਸਕਦੀ ਹੈ ।

ਗਿਆਨੀ ਜੀ ਨੇ ਇਸ "ਪੰਜਾਬ ਦੇ ਰਤਨ" ਨਾਮੀ ਪੁਸਤਕ ਵਿਚ ਹੀ ਸੰਨ ੧੮੫੭ ਦੇ ਗਦਰ ਦਾ ਖੁਲ੍ਹ ਕੇ ਜ਼ਿਕਰ ਕੀਤਾ ਹੈ ਕਿ ਅਗਰ ੧੮੫੭ ਵਿਚ ਇਸ ਗ਼ਦਰ ਵੇਲੇ ਬਾਬਾ ਖੇਮ ਸਿੰਘ ਜੀ ਦੀਰਘ ਦਰਸੀ ਨਾ ਹੁੰਦੇ ਜੇ ਸਿਖਾਂ ਨੂੰ ਹੁਕਮਨਾਮੇਂ ਰਾਹੀਂ ਉਪਦੇਸ਼ ਨਾ ਦੇਂਦੇ ਤਾਂ ਡਰ ਸੀ ਕਿ ਮੁਗਲਾਂ ਨਾਲ ਲੜ ਲੜ ਕੇ ਇਹਨਾਂ ਤੋਂ ਬਆਦ ਸਿਖ ਰਾਜ ਹੋਇਆ ਸੀ. ਬਹਾਦਰ ਸ਼ਾਹ ਜ਼ਫਰ ਰਾਹੀਂ ਫਿਰ ਮੁਗਲ ਰਾਜ ਨਾ ਹੋ ਜਾਏ । ਜਿਹਨਾਂ ਮੁਗਲਾਂ ਸਾਡੇ ਸਾਹਿਬਜ਼ਾਦੇ ਕੋਹ ਕੋਹ ਮਾਰੇ, ਸਿੰਘਾਂ ਸਿੰਘਣੀਆਂ ਤੇ ਅਸਿਹ ਤੇ ਅਕਹਿ ਕਸ਼ਟ ਹੋਏ ਜਿਸ ਨੂੰ ਬਿਆਨ ਕਰਨ ਲਗਿਆਂ ਆਤਮਾਂ ਥਰ ਥਰ ਕੰਬ ਉਠਦੀ ਹੈ । ਬਾਬਾ ਜੀ ਨੂੰ ਪਤਾ ਸੀ ਇਹਨਾਂ ਮੁਗਲਾਂ ਨੇ ਹੀ ਸਾਡਾ ਧਰਮ ਮੰਦਰ

(ਹਰਿਮੰਦਰ) ਅੰਮ੍ਰਿਤਸਰ ਬਾਰੂਦ ਨਾਲ ਉਡਾ ਦਿਤਾ ਸੀ ਜੇ ਇਹਨਾਂ ਦਾ ਰਾਜ ਫਿਰ ਕਾਇਮ ਹੋ ਗਿਆ ਤਾਂ ਸਾਡਾ ਜੀਣਾ ਦੁਰਬਲ ਹੋ ਜਾਏਗਾ। ਜਿਸ ਲਈ ਇਹੀ ਬੇਹਤਰ ਜਾਣਿਆ ਕਿ ਮੁਗਲ ਦੀ ਗੁਲਾਮੀ ਨਾਲੋਂ ਅੰਗਰੇਜ਼ ਹਕੂਮਤ ਨਾਲ ਰਹਿਣਾ ਹੀ ਹਿੰਦ ਵਾਸੀਆਂ ਲਈ ਠੀਕ ਹੋਵੇਗਾ। ਜਿਸ ਦੇ ਫਲਸਰੂਪ ਸਿਖੀ ਖੂਬ ਫਲੀ ਫੈਲੀ ਤੇ ਫੂਲੀ। ਇਹ ਪੁਸਤਕ ਕੇਵਲ ਸ੍ਰੀ ਬਾਬਾ ਖੇਮ ਸਿੰਘ ਜੀ ਬੇਦੀ ਦਾ ਜੀਵਨ ਬਿਰਤਾਂਤ ਹੀ ਨਹੀਂ ਬਲਕਿ ਸਿਖ ਪ੍ਰਚਾਰਕਾਂ ਤੇ ਲੀਡਰਾਂ ਲਈ ਮਹਾਨ ਪ੍ਰਚਾਰ ਗ੍ਰੰਥ ਹੈ।

ਇਸ ਤੋਂ ਪਹਿਲੇ ਕਿ ਕੁਝ ਹੋਰ ਲਿਖਾਂ, ਇਸ ਮਹਾਨ ਪੰਥਕ ਲਿਖਾਰੀਜੇ ਹੁਣ ੯੫ ਸਾਲ ਦੀ ਆਯੂ ਵਿਚ ਹੈਨ ਇਹ ਜਦੋਂ ੮ ਮਹੀਨੇ ਦੇ ਬਾਲਕ ਸਨ ਤਾਂ ਸ੍ਰੀ ਬਾਬਾ ਖੇਮ ਸਿੰਘ ਜੀ ਨੇ ਇਹਨਾਂ ਦੇ ਸੀਸ ਉਤੇ ਕੇਸਾਂ ਵਿਚ ਕੰਘਾਂ ਆਪਣੇ ਪਵਿਤਰ ਹੱਥਾਂ ਨਾਲ ਫੇਰ ਕੇ ਅਸੀਸਾਂ ਦਿਤੀਆਂ ਜੋ ਹੁਣ ਪੰਥ ਵਿਚ ਜਾਣੀ ਪਛਾਣੀ ਹਸਤੀ ਹੈ। ਇਹ ਜ਼ਿਕਰ ਗਿਆਨੀ ਜੀ ਨੇ ਆਪਣੀ ਪੂਜਯ ਮਾਤਾ ਜੀ ਅਤੇ ਪਿਤਾ ਜੀ ਤੋਂ ਸੁਣਿਆ ਸੀ।

ਸ੍ਰੀ ਬਾਬਾ ਜੀ ਵਿਚ ਕਿਹੜੀਆਂ ਖੂਬੀਆਂ ਸਨ ਜਿਨ੍ਹਾਂ ਨਾਲ ਹਰ ਹਿੰਦੂ ਘਰਾਣਾ ਦੂਰੋਂ-ਨੇੜਿਉਂ ਬਾਬਾ ਜੀ ਦੀਆਂ ਖੁਸ਼ੀਆਂ ਲੈਣ ਲਈ ਆਪਣੇ ਬੱਚੇ ਸਿੱਖ ਸਜਾਣ ਲਈ ਫਖਰ ਮਹਿਸੂਸ ਕਰਦੇ ਸਨ। ਕਾਸ਼ ਅੱਜ ਦੇ ਭਿਆਨਕ ਸਿੱਖ ਮਾਰੂ ਪ੍ਰਚਾਰ ਜੋ ਪੰਜਾਬ ਵਿਚ ਕੇਸਾਂ ਦੀ ਬੇਅਦਬੀ ਵੇਖ ਕੇ ਵੀ ਵੋਟਾਂ ਖਾਤਰ ਚੁਪ ਸਾਧੀ ਬੈਠੇ ਹਨ, ਇਸ ਪੁਸਤਕ ਨੂੰ ਪੜ੍ਹ ਕੇ ਸਬਕ ਲੈਣ ਕਿ ਕਿਸ ਤਰ੍ਹਾਂ ਬਾਬਾ ਖੇਮ ਸਿੰਘ ਜੀ ਨੇ ਅੰਗਰੇਜ਼ ਦੇ ਇਹ ਪੁਛਣ ਤੇ ਕਿ ਕਿਸੇ ਭੀੜ ਸਮੇਂ ਤੁਸੀਂ ਕਿਤਨੀ ਤੈਦਾਦ ਵਿਚ ਸਿੱਖ ਜਮ੍ਹਾਂ ਕਰ ਸਕਦੇ ਹੋ। ਉਤਰ ਵਿਚ ਬਾਬਾ ਜੀ ਕਿਹਾ ਇਹ ਗੁਰੂ ਨਾਨਕ ਦਾ ਘਰ ਹੈ ਕੇਵਲ ੨੪ ਘੰਟਿਆਂ ਵਿਚ ਲੱਖਾਂ ਦੀ ਤੈਦਾਦ ਵਿਚ ਸਿੱਖ ਇਕੱਤਰ ਹੋ ਸਕਦੇ ਹਨ। ਇਸ ਉਤਰ ਨੂੰ ਸੁਣ ਕੇ ਅੰਗਰੇਜ਼ ਭੈ-ਭੀਤ ਹੋ ਗਿਆ ਸੀ ਕਿ ਕੋਈ ਉਪਰਾਲਾ ਕਰਕੇ ਸ੍ਰੀ ਬਾਬਾ ਜੀ ਨੂੰ ਨਜ਼ਰਬੰਦ ਕੀਤਾ ਜਾਏ। ਇਹ ਸਭ ਕੁਝ ਵਿਸਥਾਰ ਨਾਲ ਪੜ੍ਹਨ ਨਾਲ ਪਤਾ ਲਗਦਾ ਹੈ ਕਿ ਗਿਆਨੀ ਜੀ ਨੇ ਇਹਨਾਂ ਇਤਿਹਾਸਕ ਘਟਨਾਵਾਂ ਨੂੰ ਕਿਵੇਂ ਮਿਹਨਤ ਕਰ ਕੇ ਇਕੱਤਰ ਕੀਤਾ ਹੈ।

੬. ਗਿਆਨੀ ਜੀ ਦੀ ਛੇਵੀਂ ਪੁਸਤਕ **"ਗੁਰੂ ਰਾਮਦਾਸ ਪ੍ਰਕਾਸ਼"** ਜਿਸ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਮੁਕੰਮਲ ਅਤੇ ਸ੍ਰੀ ਗੁਰੂ ਰਾਮ ਦਾਸ ਜੀ ਦਾ ਸੰਪੂਰਨ ਜੀਵਨ ਇਤਿਹਾਸ ਹੈ ਤੇ ਗੁਰੂ ਅਰਜਨ ਦੇਵ ਦਾ ਸੰਖੇਪ ਸਮਾਚਾਰ ਹੈ।

੭-੮. ਗਿਆਨੀ ਜੀ ਦੀ ਸਤਵੀਂ ਤੇ ਅਠਵੀਂ ਪੁਸਤਕ **"ਸ੍ਰੀ ਕਵਤਾਵਲੀ ਰਾਮਾਇਣ"** ਕ੍ਰਿਤ ਗੋਸਵਾਮੀ ਤੁਲਸੀ ਦਾਸ ਜੋ ਦੋ ਭਾਸ਼ਾਵਾਂ (ਪੰਜਾਬੀ ਅਤੇ ਹਿੰਦੀ) ਵਿਚ ਛਪੀਆਂ, ਇਸ ਟੀਕਾ ਕਵਤਾਵਲੀ ਰਾਮਾਇਣ ਤੋਂ ਪ੍ਰਭਾਵਤ ਹੋ ਕੇ ਪੰਜਾਬ ਸ੍ਰਕਾਰ (ਭਾਸ਼ਾ ਵਿਭਾਗ) ਨੇ ਗਿਆਨੀ ਜੀ ਨੂੰ ੧੨੦੦ ਰੁਪਏ ਨਕਦੀ ਦੇ ਕੇ ਬਹੁਤ ਪਹਿਲੇ ਸਨਮਾਨਿਤ ਕੀਤਾ ਸੀ।

੯-੧੦. ਗਿਆਨੀ ਜੀ ਦੀ ਨੌਵੀਂ ਕਿਰਤ **"ਨਿਰਮਲ ਜੀਵਨ"** ਹੈ ਅਤੇ ਦਸਵੀਂ ਪੁਸਤਕ **'ਸ੍ਰੀ ਕ੍ਰਿਸ਼ਨ ਭਗਵਾਨ'** ਅਤੇ ਕਲਗੀਧਰ **'ਗੁਰੂ ਗੋਬਿੰਦ ਸਿੰਘ'** ਜੀ ਦੇ ਜੀਵਨ ਉਤੇ ਹੈ। ਗਿਆਨੀ ਜੀ ਨੇ ਇਸ ਪੁਸਤਕ ਵਿਚ ਭਾਰਤ ਦੇ ਦੋ ਕਾਇਆ

ਪਲਟ੍ਹ, ਦੋ ਮਹਾਨ ਯੋਧੇ ਵਿਦਵਾਨ, ਧਾਰਮਕ ਆਗੂਆਂ ਤੇ ਕਰਮ-ਯੋਗੀਆਂ ਦੇ ਜੀਵਨ ਨੂੰ ਐਸਾ ਦਰਸਾਇਆ ਹੈ ਕਿ ਪੁਸਤਕ ਪੜ੍ਹਣ ਨਾਲ ਭਾਰੀ ਸਬੰਧ ਰਖਦੀ ਹੈ। ਇਸ ਤੋਂ ਉਪ੍ਰੰਤ ਯਾਰ੍ਹਵੀਂ ਪੁਸਤਕ ਗਿਆਨੀ ਜੀ ਨੇ 'ਸੰਤ ਬੁਸਾ ਸਿੰਘ ਆਨੰਦ' ਬਾਬਤ ਲਿਖ ਕੇ ਦਰਸਾਇਆ ਹੈ ਕਿ ਧਾਰਮਕ ਕਮੇਟੀਆਂ ਤੋਂ ਬਿਨਾਂ ਇਕੱਲੇ-ਦੁਕੱਲੇ ਗੁਰਸਿਖਾਂ ਨੇ ਕਿਸ ਤਰ੍ਹਾਂ ਪ੍ਰਚਾਰ ਕੀਤੇ।

ਗਿਆਨੀ ਜੀ ਜਿਥੇ ਲਿਖਾਰੀ, ਖੋਜੀ ਤੇ ਵਿਦਵਾਨ ਹਨ ਉਥੇ ਕਾਵਿ ਵਿਚ ਵੀ ਨਿਪੁੰਨ ਹੈਨ। ਜਿਹਨਾਂ ਨੇ ਪੈਂਤੀ ਅੱਖਰੀ (ਪੰਜਾਬੀ ਅਖਰ ਬੋਧ) ਨੂੰ ਸੁਖੈਨ ਕਾਵਿ-ਰੂਪ ਵਿਚ ਰਚਿਆ, ਜਿਸ ਨੂੰ ਪੜ੍ਹ ਕੇ ਗੁਰਮੁਖੀ ਤਾਂ ਸਹਿਜੇ ਆ ਜਾਂਦੀ ਹੈ, ਪਰ ਇਸ ਛੋਟ ਜਿਹੇ ਟਰੈਕਟ ਨੂੰ ਪੜ੍ਹ ਕੇ ਪ੍ਰਮਾਤਮਾ-ਭਗਤੀ ਦਾ ਰਸ ਵੀ ਮਿਲਦਾ ਹੈ। ਇਹਨਾਂ ਤੋਂ ਛੁਟ ਗਿਆਨੀ ਜੀ ਨੇ ਕਈ ਛੋਟੇ ਮੋਟੇ ਟਰੈਕਟ ਲਿਖੇ। ਮੈਂ ਵਿਸਥਾਰ ਵਿਚ ਪਾਠਕਾਂ ਨੂੰ ਜੋ ਪੜ੍ਹਿਆ ਹੈ—ਥੋਹੜੇ ਵਿਚ ਲਿਖਿਆ ਹੀ ਬਹੁਤਾ ਜਾਣਦਾ ਹਾਂ। ਲਿਖਾਰੀ, ਕਵੀ ਕਿਸੇ ਦੇ ਮਿਰਾਸ ਨਹੀਂ ਹੁੰਦੇ, ਕੌਮੀ ਸਰਮਾਇਆ ਹੁੰਦੇ ਹਨ। ਮੈਂ ਸਤਿਗੁਰਾਂ ਦੀ ਬਖਸ਼ੀ ਸੀਮਤ ਬੁਧੀ ਅਨੁਸਾਰ ਜੋ ਗਿਆਨੀ ਜੀ ਵਲੋਂ ਲਿਖੀਆਂ ਪੁਸਤਕਾਂ ਪੜ੍ਹੀਆਂ ਉਹ ਵਿਚਾਰ ਇਹਨਾਂ ਅੱਖਰਾਂ ਰਾਹੀਂ ਸ਼ਰਧਾਂਜਲੀ ਦੇ ਤੌਰ ਤੇ ਪਾਠਕਾਂ ਦੀ ਖੁਲ੍ਹੀ ਕਚਹਿਰੀ ਵਿਚ ਰਖਣ ਦਾ ਹੀਯਾ ਕੀਤਾ ਹੈ। ਆਸ ਹੈ ਪਾਠਕ ਇਹਨਾਂ ਉਤੇ ਲਿਖੀਆਂ ਪੁਸਤਕਾਂ ਨੂੰ ਪੜ੍ਹ ਕੇ ਮੇਰੇ ਨਾਲ ਸਹਿਮਤੀ ਦਾ ਪ੍ਰਗਟਾਵਾ ਕਰਨਗੇ।

ਗਿਆਨੀ ਜੀ ਪਾਸ ਕੁਝ ਕੱਚੇ ਖਰੜੇ (ਹੱਥ ਲਿਖਤ) ਹਨ ਕੇਵਲ ਛਪਾਈ ਲਈ ਤਿਆਰ ਹਨ ਤੇ **"ਪੰਜਾਬ ਸਿੱਖ ਪੰਥ ਤੇ ਮਹਾਰਾਸ਼ਟਰਾ ਦੀ ਸਾਂਝ"** ਨਾਮੀ ਪੁਸਤਕ ਜੋ ਪ੍ਰੈਸ ਵਿਚ ਪਹੁੰਚ ਚੁਕੀ ਹੈ, ਮੈਂ ਇਸ ਸਾਰੇ ਖਰੜੇ ਨੂੰ ਸੁਣਨ ਪਿਛੋਂ ਇਸ ਪੁਸਤਕ ਲਈ ਕੁਝ ਅੱਖਰ ਲਿਖਣ ਦਾ ਉਪਰਾਲਾ ਕੇਵਲ ਇਸ ਤੇ ਕਰ ਰਿਹਾ ਹਾਂ ਕਿ ਮਹਾਰਾਸ਼ਟਰਾ ਦੇ ਕੌਮਾਂਤਰੀ ਸ਼ਹਿਰ ਬੰਬਈ ਵਿਖੇ ਮੈਨੂੰ ੨੯ ਸਾਲ ਬੀਤੇ ਹਨ। ਸਮਰੱਥ ਤਾਂ ਸਤਿਗੁਰੂ ਹੀ ਹੈ ਫਿਰ ਵੀ ਗਿਆਨੀ ਜੀ ਦਾ 'ਪੰਜਾਬ ਸਿਖ ਪੰਥ ਤੇ ਮਹਾਰਾਸ਼ਟਰ ਦੀ ਸਾਂਝ' ਬਾਰੇ ਖੋਜ ਦੀ ਤਾਰੀਫ਼ ਕੀਤੇ ਬਿਨਾਂ ਨਹੀਂ ਰਹਿ ਸਕਦਾ।


ਪਤਾ :
੪੩, ਪੁਨੀਤਾ ਬਿਲਡਿੰਗ,
ਸਪੈਸ਼ਲ ਐਗਜ਼ੇਕਟਿਵ
ਮੈਜਿਸਟਰੇਟ
ਗੌਰਮਿੰਟ ਆਫ ਮਹਾਰਾਸ਼ਟਰਾ

ਗੁਰੂ ਪੰਥ ਦਾ ਦਾਸ
ਬੇਦੀ ਪਰਉਪਕਾਰ ਸਿੰਘ
ਸ਼ਹੀਦ ਭਗਤ ਸਿੰਘ ਰੋਡ,
ਕੋਲਾਬਾ, ਬੰਬਈ-੪੦੦੦੦੫
(ਇੰਡੀਆ)



ਗੁਰਮਤਿ ਪ੍ਰਿੰਟਿੰਗ ਪ੍ਰੈਸ, 1337 ਸੰਤਨਗਰਾਮਾਂ, ਪਹਾੜ ਗੰਜ, ਨਵੀਂ ਦਿਲੀ-55
ਵਿਚ ਪੁਸਤਕ ਛਪੀ।